
साप्ताहिक
पाभी

ਸਹਿਯੋਗੀ ਪ੍ਰਕਾਸ਼ਕ :

ਅੰਗਦ

ਅੰਗਦ ਪਬਲੀਕੇਸ਼ਨਜ਼

ਬੰਬਈ - ਜਲੰਧਰ - ਦਿੱਲੀ

ਮਲੂਕਾ

(ਦੋਨੋਂ ਭਾਗ)

ਸਾਧੂ ਸਿੰਘ ਧਾਮੀ

ਪ੍ਰਕਾਸ਼ਕ :

ਪੰਜਾਬੀ ਆਰਟ ਐਸੋਸੀਏਸ਼ਨ

ਐਡਮੰਟਨ (ਕੈਨੇਡਾ)

M L O O K A (Novel)

by Sadhu Singh Dhami (Dr.)
30, Chemin des Bougeries
1231, Conches, Geneva, Switzerland.

ਪੰਜਾਬੀ ਰੂਪ :

ਪਹਿਲਾ ਭਾਗ (ਸਫ਼ਾ 9 ਤੋਂ 174)
ਸਾਧੂ (ਬਿਨਿੰਗ)
ਸੁਖਵੰਤ ਹੁੰਦਲ
ਗੁਰਮੇਲ ਰਾਏ
ਅਤੇ ਦੂਜਾ ਭਾਗ
ਸਾਧੂ ਸਿੰਘ, ਪੀ. ਏ. ਯੂ. (ਲੁਧਿਆਣਾ)

ਮਾਰਚ 1993
©ਲੇਖਕ : ਡਾ: ਸਾਧੂ ਸਿੰਘ ਧਾਮੀ
ਪ੍ਰਕਾਸ਼ਕ :
ਪੰਜਾਬੀ ਆਰਟ ਐਸੋਸੀਏਸ਼ਨ
ਐਡਮੰਟਨ (ਕੈਨੇਡਾ)
ਸਹਿਯੋਗੀ ਪ੍ਰਕਾਸ਼ਕ/ਸੇਲ ਵਿਕ੍ਰੇਤਾ :
ਅਗਦ ਪਬਲੀਕੇਸ਼ਨਜ਼
567/9, ਸੈਂਟਰਲ ਟਾਊਨ, ਜਲੰਧਰ ਸ਼ਹਿਰ-144 001.
62, ਅਪਨਾ ਘਰ ਸੁਸਾਇਟੀ, ਪੀਤਮਪੁਰਾ, ਨਵੀਂ ਦਿੱਲੀ-110 034.
ਮਾਰਫ਼ਤ ਸਟੈਂਡਰਡ ਐਜੰਸੀਜ਼, 146, ਲਮਿੰਗਟਨ ਰੋਡ, ਬੰਬਈ-400 007.
ਛਾਪਕ :
ਮਨਦੀਪ ਪ੍ਰਿੰਟਰਜ਼,
220, ਭਾਈ ਦਿੱਤ ਸਿੰਘ ਨਗਰ, ਜਲੰਧਰ।

ਮੁੱਲ : 90/- ਰੁਪਏ

ਮਾਂ

ਮਾਲਾ

ਦੇ

ਨਾਂ

ਦਾਸਤਾਨ-ਇ-ਮਲੂਕਾ

'ਮਲੂਕਾ' ਉੱਤਰੀ ਅਮਰੀਕਾ ਵਿਚ ਵਸੇ ਮੋਢੀ ਪੰਜਾਬੀ ਪਰਵਾਸੀਆਂ ਦੀ ਸਮੂਹਕ ਜ਼ਿੰਦਗੀ ਦੀ ਸੰਵੇਦਨਸ਼ੀਲ ਦਾਸਤਾਨ ਹੈ।

— —

ਜੇ 'ਵੈਨਕੂਵਰ ਸੱਥ' ਵਾਲੇ ਸਾਧੂ ਤੇ ਉਹਦੇ ਸਹਿਯੋਗੀਆਂ, ਸੁਖਵੰਤ 'ਹੁੰਦਲ' ਤੇ ਗੁਰਮੇਲ 'ਰਾਏ' ਦੇ ਬੇਮਿਸਾਲ ਉਤਸ਼ਾਹ ਤੇ ਸਾਂਝੇ ਉੱਦਮ ਦੇ ਫਲਸਰੂਪ 'ਮਲੂਕਾ' ਦਾ ਪੰਜਾਬੀ ਅਨੁਵਾਦ ਪ੍ਰਕਾਸ਼ਿਤ ਨ ਹੁੰਦਾ ਤਾਂ ਕਮਾਲ ਦੀ ਅੰਗਰੇਜ਼ੀ ਵਿਚ ਲਿਖੀ ਡਾ: ਸਾਧੂ ਸਿੰਘ ਧਾਮੀ ਹੋਰਾਂ ਦੀ ਇਸ ਪ੍ਰਮਾਣਿਕ ਰਚਨਾ ਨੇ ਪੰਜਾਬੀ ਪਾਠਕਾਂ ਲਈ ਸੱਚਮੁੱਚ ਹੀ 'ਪਰਦੇਸੀ' ਬਣੇ ਰਹਿਣ ਦੀ ਤ੍ਰਾਸਦੀ ਹੀ ਭੋਗਣੀ ਸੀ।

— —

1989 ਵਿਚ ਆਪਣੀ ਕੈਨੇਡਾ ਫੇਰੀ ਦੌਰਾਨ, ਜਦ 'ਮਲੂਕਾ' ਦਾ ਇਕੋ ਸਾਹੇ ਪਾਠ ਕੀਤਾ ਤਾਂ ਮੈਨੂੰ ਇਸਦੇ ਤਲਿੱਸਮ ਨੇ ਕੀਲ ਹੀ ਤਾਂ ਲਿਆ ਸੀ! ਸਾਧੂ ਹੋਰਾਂ ਤੋਂ ਹੀ ਪਤਾ ਲੱਗਾ ਕਿ ਹੁਣ ਧਾਮੀ ਸਾਹਿਬ 'ਮਲੂਕਾ' ਦਾ ਦੂਜਾ ਭਾਗ ਲਿਖ ਰਹੇ ਨੇ।

"ਉਹਦਾ ਪੰਜਾਬੀ ਵਿਚ ਅਨੁਵਾਦ ਮੈਂ ਕਰਾਂਗਾ।" ਇਹ ਮੇਰੀ ਰੀਝ ਜਾਂ ਕੋਈ ਵਚਨ ਨਹੀਂ; ਬਲਕਿ 'ਮਲੂਕਾ' ਦੇ ਸਿਰ-ਚੜ੍ਹੇ-ਜਾਦੂ ਦਾ ਹੀ ਬੋਲ ਸੀ।

— —

ਸਾਧੂ ਦੀ ਦੱਸ ਪੈਣ ਤੇ ਡਾ: ਧਾਮੀ ਹੋਰਾਂ ਦਾ ਮੇਰੇ ਨਾਲ ਖ਼ਤੋ-ਖਿਤਾਬਤ ਦਾ ਲਗਾਤਾਰ ਸਿਲਸਿਲਾ ਸ਼ੁਰੂ ਹੋਇਆ।

ਦੋ ਕੁ ਵਰ੍ਹੇ ਪਹਿਲਾਂ ਉਹ ਭਾਰਤ ਆਏ। ਇਸ ਕਦਰ ਮੁਲਾਕਾਤਾਂ ਹੋਈਆਂ, ਜਿਵੇਂ ਸੱਚ ਮੁੱਚ ਹੀ ਜਨਮ-ਜਨਮਾਤਰਾਂ ਦੀ ਕੋਈ ਸਾਂਝ ਸਾਖਿਆਤ ਹੋ ਜਾਏ। ਉਨ੍ਹਾਂ

ਕੋਲ 'ਮਲੂਕਾ' ਦੇ ਦੂਜੇ ਭਾਗ ਦਾ ਟਾਈਪ-ਉਤਾਰਾ ਸੀ।

ਫ਼ਰੇਜ਼ਰ ਦਰਿਆ ਦੇ ਕੰਢੇ ਝੁੱਗੀ 'ਚ ਰਹਿ ਕੇ ਪੜ੍ਹਿਆ ਤੇ ਬਹੁਤ ਚਿਰ ਪੱਛਮ 'ਚ ਰਿਹਾ ਰਮਤਾ-ਜੱਟ-ਸਾਧ ਬਜ਼ਿਦ ਸੀ, ਅਖੇ : "ਤੂੰ ਅਨੁਵਾਦ ਦਾ ਮਿਹਨਤਾਨਾ ਜ਼ਰੂਰ ਕਬੂਲ ਕਰੀਂ।"

"ਪਿਆਰ ਦੀ ਮਜ਼ੂਰੀ ਦਾ ਕੋਈ ਮੇਹਨਤਾਨਾ ਨਹੀਂ ਹੁੰਦਾ।" ਮੈਂ ਦ੍ਰਿੜ੍ਹ ਸਾਂ।

"ਚੱਲ ਥੋੜ੍ਹਾ ਜਿਹਾ ਹੀ ਸਹੀ।" ਉਨ੍ਹਾਂ ਦੀ ਅੜੀ ਸੀ।

"ਥੋੜ੍ਹਾ ਜਿਹਾ ਪਿਆਰ ਤੇ ਥੋੜ੍ਹਾ ਜਿਹਾ ਵਪਾਰ।" ਮੁਹੱਬਤ ਦਾ ਇਹ ਅੰਦਾਜ਼ ਮੇਰੀ ਸਮਝੋਂ ਬਾਹਰ ਸੀ।

ਜਿੱਤ ਆਖਰ ਸਾਧਪੁਣੇ ਦੀ ਹੋਈ ਜਿਸ ਵਿਚ ਮੇਰ ਤੇਰ ਕੋਈ ਨਹੀਂ ; ਬੱਸ ਸਿਰਫ ਸਾਂਝ ਹੀ ਹੁੰਦੀ ਹੈ—ਅਜ਼ਲੀ, ਮੁੱਢ-ਕਦੀਮੀ।

— —

1991 ਵਿਚ ਪੰਜਾਬ ਵਿਚ ਝੁੱਲੀ ਹਨੇਰੀ ਨੇ ਮੈਨੂੰ ਇਕ ਵਾਰ ਫੇਰ ਕੈਨੇਡਾ ਲੈ ਆਂਦਾ। ਰਾਹ ਵਿਚ, ਦੇਵ ਦੀ ਬਦੌਲਤ, ਡਾ: ਧਾਮੀ ਹੋਰਾਂ ਨਾਲ ਜੈਨੀਵਾ ਵਿਚ, ਉਨ੍ਹਾਂ ਦੇ ਘਰ ਮੁਲਾਕਾਤ ਹੋਈ। ਸਭ ਵੱਟਾਂ-ਬੰਨੇ ਤੋੜ ਕੇ, ਹੰਝੂਆਂ ਤੇ ਹਾਸਿਆਂ ਵਿਚ ਨਾਤੇ ਧੋਤੇ ਗਏ ਇੰਝ ਮਿਲੇ, ਜਿਵੇਂ ਫ਼ਰੇਜ਼ਰ ਤੇ ਸਤਲੁਜ ਇਕ ਦੂਜੇ ਵਿਚ ਘੁਲ ਮਿਲ ਗਏ ਹੋਣ।

'ਮਲੂਕਾ' ਦੇ ਦੂਜੇ ਭਾਗ ਦਾ ਪੰਜਾਬੀ ਅਨੁਵਾਦ ਕਰਨ ਦਾ ਸਾਧ-ਵਚਨ ਜੇ 'ਅਟਲਾਧਾ' ਹੋਣ ਦਾ ਨਸੀਬ ਧਾਰਨ ਕਰ ਸਕਿਆ ਹੈ, ਤਾਂ ਇਸ ਵਿਚ ਫੈਸਲਾਕੁੰਨ ਭੂਮਿਕਾ ਰਵਿੰਦਰਜੀਤ ਸ਼ਰਾ ਦੀ ਹੈ। ਸਹਾਇਤਾ, ਸਹਿਯੋਗ ਤੇ ਪ੍ਰੇਰਨਾ ਦੋਸਤੀ ਦੇ ਇਸ ਦਰਿਆ ਵਿਚ ਆਪੋ ਆਪਣਾ ਨਿੱਜੀ ਵਜੂਦ ਗੁਆ ਕੇ, ਜਿਸ ਕੈਫ਼ੀਅਤ ਦੀ ਰਚਨਾ ਕਰਦੇ ਹਨ, ਸਿਰਜਣਾਤਮਕ ਮਾਹੌਲ, ਸ਼ਾਇਦ, ਉਸੇ ਦਾ ਨਾਂ ਹੈ।

— —

'ਮਲੂਕਾ' ਦੇ ਪਹਿਲੇ ਭਾਗ ਦੇ ਪੰਜਾਬੀ ਅਨੁਵਾਦ ਵਿਚ ਸੋਹਣ ਪੂਨੀ ਦੇ ਉਸਾਰੂ ਸੁਝਾਵਾਂ ਦਾ ਵੀ ਆਪਣਾ ਯੋਗਦਾਨ ਹੈ। ਇਸ ਵਿਚ ਥੋੜ੍ਹੀਆਂ ਜਿਹੀਆਂ ਤਰਮੀਮਾਂ ਕਰਨ ਲਈ ਗੁਰਚਰਨ ਰਾਮਪੁਰੀ ਹੋਰਾਂ ਵਾਲੀ ਮਲੂਕਾ ਦੀ ਕਾਪੀ ਉੱਪਰ ਉੱਕਰੇ ਸੰਕੇਤ ਵੀ ਮੇਰੇ ਲਈ ਬੜੇ ਸਾਰਥਿਕ ਸਿੱਧ ਹੋਏ ਹਨ।

— —

ਹੱਥਲੀ ਕਿਤਾਬ ਦੀ ਛਪਾਈ ਦਾ ਸਾਰਾ ਖਰਚ ਕਰਨ ਲਈ ਰਵਿੰਦਰਜੀਤ ਇਕੱਲਾ ਹੀ ਤਿਆਰ ਸੀ। ਪਰ ਇਸ ਨੇਕ ਕੰਮ ਵਿਚ, ਪੰਜਾਬੀ ਆਰਟ ਐਸੋਸੀਏਸ਼ਨ ਕਿਉਂ ਨ ਆਪਣਾ ਸਾਹ ਰਲਾਵੇ ? ਹਰਦੇਵ ਵਿਰਕ ਤੇ ਲਾਟ ਭਿੰਡਰ ਦੇ ਇਸ ਸੁਆਲ ਦਾ 'ਜੁਆਬ' 'ਸੱਤ ਬਚਨ' ਤੋਂ ਸਿਵਾ ਭਲਾ ਹੋਰ ਕੀ ਹੋ ਸਕਦਾ ਸੀ !

— —

ਤੁਸੀਂ ਸੋਚਦੇ ਹੋਵੋਗੇ ਕਿ ਮੈਂ ਮਲੂਕਾ ਦੀ ਦਾਸਤਾਨ ਸੁਣਾ ਰਿਹਾ ਹਾਂ ਕਿ ਕਿਸੇ ਸੰਤ ਸਮਾਗਮ ਦੀ ਗੱਲ ਕਰ ਰਿਹਾ ਹਾਂ। ਸ਼ਾਇਦ ਇਹ ਦੋਨੋਂ ਗੱਲਾਂ ਠੀਕ ਹਨ। ਕੀਤਾ ਕੀ ਜਾਏ ? ਸਾਧੂਆਂ ਦਾ ਇਹ ਸਿਲਸਿਲਾ ਹੀ ਅਜੀਬ ਢੰਗ ਨਾਲ ਨਮੂਦਾਰ ਹੋਇਆ ਹੈ। ਲੇਖਕ ਸਾਧੂ ਸਿੰਘ ਧਾਮੀ, ਅਨੁਵਾਦਕ ਸਾਧੂ ਤੇ ਸਾਧੂ ਸਿੰਘ ਤੇ ਜੋ ਹੋਰ ਦੋਸਤ ਇਸ ਸਾਂਝੇ ਯੱਗ ਵਿਚ ਸ਼ਾਮਿਲ ਹੋਏ ਹਨ, ਉਨ੍ਹਾਂ ਦੇ ਨਾਂ ਭਾਵੇਂ ਸਾਧੂ ਨਹੀਂ ਪਰ ਸਾਧੂ-ਸੁਭਾਅ ਦੇ ਧਾਰਨੀ ਹੋਣ ਵਿਚ ਉਹ ਕਿਸੇ ਦੀ ਵੀ ਨੂੰਹ-ਧੀ ਨਾਲੋਂ ਘੱਟ ਨਹੀਂ।

"ਮਲੂਕਾ" ਦੇ ਵਰਤਮਾਨ ਪ੍ਰਕਾਸ਼ਨ ਨੇ ਸਾਡੀ ਸਭਨਾਂ ਦੀ ਸਾਂਝ ਨੂੰ ਹੋਰ ਵਧੇਰੇ ਸੰਘਣੀ, ਸਾਰਥਿਕ ਤੇ ਸੁਹੰਢਣੀ ਬਣਾਇਆ ਹੈ। ਇਸ ਗੱਲ ਦੀ ਸਾਨੂੰ ਸਭਨਾਂ ਨੂੰ ਸਾਂਝੀ ਖੁਸ਼ੀ ਹੈ।

ਐਡਮੰਟਨ
27-3-92

—ਸਾਧੂ ਸਿੰਘ

1

ਦਰਿਆ ਦੇ ਅਰੁੱਕ ਵਹਾਅ ਨੇ ਮਲੂਕੇ ਉੱਪਰ ਜਾਦੂ ਧੂੜ ਦਿੱਤਾ ਸੀ। ਪਾਣੀ ਦੀ ਸ਼ਾਂਤ ਅਤੇ ਧੀਵੀਂ ਤੋਰ ਨੇ ਉਹਨੂੰ ਅਪਣੱਤ ਨਾਲ ਭਰ ਦਿੱਤਾ ਸੀ ਕਿਉਂਕਿ ਫ਼ਰੇਜ਼ਰ ਦਰਿਆ ਪੰਜਾਬ ਦੇ ਮੈਦਾਨਾਂ ਵਿਚਦੀ ਵਗਦੇ ਸਤਲੁਜ ਵਰਗਾ ਹੀ ਸੀ। ਉਂਝ ਵੀ ਉਹਨੂੰ ਜਾਪਿਆ ਕਿ ਬਿਗਾਨੇ ਮੁਲਕ ਵਿਚ ਅਨਜਾਣ ਲੋਕਾਂ ਨਾਲੋਂ ਦਰਿਆ ਨਾਲ ਸਾਂਝ ਪਾਉਣੀ ਸੌਖੀ ਸੀ। ਮਾਹੌਲ ਦੀ ਖੁੱਲ੍ਹਦਿਲੀ ਖਿੱਚ ਪਾਉਣ ਵਾਲੀ ਸੀ। ਆਪਣੇ ਖੰਭਾਂ ਨੂੰ ਸੁਹਜਮਈ ਫੁਰਤੀ ਨਾਲ ਫੜਫੜਾਉਂਦੇ 'ਸੀਗਲ' ਦਰਿਆ ਉੱਪਰ ਨੀਵੇਂ ਨੀਵੇਂ ਉੱਡਦੇ, ਤੇ ਇਕ ਦਮ ਝਪੱਟਾ ਮਾਰ ਪਾਣੀ ਦੇ ਤਲ ਤੇ ਚੁਹਲ ਕਰਦੇ ਤਰਨ ਲੱਗਦੇ। ਜਦੋਂ ਪਾਣੀ ਚੜ੍ਹਿਆ ਹੁੰਦਾ ਤਾਂ ਕੰਢੇ 'ਤੇ ਉੱਗੀਆਂ ਸੰਘਣੀਆਂ ਝਾੜੀਆਂ ਦੀਆਂ ਟਾਹਣੀਆਂ ਉਸ ਨਾਲ ਕਲੋਲਾਂ ਕਰਦੀਆਂ। ਜੰਗਲੀ ਗੁਲਾਬ ਦੀਆਂ ਅੱਧ ਖਿੜੀਆਂ ਡੋਡੀਆਂ ਵਿਚ ਪੀਲੇ ਪੁੰਕੇਸਰ ਝਾਤੀਆਂ ਮਾਰਦੇ ਤੇ ਮਖੀਲ ਦੀਆਂ ਮੱਖੀਆਂ ਗੁਲਾਬੀ ਫੁੱਲਪੱਤੀਆਂ ਦੀਆਂ ਛੋਟੀਆਂ ਛੋਟੀਆਂ ਪਿਆਲੀਆਂ ਦੁਆਲੇ ਚੱਕਰ ਕੱਢਦੀਆਂ।

ਪਰ ਅੱਜ ਗੱਲ ਹੋਰ ਸੀ। ਡੁਮੀਨੀਅਨ ਲੱਕੜ ਮਿੱਲ ਵਿਚ 'ਗਰੀਨ-ਚੇਨ' ਤੇ ਮਲੂਕੇ ਦੇ ਕੰਮ ਦਾ ਅੱਜ ਤੀਜਾ ਦਿਨ ਸੀ। ਦੁਪਹਿਰ ਤੋਂ ਪਹਿਲੇ ਪੰਜ ਘੰਟੇ ਬਹੁਤ ਹੌਲੀ ਹੌਲੀ ਬੀਤੇ ਸਨ ਅਤੇ ਅਜੇ ਓਵਰਟਾਈਮ ਸਮੇਤ ਪੰਜ ਜਾਂ ਸੱਤ ਘੰਟੇ ਹੋਰ ਬਚਦੇ ਸਨ। ਪੱਗ ਬੰਨ੍ਹੀ ਮਲੂਕਾ ਆਪਣੀ ਗਭਰੇਟ ਉਮਰ ਨਾਲੋਂ ਵੱਡਾ ਅਤੇ ਤਕੜਾ ਜਾਪਦਾ ਸੀ। ਸਵੇਰ ਤੋਂ ਮਿੱਲ ਵਿਚ 'ਹੈਮਲੌਕ' ਦਾ ਸਪੈਸ਼ਲ ਆਰਡਰ ਕੱਢਿਆ ਜਾ ਰਿਹਾ ਸੀ। ਇਹ ਇਮਾਰਤੀ ਗਿੱਲੀ ਲੱਕੜੀ ਕਾਫ਼ੀ ਭਾਰੀ ਸੀ। ਛੇਤੀ ਛੇਤੀ ਘਿਉ ਚੋਪੜੀਆਂ ਰੋਟੀਆਂ ਦਾਲ ਨਾਲ ਖਾ, ਉਹ ਤਾਮਚੀਨੀ ਦੇ ਕੱਪ ਵਿਚ ਅੱਧੋ ਸੁੱਧ ਦੁੱਧ ਅਤੇ ਗਾਹੜੇ ਮਿੱਠੇ ਵਾਲੀ ਚਾਹ ਪਾ, ਦਰਿਆ ਕੰਢੇ, 'ਹਿੰਦੂ ਕੁੱਕ-ਹਾਊਸ' ਦੇ ਬਾਹਰ ਪਏ ਮੌਸਮਾਂ ਦੇ ਝੰਬੇ ਬੈਂਚ ਉੱਪਰ ਆ ਬੈਠਾ।

ਮੱਠੀ ਸ਼ੱਠੀ ਹਵਾ ਕਾਰਨ ਫਰੇਜ਼ਰ ਦਰਿਆ ਵਿਚ ਲਹਿਰਾਂ ਉਠ ਰਹੀਆਂ ਸਨ ਅਤੇ ਦੁਪਹਿਰ ਦੀ ਧੁੱਪ ਵਿਚ ਫਰੇਜ਼ਰ ਸਤਲੁਜ ਵਾਂਗ ਹੀ ਚਮਕਾਂ ਮਾਰ ਰਿਹਾ ਸੀ। ਪਰ ਇਸ ਵਿਚਲੀ ਆਵਾਜਾਈ ਨੇ ਇਸ ਨੂੰ ਕਿਸੇ ਦੁਰੇਡੀ ਨਵੀਂ ਤੇ ਅਜੀਬ ਦੁਨੀਆਂ ਦਾ ਅੰਗ ਬਣਾ ਦਿੱਤਾ ਸੀ। ਜਹਾਜ਼ ਖਿੱਚਣ ਵਾਲੀਆਂ ਬਦਸੂਰਤ ਅਗਨ-ਕਿਸ਼ਤੀਆਂ ਆਪਣੀਆਂ ਕਾਲੀਆਂ ਚਿਮਨੀਆਂ ਰਾਹੀਂ ਧੰਆਂ ਉੱਗਲੱਛਦੀਆਂ ਇਕ ਖਿਝ ਉਨੀਰਸਤਾ ਪੈਦਾ ਕਰਦੀਆਂ ਇੱਧਰ ਉੱਧਰ ਜਾ ਰਹੀਆਂ ਸਨ। ਕਦੇ ਕਦੇ ਇਹ ਨੀਰਸਤਾ ਉਹਨਾਂ ਦੀ ਸੀਟੀ ਦੀ ਤਿੱਖੀ ਅਵਾਜ਼ ਨਾਲ ਟੁੱਟਦੀ। ਉਹ ਆਪਣੇ ਵੱਡੇ ਵੱਡੇ 'ਸਕਾਓਜ਼' ਨੂੰ ਖਿੱਚੀ ਲਿਜਾ ਰਹੀਆਂ ਸਨ। ਪਾਣੀ ਦੇ ਵਹਾ ਵਲ ਨੂੰ ਜਾਂਦਿਆਂ ਵੱਡੀ ਮਾਤਰਾ ਵਿਚ ਲੱਕੜ ਨਾਲ ਲਦੇ ਹੋਣ ਕਾਰਨ ਇਹਨਾਂ 'ਸਕਾਓਜ਼' ਦਾ ਬਹੁਤ ਥੋੜ੍ਹਾ ਹਿੱਸਾ ਦਿਖਾਈ ਦਿੰਦਾ ਸੀ। ਵਹਾ ਦੇ ਉਲਟ ਜਾਂਦਿਆਂ ਇਹਨਾਂ ਦਾ ਖ਼ਾਲੀਪਨ ਅਤੇ ਜ਼ੰਗਾਲ ਲੱਗਾ ਹੇਠਲਾ ਹਿੱਸਾ ਬੜਾ ਬੇਢੱਬਾ ਲੱਗਦਾ ਸੀ। ਕੁਝ ਅਗਨ-ਕਿਸ਼ਤੀਆਂ ਜੰਗਲ 'ਚੋਂ ਕੱਟ ਕੇ ਲਿਆਂਦੀਆਂ ਤਾਜ਼ਾ ਲਾਲ-ਭੂਰੀਆਂ ਗੋਲੀਆਂ, ਜਿਹੜੀਆਂ ਲੋਹੇ ਦੇ ਸੰਗਲਾਂ ਨਾਲ ਇਕੱਠੀਆਂ ਕਰ ਕੇ ਬੰਨ੍ਹੀਆਂ ਹੋਈਆਂ ਸਨ, ਨੂੰ ਖਿੱਚੀ ਲਿਜਾ ਰਹੀਆਂ ਸਨ। ਉੱਚੜੇ ਹੋਏ ਰੋਗਨ ਵਾਲਾ ਜਲਰੇਖਾ ਤੱਕ ਲੱਦਿਆ ਇਕ ਛੋਟਾ ਸਮੁੰਦਰੀ ਜਹਾਜ਼ ਆਪਣਾ ਪੂਰਾ ਜ਼ੋਰ ਲਾਉਂਦਾ ਲੰਘਿਆ।

ਥਕਾਵਟ ਕਾਰਨ ਦੁਖਦੇ ਸਰੀਰ ਨਾਲ ਮਲੂਕੇ ਨੂੰ ਪੁਰਾਣੀ ਵਿਹਲ-ਭਰੀ ਦੁਨੀਆਂ ਦੀ ਯਾਦ ਆਈ, ਜਿਹਨੂੰ ਉਹ ਬਹੁਤ ਪਿੱਛੇ ਛੱਡ ਆਇਆ ਸੀ। ਏਡੀ ਦੂਰ ਹੁੰਦਿਆਂ ਵੀ ਬੀਤਿਆ ਸਭ ਕੁਝ ਉਸਦੀਆਂ ਅੱਖਾਂ ਦੇ ਸਾਹਮਣੇ ਸੀ—ਕਪਾਹ ਅਤੇ ਮੱਕੀ ਦੇ ਲਹਿਲਹਾਉਂਦੇ ਖੇਤ, ਹਰੇ ਭਰੇ ਅੰਬਾਂ ਦੇ ਬਾਗ਼, ਲੰਬੇ ਲੰਬੇ ਸਿੰਙਾਂ ਅਤੇ ਖ਼ੂਬਸੂਰਤ ਢੁੱਠਾਂ ਵਾਲੇ ਡੰਗਰ ਅਤੇ ਬਿਨਾਂ ਧੂੜ ਉਡਾਇਆਂ ਚੀਂ ਚੀਂ ਕਰਦੇ ਮੱਠੀ ਚਾਲ ਚੱਲਦੇ ਗੱਡੇ। ਤੀਰ ਦੀ ਤੇਜ਼ੀ ਵਾਂਗ ਇਹ ਮਨੋਹਰ ਦ੍ਰਿਸ਼ ਉਸਦੇ ਦਿਮਾਗ਼ ਵਿਚ ਉਜਾਗਰ ਹੋਏ। ਭੀੜ ਭਰੇ ਬਾਜ਼ਾਰਾਂ ਵਿਚ ਰੰਗ ਬਰੰਗੇ ਕੱਪੜੇ ਪਾਈ ਮਰਦਾਂ ਅਤੇ ਔਰਤਾਂ ਦਾ ਤੁਰਨਾ ਅਤੇ ਉੱਚੀ ਉੱਚੀ ਗੱਲਾਂ ਕਰਨਾ; ਸੜਕ ਕੰਢੇ ਛਾਂ ਦਾਰ ਦਰੱਖਤਾਂ ਹੇਠਾਂ ਬਹਿ ਮੁਸਾਫ਼ਰਾਂ ਦਾ ਆਰਾਮ ਕਰਨਾ ਤੇ ਗੱਪ-ਛੱਪ ਮਾਰਨਾ। ਲਿਸ਼ਕਦੀਆਂ ਕਾਲੀਆਂ ਅੱਖਾਂ ਅਤੇ ਚਮਕਦੇ ਚਿੱਟੇ ਦੰਦਾਂ ਵਾਲੀਆਂ ਮੁਟਿਆਰਾਂ ਦਾ ਚਰਖਾ ਕੱਤਦੀਆਂ ਦਾ ਗਾਉਣਾ, ਚੰਨ ਚਾਨਣੀ ਵਿਚ ਲਚਕਦਾਰ

ਅਤੇ ਤਾਂਬੇ-ਰੰਗੇ ਪਿੰਡਿਆਂ ਵਾਲੇ ਮੁੰਡਿਆਂ ਦਾ ਕਬੱਡੀ ਖੇਡਣਾ ਅਤੇ ਸਾਰੇ ਟੱਬਰ ਦਾ ਮੱਧਮ ਲੋਅ ਵਿਚ ਚੁੱਲ੍ਹੇ ਮੂਹਰੇ ਬੈਠ ਰੋਟੀ ਖਾਣਾ। ਇਹ ਸਭ ਖੁਸ਼ੀਆਂ ਭਰੇ ਚਿਤ੍ਰ ਉਹਦੀ ਯਾਦ ਵਿਚ ਕਿੰਨੇ ਸਾਫ਼ ਅਤੇ ਸਪਸ਼ਟ ਸਨ ਪਰ ਕਿੰਨੇ ਦੂਰ। ਇਸ ਚੁਰੀ ਨੇ ਉਹਦਾ ਮਨ ਉਦਾਸ ਕਰ ਦਿੱਤਾ।

ਮਿੱਲ ਵਿਚ ਕੰਮ ਕਰਨ ਵਾਲਿਆਂ ਲਈ ਇਹ ਸੁਸਤਾਉਣ ਦਾ ਸਮਾਂ ਸੀ ਅਤੇ ਸਾਰਿਆਂ ਨਾਲੋਂ ਜ਼ਿਆਦਾ ਮਲੂਕੇ ਨੂੰ ਇਸ ਦੀ ਲੋੜ ਸੀ। ਸੀਗਲ ਹੁਣ ਢਿੱਕੇ ਪੈ ਚੁੱਕੇ ਭੂਰੇ ਰੰਗ ਦੀਆਂ ਇਮਾਰਤਾਂ ਦੀਆਂ ਗੋਲਾਈਦਾਰ ਅਤੇ ਚਪਟੀਆਂ ਟੀਸੀਆਂ 'ਤੇ ਆ ਬੈਠੇ ਸਨ ਜੋ ਉਹਨਾਂ ਦੀਆਂ ਬਿੱਠਾਂ ਨਾਲ ਭਰੀਆਂ ਪਈਆਂ ਸਨ। ਉਹਨਾਂ 'ਚੋਂ ਬਹੁਤੇ ਸੁੱਟੇ ਹੋਏ ਲੋਹੇ ਦੇ ਪਿੰਜਰਿਆਂ ਦੀਆਂ ਜੰਗਾਲ ਖਾਧੀਆਂ ਸੀਖਾਂ ਤੇ ਛੋਟੀਆਂ ਛੋਟੀਆਂ ਕਤਾਰਾਂ ਬੰਨ੍ਹ ਕੇ ਬੈਠੇ ਸਨ। ਲੋਹੇ ਦੇ ਇਹ ਪਿੰਜਰੇ ਕਦੇ ਲੱਕੜ ਦੀਆਂ ਇੱਟਾਂ ਉੱਪਰ ਜਰਮਨਾਸ਼ਕ ਦਵਾਈ ਛਿੜਕਣ ਲਈ ਵਰਤੇ ਜਾਂਦੇ ਸਨ। ਇਹਨਾਂ ਇੱਟਾਂ ਸਦਕਾ ਵੈਨਕੂਵਰ ਦੀਆਂ ਗਲੀਆਂ ਜਲ ਅਤੇ ਥਲ ਵਿਚ ਰਹਿਣ ਵਾਲੇ ਇਕ ਅਜੀਬ ਜਾਨਵਰ ਦੀ ਪੇਪੜੀਦਾਰ ਪਿੱਠ ਵਾਂਗ ਲਗਦੀਆਂ ਸਨ। ਸਬਜ਼ੀਆਂ ਵੇਚਣ ਵਾਲਾ ਚੀਨਾ ਚਾਰਲੀ, ਆਪਣੀ ਖਾਲੀ ਬੇੜੀ ਦਰਿਆ ਦੇ ਘਸਮੈਲੇ ਪਾਣੀਆਂ ਵਿਚਕਾਰ ਹਰਿਆਲੀ ਭਰਪੂਰ ਧਰਤੀ, ਲੂਲ੍ਹ ਆਈਲੈਂਡ ਨੂੰ ਲਿਜਾ ਰਿਹਾ ਸੀ। ਉਸਦੀ ਰਫ਼ਤਾਰ ਤੋਂ ਲੱਗਦਾ ਸੀ ਕਿ ਘਰ ਪਹੁੰਚਣ ਲਈ ਉਸ ਕੋਲ ਸਾਰਾ ਲੌਢਾ ਵੇਲਾ ਬਾਕੀ ਹੈ। ਜੰਗਲੀ ਗੁਲਾਬ ਦੇ ਦੁਆਲੇ ਮੱਖੀਆਂ ਦੀ ਭਿਣ ਭਿਣ ਮਲੂਕੇ ਨੂੰ ਸੁਣਾਈ ਨਹੀਂ ਸੀ ਦਿੰਦੀ ਅਤੇ 'ਪਾਪਲਰ' ਦੇ ਗੋਲ ਮੋਟੇ ਪੱਤੇ ਹੌਲੀ ਹੌਲੀ ਹਿਲਦੇ ਸਨ। ਉਸ ਨੂੰ ਇੰਜ ਜਾਪਿਆ ਕਿ 'ਕੌਨਫਰ' ਦੀਆਂ ਨੁਕੀਲੀਆਂ ਪੱਤੀਆਂ ਨੇ ਅਕਾਸ਼ ਵੱਲ ਵੱਧਣਾ ਬੰਦ ਕਰ ਦਿੱਤਾ ਸੀ ਅਤੇ ਫ਼ਰੇਜ਼ਰ ਦਰਿਆ ਇਕ ਥਕੇਵੇਂ ਭਰੇ ਵਹਾ ਨਾਲ ਫਗ ਰਿਹਾ ਸੀ।

ਪੰਜ ਮਿੰਟ ਪਹਿਲਾਂ ਵਾਲੀ ਤਿੱਖੀ ਤੇ ਛੋਟੀ ਸੀਟੀ ਨੇ ਮਲੂਕੇ ਦਾ ਸੁਪਨ-ਸੰਸਾਰ ਭੰਗ ਕਰ ਦਿੱਤਾ। ਇਸ ਸੀਟੀ ਤੇ ਸਿੱਖ ਮਜ਼ਦੂਰ ਇਸ ਤਰ੍ਹਾਂ ਉਠੇ ਜਿਵੇਂ ਬਿਗਲ ਵੱਜੇ ਤੇ ਫ਼ੌਜੀ ਉਠਦੇ ਹਨ ਕਿਉਂਕਿ ਉਹਨਾਂ ਵਿਚੋਂ ਬਹੁਤੇ ਕੈਨੇਡਾ ਆਉਣ ਤੋਂ ਪਹਿਲਾਂ ਅੰਗਰੇਜ਼ੀ ਫ਼ੌਜ ਵਿਚ ਰਹਿ ਚੁੱਕੇ ਸਨ। ਕੁਝ ਪਲਾਂ ਵਿਚ ਹੀ ਉਹ ਖੜੋ ਗਏ ਅਤੇ ਆਪਣੇ ਦਸਤਾਨਿਆਂ ਅਤੇ ਚਮੜੇ ਦੇ ਭਾਰੀ ਐਪਰਨਾਂ ਨੂੰ ਲੱਕ

ਚੁਆਲੇ ਬੰਨ੍ਹਣ ਲੱਗ ਪਏ।

"ਪਾਟਨਰ ! ਜਾਣ ਦਾ ਟੈਮ ਹੋ ਗਿਆ", ਨੱਥਾ ਸਿੰਘ ਨੇ ਸੂਬੇਦਾਰਾਂ ਵਾਲੇ ਹੁਕਮੀ ਲਹਿਜ਼ੇ ਨਾਲ ਮਲੂਕੇ ਨੂੰ ਕਿਹਾ। ਉਹ ਜਾਣਦਾ ਸੀ ਕਿ ਪੰਜਾਬ ਦੇ ਪਿੰਡ ਦੀ ਸੁਸਤ ਜ਼ਿੰਦਗੀ 'ਚੋਂ ਇਸ ਨਵੀਂ ਦੁਨੀਆਂ ਦੀ ਇਕ ਮਿੱਲ ਦੀ ਭਾਜੜ ਭਰੀ ਜ਼ਿੰਦਗੀ ਵਿਚ ਆ ਮਲੂਕਾ ਇਕੱਲਾ ਇਕੱਲਾ ਅਤੇ ਬੌਂਦਲਿਆ ਹੋਇਆ ਮਹਿਸੂਸ ਕਰਦਾ ਸੀ। ਉਹ "ਕੁੱਕ ਹਾਊਸ" ਦੀ ਤਾਕੀ ਥਾਣੀ ਮਲੂਕੇ ਨੂੰ ਦਰਿਆ ਵੱਲ ਖ਼ਾਲੀ ਨਿਗਾਹ ਨਾਲ ਝਾਕਦੇ ਨੂੰ ਦੇਖਦਾ ਰਿਹਾ ਸੀ।

ਨੱਥਾ ਸਿੰਘ ਨੇ ਬਜ਼ੁਰਗਾਨਾ ਮੋਹ ਨਾਲ ਮਲੂਕੇ ਨੂੰ ਕਿਹਾ, "ਮਲੂਕਿਆ ਤੂੰ ਜਵਾਨ ਐਂ ਤੇ ਜਵਾਨੀ ਇਕ ਦਰਿਆ ਵਾਂਗ ਹੁੰਦੀ ਹੈ ਜੋ ਹਮੇਸ਼ਾਂ ਅੱਗੇ ਵਲ ਹੀ ਵਹਿੰਦਾ ਹੈ।"

"ਪਰ ਦਰਿਆ ਕੋਲ ਕੋਈ ਯਾਦਾਂ ਨਹੀਂ ਹੁੰਦੀਆਂ", ਮਲੂਕੇ ਨੇ ਉਦਾਸੀ ਨਾਲ ਕਿਹਾ।

"ਇਸ ਕੋਲ ਯਾਦਾਂ ਹਨ", ਨੱਥਾ ਸਿੰਘ ਨੇ ਜ਼ੋਰ ਦੇ ਕੇ ਕਿਹਾ, "ਪਰ ਇਹ ਉਹਨਾਂ ਦੇ ਵਹਿਣਾਂ ਵਿਚ ਨਹੀਂ ਵਹਿੰਦਾ। ਇਹ ਉਹਨਾਂ ਨੂੰ ਚੁੱਪਚਾਪ ਆਪਣੇ ਵਹਾ ਵਿਚ ਸਮੇਟੀ ਵਗਦਾ ਹੈ। ਭਾਵੇਂ ਇਹ ਯਾਦਾਂ ਕਿੰਨੀਆਂ ਵੀ ਤਿੱਖੀਆਂ ਅਤੇ ਤਾਜ਼ਾ ਹੋਣ, ਇਹ ਪਹਾੜ ਵੱਲ ਵਾਪਸ ਨਹੀਂ ਜਾ ਸਕਦਾ। ਇਸੇ ਲਈ ਇਹ ਗੀਤ ਗਾਉਂਦਾ ਸਮੁੰਦਰ ਵਿਚ ਜਾ ਡਿਗਦਾ ਹੈ।"

ਮਲੂਕਾ ਭਰੇ ਹੋਏ ਮਨ ਨਾਲ ਉੱਠਿਆ।

"ਮੇਰੇ ਵਲ ਦੇਖ", ਨੱਥਾ ਸਿੰਘ ਨੇ ਉਸਦੀ ਪਿੱਠ ਥਾਪੜਦਿਆਂ ਕਿਹਾ, ਮੈਂ ਦਿਨੋਂ ਦਿਨ ਬੁੱਢਾ ਹੋਈ ਜਾਂਦਾ ਹਾਂ ਫਿਰ ਵੀ ਮੈਂ ਭਵਿੱਖ ਵੱਲ ਦੇਖਦਾ ਹਾਂ। ਹਰ ਕਿਸੇ ਵਾਂਗ ਮੈਂ ਵੀ ਆਪਣਾ ਭੂਤ ਆਪਣੇ ਅੰਦਰ ਸਮੇਟੀ ਫਿਰਦਾਂ, ਅਤੇ ਕਦੇ ਕਦੇ ਇਸ ਦਾ ਭਾਰ ਬਹੁਤ ਭਾਰਾ ਲੱਗਣ ਲੱਗਦੈ ਪਰ ਮੈਂ ਉਸ ਬਾਰੇ ਬਾਹਲੀ ਚਿੰਤਾ ਨਹੀਂ ਕਰਦਾ।"

ਉਹ ਵੱਡੀ ਡੀਲ ਡੌਲ ਵਾਲਾ ਤਕੜਾ ਆਦਮੀ ਸੀ ਜਿਸਦੀ ਸਫਾਈ ਨਾਲ ਬੰਨ੍ਹੀ ਕਾਲੀ ਦਾਹੜੀ ਉਸ ਨੂੰ ਕੋਈ ਭਰਮ ਨਹੀਂ ਸੀ ਪਾਉਂਦੀ। ਦਾਹੜੀ ਉਹਨੇ ਮਾਲਕਾਂ ਨੂੰ ਬੇਵਕੂਫ ਬਨਾਉਣ ਲਈ ਰੰਗੀ ਹੋਈ ਸੀ, ਕਿਉਂਕਿ ਉਹ ਇਕ ਬੁੱਢੇ

ਆਦਮੀ ਨੂੰ ਕੰਮ 'ਤੇ ਨਹੀਂ ਸੀ ਰੱਖਦੇ ।

ਮਲੂਕੇ ਨੂੰ ਉਸਦੀਆਂ ਗੱਲਾਂ ਸੁਣ ਹੌਸਲਾ ਅਤੇ ਬਲ ਮਿਲਿਆ ।

"ਯੰਗ ਮੈਨ, ਸਿਰਫ਼ ਪੰਜ ਘੰਟੇ ਹੋਰ ਰਹਿੰਦੇ ਆ" ਨੱਥਾ ਸਿੰਘ ਨੇ ਭਰਵੀਂ ਮੁਸਕਰਾਹਟ ਨਾਲ ਮਲੂਕੇ ਨੂੰ ਹੌਸਲਾ ਦਿੱਤਾ, "ਅੱਜ ਓਵਰਟਾਇਮ ਹੈ ਨਹੀਂ ।"

ਛੇਤੀ ਹੀ ਉਹ ਕਾਲੀਆਂ ਪੱਗਾਂ ਤੇ ਦਾਹੜੀਆਂ ਅਤੇ ਨੀਲੀਆਂ ਡਾਂਗਰੀਆਂ ਪਾਈ 'ਲੰਬਰ ਯਾਰਡ' ਵਿਚ ਦੀ ਮਿੱਲ ਦੇ ਅੰਦਰ ਜਾਂ ਬਾਹਰ ਆਪਣੇ ਕੰਮਾਂ ਵਾਲੀ ਥਾਂ ਨੂੰ ਕਾਹਲੀ ਕਾਹਲੀ ਤੁਰੇ ਜਾਂਦੇ ਲੋਕਾਂ ਨਾਲ ਜਾ ਮਿਲੇ । ਯਾਰਡ ਦੇ ਦੂਜੇ ਪਾਸਿਓਂ ਚੀਨਿਆਂ ਦੇ 'ਕੁਕ-ਹਾਊਸ' ਵਿਚੋਂ ਕੰਮ ਕਰਨ ਵਾਲੇ ਚੀਨੇ (ਜਿਹਨੂੰ ਗੋਰੇ ਚਿੰਕਸ ਕਹਿੰਦੇ ਸਨ) ਆਉਂਦੇ ਦਿਖਾਈ ਦਿੱਤੇ ਅਤੇ ਗੋਰੇ ਕਾਮੇ ਗੋਰਿਆਂ ਦੇ ਬੰਕ ਹਾਊਸ 'ਚੋਂ, ਜੋ ਥੋੜ੍ਹੀ ਦੂਰ ਦਰਿਆ ਦੇ ਨੇੜੇ ਸੀ, ਵਿਚੋਂ ਨਿਕਲਦੇ ਦਿਸੇ ।

ਦੋ ਮਿੰਟਾਂ ਵਿਚ ਮਿੱਲ ਦੇ ਸਾਰੇ ਦੇ ਸਾਰੇ ਆਰੇ, ਹੈੱਡ ਸਾਅ, ਐਜਰ ਦੇ ਛੋਟੇ ਅਤੇ ਤਾਕਤਵਰ ਆਰੇ, ਬੈਂਡ ਸਾਅ, ਰੀ-ਸਾਅ ਅਤੇ ਟਰਿਮ ਸਾਅ, ਆਰਿਆਂ ਦੀ ਲੰਬੀ ਕਤਾਰ ਜਿਹੜੀ ਗੋਲੀ ਦੇ ਸਿਰਿਆਂ ਦੀ ਮਾੜੀ ਲੱਕੜ ਨੂੰ ਅੱਗ ਬਾਲਣ ਲਈ ਛੋਟੇ ਛੋਟੇ ਗੁੱਲਿਆਂ ਵਿਚ ਕੱਟਦੀ ਸੀ, ਸਭ ਆਪਣੀ ਪੂਰੀ ਰਫ਼ਤਾਰ ਨਾਲ ਘੁੰਮਣ ਅਤੇ ਘੂਕਣ ਲੱਗੇ । ਵੱਖੋ ਵੱਖਰੀਆਂ ਚੇਨਾਂ ਦੀ ਚੀਂ ਚੀਂ ਅਤੇ ਟੂਣਕਾਰ ਅਤੇ ਰੋਲਰਾਂ ਦੀ ਘੂਕਰ ਨਾਲ ਮਿੱਲ ਅੰਦਰ ਏਨਾ ਰੌਲਾ ਵੱਧ ਗਿਆ ਕਿ ਲੌਂਚ ਵੇਲੇ ਦਾ ਕੰਮ ਸ਼ੁਰੂ ਕਰਨ ਦੀ ਲੰਮੀ ਸੀਟੀ ਮਸਾਂ ਹੀ ਸੁਣੀ ।

ਫਰ ਦੇ ਸੋਹਣੇ ਦਰੱਖਤ ਜਿਹੜੇ ਕਦੇ ਜੰਗਲ ਵਿਚ ਜੋਗੀਆਂ ਵਾਂਗ ਸਿੱਧੇ ਖੜੋਤੇ ਹੁੰਦੇ ਸਨ ਹੁਣ ਰੁੰਡ ਮਰੁੰਡ ਲਾਸ਼ਾਂ ਵਾਂਗ ਗੋਲੀਆਂ ਵਾਲੇ ਅੱਡੇ 'ਤੇ ਪਏ ਸਨ । 'ਸਾਅਇਰ' (ਲੱਕੜੀ ਚੀਰਨ ਵਾਲਾ) ਇਕ ਲੀਵਰ ਨੂੰ ਹਿਲਾਉਣ ਨਾਲ ਵਾਰੋ ਵਾਰੀ ਹਰ ਗੋਲੀ ਨੂੰ 'ਕੈਰਿਜ' ਤੇ ਚਾੜ੍ਹਦਾ, ਤੇ ਭਾਫ਼ ਨਾਲ ਚਲਣ ਵਾਲੇ 'ਨਿੱਗਰ' ਦੀ ਮਦਦ ਨਾਲ ਰੁਖ਼ਸਿਰ ਕਰਦਾ ਅਤੇ 'ਡੌਗਰ' ਦੀ ਮਦਦ ਨਾਲ ਉਹਨੂੰ ਥਾਂ ਸਿਰ ਰੱਖਦਾ ਹੋਇਆ ਗੋਲੀ ਨੂੰ ਤੇਜ਼ੀ ਨਾਲ 'ਹੈੱਡ ਸਾਅ' ਵਲ ਚੀਰਨ ਲਈ ਲੈ ਜਾਂਦਾ । ਹੈੱਡ ਸਾਅ ਗੋਲੀ ਨੂੰ 'ਸਲੈਬਾਂ', ਮੋਟੇ ਮੋਟੇ ਅਤੇ ਚੌੜੇ ਸ਼ਤੀਰਾਂ, ਅਤੇ ਰੇਤ ਵਾਂਗ ਉੱਡਦੇ ਬੂਰੇ ਵਿਚ ਕੱਟੀ ਜਾਂਦਾ । ਸਿਰਫ ਗੋਲੀ ਦਾ ਲਾਲ ਭੂਰਾ ਵਿਚਲਾ ਹਿੱਸਾ ਹੀ ਅਗਾਂਹ ਦੀ ਕੱਟ ਵੱਢ ਤੋਂ ਬਚਦਾ, 'ਰੋਲਰਾਂ' ਦੀ ਲੰਬੀ ਕਤਾਰ

ਉਤੋਂ ਦੀ ਹੁੰਦਾ ਹੋਇਆ ਸ਼ਾਨ ਨਾਲ ਮਿੱਲ ਦੇ ਬਾਹਰ ਚਲਾ ਜਾਂਦਾ। ਬਾਕੀ ਹਿੱਸੇ ਵੱਖ ਵੱਖ ਮਸ਼ੀਨਾਂ ਵਿਚ ਦੀ ਹੁੰਦੇ ਹੋਏ ਉਸ ਦਿਨ ਦੇ ਆਰਡਰ ਮੁਤਾਬਕ ਆਪਣਾ ਰੂਪ ਬਦਲਦੇ ਆਖਿਰ ਨੂੰ ਚੇਨ ਤੇ ਆ ਡਿੱਗਦੇ। ਖੁਰਧਰੇ ਸਿਰਿਆਂ ਦੇ ਵੱਢ ਹੋਣ ਤੋਂ ਬਾਅਦ ਫੱਟੇ, ਗੰਜੇ ਸਿਰ ਅਤੇ ਸਟੀਲ ਦੇ ਫ਼ਰੇਮ ਵਾਲੀਆਂ ਐਨਕਾਂ ਵਾਲੇ ਯੂਨਾਨੀ ਗਰੇਡਰ ਗੱਸ ਕੋਲ ਆ ਪਹੁੰਚਦੇ, ਜਿਹੜਾ ਆਪਣੀ ਕਾਲੀ ਸਲੇਟੀ ਨਾਲ ਉਹਨਾਂ ਉੱਪਰ ਵੱਖ-ਵੱਖ ਨਿਸ਼ਾਨ ਲਾਉਂਦਾ ਤੇ ਇਹਨਾਂ ਨਿਸ਼ਾਨਾਂ ਵਾਲੇ ਫੱਟਿਆਂ ਨੂੰ ਸਿੱਖ ਮਜ਼ਦੂਰ 'ਗਰੀਨ ਚੇਨ' ਦੇ ਦੋਵੇਂ ਪਾਸੇ ਖੜ੍ਹੀਆਂ ਪਹੀਆਂ ਵਾਲੀਆਂ ਰੇੜ੍ਹੀਆਂ ਵਿਚ ਖਿੱਚ ਕੇ ਰੱਖਦੇ।

ਮਲੂਕੇ ਦਾ ਕੰਮ ਚੇਨ ਤੋਂ ਪਾਣੀ ਨਾਲ ਗੜੁੱਚ ਅਤੇ ਅੱਧ ਗਲੀ ਨਖਿੱਧ ਲੱਕੜ ਨੂੰ ਖਿੱਚਣ ਦਾ ਸੀ। ਜਦੋਂ ਗੇਲੀਆਂ ਮਾੜੀਆਂ ਹੁੰਦੀਆਂ ਤਾਂ ਇਹ ਨਖਿੱਧ ਲੱਕੜ ਜ਼ਿਆਦਾ ਮਾਤਰਾ ਵਿਚ ਚੇਨ 'ਤੇ ਆਉਂਦੀ।

'ਗਰੀਕੀ ਨੂੰ ਚੱਜ ਨਾਲ ਦਿਸਦਾ ਨਹੀਂ', ਮਲੂਕੇ ਦੀ ਮਦਦ ਕਰਨ ਆਏ ਨੱਥਾ ਸਿੰਘ ਨੇ ਦੱਸਿਆ। "ਉਹ ਨਖਿੱਧ ਲੱਕੜੀ ਤੇ 'R' ਦੀ ਥਾਂ 'C' ਦਾ ਨਿਸ਼ਾਨ ਲਾਈ ਜਾਂਦਾ ਏ।"

"ਹਾਂ ਇਸ ਵਿਚ ਕੁੱਝ ਚੰਗੀਆਂ ਲੱਕੜਾਂ ਵੀ ਹਨ", ਮਲੂਕੇ ਨੇ ਸਹਿਮਤ ਹੁੰਦਿਆਂ ਕਿਹਾ। "ਅਸੀਂ ਕਈ ਜਿਹੜੇ ਅੱਠਾਂ-ਅੱਠਾਂ, ਦਸਾਂ-ਦਸਾਂ ਸਾਲਾਂ ਦੇ 'ਗਰੀਨ ਚੇਨ' 'ਤੇ ਕੰਮ ਕਰਦੇ ਆਂ, ਗੱਸ ਨਾਲੋਂ ਵਧੀਆ 'ਗਰੇਡਿੰਗ' ਕਰ ਸਕਦੇ ਆਂ", ਰੇੜ੍ਹੀ ਤੇ ਫੱਟੇ ਠੀਕ ਕਰਦਿਆਂ ਨੱਥਾ ਸਿੰਘ ਨੇ ਗੱਲ ਅੱਗੇ ਤੋਰੀ। "ਪਰ ਸਾਨੂੰ ਜਾਂ ਕਿਸੇ ਹੋਰ ਏਸ਼ੀਅਨ ਨੂੰ ਇਹ ਕਦੇ ਵੀ 'ਗਰੇਡਰ' ਜਾਂ ਯਾਰਡ ਵਿਚ 'ਟੈਲੀ ਮੈਨ' ਨਹੀਂ ਰੱਖਣਗੇ ਭਾਵੇਂ ਉਹ ਕਿੰਨਾ ਵੀ ਵਧੀਆ ਕੰਮ ਜਾਣਦਾ ਹੋਵੇ। ਨਾ ਹੀ ਉਹਨਾਂ ਨੂੰ ਮਸ਼ੀਨ ਚਲਾਉਣ ਦੀ ਆਗਿਆ ਹੈ", ਉਹ ਥੋੜ੍ਹਾ ਚਿਰ ਰੁਕ ਕੇ ਬੜੀ ਉਦਾਸੀ ਨਾਲ ਬੋਲਿਆ ਜਿਵੇਂ ਕਿਸੇ ਪਹੁੰਚ ਤੋਂ ਬਾਹਰੀ ਚੀਜ਼ ਬਾਰੇ ਗੱਲਬਾਤ ਕਰ ਰਿਹਾ ਹੋਵੇ।

ਮਲੂਕੇ ਨੂੰ ਇਹ ਗੱਲ ਬੜੀ ਓਪਰੀ ਲੱਗੀ ਪਰ ਉਹ ਚੁੱਪ ਰਿਹਾ। ਉਹ ਤੇਜ਼ ਚਲਦੀ ਚੇਨ ਤੋਂ ਆਪਣੇ ਨਿਸ਼ਾਨ ਵਾਲੇ ਫੱਟੇ ਖਿੱਚਣ ਵਿਚ ਹੀ ਰੁੱਝਿਆ ਹੋਇਆ ਸੀ ਅਤੇ ਚੇਨ ਕਿਸਮਤ ਵਾਂਗ ਅਟੱਲ ਅਤੇ ਅਮੋੜ ਚੱਲੀ ਜਾ ਰਹੀ ਸੀ। ਜੇ ਕੋਈ

'ਫੱਟਾ' ਉਸ ਦੇ ਕੋਲੋਂ ਲੰਘ ਕੇ ਚੇਨ ਦੇ ਸਿਰੇ ਤੋਂ ਹੇਠਾਂ ਡਿੱਗ ਪੈਂਦਾ ਤਾਂ ਉਸ ਨੂੰ ਬੜੀ ਸ਼ਰਮ ਮਹਿਸੂਸ ਹੁੰਦੀ। ਸ਼ਰਮ ਦੇ ਨਾਲ ਨਾਲ, ਫੱਟੇ ਨੂੰ ਚੇਨ ਦੇ ਸਿਰੇ ਤੋਂ ਚੁੱਕ ਸਹੀ ਰੇੜ੍ਹੀ ਤੇ ਰੱਖਣਾ ਪੈਂਦਾ ਸੀ ਜਿਸ ਨਾਲ ਕੰਮ ਵੱਧ ਜਾਂਦਾ ਸੀ।

ਨੱਥਾ ਸਿੰਘ ਦੀ ਗੱਲਬਾਤ ਵਿਚ ਗੁੱਸਾ ਜਾਂ ਈਰਖਾ ਨਹੀਂ ਸੀ। ਕੰਮਾਂ ਤੇ ਹੁੰਦੇ ਏਡੇ ਵਿਤਕਰੇ ਬਾਰੇ ਉਸ ਇਸ ਤਰ੍ਹਾਂ ਗੱਲ ਕੀਤੀ ਸੀ, ਜਿਵੇਂ ਉਹ ਮੌਸਮ ਬਾਰੇ ਹੀ ਗੱਲ ਕਰ ਰਿਹਾ ਹੋਵੇ। ਉਸ ਦੀ ਅਵਾਜ਼ ਵਿਚ ਰੋਸੇ ਦਾ ਨਿਸ਼ਾਨ ਤੱਕ ਨਹੀਂ ਸੀ। ਉਹ ਖ਼ੁਸ਼ ਸੀ ਕਿ ਉਸ ਦਾ ਕੰਮ ਛੱਤ ਥੱਲੇ ਹੈ ਭਾਵੇਂ ਕਿ ਇਹ ਉਸ ਦੀ ਉਮਰ ਦੇ ਆਦਮੀ ਲਈ ਕਾਫ਼ੀ ਸਖ਼ਤ ਸੀ। ਇਸ ਇਲਾਕੇ ਵਿਚ ਮੀਂਹ ਕਾਫ਼ੀ ਪੈਂਦੇ ਸਨ ਜਿਸ ਕਰ ਕੇ ਕਦੇ ਕਦੇ ਹਵਾ ਵਿਚ ਸਿੱਲ੍ਹ ਦੀ ਮਾਤਰਾ ਕਾਫ਼ੀ ਵੱਧ ਜਾਂਦੀ। ਇਹ ਸਿੱਲ੍ਹ ਉਹਦੇ ਗਠੀਏ ਦੇ ਰੋਗ ਲਈ ਮਾੜੀ ਸੀ ਇਸੇ ਕਰ ਕੇ ਉਹ ਬਾਹਰ ਖੁੱਲ੍ਹੇ ਅਸਮਾਨ ਹੇਠ, ਜਿਹੜਾ ਗਰੀਨ ਚੇਨ ਦੇ ਕੰਮ ਤੋਂ ਸੌਖਾ ਸੀ, ਕੰਮ ਨਹੀਂ ਸੀ ਕਰ ਸਕਦਾ। ਉਸ ਨੂੰ ਘੰਟੇ ਦੇ ਪੱਚੀ ਸੈਂਟ ਮਿਲਦੇ ਸਨ ਜੋ ਬਾਹਰ 'ਯਾਰਡ' ਵਿਚ ਕੰਮ ਕਰਨ ਵਾਲਿਆਂ ਨਾਲੋਂ ਤਿੰਨ ਸੈਂਟ ਅਤੇ ਮਲੂਕੇ ਨਾਲੋਂ ਸੱਤ ਸੈਂਟ ਜ਼ਿਆਦਾ ਸਨ। ਗੋਰਿਆਂ ਨੂੰ ਇਸ ਹੀ ਕੰਮ ਦੇ ਪੰਜ ਤੋਂ ਅੱਠ ਸੈਂਟ ਤੱਕ ਵੱਧ ਮਿਲਦੇ ਸਨ। ਉਹਦੀ ਮਹੀਨੇ ਦੀ ਤਨਖ਼ਾਹ, ਭਾਰਤੀ ਅੰਗਰੇਜ਼ੀ ਫ਼ੌਜ ਦੇ ਸੂਬੇਦਾਰ ਨੂੰ ਮਿਲਦੀ ਤਨਖ਼ਾਹ ਨਾਲੋਂ ਬਹੁਤੀ ਜ਼ਿਆਦਾ ਨਹੀਂ ਸੀ। ਪਰ ਉਸ ਨੂੰ ਇਸ ਗੱਲ ਦੀ ਖ਼ੁਸ਼ੀ ਸੀ ਕਿ ਦਿਨ ਦੇ ਅਖ਼ੀਰ 'ਤੇ ਨਹਾਉਣ ਲਈ ਗਰਮ ਪਾਣੀ ਅਤੇ ਵਿਸਕੀ ਦੀ ਬੋਤਲ ਬਕਾਵਟ ਲਾਹੁਣ ਲਈ ਉਸ ਦੀ ਉਡੀਕ ਕਰਦੀ ਹੁੰਦੀ ਸੀ। ਇਸ ਦੇ ਨਾਲ ਹੀ ਬੰਕ ਹਾਊਸ ਵਿਚ ਖ਼ੁਸ਼ ਮਿਜਾਜ਼ ਮਾਹੌਲ ਸੀ। ਲੋਕੀਂ ਇਕ ਦੂਜੇ ਨਾਲ ਅਪਣੱਤ ਨਾਲ ਗੱਲਬਾਤ ਕਰਦੇ ਅਤੇ ਇਕ ਦੂਜੇ ਦੇ ਰੌਂਅ ਅਤੇ ਭਾਵ-ਨਾਵਾਂ ਦਾ ਖ਼ਿਆਲ ਰੱਖਦੇ। ਮਾੜੇ-ਮੋਟੇ ਲੜਾਈ ਝਗੜਿਆਂ ਦੇ ਬਾਵਜੂਦ ਉਹ ਹਮੇਸ਼ਾਂ ਇਕ ਦੂਜੇ ਦੀ ਮਦਦ ਕਰਨ ਲਈ ਤਿਆਰ ਰਹਿੰਦੇ।

ਉਹ ਮਲੂਕੇ ਨੂੰ ਤਸੱਲੀ ਨਾਲ ਕਹਿੰਦਾ, "ਕੋਈ ਸ਼ਕਾਇਤ ਨਹੀਂ। ਜ਼ਿੰਦਗੀ ਬੜੀ ਵੱਧੀਐ।"

ਕਿਸਮ ਮੁਤਾਬਕ ਕਦੀ ਇਕ ਕਕੀ ਦੂਜੇ ਨਿਸ਼ਾਨ ਵਾਲੇ ਫੱਟਿਆਂ ਦੇ ਪੂਰਾਂ ਦੇ ਪੂਰ ਆਉਂਦੇ ਪਰ ਸਾਰੇ ਸਿੱਖ ਮਜ਼ਦੂਰ ਇਕ ਦੂਜੇ ਦਾ ਕੰਮ ਰਲ ਮਿਲਕੇ ਕਰਦੇ।

ਕੰਮ ਕਰਦੇ ਉੱਚੀ ਉੱਚੀ ਗੱਲਾਂ ਕਰਦੇ, ਜਿਵੇਂ ਉਹ ਪਿੰਡ ਗੇੜੀ ਕਰਦੇ ਕਰਿਆ ਕਰਦੇ ਸਨ ਜਾਂ ਹਲ ਦਾ ਮੁੰਨਾ ਫੜੀ ਬਲਦਾਂ ਨੂੰ ਹੱਕਦੇ। ਇਕੱਠੇ ਹੋ ਕੇ ਕੰਮ ਕਰਨ ਨੂੰ ਉਹ ਰਲ ਕੇ ਦੁਸ਼ਮਣਾਂ 'ਤੇ ਹੱਲਾ ਬੋਲਣ ਵਾਂਗ ਮਾਣਦੇ, ਤਣਾਅ ਭਰਪੂਰ ਸਮੇਂ ਲਲਕਾਰਾ ਮਾਰਦੇ ਜਿਵੇਂ ਉਹ ਆਖ਼ਰੀ ਚੋਟ ਸਮੇਂ ਇਕ ਦੂਜੇ ਤੋਂ ਵਿਤੋਂ ਵੱਧ ਆਸ ਕਰ ਰਹੇ ਹੋਣ। 'ਸਾਅਇਰ' ਅਤੇ 'ਬੈਂਡ ਸਾਅ' ਵਾਲਾ ਆਰੇ ਬਦਲਣ ਲਈ ਕੁਝ ਚਿਰ ਰੁਕੇ ਤਾਂ ਕੁਝ ਚਿਰ ਬਾਅਦ ਚੇਨ ਤੇ ਆਉਂਦੇ ਫੱਟੇ ਘਟ ਗਏ। ਸੌਖ ਨਾਲ ਗੱਲਾਂ ਕਰਨ ਲਈ ਸਾਰੇ ਇਕ ਦੂਜੇ ਦੇ ਨੇੜੇ ਆ ਗਏ।

"ਨੱਥਿਆ, ਬੜਾ ਸੁਨੱਖਾ ਹਿੰਦੂ ਮੁੰਡਾ ਬਈ", ਗਰੇਡਰ ਨੇ ਲੰਪਟ ਅਵਾਜ਼ ਵਿਚ ਕਿਹਾ। ਉਸ ਦੀਆਂ ਚੁੰਨੀਆਂ ਅੱਖਾਂ ਐਨਕ ਦੇ ਸ਼ੀਸ਼ਿਆਂ ਪਿੱਛੋਂ ਮਸਾਂ ਹੀ ਦਿਖਾਈ ਦਿੰਦੀਆਂ ਸਨ। "ਕਾਸ਼ ਮੇਰੇ ਨਾਲ ਕੰਮ ਕਰਨ ਵਾਲਾ ਵੀ ਇਹੋ ਜਿਹਾ ਹੁੰਦਾ", ਚੇਹਰੇ ਤੇ ਕਾਮੀ ਮੁਸਕਰਾਹਟ ਲਿਆਉਂਦਾ ਉਹ ਬੋਲਿਆ।

"ਸਾਲਾ ਲੁੱਚਾ ਗਰੀਕ" ਚੋ ਇੰਚ ਮੋਟੇ ਤੇ ਬਾਰਾਂ ਇੰਚ ਚੌੜੇ ਸਾਫ਼ ਅਤੇ ਫਰ ਦੀ ਤਾਜ਼ੀ ਮਹਿਕ ਵਾਲੇ ਫੱਟੇ ਨੂੰ ਖਿੱਚਣ ਜਾਂਦਾ ਨੱਥਾ ਸਿੰਘ ਬੁੜਬੜ ਇਆ। ਛੇਤੀ ਹੀ ਉਘੜ ਦੁਘੜ ਫੱਟਿਆਂ ਦੇ ਢੇਰ ਚੇਨ ਤੇ ਆਉਣੇ ਸ਼ੁਰੂ ਹੋ ਗਏ। ਇਹਨਾਂ ਨੂੰ ਖਿੱਚਣ ਲਈ ਪੂਰੇ ਤਾਣ ਦੀ ਜ਼ਰੂਰਤ ਸੀ। ਹਰ ਇਕ ਆਪਣੇ ਨਿਸ਼ਾਨ ਵਾਲੇ ਫੱਟੇ ਖਿੱਚਣ ਲਈ ਸਿਰ ਤੋੜ ਯਤਨ ਕਰ ਰਿਹਾ ਸੀ।

"ਆਹ ਗਰੀਕ ਨੂੰ ਕਹੀਂ ਇਕ ਮਿੰਟ ਚੇਨ ਖੜੀ ਕਰੇ", ਚੇਨ ਦੇ ਅਖ਼ੀਰ ਤੇ ਫਸੇ ਦੋ ਬੰਦੇ ਚੀਕੇ। ਉਹਨਾਂ ਦੇ ਨਿਸ਼ਾਨ ਵਾਲੇ ਫੱਟੇ ਦੂਜੇ ਫੱਟਿਆਂ ਦੇ ਢੇਰ ਹੇਠਾਂ ਪਏ ਦਿਖਾਈ ਦੇ ਰਹੇ ਸਨ।

"ਕੋਈ ਫ਼ਰਕ ਨਹੀਂ ਪੈਣਾ। ਪਿੱਛੇ ਇਸ ਤੋਂ ਵੀ ਬੁਰਾ ਹਾਲ ਹੈ। ਮਗਰਲੀ ਚੇਨ ਤੇ ਇਸ ਤੋਂ ਵੀ ਉੱਚੇ ਢੇਰ ਪਏ ਹਨ। ਉਹ ਵੀ ਛੇਤੀ ਗਰੀਨ ਚੇਨ ਤੇ ਆ ਢੇਰੀ ਹੋਣੇ ਹਨ", ਗੱਸ ਨੇ ਜੁਆਬ ਦਿੱਤਾ।

2

ਮਲੂਕਾ ਜਿੰਨਾ ਗਰੀਨ ਚੇਨ ਤੇ ਕੰਮ ਦੀਆਂ ਔਖੀਆਂ ਹਾਲਤਾਂ ਦੇਖ ਕੇ ਹੈਰਾਨ ਹੋਇਆ ਸੀ, ਉਹ ਪੰਜਾਬੀਆਂ ਦੀਆਂ ਰਹਿਣ ਦੀਆਂ ਹਾਲਤਾਂ ਦੇਖ ਕੇ ਉਸ ਤੋਂ ਵੀ ਵੱਧ ਹੈਰਾਨ ਹੋਇਆ। ਉਸ ਨੇ ਸੋਚਿਆ ਸੀ ਕਿ ਭਾਰਤੀ ਪਿੰਡਾਂ ਦੇ ਮੁਕਾਬਲੇ ਕੈਨੇਡਾ ਦੀ ਜ਼ਿੰਦਗੀ ਬਹੁਤ ਆਰਾਮਦੇਹ ਅਤੇ ਸੌਖੀ ਹੋਵੇਗੀ।

ਉਹਨੇ ਦੇਸ ਹੁਸ਼ਿਆਰਪੁਰ ਤੇ ਜਲੰਧਰ ਦੇ ਬਜ਼ਾਰਾਂ ਵਿਚ ਸਿਆਲ ਦੇ ਦਿਨੀਂ ਇਸ ਨਵੀਂ ਦੁਨੀਆਂ ਤੋਂ ਪਰਤੇ ਸਿੱਖਾਂ ਨੂੰ ਆਰਾਮ ਨਾਲ ਟਹਿਲਦਿਆਂ ਵੇਖਿਆ ਸੀ। ਲੰਮ-ਸਲੰਮੇ, ਚੌੜੇ ਮੋਢਿਆਂ ਵਾਲੇ, ਗੂਹੜੇ ਅਮਰੀਕਨ ਸੂਟਾਂ ਅਤੇ ਜਾਪਾਨੀ ਰੇਸ਼ਮੀ ਰੰਗਦਾਰ ਪੱਗਾਂ ਵਿਚ ਉਹ ਬੜੇ ਪ੍ਰਭਾਵਸ਼ਾਲੀ ਦਿਸਦੇ ਹੁੰਦੇ ਸਨ। ਸਾਰੇ ਲੋਕ ਖ਼ਾਸ ਕਰ ਵਿਦਿਆਰਥੀ ਉਹਨਾਂ ਦੀ ਬਹੁਤ ਸ਼ਲਾਘਾ ਕਰਦੇ ਸਨ। ਇਸ ਦਾ ਸਭ ਤੋਂ ਵੱਡਾ ਕਾਰਨ ਗ਼ਦਰ ਲਹਿਰ ਦੇ ਸ਼ਹੀਦਾਂ ਦੀ ਗੌਰਵਮਈ ਕਹਾਣੀ ਸੀ। ਸੰਨ 1914 ਵਿਚ ਇਸ ਨਵੀਂ ਦੁਨੀਆਂ ਵਿਚੋਂ ਆਏ ਭਾਰਤੀਆਂ ਨੇ ਦੇਸ਼ ਨੂੰ ਹਥਿਆਰਬੰਦ ਬਗ਼ਾਵਤ ਨਾਲ ਆਜ਼ਾਦ ਕਰਾਉਣ ਲਈ ਗ਼ਦਰ ਲਹਿਰ ਚਲਾਈ ਸੀ। ਪੰਜਾਬ ਦੇ ਦੂਰ-ਦੁਰਾਡੇ ਇਲਾਕਿਆਂ ਵਿਚ ਖੁੱਲ੍ਹੇ ਨਵੇਂ ਸਕੂਲ, ਕੁੜੀਆਂ ਦੇ ਕੁਝ ਸਕੂਲਾਂ ਸਮੇਤ, ਉਹਨਾਂ ਦੀ ਦੂਰ-ਅੰਦੇਸ਼ੀ ਅਤੇ ਦੇਸ਼ਭਗਤੀ ਦੀ ਹਾਮੀ ਭਰਦੇ ਸਨ। ਉਹਨਾਂ ਦੀ ਮਾਇਕ ਸਹਾਇਤਾ ਕਰ ਕੇ ਹੀ ਜਲੰਧਰ ਅਤੇ ਅੰਮ੍ਰਿਤਸਰ ਤੋਂ ਪੰਜਾਬੀ ਦੇ ਕਈ ਹਫ਼ਤਾਵਾਰੀ ਅਖ਼ਬਾਰ ਅਤੇ ਦਿੱਲੀ ਤੋਂ ਇਕ ਅੰਗਰੇਜ਼ੀ ਦੇ ਅਖ਼ਬਾਰ ਦਾ ਛਪਣਾ ਸੰਭਵ ਹੋਇਆ ਸੀ। ਇਹਨਾਂ ਸਭ ਅਖ਼ਬਾਰਾਂ ਵਿਚ ਭਾਰਤ ਵਾਸੀਆਂ ਨੂੰ ਦੇਸ਼ ਦੀ ਆਜ਼ਾਦੀ ਲਈ ਉੱਠਣ ਲਈ ਵੰਗਾਰਿਆ ਜਾਂਦਾ ਸੀ। ਲੋਕੀਂ ਇਹਨਾਂ ਦੀ ਅਤੇ ਇਸ ਦੁਨੀਆਂ ਦੀ ਇੱਜ਼ਤ ਕਰਦੇ ਸਨ ਕਿਉਂਕਿ ਇਸ ਨਵੀਂ ਦੁਨੀਆਂ ਨੇ ਹੀ ਉਹਨਾਂ ਵਿਚ ਦੇਸ਼ ਵਿਚਲੇ ਆਪਣੇ ਲੋਕਾਂ ਦੀ ਭਲਾਈ ਕਰਨ ਦਾ ਜੋਸ਼ ਭਰਿਆ ਸੀ। ਨੌਜਵਾਨ ਇਹਨਾਂ ਨਾਲ ਮਾਣ ਭਰੀ ਈਰਖਾ ਕਰਦੇ ਅਤੇ ਉਹਨਾਂ ਦੇ ਕਦਮਾਂ 'ਤੇ ਚੱਲਣ ਦੀ ਖ਼ਾਹਿਸ਼ ਰੱਖਦੇ ਸਨ।

"ਆਓ, ਆਓ ਸਰਦਾਰ ਜੀ। ਅੰਦਰ ਲੰਘ ਆਓ ਤੇ ਸਾਡੀ ਹੱਟੀ ਨੂੰ ਵੀ ਭਾਗ ਲਾਓ", ਕੱਪੜੇ ਦੀਆਂ ਦੁਕਾਨਾਂ ਵਾਲੇ ਉਹਨਾਂ ਅੱਗੇ ਲੇਲ੍ਹੜੀਆਂ ਕੱਢਦੇ।

ਫੇਰ ਉਹ ਉਹਨਾਂ ਦੇ ਅੱਗੇ ਥਾਨਾਂ ਦੇ ਥਾਨ ਵਿਛਾ ਦਿੰਦੇ ਅਤੇ ਕਹਿੰਦੇ, "ਇਹ ਚਮਕਦਾਰ ਸ਼ਨੀਲ ਦਾ ਸੂਟ ਸਰਦਾਰਨੀ ਲਈ, ਆਹ ਹੰਢਣਸਾਰ ਛੀਂਟ ਦਾ ਕੱਪੜਾ ਬੱਚਿਆਂ ਲਈ, ਆਹ ਮੱਖਣ ਵਰਗਾ ਮੁਲਾਇਮ ਕਮੀਜ਼ਾਂ ਦਾ ਕੱਪੜਾ ਸਰਦਾਰ ਹੋਰਾਂ ਲਈ।" ਜਦੋਂ ਇਹ ਸਰਦਾਰ ਹਲਵਾਈ ਦੀ ਹੱਟੀ ਤੋਂ ਕਿੰਨੀ ਸਾਰੀ ਇਕੱਠੀ ਮਠਿਆਈ ਖ਼ਰੀਦਦੇ ਤਾਂ ਥਾਲਾਂ ਵਿਚ ਸਲੀਕੇ ਨਾਲ ਟਿਕਾਈ ਮਠਿਆਈ ਦੁਆਲੇ ਭਿਣਕਦੀਆਂ ਮੱਖੀਆਂ ਬਾਰੇ ਸ਼ਿਕਾਇਤ ਕਰਦੇ। ਹਲਵਾਈ ਇੰਨੀ ਵੱਡੀ ਵਿੱਕਰੀ 'ਤੇ ਖ਼ੁਸ਼ ਹੋਇਆ ਮਸਕੀਨਾਂ ਵਾਂਗ ਮੁਸਕਰਾਉਂਦਾ ਅਤੇ ਪਰਨੇ ਨਾਲ ਮੱਖੀਆਂ ਨੂੰ ਉਡਾ ਦਿੰਦਾ। ਜੇ ਕੋਈ ਗ਼ਰੀਬ ਪੇਂਡੂ ਕਿਤੇ ਦੁੱਧ ਵਿਚ ਮਰੀ ਪਈ ਮੱਖੀ ਦੀ ਸ਼ਿਕਾਇਤ ਕਰਦਾ ਤਾਂ ਹਲਵਾਈ ਉਹਨੂੰ ਗੁਸਤਾਖ ਲਹਿਜ਼ੇ ਵਿਚ ਕਹਿੰਦਾ, "ਦੋ ਪੈਸਿਆਂ ਦੇ ਦੁੱਧ ਵਿਚ ਹੋਰ ਤੂੰ ਮਰਿਆ ਹਾਥੀ ਭਾਲਦਾਂ।" ਪਰ ਇਹਨਾਂ ਸਰਦਾਰਾਂ ਨੂੰ ਉਹ ਕਸੂਰ ਮੰਨਣ ਦੇ ਲਹਿਜ਼ੇ ਵਿਚ ਕਹਿੰਦਾ, "ਕੀ ਕਰਾਂ ਸਰਦਾਰ ਜੀ ਇਹ ਗ਼ਰੀਬ ਮੱਖੀਆਂ ਵੀ ਅਮਰੀਕਾ ਦੇ ਅਮੀਰ ਖ਼ਾਲਸਿਆਂ ਵਾਂਗ ਮੇਰੀਆਂ ਜਲੇਬੀਆਂ ਨੂੰ ਬਹੁਤ ਪਸੰਦ ਕਰਦੀਆਂ ਹਨ।" ਉਸ ਦੀ ਇਸ ਗੱਲ 'ਤੇ ਸਰਦਾਰ ਆਪਣੇ ਅਮਰੀਕਨ ਸੂਟਾਂ ਵਿਚ ਖੁਲ੍ਹ ਕੇ ਹੱਸਦੇ। ਜਦੋਂ ਮੱਖੀਆਂ ਮੁੜ ਆ ਕੇ ਮਠਿਆਈ 'ਤੇ ਬਹਿੰਦੀਆਂ ਤਾਂ ਉਹ ਕਹਿੰਦੇ, "ਮੱਖੀਆਂ ਵੀ ਉੱਨੀਆਂ ਹੀ ਢੀਠ ਹਨ ਜਿੰਨਾ ਇਹ ਹਲਵਾਈ ਸ਼ਰਾਰਤੀ ਹੈ।" ਹਲਵਾਈ ਸੰਤੁਸ਼ਟੀ ਨਾਲ ਕਹਿੰਦਾ, "ਸਰਦਾਰ ਜੀ ਹਰ ਇਕ ਨੂੰ ਮੌਜ ਕਰਨ ਦਿਓ। ਮੇਰੀ ਮਠਿਆਈ ਦੇਖ ਕੇ ਤਾਂ ਰੱਬ ਵੀ ਨਾ ਰਹਿ ਸਕੇ।"

ਪਰ ਇੱਥੇ ਇਸ ਸਾਫ਼-ਸੁਥਰੀ ਤੇ ਖ਼ੁਸ਼ਹਾਲ ਨਵੀਂ ਦੁਨੀਆਂ ਵਿਚ 'ਵੀਕ ਐਂਡ' ਤੋਂ ਬਿਨਾਂ ਪੰਜਾਬੀ ਕੰਮ ਵਾਲੇ ਮੈਲੇ ਨੀਲੇ ਕੱਪੜੇ ਹੀ ਪਾਉਂਦੇ। ਚੀਨਿਆਂ ਵਾਂਗ ਵੈਨਕੂਵਰ ਵਿਚ ਖੱਖਿਆਂ ਵਰਗੇ ਟੁੱਟੇ ਘਰਾਂ ਵਾਲੀਆਂ ਬਸਤੀਆਂ ਵਿਚ ਜਾਂ ਕੰਮਾਂ 'ਤੇ ਮਿਲੀਆਂ ਡਿਗੂੰ ਡਿਗੂੰ ਕਰਦੀਆਂ 'ਸ਼ੈੱਡਾਂ' ਵਿਚ ਰਹਿੰਦੇ। ਸਥਾਨਕ ਬਸ਼ਿੰਦਿਆਂ, ਜੋ ਇਹਨਾਂ ਨੂੰ ਘਟੀਆ ਨਜ਼ਰ ਨਾਲ ਦੇਖਦੇ, ਨਾਲ ਇਹਨਾਂ ਦਾ ਕੋਈ ਵਾਹ ਵਾਸਤਾ ਨਹੀਂ ਸੀ। ਡੂਮੀਨੀਅਨ ਮਿੱਲ ਵਿਚ ਉਹ 'ਬੰਕ-ਹਾਊਸਾਂ' ਵਿਚ ਰਹਿੰਦੇ ਸਨ। ਇਕ ਦੂਜੇ ਦੇ ਸਮਾਨਅੰਤਰ ਛੇ ਲੰਬੀਆਂ 'ਸ਼ੈੱਡ' ਸਨ ਅਤੇ ਹਰ ਇਕ ਸ਼ੈੱਡ ਛੋਟੇ ਛੋਟੇ ਕਮਰਿਆਂ ਵਿਚ ਵੰਡੀ ਹੋਈ ਸੀ ਅਤੇ ਹਰੇਕ ਕਮਰੇ ਵਿਚ

ਦੇ 'ਬੰਕ-ਬੈੱਡ' ਸਨ। ਇਹ ਸ਼ੈੱਡਾਂ ਫ਼ਰੇਜ਼ਰ ਦਰਿਆ ਦੇ ਕੰਢੇ ਮਿੱਲ ਦੀ ਰਹਿੰਦ-ਖੂੰਹਦ ਅਤੇ ਸਿੱਲ੍ਹੇ ਬੂਰੇ ਨਾਲ ਪੂਰੀ ਦਲਦਲ ਉੱਪਰ ਬਣੀਆਂ ਹੋਈਆਂ ਸਨ। ਸਮਾਂ ਪੈਣ ਕਰ ਕੇ ਉਹਨਾਂ ਦਾ ਰੰਗ ਗਾੜ੍ਹਾ ਸਲੇਟੀ ਹੋ ਗਿਆ ਸੀ ਤੇ ਉਹ ਫੁੱਟ ਫੁੱਟ ਭਰ ਬੂਰੇ ਵਿਚ ਖੁੱਭੀਆਂ ਹੋਈਆਂ ਸਨ। ਇਹਨਾਂ ਸ਼ੈੱਡਾਂ ਦੇ ਲਾਂਘੇ ਵਿਚ ਦੋਵੇਂ ਪਾਸੀਂ ਕੰਮ ਵਾਲੇ ਮੈਲੇ ਕੱਪੜੇ ਟੰਗੇ ਹੋਏ ਸਨ ਜਿਹੜੇ ਹੇਠਾਂ ਪਏ ਭਾਰੀ ਕੰਮ ਦੇ ਬੂਟਾਂ ਅਤੇ ਰਬੜ ਦੇ ਲੰਬੇ ਬੂਟਾਂ ਨੂੰ ਲਗਭਗ ਛੂਹ ਰਹੇ ਸਨ। ਤੇ ਲੱਕੜ ਦੇ ਫ਼ਰਸ਼ 'ਤੇ ਮੇਖਾਂ ਦੀਆਂ ਨੰਗੀਆਂ ਟੋਪੀਆਂ ਚਮਕਦੀਆਂ ਹੁੰਦੀਆਂ ਸਨ।

"ਬੂਰੇ ਕਰਕੇ ਕੀੜਿਆਂ ਨੂੰ ਖ਼ਤਮ ਕਰਨਾ ਮੁਸ਼ਕਲ ਹੈ ਕਿਉਂਕਿ ਬੂਰੇ ਵਿਚ ਇਹ ਬਹੁਤ ਜਲਦੀ ਵਧਦੇ ਹਨ। ਜਿੰਨੇ ਆਪਾਂ ਮਾਰ ਸਕਦੇ ਹਾਂ ਉਸ ਨਾਲੋਂ ਵੀ ਜ਼ਿਆਦਾ।" ਨੱਥਾ ਸਿੰਘ ਨੇ ਕਿਹਾ।

"ਨਾਲੇ ਤੁਸੀਂ ਸ਼ਕਾਇਤ ਵੀ ਨਹੀਂ ਕਰ ਸਕਦੇ। ਮਾਲਕਾਂ ਦਾ ਕਹਿਣਾ ਹੈ ਕਿ ਜੇ ਤੁਸੀਂ ਦਿਨ ਵੇਲੇ ਪੂਰਾ ਤਾਣ ਲਾ ਕੇ ਕੰਮ ਕੀਤਾ ਹੋਵੇ ਤਾਂ ਤੁਹਾਨੂੰ ਰਾਤ ਨੂੰ ਸੌਣ ਦੀ ਤਕਲੀਫ਼ ਨਹੀਂ ਹੋ ਸਕਦੀ", ਨੱਥਾ ਸਿੰਘ ਨੇ ਤਨਜ਼ ਅਤੇ ਦਿਲ ਪਰਚਾਵੇ ਦੇ ਰਲੇ-ਮਿਲੇ ਅੰਦਾਜ਼ ਨਾਲ ਕਿਹਾ।

ਵੈਨਕੂਵਰ ਤੋਂ ਨਿਊਵੈਸਟਮਿਨਸਟਰ ਨੂੰ ਜਾਂਦੀ ਗੱਡੀ ਦੀ ਲਾਈਨ ਦੇ ਨਾਲ ਨਾਲ ਦਰਜਨ ਕੁ ਦੇ ਕਰੀਬ ਆਰਾਮਦਾਇਕ ਘਰ ਬਣੇ ਹੋਏ ਸਨ। ਇਹਨਾਂ ਘਰਾਂ ਦੇ ਚਿੱਟੇ ਰੋਗਣ ਕੀਤੇ ਦਰਵਾਜ਼ੇ ਅਤੇ ਬਾਰੀਆਂ, ਘਰ ਦੇ ਪਾਸਿਆਂ ਤੇ ਲੱਗੀਆਂ ਗੂਹੜੀਆਂ ਭੂਰੀਆਂ 'ਸਿੰਗਲ ਸਾਈਡਿੰਗ' ਦੇ ਮੁਕਾਬਲੇ ਬਹੁਤ ਉੱਠਵੇਂ ਸਨ। ਮਿੱਲ ਦੇ ਵੱਖ ਵੱਖ ਵਿਭਾਗਾਂ ਦੇ ਉੱਚ ਅਧਿਕਾਰੀ ਅਤੇ ਤਕਨੀਕੀ ਕਾਮੇ ਜਿਵੇਂ : ਸਾਅਰ, ਫਾਈਲਰ, ਇੰਜੀਨੀਅਰ ਅਤੇ ਮਿੱਲ ਰਾਈਟ ਆਦਿ ਆਪਣੇ ਪਰਿਵਾਰਾਂ ਸਮੇਤ ਇਹਨਾਂ ਘਰਾਂ ਵਿਚ ਰਹਿੰਦੇ ਸਨ। ਅਤਵਾਰ ਤੋਂ ਬਿਨਾਂ ਹਰ ਸਵੇਰ ਨੂੰ ਹੱਥਾਂ ਵਿਚ ਕਾਲੇ 'ਲੰਚ-ਬਾਕਸ' ਫੜੀ ਚਿੱਟੇ ਕਾਮੇ ਪਹਾੜੀ ਦੇ ਨਾਲ ਮੈਰੀਨ ਡਰਾਈਵ ਤੋਂ ਉੱਤੇ ਬਣੀ ਪੱਥਰਾਂ ਅਤੇ ਮਿੱਟੀ ਦੀ ਉੱਚੀ ਨੀਵੀਂ ਸੜਕ ਉੱਪਰ ਤੁਰਦੇ ਦਿਖਾਈ ਦਿੰਦੇ। ਉਹ ਜੰਗਲ ਸਾਫ਼ ਕਰਕੇ ਬਣਾਏ 'ਸ਼ੈਕਾਂ' ਵਰਗੇ ਛੋਟੇ ਛੋਟੇ ਘਰਾਂ ਵਿਚ ਰਹਿੰਦੇ ਸਨ। ਇਹ ਘਰ ਚੁਹਰੀ ਵਾਰੀ ਪੁੰਗਰੇ ਫਰ ਦੇ ਦਰੱਖਤਾਂ ਅਤੇ ਝਾੜੀਆਂ ਉਹਲੇ ਅੱਧਾ ਕੁ ਲੁਕੇ ਹੋਏ ਸਨ।

'ਹਿੰਦੂ ਬੁਆਏ', ਜਿਵੇਂ ਕਿ ਭਾਰਤੀ ਕਾਮਿਆਂ (ਪੰਜਾਬ ਤੋਂ ਆਏ ਸਿੱਖ ਕਿਸਾਨਾਂ) ਨੂੰ ਸੱਦਿਆ ਜਾਂਦਾ ਸੀ, ਆਪਣਾ ਸਾਂਝਾ ਲੰਗਰ ਚਲਾਉਂਦੇ ਸਨ। ਹਰ ਕੋਈ ਰਾਸ਼ਨ ਲਈ ਹਿੱਸੇ ਆਉਂਦੀ ਰਕਮ ਅਤੇ ਆਪਣੀ ਇਕ ਦਿਨ ਦੀ ਤਨਖ਼ਾਹ ਰਸੋਈਏ ਨੂੰ ਉਹਦੀ ਤਨਖ਼ਾਹ ਵਜੋਂ ਦਿੰਦਾ ਸੀ। ਸੌ ਦੇ ਲਗਭਗ ਭਾਰਤੀ ਕਾਮੇ ਉੱਥੇ ਕੰਮ ਕਰਦੇ ਸਨ। ਉਹਨਾਂ ਵਿਚ ਹਰ ਇਕ ਪੂਰਨ ਧਾਰਮਿਕ ਸਿੱਖਾਂ ਸਮੇਤ, ਆਪਣੇ ਆਪ ਨੂੰ ਹਿੰਦੂ ਕਹਾਉਂਦੇ ਸਨ। ਇਸ ਦਾ ਇਕ ਕਾਰਨ ਤਾਂ ਆਪਣੇ ਆਪ ਨੂੰ 'ਰੈੱਡ ਇੰਡੀਅਨਾਂ', ਜਿਹਨਾਂ ਨੂੰ ਜੇਤੂ ਗੋਰਿਆਂ ਵਲੋਂ ਮਰ ਰਹੀ ਨਸਲ ਬਣਾ ਦਿੱਤਾ ਸੀ, ਤੋਂ ਵੱਖ ਕਰਨਾ ਸੀ। ਦੂਸਰਾ ਕਾਰਨ ਸੀ ਕਿ ਨਸਲੀ ਚਿੱਟਿਆਂ ਨੂੰ ਉਹਨਾਂ ਦੇ ਧਰਮ ਬਾਰੇ ਕੋਈ ਪਰਵਾਹ ਨਹੀਂ ਸੀ, ਉਹਨਾਂ ਲਈ ਤਾਂ ਹਿੰਦੁਸਤਾਨ ਵਿਚੋਂ ਆਇਆ ਹਰ ਕੋਈ ਹਿੰਦੂ ਹੀ ਸੀ।

3

ਕੁੱਕ ਹਾਊਸ ਇਕ ਲੰਬੀ ਸ਼ੈੱਡ ਵਿਚ ਸੀ। ਇਹ ਸ਼ੈੱਡ 'ਬੰਕ ਹਾਊਸ' ਤੋਂ ਨੱਬੇ ਦਰਜੇ ਦੇ ਕੋਨ 'ਤੇ ਬਣੀ ਹੋਈ ਸੀ। ਇਸ ਦੇ ਇਕ ਖੁੰਜੇ ਵਿਚ ਵੱਡਾ ਸਟੋਵ ਅਤੇ ਵਿਚਕਾਰ ਇਕ ਆਇਤਕਾਰ ਹੀਟਰ ਪਿਆ ਸੀ। ਤਿੰਨ ਪਾਸੀਂ ਬਿੰਦਿਆਏ ਕੱਪੜੇ ਨਾਲ ਢੱਕੇ ਲੰਮੇ ਮੇਜ਼ ਅਤੇ ਉਹਨਾਂ ਦੇ ਨਾਲ ਲੱਕੜ ਦੇ ਬੈਂਚ ਪਏ ਸਨ। ਰਸੋਈ ਦੇ ਚੌਥੇ ਪਾਸੇ ਬਣੇ ਗੁਸਲਖ਼ਾਨੇ ਲਈ ਲਾਂਘਾ ਸੀ। ਪੱਥਰ ਦੀਆਂ ਕੰਧਾਂ ਵਾਲੇ ਬਲਦੇ ਚੁਲ੍ਹੇ ਉੱਪਰ ਤੇਲ ਵਾਲਾ ਪੁਰਾਣਾ ਡਰੰਮ ਗਰਮ ਪਾਣੀ ਲਈ ਵਰਤਿਆ ਜਾਂਦਾ ਸੀ। ਛੱਤ ਨੂੰ ਸਹਾਰਾ ਦੇਣ ਵਾਲੀਆਂ ਚਾਰ ਇੰਚ ਮੋਟੀਆਂ ਅਤੇ ਚਾਰ ਇੰਚ ਚੌੜੀਆਂ ਥੰਮ੍ਹੀਆਂ ਨਾਲ ਮੇਖਾਂ ਲਾ ਕੇ ਗੱਠਾਂ ਵਾਲੀ ਲੱਕੜ ਨਾਲ ਬਣਾਈਆਂ ਕੰਧਾਂ, ਪੁਰਾਣੇ ਕੈਲੰਡਰਾਂ ਨਾਲ ਸਜਾਈਆਂ ਹੋਈਆਂ ਸਨ। ਕੁਝ ਕੈਲੰਡਰਾਂ ਉੱਤੇ ਭਾਰਤ ਦੇ ਕੌਮੀ ਲੀਡਰਾਂ-ਗਾਂਧੀ, ਤਿਲਕ, ਆਜ਼ਾਦ, ਲਾਜਪਤ ਰਾਏ ਆਦਿ ਦੀਆਂ ਇਕੱਲੇ-ਇਕੱਲੇ ਜਾਂ ਇਕੱਠਿਆਂ ਦੀ ਫਿੱਕੀ ਪਈ ਹੋਈ ਨੀਲੀ ਸਿਆਹੀ ਨਾਲ ਬਣੀਆਂ ਤਸਵੀਰਾਂ ਸਨ। ਬਾਕੀ ਦੇ ਕੈਲੰਡਰਾਂ ਉੱਤੇ ਸਿੱਖ ਗੁਰੂਆਂ—ਨਾਨਕ, ਅਰਜਨ ਦੇਵ,

ਗੁਰੂ ਗੋਬਿੰਦ ਸਿੰਘ ਦੀਆਂ ਤਸਵੀਰਾਂ ਸ਼ੋਖ ਰੰਗਾਂ ਵਿਚ ਬਣੀਆਂ ਤਸਵੀਰਾਂ ਸਨ।

ਕੁੱਕ ਹਾਊਸ, ਜਿਸ ਦੇ ਪਿਛੇ ਰਸਦ ਘਰ ਅਤੇ ਰਸੋਈਏ ਦਾ ਕਮਰਾ ਬਣਿਆ ਹੋਇਆ ਸੀ, ਰੋਟੀ ਪਕਾਉਣ ਵਾਲੇ, ਖਾਣ ਵਾਲੇ ਕਮਰੇ ਅਤੇ 'ਕਲੱਬ' ਦੇ ਤੌਰ 'ਤੇ ਵਰਤੋਂ ਵਿਚ ਆਉਂਦਾ ਸੀ। ਬਸਤੀ ਦੀ ਭਾਈਚਾਰਕ ਜ਼ਿੰਦਗੀ ਦਾ ਬਹੁਤ ਹਿੱਸਾ ਏਥੇ ਗੁਜ਼ਰਦਾ ਸੀ। ਗਰਮ ਗਰਮ ਚਾਹ ਇੱਥੇ ਹਮੇਸ਼ਾਂ ਤਿਆਰ ਮਿਲਦੀ। ਬੰਦੇ ਸੁਸਤਾਉਣ, ਗੱਪਾਂ ਮਾਰਨ, ਬਹਿਸ ਕਰਨ, ਲੜਨ ਜਾਂ ਬਹੁਤੀ ਵਾਰ ਉਂਝ ਹੀ ਆਪਣਾ ਅਕੇਵਾਂ ਦੂਰ ਕਰਨ ਲਈ ਏਥੇ ਆ ਬਹਿੰਦੇ। ਏਥੇ ਹੀ ਉਹ ਕਮਿਊਨਿਟੀ ਦੇ ਉਹਨਾਂ ਲੀਡਰਾਂ ਨੂੰ ਸੁਣਨ ਲਈ ਇਕੱਠੇ ਹੁੰਦੇ; ਜਿਹੜੇ ਵੈਨਕੂਵਰ, ਵਿਕਟੋਰੀਆ ਜਾਂ ਬਾਕੀ ਦੇ ਵੈਨਕੂਵਰ ਟਾਪੂ ਵਿਚ ਸਥਿੱਤ ਹੋਰ ਮਿੱਲ-ਬਸਤੀਆਂ ਤੋਂ ਸਕੂਲ ਜਾਂ ਗੁਰਦੁਆਰੇ ਜਾਂ ਹਿੰਦੁਸਤਾਨ ਵਿਚ ਚਲ ਰਹੀ ਕਿਸੇ ਧਾਰਮਿਕ ਜਾਂ ਸਿਆਸੀ ਲਹਿਰ ਲਈ ਪੈਸੇ ਇਕੱਠੇ ਕਰਨ ਆਉਂਦੇ। ਇੱਥੇ ਹੀ ਜਿਹੜੇ ਪੜ੍ਹੇ ਹੋਏ ਸਨ ਉੱਚੀ ਉੱਚੀ ਪੰਜਾਬੀ ਦਾ ਪੁਰਾਣਾ ਸਾਹਿਤ ਪੜ੍ਹਦੇ ਜਾਂ ਕਵਿਤਾ ਅਤੇ ਲੋਕ ਗੀਤ ਗਾਉਂਦੇ। ਇਹ ਸਭ ਕੁਝ ਲੋਕਾਂ ਦੇ ਜਜ਼ਬਾਤ ਨੂੰ ਹਲੂਣਦਾ ਅਤੇ ਬੀਤੇ ਦੀਆਂ ਭੁੱਲੀਆਂ ਖ਼ੁਸ਼ੀਆਂ ਦੀ ਯਾਦ ਕਰਾਉਂਦਾ।

ਕੁੱਕ ਹਾਊਸ ਵਿਚ ਉੱਚੀ ਉੱਚੀ ਅਖ਼ਬਾਰ ਪੜ੍ਹਨਾ, ਮਨੋਰੰਜਨ ਦਾ ਬਾਕਾਇਦਾ ਅਤੇ ਹਰਮਨ ਪਿਆਰਾ ਸਾਧਨ ਸੀ। ਬਸਤੀ ਵਿਚ ਜਿੱਥੇ ਬਹੁਤੇ ਲੋਕ ਅਨਪੜ੍ਹ ਸਨ, ਉੱਥੇ ਅਖ਼ਬਾਰ ਪੜ੍ਹਨ ਵਾਲੇ ਦੀ ਥਾਂ ਮਾਣ ਵਾਲੀ ਸੀ। ਇਸ ਕਰਕੇ ਕਈ ਵਾਰੀ ਇਕ ਤੋਂ ਵੱਧ ਅਖ਼ਬਾਰ ਪੜ੍ਹਨ ਵਾਲਿਆਂ ਵਿਚ ਸ਼ਰੀਕੇ ਦੀ ਭਾਵਨਾ ਵੀ ਪੈਦਾ ਹੋ ਜਾਂਦੀ ਸੀ। ਪਾੜ੍ਹੇ ਤੋਂ ਸਿਰਫ਼ ਅਖ਼ਬਾਰ ਪੜ੍ਹਨ ਦੀ ਹੀ ਨਹੀਂ, ਸਗੋਂ ਇਹ ਵੀ ਆਸ ਕੀਤੀ ਜਾਂਦੀ ਸੀ ਕਿ ਉਹ ਖ਼ਬਰ ਬਾਰੇ ਲੋੜੀਂਦੇ ਪਿਛੋਕੜ ਦੀ ਜਾਣਕਾਰੀ ਦੇ ਕੇ ਖ਼ਬਰ ਨੂੰ ਹੋਰ ਅਰਥ ਭਰਪੂਰ ਬਣਾਏ ਅਤੇ ਉਸ ਦੀ ਮਹੱਤਤਾ ਬਾਰੇ ਜਾਣਕਾਰੀ ਦੇਵੇ। ਅਸਲ ਵਿਚ ਅਖ਼ਬਾਰ ਪੜ੍ਹਨ ਵਾਲੇ ਨਾਲੋਂ ਉਹ ਇਕ ਟਿਪਣੀਕਾਰ ਜ਼ਿਆਦਾ ਸੀ ਜੋ ਸੂਝ ਭਰੀਆਂ ਟਿੱਪਣੀਆਂ ਨਾਲ ਖ਼ਬਰ ਨੂੰ ਦਿਲਚਸਪ ਬਣਾਉਂਦਾ। ਸਰੋਤੇ ਸਦਾ ਹੀ ਕਾਟਵੇਂ ਸਵਾਲਾਂ ਅਤੇ ਡੂੰਘੀ ਨਜ਼ਰ ਨਾਲ ਗੱਲਬਾਤ ਵਿਚ ਹਿੱਸਾ ਲੈਣ ਲਈ ਤਿਆਰ ਰਹਿੰਦੇ। ਬਹੁਤੀ ਵਾਰੀ ਇਹ ਗੱਲਬਾਤ ਇਕ ਭਖਵੀਂ ਬਹਿਸ ਤੇ ਕਈ ਵਾਰ ਗਰਮਾ ਗਰਮ ਦਲੀਲਬਾਜ਼ੀ ਦਾ ਰੂਪ ਲੈ ਲੈਂਦੀ, ਜਿਸ ਵਿਚ ਹਰ ਜਣਾ ਸਮਝ ਨਾਲੋਂ ਵੱਧ ਜੋਸ਼ ਨਾਲ ਹਿੱਸਾ ਲੈਂਦਾ ਅਤੇ ਅਸਲੀ

ਗੱਲ ਰੌਲੇ ਗੌਲੇ ਵਿਚ ਹੀ ਗੁਆਚ ਜਾਂਦੀ। ਜੇ ਧਾਰਮਕ ਅਤੇ ਸਿਆਸੀ ਗੱਲਬਾਤ ਗਰਮਾ ਗਰਮੀ ਅਤੇ ਬਹੁਤ ਵਾਰੀ ਸਰੋਤਿਆਂ ਵਿਚਕਾਰ ਗੁੱਸੇ ਦਾ ਕਾਰਨ ਬਣਦੀ ਤਾਂ ਕਈ ਸਾਧਾਰਣ ਲੋਕਾਂ ਬਾਰੇ ਪਿਆਰ ਜਾਂ ਮੂਰਖਤਾ ਭਰੀ ਗੱਲਬਾਤ ਉਹਨਾਂ ਲਈ ਠਠ ਪੰਜਾਬੀ ਮੁਹਾਵਰੇ ਵਿਚ ਰੰਗੀਲੀ ਅਤੇ ਚਟਪਟੀ ਟੀਕਾ ਟਿੱਪਣੀ ਦਾ ਕਾਰਨ ਬਣਦੀ।

ਨੱਥਾ ਸਿੰਘ ਅਨੁਸਾਰ ਜੇ ਕਿਤੇ ਵਾਰਸ ਸ਼ਾਹ ਨੇ ਉਹਨਾਂ ਦੀ ਇਹ ਗੱਲਬਾਤ ਸੁਣੀ ਹੁੰਦੀ ਤਾਂ 'ਹੀਰ ਰਾਂਝੇ' ਦੇ ਕਈ ਬੇਬਾਕ ਬੰਦਾਂ ਵਿਚ ਰਸੀਲੀ ਗੱਲਬਾਤ, ਡੂੰਘੀ ਮਸ਼ਕਰੀ ਅਤੇ ਤਰਸੇਵੇਂ ਭਰੇ ਬੋਲਾਂ ਕਾਰਨ ਕਾਫ਼ੀ ਸੁਧਾਰ ਹੋਇਆ ਹੁੰਦਾ।

ਗੰਡਾ ਸਿੰਘ, ਜਿਹਨੇ ਆਪਣੀ ਪੱਗ ਲਾਹ ਦਿੱਤੀ ਸੀ ਅਤੇ ਦਾਹੜੀ ਮੁੱਛ ਸਫਾ ਚੱਟ ਕਰਾ ਲਏ ਸਨ, ਸੈਨਫ਼ਰਾਂਸਿਸਕੋ ਤੋਂ ਗ਼ਦਰ ਪਾਰਟੀ ਦੇ ਹੈੱਡਕੁਆਰਟਰ ਵਿਚੋਂ ਨਿਕਲਦਾ 'ਗ਼ਦਰ' ਅਖ਼ਬਾਰ ਬਾਕਾਇਦਗੀ ਨਾਲ ਪੜ੍ਹਦਾ। ਜਿੰਨੀ ਵਾਰੀ ਵੀ ਕੋਈ ਸੁਣਨ ਵਾਲਾ ਮਿਲਦਾ ਉਹ ਉਨੀ ਵਾਰੀ 'ਗ਼ਦਰ' ਅਖ਼ਬਾਰ ਪੜ੍ਹ ਕੇ ਸੁਣਾਉਂਦਾ। ਉਹ ਅਕਸਰ ਬਹੁਤ ਵਾਰੀ ਪ੍ਰਸੰਗ ਤੋਂ ਬਾਹਰ ਗਾਂਧੀ, ਧਰਮ ਜਾਂ ਪੁਰਾਣੇ ਸੰਸਕਾਰਾਂ, ਜਿਹਨੂੰ ਉਹ ਉਲਟ ਇਨਕਲਾਬੀ ਸਮਝਦਾ ਸੀ, ਬਾਰੇ ਕੋਈ ਨਾ ਕੋਈ ਤਨਜ਼ ਭਰਪੂਰ ਅਤੇ ਭੜਕਾਊ ਗੱਲਬਾਤ ਵਿਚ ਲੈ ਆਉਂਦਾ।

"ਗੰਡਾ ਸਿਹਾਂ ਅਖ਼ਬਾਰ ਪੜ੍ਹਨ ਤੱਕ ਹੀ ਰਹਿ", ਸੰਸਕਾਰੀ ਸਿੱਖ ਰਸੋਈਆ ਜਿਹੜਾ ਇਹਨਾਂ ਮੀਟਿੰਗਾਂ ਵਿਚ ਆਪੇ ਸਜੇ ਸਾਲਸ ਦਾ ਕੰਮ ਕਰਦਾ ਸੀ, ਗੰਡਾ ਸਿੰਘ ਨੂੰ ਖਿਝ ਕੇ ਟੋਕਦਾ। "ਅਸੀਂ ਤੇਰੀਆਂ ਇਹ ਗੱਲਾਂ ਐਨੀ ਵਾਰ ਸੁਣ ਚੁੱਕੇ ਹਾਂ ਕਿ ਰਸੋਈਖ਼ਾਨੇ ਦੀਆਂ ਕੰਧਾਂ ਵੀ ਇਹਨਾਂ ਨੂੰ ਬਿਨਾਂ ਗ਼ਲਤੀ ਇੰਨ ਬਿੰਨ ਦੁਹਰਾ ਸਕਦੀਆਂ ਹਨ।"

ਦੂਜੇ ਪਾਸੇ ਧਾਰਮਿਕ, ਰੱਬ ਅੱਗੇ ਅਰਦਾਸ ਕਰਨ ਵਾਲਾ ਪੱਕਾ ਸਿੱਖ ਭਾਈ ਤਾਰਾ ਸਿੰਘ, ਰੋਜ਼ਾਨਾ 'ਅਕਾਲੀ' ਦਾ ਸ਼ਰਧਾਲੂ ਪਾਠਕ ਸੀ। ਰੋਜ਼ਾਨਾ 'ਅਕਾਲੀ' ਅੰਮ੍ਰਿਤਸਰ ਤੋਂ ਵੱਡੇ ਬੰਡਲਾਂ ਵਿਚ ਸਮੁੰਦਰੀ ਡਾਕ ਰਾਹੀਂ ਉਸ ਕੋਲ ਪਹੁੰਚਦਾ ਸੀ। ਤਾਰਾ ਸਿੰਘ ਨੂੰ ਪਕਿਆਈ ਨਾਲ ਸਿੱਖ ਧਰਮ (ਪੰਜਾਂ ਕਕਾਰਾਂ ਸਮੇਤ) ਦੀ ਪਾਲਣਾ ਕਾਰਨ ਸਾਰੇ ਇੱਜ਼ਤ ਨਾਲ ਭਾਈ ਕਹਿੰਦੇ ਸਨ। ਉਹ ਗੁਰਦੁਆਰੇ ਦੇ ਭਾਈ ਵਾਂਗ ਗਹਿਰ ਗੰਭੀਰ ਅਤੇ ਜ਼ਬਤ ਭਰੀ ਆਵਾਜ਼ ਵਿਚ ਅਖ਼ਬਾਰ ਪੜ੍ਹਦਾ।

ਬਹੁਤੀ ਵਾਰੀ ਉਸ ਦੀਆਂ ਟਿੱਪਣੀਆਂ ਅਕਾਊ ਅਤੇ ਲਹਿਜ਼ਾ ਕੱਟੜਪੰਥੀ ਹੁੰਦਾ। ਪਰ ਇਸ ਪ੍ਰਤੀ ਸਰੋਤਿਆਂ ਦੇ ਪ੍ਰਤੀਕਰਮ ਕਾਰਨ ਵਾਹਵਾ ਸ਼ੁਗਲ ਮੇਲਾ ਹੋ ਜਾਂਦਾ ਸੀ।

'ਵੈਨਕੂਵਰ ਸਨ' ਪੜ੍ਹਨ ਦਾ ਕੰਮ ਮਲੂਕੇ ਨੂੰ ਸੌਂਪਿਆ ਗਿਆ ਸੀ। ਉਸ ਤੋਂ ਪਹਿਲਾਂ 'ਵੈਨਕੂਵਰ ਸਨ' ਗਿਆਨ ਚੰਦ ਪੜ੍ਹਿਆ ਕਰਦਾ ਸੀ। ਗਿਆਨ ਚੰਦ ਇਕ ਸੁਲਝਿਆ ਹੋਇਆ ਆਦਮੀ ਸੀ ਅਤੇ ਉਸ ਨੇ ਉਰਦੂ ਅਤੇ ਫ਼ਾਰਸੀ ਦਾ ਸਾਹਿਤ ਕਾਫ਼ੀ ਪੜ੍ਹਿਆ ਹੋਇਆ ਸੀ ਪਰ ਅੰਗਰੇਜ਼ੀ ਉਹਨੇ ਬਰਿਟਿਸ਼ ਕੋਲੰਬੀਆ ਵਿਚ ਆਉਣ ਤੋਂ ਬਾਅਦ ਹੀ ਥੋੜ੍ਹੀ ਬਹੁਤ ਸਿੱਖੀ ਸੀ। "ਬੋਈ ਮੇਰੇ ਨਾਲੋਂ ਚੰਗੀ ਤਰ੍ਹਾਂ ਪੜ੍ਹਿਆ ਕਰੂ" ਉਹਨੇ ਆਪਣਾ ਕੰਮ ਮਲੂਕੇ ਦੇ ਹਵਾਲੇ ਕਰਦਿਆ ਨਿਮਰਤਾ ਨਾਲ ਕਿਹਾ, "ਅਸੀਂ ਤਾਂ ਬੁੱਢੇ ਬਾਰੇ ਹੀ ਅੰਗਰੇਜ਼ੀ ਨੂੰ ਮੂੰਹ ਮਾਰਨਾ ਸ਼ੁਰੂ ਕੀਤਾ ਸੀ।"

ਭਾਈ ਤਾਰਾ ਸਿੰਘ, 'ਅਕਾਲੀ' ਅਖ਼ਬਾਰ ਵਿਚ ਬਾਹਰ ਰਹਿੰਦੇ ਸਿੱਖਾਂ ਨੂੰ ਆਪਣੇ ਧਰਮ ਵਿਚ ਯਕੀਨ ਰੱਖਣ, ਪੰਜਾਂ ਕਕਾਰਾਂ ਦਾ ਸਤਿਕਾਰ ਕਰਨ ਅਤੇ ਗੁਰੂਆਂ ਦੇ ਰਾਹ 'ਤੇ ਚਲਣ ਲਈ ਛਪੀ ਅਪੀਲ ਜੋਸ਼ੀਲੀ ਆਵਾਜ਼ ਵਿਚ ਪੜ੍ਹ ਕੇ ਹਟਿਆ ਸੀ। ਉਹ ਅਪੀਲ ਉੱਪਰ ਟਿੱਪਣੀ ਕਰਨ ਲਈ ਗਰਮ ਹੋ ਰਿਹਾ ਸੀ। ਦੂਜੇ ਪਾਸੇ ਬੈਂਚ 'ਤੇ ਬੈਠਾ ਗੰਡਾ ਸਿੰਘ ਤਰਲੋ ਮੱਛੀ ਹੋ ਰਿਹਾ ਸੀ।

"ਧਰਮ ਤੋਂ ਬਿਨਾਂ, ਰੱਬ ਤੋਂ ਬਿਨਾਂ, ਇਨਸਾਨ ਹੈ ਕੀ?" ਭਾਈ ਨੇ ਬਹਿਸ ਕਰਨ ਦੇ ਅੰਦਾਜ਼ ਵਿਚ ਪੁੱਛਿਆ। "ਉਹ ਬਿਨਾਂ ਪਿਉ ਦੀ ਔਲਾਦ ਹੈ", ਉਹਨੇ ਮੁਸਕਰਾਉਂਦਿਆਂ ਅਤੇ ਸੰਤੁਸ਼ਟ ਲਹਿਜ਼ੇ ਵਿਚ ਆਪੇ ਹੀ ਜਵਾਬ ਦਿੱਤਾ। "ਉਹ ਲੋਕ ਜਿਹੜੇ ਕੇਸ ਕਟਾਉਂਦੇ ਹਨ, ਗੁਰੂਆਂ ਵਲੋਂ ਬਣਾਏ ਨਿਯਮਾਂ ਨੂੰ ਹੀ ਨਹੀਂ ਮੰਨਦੇ ਅਤੇ ਉਸ ਵਲੋਂ ਦੱਸੇ ਸ਼ਾਨਾਮੱਤੇ ਰਾਹ ਤੇ ਨਹੀਂ ਚਲਦੇ, ਉਹਨਾਂ ਹਰਾਮ ਦੀ ਔਲਾਦ ਬਣਨਾ ਸਵੀਕਾਰਿਆ ਹੈ", ਉਸ ਜ਼ੋਰ ਚਿੰਦਿਆਂ ਕਿਹਾ, "ਅਤੇ ਇਹ ਕਿੰਨੀ ਸ਼ਰਮ ਵਾਲੀ ਗੱਲ ਹੈ।"

"ਕਾਲੇ ਖੋਪਿਆਂ ਵਾਲਾ ਮੂਰਖ ਧਾਰਮਿਕ ਗਧਾ ਬਣਨ ਦੀ ਥਾਂ ਮੈਂ ਅਕਲਮੰਦ ਹਰਾਮਜ਼ਾਦਾ ਬਣਨਾ ਜ਼ਿਆਦਾ ਪਸੰਦ ਕਰਾਂਗਾ", ਗੰਡਾ ਸਿੰਘ ਨੇ ਟੌਣਾ ਲਾਇਆ।

"ਤੂੰ ਆਪਣੀ ਅਗਵਾਈ ਨਾਸਤਿਕਾਂ ਅਤੇ ਕਮਿਊਨਿਸਟਾਂ ਤੋਂ ਲੈਂਦਾ। ਇਹਨਾਂ ਕਮਿਊਨਿਸਟਾਂ ਨੂੰ ਬੰਦੇ ਦੇ ਸੁਭਾਅ ਅਤੇ ਸੰਪੂਰਨ ਸੰਸਾਰ ਦੇ ਸੁਪਨੇ ਬਾਰੇ

ਕੁਝ ਨਹੀਂ ਪਤਾ", ਭਾਈ ਬੋਲਿਆ। ਉਹਦੀਆਂ ਵੱਡੀਆਂ ਵੱਡੀਆਂ ਅੱਖਾਂ ਅੱਗ ਵਰ੍ਹਾ ਰਹੀਆਂ ਸਨ।

"ਮੈਂ ਆਪਣੀ ਅਗਵਾਈ ਸਮਝ ਤੋਂ ਲੈਂਦਾਂ, ਜਿਹਨੂੰ ਮੈਂ ਕਿਸੇ ਗੁਰਦੁਆਰੇ ਦੇ ਭੰਗ ਨਜ਼ਰ ਭਾਈ ਕੋਲ ਗਹਿਣੇ ਨਹੀਂ ਰਖਿਆ", ਗੰਡਾ ਸਿੰਘ ਨੇ ਜੁਆਬ ਦਿੱਤਾ।

"ਠਰੰਮੇ ਨਾਲ ਗੰਡਾ ਸਿਹਾਂ, ਠਰੰਮੇ ਨਾਲ", ਨੱਥਾ ਸਿੰਘ ਉਹਨੂੰ ਠੰਡਾ ਕਰਨ ਦੇ ਲਹਿਜ਼ੇ ਵਿਚ ਬੋਲਿਆ। ਨੱਥਾ ਸਿੰਘ ਲਈ ਧਰਮ ਕੋਈ ਬਹਿਸ ਜਾਂ ਦਲੀਲਬਾਜ਼ੀ ਦੀ ਗੱਲ ਨਹੀਂ ਸਗੋਂ ਮਨ ਅੰਦਰਲੀ ਗੱਲ ਸੀ।

"ਹਰ ਕੋਈ ਆਪਣੀ ਸਮਝ ਵਰਤਦਾ, ਪਰ ਜ਼ਿੰਦਗੀ ਬਾਰੇ ਸਰਵ ਉੱਚੀ ਸਚਾਈ ਬੰਦੇ ਦੇ ਵੱਸੋਂ ਬਾਹਰ ਆ", ਭਾਈ ਨੇ ਜਵਾਬ ਦਿੱਤਾ।

"ਪਰ ਤੂੰ ਤਾ ਇਹ ਜਾਨਣ ਲਈ ਕਿ ਤੂੰ ਵੈਨਕੂਵਰ ਵਿਚ ਹਲਾਲ ਦਾ ਮੀਟ ਬਣਾਉਂਦੇ ਹੋਟਲ ਵਿਚ ਖਾ ਸਕਦਾਂ ਕਿ ਨਹੀਂ, ਅੰਬਰਸਰ ਨੂੰ ਖ਼ੱਤ ਲਿਖਦਾਂ। ਤੂੰ ਸੱਤ ਸਮੁੰਦਰ ਪਾਰ ਆ ਕੇ ਵੀ ਅੰਬਰਸਰ ਦੇ ਸਰੋਵਰ ਕੰਢੇ ਧੁੱਪ ਸੇਕਦੇ ਡੱਡੂਆਂ ਕੋਲੋਂ ਖਾਣ ਬਾਰੇ ਸਲਾਹਾਂ ਪੁੱਛਦਾਂ", ਗੰਡਾ ਸਿੰਘ ਆਪਣੀ ਗੱਲ 'ਤੇ ਜ਼ੋਰ ਪਾਉਂਦਿਆਂ ਬੋਲਿਆ, "ਭਾਈ ਜੀ ਇਕ ਸਮਝਦਾਰ ਆਦਮੀ ਉੱਥੇ ਖਾਊਗਾ, ਜਿੱਥੇ ਹੋਰ ਲੋਕੀਂ ਖਾਂਦੇ ਹਨ ਅਤੇ ਇਕ ਗਧਾ ਜਾਂ ਘੋੜਾ ਉੱਥੇ ਚਰੂਗਾ ਜਿੱਥੇ ਉਹਦੇ ਵਰਗੇ ਹੋਰ ਚਰਦੇ ਹਨ।"

"ਮੈਂ ਆਪਣੇ ਧਰਮ ਦੇ ਨੇਮਾਂ ਉੱਤੇ, ਗੁਰੂ ਗੋਬਿੰਦ ਸਿੰਘ ਦੇ ਮਾਰਗ ਉੱਤੇ ਚਲਦਾਂ", ਭਾਈ ਤਾਰਾ ਸਿੰਘ ਬੋਲਿਆ। "ਉਸ ਗੁਰੂ ਦੇ ਰਾਹ 'ਤੇ ਜਿਸ ਨੇ ਸਾਰੇ ਸਮਾਜ ਵਿਚ ਇਨਕਲਾਬੀ ਤਬਦੀਲੀ ਲਿਆਂਦੀ ਅਤੇ ਭੇਡਾਂਤ ਲੋਕਾਂ ਨੂੰ ਚਿੜੀਆਂ ਤੋਂ ਬਾਜ ਬਣਾ ਦਿੱਤਾ।"

"ਤੇ ਗੁਰੂ ਨੇ ਆਪਣੇ ਗੁਰੀਲੇ ਸਿੰਘਾਂ 'ਤੇ ਖਾਣ ਪੀਣ ਦੀਆਂ ਜਿਹੜੀਆਂ ਬੰਦਸ਼ਾਂ ਲਾਈਆਂ ਸਨ, ਕੀ ਉਹਨੇ ਇਹ ਨਹੀਂ ਸੀ ਦਸਿਆ ਕਿ ਜਦੋਂ ਖਾਣ ਪੀਣ ਦੀ ਕਿਸੇ ਚੀਜ਼ ਬਾਰੇ ਸ਼ੱਕ ਹੋਵੇ, ਤਾਂ ਆਪਣਾ ਕੜਾ ਉਸ ਨਾਲ ਛੁਹਾਓ, ਸਤਿ ਸ੍ਰੀ ਅਕਾਲ ਬੋਲੋ ਤੇ ਛੱਕ ਲਓ?" ਗੰਡਾ ਸਿੰਘ ਨੇ ਪੁੱਛਿਆ।

"ਇਹ ਠੀਕ ਆ, ਇਹ ਬਿਲਕੁਲ ਸੱਚ ਆ", ਕਿੰਨੀਆਂ ਹੀ ਹੋਰ ਆਵਾਜ਼ਾਂ

ਉਸ ਦਾ ਸਾਥ ਦਿੰਦੀਆਂ ।

"ਤੇ ਕੜਾ ਏਨੇ ਕੰਮ ਦੀ ਚੀਜ਼ ਸੀ ਕਿ ਖਾਣਾ ਸ਼ੁੱਧ ਕਰਨ ਲਈ ਕੋਈ ਸਮਾਂ ਨਹੀਂ ਸੀ ਲੱਗਦਾ", ਨੱਥਾ ਸਿੰਘ ਨੇ ਗੱਲ ਵਿਚ ਗੱਲ ਰਲਾਈ ।

"ਪਰ ਇਸ ਵੇਲੇ ਅਸੀਂ ਗੁਰੀਲਾ ਯੁੱਧ ਨਹੀਂ ਲੜ ਰਹੇ", ਤਾਰਾ ਸਿੰਘ ਨੇ ਹੋਰ ਆਵਾਜ਼ਾਂ ਕਾਰਨ ਥੋੜ੍ਹਾ ਝੁੰਪਦਿਆਂ ਕਿਹਾ ।

ਰਸੋਈਆ ਅਰਜਨ ਸਿੰਘ ਜਿਹੜਾ ਦਲੀਲਬਾਜ਼ੀ ਪਸੰਦ ਨਹੀਂ ਕਰਦਾ ਸੀ, ਬੋਲਿਆ, "ਸਾਰੀ ਜ਼ਿੰਦਗੀ ਹੀ ਇਕ ਯੁੱਧ ਹੈ ਅਤੇ ਸੌ ਭੁੱਖੇ ਸਿੰਘਾਂ ਨੂੰ ਝਟਕਾ ਜਾਂ ਹਲਾਲ ਖੁਆਉਣਾ ਮੇਰੇ ਲਈ ਇਕ ਯੁੱਧ ਬਰਾਬਰ ਹੀ ਆ ।"

ਗੰਡਾ ਸਿੰਘ ਚੁਸਤ ਅਤੇ ਨਿੱਕੇ ਨਿੱਕੇ ਵਾਲਾਂ ਨਾਲ ਜੇਤੂ ਅੰਦਾਜ਼ ਵਿਚ ਬੋਲਿਆ, "ਭਾਈ ਜੀ ਗੁਰੂ ਗੋਬਿੰਦ ਸਿੰਘ ਇਕ ਮਹਾਨ ਇਨਕਲਾਬੀ ਸੀ । ਉਹਨੇ ਮਰੇ ਹੋਏ ਸਮਾਜ ਵਿਚ ਜ਼ਿੰਦਗੀ ਪੈਦਾ ਕੀਤੀ। ਉਹਨੇ ਸੁੱਖੜ ਪਿੰਜਰਾਂ ਵਿਚ ਨਵਾਂ ਜੀਵਨ ਫੂਕਿਆ । ਉਹਨੇ ਖੁੱਲ੍ਹੇ ਮਨ ਅਤੇ ਬਹਾਦਰ ਦਿਲ ਵਾਲਾ ਨਵਾਂ ਇਨਸਾਨ ਪੈਦਾ ਕੀਤਾ । ਇਕ ਪੱਕੇ ਯਕੀਨ ਵਾਲਾ ਪਰ ਆਜ਼ਾਦ ਇਨਸਾਨ—ਵਹਿਮਾਂ, ਭਰਮਾਂ, ਜ਼ਾਤਪਾਤ ਅਤੇ ਪਰੋਹਤਪੁਣੇ ਤੋਂ ਮੁਕਤ ਇਨਸਾਨ ।" ਇਸ ਸਮੇਂ ਗੰਡਾ ਸਿੰਘ ਨੇ ਆਪਣੇ ਆਲੇ ਦੁਆਲੇ ਬੈਠੇ ਲੋਕਾਂ ਵਲ ਖੁਸ਼ੀ ਅਤੇ ਚਾਅ ਨਾਲ ਦੇਖਿਆ ਕਿਉਂਕਿ ਉਹ ਉਸ ਦੀਆਂ ਗੱਲਾਂ ਪ੍ਰਸੰਸਾਤਮਕ ਢੰਗ ਨਾਲ ਸੁਣ ਰਹੇ ਸੀ । ਫਿਰ ਉਸ ਨੇ ਆਪਣੀ ਗੱਲ ਜਾਰੀ ਰੱਖੀ, "ਪਰ ਜੇ ਗੁਰੂ ਅੱਜ ਇਥੇ ਆਵੇ ਤਾਂ ਉਸ ਨੂੰ ਬੜਾ ਅਚੰਭਾ ਹੋਵੇ । ਉਹ ਹੈਰਾਨੀ ਨਾਲ ਕਹੇ, ਮੇਰੇ ਸਮੇਂ ਤੋਂ ਹੁਣ ਤੱਕ ਦੁਨੀਆਂ ਨੇ ਕਿੰਨੀ ਹੈਰਾਨਕੁਨ ਤਰੱਕੀ ਕੀਤੀ ਹੈ, ਪਰ ਤੁਸੀਂ ਮੇਰੇ ਬਹਾਦਰ ਸਿੱਖੋ, ਉਸ ਜਗਾਹ ਤੋਂ ਜਿੱਥੇ ਮੈਂ ਤੁਹਾਨੂੰ ਛੱਡ ਕੇ ਗਿਆ ਸੀ,ਇਕ ਇੰਚ ਵੀ ਨਹੀਂ ਹਿੱਲੇ ।"

ਸਰੋਤਿਆਂ ਵਿਚ ਹਾਸਾ ਮੱਚ ਗਿਆ । ਭਾਈ ਤਾਰਾ ਸਿੰਘ ਸ਼ਰਮਿੰਦਾ ਜਿਹਾ ਹੋ ਗਿਆ । ਉਹ ਇਕ ਚੰਗਾ ਆਦਮੀ ਸੀ ਅਤੇ ਧਰਮ ਦਾ ਪੱਕਾ ਸੀ ਪਰ ਕਈ ਵਾਰੀ ਉਹ ਆਪਣੀ ਤੰਗ ਨਜ਼ਰ ਅਤੇ ਕੱਟੜਤਾ ਕਾਰਨ ਲੋਕਾਂ ਨੂੰ ਨਾਰਾਜ਼ ਕਰ ਲੈਂਦਾ ਸੀ ।

"ਧਰਮ ਕਰਮ ਦੀਆਂ ਗੱਲਾਂ ਛੱਡੋ । ਇਹ ਗੁਰਦੁਆਰੇ ਵਿਚ ਬਥੇਰੀਆਂ ਕਰ ਲਈ ਦੀਆਂ । ਮਲੂਕਿਆ ਤੂੰ ਸਾਨੂੰ ਅੰਗਰੇਜ਼ੀ ਅਖ਼ਬਾਰ ਵਿੱਚੋਂ ਕੋਈ ਖ਼ਬਰ ਪੜ੍ਹਕੇ ਸੁਣਾ ।" ਰਸੋਈਆ ਅਰਜਨ ਸਿੰਘ ਬੋਲਿਆ ।

ਮਲੂਕੇ ਨੇ ਪਹਿਲਾਂ ਹੀ ਉਹਨਾਂ ਨੂੰ ਦਿਲਚਸਪ ਲੱਗਣ ਵਾਲੀਆਂ ਕੁਝ ਖ਼ਬਰਾਂ ਚੁਣ ਰੱਖੀਆਂ ਸਨ। ਉਹ ਉਹਨਾਂ ਦਾ ਖੁਲਾਸਾ ਸੁਨਾਉਣ ਲੱਗਾ :

ਭਾਵੇਂ ਗਾਂਧੀ ਵਲੋਂ ਪਹਿਲੀ ਜੰਗ ਤੋਂ ਬਾਅਦ ਚਲਾਈ ਨਾ-ਮਿਲਵਰਤਣ ਲਹਿਰ 1922 ਤੱਕ ਫ਼ੇਲ੍ਹ ਹੋ ਚੁੱਕੀ ਸੀ ਤੇ ਮਹਾਤਮਾ ਆਪ 'ਹਿਜ਼ ਮੈਜੇਸਟੀਜ਼' ਦੇ ਰੈਸਟ ਹਾਊਸ ਵਿਚ ਆਰਾਮ ਫ਼ਰਮਾ ਰਿਹਾ ਸੀ ਫਿਰ ਵੀ ਕੈਨੇਡੀਅਨ ਪ੍ਰੈੱਸ ਵਿਚ ਭਾਰਤ ਬਾਰੇ ਬੇਤੁਕੀਆਂ, ਦਿਲਫ਼ਰੇਬ ਜਾਂ ਕਾਲਪਨਿਕ ਖ਼ਬਰਾਂ ਛੱਪਦੀਆਂ ਰਹਿੰਦੀਆਂ ਸਨ। ਅਖ਼ਬਾਰਾਂ ਦੇ ਸੰਪਾਦਕੀ, ਨਾਂਹ-ਪੱਖੀ ਪਹਿਲੂਆਂ ਜਿਵੇਂ—ਸੰਪਰਦਾਇਕ ਦੰਗਿਆਂ, ਵਹਿਮਾਂ-ਭਰਮਾਂ ਨੂੰ ਉਤਸ਼ਾਹ ਦੇਣ ਵਾਲੇ ਦੇਵੀ ਦੇਵਤਿਆਂ ਅਤੇ ਸਮਾਜ ਦੇ ਗ਼ਲਤ ਰਸਮਾਂ-ਰਿਵਾਜਾਂ ਜਿਵੇਂ—ਬਾਲ ਵਿਆਹ, ਜ਼ਾਤਪਾਤ ਅਤੇ ਛੂਤ-ਛਾਤ ਬਾਰੇ ਟਿੱਪਣੀਆਂ ਨਾਲ ਭਰਪੂਰ ਹੁੰਦੇ ਸਨ। ਗਾਂਧੀ ਦੀ ਅਗਵਾਈ ਵਿਚ ਚਲ ਰਹੀ ਭਾਰਤ ਦੀ ਆਜ਼ਾਦੀ ਦੀ ਲੜਾਈ ਬਾਰੇ ਕੈਨੇਡੀਅਨ ਪ੍ਰੈੱਸ ਦੇ ਇਕ-ਪਾਸੜ ਰਵੱਈਏ ਕਾਰਨ ਸਿੱਖ ਬਹੁਤ ਦੁੱਖੀ ਸਨ। ਪ੍ਰੈੱਸ ਵਲੋਂ ਭਾਰਤੀ ਸਮਾਜ ਵਿਚਲੀਆਂ ਬੁਰਾਈਆਂ ਉੱਪਰ ਜ਼ੋਰ ਦੇਣ ਕਾਰਨ ਉਹ ਜ਼ਿਆਦਾ ਦੁੱਖੀ ਸਨ ਕਿਉਂਕਿ ਸਿੱਖ ਸਮਾਜ ਇਹਨਾਂ ਵਿਚੋਂ ਬਹੁਤੀਆਂ ਬੁਰਾਈਆਂ ਤੋਂ ਮੁਕਤ ਸੀ। ਕਈ ਸੰਪਾਦਕੀਆਂ ਵਿਚ ਲਿਖਿਆ ਹੁੰਦਾ ਸੀ ਕਿ ਭਾਰਤ ਜਿਹੇ ਗੰਵਾਰ ਅਤੇ ਪਛੜੇ ਮੁਲਕਾਂ ਤੇ ਕਿਸੇ ਯੂਰਪੀਨ ਕੌਮ ਨੂੰ ਰਾਜ ਕਰਨਾ ਹੀ ਪੈਣਾ ਸੀ ਅਤੇ ਇਹ ਭਾਰਤ ਦੀ ਖ਼ੁਸ਼ਕਿਸਮਤੀ ਸੀ ਕਿ ਰੱਬ ਨੇ ਇਹ ਕੰਮ ਕਰਨ ਲਈ ਬਰਤਾਨੀਆਂ ਦੇ ਅੰਗਰੇਜ਼ਾਂ ਨੂੰ ਚੁਣਿਆ ਹੈ ਅਤੇ ਇਹ ਸਭ ਕੁਝ ਕੁਦਰਤ ਦੇ ਅਸੂਲਾਂ ਵਾਂਗ ਮੰਨ, ਖ਼ੁਦਾਪ੍ਰਸਤੀ ਨਾਲ ਕੀਤਾ ਜਾਂਦਾ ਸੀ। ਇਹੋ ਜਿਹੇ ਸੰਪਾਦਕੀ ਉਹਨਾਂ ਨੂੰ ਸਭ ਤੋਂ ਵੱਧ ਦੁੱਖੀ ਕਰਦੇ ਸਨ।

"ਸਿਆਟਲ ਵਿਚ ਇਕ ਅਮਰੀਕਨ ਔਰਤ ਮਿਸ ਕੈਥਲੀਨ ਮੇਨਾਰਡ ਨੇ ਹਿੰਦੂਆਂ ਦੇ ਖ਼ਿਲਾਫ਼ ਇਕ ਭਾਸ਼ਨ ਦਿੱਤਾ।" ਮਲੂਕੇ ਨੇ ਕਿਹਾ।

"ਕੁੱਤੀ ਕੀ ਭੌਂਕਦੀ ਆ"? ਤੱਤੇ ਰਾਸ਼ਟਰਵਾਦੀ ਬੰਤਾ ਸਿੰਘ ਨੇ ਬੇਸਬਰੀ ਨਾਲ ਪੁੱਛਿਆ।

ਮਲੂਕੇ ਨੇ ਗੱਲ ਜਾਰੀ ਰੱਖਦਿਆਂ ਕਿਹਾ, "ਉਹ ਕਹਿੰਦੀ ਆ ਕਿ ਹਿੰਦੂਆਂ ਦੇ ਸਮਾਜਕ ਰਿਵਾਜ ਖ਼ੌਫ਼ਨਾਕ ਨੇ। ਇਹ ਛੋਟੀ ਉਮਰ ਦੀਆਂ ਔਰਤਾਂ ਨਾਲ

ਵਿਆਹ ਕਰਦੇ ਨੇ ਕਿਉਂਕਿ ਇਹ ਕੱਚੇ ਫਲ ਖਾਣਾ ਪਸੰਦ ਕਰਦੇ ਹਨ। ਇਹ ਅੰਨ ਘੱਟ ਪੈਦਾ ਕਰਦੇ ਹਨ ਅਤੇ ਬੱਚੇ ਜ਼ਿਆਦਾ। ਛੋਟੀ ਉਮਰ ਵਿਚ ਕੀਤਾ ਜ਼ਿਆਦਾ ਭੋਗ ਇਹਨਾਂ ਨੂੰ ਉਣੱਤੀ ਸਾਲ ਤੋਂ ਬਾਅਦ ਨਾਮਰਦ ਬਣਾ ਦਿੰਦਾ ਹੈ।"

ਇਸ ਖ਼ਬਰ ਨੇ ਸਰੋਤਿਆਂ ਵਿਚ ਇਕ ਤਣਾਅ ਪੈਦਾ ਕਰ ਦਿੱਤਾ। ਇਸ ਬਾਰੇ ਉਹਨਾਂ ਦੀਆਂ ਮਿਲੀਆਂ-ਜੁਲੀਆਂ ਭਾਵਨਾਵਾਂ ਸਨ। ਕਈਆਂ ਨੂੰ ਕੱਚੇ ਫਲ ਦਾ ਹਵਾਲਾ ਬੜਾ ਦਿਲਚਸਪ ਲੱਗਾ ਸੀ। ਕਈਆਂ ਦਾ ਖ਼ਿਆਲ ਸੀ ਕਿ ਇਸ ਨਵੀਂ ਦੁਨੀਆਂ ਵਿਚ ਉਹਨਾਂ ਨੂੰ ਏਥੋਂ ਦਾ ਪੱਕਿਆ ਲੱਜ਼ਤਦਾਰ ਅਤੇ ਖ਼ੁਸ਼ਬੂ ਵਾਲਾ ਫਲ ਲੋੜ ਮੁਤਾਬਕ ਨਹੀਂ ਮਿਲ ਰਿਹਾ। ਪਰ ਉਹਨਾਂ ਸਭ ਬਲਵਾਨ ਜੱਟਾਂ ਨੂੰ ਜਿਹਨਾਂ ਨੇ ਪੰਜਾਂ ਦਰਿਆਵਾਂ ਦੀ ਧਰਤੀ ਨੂੰ ਫਲਦਾਰ ਬਨਾਉਣ ਲਈ ਡਾਢੀ ਮਿਹਨਤ ਕੀਤੀ ਸੀ, ਮਿੱਸ ਕੈਥਰੀਨ ਮੇਨਾਰਡ ਵਲੋਂ ਮਾਰੇ ਗਏ ਤਾਹਨੇ 'ਉਣੱਤੀ ਸਾਲਾਂ ਬਾਅਦ ਨਾਮਰਦ ਹੋ ਜਾਣ' ਦੇ ਖ਼ਿਆਲ ਨੇ ਬਹੁਤ ਤੰਗ ਕੀਤਾ।

ਇਸ ਬਾਰੇ ਉਹਨਾਂ ਦੀਆਂ ਟਿੱਪਣੀਆਂ ਰੰਗੀਨ ਪੰਜਾਬੀ ਮੁਹਾਵਰੇ ਨਾਲ ਭਰਪੂਰ ਸੰਖੇਪ ਤੇ ਤਿੱਖੀਆਂ ਸਨ।

"ਉਸ ਕੁਆਰੀ ਮਿੱਸ ਨੂੰ ਇਸ ਬਾਰੇ ਕਿਸ ਤਰ੍ਹਾਂ ਪਤਾ ਲੱਗਾ", ਇਕ ਬੋਲਿਆ।

"ਉਸ ਦਾ ਕਿਸੇ ਚੌਲ ਖਾਣੇ ਮਦਰਾਸੀ ਨਾਲ ਵਾਹ ਪਿਆ ਹੋਣਾ", ਦੂਜੇ ਨੇ ਜੁਆਬ ਦਿੱਤਾ।

"ਮੈਂ ਉਣੱਤੀਆਂ ਸਾਲਾਂ ਤਕ ਕਿਸੇ ਜ਼ਨਾਨੀ ਦੀਆਂ ਨੰਗੀਆਂ ਲੱਤਾਂ ਤੱਕ ਨਹੀਂ ਸੀ ਦੇਖੀਆਂ", ਜੱਗੇ ਨੇ ਸ਼ਿਕਾਇਤ ਕੀਤੀ। ਜੱਗੇ ਨੂੰ ਸਾਰੇ ਜਣੇ ਉਸ ਦੇ ਵਾਲ ਕਟਾਉਣ ਅਤੇ ਔਰਤ ਤੇ ਸ਼ਰਾਬ ਦਾ ਸ਼ੌਕੀਨ ਹੋਣ ਕਰ ਕੇ 'ਜੈਕ' ਸੱਦਦੇ ਸਨ।

"ਚੁਣ ਤਾਂ ਤੂੰ ਪਹਿਲੀ ਉਮਰ ਦਾ ਘਾਪਾ ਕਾਫ਼ੀ ਪੂਰਾ ਕਰ ਲਿਆ, ਜੈਕਾ" ਰਸੋਈਏ ਨੇ ਉਹਨੂੰ ਛੇੜਿਆ।

"ਦੇਖਣ ਨੂੰ ਕਿੱਦਾਂ ਦੀ ਲੱਗਦੀ ਆ? ਰੇਗਸਤਾਨ ਦੀ ਸੁੱਕੀ ਹੋਈ ਬੱਕਰੀ ਵਰਗੀ ਜਾਂ ਮੈਦਾਨਾਂ ਦੀ ਅੱਲ੍ਹੜ ਬਛੇਰੀ ਵਰਗੀ?"

"ਛੋਟੋ ਨਹੀਂ ਦਿੱਤੀ" ਉਸ ਦੀ ਜ਼ਬਾਨ ਦੀ ਅਮੀਰੀ ਤੋਂ ਪ੍ਰਭਾਵਿਤ ਅਤੇ ਥੋੜ੍ਹੀ ਥੋੜ੍ਹੀ ਸ਼ਰਮ ਮਹਿਸੂਸ ਕਰਦਿਆਂ ਮਲੂਕੇ ਨੇ ਜਵਾਬ ਦਿੱਤਾ।

"ਸ਼ਕਲ ਸੂਰਤ ਤੋਂ ਕੀ ਲੈਣਾ, ਏਨਾ ਈ ਬਹੁਤ ਆ ਕਿ ਉਹ ਕੁਆਰੀ ਤੇ ਅਣਛੋਹ ਆ" ਖੂੰਜੇ ਵਿਚੋਂ ਇਕ ਆਵਾਜ਼ ਆਈ।

"ਇੱਦਾਂ ਦੀਆਂ ਕਈ ਕੁਆਰੀਆਂ ਦੇ ਬਾਲ-ਬੈਰਿੰਗ ਜ਼ਿਆਦਾ ਹੰਢੇ ਰੋਲਰਾਂ ਵਰਗੇ ਹੁੰਦੇ ਆ, ਜਿਹੜੇ ਹੱਥ ਲਾਏ ਤੋਂ ਬਿਨਾਂ ਹੀ ਚੀਕਦੇ ਆ" ਜੈਕ ਨੇ ਜਵਾਬ ਦਿੱਤਾ।

"ਸੁੱਕੀ ਹੋਵੇ ਜਾਂ ਰਸਭਰੀ, ਬੁੱਢੀ ਹੋਵੇ ਜਾਂ ਮੁਟਿਆਰ, ਸਾਨੂੰ ਭਾਰਤ ਮਾਂ ਲਈ ਆਪਣਾ ਫ਼ਰਜ਼ ਜ਼ਰੂਰ ਪੂਰਾ ਕਰਨਾ ਚਾਹੀਦਾ ਹੈ", ਦਾਨਾ ਗਿਆਨ ਚੰਦ ਬੋਲਿਆ। ਉਸ ਦੀ ਇਸ ਟਿੱਪਣੀ ਤੇ ਹਰ ਬੰਦਾ ਹੈਰਾਨ ਹੋਇਆ।

ਫ਼ਤਹਿ ਸਿੰਘ ਨੇ ਹੁਕਮੀ ਲਹਿਜ਼ੇ ਵਿਚ ਕਿਹਾ, "ਮਲੂਕਿਆ ਮਿੱਸ ਖ਼ਤ ਲਿਖ ਕੇ ਇੱਥੇ ਸੱਦ, ਸਾਡੇ ਵਿਚੋਂ ਬਹੁਤੇ ਸੱਠਾਂ ਦੇ ਗੇੜ ਆ, ਫਿਰ ਵੀ ਅਸੀਂ ਭਾਰਤ ਦੀ ਤਾਕਤ ਦਾ ਪ੍ਰਮਾਣ ਦੇਣਾ ਚਾਹੁੰਦੇ ਹਾਂ।"

"ਹਾਂ ਮਲੂਕਿਆ ਹਾਂ। ਜੇ ਕਿਤੇ ਉਹ ਫ਼ਤਹਿ ਸਿੰਘ ਨਾਲ ਇਕ ਰਾਤ ਗੁਜ਼ਾਰ ਲਵੇ ਤਾਂ ਉਹ ਆਪਣੇ ਅਗਲੇ ਲੈਕਚਰ ਵਿਚ ਹਿੰਦੁਸਤਾਨ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹਦੀ ਫਿਰੂ।" ਰਸੋਈਏ ਨੇ ਫ਼ਤਹਿ ਸਿੰਘ ਦੀ ਹਾਂ ਵਿਚ ਹਾਂ ਰਲਾਈ।

"ਅਸੀਂ ਉਸ ਦੇ ਗੁਲਾਬੀ ਡੋਡੀਆਂ ਵਾਲੇ ਅਨਾਰਾਂ ਨੂੰ ਬੜੀ ਨਰਮੀ ਨਾਲ ਤੋੜਾਂਗੇ। ਉਸ ਦੀਆਂ ਗੋਲਾਈਆਂ ਨਾਲ ਇੰਨਾ ਪਿਆਰ ਕਰਾਂਗੇ ਕਿ ਉਹ ਪਿਘਲ ਜਾਣ। ਅਤੇ ਉਹਨੂੰ ਘੁੱਟ ਕੇ ਉਦੋਂ ਤਕ ਪਿਆਰ ਕਰਾਂਗੇ ਜਦੋਂ ਤੱਕ ਉਸ ਦੀ ਆਤਮਾ ਅੱਖਾਂ ਬਾਣੀ ਚਮਕਾਂ ਨਾ ਮਾਰਨ ਲੱਗ ਪਵੇ", ਫ਼ਤਹਿ ਸਿੰਘ ਨੇ ਕਾਲਪਨਿਕ ਸੁਆਦ ਲੈਂਦਿਆਂ ਕਿਹਾ।

4

ਮਲੂਕੇ ਦੀ ਜ਼ਿੰਦਗੀ ਵਿਚ ਪਹਿਲਾ ਮੌਕਾ ਸੀ ਕਿ ਜਦੋਂ ਉਹ ਔਰਤਾਂ ਤੋਂ ਵਾਂਝੇ ਇਕੱਲੇ ਆਦਮੀਆਂ ਦੀ ਹੀ ਇਸ ਛੋਟੀ ਜਿਹੀ ਦੁਨੀਆਂ ਵਿਚ ਰਹਿ ਰਿਹਾ

ਸੀ। ਉਸ ਲਈ ਇਹ ਇਕ ਵਿਲੱਖਣ ਤਜਰਬਾ ਸੀ। ਪਹਿਲਾਂ ਪਹਿਲ ਉਸ ਦਾ ਮਨ ਇਸ ਮਹੌਲ ਵਿਚ ਅਸ਼ਾਂਤ ਹੋ ਜਾਂਦਾ ਪਰ ਛੇਤੀ ਹੀ ਉਹ ਇਸ ਦਾ ਆਦੀ ਹੋ ਗਿਆ। ਉਹ ਸਗੋਂ ਔਰਤਾਂ ਦੀ ਗ਼ੈਰ-ਹਾਜ਼ਰੀ ਕਾਰਨ ਪੰਜਾਬੀਆਂ ਦੀ ਮੂੰਹ-ਪਾੜ ਗੱਲਬਾਤ ਅਤੇ ਖੁੱਲ੍ਹੇ-ਡੁੱਲ੍ਹੇ ਵਰਤੋਂ-ਵਿਹਾਰ ਦਾ ਅਨੰਦ ਲੈਣਾ ਸਿੱਖ ਗਿਆ ਸੀ। ਪਿੰਡਾਂ ਵਿਚ ਇਹ ਜੱਟ ਲੋਕ ਜੱਟਕੇ ਮੁਹਾਵਰੇ ਵਿਚ ਲੱਛੇਦਾਰ ਗਾਲ੍ਹਾਂ ਅਤੇ ਲੁੱਚੇ ਵਿਸ਼ੇਸ਼ਣਾਂ ਨਾਲ ਭਰਪੂਰ ਬੋਲੀ ਵਿਚ ਗੱਲਬਾਤ ਕਰਦੇ ਸਨ। ਉਹਨਾਂ ਦੀ ਇਸ ਤਰ੍ਹਾਂ ਦੀ ਗੱਲਬਾਤ ਸੁਣ ਪੇਂਡੂ ਔਰਤਾਂ ਸ਼ਰਮਾਉਣ ਦੀ ਥਾਂ ਮੁਸਕੜੀਆਂ ਹੱਸ ਛੱਡਦੀਆਂ ਸਨ। ਪਰ ਉੱਥੇ ਮਾਂ ਜਾਂ ਭੈਣ ਦੀ ਹਾਜ਼ਰੀ ਵਿਚ ਜਿਹੜੀ ਥੋੜ੍ਹੀ ਬਹੁਤ ਸ਼ਰਮ ਤੇ ਬੰਦਸ਼ ਹੁੰਦੀ ਸੀ, ਉਹ ਇੱਥੇ ਬਰਿਟਿਸ਼ ਕੋਲੰਬੀਆ ਵਿਚ ਆ ਕੇ ਬਿਲਕੁਲ ਅਲੋਪ ਹੋ ਗਈ ਸੀ। ਪੰਜਾਬ ਵਿਚ ਪੜ੍ਹੇ-ਲਿਖੇ ਲੋਕ ਆਪਣੀ ਵਿਦਵਤਾ ਦਾ ਰੋਅਬ ਪਾਉਣ ਲਈ ਜਾਣ ਬੁੱਝ ਕੇ ਪੰਜਾਬੀ ਵਿਚ ਸ਼ਹਿਰੀ ਉਰਦੂ, ਹਿੰਦੀ ਜਾਂ ਅੰਗਰੇਜ਼ੀ ਦੇ ਬੇਜਾਨ ਸ਼ਬਦ ਘੁਸੇੜ ਦਿੰਦੇ ਸਨ। ਇਸ ਨਾਲ ਠੇਠ ਪੰਜਾਬੀ ਦੀ ਸੁੱਚਤਾ ਅਤੇ ਸ਼ਕਤੀ ਭ੍ਰਿਸ਼ਟੀ ਜਾਂਦੀ ਸੀ। ਪਰ ਕੈਨੇਡਾ ਆ ਕੇ ਇਹਨਾਂ ਜੱਟਾਂ, ਜੋ ਏਥੇ ਲੱਕੜ ਮਿੱਲਾਂ ਅਤੇ ਲਾਗਿੰਗ ਕੈਂਪਾਂ ਵਿਚ ਕੰਮ ਕਰਦੇ ਸਨ, ਨੇ ਬੋਲੀ ਦੀ ਖੇਤਾਂ ਵਾਲੀ ਤਾਜ਼ਗੀ ਨੂੰ ਮੁੜ ਕਾਇਮ ਹੀ ਨਹੀਂ ਸੀ ਕੀਤਾ ਸਗੋਂ ਇਸ ਵਿਚ ਕੈਨੇਡਾ ਦੇ ਜੰਗਲਾਂ ਦੀ ਸਜੀਵਤਾ ਨੂੰ ਵੀ ਸ਼ਾਮਲ ਕਰ ਲਿਆ ਸੀ ਤੇ ਕਈ ਵਾਰ ਇਹ ਸੰਜੋਗ ਕਰਾਮਾਤਾਂ ਕਰ ਜਾਂਦਾ ਸੀ। ਇਹਨਾਂ ਦੀ ਇਥੋਂ ਦੀ ਰਹਿਤਲ ਵਿਚੋਂ ਇਸ ਗੱਲ ਦੇ ਕਈ ਝਲਕਾਰੇ ਮਿਲਦੇ ਸਨ।

ਬਰਿਟਿਸ਼ ਕੋਲੰਬੀਆ ਦੇ ਜੰਗਲਾਂ ਵਿਚ, ਆਦਮ ਦੀ ਹਵਾ ਤੋਂ ਰਹਿਤ ਛੋਟੇ ਜਿਹੇ ਅਦਨ ਦਾ ਬਾਗ਼ ਬਨਾਉਣ ਦਾ ਸਿਹਰਾ ਕੈਨੇਡਾ ਦੀ ਸਰਕਾਰ ਦੇ ਸਿਰ ਸੀ।

ਸ਼ਾਂਤ ਮਹਾਂ ਸਾਗਰ ਦੇ ਕੰਢੇ 'ਤੇ ਵਸੇ ਸ਼ਹਿਰਾਂ ਸਿੰਘਾਪੁਰ, ਹਾਂਗਕਾਂਗ ਤੇ ਸ਼ੰਘਾਈ ਵਿਚ ਰਹਿੰਦੇ ਪੰਜਾਬੀ ਚੌਕੀਦਾਰਾ ਜਾਂ ਅੰਗਰੇਜ਼ੀ ਪੁਲੀਸ ਵਿਚ ਕੰਮ ਕਰਦੇ ਸਨ ਅਤੇ ਬਹੁਤੇ ਅੰਗਰੇਜ਼ਾਂ ਦੀ ਫ਼ੌਜ ਵਿਚ ਭਰਤੀ ਹੋ ਕੇ ਉੱਥੇ ਗਏ ਸਨ। ਇਹਨਾਂ ਸ਼ਹਿਰਾਂ ਵਿਚ ਉਹਨਾਂ ਨੂੰ ਚੀਨਿਆਂ (ਜਿਹੜੇ ਵੱਡੀ ਗਿਣਤੀ ਵਿਚ ਅਮਰੀਕਾ ਅਤੇ ਕੈਨੇਡਾ ਆਏ ਸਨ) ਤੋਂ ਇਸ ਨਵੀਂ ਦੁਨੀਆਂ ਵਿਚ ਮਿਹਨਤੀ

ਲੋਕਾਂ ਵਲੋਂ ਦੌਲਤ ਕਮਾਉਣ ਦੇ ਮੌਕਿਆਂ ਬਾਰੇ ਪਤਾ ਲੱਗਾ। ਇਹਨਾਂ ਵਿਚੋਂ ਹਿੰਮਤੀ ਕਿਸਮ ਦੇ ਲੋਕ ਵੀਹਵੀਂ ਸਦੀ ਦੇ ਸ਼ੁਰੂ ਵਿਚ ਬਰਿਟਿਸ਼ ਕੋਲੰਬੀਆ ਵਲ ਆਉਣੇ ਸ਼ੁਰੂ ਹੋ ਗਏ । ਬਾਅਦ ਵਿਚ ਬੀ. ਸੀ. ਵਿਚ ਆਏ ਇਹਨਾਂ ਲੋਕਾਂ 'ਚੋਂ ਕੁਝ ਕੈਲੇਫੋਰਨੀਆ ਚਲੇ ਗਏ। ਇਹਨਾਂ ਲੋਕਾਂ ਵਲੋਂ ਭੇਜੀਆਂ ਖ਼ਬਰਾਂ ਕਾਰਨ ਸਿੰਘਾਪੁਰ, ਹਾਂਗਕਾਂਗ ਤੇ ਸ਼ੰਘਾਈ ਵਿਚੋਂ ਹੋਰ ਲੋਕ ਏਥੇ ਆਉਣੇ ਸ਼ੁਰੂ ਹੋ ਗਏ। ਹਿੰਦੁਸਤਾਨ ਵਿਚੋਂ ਕੋਈ ਵੀ ਸਮੁੰਦਰੀ ਜਹਾਜ਼ ਸਿੱਧਾ ਇਸ ਨਵੀਂ ਦੁਨੀਆਂ ਵੱਲ ਨਹੀਂ ਸੀ ਆਉਂਦਾ, ਇਸ ਲਈ ਹਿੰਦੁਸਤਾਨ ਤੋਂ ਆਉਣ ਵਾਲੇ ਪਹਿਲਾਂ ਉਥੋਂ ਜਹਾਜ਼ ਚੜ੍ਹ ਕੇ ਹਾਂਗਕਾਂਗ ਜਾਂ ਸ਼ੰਘਾਈ ਆਉਂਦੇ ਸਨ ਅਤੇ ਫਿਰ ਉਥੋਂ ਇਸ ਨਵੀਂ ਦੁਨੀਆਂ ਤੱਕ ਪਹੁੰਚਦੇ ਸਨ । ਅੰਗਰੇਜ਼ੀ ਨਾ ਆਉਣ ਅਤੇ ਆਪਣੇ ਵੱਖਰੇ ਪਹਿਰਾਵੇ ਤੇ ਰਹਿਣ-ਸਹਿਣ ਦੇ ਢੰਗਾਂ ਕਾਰਨ, ਉਹ ਏਥੇ ਵਸਦੇ ਲੋਕਾਂ ਦਾ ਧਿਆਨ ਆਪਣੀ ਵਲ ਖਿੱਚਣੋਂ ਨਾ ਰਹਿ ਸਕੇ। ਉਹਨਾਂ ਦੇ ਆਉਣ ਕਾਰਨ ਏਥੇ ਸ਼ਾਂਤ ਮਹਾਂਸਾਗਰ ਦੇ ਕੰਢੇ ਰਹਿੰਦੇ ਚਿੱਟੇ ਲੋਕਾਂ ਵਿਚ ਤੌਖਲਾ ਪੈਦਾ ਹੋਣਾ ਸ਼ੁਰੂ ਹੋ ਗਿਆ। ਸੰਨ 1907 ਵਿਚ ਵੱਡੀ ਗਿਣਤੀ ਵਿਚ ਲੋਕ ਕੈਨੇਡਾ ਆਏ। ਇਸ ਤੋਂ ਬਾਅਦ ਨਾਪਸੰਦਗੀ ਅਤੇ ਡਰ ਦੀ ਓਪਰੀ ਜਿਹੀ ਭਾਵਨਾ ਡੂੰਘੇ ਸਾੜੇ ਵਿਚ ਬਦਲਣ ਲੱਗੀ। ਤੇ ਛੇਤੀ ਹੀ ਇਹ ਸਾੜੇ ਦੀ ਭਾਵਨਾ ਜਥੇਬੰਦਕ ਵਿਰੋਧ ਅਤੇ ਖੁਲ੍ਹਮਖੁੱਲੀ ਦੁਸ਼ਮਣੀ ਵਿਚ ਬਦਲ ਗਈ। ਇਸ ਦੇ ਪਿੱਛੇ ਸਥਾਨਕ ਸਿਆਸਤਦਾਨਾਂ ਦਾ ਹੱਥ ਸੀ ਜਿਹਨਾਂ ਨੇ ਆਪਣੀ ਲੀਡਰੀ ਚਮਕਾਉਣ ਲਈ, 'ਬੀ. ਸੀ. ਸਿਰਫ਼ ਚਿੱਟਿਆਂ ਲਈ' ਦਾ ਨਾਅਰਾ ਦਵੱਲ ਕੇ ਵਰਤਿਆ। ਉਹਨਾਂ ਨੇ ਓਟਾਵਾ ਵਿਚ ਕਨੇਡਾ ਦੀ ਫ਼ੈਡਰਲ ਸਰਕਾਰ ਉੱਪਰ ਇਹਨਾਂ ਅਣਚਾਹੇ ਲੋਕਾਂ ਦੀ ਆਮਦ ਉੱਪਰ ਰੋਕ ਲਾਉਣ ਲਈ ਦਬਾਅ ਪਾਇਆ। ਨਤੀਜੇ ਦੇ ਤੌਰ 'ਤੇ ਹਿੰਦੁਸਤਾਨ ਤੋਂ ਆਉਂਦੇ ਲੋਕਾਂ ਨੂੰ ਉੱਪਰੋਂ ਠੀਕ ਦਿਸਦੇ ਪਰ ਅੰਦਰੋਂ ਸ਼ੈਤਾਨੀ ਭਰੇ ਢੰਗ ਨਾਲ ਰੋਕਿਆ ਗਿਆ। ਹਿੰਦੁਸਤਾਨ ਤੋਂ ਆਉਣ ਵਾਲਿਆਂ ਉੱਪਰ ਇਕ ਸ਼ਰਤ ਇਹ ਲਾਈ ਗਈ ਕਿ ਉਹਨਾਂ ਕੋਲ ਇਥੇ ਆਰਥਿਕ ਤੌਰ 'ਤੇ ਰਹਿਣ ਦੀ ਪਰੋਖੋਂ ਹੋਵੇ ਅਤੇ ਉਹ ਕਿਸੇ ਕਿੱਤੇ ਦੇ ਮਾਹਿਰ ਹੋਣ। ਇਸ ਦੇ ਨਾਲ ਹੀ ਇਹ ਵੀ ਸ਼ਰਤ ਲਾਈ ਗਈ ਕਿ ਉਹ ਹਿੰਦੁਸਤਾਨ ਤੋਂ ਸਿੱਧੇ ਇੱਕੋ ਹੀ ਜਹਾਜ਼ ਵਿਚ ਸਫ਼ਰ ਕਰ ਕੇ ਇੱਥੇ ਅੱਪੜਨ। ਜੋ ਭਾਰਤੀ ਪਹਿਲਾਂ ਕੈਨੇਡਾ ਵਿਚ ਆ ਚੁੱਕੇ ਸਨ ਇਹ ਸ਼ਰਤ ਉਹਨਾਂ

ਦੇ ਬੱਚਿਆਂ ਤੇ ਪਤਨੀਆਂ ਉੱਪਰ ਵੀ ਲਾਗੂ ਸੀ ਅਤੇ ਪਹਿਲੀ ਸੰਸਾਰ ਜੰਗ ਦੇ ਖ਼ਾਤਮੇ ਤਕ ਇਹ ਲਾਗੂ ਰਹੀ। ਇਸ ਲਈ 1922 ਵਿਚ ਮਲੂਕੇ ਦਾ ਕਿਤੇ ਹੀ ਉਸ ਦੇ ਹਮਉਮਰ ਕਿਸੇ ਪੰਜਾਬੀ ਮੁੰਡੇ ਨਾਲ ਮੇਲ ਹੁੰਦਾ ਤੇ ਉਸ ਸਮੇਂ ਐਤਵਾਰ ਗੁਰਦੁਆਰੇ ਵਿਚ ਮਸਾਂ ਤਿੰਨ ਚਾਰ ਪੰਜਾਬੀ ਔਰਤਾਂ ਹੀ ਦਿਖਾਈ ਦਿੰਦੀਆਂ ਹੁੰਦੀਆਂ ਸਨ।

ਹਾਕਮ ਮੁਗ਼ਲਾਂ ਅਤੇ ਖ਼ੈਬਰ ਦੱਰੇ ਥਾਣੀ ਆਉਣ ਵਾਲੇ ਧਾੜਵੀਆਂ ਨਾਲ ਗੁਰੀਲਾ ਜੰਗ ਵਿਚ ਸਖ਼ਤੀ ਭਰਿਆ ਜੀਵਨ ਬਤੀਤ ਕਰਦੇ ਰਹੇ ਸਿੱਖ ਸਿਪਾਹੀਆਂ ਨੇ ਆਪਣੀ ਵੱਖਰੀ ਹੀ ਬੀਰਰਸ ਭਰਪੂਰ ਬੋਲੀ ਸਿਰਜੀ ਸੀ। ਉਸ ਸਮੇਂ ਉਹਨਾਂ ਦੀ ਜਾਇਦਾਦ ਘੋੜੇ, ਤਲਵਾਰ ਅਤੇ ਹੌਸਲੇ ਤੋਂ ਬਿਨਾਂ ਕੁਝ ਨਹੀਂ ਸੀ ਹੁੰਦੀ। ਸਾਧਾਰਣ ਖਾਣ-ਪੀਣ ਦੀਆਂ ਵਸਤਾਂ ਦੇ ਵੱਡੇ ਵੱਡੇ ਨਾਂ ਰੱਖੇ ਹੋਏ ਸਨ। ਮੰਦਹਾਲੀ ਹਲਕੀਆਂ ਫੁਲਕੀਆਂ ਗੱਲਾਂ ਹੇਠ ਦੱਬ ਦਿੱਤੀ ਜਾਂਦੀ ਸੀ। ਉਦਾਹਰਣ ਲਈ ਜੇ ਕੋਈ ਵਿਅਕਤੀ ਛੋਟੇ ਮੋਟੇ ਸਫ਼ਰ 'ਤੇ ਜਾ ਰਿਹਾ ਹੁੰਦਾ ਤਾਂ ਉਹਨੂੰ ਪੁੱਛਦੇ ਛੌਜਾਂ ਨੇ ਕਿੱਧਰ ਨੂੰ ਚੜ੍ਹਾਈ ਕੀਤੀ ਆ। ਇਕ ਨੂੰ ਸਵਾ ਲੱਖ ਸੱਦਦੇ। ਬੀ. ਸੀ. ਵਿਚ ਸਿੱਖਾਂ ਦਾ ਜਦੋਂ ਔਖੇ ਕੰਮਾਂ ਨਾਲ ਵਾਹ ਪਿਆ ਤਾਂ ਇੱਥੇ ਵੀ ਉਹਨਾਂ ਵਿਲੱਖਣ ਮੁਹਾਵਰੇ ਵਾਲੀ ਪੰਜਾਬੀ ਬੋਲੀ ਘੜ ਲਈ। ਇਹ ਬੋਲੀ ਮੁਗ਼ਲਾਂ ਵਿਰੁੱਧ ਗੁਰੀਲਾ ਜੰਗ ਦੌਰਾਨ ਸਿਰਜੀ ਪੁਰਾਣੀ ਬੋਲੀ ਦਾ ਬਦਲਿਆ ਹੋਇਆ ਰੂਪ ਸੀ।

ਦੇਸ ਇਹਨਾਂ ਕਿਸਾਨਾਂ ਨੇ ਆਪਣੇ ਖੇਤਾਂ ਵਿਚ ਬੜਾ ਸਖ਼ਤ ਕੰਮ ਕੀਤਾ ਹੋਇਆ ਸੀ। ਪਰ ਇਹ ਕੰਮ ਆਜ਼ਾਦੀ ਨਾਲ, ਬਿਨਾਂ ਕਿਸੇ ਦੀ ਚੌਧਰ ਦੇ ਹੁੰਦਾ ਸੀ। ਪਰ ਏਥੇ ਜਦੋਂ ਉਹਨਾਂ ਨੂੰ ਆਧੁਨਿਕ ਸਨਅਤ ਵਿਚ ਕੰਮ ਕਰਨਾ ਪਿਆ ਤਾਂ ਉਹਨਾਂ ਨੂੰ ਪੱਥਰ ਦਿਲ ਮਸ਼ੀਨਾਂ ਜਾਂ ਮਾਲਕਾਂ ਦੀ ਸਰਦਾਰੀ ਹੇਠ ਕੰਮ ਕਰਨਾ ਪੈਂਦਾ ਸੀ ਜੋ ਉਹਨਾਂ ਨੂੰ ਬੜਾ ਭੈੜਾ ਲੱਗਦਾ। ਇਹਨਾਂ ਕੰਮਾਂ ਦੀ ਵਿਆਖਿਆ ਕਰਨ ਸਮੇਂ ਉਹ ਜਿਹੜੇ ਵਿਸ਼ੇਸ਼ਣ ਵਰਤਦੇ ਸਨ, ਉਹਨਾਂ ਤੋਂ ਉਹਨਾਂ ਦੇ ਕੰਮ ਬਾਰੇ ਹੀ ਨਹੀਂ ਸਗੋਂ ਉਹਨਾਂ ਕੰਮਾਂ ਬਾਰੇ ਪੰਜਾਬੀਆਂ ਦੇ ਰਵੱਈਏ ਦਾ ਵੀ ਪਤਾ ਲੱਗਦਾ ਸੀ।

'ਉਂਗਲ 'ਤੇ ਨੱਚਣ' ਦਾ ਮਤਲਬ ਸੀ ਮਾਲਕ ਦੇ ਇਸ਼ਾਰੇ 'ਤੇ ਇਕ ਕੰਮ ਤੋਂ ਦੂਜੇ ਕੰਮ ਤੱਕ ਭੱਜੇ ਫਿਰਨਾ। 'ਹਵਾ ਰਿੜਕਨ' ਦਾ ਮਤਲਬ ਸੀ ਲੱਕੜਾਂ ਦੇ ਗਰੇ

ਦੇ ਸਿਖਰ ਕੰਮ ਕਰਨਾ। ਲੱਕੜਾਂ ਦੀ ਗੱਡੀ ਲੱਦਣਾ—'ਕਾਲੀ ਤੀਵੀਂ ਨਾਲ ਘੁਲਣ ਬਰਾਬਰ' ਗਿਣਿਆ ਜਾਂਦਾ ਸੀ। ਪਲੇਨਰ ਸ਼ੈੱਡ ਵਿਚ ਰੰਦੇ ਹੋਏ ਫੱਟੇ ਖਿਚਣਾ 'ਗੋਰੀ ਦੀ ਮਾਲਿਸ਼ ਕਰਨ' ਬਰਾਬਰ ਸੀ। ਜਿਹੜੇ 'ਟਿਮਬਰ ਸਕਿਡਸ' ਉੱਤੇ ਕੰਮ ਕਰਦੇ ਸਨ, ਉਹ 'ਸ਼ੇਰ ਦੀ ਸਵਾਰੀ' ਕਰਦੇ ਸਨ। ਜਿਹੜੇ ਭਾਫ ਦੇ ਰੋਲਰਾਂ ਨੂੰ ਚਲਾਉਂਦੇ ਸਨ, ਉਹ 'ਸਰਕਸ ਦੇ ਘੋੜਿਆਂ' ਵਾਂਗ ਸਨ। 'ਟੇਲ ਸਾਅ ਮੇਨ' 'ਹਾਥੀ ਦੇ ਲਿੰਗ ਨਾਲ ਬੰਨ੍ਹਿਆ' ਗਿਣਿਆ ਜਾਂਦਾ ਸੀ। 'ਬੈਂਡ ਸਾਅ' ਨੂੰ ਫ਼ੀਡ ਕਰਨਾ 'ਖੋਤੇ ਦੀ ਪੂਛ ਫੜਨਾ' ਸੀ। 'ਕੁੱਤੇ ਖੱਸੀ ਕਰਨ' ਦਾ ਅਰਥ ਬਿਨਾਂ ਕੰਮ ਤੋਂ ਏਧਰ ਉਧਰ ਤੁਰੇ ਫਿਰਨਾ ਸੀ।

ਕੰਮ ਤੋਂ ਛੁੱਟੀ ਹੋਣ ਵੇਲੇ ਡੱਕੀ ਹੋਈ ਇਹ ਅਸ਼ਲੀਲਤਾ ਸਾਰੇ ਹੱਦਾਂ ਬੰਨੇ ਤੋੜ ਦਿੰਦੀ ਸੀ। ਹਰ ਕਾਮਾ ਰਸੋਈ ਵਿਚ ਪਾਣੀ ਤੱਤਾ ਕਰਨ ਲਈ ਬਣਾਏ ਚੁੱਲ੍ਹੇ ਲਈ ਲੱਕੜ ਦਾ ਮੁੱਢ ਜਾਂ ਨਖਿੱਧ ਲੱਕੜ ਦਾ ਲੰਮਾ ਟੋਟਾ ਚੁੱਕੀ ਮਿੱਲ 'ਚੋਂ ਬਾਹਰ ਨਿਕਲਦਾ। ਰਸੋਈ ਖ਼ਾਨੇ ਵਿਚ ਜਦੋਂ ਉਹ ਆਪਣਾ ਲੱਕੜ ਦਾ ਟੋਟਾ ਸੁੱਟ ਹੱਥਾਂ ਨਾਲ ਕੱਪੜਿਆਂ ਤੋਂ ਬੂਰਾ ਝਾੜਦੇ ਤਾਂ ਲੁੱਚੇ ਬੋਲ ਹਵਾ ਵਿਚ ਇੰਝ ਤਰਦੇ ਜਿਵੇਂ 'ਕ੍ਰਿਸਮਿਸ ਗਰੀਟਿੰਗ'। ਤੇ ਇਹਨਾਂ ਅਸ਼ਲੀਲ ਗਾਲ੍ਹਾਂ ਨੂੰ ਹਰ ਕੋਈ ਬੜੇ ਲਾਡ ਨਾਲ ਕਬੂਲਦਾ।

"ਹੱਟ ਓਏ ਪਾਸੇ ਹਰਾਮੀਆਂ। ਤੂੰ ਤਾਂ ਏਦਾਂ ਤੁਰਦਾਂ ਜਿਵੇਂ ਖੇਵੇ ਆਈ ਮੱਝ ਨਵੇਂ ਦੁੱਧ ਹੋਣ ਬਾਅਦ ਤੁਰਦੀ ਹੁੰਦੀ ਆ", ਇਕ ਬੋਲਦਾ।

"ਤੈਥੋਂ ਹੰਭੇ ਹੋਏ ਬੁੱਢੇ ਬੋਕ ਆਂਗੂ ਮੁਸ਼ਕ ਆਉਂਦਾ। ਜਾਹ ਪਹਿਲਾਂ ਜਾ ਕੇ ਨ੍ਹਾ", ਦੂਜਾ ਜੁਆਬ ਦੇਂਦਾ।

"ਅੱਜ ਗਰੀਨ ਚੇਨ 'ਤੇ ਫੱਟਿਆਂ ਦਾ ਬੜਾ ਜ਼ੋਰ ਰਿਹਾ", ਕੋਈ ਸ਼ਿਕਾਇਤ ਕਰਦਾ।

"ਫੱਟੇ ਤੇਰੇ ਹੱਥਾਂ ਵਿਚ ਦੀ ਨੰਘੇ ਆ, ਪਰ ਜਿੱਦਾਂ ਤੂੰ ਤੁਰਦਾਂ ਉਹਨੂੰ ਦੇਖ ਕਿਸੇ ਨੇ ਸੋਚਣਾ ਜਿੱਦਾਂ ਤੇਰੇ ਚਿੱਤੜਾਂ ਵਿਚ ਦੀ ਨੰਘੇ ਹੋਣ", ਉਹਨੂੰ ਜਵਾਬ ਮਿਲਦਾ।

"ਚੱਲ ਤੁਰ ਓਏ 'ਸਨਵਰਬਿਚ' (ਕੁੱਤੀ ਦਿਆ ਪੁੱਤਾ) ਤੇਨੂੰ ਪੰਦਰਾ ਸਾਲ ਹੋ ਗਏ ਕੈਨੇਡਾ ਆਏ ਨੂੰ ਪਰ ਹਾਲੇ ਤੱਕ ਤੂੰ ਅੰਗਰੇਜ਼ੀ ਵਿਚ 'ਫੱਕ' ਨਹੀਂ ਕਹਿ

ਸਕਦਾ", ਜੱਗਾ ਬੋਲਦਾ ।

"ਜੱਗਿਆ, ਜਿਹੜਾ ਸੁਆਦ ਇਹ ਪੰਜਾਬੀ ਵਿਚ ਕਹਿ ਕੇ ਆਉਂਦਾ, ਉਹ ਅੰਗਰੇਜ਼ੀ ਵਿਚ ਕਿੱਥੇ", ਜੱਗੇ ਤੋਂ ਪਿੱਛੋਂ ਕੋਈ ਬੋਲਦਾ ।

"ਆਹ ਮੋਰਨੀ ਕਾਹਦੇ ਲਈ ਕੂਕਦੀ ਆ", ਇਕ ਹੋਰ ਪੁੱਛਦਾ । "ਸਾਨੂੰ ਹਮੇਸ਼ਾ ਸ਼ੱਕ ਸੀ ਕਿ ਤੂੰ ਜਨਾਨੀ ਆਂ ਤੇ ਹੁਣ ਤੂੰ ਬਿਲਕੁਲ ਇਕ ਜਨਾਨੀ ਵਾਂਗ ਲਗਦਾਂ । ਜਾ ਕੇ ਰੰਡੀਆਂ ਤੋਂ ਮੂੰਹ 'ਤੇ ਪਾਊਡਰ ਲਾਉਣਾ ਸਿੱਖ ਲਾ, ਫੇਰ ਤੈਨੂੰ ਮਿੱਲ ਵਿਚ ਪਸੀਨਾ ਵਗਾਉਣ ਦੀ ਲੋੜ ਨਹੀਂ ।"

"ਬੁੱਢੇ ਨਾਗਾਂ ਤੋਂ ਆਪਣੀ ਕੁੰਜ ਉਤਾਰ ਨਹੀਂ ਹੁੰਦੀ ਤੇ ਜਿਹੜੇ ਜਵਾਨ ਸਪੋਲੀਏ ਕੁੰਜ ਲਾਹੁੰਦੇ ਆ ਉਹਨਾਂ ਨੂੰ ਉਹ ਨੰਗੇ ਤੇ ਬੇਸ਼ਰਮ ਸੱਦਦੇ ਆ", ਜੱਗਾ ਬੋਲਦਾ ।

ਪ੍ਰੇਮ ਸਿੰਘ ਨਾਜ਼ਕ ਮਿਜ਼ਾਜ ਵਾਲਾ ਵਿਅਕਤੀ ਸੀ । ਕੁਛ ਪੈਸੇ ਬਚਾ ਕੇ ਉਹ ਦੇਸ ਫੇਰਾ ਮਾਰ ਆਇਆ ਸੀ । ਉੱਥੇ ਉਹਨੇ ਇਕ ਪੰਜਾਬਣ ਮੁਟਿਆਰ ਨਾਲ ਵਿਆਹ ਕਰਾ ਲਿਆ ਸੀ । ਪਰ ਕੈਨੇਡਾ ਮੁੜ ਕੇ ਆਉਣ ਸਮੇਂ ਉਹ ਉਹਨੂੰ ਦੇਸ ਛੱਡ ਆਇਆ । ਇੱਥੇ ਜ਼ਨਾਨੀਆਂ ਬਿਨਾਂ ਰਹਿ ਰਹੇ ਆਦਮੀਆਂ ਦੀ ਛੇੜ-ਛਾੜ ਦਾ ਉਹ ਮਨਭਾਉਂਦਾ ਨਿਸ਼ਾਨਾ ਸੀ ।

"ਪ੍ਰੇਮ ਸਿੰਹਾਂ ਮੂਰਖ ਘਰ ਬਣਾਉਂਦੇ ਆ ਤੇ ਸਿਆਣੇ ਉਹਨਾਂ ਵਿਚ ਰਹਿੰਦੇ ਆ", ਇਕ ਜਣਾ ਕਹਿੰਦਾ ।

"ਇੱਥੇ ਸਿਆਣੀ ਉਮਰ ਦੇ ਜੱਟ ਘੋੜਿਆਂ ਵਾਂਗ ਕੰਮ ਕਰਦੇ ਆ । ਫੇਰ ਪੈਸੇ ਬਚਾ ਕੇ ਦੇਸ ਫੇਰਾ ਮਾਰਦੇ ਆ ਤੇ ਕਿਸੇ ਜਵਾਨ ਮੁਟਿਆਰ ਨਾਲ ਵਿਆਹ ਕਰਾਉਂਦੇ ਆ ਤੇ ਫੇਰ ਉਹਨੂੰ ਉਥੇ ਛੱਡ ਕੇ ਆਪ ਇੱਧਰ ਆ ਜਾਂਦੇ ਆ । ਕਾਹਦੇ ਲਈ", ਦੂਸਰਾ ਸਵਾਲ ਪੁੱਛਦਾ ।

"ਪਰ ਅੱਜਕਲ੍ਹ ਬਹੁਤੇ ਏਦਾਂ ਕਰਦੇ ਆ", ਨੱਥਾ ਸਿੰਘ ਗੱਲ ਦਾ ਰੁਖ਼ ਬਦਲਣ ਦੀ ਕੋਸ਼ਿਸ਼ ਕਰਦਾ ਕਿਉਂਕਿ ਉਹ ਦੇਖਦਾ ਕਿ ਪ੍ਰੇਮ ਸਿੰਘ ਲਈ ਉਹਨਾਂ ਦੀਆਂ ਟਿੱਚਰਾਂ ਸਹਿਣੀਆਂ ਔਖੀਆਂ ਹੋ ਜਾਂਦੀਆਂ ਸਨ ।

"ਤੇ ਰਾਤ ਨੂੰ ਜਦੋਂ ਉਹਨਾਂ ਦੀਆਂ ਸਤਵੰਤੀਆਂ ਨਾਰਾਂ ਪੱਟਾਂ ਅਤੇ ਬਾਹਾਂ ਵਿਚ ਸਰਾਹਣੇ ਘੁੱਟ ਕੇ ਸੌਂਦੀਆਂ ਹਨ ਉਦੋਂ ਉਹ ਇਥੇ ਗਰਮੀਆਂ ਵਿਚ ਥੱਕੇ ਹੋਏ ਰਿੱਛਾਂ ਵਾਂਗ ਘੁਰਾੜੇ ਮਾਰਦੇ ਹਨ", ਜੱਗਾ ਆਪਣਾ ਸੁਆਦ ਲੈਂਦਾ ।

5

ਮਲੂਕਾ ਖ਼ੁਦ ਇਕ ਪਿੰਡੋਂ ਆਇਆ ਹੋਣ ਕਰ ਕੇ ਛੇਤੀ ਹੀ ਇਹਨਾਂ ਸਾਧਾਰਣ ਖੁੱਲ੍ਹ-ਖਲਾਸੇ ਪੰਜਾਬੀਆਂ ਦੇ ਜੀਵਨ ਅਤੇ ਮੁਸ਼ਕਲਾਂ ਬਾਰੇ ਬਹੁਤ ਕੁੱਝ ਜਾਣ ਗਿਆ। ਇਹ ਲੋਕ ਆਪਣੇ ਘਰ-ਬਾਰ ਛੱਡ ਚੰਗੀ ਜ਼ਿੰਦਗੀ ਦੀ ਭਾਲ ਵਿਚ ਏਡੀ ਦੂਰ ਆਏ ਸਨ। ਏਥੇ ਉਹਨਾਂ ਦੀ ਸਭ ਤੋਂ ਵੱਡੀ ਮੁਸ਼ਕਲ ਨਸਲੀ ਵਿਤਕਰਾ ਸੀ ਜਿਸ ਨੂੰ ਸਹਿਣਾ ਇਹਨਾਂ ਅਣਖੀ ਲੋਕਾਂ ਲਈ ਬਹੁਤ ਔਖਾ ਸੀ। ਨਸਲੀ ਵਿਤਕਰ ਅਤੇ ਹੋਰ ਮੁਸ਼ਕਲਾਂ ਨੇ ਉਹਨਾਂ ਨੂੰ ਆਪਣੀ ਹੀ ਇਕ ਛੋਟੀ ਜਿਹੀ ਵੱਖਰੀ ਦੁਨੀਆਂ ਵਿਚ ਰਹਿਣ ਲਈ ਮਜਬੂਰ ਕਰ ਦਿੱਤਾ ਸੀ। ਇਸ ਦੁਨੀਆਂ ਵਿਚ ਉਹ ਇਕ ਦੂਜੇ ਦੇ ਸਾਥ ਅਤੇ ਭਾਵਨਾਵਾਂ ਦਾ ਨਿੱਘ ਮਾਣ ਸਕਦੇ ਸਨ, ਜਿਸਦੀ ਉਹਨਾਂ ਇੱਥੇ ਪਿੰਡਾਂ ਵਰਗਾ ਨਿਰਛਲ, ਤੇ ਇਕ ਦੂਜੇ ਦੇ ਕੰਮ ਆਉਣ ਵਾਲਾ ਜੀਵਨ ਜੀਉਣ ਲਈ ਬਹੁਤ ਲੋੜ ਸੀ।

ਮਲੂਕਾ ਉਹਨਾਂ ਦੇ ਆਏ ਖ਼ਤ ਪੜ੍ਹਦਾ ਅਤੇ ਉਹਨਾਂ ਵਲੋਂ ਇਹਨਾਂ ਖ਼ਤਾਂ ਦੇ ਜੁਆਬ ਲਿਖਦਾ ਸੀ, ਜਦੋਂ ਵੀ ਕਦੇ ਉਹਨਾਂ ਨੇ ਆਪਣੇ ਮਾਲਕ ਨਾਲ ਕੋਈ ਗੱਲ ਕਰਨੀ ਹੁੰਦੀ, ਡਾਕਟਰ ਕੋਲ ਜਾਂ ਬੈਂਕ ਜਾਣਾ ਹੁੰਦਾ ਜਾਂ ਕੋਈ ਸੌਦਾ ਪੱਤਾ ਲਿਆਉਣਾ ਹੁੰਦਾ, ਮਲੂਕਾ ਉਹਨਾਂ ਲਈ ਦੁਭਾਸ਼ੀਏ ਦਾ ਕੰਮ ਕਰਦਾ। ਇਸ ਲਈ ਛੇਤੀ ਹੀ ਉਹ ਉਹਨਾਂ ਸਾਰਿਆਂ ਨੂੰ ਏਨਾ ਜਾਨਣ ਲੱਗ ਪਿਆ ਸੀ, ਜਿੰਨਾ ਉਹ, ਸ਼ਾਇਦ ਆਪ ਵੀ ਇਕ ਦੂਜੇ ਨੂੰ ਨਾ ਜਾਣਦੇ ਹੋਣ।

ਉਹਨਾਂ ਦੇ ਘਰਾਂ ਤੋਂ ਆਉਣ ਵਾਲੇ ਖ਼ਤ ਬੜੇ ਸੰਖੇਪ ਅਤੇ ਸਪਸ਼ਟ ਹੁੰਦੇ। ਪਰ ਬਹੁਤੀ ਵਾਰੀ ਇਨ੍ਹਾਂ ਖ਼ਤਾਂ ਦੀ ਲਿਖਾਈ ਪੜ੍ਹਨੀ ਬੜੀ ਔਖੀ ਹੁੰਦੀ ਸੀ। ਇਸ ਲਈ ਕਈ ਵਾਰੀ ਉਹਨਾਂ ਵਿਚੋਂ ਕਿਸੇ ਅਧਪੜ੍ਹ ਵਲੋਂ ਪੜ੍ਹੇ ਇਕ-ਅੱਧੇ ਗ਼ਲਤ ਅੱਖਰ ਨਾਲ ਅਰਥਾਂ ਦੇ ਅਨਰਥ ਹੋ ਜਾਂਦੇ ਸਨ।

ਇਕ ਸ਼ਾਮ ਮੌਜੀ ਸੁਭਾ ਵਾਲਾ ਤੇਜਾ ਸਿੰਘ ਨਦੀ ਕੰਢੇ ਇਕ ਬੈਂਚ ਉੱਪਰ ਉਦਾਸੀ ਦੀ ਮੂਰਤ ਬਣਿਆ ਬੈਠਾ ਸੀ।

"ਕੀ ਗੱਲ ਆ ਬੜਾ ਉਦਾਸ ਬੈਠਾਂ" ਮਲੂਕੇ ਨੇ ਤੇਜਾ ਸਿੰਘ ਨੂੰ ਪੁੱਛਿਆ।

"ਮਾਂ ਮਰ ਗਈ", ਤੇਜਾ ਸਿੰਘ ਨੇ ਰੁੰਧੀ ਆਵਾਜ਼ ਵਿਚ ਜੁਆਬ ਦਿੱਤਾ।

"ਬੀਮਾਰ ਸੀ ?" ਮਲੂਕੇ ਨੇ ਅਗਾਂਹ ਪੁੱਛਿਆ ।

"ਚਿੱਠੀ ਵਿਚ ਤਾਂ ਇਸ ਬਾਰੇ ਕੁਛ ਨਹੀਂ ਲਿਖਿਆ । ਆਹ ਲੈ ਪੜ੍ਹ ਲੈ", ਉਹਨੇ ਖ਼ਤ ਕੱਢ ਕੇ ਮਲੂਕੇ ਨੂੰ ਫੜਾ ਦਿੱਤਾ ।

ਮਲੂਕੇ ਨੇ ਕਾਹਲੀ ਕਾਹਲੀ ਖ਼ਤ ਉੱਪਰ ਝਾਤ ਮਾਰੀ । ਫਿਰ ਮੁਸਕਰਾਂਦਿਆਂ ਤੇਜਾ ਸਿੰਘ ਨੂੰ ਦੱਸਿਆ, "ਮਾਂ ਨਹੀਂ ਮਰੀ ਤੁਹਾਡੀ ਮਹਿੰ ਮਰੀ ਐ ।"

ਇਹ ਸੁਣ ਤੇਜਾ ਸਿੰਘ ਨੇ ਸੁੱਖ ਦਾ ਸਾਹ ਲਿਆ । ਪਰ ਦੁੱਖ ਅਤੇ ਹਾਸੇ ਦੀ ਰਲੀ ਮਿਲੀ ਘਟਨਾ ਨੇ ਰਸੋਈ ਖ਼ਾਨੇ ਵਿਚ ਬੜਾ ਰੰਗ ਬੰਨ੍ਹਿਆ । ਸਾਰਿਆਂ ਨੇ ਮਿਲ ਕੇ ਗ਼ਲਤ ਚਿੱਠੀ ਪੜ੍ਹਨ ਵਾਲੇ (ਜਿਹਨੇ ਪਿੰਡ ਦੇ ਝਿਊਰ ਤੋਂ ਗੁਰਮੁਖੀ ਉਹਦੀ ਬੱਕਰੀ ਲਈ ਪੱਠਿਆਂ ਬਦਲੇ ਸਿੱਖੀ ਸੀ) ਦਾ ਬੜਾ ਮੌਜੂ ਬਣਾਇਆ । ਉਸ ਉੱਪਰ ਪਹਿਲਾਂ ਵੀ ਅਜਿਹੀਆਂ ਗ਼ਲਤੀਆਂ ਕਰਨ ਦਾ ਦੋਸ਼ ਲਾਇਆ ਗਿਆ । ਇਨ੍ਹਾਂ ਵਿਚੋਂ ਕੁਝ ਸੱਚੀਆਂ ਸਨ ਤੇ ਕੁਝ ਲੋਕਾਂ ਨੇ ਆਪਣੇ ਮਨੋਂ ਬਣਾਈਆਂ ਹੋਈਆਂ ਸਨ ।

ਇਕ ਨੇ ਕਿਹਾ "ਇਕ ਵਾਰੀ ਇਹ ਹਵੇਲ (ਚਾਂਦੀ ਦੇ ਰੁਪਈਆਂ ਦਾ ਲੰਬਾ ਹਾਰ) ਨੂੰ ਹਵੇਲੀ ਪੜ੍ਹ ਗਿਆ ਸੀ ।" "ਸਗਾਈ ਨੂੰ ਸਫ਼ਾਈ ਪੜ੍ਹ ਦਿੱਤਾ ਸੀ" ਦੂਜੇ ਹੋਰ ਗੱਲ ਅੱਗੇ ਵਧਾਈ । "ਅਸਲ ਵਿਚ ਅੱਧਪੜ੍ਹ ਚਿੱਠੀ ਪੜ੍ਹਨ ਵਾਲੇ ਦੀ 'ਨੀਮ-ਹਕੀਮ ਖ਼ਤਰਾ-ਜਾਨ' ਵਾਲੀ ਗੱਲ ਆ" ਨੱਥਾ ਸਿੰਘ ਬੋਲਿਆ ।

ਪਰ ਗ਼ਲਤ ਚਿੱਠੀ ਪੜ੍ਹਨ ਵਾਲਾ ਉਹਨਾਂ ਵਿਚ ਬੈਠਾ ਇਹ ਸਭ ਕੁਝ ਬੜੇ ਧੀਰਜ ਨਾਲ ਸੁਣ ਰਿਹਾ ਸੀ । ਉਹਨੂੰ ਤਸੱਲੀ ਸੀ ਕਿ ਉਹ ਏਡੀ ਦੂਰ ਕੈਨੇਡਾ ਦਿਆਂ ਜੰਗਲਾਂ ਵਿਚ ਬੈਠੇ ਆਪਣੇ ਅਨਪੜ੍ਹ ਦੇਸ਼ਵਾਸੀਆਂ ਦੀ ਮੁਫ਼ਤ ਸੇਵਾ ਕਰ ਰਿਹਾ ਸੀ ।

ਖ਼ਤ ਲਿਖਣਾ ਆਮ ਕਰ ਕੇ ਇਕ ਸਿੱਧਾ ਤੇ ਨਿਸ਼ਚਿਤ ਕੰਮ ਹੁੰਦਾ ਸੀ । ਖ਼ਤ ਲਿਖਾਉਣ ਵਾਲਾ ਦੋ ਤਿੰਨ ਖ਼ਾਸ ਖ਼ਾਸ ਖ਼ਬਰਾਂ (ਜਾਂ ਗੱਲਾਂ) ਮਲੂਕੇ ਨੂੰ ਦੱਸਦਾ, ਜਿਹੜੀਆਂ ਉਹ ਆਪਣੇ ਘਰ ਦਿਆਂ ਤੱਕ ਪਹੁੰਚਾਣੀਆਂ ਚਾਹੁੰਦਾ । ਬਾਕੀ ਦਾ ਖ਼ਤ ਭਰਨ ਦਾ ਕੰਮ ਉਹ ਮਲੂਕੇ 'ਤੇ ਛੱਡ ਦਿੰਦਾ, ਜਿਸ ਨੂੰ ਮਲੂਕਾ 'ਫ਼ਸਲਾਂ ਅਤੇ ਡੰਗਰਾਂ ਦੇ ਹਾਲ ਚਾਲ', 'ਦੋਸਤਾਂ ਅਤੇ ਰਿਸ਼ਤੇਦਾਰਾਂ ਦੀ ਸੁਖ ਸਾਂਦ', 'ਘਰ ਦਿਆਂ ਨੂੰ ਆਪਣੀ ਸਿਹਤ ਦਾ ਖ਼ਿਆਲ ਰੱਖਣ' ਅਤੇ 'ਘਰ ਸਦਾ ਲਵੇਰੀ ਮੱਝ ਰੱਖਣ' ਵਰਗੀਆਂ ਗੱਲਾਂ ਨਾਲ ਭਰ ਦਿੰਦਾ । ਜਦੋਂ ਮਲੂਕਾ ਇਨ੍ਹਾਂ ਗੱਲਾਂ ਨੂੰ ਲਿਖਾਉਣ

ਵਾਲੇ ਵਲੋਂ ਦੱਸੀਆਂ ਖ਼ਬਰਾਂ ਨਾਲ ਰਲਾ ਕੇ ਖ਼ਤ ਪੂਰਾ ਕਰਨ ਮਗਰੋਂ ਪੜ੍ਹ ਕੇ ਸੁਣਾਉਂਦਾ ਤਾਂ ਖ਼ਤ ਲਿਖਾਉਣ ਵਾਲਾ 'ਵਾਹਵਾ' 'ਵਾਹਵਾ' ਕਰ ਉੱਠਦਾ। ਇਨ੍ਹਾਂ ਸਿੱਧੇ-ਸਾਦੇ ਲੋਕਾਂ ਵਿਚੋਂ ਕਈਆਂ ਦਾ ਖ਼ਿਆਲ ਸੀ ਕਿ ਮਲੂਕੇ ਵਲੋਂ ਲਿਖੇ ਖ਼ਤ ਦਾ ਜੁਆਬ ਛੇਤੀ ਆਉਂਦਾ ਸੀ।

ਪਰ ਪ੍ਰੇਮ ਸਿੰਘ ਨੂੰ ਖ਼ੁਸ਼ ਕਰਨਾ ਮਲੂਕੇ ਲਈ ਇਕ ਔਖਾ ਕੰਮ ਸੀ। ਪ੍ਰੇਮ ਸਿੰਘ ਚਾਹੁੰਦਾ ਸੀ ਮਲੂਕਾ ਉਹਦਾ ਖ਼ਤ ਕਵਿਤਾ ਵਿਚ ਲਿਖੇ। ਉਹ ਆਪਣੀ ਮੁਟਿਆਰ ਵਹੁਟੀ ਦੇ ਪਿਆਰ ਵਿਚ ਦੀਵਾਨਾ ਸੀ, ਜਿਹਨੂੰ ਵਿਆਹ ਤੋਂ ਬਾਅਦ ਉਹ ਪਿੰਡ ਛੱਡ ਆਇਆ ਸੀ। ਉਹ ਉਹਦੇ ਖ਼ਿਆਲਾਂ ਕਾਰਨ ਉਪਰਾਮ ਰਹਿੰਦਾ ਅਤੇ ਸਦਾ ਉਸ ਦਿਨ ਬਾਰੇ ਗਿਣਤੀਆਂ ਮਿਣਤੀਆਂ ਕਰਦਾ ਰਹਿੰਦਾ ਜਦੋਂ ਉਹ ਉਸ ਨੂੰ ਦੋਬਾਰਾ ਮਿਲ ਸਕੇਗਾ।

"ਸਿਰਫ਼ ਕਵਿਤਾ ਵਿਚ ਹੀ ਉਹਨੂੰ ਮੇਰੇ ਪਿਆਰ ਦੀ ਗੱਲ ਦੱਸੀ ਜਾ ਸਕਦੀ ਹੈ।" ਪ੍ਰੇਮ ਸਿੰਘ ਮਲੂਕੇ ਨੂੰ ਕਹਿੰਦਾ। ਇਸ ਸਮੇਂ ਉਸ ਦੀਆਂ ਵੱਡੀਆਂ ਕਾਲੀਆਂ ਅੱਖਾਂ ਉਸ ਸਮੁੰਦਰ ਵਾਂਗ ਹੁੰਦੀਆਂ, ਜਿਸ ਵਿਚ ਜਜ਼ਬਾਤਾਂ ਦਾ ਹੜ੍ਹ ਆਇਆ ਹੋਵੇ। "ਸਿਰਫ਼ ਕਵਿਤਾ ਹੀ ਉਹਦੇ ਮਨ ਵਿਚ ਖ਼ੁਸ਼ੀ ਦੀ ਤਰੰਗ ਲਹਿਰਾ ਸਕਦੀ ਹੈ।"

"ਪਰ ਮੈਂ ਕਵਿਤਾ ਨਹੀਂ ਲਿਖ ਸਕਦਾ", ਮਲੂਕਾ ਆਪਣੀ ਬੇਬਸੀ ਜ਼ਾਹਿਰ ਕਰਦਾ।

"ਤੂੰ ਲਿਖ ਸਕਦੈਂ ਮਲੂਕਿਆ", ਪ੍ਰੇਮ ਸਿੰਘ ਤਰਲੇ-ਭਰੀ ਆਵਾਜ਼ ਵਿਚ ਉਸ 'ਤੇ ਜ਼ੋਰ ਪਾਉਂਦਾ।

"ਮੇਰੇ ਵਾਂਗ ਮਹਿਸੂਸ ਕਰਨ ਦੀ ਕੋਸ਼ਿਸ਼ ਕਰ। ਖ਼ੂਬਸੂਰਤ ਸ਼ਬਦ ਆਪਣੇ ਆਪ ਤੇਰੇ ਜ਼ਿਹਨ ਵਿਚ ਆ ਪਹੁੰਚਣਗੇ—ਨਿੱਘੇ ਅਤੇ ਮਘਦੇ ਸ਼ਬਦ, ਜ਼ਿੰਦਗੀ ਅਤੇ ਪਿਆਰ ਨਾਲ ਭਰਪੂਰ ਸ਼ਬਦ, ਖ਼ੁਸ਼ੀ ਨਾਲ ਗਾਉਂਦੇ ਸ਼ਬਦ।"

ਉਸ ਦੇ ਪਿਆਰ ਦੇ ਸੇਕ ਤੋਂ ਬਚਣਾ ਅਸੰਭਵ ਸੀ। ਇਸ ਦੇ ਨਾਲ ਮਲੂਕਾ ਪ੍ਰੇਮ ਦੇ ਕਾਵਿਕ ਅੰਦਾਜ਼ ਉੱਪਰ ਰਸ਼ਕ ਕਰਨੋਂ ਨਾ ਰਹਿ ਸਕਦਾ।

ਫਿਰ ਪ੍ਰੇਮ ਸਿੰਘ ਆਪਣੀ ਗੱਲ ਨੂੰ ਅੱਗੇ ਤੋਰਦਾ ਕਹਿੰਦਾ, ਗੱਲ ਨੂੰ ਸੰਗੀਤ ਵਾਂਗ ਥਰਕਦੇ ਵਾਕਾਂ ਵਿਚ ਲਿਖ। ਲਿਖ ਕਿ ਮੇਰਾ ਦਿਲ ਤੈਨੂੰ ਮਿਲਣ ਲਈ ਇਸ ਤਰ੍ਹਾਂ ਲੋਚਦਾ ਜਿਵੇਂ ਨਦੀ ਸਮੁੰਦਰ ਨੂੰ ਮਿਲਣ ਲਈ ਲੋਚਦੀ ਹੈ। ਲਿਖ ਕਿ ਮੈਨੂੰ

ਤੇਰਾ ਸਦਾ ਹੀ ਖ਼ਿਆਲ ਆਉਂਦਾ ਰਹਿੰਦਾ, ਪਰ ਉਸ ਸਮੇਂ ਤੇਰਾ ਖ਼ਿਆਲ ਜ਼ਿਆਦਾ ਆਉਂਦੈ ਜਦੋਂ ਚੰਨ ਅਸਮਾਨ ਵਿਚ ਡਲ੍ਹਕਦਾ ਹੋਵੇ। ਕਿਉਂਕਿ ਮੈਨੂੰ ਪਤਾ ਹੁੰਦਾ ਏ ਕਿ ਉਸ ਦੀਆਂ ਕੂਲੀਆਂ ਰਿਸ਼ਮਾਂ ਤੇਰੇ ਲੰਮੇ ਘਣੇ ਵਾਲਾਂ ਨੂੰ ਪਲੋਸ ਰਹੀਆਂ ਹੋਣਗੀਆਂ, ਭਾਵੇਂ ਕਿ ਓਨੇ ਲਾਡ ਨਾਲ ਨਹੀਂ, ਜਿੰਨੇ ਨਾਲ ਮੇਰੀਆਂ ਉਂਗਲਾਂ ਪਲੋਸਿਆ ਕਰਦੀਆਂ ਸਨ। ਲਿਖ ਕਿ ਮੈਂ ਤੇਰੇ ਬਾਰੇ ਸਰਘੀ ਦੀ ਤਾਜ਼ਗੀ ਵਿਚ ਸੋਚਦਾਂ, ਜਦੋਂ ਉਸ ਦੇ ਸਵਰਗੀ ਸਾਹ ਤੇਰੀਆਂ ਕੰਵਲ ਵਰਗੀਆਂ ਅੱਖਾਂ ਨੂੰ ਚੁੰਮ ਰਹੇ ਹੁੰਦੇ ਹਨ, ਭਾਵੇਂ ਕਿ ਉਸ ਚੁੰਮਣ ਵਿਚ ਮੇਰੇ ਹੋਠਾਂ ਵਰਗਾ ਨਿੱਘ ਨਹੀਂ ਹੁੰਦਾ।

ਪ੍ਰੇਮ ਸਿੰਘ ਉਸਨੂੰ ਉਤਸ਼ਾਹ ਦਿੰਦਾ ਕਹਿੰਦਾ, "ਮਲੂਕਿਆ ਇਸ ਤਰ੍ਹਾਂ ਦੀਆਂ ਗੱਲਾਂ ਲਿਖ। ਮੈਨੂੰ ਪਤਾ ਤੂੰ ਇਸ ਤਰ੍ਹਾਂ ਦੀਆਂ ਕਿੰਨੀਆਂ ਹੀ ਗੱਲਾਂ ਲਿਖ ਸਕਦਾਂ।"

"ਪਰ ਮੈਂ ਇਕ ਕਵੀ ਵਾਂਗ ਨਹੀਂ ਲਿਖ ਸਕਦਾ", ਮਲੂਕਾ ਅੱਗਿਓਂ ਕਹਿੰਦਾ।

"ਮੇਰੀਆਂ ਭਾਵਨਾਵਾਂ ਦੀ ਗਹਿਰਾਈ ਨਾਲ ਲਿਖੇਂ ਤਾਂ ਤੇਰੇ ਸ਼ਬਦਾਂ ਵਿਚ ਮੇਰੇ ਪਿਆਰ ਦਾ ਨਿੱਘ ਹੋਵੇਗਾ। ਕਾਲੀਆਂ ਰਾਤਾਂ ਤੇ ਚੁੱਪ ਚਾਪ ਤਾਰਿਆਂ ਅੱਗੇ ਅਰਦਾਸ ਕਰ ਮਲੂਕਿਆ ਕਿ ਉਹ ਤੈਨੂੰ ਕਵੀ ਬਣਾ ਦੇਣ। ਉਹ ਤੈਨੂੰ ਕਵਿਤਾ ਦੀ ਦਾਤ ਬਖ਼ਸ਼ ਦੇਣ।"

ਪ੍ਰੇਮ ਸਿੰਘ ਦੇ ਵਾਰ ਵਾਰ ਕੀਤੇ ਤਰਲਿਆਂ ਕਾਰਨ ਝੇਂਪ ਮਹਿਸੂਸ ਕਰਦਾ ਮਲੂਕਾ ਉਹਦਾ ਖ਼ਤ ਲਿਖਣ ਦਾ ਵਾਅਦਾ ਕਰਦਾ। ਉਸਦੇ ਇਸ ਵਾਅਦੇ ਸਦਕੇ ਹੀ ਪ੍ਰੇਮ ਸਿੰਘ ਖ਼ੁਸ਼ ਹੋ ਜਾਂਦਾ।

ਪ੍ਰੇਮ ਦੀਆਂ ਭਾਵਨਾਵਾਂ ਨੂੰ ਬੇਢੰਗੇ ਅਤੇ ਉਪਭਾਵਕ ਵਾਕਾਂ ਵਿਚ ਲਿਖਣ ਦੀ ਮਲੂਕੇ ਦੀ ਕੱਚਘਰੜ ਕੋਸ਼ਿਸ਼ ਦੀ ਪ੍ਰੇਮ ਸਿੰਘ ਨੇ ਬਹੁਤ ਸਲਾਹੁਣਾ ਕੀਤੀ ਸੀ। ਪ੍ਰੇਮ ਦਾ ਕਹਿਣਾ ਸੀ ਕਿ ਮਲੂਕੇ ਦੇ ਖ਼ਤ ਨੇ ਉਸ ਨੂੰ ਆਪਣੀ ਵਹੁਟੀ ਦੇ ਨੇੜੇ ਲੈ ਆਂਦਾ ਸੀ ਅਤੇ ਉਹ ਚੌਂਹ ਤੋਂ ਇਕ ਹੋ ਗਏ ਸਨ। ਅਸਲ ਗੱਲ ਇਹ ਸੀ ਕਿ ਪ੍ਰੇਮ ਇਕ ਕਵੀ ਸੀ ਜਿਸਨੂੰ ਇਕ ਅੱਖਰ ਵੀ ਨਹੀਂ ਸੀ ਲਿਖਣਾ ਆਉਂਦਾ ਅਤੇ ਮਲੂਕਾ ਇੱਕ ਆਮ-ਫਹਿਮ ਖ਼ਤ ਲਿਖਣ ਵਾਲਾ ਸੀ ਜਿਸਨੂੰ ਪ੍ਰੇਮ ਦੇ ਜ਼ੋਰ ਪਾਉਣ ਕਾਰਨ ਕਵੀ ਬਣਨਾ ਪਿਆ ਸੀ।

6

ਸਿਆਣੀ ਉਮਰ ਵਾਲੇ ਬੰਦੇ ਜਿਹੜੇ 1907-8 ਦੁਆਲੇ ਆਏ ਸਨ, ਸ਼ਾਮ ਨੂੰ ਬੈਠ ਕੇ ਬਰਿਟਿਸ਼ ਕੋਲੰਬੀਆ ਅਤੇ ਕੈਲੇਫੋਰਨੀਆਂ ਵਿਚ ਬਿਤਾਏ ਆਪਣੇ ਪੁਰਾਣੇ ਦਿਨਾਂ ਦੀਆਂ ਗੱਲਾਂ ਬੜੇ ਸ਼ੌਕ ਨਾਲ ਦੱਸਦੇ। ਉਹਨਾਂ ਵਿਚੋਂ ਕਈ ਪੂਰਬੀ ਕਿੱਸਾ ਗੋਆਂ ਵਾਂਗ ਕਹਾਣੀ ਦੱਸਣ ਦੇ ਉਸਤਾਦ ਸਨ। ਅਜੀਬ-ਗ਼ਰੀਬ, ਦਿਲਚਸਪ ਤੇ ਬਹੁਤ ਵਾਰੀ ਸਖ਼ਤ ਸੰਘਰਸ਼ ਅਤੇ ਗ਼ਲਤ ਫ਼ਹਿਮੀਆਂ ਭਰਪੂਰ ਤਜਰਬਿਆਂ ਬਾਰੇ ਗੱਲਾਂ ਦੱਸਦੇ, ਉਹ ਉਹਨਾਂ ਵਿਚ ਏਨਾ ਗੁਆਚ ਜਾਂਦੇ ਜਿਵੇਂ ਉਹ ਇਹ ਸਭ ਕੁਝ ਦੂਹਰੀ ਵਾਰ ਜੀ ਰਹੇ ਹੋਣ।

ਉਹ ਕੈਨੇਡੀਅਨ ਲੋਕਾਂ, ਖ਼ਾਸ ਕਰ ਕੇ ਕਈ ਔਰਤਾਂ ਦੀ ਫ਼ਰਾਖ਼-ਦਿਲੀ ਜਿਹਨਾਂ ਉਹਨਾਂ ਨੂੰ ਠੰਡ ਤੋਂ ਬੱਚਣ ਲਈ ਗਰਮ ਕੱਪੜੇ ਦਿੱਤੇ ਸਨ, ਦਾ ਜ਼ਿਕਰ ਕਰਦੇ ਜਾਂ ਉਹਨਾਂ ਲੋਕਾਂ ਦਾ ਜਿਨ੍ਹਾਂ ਨੇ ਉਹਨਾਂ ਵੱਲ ਅਲਗਰਜ਼ੀ ਅਤੇ ਵੈਰਭਾਵ ਦਾ ਵਿਹਾਰ ਕੀਤਾ ਸੀ। ਉਹ ਯਾਦ ਕਰਦੇ ਕਿ ਕਿੱਦਾਂ ਕੈਨੇਡੀਅਨ ਲੋਕ ਉਹਨਾਂ ਦੀ ਵੱਖਰੀ ਦਿੱਖ ਅਤੇ ਪਹਿਰਾਵੇ ਨੂੰ ਹੈਰਾਨੀ ਨਾਲ ਦੇਖਦੇ ਸਨ। ਉਹ ਦੱਸਦੇ ਕਿ ਛੋਟੇ ਛੋਟੇ ਨਿਆਣੇ ਉਹਨਾਂ ਦੇ ਕੱਪੜੇ, ਜੁੱਤੀਆਂ, ਬਾਜ਼ੇ, ਢੋਲਕੀਆਂ ਤੇ ਖ਼ਾਸ ਕਰ ਕੇ ਪਿੱਤਲ ਦੇ ਵੱਡੇ ਸਾਰੇ ਨੇਚਿਆਂ ਤੇ ਲਾਲ ਕੱਪੜੇ ਵਿਚ ਮੜ੍ਹੀਆਂ ਲੰਮੀਆਂ ਲੜੀਆਂ ਵਾਲੇ ਹੁੱਕੇ (ਜਿਹੜੇ ਕਈ ਗ਼ੈਰ-ਸਿੱਖ ਦੇਸੋਂ ਲੈ ਕੇ ਆਏ ਸਨ) ਨੂੰ ਦੇਖ ਕਿਦਾਂ ਹੈਰਾਨ ਹੁੰਦੇ। ਜਦੋਂ ਕੋਈ ਪੱਗ ਵਾਲਾ ਹੁੱਕਾ ਪੀਂਦਾ ਤਾਂ ਹੁੱਕੇ ਦੀ ਗੁੜ ਗੁੜ ਸੁਣ ਨਿਆਣੇ ਹੁੱਕੇ ਨੂੰ : 'ਗੱਲਾਂ ਕਰਨ ਵਾਲੀ ਭਾਰਤੀ ਮਸ਼ੀਨ ਸੱਦਦੇ।' "ਘੱਟੋ ਘੱਟ ਭਾਰਤ ਦੀ ਬਣੀ ਇਕ ਮਸ਼ੀਨ ਦਾ ਤਾਂ ਨਿਆਣਿਆਂ ਉੱਪਰ ਰੋਅਬ ਸੀ", ਨੱਥਾ ਸਿੰਘ ਹੱਸ ਕੇ ਕਹਿੰਦਾ।

ਉਹ ਅੰਗਰੇਜ਼ੀ ਨਾ ਆਉਂਦਿਆਂ ਵੀ ਗੱਲਬਾਤ ਕਰਨ ਦੇ ਢੰਗ, ਕੰਮ ਲੱਭਣ ਲਈ ਆਉਂਦੀਆਂ ਮੁਸ਼ਕਲਾਂ ਅਤੇ ਨਸਲਵਾਦੀ ਗੋਰਿਆਂ ਵਲੋਂ ਕੱਢੀਆਂ ਗਾਲ੍ਹਾਂ ਅਤੇ ਖ਼ਾਹਮਖ਼ਾਹ ਸਹੇੜੀਆਂ ਲੜਾਈਆਂ ਬਾਰੇ ਗੱਲਾਂ ਕਰਦੇ। ਉਹ ਦਮਗਜੇ ਮਾਰਦੇ ਕਿ ਭਾਵੇਂ ਇਹਨਾਂ ਲੜਾਈਆਂ ਵਿਚ ਸਦਾ ਉਹਨਾਂ ਦੀ ਜਿੱਤ ਨਹੀਂ ਸੀ ਹੁੰਦੀ ਪਰ ਉਹ ਅਗਲੇ ਦੀ ਇੰਨੀ ਕੁ ਭੁਗਤ ਜ਼ਰੂਰ ਸੁਆਰ ਦਿੰਦੇ ਸੀ ਕਿ ਉਹ ਮੁੜ ਕੇ ਲੜਨ ਦਾ ਹੀਆ ਨਾ ਕਰੇ।

ਕਾਮਾਗਾਟਾਮਾਰੂ ਬਾਰੇ ਗੱਲਾਂ ਕਰਦਿਆਂ ਉਹਨਾਂ ਦੀਆਂ ਗੱਲਾਂ ਵਿਚ ਦੱਬੇ ਹੋਏ ਗੁੱਸੇ ਅਤੇ ਇਕ ਹਾਰ ਦੀ ਭਾਵਨਾ ਸਾਫ਼ ਦਿੱਸਦੀ। ਕਿਉਂਕਿ ਉਹਨਾਂ ਵਿਚੋਂ ਬਹੁਤਿਆਂ ਨੇ 376 ਪੰਜਾਬੀ ਸਿੱਖ ਮੁਸਾਫ਼ਰਾਂ ਨਾਲ ਭਰੇ ਇਸ ਜਪਾਨੀ ਜਹਾਜ਼ ਨੂੰ ਦੋ ਮਹੀਨੇ ਤੱਕ 'ਬੁਰਾਰਡ ਇਨ ਲੈੱਟ' ਵਿਚ ਖੜ੍ਹੇ ਦੇਖਿਆ ਸੀ। ਦੋ ਮਹੀਨਿਆਂ ਬਾਅਦ ਇਸ ਜਹਾਜ਼ ਨੂੰ ਆਪਣੇ ਅਣਚਾਹੇ ਮੁਸਾਫ਼ਰਾਂ ਸਮੇਤ ਇੰਡੀਆ ਨੂੰ ਮੁੜਨਾ ਪਿਆ ਸੀ।

"ਜੋ ਕੁਝ ਸਾਡੇ ਵੱਸ ਸੀ, ਅਸੀਂ ਕੀਤਾ। ਅਸੀਂ ਰੋਸ ਵਿਚ ਮੀਟਿੰਗਾਂ ਕੀਤੀਆਂ, ਪੈਸੇ ਇਕੱਠੇ ਕੀਤੇ, ਅਦਾਲਤਾਂ ਵਿਚ ਲੜੇ, ਕੈਨੇਡਾ ਦੇ ਲੋਕਾਂ ਅਤੇ ਸਰਕਾਰ ਨੂੰ ਅਪੀਲਾਂ ਕੀਤੀਆਂ। ਇਥੋਂ ਤੱਕ ਕਿ ਹਿੰਦੁਸਤਾਨ ਅਤੇ ਇੰਗਲੈਂਡ ਦੇ ਵਾਇਸਰਾਏ ਮੁਹਰੇ ਬੇਨਤੀ ਕੀਤੀ। ਪਰ ਸਭ ਕੁਝ ਹੀ ਵਿਅਰਥ ਗਿਆ। ਕਿਸੇ ਦਾ ਕੋਈ ਫ਼ਾਇਦਾ ਨਹੀਂ ਹੋਇਆ। ਯੂਰਪ ਵਿਚੋਂ ਹਰ ਤਰ੍ਹਾਂ ਦੇ ਇੰਮੀਗਰੈਂਟਾਂ ਨੂੰ ਕੈਨੇਡਾ ਆਉਣ ਦੀ ਇਜਾਜ਼ਤ ਸੀ ਪਰ ਰਾਜੇ ਦੀ ਆਪਣੀ ਪਰਜਾ ਵਿਚੋਂ ਸ਼ਾਨਦਾਰ ਸੁਨੱਖੇ ਅਤੇ ਬਹਾਦਰ ਲੋਕਾਂ ਨੂੰ ਇਸ ਧਰਤੀ 'ਤੇ ਪੈਰ ਰੱਖਣ ਦੀ ਵੀ ਆਗਿਆ ਨਹੀਂ ਸੀ", ਨੱਥਾ ਸਿੰਘ ਉਦਾਸ ਸੁਰ ਵਿਚ ਬੋਲਦਾ।

ਬੰਤਾ ਸਿੰਘ ਇਕੱਲੇ ਇਕੱਲੇ ਸ਼ਬਦ 'ਤੇ ਜ਼ੋਰ ਦਿੰਦਾ ਕਹਿੰਦਾ, "ਜਦੋਂ ਤੇਈ ਜੁਲਾਈ 1914 ਨੂੰ ਪੂਰੇ ਦੋ ਮਹੀਨੇ ਸਮੁੰਦਰ ਵਿਚ ਖੜਾ ਰਹਿ ਕੇ ਕਾਮਾਗਾਟਾ ਮਾਰੂ ਵਾਪਿਸ ਜਾਣ ਲਈ ਤੁਰਿਆ ਬੱਸ ਉਹਦੇ ਨਾਲ ਹੀ ਅੰਗਰੇਜ਼ਾਂ ਪ੍ਰਤੀ ਸਾਡੀ ਵਫ਼ਾਦਾਰੀ ਵੀ ਸਮੁੰਦਰ ਵਿਚ ਰੁੜ੍ਹ ਗਈ।"

ਗਿਆਨ ਚੰਦ ਨੇ ਦੱਸਿਆ, "ਉਹ ਸਾਡੇ ਵਿਚੋਂ ਉਹਨਾਂ ਲੋਕਾਂ ਨੂੰ ਵੀ, ਜੋ ਕਈ ਸਾਲਾਂ ਤੋਂ ਬੀ.ਸੀ. ਵਿਚ ਰਹਿ ਰਹੇ ਸਨ, ਕੱਢਣਾ ਚਾਹੁੰਦੇ ਸਨ। 1908 ਵਿਚ ਉਹਨਾਂ ਸਾਨੂੰ ਮੱਛਰ ਤੇ ਮਲੇਰੀਏ ਮਾਰੇ ਇਲਾਕੇ ਬ੍ਰਿਟਿਸ਼ ਹਾਂਡੂਰਸ ਵਿਚ ਘੱਲਣ ਦੀ ਕੋਸ਼ਿਸ਼ ਕੀਤੀ। ਉਹਨਾਂ ਨੇ ਸਿੱਖਾਂ ਦੇ ਡੇਪੂਟੇਸ਼ਨ, ਜਿਹੜਾ ਪਹਿਲਾਂ ਹਾਂਡੂਰਸ ਵਿਚ ਹਾਲਤ ਦੇਖਣ ਗਿਆ ਸੀ, ਨੂੰ ਰਿਸ਼ਵਤ ਦੇ ਕੇ ਮਨਾਉਣ ਦੀ ਕੋਸ਼ਿਸ਼ ਕੀਤੀ, ਪਰ ਡੇਪੂਟੇਸ਼ਨ ਨੇ ਉਹਨਾਂ ਦੀ ਗੱਲ ਮੰਨਣ ਤੋਂ ਇਨਕਾਰ ਕਰ ਦਿੱਤਾ। ਸਗੋਂ ਉਹਨਾਂ ਨੇ ਇੱਥੇ ਆ ਕੇ ਰੀਪੋਰਟ ਦਿੱਤੀ ਕਿ ਹਾਂਡੂਰਸ ਰਹਿਣ ਵਾਲਾ ਇਲਾਕਾ ਨਹੀਂ। ਸਾਨੂੰ ਉੱਥੇ ਜਾਣ ਲਈ ਮੰਨਣਾ ਨਹੀਂ ਚਾਹੀਦਾ।"

ਨੱਥਾ ਸਿੰਘ ਨੇ ਅੱਗੇ ਚੱਸਿਆ, "ਕਾਮਾਗਾਟਾਮਾਰੂ ਦੀ ਕਹਾਣੀ ਇੱਥੇ ਹੀ ਖ਼ਤਮ ਨਹੀਂ ਹੋਈ। ਇਸ ਪਿੱਛੋਂ ਬੀ.ਸੀ. ਅਤੇ ਪੰਜਾਬ ਵਿਚ ਕਤਲਾਂ ਦਾ ਇਕ ਲੰਬਾ ਸਿਲਸਿਲਾ ਜਾਰੀ ਰਿਹਾ। ਮੁੜ ਕੇ ਗਏ ਇਹਨਾਂ ਮੁਸਾਫ਼ਰਾਂ ਵਿਚੋਂ ਕਈ ਹਿੰਦੁਸਤਾਨ ਦੀ ਆਜ਼ਾਦੀ ਦੇ ਸਰਗਰਮ ਘੁਲਾਟੀਏ ਬਣੇ।"

"ਸਾਨੂੰ ਉਹਨਾਂ ਲੋਕਾਂ ਨੂੰ ਭੁੱਲਣਾ ਨਹੀਂ ਚਾਹੀਦਾ, ਜੋ ਸਾਡੇ ਹੱਕਾਂ ਲਈ ਲੜੇ ਅਤੇ ਖੜੇ ਹੋਏ", ਗੰਡਾ ਸਿੰਘ ਨੇ ਚਿਤਾਵਨੀ ਦੇ ਤੌਰ 'ਤੇ ਕਿਹਾ। ਲੋਕਾਂ ਨਾਲ ਭਰੇ ਝੁਮੀਲੀਅਨ ਹਾਲ ਵਿਚ ਇਕ ਸੋਸ਼ਲਿਸਟ ਨੇਤਾ ਫਿਟਜ਼ਰਾਲਦ ਨੇ ਆਪਣੀ ਜੋਸ਼ੀਲੀ ਅਵਾਜ਼ ਵਿਚ ਉਪਦੇਸ਼ ਦਿੰਦਿਆਂ ਕਿਹਾ : 'ਉੱਠੋ ਆਪਣੇ ਆਪ ਨੂੰ ਹਥਿਆਰਾਂ ਨਾਲ ਲੈਸ ਕਰੋ ਅਤੇ ਆਪਣੇ ਦੇਸ ਦੀ ਆਜ਼ਾਦੀ ਲਈ ਲੜੋ। ਆਪਣੇ ਦੇਸ਼-ਵਾਸੀਆਂ ਨੂੰ ਵਾਪਿਸ ਮੁੜਨ ਲਈ ਪਰੇਰੋ ਅਤੇ ਅੰਗਰੇਜ਼ਾਂ ਨੂੰ ਭਾਰਤ ਵਿਚੋਂ ਬਾਹਰ ਕੱਢ ਦੇਵੋ।'

ਇਸ ਤਰ੍ਹਾਂ ਕਾਮਾਗਾਟਾ ਮਾਰੂ ਬਾਰੇ ਉਹ ਦੁੱਖ ਅਤੇ ਗ਼ਮ ਨਾਲ ਗੱਲਾਂ ਕਰਦੇ। ਪਰ 'ਗ਼ਦਰ' ਬਾਰੇ ਗੱਲ ਕਰਨ ਲੱਗਿਆਂ ਉਹਨਾਂ ਦੀਆਂ ਅੱਖਾਂ ਵਿਚ ਇਕ ਵੱਖਰੀ ਹੀ ਚਮਕ ਹੁੰਦੀ।

ਬੰਤਾ ਸਿੰਘ ਦੱਸਦਾ ਕਿ ਸੰਨ 1913 ਵਿਚ ਕੈਨੇਡਾ ਅਤੇ ਅਮਰੀਕਾ ਵਿਚ ਰਹਿਣ ਵਾਲੇ ਭਾਰਤੀ ਸਟਾਕਟਨ ਵਿਚ ਇਕੱਠੇ ਹੋਏ ਅਤੇ ਉਹਨਾਂ ਇਕ ਜਥੇਬੰਦੀ ਦੀ ਨੀਂਹ ਰੱਖੀ। ਇਸ ਜਥੇਬੰਦੀ ਦਾ ਨਾਂ 'ਹਿੰਦੁਸਤਾਨ ਵਰਕਰਜ਼ ਆਫ਼ ਦੀ ਪੈਸੇਫ਼ਿਕ ਕੋਸਟ' ਰੱਖਿਆ, ਜਿਹੜੀ ਬਾਅਦ ਵਿਚ ਆਪਣੇ ਅਖ਼ਬਾਰ 'ਗ਼ਦਰ' ਕਾਰਨ ਗ਼ਦਰ ਪਾਰਟੀ ਦੇ ਨਾਂ ਨਾਲ ਮਸ਼ਹੂਰ ਹੋਈ।

ਲਾਲਾ ਹਰਦਿਆਲ ਦੀ ਗੱਲ ਕਰਦਿਆਂ ਗੰਡਾ ਸਿੰਘ ਦਾ ਚਿਹਰਾ ਖ਼ੁਸ਼ੀ ਨਾਲ ਦਮਕਣ ਲੱਗ ਪੈਂਦਾ, "ਮਲੂਕਿਆ ਗ਼ਦਰ ਅਖ਼ਬਾਰ ਦੇ ਸੰਪਾਦਕ ਲਾਲਾ ਹਰਦਿਆਲ ਦਾ ਭਾਸ਼ਣ ਸੁਣ ਕੇ ਹਰ ਆਦਮੀ ਦੇ ਲੂੰ ਕੰਡੇ ਖੜੇ ਹੋ ਜਾਂਦੇ ਸਨ। ਉਹ ਕਿਹਾ ਕਰਦਾ ਸੀ, "ਪਟੀਸ਼ਨਾਂ ਲੈ ਕੇ ਭੱਜੇ ਫਿਰਦੇ ਚਪੜਾਸੀਆਂ ਵਰਗੇ ਅਤੇ ਲੰਡਨ ਦੀ ਧੁੰਦ ਵਿਚ ਅੰਨ੍ਹੀਆਂ ਚਾਮਚੜਿੱਕਾਂ ਵਾਂਗ ਠੋਕਰਾਂ ਖਾਂਦੇ ਅਤੇ ਆਜ਼ਾਦੀ ਦੀ ਭਿੱਖਿਆ ਮੰਗਦੇ ਫਿਰਦੇ ਲੀਡਰਾਂ ਤੋਂ ਖਹਿੜਾ ਛੁਡਾਓ। ਚਾਪਲੂਸ ਸਰਕਾਰੀ ਅਫ਼ਸਰਾਂ, ਜੋ ਕੁਝ ਸਿੱਕਿਆਂ ਬਦਲੇ ਸਾਡੇ ਹੱਕ ਅੰਗਰੇਜ਼ਾਂ ਕੋਲ ਵੇਚ ਚਿੰਦੇ ਹਨ,

ਤੋਂ ਖਹਿੜਾ ਛੁਡਾਓ। ਠਾਠਬਾਠ ਅਤੇ ਸ਼ਾਨੋ ਸ਼ੌਕਤ ਨਾਲ ਰਹਿ ਰਹੇ ਰਾਜਿਆਂ ਮਹਾਰਾਜਿਆਂ ਉੱਤੇ ਲਾਹਣਤ ਪਾਓ, ਜੋ ਅੰਗਰੇਜ਼ ਮਾਲਕਾਂ ਮੂਹਰੇ ਇਸ ਤਰ੍ਹਾਂ ਨੱਚਦੇ ਹਨ ਜਿਵੇਂ ਮੰਦਰ ਵਿਚ ਕੋਈ ਲੱਚਰ ਦੇਵਦਾਸੀ। ਗੁਲਾਮਾਂ ਵਰਗੀ ਸੋਚ ਤੋਂ ਪਿੱਛਾ ਛੁਡਾਓ ਅਤੇ ਆਪਣੇ ਮੰਗਤਿਆਂ ਵਾਲੇ ਠੂਠੇ ਭੰਨ ਸੱਟੋ। ਡਰੋ ਨਾ ਅਤੇ ਆਪਣੀ ਕਮਜ਼ੋਰੀ ਉੱਤੇ ਕਾਬੂ ਪਾਓ। ਜੰਗ ਵਿਚ ਜਿੱਤ ਸੂਰਮਿਆਂ ਅਤੇ ਬਹਾਦਰਾਂ ਦੀ ਹੁੰਦੀ ਹੈ। ਅੰਗਰੇਜ਼ ਦੀਆਂ ਸੰਗੀਨਾਂ ਦੇ ਡਰ ਨੇ ਛਾਈ ਸ਼ਮਸ਼ਾਨ ਵਰਗੀ ਸ਼ਾਂਤੀ ਦੇ ਦਲਾਲ, ਜੁੱਤੀ-ਚੱਟ ਬੁਧੀਜੀਵੀ ਅਤੇ ਕਾਇਰ ਲੀਡਰ ਪੈਦਾ ਕੀਤੇ ਹਨ। ਇਸ ਸ਼ਾਂਤੀ ਨਾਲੋਂ ਅਸ਼ਾਂਤੀ ਚੰਗੀ ਹੈ ਜੋ ਗੁਰੂ ਗੋਬਿੰਦ ਸਿੰਘ ਅਤੇ ਸ਼ਿਵਾ ਜੀ ਵਰਗੇ ਸੂਰਮੇ ਪੈਦਾ ਕਰਦੀ ਹੈ।"

"ਸਿਰਫ ਥੁਸੀਂ ਅੱਟਣਾਂ ਭਰੇ ਤੇ ਵੱਡੇ ਜਿਗਰੇ ਵਾਲੇ ਮਜ਼ਦੂਰ ਲੋਕ ਤੇ ਧਰਤੀ ਮਾਂ ਦੇ ਪੁੱਤਰ—ਕਿਸਾਨ—ਹੀ ਭਾਰਤ ਮਾਤਾ ਦੇ ਬੱਝੀਆਂ ਜ਼ੰਜੀਰਾਂ ਤੋੜ ਸਕਦੇ ਹੋ। ਇਸ ਲਈ ਆਪਣੇ ਅੰਦਰ ਖੌਲ਼ਦੇ ਖ਼ੂਨ ਅਤੇ ਹੱਥਾਂ ਵਿਚ ਬੰਦੂਕਾਂ ਫੜੀ ਉਠੋ। ਮਜ਼ਹਬਾਂ ਦੀਆਂ ਦੀਵਾਰਾਂ ਨੂੰ ਤੋੜ ਦਿਉ। ਜ਼ਾਤਪਾਤ ਦੇ ਵਿਤਕਰਿਆਂ ਨੂੰ ਖ਼ਤਮ ਕਰੋ। ਜੇ ਤੁਸੀਂ ਇਕੱਠੇ ਹੋ ਕੇ ਹਥਿਆਰ ਚੁੱਕੋ ਤਾਂ ਦੁਨੀਆਂ ਦੀ ਕੋਈ ਵੀ ਤਾਕਤ ਤੁਹਾਨੂੰ ਗੁਲਾਮ ਨਹੀਂ ਰੱਖ ਸਕਦੀ।"

ਜੋਸ਼ ਅਤੇ ਥੋੜ੍ਹੇ ਉਦਾਸੀ ਭਰੇ ਮਨਾਂ ਨਾਲ ਉਹ ਗ਼ਦਰੀਆਂ ਦੀਆਂ ਗੱਲਾਂ ਕਰਦੇ। ਉਹ ਫਾਰਮਰ ਜੁਆਲਾ ਸਿੰਘ, ਸੋਹਣ ਸਿੰਘ ਭਕਨਾ, ਨੌਜਵਾਨ ਕਰਤਾਰ ਸਿੰਘ ਸਰਾਭਾ, ਭਗਵਾਨ ਸਿੰਘ ਬਰਕਤੁੱਲਾ, ਸੰਤੋਖ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀਆਂ ਗੱਲਾਂ ਕਰਦੇ।

ਗ਼ਦਰ ਲਹਿਰ ਪਿੱਛੇ ਕੰਮ ਕਰਦੀ ਪ੍ਰੇਰਨਾ ਨੂੰ ਸਮਝਣਾ ਬਹੁਤ ਸੌਖਾ ਸੀ। ਇਸ ਪਿੱਛੇ ਕੰਮ ਕਰਦੀ ਵਿਚਾਰਧਾਰਾ ਬਹੁਤ ਸਾਦਾ ਸੀ। ਇਸ ਨਵੀਂ ਦੁਨੀਆਂ ਵਿਚ ਇਹ ਸਵੈਮਾਨ ਨਾਲ ਭਰੇ ਪੰਜਾਬੀ ਜਦੋਂ ਆਪਣੇ ਨਾਲ ਹੁੰਦੇ ਵਿਤਕਰੇ ਬਾਰੇ ਇਨਸਾਫ਼ ਨਾ ਹਾਸਲ ਕਰਦੇ ਤਾਂ ਉਹ ਆਪਣੇ ਆਪ ਤੋਂ ਸਵਾਲ ਪੁੱਛਦੇ—'ਉਹ ਲੋਕ ਜਿਨ੍ਹਾਂ ਨੂੰ ਆਪਣੇ ਮੁਲਕ ਵਿਚ ਕੋਈ ਅਧਿਕਾਰ ਪ੍ਰਾਪਤ ਨਹੀਂ, ਕਿਸੇ ਬਾਹਰਲੇ ਮੁਲਕ ਵਿਚ ਕਿਸ ਤਰ੍ਹਾਂ ਦੇ ਅਧਿਕਾਰਾਂ ਦੀ ਆਸ ਰੱਖ ਸਕਦੇ ਹਨ?' ਫਿਰ ਇਸ ਸਵਾਲ ਦਾ ਆਪ ਹੀ ਜੁਆਬ ਦਿੰਦੇ ਕਿ 'ਜਿੰਨਾ ਚਿਰ ਹਿੰਦੁਸਤਾਨ

ਗ਼ੁਲਾਮ ਰਹੇਗਾ, ਉੱਨਾ ਚਿਰ ਉਹਨਾਂ ਨਾਲ ਬਾਹਰ ਇਸ ਤਰ੍ਹਾਂ ਦਾ ਕੁਲੀਆਂ ਵਰਗਾ ਹੀ ਵਰਤਾਓ ਹੁੰਦਾ ਰਹੇਗਾ।' ਇਸ ਲਈ ਹਿੰਦੁਸਤਾਨ ਦੀ ਆਜ਼ਾਦੀ ਉਹਨਾਂ ਲਈ ਮੁੱਢਲਾ ਮਸਲਾ ਸੀ। ਇਹ ਅਜਿਹਾ ਕੰਮ ਸੀ, ਜਿਹਨੂੰ ਸਭ ਤੋਂ ਪਹਿਲਾਂ ਕਰਨ ਦੀ ਲੋੜ ਸੀ। ਪਰ ਆਜ਼ਾਦੀ ਹਾਸਲ ਕਿਵੇਂ ਕੀਤੀ ਜਾਵੇ? ਬਿਨਾਂ ਸ਼ੱਕ ਤਾਕਤ ਨਾਲ। ਬਹੁਤ ਚਿਰ ਪਹਿਲਾਂ ਜਦੋਂ ਅੰਗਰੇਜ਼ਾਂ ਨੇ ਮਹਾਰਾਜਾ ਰਣਜੀਤ ਸਿੰਘ ਤੋਂ ਕੋਹਿਨੂਰ ਦਾ ਭਾਅ ਪੁੱਛਿਆ ਸੀ ਤਾਂ ਉਸ ਨੇ ਜਵਾਬ ਦਿੱਤਾ ਸੀ, "ਮੈਂ ਇਸ ਨੂੰ ਤਲਵਾਰ ਦੇ ਜ਼ੋਰ ਨਾਲ ਪ੍ਰਾਪਤ ਕੀਤਾ ਹੈ, ਜੇ ਤੁਹਾਨੂੰ ਚਾਹੀਦਾ ਹੈ ਤੁਹਾਨੂੰ ਵੀ ਇਸ ਤਰ੍ਹਾਂ ਹੀ ਕਰਨਾ ਪਵੇਗਾ।"

ਉਹਨਾਂ ਲੋਕਾਂ ਕੋਲੋਂ ਤਾਜ਼ਾ ਨਿੱਘ-ਭਰਿਆ ਇਤਿਹਾਸ ਜਿਸ ਨੂੰ ਸਿਰਜਣ ਵਿਚ ਉਹ ਖ਼ੁਦ ਵੀ ਸ਼ਾਮਲ ਸਨ, ਸੁਣਨਾ ਮਲੂਕੇ ਨੂੰ ਬਹੁਤ ਦਿਲਚਸਪ ਲੱਗਦਾ। ਉਹ ਸੋਚਦਾ ਕਿ ਇਹ ਇਤਿਹਾਸ ਸਕੂਲੀ ਕਿਤਾਬਾਂ ਵਿਚ ਬੰਦ ਇਤਿਹਾਸ, ਜਿਹੜਾ ਕੁਝ ਖ਼ੁਸ਼ਕ ਜਿਹੇ ਇਕੱਠੇ ਕੀਤੇ ਅੰਕੜਿਆਂ ਤੋਂ ਵਾਧੂ ਨਹੀਂ ਹੁੰਦਾ, ਨਾਲੋਂ ਕਿੰਨਾ ਵੱਖਰਾ ਹੈ।

ਉਹ ਮਲੂਕੇ ਨੂੰ ਕਹਿੰਦੇ, "ਮਲੂਕਿਆ ਤੂੰ ਅਗਾਂਹ ਪੜ੍ਹਾਈ ਕਰੀਂ। ਸਾਡੇ ਵਾਂਗ ਮਿੱਲਾਂ ਵਿਚ ਹੀ ਨਾ ਫਸਿਆ ਰਹੀਂ। ਏਥੇ ਜਿਹੜਾ ਬੂਰਾ ਤੁਹਾਡੀਆਂ ਪੱਗਾਂ 'ਤੇ ਡਿੱਗਦਾ ਆ ਉਹ ਬਹੁਤ ਛੇਤੀ ਤੁਹਾਡੇ ਸਿਰ ਅੰਦਰ ਦਿਮਾਗ ਵਿਚ ਵੀ ਭਰ ਜਾਂਦਾ ਹੈ।"

"ਤੂੰ ਪੜ੍ਹ ਕੇ ਲਿਖਣਾ ਸਿੱਖੀਂ ਤੇ ਫੇਰ ਸਾਡੀ ਕਹਾਣੀ ਲਿਖੀਂ।"

"ਜਿਸ ਤਰ੍ਹਾਂ ਦਾ ਤੂੰ ਏਥੇ ਆਪਣੀ ਅੱਖੀਂ ਦੇਖਿਆ ਹੈ ਬਿਲਕੁਲ ਉਸ ਤਰ੍ਹਾਂ ਦਾ ਲਿਖੀਂ। ਸਾਡੀ ਕਹਾਣੀ ਇਸ ਤਰ੍ਹਾਂ ਕਹੀਂ ਜਿਸ ਤਰ੍ਹਾਂ ਤੂੰ ਸਾਨੂੰ ਗੱਲਾਂ ਕਰਦੇ ਸੁਣਿਆ ਹੈ।"

ਕੋਈ ਹੋਰ ਕਹਿੰਦਾ, "ਲਿਖੀਂ, ਅਸੀਂ ਕੋਈ ਅਜਿਹਾ ਵਾਰ ਨਹੀਂ ਸਹਿਆ, ਜਿਸ ਦਾ ਅਸੀਂ ਮੋੜਵਾਂ ਜਵਾਬ ਨਾ ਦਿੱਤਾ ਹੋਵੇ, ਭਾਵੇਂ ਉਸ ਲਈ ਸਾਨੂੰ ਕਿੰਨੀ ਵੀ ਕੀਮਤ ਕਿਉਂ ਨਾ ਚੁਕਾਉਣੀ ਪਈ ਹੋਵੇ। ਲਿਖੀਂ ਕਿ ਅਸੀਂ ਹਿੰਦੁਸਤਾਨ ਦੀ ਆਜ਼ਾਦੀ ਲਈ ਨਿਰ੍ਹੀਆਂ ਗੱਲਾਂ ਬਾਤਾਂ ਨਾਲ ਨਹੀਂ, ਸਗੋਂ ਹੱਥਾਂ ਵਿਚ ਹਥਿਆਰ ਫੜ ਕੇ ਖੜੇ ਹੋਏ। ਅਸੀਂ ਉਸ ਸਮੇਂ ਆਜ਼ਾਦੀ ਲਈ ਲੜੇ ਜਦੋਂ

ਸਾਰਾ ਹਿੰਦੁਸਤਾਨ ਗੁਲਾਮੀ ਦੀਆਂ ਨੂੰ ਜ਼ੰਜੀਰਾਂ ਨੂੰ ਛਾਤੀ ਨਾਲ ਲਾਈ ਬੈਠਾ ਸੀ ਅਤੇ ਉਸ ਦੇ ਨੇਤਾ ਛੋਟੇ ਛੋਟੇ ਸੁਧਾਰਾਂ ਲਈ ਭੀਖ ਮੰਗਦੇ ਸਨ। ਅਸੀਂ ਹਿੰਦੁਸਤਾਨ ਦੀ ਜਾਗਰਤੀ ਲਈ ਯਕੀਨ ਨਾਲ ਅਤੇ ਨਿਰਭੈ ਹੋ ਕੇ ਕੰਮ ਕੀਤਾ। ਹਨੇਰੇ ਵਿਚ ਵੀ ਸਾਨੂੰ ਰੋਸ਼ਨੀ ਦਾ ਯਕੀਨ ਸੀ।"

"ਮਲੂਕਿਆ ਇਹ ਸਭ ਲਿਖੀਂ ਅਤੇ ਆਪਣੇ ਖੌਲਦੇ ਖ਼ੂਨ ਨਾਲ ਲਿਖੀਂ। ਅਸੀਂ ਤਾਂ ਉਚੋਂ ਮਰ ਮਿਟ ਗਏ ਹੋਵਾਂਗੇ ਪਰ ਸਾਡੇ ਬੱਚੇ ਇਹ ਕਹਾਣੀ ਮਾਣ ਨਾਲ ਪੜ੍ਹਨਗੇ। ਸਾਰਾ ਭਾਰਤ ਵਰਸ਼ ਇਸ ਨੂੰ ਪੜ੍ਹੇਗਾ ਤੇ ਯਾਦ ਰਖੇਗਾ।"

ਜੋ ਕੁਝ ਮਲੂਕੇ ਨੇ ਹੌਲੀ ਹੌਲੀ ਸਿੱਖਿਆ ਉਸ ਨਾਲ ਉਹ ਧੁਰ ਅੰਦਰ ਤੱਕ ਪਰਭਾਵਿਤ ਹੋਇਆ ਸੀ। ਉਹ ਪੰਜਾਬ ਦੇ ਪਿੰਡਾਂ ਤੋਂ ਆਏ ਇਨ੍ਹਾਂ ਸਾਧਾਰਣ ਬੰਦਿਆਂ ਦੀ ਸਖ਼ਤ ਮੁਸ਼ਕਲਾਂ ਨਾਲ ਦੋ ਹੱਥ ਕਰਨ ਦੀ ਕਾਬਲੀਅਤ ਅਤੇ ਹੈਰਾਨੀ ਭਰੇ ਸਵੈ-ਵਿਸ਼ਵਾਸ ਦੀ ਸਿਫ਼ਤ ਕਰਨੋਂ ਨਾ ਰਹਿ ਸਕਦਾ। ਇਸ ਤੋਂ ਵੀ ਵੱਧ ਉਹ ਉਹਨਾਂ ਦੀ ਸਿਆਸੀ ਸੂਝ-ਬੂਝ 'ਤੇ ਹੈਰਾਨ ਹੁੰਦਾ ਹੈ। ਉਨ੍ਹਾਂ ਲਈ ਵਿਸ਼ਵਾਸ ਕਰਨ ਦਾ ਅਰਥ ਸੀ, ਕਰਮ ਕਰਨਾ। ਟੀਚੇ 'ਤੇ ਪਹੁੰਚਣ ਲਈ ਉਹਨਾਂ ਵਿਚ ਗਿਆਨ ਤੇ ਤਜਰਬੇ ਦੀ ਜੋ ਥੋੜ੍ਹੀ ਬਹੁਤ ਕਮੀ ਸੀ ਉਸ ਨੂੰ ਉਹਨਾਂ ਦਾ ਜੋਰਾ ਅਤੇ ਦ੍ਰਿੜ੍ਹ ਇਰਾਦਾ ਪੂਰੀ ਕਰ ਦਿੰਦਾ ਸੀ।

"ਮਲੂਕਿਆ ਤੂੰ ਜ਼ਰੂਰ ਪੜ੍ਹਨਾ ਲਿਖਣਾ ਸਿੱਖੀ।"

"ਤੂੰ ਸਾਡੀ ਕਹਾਣੀ ਜ਼ਰੂਰ ਲਿਖੀਂ ਮਲੂਕਿਆ।"

"ਤੂੰ ਜ਼ਰੂਰ ਪੜ੍ਹੀਂ।"

ਕਈ ਵਾਰੀ ਹੌਲੀ ਹੌਲੀ ਬੋਲੀਆਂ ਇਹ ਤਾਕੀਦੀ-ਆਵਾਜ਼ਾਂ ਰਾਤ ਦੀ ਚੁੱਪ ਚਾਂ ਵਿਚ ਅੱਧ ਸੁੱਤੇ ਮਲੂਕੇ ਨੂੰ ਸੁਣਾਈ ਦਿੰਦੀਆਂ। ਕਈ ਵਾਰ ਕੰਮ ਉੱਤੇ ਜਦੋਂ ਮਲੂਕਾ ਪਸੀਨੋ-ਪਸੀਨਾ ਹੋਇਆ ਹੁੰਦਾ ਤਾਂ ਮਿੱਲ ਦੇ ਸ਼ੋਰ ਵਿਚ ਇਹ ਆਵਾਜ਼ਾਂ ਉਸ ਨੂੰ ਕੰਮ ਸ਼ੁਰੂ ਕਰਨ ਲਈ ਵੱਜੀ ਘੰਟੀ ਵਾਂਗ ਸੁਣਾਈ ਦਿੰਦੀਆਂ। ਕਦੇ-ਕਦੇ ਜਦੋਂ ਉਹ ਫਰੇਜ਼ਰ ਦਰਿਆ ਦੇ ਕੰਢੇ ਬੈਠਾ ਇਸ ਦੇ ਵਹਾਅ ਦਾ ਸੰਗੀਤ ਸੁਣ ਰਿਹਾ ਹੁੰਦਾ ਤਾਂ ਉਹ ਇਹਨਾਂ ਆਵਾਜ਼ਾਂ ਬਾਰੇ ਸੋਚਦਾ।

7

ਹ'ਲੇ ਵੀ ਅੰਗਰੇਜ਼ੀ ਨਾ ਬੋਲ ਸਕਣ ਵਾਲੇ ਬਜ਼ੁਰਗ ਦਲੀਪ ਸਿੰਘ ਨੇ ਦੱਸਿਆ, "ਜਦੋਂ ਅਸੀਂ 'ਗਰੋਸਰੀ' ਖ਼ਰੀਦਣ ਜਾਣਾ ਸੀ ਤਾਂ ਜਿਹੜੀ ਚੀਜ਼ ਸਾਨੂੰ ਚਾਹੀਦੀ ਹੋਣੀ ਉਹ ਨਮੂਨੇ ਲਈ ਥੋੜ੍ਹੀ ਜਿਹੀ ਕੋਲ ਲੈ ਜਾਣੀ। ਪਰ ਦੁੱਧ ਬਾਰੇ ਇਸ ਤਰ੍ਹਾਂ ਕਰਨਾ ਅਸੰਭਵ ਸੀ। ਇਕ ਵਾਰ ਅਸੀਂ ਜਦੋਂ ਦੁੱਧ ਲੈਣ ਗਏ ਤਾਂ ਗੁਰਦਾਸ, ਜਿਹੜਾ ਸਾਡੇ ਸਭ ਵਿਚੋਂ ਸਕੀਮੀ ਹੁੰਦਾ ਸੀ, ਦੁਕਾਨਦਾਰ ਦੀ ਘਰ ਵਾਲੀ ਦੇ ਸਾਹਮਣੇ ਗਾਂ ਦੀ ਫੋਟੋ ਬਣਾਉਣ ਲੱਗਾ। ਦੁਕਾਨਦਾਰ ਦੀ ਜੁਆਨ ਘਰ ਵਾਲੀ ਤਾਲਬੱਧ ਸਾਹ-ਗਤੀ ਨਾਲ ਆਪਣੀ ਗੱਦਰੀ ਹੋਈ ਭਾਰੀ ਛਾਤੀ ਮਟਕਾਉਂਦੀ ਉਹਦੇ ਵਲ ਬੜੀ ਨੀਝ ਨਾਲ ਦੇਖੇ। ਜਦ ਗੁਰਦਾਸ ਫੋਟੋ ਬਣਾ ਹਟਿਆ ਤਾਂ ਦੁਕਾਨਦਾਰਨੀ ਨੂੰ ਇਹ ਪਤਾ ਨਾ ਲੱਗੇ ਕਿ ਅਸੀਂ ਦੁੱਧ ਲੈਣਾ ਕਿ ਮੱਖਣ। ਤਾਂ ਗੁਰਦਾਸ ਨੇ ਆਪਣੀ ਛਾਤੀ ਕੋਲ ਆਪਣੀ ਢਿੱਲੀ ਜਿਹੀ ਮੁੱਠ ਬੰਦ ਕਰ ਕੇ ਅੰਗੂਠੇ ਦੀ ਦਾਬ ਨਾਲ ਦੁੱਧ ਚੋਣ ਵਾਲੀ ਅਦਾਕਾਰੀ ਕੀਤੀ। ਦੁਕਾਨਦਾਰਨੀ ਨੇ ਖ਼ੁਸ਼ੀ-ਖ਼ੁਸ਼ੀ ਮੁਸਕਰਾਉਂਦਿਆਂ ਸਾਨੂੰ ਬਰਫ ਵਿਚ ਲੱਗੀ ਦੁੱਧ ਦੀ ਬੋਤਲ ਕੱਢ ਕੇ ਦੇ ਦਿੱਤੀ।"

ਜੱਗੇ ਨੇ ਗੱਲ ਅੱਗੇ ਤੋਰੀ, "ਸਾਡੇ ਇਹ ਦੋਵੇਂ ਪੱਗਾਂ ਵਾਲੇ ਗੁਣੀ-ਗਿਆਨੀ ਜਿਹਨਾਂ ਦੀਆਂ ਦਾਹੜੀਆਂ ਲੰਮੀਆਂ ਤੇ ਅੰਗਰੇਜ਼ੀ ਛੋਟੀ ਸੀ, ਇਕ ਵਾਰੀ ਆਂਡੇ ਖ਼ਰੀਦਣ ਗਏ। ਇਹਨਾਂ ਨੂੰ ਨਹੀਂ ਸੀ ਪਤਾ ਬਈ ਕੁਕੜੀ ਦੇ ਫਲ ਨੂੰ ਅੰਗਰੇਜ਼ੀ ਵਿਚ ਕੀ ਕਹਿੰਦੇ ਹਨ। ਤਾਂ ਇਕ ਜਣਾ ਥੋੜ੍ਹਾ ਜੇਹਾ ਕੋੜਾ ਜਿਹਾ ਹੋ ਕੇ ਤੁਰਨ ਲੱਗਾ ਤੇ ਨਾਲੇ ਕੁੜ ਕੁੜ ਕਰਨ ਲੱਗਾ ਅਤੇ ਦੂਜਾ ਜਣਾ ਆਪਣੀ ਪੈਂਟ ਦੀ ਜੇਬ 'ਚੋਂ ਦੁੱਧ ਚਿੱਟੇ ਵੱਟੇ ਹੇਠਾਂ ਸੁੱਟਣ ਲੱਗਾ। ਉਹਨਾਂ ਦੀ ਇਸ ਅਦਾ 'ਤੇ ਔਰਤਾਂ ਇੰਨੀਆਂ ਖ਼ੁਸ਼ ਹੋਈਆਂ ਕਿ ਉਹਨੀਂ ਉਹਨਾਂ ਨੂੰ ਆਂਡੇ ਮੁਫ਼ਤ ਦੇ ਦਿੱਤੇ। ਉਹ ਕਹਿੰਦੀਆਂ ਕਿ ਉਹਨਾਂ ਜ਼ਿੰਦਗੀ ਵਿਚ ਪਹਿਲਾਂ ਕਦੀ ਕਾਲੀਆਂ ਦਾਹੜੀਆਂ ਵਾਲੀਆਂ ਕੁਕੜੀਆਂ ਨਹੀਂ ਸਨ ਦੇਖੀਆਂ।"

ਪਰ ਕੰਮ ਲੱਭਣ ਦੇ ਮਾਮਲੇ ਵਿਚ ਉਹਨਾਂ ਨੂੰ ਕਾਫੀ ਸੰਜੀਦਾ ਕਿਸਮ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਸੀ। ਜੇਹੋ ਜਿਹਾ ਵੀ ਕੰਮ ਮਿਲਦਾ ਉਹ

ਕਰਦੇ। ਕਈਆਂ ਨੇ ਸਵਾ ਡਾਲਰ ਦਿਹਾੜੀ 'ਤੇ ਜੰਗਲ ਸਾਫ ਕਰਨ ਦਾ, ਜਾਂ ਕੈਨੇਡੀਅਨ ਪੈਸੇਫਿਕ ਰੇਲਵੇ ਦੀ ਲਾਈਨ ਵਿਛਾਉਣ ਜਾਂ ਮਿੱਟੀ ਨਾਲ ਗੱਡੀਆਂ ਭਰਨ ਦਾ ਕੰਮ ਕੀਤਾ। ਪਰ ਉਹ ਅਜਿਹਾ ਕੰਮ ਚਾਹੁੰਦੇ ਸੀ ਜੋ ਪੱਕਾ ਹੋਵੇ ਅਤੇ ਕੰਮ ਦੇ ਨਾਲ ਕੰਮ ਦੇ ਲਾਗੇ ਬਣੇ ਰਿਹਾਇਸ਼ੀ ਮਕਾਨ ਵੀ ਹੋਣ। ਪਰ ਇਹਨਾਂ ਥਾਵਾਂ ਤੇ ਮਾਲਕ ਉਹਨਾਂ ਨੂੰ ਰੱਖਣ ਤੋਂ ਕਤਰਾਉਂਦੇ ਸਨ।

ਕਈ ਅੰਗਰੇਜ਼ ਜਿਹਨਾਂ ਨੇ ਹਿੰਦੁਸਤਾਨ ਦੀ ਫ਼ੌਜ ਵਿਚ ਅਫ਼ਸਰੀ ਕੀਤੀ ਸੀ, ਰੀਟਾਇਰ ਹੋ ਕੇ ਬਰਿਟਿਸ਼ ਕੋਲੰਬੀਆ ਤੇ ਖ਼ਾਸ ਕਰ ਵਿਕਟੋਰੀਆ ਅਤੇ ਵੈਨਕੂਵਰ ਆਈਲੈਂਡ ਵਿਚ ਆ ਵਸੇ ਸੀ। ਉਹਨਾਂ ਨੇ ਸਿੱਖਾਂ ਨੂੰ ਲੜਾਈ ਦੇ ਮੈਦਾਨਾਂ ਜਿਵੇਂ ਕਹਿਰਾਂ ਦੀ ਸਰਦੀ ਵਾਲੀ, ਹਿੰਦੁਸਤਾਨ ਦੀ ਉੱਤਰ-ਪੱਛਮੀ ਸਰਹੱਦ, ਬਰਮਾਂ ਦੇ ਹੁੰਮਸ ਭਰੇ ਅਤੇ ਸਿੱਲ੍ਹੇ ਜੰਗਲਾਂ ਵਿਚ, ਸੋਮਾਲੀਲੈਂਡ ਦੇ ਖ਼ੁਸ਼ਕ ਮੈਦਾਨਾਂ ਅਤੇ ਬਾਅਦ ਵਿਚ ਥਲੈਂਡਰਜ਼ ਅਤੇ ਫ਼ਰਾਂਸ ਵਿਚ ਵੀ ਬਹੁਤ ਨੇੜੇ ਹੋ ਕੇ ਦੇਖਿਆ ਸੀ। ਅਤੇ ਲੜਾਈ ਦੇ ਮੋਰਚਿਆਂ ਵਿਚ ਮੌਤ ਦੇ ਡਰ ਜਾਂ ਆਹਮੋ ਸਾਹਮਣੀ ਮੁੱਠਭੇੜ ਵਿਚ ਲਿਸ਼ਕਦੀਆਂ ਸੰਗੀਨਾਂ ਦਾ ਸਾਹਮਣਾ ਕਰਦੇ ਫ਼ੌਜੀਆਂ ਵਿਚ ਇਕ ਖ਼ਾਸ ਕਿਸਮ ਦੀ ਦੋਸਤੀ ਪੈਦਾ ਹੋ ਜਾਂਦੀ ਹੈ ਅਤੇ ਇਹ ਦੋਸਤੀ ਪਰਖੀ ਹੋਈ ਬਹਾਦਰੀ ਅਤੇ ਵਫ਼ਾਦਾਰੀ ਤੋਂ ਜਨਮ ਲੈਂਦੀ ਹੈ। ਇਸ ਤਰ੍ਹਾਂ ਇਹ ਫ਼ੌਜੀ ਸਹਿਜੇ ਹੀ ਰੰਗ ਅਤੇ ਨਸਲਾਂ ਦੇ ਵਿਤਕਰੇ ਤੋਂ ਉੱਪਰ ਉੱਠ ਜਾਂਦੇ ਹਨ। ਇਸ ਲਈ ਜਿਸ ਥਾਂ ਕੋਈ ਰੀਟਾਇਰਡ ਅੰਗਰੇਜ਼ ਅਫ਼ਸਰ ਜਾਂ ਉਸ ਦੀ ਫ਼ੈਮਿਲੀ ਦਾ ਮੈਂਬਰ ਸੁਪਰਡੈਂਟ ਜਾਂ ਫੋਰਮੈਨ ਲੱਗਾ ਹੁੰਦਾ ਸੀ, ਉੱਥੇ ਸਿੱਖਾਂ ਨੂੰ ਸੌਖਿਆਂ ਹੀ ਕੰਮ ਮਿਲ ਜਾਂਦਾ ਸੀ।

ਨੱਥਾ ਸਿੰਘ ਨੇ ਦੱਸਿਆ, "ਫਰੇਜ਼ਰ ਦਰਿਆ ਕੰਢੇ, ਨਿਊ ਵੈਸਟਮਿਨਸਟਰ ਸ਼ਹਿਰ ਤੋਂ ਅੱਗੇ ਲੱਕੜੀ ਦੀ ਇਕ ਵੱਡੀ ਮਿੱਲ ਹੁੰਦੀ ਸੀ। ਉਸ ਮਿੱਲ ਦੇ ਸੁਪਰਡੈਂਟ ਦਾ ਨਾਂ ਮਿਸਟਰ ਹਾਰਕੋਰਟ ਸੀ। ਉਹ ਪਿਸ਼ਾਵਰ ਵਿਚ ਜੰਮਿਆ ਸੀ ਜਿਥੇ ਉਸ ਦਾ ਪਿਉ ਇਕ ਸਿੱਖ ਰਜਮੈਂਟ ਦਾ ਕੈਪਟਨ ਸੀ। ਗੋਰੇ ਮਜ਼ਦੂਰਾਂ ਦੀ ਨਰਾਜ਼ਗੀ ਦੇ ਬਾਵਜੂਦ ਉੱਥੇ ਉਹਨੇ ਵੱਡੀ ਗਿਣਤੀ ਵਿਚ ਸਿੱਖਾਂ ਨੂੰ ਗਰੀਨ ਚੇਨ 'ਤੇ ਕੰਮ 'ਤੇ ਰੱਖਿਆ ਸੀ। ਆਮ ਤੌਰ 'ਤੇ ਜਿੰਨੇ ਵੀ ਬੰਦੇ ਚਾਹੀਦੇ ਸਨ ਉਹਨਾਂ ਨਾਲੋਂ ਘੱਟ ਉਹਨੇ ਚੇਨ 'ਤੇ ਰੱਖੇ। ਜਿਹੜੇ ਰੱਖੇ ਵੀ ਉਹ ਸਾਡੇ ਸਾਥਿਆਂ ਵਿਚੋਂ ਤਕੜੇ ਚੁਣ ਕੇ। ਸਾਰੀ ਦਿਹਾੜੀ ਉਹਨਾਂ ਦੇਹ ਤੋੜ ਕੇ ਕੰਮ ਕੀਤਾ। ਕਈ ਵਾਰੀ

ਜਦੋਂ ਫੱਟੇ ਹੜ੍ਹ ਵਾਂਗ ਆਏ ਤਾਂ ਉਹਨਾਂ ਨੂੰ ਖਿੱਚਦਿਆਂ ਕਾਹਲੀ ਅਤੇ ਹਫੜਾ-ਦਫੜੀ ਵਿਚ ਉਹਨਾਂ ਦੀਆਂ ਪੱਗਾਂ ਲਹਿ ਗਈਆਂ ਪਰ ਮਜਾਲ ਆ ਕਿ ਉਹਨਾਂ ਇਕ ਵੀ ਫੱਟਾ ਅਗਾਂਹ ਜਾਣ ਦਿੱਤਾ ਹੋਵੇ। ਉਹਨਾਂ ਦਾ ਹਠ ਤੇ ਤਾਣ ਦੇਖ ਕੇ ਗੋਰੇ ਬੜੇ ਹੈਰਾਨ ਹੋਏ। ਇਸ ਤੋਂ ਵੀ ਜ਼ਿਆਦਾ ਹੈਰਾਨ ਉਹ ਦੂਜੇ ਦਿਨ ਸਵੇਰ ਨੂੰ ਹੋਏ ਜਦੋਂ ਉਹਨਾਂ ਸਾਰੇ ਸਿੱਖਾਂ ਨੂੰ ਮੂੰਹਾਂ ਵਿਚ ਦਾਤਣਾਂ ਕਰਨ ਲਈ 'ਸੀਡਰ' ਦੀਆਂ ਤਾਜ਼ੀਆਂ ਟਾਹਣੀਆਂ ਲਈ ਫਿਰਦੇ ਦੇਖਿਆ। ਦੁਪਹਿਰੇ ਲੰਚ ਵੇਲੇ ਗੋਰਿਆਂ ਦੇ 'ਕੁਕ ਹਾਊਸ' ਵਿਚ ਇਹ ਗੱਲ ਆਮ ਸੁਣਾਈ ਦਿੰਦੀ ਸੀ : "ਚਾਰਲੀ ਤੂੰ ਦੇਖਿਆ ਸਵੇਰੇ ਉਹਨਾਂ ਦਾਹੜੀਆਂ ਵਾਲਿਆਂ ਨੇ ਬਰੇਕਫਾਸਟ (ਹਾਜਰੀ) ਵਜੋਂ ਕੀ ਖਾਧਾ ਸੀ ?"

ਸਿੱਖਾਂ ਦੇ ਵਧੀਆ ਕਾਮੇ ਹੋਣ ਦੀ ਗੱਲ ਫਰੇਜ਼ਰ ਦਰਿਆ ਅਤੇ ਫਾਲਸ ਕਰੀਕ ਕੰਢੇ ਹੋਰ ਮਿੱਲਾਂ ਵਿਚ ਛੇਤੀ ਹੀ ਧੁੰਮ ਗਈ। ਛੇਤੀ ਹੀ ਉਹਨਾਂ ਨੂੰ ਨੌਰਥ ਵੈਨਕੂਵਰ, ਪੋਰਟ ਮੂਡੀ ਅਤੇ ਉਸ ਤੋਂ ਵੀ ਅੱਗੇ ਬੁਰਾਰਡ ਇਨਲਿਟ ਤੱਕ ਅਤੇ ਵੈਨਕੂਵਰ ਆਈਲੈਂਡ ਵਿਚ ਨਨਾਇਮੋ, ਪੋਰਟ ਅਲਬਰਨੀ, ਡੰਕਨ ਅਤੇ ਵਿਕਟੋਰੀਆ ਵਰਗੇ ਸ਼ਹਿਰਾਂ ਵਿਚ ਲੱਗੀਆਂ ਮਿੱਲਾਂ ਵਿਚ ਕੰਮ ਮਿਲਣ ਲੱਗਾ। ਕਈ ਇੰਟੀਰੀਅਰ ਵਿਚ ਪ੍ਰਿੰਸ ਜਾਰਜ ਅਤੇ ਉੱਤਰ ਵਿਚ ਓਸ਼ਨ ਫਾਲਜ਼ ਅਤੇ ਪ੍ਰਿੰਸ ਰੂਪਰਟ ਤੱਕ ਕੰਮ ਲੱਭਣ ਗਏ।

"ਤੁਸੀਂ ਫ਼ੌਜੀ ਅੰਗਰੇਜ਼ ਦੀ ਸਿਫ਼ਤ ਕਰਨੋਂ ਨਹੀਂ ਰਹਿ ਸਕਦੇ। ਆਪਣੇ ਭਾੜੇ ਦੇ ਟੱਟੂਆਂ ਦੇ ਦਿਮਾਗ਼ ਵਿਚ ਗ਼ੁਲਾਮੀ ਭਰਨ ਵਿਚ ਅੰਗਰੇਜ਼ ਇਕਦਮ ਕਾਮਯਾਬ ਰਹੇ ਹਨ", ਗੰਡਾ ਸਿੰਘ ਨੇ ਟੋਕਿਆ।

"ਤੇਰੇ ਖ਼ਿਆਲ ਵਿਚ ਜਿਹੜਾ ਬੰਦਾ ਦਿਹਾੜੀ 'ਤੇ ਕੰਮ ਕਰਦਾ ਉਹ ਭਾੜੇ ਦਾ ਟੱਟੂ ਨਹੀਂ ?" ਨੱਥਾ ਸਿੰਘ ਨੇ ਪੁੱਛਿਆ। "ਫ਼ੌਜ ਦਾ ਆਪਣਾ ਡਸਿਪਲਿਨ ਹੁੰਦਾ ਹੈ। ਫ਼ੌਜੀ ਸਿਆਸਤਦਾਨਾਂ ਵਾਂਗ ਐਵੀਂ ਜਭਲੀਆਂ ਨਹੀਂ ਮਾਰ ਸਕਦੇ। ਪਰ ਮੈਂ ਇਹਨੂੰ ਦਿਮਾਗ਼ੀ ਗ਼ੁਲਾਮੀ ਨਹੀਂ ਮੰਨਦਾ। ਇਹਦੇ ਨਾਲ ਫ਼ੌਜੀਆਂ ਵਿਚ ਵਫ਼ਾਦਾਰੀ ਆਉਂਦੀ ਹੈ ਤੇ ਵਫ਼ਾਦਾਰੀ ਦਾ ਪੱਕਾ ਪਤਾ ਜੰਗ ਦੇ ਮੈਦਾਨ ਵਿਚ ਹੀ ਲੱਗਦਾ ਹੈ। ਇਕੱਲੇ ਆਪਣੇ ਹੌਂਸਲੇ ਦੇ ਸਿਰ 'ਤੇ ਮੌਤ ਦਾ ਸਾਹਮਣਾ ਕਰ ਰਹੇ ਜਣਿਆਂ ਵਿਚਕਾਰ ਸੁਭਾਵਿਕ ਹੀ ਨਿਸ਼ਕਪਟ ਮੋਹ ਪੈਦਾ ਹੋ ਜਾਂਦਾ ਹੈ। ਸਾਰਿਆਂ

ਦੇ ਖ਼ੂਨ ਦਾ ਰੰਗ ਤਾਂ ਲਾਲ ਹੀ ਹੁੰਦਾ ਹੈ।"

"ਜਿਸ ਤਰ੍ਹਾਂ ਜਗੀਰਦਾਰ ਆਪਣੇ ਕਰਿੰਦਿਆਂ ਦਾ ਧਿਆਨ ਰੱਖਦੇ ਹਨ ਉਸੇ ਤਰ੍ਹਾਂ ਅੰਗਰੇਜ਼ ਆਪਣੇ ਸਿਪਾਹੀਆਂ ਦਾ ਧਿਆਨ ਰੱਖਦੇ ਹਨ। ਮਾਲਕਾਂ ਦੇ ਹਿੱਤ ਆਪਣੇ ਗੁਲਾਮਾਂ ਨਾਲ ਸਿੱਧੇ ਬੱਝੇ ਹੋਏ ਹੁੰਦੇ ਹਨ", ਗੰਡਾ ਸਿੰਘ ਬੋਲਿਆ।

"ਬਈ ਗੰਡਿਆ ਤੂੰ ਹਮੇਸ਼ਾਂ ਮਜ਼ਦੂਰਾਂ ਦੀ ਏਕਤਾ ਦੀ ਜ਼ਰਾ ਬਹੁਤੀ ਹੀ ਗੱਲ ਕਰਦਾ" ਨੱਥਾ ਸਿੰਘ ਨੇ ਟੋਕਿਆ। "ਅਤੇ ਤੇਰਾ ਖ਼ਿਆਲ ਹੈ ਕਿ ਮਜ਼ਦੂਰ ਏਕਤਾ ਦੁਨੀਆਂ 'ਤੇ ਸਵਰਗ ਲਿਆਵੇਗੀ। ਪਰ ਉਹ ਏਕਤਾ ਹੈ ਕਿੱਥੇ ? ਜਦੋਂ ਗੋਰੇ ਮਜ਼ਦੂਰ ਸਾਡੇ ਵਰਗੇ ਲੋਕਾਂ ਬਾਰੇ ਗੱਲ ਕਰਦੇ ਹਨ ਤਾਂ ਉਹਨਾਂ ਦੇ ਮੂੰਹਾਂ 'ਚੋਂ ਨਫਰਤ ਦੀ ਝੱਗ ਵਗਦੀ ਹੈ। ਉਹ ਆਪਾਂ ਨੂੰ ਯੂਨੀਅਨ ਦਾ ਮੈਂਬਰ ਵੀ ਨਹੀਂ ਬਣਾਉਂਦੇ। ਲੱਕੜ ਦੀਆਂ ਮਿੱਲਾਂ ਵਿਚ ਯੂਨੀਅਨ ਹੈ ਹੀ ਨਹੀਂ, ਇਸ ਕਰਕੇ ਆਪਾਂ ਨੂੰ ਕੰਮ ਮਿਲ ਜਾਂਦਾ ਹੈ। ਜਿਹੜੇ ਅੰਗਰੇਜ਼ ਅਫ਼ਸਰ ਆਪਣੀ ਮਦਦ ਕਰਦੇ ਹਨ ਉਹ ਸੱਚੇ ਦਿਲੋਂ ਕਰਦੇ ਹਨ। ਤੇਰਾ ਸੁਫਨਾ ਸ਼ਾਇਦ ਕਿਸੇ ਦਿਨ ਪੂਰਾ ਹੋ ਜਾਵੇ ਪਰ ਹਾਲੇ ਆਸ ਨਹੀਂ।"

8

ਭਾਵੇਂ ਵੱਡੀ ਗਿਣਤੀ ਵਿਚ ਪੰਜਾਬੀਆਂ ਨੂੰ ਬੀ. ਸੀ. ਦੀ ਵੱਧ ਫੁੱਲ ਰਹੀ ਲੱਕੜ ਦੀ ਸਨਅਤ ਵਿਚ ਕੰਮ ਮਿਲ ਜਾਂਦਾ ਸੀ, ਪਰ ਇਸ ਦਾ ਇਹ ਮਤਲਬ ਨਹੀਂ ਸੀ ਕਿ ਉਹਨਾਂ ਦੀਆਂ ਮੁਸ਼ਕਲਾਂ ਦਾ ਹੱਲ ਹੋ ਗਿਆ ਹੋਵੇ। ਉਹਨਾਂ ਨੂੰ ਮਿਊਂਸਪਲ, ਸੂਬੇ ਜਾਂ ਦੇਸ਼ ਪੱਧਰ ਦੀਆਂ ਚੋਣਾਂ ਵਿਚ ਵੋਟ ਪਾਉਣ ਦਾ ਕੋਈ ਅਧਿਕਾਰ ਨਹੀਂ ਸੀ। ਗੋਰਿਆਂ ਵਿਚਕਾਰ 'ਸ਼ਰੀਫ਼ ਜ਼ਾਦਿਆਂ ਦੇ ਸਮਝੌਤੇ' ਅਨੁਸਾਰ ਪੰਜਾਬੀਆਂ ਨੂੰ ਹੁਨਰੀ ਜਾਂ ਅਰਧ-ਹੁਨਰੀ ਕੰਮਾਂ ਤੋਂ ਵੀ ਵਾਂਝਿਆਂ ਰੱਖਿਆ ਜਾਂਦਾ ਸੀ। ਉਹ ਮਹਿਸੂਸ ਕਰਦੇ ਕਿ ਇਹ ਸਭ ਬੇਇਜ਼ਤੀ ਉਹਨਾਂ ਨੂੰ ਇਸ ਕਰ ਕੇ ਸਹਿਣੀ ਪੈਂਦੀ ਹੈ ਕਿ ਉਹ ਉਸ ਮੁਲਕ ਵਿਚ ਜੰਮੇ ਸਨ, ਜਿੱਥੇ ਮੁੱਠੀ ਭਰ ਗੋਰੇ

ਰਾਜ ਕਰਦੇ ਸੀ। ਇਹਨਾਂ ਅਣਖੀਲੇ ਅਤੇ ਆਜ਼ਾਦ ਤਬੀਅਤ ਲੋਕਾਂ ਨੂੰ ਇਸ ਤਰ੍ਹਾਂ ਦੀ ਇਕ-ਪਾਸੜ ਬੇਇਜ਼ਤੀ ਅਤੇ ਇਕਤਰਫਾ ਹਿੰਸਾ ਸਹਿਣੀ ਬੜੀ ਦੁਖ-ਦਾਇਕ ਲਗਦੀ। ਉਹ ਕੈਨੇਡਾ ਵਿਚ ਮੰਗਤੇ ਬਣ ਕੇ ਨਹੀਂ ਆਏ ਸਨ। ਕਿਸੇ ਅਨਜਾਣੀ ਅਤੇ ਦੁਰੇਡੀ ਧਰਤੀ ਵਲ ਸਫ਼ਰ ਕਰਨ ਲਈ ਤੁਹਾਡੇ ਕੋਲ ਲੁੜੀਂਦੇ ਸਾਧਨ, ਦ੍ਰਿੜ੍ਹ ਇਰਾਦਾ ਅਤੇ ਉਤਸ਼ਾਹ ਚਾਹੀਦਾ ਹੈ। ਤੁਹਾਨੂੰ ਉੱਦਮੀ, ਅਭਿਲਾਸ਼ੀ ਅਤੇ ਆਮ ਲੋਕਾਂ ਦੇ ਮੁਕਾਬਲੇ ਵੱਧ ਸਾਹਸੀ ਹੋਣਾ ਚਾਹੀਦਾ ਹੈ। ਇਹਨਾਂ ਸਭ ਸਿਫ਼ਤਾਂ, ਜਿਹੜੀਆਂ ਇਕ ਅਵਾਸੀ ਲਈ ਬਹੁਤ ਜ਼ਰੂਰੀ ਹਨ, ਦੇ ਨਾਲ ਸਖਤ ਕੰਮ ਕਰਨ ਅਤੇ ਸੰਜਮ ਨਾਲ ਰਹਿਣ ਦੀ ਯੋਗਤਾ ਨੇ ਉਹਨਾਂ ਵਿਰੁੱਧ ਇਕ ਰੋਸ ਅਤੇ ਸਾੜਾ ਪੈਦਾ ਕਰ ਦਿੱਤਾ ਸੀ।

ਕੰਮਾਂ ਤੇ ਨਿੱਕੀਆਂ-ਨਿੱਕੀਆਂ ਗੱਲਾਂ ਤੋਂ ਲੜਾਈ ਹੋਣੀ, ਪਹਿਲਾਂ ਪਹਿਲ ਆਮ ਗੱਲ ਸੀ। ਸਨਿੱਚਰਵਾਰ ਸ਼ਾਮ ਨੂੰ ਜਦੋਂ ਪੰਜਾਬੀ ਕਾਮੇ ਮਨ ਪ੍ਰਚਾਵੇ ਲਈ ਸ਼ਹਿਰ ਵਲ ਆਉਂਦੇ ਤਾਂ ਬਹੁਤੀ ਵਾਰੀ ਗੋਰਿਆਂ ਦਾ ਗੁੱਸਾ ਹਿੰਸਾ ਦੇ ਰੂਪ ਵਿਚ ਸਾਹਮਣੇ ਆਉਂਦਾ। ਗੋਰਿਆਂ ਵਲੋਂ ਇਹ ਲੜਾਈਆਂ ਪਬਲਿਕ ਬਾਰਾਂ ਜਿਵੇਂ ਬੀਅਰ ਪਾਲਰਾਂ, ਵਿਚ ਵਾਪਰਦੀਆਂ। ਇਹਨਾਂ ਲੜਾਈਆਂ ਦੀ ਸ਼ੁਰੂਆਤ ਕਦੇ ਵੀ ਪੰਜਾਬੀਆਂ ਵਲੋਂ ਨਹੀਂ ਸੀ ਹੁੰਦੀ। ਕਿਸੇ ਮੌਕੇ ਇਹ ਲੜਾਈਆਂ ਵਧੇਰੇ ਹੀ ਨਾਟਕੀ ਰੂਪ ਧਾਰਨ ਕਰ ਜਾਂਦੀਆਂ ਸਨ।

ਜੱਗਾ ਦੱਸਦਾ, "ਓਸ਼ਨ ਫਾਲ ਵਿਚਲੀ ਪਲਪ ਅਤੇ ਪੇਪਰ ਮਿੱਲ ਵਿਚ ਅਸੀਂ ਕਾਫੀ ਪੰਜਾਬੀ ਕੰਮ ਕਰਦੇ ਸੀ। ਜਦ ਅਸੀਂ ਮਿੱਲ ਨੂੰ ਕੰਮ 'ਤੇ ਜਾਂਦੇ ਜਾਂ ਮਿੱਲ ਤੋਂ ਵਾਪਿਸ ਬੰਕ ਹਾਊਸ ਆਉਂਦੇ ਤਾਂ ਰਾਹ ਵਿਚ ਛੋਟੀਆਂ ਛੋਟੀਆਂ ਢਾਣੀਆਂ ਵਿਚ ਗੋਰੇ ਸਾਡੀ ਤਰ੍ਹਾਂ-ਤਰ੍ਹਾਂ ਦੀ ਬੇਇੱਜ਼ਤੀ ਕਰਦੇ। ਪਰ ਕੰਮ ਖੁੱਸਣ ਦੇ ਡਰੋਂ ਅਸੀਂ ਉਹਨਾਂ ਨੂੰ ਕੋਈ ਜੁਆਬ ਨਾ ਦਿੰਦੇ। ਇਕ ਦਿਨ ਗੋਰਿਆਂ ਦੀ ਇਕ ਢਾਣੀ ਸੜਕ 'ਤੇ ਸਾਡਾ ਰਾਹ ਰੋਕ ਕੇ ਖੜੀ ਸੀ। ਲੱਗਦਾ ਸੀ ਕਿ ਉਹ ਸਾਡੇ ਨਾਲ ਲੜਨ ਲਈ ਤਿਆਰ ਖੜ੍ਹੇ ਸਨ।

"ਉਹਨਾਂ ਵਿਚੋਂ ਇਕ ਸਾਰਿਆਂ ਨਾਲੋਂ ਤੱਕੜਾ ਲੱਗਦਾ ਬੰਦਾ ਸਾਡੀ ਵੱਲ ਵਧਿਆ ਅਤੇ ਬਾਕੀ ਦੇ ਤਮਾਸ਼ੇ ਦੀ ਉਡੀਕ ਵਿਚ ਖੜ੍ਹੇ ਰਹੇ।"

"ਮੁਨਸ਼ਾ ਸਿੰਘ ਜਿਹੜਾ ਫੌਜ ਵਿਚ ਭਲਵਾਨ ਹੁੰਦਾ ਸੀ, ਨੇ ਸਾਨੂੰ ਚਿਤਾਵਨੀ

ਦਿੱਤੀ ਕਿ ਸਾਡੇ ਵਿਚੋਂ ਕੋਈ ਉੱਨਾ ਚਿਰ ਦਖ਼ਲ ਨਾ ਦੇਵੇ ਜਿੰਨਾ ਚਿਰ ਬਾਕੀ ਦੇ ਗੋਰੇ ਪਹਿਲ ਨਹੀਂ ਕਰਦੇ। ਉਹ ਕਹਿੰਦਾ ਇਹਨੂੰ ਮੈਂ ਆਪੇ ਹੀ ਨਜਿੱਠ ਲਊਂ।

"ਗੋਰੇ ਦਾ ਨਾਂ ਗੋਰਡ ਸੀ। ਉਹ ਕਹਿੰਦਾ, "ਗੰਦੇ ਹਿੰਦੂਓ, ਤੁਸੀਂ ਸਾਰੇ ਮੁਲਕ ਵਿਚ ਸੜਿਆਂਦ ਖਲਾਰ ਰਹੇ ਹੋ", ਇਸ ਦੇ ਨਾਲ ਹੀ ਉਹਨੇ ਮੁਨਸ਼ਾ ਸਿੰਘ ਦੇ ਮੂੰਹ ਤੇ ਘਸੁੰਨ ਮਾਰਿਆ।

"ਇੱਥੋਂ ਨਿਕਲ ਜਾਓ ਹਰਾਮੀਓ, ਨਹੀਂ ਤਾਂ ਅਸੀਂ ਕੱਢਾਂਗੇ।" ਉਹ ਪੂਰੇ ਗੁੱਸੇ ਵਿਚ ਬੋਲਿਆ ਅਤੇ ਨਾਲ ਹੀ ਉਹਨੇ ਇਕ ਹੋਰ ਮੁੱਕਾ ਮੁਨਸ਼ਾ ਸਿੰਘ ਦੇ ਜੜ੍ਹ ਦਿੱਤਾ।"

"ਮੁਨਸ਼ਾ ਸਿੰਘ ਨੇ ਜ਼ਖਮੀ ਚੀਤੇ ਵਾਂਗ ਆਪਣੇ ਪੱਠਿਆਂ ਨੂੰ ਖਿੱਚਿਆ ਅਤੇ ਬਚਾ ਲਈ ਆਪਣੀਆਂ ਬਾਹਾਂ ਮੂੰਹ ਅੱਗੇ ਕਰ ਲਈਆਂ। ਪਰ ਗੋਰਡੀ ਇਕ ਬਾਕਸਰ ਸੀ। ਉਹ ਆਲੇ ਦੁਆਲੇ ਪੱਬਾਂ ਉੱਪਰ ਭੁੜਕਦਾ ਫਿਰਦਾ ਸੀ ਅਤੇ ਜਦੋਂ ਸੂਤ ਲਗਦਾ ਇਕ ਅੱਧਾ ਮੁੱਕਾ ਜੜ ਦਿੰਦਾ।

"ਹੋਰ ਮਾਰ ਹਰਾਮੀ ਦੇ, ਹੋਰ, ਗੋਰਡੀ", ਚਿੱਟੇ ਕਾਮਿਆਂ ਨੇ ਗੋਰਡੀ ਨੂੰ ਹੱਲਾ ਸ਼ੇਰੀ ਦਿੱਤੀ।

"ਨੱਚ ਲੈਣ ਦੇ ਸਹੁਰੇ ਨੂੰ। ਬੱਸ ਜਿਗਰਾ ਕਰ ਕੇ ਆਪਣਾ ਦਮ ਰੱਖ।" ਬੁੜ੍ਹੇ ਹਰਨਾਮ ਸਿੰਘ ਨੇ ਸਲਾਹ ਦਿੱਤੀ।

"ਕੱਲੇ ਨਾਲ ਕੱਲਾ", ਇਕ ਬੁੜ੍ਹਾ ਚੀਖਿਆ। ਹਰਨਾਮ ਸਿੰਘ ਦੀ ਗੱਲ ਸੁਣ ਉਹਨੇ ਸੋਚਿਆ ਕਿ ਸਿੱਖ ਪੈਣ ਦੀ ਸਲਾਹ ਕਰਦੇ ਹਨ।

"ਦੋਨੋਂ ਮੁੱਕੇ-ਮੁੱਕੀ ਹੁੰਦੇ ਰਹੇ। ਤੇ ਅਜੇ ਤੱਕ ਮੁਨਸ਼ਾ ਸਿੰਘ ਦੇ ਜ਼ਿਆਦਾ ਲੱਗੀਆਂ ਸਨ। ਪਰ ਸਾਨੂੰ ਪਤਾ ਸੀ ਕਿ ਮੁਨਸ਼ਾ ਸਿੰਘ ਦਾ ਹੱਥ ਪੈਣ ਦੀ ਦੇਰ ਆ ਇਹ ਨੱਚਣਾ ਨੁੱਚਣਾ ਸਭ ਬੰਦ ਹੋ ਜਾਣਾ। ਤੇ ਉਹੀ ਹੋਇਆ। ਮੁਨਸ਼ਾ ਬਿਜਲੀ ਦੀ ਫੁਰਤੀ ਨਾਲ ਵਧਿਆ ਅਤੇ ਗੋਰਡੀ ਦਾ ਸੱਜਾ ਗੁੱਟ ਦੋਹਾਂ ਹੱਥਾਂ ਵਿਚ ਫੜ ਤੇਜ਼ ਝਟਕਾ ਮਾਰਿਆ ਅਤੇ ਨਾਲ ਹੀ ਆਪਣੀ ਸੱਜੀ ਲੱਤ ਨਾਲ ਠਿੱਬੀ ਮਾਰੀ ਤੇ ਗੋਰਡੀ ਨੂੰ ਹੇਠਾਂ ਸੁੱਟ ਲਿਆ।

"ਗੋਰਡੀ ਧਰਤੀ 'ਤੇ ਧੜੰਮ ਕਰ ਕੇ ਡਿੱਗ ਪਿਆ। ਮੁਨਸ਼ੇ ਨੇ ਪੂਰੇ ਭਰੋਸੇ ਨਾਲ ਉਹਦੀ ਹਿੱਕ ਤੇ ਪੈਰ ਰੱਖਿਆ ਤੇ ਬੋਲਿਆ, "ਉੱਠ ਹਰਾਮਦਿਆ, ਉੱਠ ਕੇ

ਆਪਣੀ ਸਜ਼ਾ ਭੁਗਤ ।"

"ਗੋਰਡੀ ਦੇ ਉੱਠਣ ਸਾਰ ਹੀ ਮੁਨਸ਼ੇ ਨੇ ਉਹਦਾ ਖੱਬਾ ਗੁੱਟ ਆਪਣੇ ਦੋਹਾਂ ਹੱਥਾਂ ਵਿਚ ਫੜਿਆ, ਥੋੜ੍ਹਾ ਜਿਹਾ ਝੁਕਿਆ ਅਤੇ ਇਕ ਹੀ ਝਟਕੇ ਨਾਲ ਆਪਣੇ ਉੱਤੋਂ ਦੀ ਉਹਨੂੰ ਕਈ ਫੁੱਟ ਪਰ੍ਹਾਂ ਵਗਾਹ ਮਾਰਿਆ ।"

"ਗੋਰਡੀ ਉੱਠ ਕੇ ਮੁਨਸ਼ੇ ਦੀ ਦਾਹੜੀ ਨੂੰ ਪਿਆ, ਜਿਸ ਨਾਲ ਮੁਨਸ਼ਾ ਹੋਰ ਵੀ ਗੁੱਸੇ ਵਿਚ ਆ ਗਿਆ । ਉਹਨੇ ਗੋਰਡੀ ਨੂੰ ਜੱਫਾ ਮਾਰ ਕੇ ਭੁੰਜੇ ਸੁੱਟ ਲਿਆ । ਅਤੇ ਉਥੇ ਹੀ ਕਾਬੂ ਰੱਖਿਆ । ਗੋਰਡੀ ਦੀ ਸੱਜੀ ਲੱਤ ਗੋਡੇ ਕੋਲੋਂ ਮੋੜ ਕੇ ਉਹਨੇ ਆਪਣੀਆਂ ਦੋਹਾਂ ਲੱਤਾਂ ਵਿਚ ਘੁੱਟ ਕੇ ਨਾਗਵਲ ਪਾ ਲਿਆ ।"

"ਥੋੜ੍ਹਾ ਜਿਹਾ ਦਬਾਅ ਪਾਉਣ ਨਾਲ ਗੋਡੇ ਅਤੇ ਗਿੱਟੇ ਤੇ ਪੈਂਦੀ ਖਿੱਚ ਨਾਲ ਗੋਰਡੀ ਦੀਆਂ ਲੇਰਾਂ ਨਿਕਲ ਜਾਂਦੀਆਂ ਸਨ ।"

"ਕਹਿ, ਫਿਰ ਨਹੀਂ ਏਦਾਂ ਕਰਦਾ", ਮੁਨਸ਼ੇ ਨੇ ਗੋਰਡੀ ਨੂੰ ਕਿਹਾ ।

"ਫਿਰ ਨਹੀਂ ਕਰਦਾ, ਸਿੰਘ ।"

"ਉਹਦੇ ਏਨਾ ਕਹਿਣ 'ਤੇ ਮੁਨਸ਼ੇ ਨੇ ਉਹਨੂੰ ਛੱਡ ਦਿੱਤਾ । ਗੋਰਡੀ ਉੱਠਿਆ ਤੇ ਮੁਨਸ਼ੇ ਨਾਲ ਹੱਥ ਮਿਲਾਇਆ । ਉਸ ਤੋਂ ਬਾਅਦ ਉਹਦਾ ਵਰਤਾ ਸਾਡੇ ਸਾਰਿਆਂ ਨਾਲ ਬੜਾ ਦੋਸਤਾਂ ਵਾਲਾ ਹੋ ਗਿਆ ਸੀ ।"

"ਤਾਕਤ ਵਰਦਾਨ ਹੈ ਅਤੇ ਕਮਜ਼ੋਰੀ ਪਾਪ", ਰਸੋਈਏ ਨੇ ਕਿਹਾ ।

"ਸਿਰਫ ਕਮਜ਼ੋਰੀ ਹੀ ਪਾਪ ਆ", ਜੱਗੇ ਨੇ ਜ਼ੋਰ ਨਾਲ ਕਿਹਾ ।

"ਹਾਂ, ਸਭ ਕੁਝ ਤਕੜਿਆਂ ਅਤੇ ਜ਼ੋਰਾਵਰਾਂ ਨੂੰ ਹੀ ਮਿਲਦਾ । ਮਾੜੇ ਕੋਲ ਤਾਂ ਜੋ ਕੁਝ ਹੁੰਦਾ ਉਹ ਵੀ ਖੋਹ ਲਿਆ ਜਾਂਦਾ ਹੈ", ਨੱਥਾ ਸਿੰਘ ਸਹਿਮਤ ਹੁੰਦਾ ਬੋਲਿਆ ।

"ਜਿੱਦਾਂ ਵਾਰਿਸ ਸ਼ਾਹ ਨੇ ਕਿਹਾ ਹੈ, 'ਡੰਡਾ ਪੀਰ ਹੈ ਵਿਗੜਿਆਂ ਤਿਗੜਿਆਂ ਦਾ' । ਧੱਕੇ ਅਤੇ ਜ਼ਬਰਦਸਤੀ ਦਾ ਇੱਕੋ ਇੱਕ ਇਲਾਜ ਹੈ—ਡੰਡਾ ।" ਪ੍ਰੇਮ ਨੇ ਜਿਸ ਨੂੰ ਸਾਰਾ ਵਾਰਿਸ ਸ਼ਾਹ ਯਾਦ ਸੀ, ਹਵਾਲਾ ਦਿੰਦਿਆਂ ਕਿਹਾ ।

"ਜਿੰਨਾ ਚਿਰ ਕਮਜ਼ੋਰ ਡੰਡਾ ਨਹੀਂ ਫੜਦਾ ਉੱਨਾ ਚਿਰ ਕੋਈ ਵੀ ਰੱਬ ਉਹਨਾਂ ਦੀ ਮਦਦ ਨਹੀਂ ਕਰ ਸਕਦਾ", ਜੱਗਾ ਬੋਲਿਆ ।

"ਇਹੀ ਗੱਲ ਗੁਰੂ ਗੋਬਿੰਦ ਸਿੰਘ ਨੇ ਸਾਨੂੰ ਸਿਖਲਾਈ ਸੀ । ਇਹ ਉਹਨਾਂ

ਵਲੋਂ ਬਖ਼ਸ਼ਿਆ ਖੰਡਾ ਹੀ ਸੀ, ਜਿਸ ਨੇ ਮੁਗ਼ਲਾਂ ਦਾ ਖ਼ਾਤਮਾ ਕੀਤਾ", ਭਾਈ ਤਾਰਾ ਸਿੰਘ ਨੇ ਗੁਰੂਆਂ ਦਾ ਹਵਾਲਾ ਚਿੱਤਾ।

"ਤੇ ਹੁਣ ਇਹ ਖੜਕੰਨਾ ਜਿਹਾ ਗੁਜਰਾਤ ਦਾ ਬਾਣੀਆ, ਗਾਂਧੀ ਕਹਿੰਦਾ ਕਿ ਗੁਰੂ ਗੋਬਿੰਦ ਸਿੰਘ ਗ਼ਲਤ ਸੀ। ਅੰਗਰੇਜ਼ ਨੂੰ ਉਹ ਤਾਂ ਹੀ ਚੰਗਾ ਲੱਗਦਾ ਕਿਉਂਕਿ ਉਹ ਹਿੰਦੂਆਂ ਨੂੰ ਬਿਨਾਂ ਕੋਈ ਵਿਰੋਧ ਕੀਤੇ ਬਗ਼ਲਾਂ ਵਿਚ ਬਾਹਾਂ ਲਈ ਤੇ ਭਜਨ ਕਰਦੇ ਪੋਲੀਸ ਦੀਆਂ ਲਾਠੀਆਂ ਖਾਣ ਦੀ ਸਿੱਖਿਆ ਦਿੰਦਾ", ਗੰਡਾ ਸਿੰਘ ਨੇ ਗਾਂਧੀ 'ਤੇ ਵਿਅੰਗ ਕੱਸਿਆ।

ਆਪਣ ਪੰਜਾਬੀਆਂ ਦਾ ਇਕ ਅਖਾਣ ਆ : "ਆਪਣੇ ਦੁਸ਼ਮਨ ਨੂੰ ਇੱਟ ਦਾ ਜੁਆਬ ਪੱਥਰ ਦੇਵੇ", ਰਸੋਈਆ ਬੋਲਿਆ।

9

ਮਹਾਤਮਾ ਗਾਂਧੀ 1922 ਵਿਚ ਛੇ ਸਾਲਾਂ ਦੀ ਜੇਲ੍ਹ ਦੀ ਸਜ਼ਾ ਭੁਗਤ ਰਿਹਾ ਸੀ। ਗ਼ਦਰ ਲਹਿਰ 1915 ਵਿਚ ਕੁਝ ਹੀ ਮਹੀਨਿਆਂ ਵਿਚ ਕੁਚਲ ਦਿੱਤੀ ਗਈ ਸੀ। ਫਿਰ ਵੀ ਇਹ ਦੋਨੋਂ ਲਹਿਰਾਂ ਦੱਬੇ ਘੁੱਟੇ ਢੰਗ ਨਾਲ ਲੋਕਾਂ ਦੇ ਮਨਾਂ ਦੀਆਂ ਤਰਬਾਂ ਨੂੰ ਛੇੜ ਜਾਂਦੀਆਂ ਸਨ।

ਆਪੋ ਵਿਚ ਵੱਡਾ ਵਖਰੇਵਾਂ ਹੋਣ ਦੇ ਬਾਵਜੂਦ, ਜਿਹੜੀ ਚੀਜ਼ ਇਹਨਾਂ ਦੋਹਾਂ ਲਹਿਰਾਂ ਵਿਚ ਸਾਂਝੀ ਸੀ, ਉਹ ਸੀ ਵਤਨਪ੍ਰਸਤੀ। ਅਤੇ ਵਤਨਪ੍ਰਸਤੀ ਦੇ ਭੂਤਕਾਲ ਨਾਲ ਡੂੰਘੇ ਸੰਬੰਧ ਹੁੰਦੇ ਹਨ। ਲੁੱਟੇ ਜਾਂਦੇ ਲੋਕਾਂ ਕੋਲ ਵਰਤਮਾਨ ਸਮੇਂ ਵਿਚ ਤਾਂ ਕੁਝ ਮਾਣ ਕਰਨ ਵਾਲਾ ਹੁੰਦਾ ਨਹੀਂ, ਇਸ ਲਈ ਉਹ ਆਪਣੇ ਭੂਤਕਾਲ ਵਿਚੋਂ ਚੰਗੀਆਂ ਚੰਗੀਆਂ ਚੀਜ਼ਾਂ ਲੱਭ ਕੇ ਖ਼ੁਸ਼ ਹੁੰਦੇ ਹਨ ਅਤੇ ਆਪਣੇ ਭੂਤਕਾਲ ਉੱਪਰ ਮਾਣ ਕਰਦੇ ਸਨ। ਗਾਂਧੀਵਾਦੀ ਅਤੇ ਗ਼ਦਰੀ ਵੀ ਪ੍ਰੇਰਣਾ ਲਈ ਭੂਤਕਾਲ ਵਲ ਤੱਕਦੇ ਸਨ। ਭਾਰਤ ਵਿਚ ਪ੍ਰੇਰਣਾ ਦਾ ਸਰੋਤ ਸਦਾ ਧਾਰਮਿਕ ਹੀ ਰਿਹਾ ਹੈ। ਭਾਵੇਂ ਇਹ ਪ੍ਰੇਰਣਾ ਦਾ ਸਰੋਤ ਇਤਿਹਾਸਕ ਵਿਰਸਾ ਹੋਵੇ, ਫਿਰ ਵੀ ਇਸ ਵਿਚ

ਧਾਰਮਿਕ ਰੰਗਤ ਜ਼ਰੂਰ ਹੁੰਦੀ ਹੈ। ਜਿਵੇਂ ਗੁਰੂ ਗੋਬਿੰਦ ਸਿੰਘ ਅਤੇ ਸ਼ਿਵਾ ਜੀ ਦੀ ਮਹਿਮਾ ਵਿਚ ਇਹ ਗੱਲ ਸਪਸ਼ਟਤਾ ਨਾਲ ਦੇਖੀ ਜਾ ਸਕਦੀ ਹੈ। ਇਸ ਲਈ ਦੇਸ਼ ਦੀ ਆਜ਼ਾਦੀ ਲਈ ਲੜੀ ਜਾ ਰਹੀ ਲੜਾਈ ਦੀ ਪਹਿਲੀ ਹਾਰ 'ਤੇ ਹੀ ਕਈ ਹਿੰਦੂ ਅਤੇ ਮੁਸਲਮਾਨ ਕੌਮੀ ਨੇਤਾਵਾਂ ਨੇ ਫ਼ਿਰਕਾਪ੍ਰਸਤੀ ਦਾ ਰਾਹ ਅਖ਼ਤਿਆਰ ਕਰ ਲਿਆ ਅਤੇ ਛੇਤੀ ਹੀ ਹਿੰਦੂ ਮਹਾਂ-ਸਭਾ ਅਤੇ ਮੁਸਲਿਮ-ਲੀਗ ਕਾਂਗਰਸ ਦੇ ਮੁਕਾਬਲੇ ਤਾਕਤਵਰ ਵਿਰੋਧੀ ਤਾਕਤਾਂ ਬਣ ਗਈਆਂ। ਸਿੱਖ ਵੀ ਇਸ ਸਮੇਂ ਗੁਰਦੁਆਰਾ ਸੁਧਾਰ ਲਹਿਰ ਵਲ ਰੁਚਿਤ ਹੋ ਗਏ। ਇਹਨਾਂ ਗੁਰਦੁਆਰਿਆਂ ਉੱਪਰ ਸਿੱਖਾਂ ਵਲੋਂ ਅਣਗਹਿਲੀ ਕਾਰਨ ਮਹੰਤਾਂ ਨੇ ਕਬਜ਼ਾ ਕਰ ਲਿਆ ਸੀ ਅਤੇ ਹੁਣ ਇਹ ਮਹੰਤ ਇਹਨਾਂ ਥਾਵਾਂ ਦੀ ਮਾਲਕੀ ਹੇਠ ਆਉਂਦੀ ਜ਼ਮੀਨ ਦੀ ਆਮਦਨ 'ਤੇ ਬੁੱਲੇ ਲੁੱਟਦੇ ਸਨ। ਇਸ ਸਮੇਂ ਸਿੱਖ, ਅਕਾਲੀਆਂ ਵਲੋਂ ਗੁਰਦੁਆਰਿਆਂ ਅਤੇ ਉਹਨਾਂ ਦੀ ਮਾਲਕੀ ਹੇਠ ਆਉਂਦੀ ਜਾਇਦਾਦ ਦਾ ਪ੍ਰਬੰਧ ਸਿੱਖਾਂ ਦੇ ਹੱਥਾਂ ਵਿਚ ਲਿਆਉਣ ਲਈ ਚਲਾਏ ਜਾ ਰਹੇ ਮੋਰਚੇ ਵਿਚ ਵੱਧ ਚੜ੍ਹ ਕੇ ਹਿੱਸਾ ਲੈ ਰਹੇ ਸਨ।

ਭਾਵੇਂ 1915 ਵਿਚ ਗ਼ਦਰ ਦੇ ਫ਼ੇਲ੍ਹ ਹੋਣ ਬਾਅਦ ਗ਼ਦਰ ਪਾਰਟੀ ਨੇ ਕਮਿਊਨਿਜ਼ਮ ਵਲ ਰੁਖ਼ ਕੀਤਾ ਸੀ, ਫਿਰ ਵੀ ਧਰਮ ਵਲ ਝੁਕਾਅ ਕੁਝ ਕੁ ਗ਼ਦਰੀਆਂ ਵਿਚ ਅਜੇ ਵੀ ਦੇਖਿਆ ਜਾ ਸਕਦਾ ਸੀ। ਬੇਸ਼ੱਕ ਇਹ ਨਾਂ-ਮਾਤਰ ਹੀ ਸੀ। ਆਪਣੀਆਂ ਗ਼ਦਰੀ ਸਰਗਰਮੀਆਂ ਕਾਰਨ ਅੰਡੇਮਾਨ ਵਿਚ ਲੰਮੀ ਕੈਦ ਭੁਗਤਣ ਮਗਰੋਂ ਭਾਈ ਪਰਮਾਨੰਦ ਇਸ ਧਾਰਮਿਕ ਪ੍ਰਤੀਕਿਰਿਆ ਦੇ ਸਮੇਂ ਹਿੰਦੂ ਮਹਾਂ ਸਭਾ ਦੀਆਂ ਫ਼ਿਰਕੂ ਸਰਗਰਮੀਆਂ ਵਿਚ ਹਿੱਸਾ ਲੈਣ ਲੱਗ ਪਿਆ ਸੀ।

ਇਹ ਰੁਝਾਨ ਬੀ. ਸੀ. ਦੀ ਪੰਜਾਬੀ ਕਮਿਊਨਿਟੀ, ਜਿਸ ਨੂੰ ਕੈਨੇਡਾ ਵਿਚ ਕੋਈ ਵੀ ਹੱਕ ਪ੍ਰਾਪਤ ਨਹੀਂ ਸੀ ਅਤੇ ਜੋ ਹਿੰਦੁਸਤਾਨੀ ਸਿਆਸਤ ਵਿਚ ਪੂਰੀ ਦਿਲਚਸਪੀ ਰੱਖਦੇ ਸਨ, ਵਿਚ ਵੀ ਦੇਖੇ ਜਾ ਸਕਦੇ ਸਨ। ਕਿਉਂਕਿ ਇੱਥੇ ਰਹਿਣ ਵਾਲੇ ਬਹੁਗਿਣਤੀ ਸਿੱਖ ਸਨ, ਇਸ ਲਈ ਉਹਨਾਂ ਦਾ ਜ਼ਿਆਦਾ ਧਿਆਨ ਇੰਡੀਅਨ ਨੈਸ਼ਨਲ ਕਾਂਗਰਸ, ਗ਼ਦਰ ਲਹਿਰ ਜੋ ਹੁਣ ਤੱਕ ਪਰੀ ਤਰ੍ਹਾਂ ਮਾਰਕਸਿਸਟ ਬਣ ਚੁੱਕੀ ਸੀ ਅਤੇ ਅਕਾਲੀ ਲਹਿਰ ਵਲ ਰਹਿੰਦਾ। ਉਹ ਇਹਨਾਂ ਸਾਰੀਆਂ ਲਹਿਰਾਂ ਦੀ ਮਦਦ ਕਰਦੇ। ਉਹਨਾਂ ਦਾ ਵਿਚਾਰ ਸੀ ਕਿ ਇਹ ਸਾਰੀਆਂ ਲਹਿਰਾਂ ਹਿੰਦੁਸਤਾਨ ਦੇ ਲੋਕਾਂ ਦੀ ਬਿਹਤਰੀ ਲਈ ਜੱਦੋਜਹਿਦ ਕਰ ਰਹੀਆਂ ਹਨ। ਉਂਝ ਵੀ ਇਕ

ਨਿੱਕੀ ਜਿਹੀ ਕਮਿਊਨਿਟੀ ਵਿਚ ਜਿੱਥੇ ਸਭ ਲੋਕ ਇਕ ਦੂਜੇ ਨੂੰ ਜਾਣਦੇ ਸਨ ਅਤੇ ਨਿੱਕੀਆਂ ਮੋਟੀਆਂ ਲੜਾਈਆਂ ਦੇ ਬਾਵਜੂਦ ਪਿਆਰ ਤੇ ਸਾਂਝ ਨਾਲ ਰਹਿੰਦੇ ਸਨ, ਕਿਸੇ ਲਈ ਵੀ ਦੂਜੇ ਨੂੰ ਚੰਦਾ ਦੇਣ ਤੋਂ ਨਾਂਹ ਕਰਨੀ ਮੁਸ਼ਕਿਲ ਸੀ, ਭਾਵੇਂ ਉਹ ਦੂਜੇ ਦੇ ਖ਼ਿਆਲਾਂ ਨਾਲ ਸਹਿਮਤ ਹੁੰਦੇ ਸੀ ਜਾਂ ਨਹੀਂ।

10

ਜੇ ਮਲੂਕੇ ਨੂੰ ਬੀ. ਸੀ. ਵਿਚ ਰਹਿ ਰਹੇ ਆਪਣੇ ਦੇਸ਼-ਵਾਸੀਆਂ ਦੇ ਜੀਵਨ ਅਤੇ ਮੁਸ਼ਕਲਾਂ ਬਾਰੇ ਉਹਨਾਂ ਦੀ ਜ਼ਿੰਦਗੀ ਦਾ ਇਕ ਹਿੱਸਾ ਬਣ ਕੇ, ਉਹਨਾਂ ਦੇ ਚੋਸ਼ੋਂ ਆਏ ਖ਼ਤ ਪੜ੍ਹ ਅਤੇ ਉਹਨਾਂ ਦਾ ਜੁਆਬ ਲਿਖ ਅਤੇ ਵਤਨੀਆਂ ਨੂੰ ਕੁੱਕ-ਹਾਊਸ ਵਿਚ ਗੱਲਾਂ ਕਰਦਿਆਂ ਸੁਣ ਕੇ ਪਤਾ ਲੱਗਾ ਤਾਂ ਇਸ ਦੇ ਨਾਲ ਹੀ ਏਥੋਂ ਦੀ ਨਵੀਂ ਦੁਨੀਆਂ ਬਾਰੇ ਵੀ ਉਸਨੂੰ ਇਹਨਾਂ ਰਾਹੀਂ ਹੀ ਜਾਗ ਲੱਗੀ ਸੀ। ਉਹਨਾਂ ਦੇ ਦੁਭਾਸ਼ੀਏ ਵਜੋਂ ਕੰਮ ਕਰਦਿਆਂ ਪ੍ਰਾਪਤ ਹੋਏ ਇਸ ਗਿਆਨ ਵਿਚ ਕਰੁਣਾ ਅਤੇ ਹਾਸ-ਵਿਅੰਗ ਦੀ ਮਿੱਸ ਸੀ।

ਭਾਵੇਂ ਉਹਨਾਂ ਨੂੰ ਇਸ ਨਵੀਂ ਦੁਨੀਆਂ ਵਿਚ ਵਿਚਰਦਿਆਂ ਕਈ ਸਾਲ ਬੀਤ ਗਏ ਸਨ ਪਰ ਪੁਰਾਣੀਆਂ ਯਾਦਾਂ ਉਹਨਾਂ ਦੇ ਮਨਾਂ ਵਿਚ ਹਾਲੇ ਵੀ ਤਾਜ਼ੀਆਂ ਸਨ। ਉਹ ਕੰਮ ਕਰਦੇ ਇਹਨਾਂ ਬਾਰੇ ਸੋਚਦੇ, ਵਿਹਲੇ ਸਮੇਂ ਵਿਚ ਭਾਵੁਕਤਾ ਨਾਲ ਇਹਨਾਂ ਬਾਰੇ ਗੱਲਾਂ ਕਰਦੇ ਅਤੇ ਸਦਾ ਹੀ ਸੋਚਦੇ ਕਿ ਉਹ ਇਕ ਦਿਨ ਜ਼ਰੂਰ ਉਸ ਸਭ ਵਿਚਕਾਰ ਵਾਪਿਸ ਚਲੇ ਜਾਣਗੇ। ਨਿੱਤ-ਦਿਹਾੜੀ ਦੇ ਇੱਕੋ ਤਰ੍ਹਾਂ ਦੇ ਕੰਮ ਤੋਂ ਅੱਕੇ ਹੋਏ ਉਹਨਾਂ ਵਿਚੋਂ ਬਹੁਤੇ ਦੇਸ਼ ਵਿਚ ਕੀਤੇ ਆਪਣੇ ਰੋਜ਼ਗਾਰ ਅਤੇ ਉਥੋਂ ਦੀ ਰੰਗ-ਬਰੰਗੀ ਜ਼ਿੰਦਗੀ ਦੀ ਲੋਚਾ ਕਰਦੇ।

ਆਪਣਾ ਪਿੰਡ ਛੱਡਣ ਤੋਂ ਪਹਿਲਾਂ ਸ਼ਾਮ ਸਿੰਘ ਜਲੰਧਰ ਅਤੇ ਹੁਸ਼ਿਆਰਪੁਰ ਵਿਚਕਾਰ ਗੱਡਾ ਵਾਹੁੰਦਾ ਸੀ। ਉਹ ਗੱਡੇ 'ਤੇ ਰੰਗ-ਬਰੰਗੇ ਅਤੇ ਖ਼ੁਸ਼ਬੂਦਾਰ ਅੰਬਾਂ, ਅਨਾਰਾਂ ਅਤੇ ਨਾਸ਼ਪਾਤੀਆਂ ਦੀਆਂ ਟੋਕਰੀਆਂ, ਕਪਾਹ ਦੀਆਂ ਪੰਡਾਂ, ਮੱਕੀ ਅਤੇ

ਦਾਲਾਂ ਦੀਆਂ ਬੋਰੀਆਂ, ਜਪਾਨੀ ਰੇਸ਼ਮ, ਇੰਗਲੈਂਡ ਵਿਚ ਬਣੇ ਉਨੀ ਕੱਪੜੇ ਅਤੇ ਬੰਬਈ ਵਿਚ ਬਣੀ ਮਲਮਲ ਅਤੇ ਛੀਂਟ ਦੀਆਂ ਵੱਛੀਆਂ ਵੱਡੀਆਂ ਗੰਢਾਂ, ਗੰਨਾ, ਤੂੜੀ ਅਤੇ ਪਹਾੜੀ ਘਾਹ ਢੋਂਦਾ। ਉਹ ਆਪਣੀ ਉੱਚੇ ਕੱਦ, ਖ਼ੂਬਸੂਰਤ ਢੁੱਠਾਂ ਅਤੇ ਕੁੰਢੇ ਸਿੰਙਾਂ ਵਾਲੇ ਸਾਵੇ ਬਲਦਾਂ ਦੀ ਜੋੜੀ ਨਾਲ ਬਹੁਤ ਪਿਆਰ ਕਰਦਾ ਸੀ। ਉਹ ਬੜੀ ਹਸਰਤ ਨਾਲ ਕਹਿੰਦਾ, "ਉਹ ਸੀ ਖ਼ੁਸ਼ੀ ਭਰੇ ਕੰਮ ਦੀ ਜ਼ਿੰਦਗੀ। ਉਹੋ ਜਿਹੀ ਜ਼ਿੰਦਗੀ ਮੇਰੇ ਵਰਗੇ ਆਦਮੀ ਨੂੰ ਚਾਹੀਦੀ ਹੈ।" ਉਹ ਆਪਣੇ ਮਿੱਲ ਵਾਲੇ ਕੰਮ ਨੂੰ ਪਸੰਦ ਨਹੀਂ ਸੀ ਕਰਦਾ। 'ਰੀ-ਸਾਅ' ਵਿਚ ਫੱਟੇ ਧੱਕਣਾ ਉਹਨੂੰ ਇਸ ਤਰ੍ਹਾਂ ਲੱਗਦਾ ਸੀ ਜਿਵੇਂ ਕਿਸੇ ਅਜਿਹੇ ਦਿਓ ਨੂੰ ਖਾਜਾ ਦੇਣਾ ਹੋਵੇ ਜਿਸ ਦੇ ਢਿੱਡ ਦਾ ਥੱਲਾ ਨਾ ਹੋਵੇ। ਅਤੇ ਉਹ ਦਿਓ ਭਾਵੇਂ ਭੁੱਖਾ ਹੋਵੇ ਜਾਂ ਰੱਜਿਆ, ਸਦਾ ਹੋਰ ਦੀ ਮੰਗ ਕਰੀ ਜਾਵੇ।

ਉਸ ਦੀ ਵੱਡੀ ਖ਼ਾਹਿਸ਼ ਬੂਰੇ ਵਾਲੀ ਘੋੜ-ਗੱਡੀ ਚਲਾਉਣ ਦੀ ਸੀ। ਭਾਵੇਂ ਇਸ ਕੰਮ ਦੇ ਪੈਸੇ ਘੱਟ ਸਨ ਤਾਂ ਵੀ ਉਹ ਇਹ ਕੰਮ ਕਰਨਾ ਚਾਹੁੰਦਾ ਸੀ ਕਿਉਂਕਿ ਉਹ ਜਾਨਵਰ ਦੇ ਸਾਥ ਨੂੰ ਪਸੰਦ ਕਰਦਾ ਸੀ। ਆਪਣੇ ਆਪ ਨੂੰ ਜਵਾਨ ਦਿਖਾਉਣ ਲਈ, ਜਿਸ ਨਾਲ ਕੰਮ ਮਿਲਣਾ ਸੌਖਾ ਹੋ ਜਾਂਦਾ ਸੀ, ਉਹ ਆਪਣੀ ਦਾਹੜੀ ਕਤਰ ਕੇ ਰੱਖਦਾ ਸੀ। ਉਹਦਾ ਸਾਫ਼ ਰੰਗ ਉਹਦੇ ਵਲੋਂ ਵੱਧ ਮਾਤਰਾ ਵਿਚ ਵਰਤੇ ਜਾਂਦੇ ਕਲਫ਼ ਦੀ ਵਰਤੋਂ ਨੂੰ ਲੁਕੋ ਨਾ ਸਕਦਾ। ਉਹ ਖ਼ੁਸ਼ਮਿਜ਼ਾਜ ਆਦਮੀ ਸੀ। ਜਦੋਂ ਹੱਸਦਾ ਤਾਂ ਉਹਦੇ ਕਾਲੇ ਚੌਖਟੇ ਵਿਚੋਂ ਝਾਕਦੀਆਂ ਚਿੱਟੇ ਦੰਦਾਂ ਦੀਆਂ ਪਾਲਾਂ ਬਹੁਤ ਸੁਹਣੀਆਂ ਲਗਦੀਆਂ। ਉਸ ਦਾ ਖੁੱਲ੍ਹਾ-ਡੁੱਲ੍ਹਾ ਹਾਸਾ ਕਿਸੇ ਵੀ ਇਕੱਠ ਵਿਚ ਬੈਠੇ ਲੋਕਾਂ ਦੇ ਦਿਲ ਗਰਮਾ ਦਿੰਦਾ। ਪਰ ਉਹ ਬਹੁਤ ਬੁਰੀ ਤਰ੍ਹਾਂ ਥਥਲਾਉਂਦਾ ਸੀ। ਉਸ ਨੂੰ ਗੱਲ ਕਰਦਿਆਂ ਸੁਣਨਾ ਆਪਣੇ ਸਬਰ ਨੂੰ ਇਕ ਔਖੇ ਇਮਤਿਹਾਨ ਵਿਚ ਪਾਉਣ ਵਾਂਗ ਸੀ।

"ਬ-ਬ-ਬ-ਬੋ-ਬੋਈ, ਤ-ਤ-ਤੇਨੂੰ ਜ-ਜ-ਜਰੂਰ ਬ-ਬਾਸ ਨਾਲ ਮੇਰੇ ਲਈ ਗ-ਗ-ਗੱਲ ਕਰਨੀ ਪ-ਪ-ਪੈਣੀ ਆ", ਸ਼ਾਮ ਸਿੰਘ ਨੇ ਮਲੂਕੇ ਨੂੰ ਕਿਹਾ।

ਘੋੜ-ਗੱਡੀ ਦਾ ਚਾਲਕ ਛੇਤੀ ਰੀਟਾਇਰ ਹੋਣ ਵਾਲਾ ਸੀ। ਸ਼ਾਮ ਸਿੰਘ ਨੂੰ ਯਕੀਨ ਸੀ ਕਿ ਜੇ ਮਲੂਕਾ ਬਾਸ ਨੂੰ ਚੰਗੀ ਤਰ੍ਹਾਂ ਸਮਝਾ ਦੇਵੇ ਕਿ ਸ਼ਾਮ ਸਿੰਘ ਦਾ ਇੰਡੀਆ ਵਿਚ ਗੱਡਾ ਵਾਹੁਣ ਦਾ ਕਿੰਨੇ ਸਾਲਾਂ ਦਾ ਤਜਰਬਾ ਹੈ ਤਾਂ ਉਸਨੂੰ ਇਹ

ਕੰਮ ਜ਼ਰੂਰ ਮਿਲ ਜਾਵੇਗਾ ।

ਯਾਰਡ ਦਾ ਬਾਸ ਚਾਰਲੀ ਬੈਨਸਨ ਮੱਧਰੇ ਕੱਦ ਦਾ ਸਖ਼ਤ ਦਿੱਸਦਾ ਆਦਮੀ ਸੀ। ਉਹ ਯਾਰਡ ਵਿਚ ਸਾਰਾ ਦਿਨ ਨੱਠਾ ਭੱਜਾ ਫਿਰਦਾ ਅਤੇ ਆਦਮੀਆਂ ਦੇ ਇਕ ਫ਼ੌਜੀ ਸਾਰਜੈਂਟ ਦੀ ਤਰ੍ਹਾਂ ਹੁਕਮ ਚਾੜ੍ਹਦਾ। ਪਰ ਜਦੋਂ ਸ਼ਾਮ ਨੂੰ ਆਪਣੀ ਸ਼ਰੀਫ਼ ਤੇ ਚੁੱਪ ਰਹਿਣ ਵਾਲੀ ਪਤਨੀ ਨਾਲ ਬੱਚੇ ਨੂੰ ਛੋਟੀ ਹੱਥ ਗੱਡੀ ਵਿਚ ਪਾਈ ਸੈਰ ਲਈ ਨਿਕਲਦਾ ਤਾਂ ਉਹ ਕਾਹਲ-ਰਹਿਤ ਲੱਗਦਾ ਅਤੇ ਅਕਸਰ ਮੁਸਕਰਾ ਕੇ ਹੈਲੋ ਕਹਿੰਦਾ। ਸ਼ਾਮ ਸਿੰਘ ਦਾ ਖ਼ਿਆਲ ਸੀ ਕਿ ਜੇ ਮਲੂਕੇ ਵਲੋਂ ਉਹਦੇ ਬਾਰੇ ਗੱਲਬਾਤ ਚਾਰਲੀ ਦੇ ਘਰ ਉਸ ਦੀ ਪਤਨੀ ਦੀ ਹਾਜ਼ਰੀ ਵਿਚ ਹੋਵੇ ਤਾਂ ਜ਼ਿਆਦਾ ਅਸਰਦਾਇਕ ਹੋਵੇਗੀ।

ਇਕ ਐਤਵਾਰ ਸਵੇਰੇ ਮਲੂਕਾ ਤੇ ਸ਼ਾਮ ਸਿੰਘ ਉਸ ਦੇ ਘਰ ਗਏ। ਸ਼ਾਮ ਸਿੰਘ ਦੇ ਹੱਥਾਂ ਵਿਚ ਬੜੀ ਸੁਘੜਤਾ ਨਾਲ ਲਪੇਟਿਆ ਹੋਇਆ ਚਾਕਲੇਟ ਦਾ ਡੱਬਾ ਸੀ। ਸ੍ਰੀਮਤੀ ਬੈਨਸਨ ਨੇ ਬੜੀ ਖ਼ੁਸ਼ੀ ਨਾਲ ਤੋਹਫ਼ਾ ਕਬੂਲ ਕਰਦਿਆਂ ਕਿਹਾ, "ਇੰਨਾ ਪਿਆਰਾ ਚਾਕਲੇਟ ਦਾ ਡੱਬਾ ਲਿਆਉਣ ਲਈ ਧੰਨਵਾਦ, ਬੈਠੋ।"

"ਮੈਂ ਤੁਹਾਡੇ ਲਈ ਕੀ ਕਰ ਸਕਦਾ ਹਾਂ" ਚਾਰਲੀ ਨੇ ਕਮਰੇ ਵਿਚ ਦਾਖ਼ਲ ਹੁੰਦਿਆਂ ਪੁੱਛਿਆ।

"ਸ਼ਾਮ ਸਿੰਘ ਬੂਰੇ ਵਾਲੀ ਘੋੜ-ਗੱਡੀ ਚਲਾਉਣੀ ਚਾਹੁੰਦਾ ਹੈ। ਉਸ ਨੂੰ ਇਸ ਕੰਮ ਦਾ ਬਹੁਤ ਤਜਰਬਾ ਹੈ", ਮਲੂਕੇ ਨੇ ਜਵਾਬ ਦਿੱਤਾ।

ਚਾਰਲੀ ਨੇ ਇਸ ਬੇਨਤੀ ਤੋਂ ਹੈਰਾਨ ਹੁੰਦਿਆਂ ਅਤੇ ਸੁਆਦ ਲੈਂਦਿਆਂ ਕਿਹਾ, "ਪਰ ਸ਼ਾਮ ਸਿੰਘ ਤਾਂ ਬੁਰੀ ਤਰ੍ਹਾਂ ਥਥਲਾਉਂਦਾ ਹੈ ਤੇ ਉਹ ਆਪਣੀ ਥਥਲਾਹਟ ਨਾਲ ਘੋੜਿਆਂ ਨੂੰ ਡਰਾ ਦੇਵੇਗਾ ਅਤੇ ਗੱਡੀ ਸਿੱਧੀ ਫਰੇਜ਼ਰ ਦਰਿਆ ਵਿਚ ਹੋਵੇਗੀ।"

"ਨ-ਨ-ਨੋ, ਲ-ਲ-ਲਿਟ ਮੀ-ਟ ਟਰਾਈ", ਸ਼ਾਮ ਸਿੰਘ ਨੇ ਕਾਹਲੀ ਨਾਲ ਕਿਹਾ।

ਸ਼ਾਮ ਸਿੰਘ ਦੀ ਪੀੜ ਬੜੀ ਸਿੱਦਕ ਵਾਲੀ ਸੀ ਅਤੇ ਇਹ ਪਲ ਸਾਰਿਆਂ ਲਈ ਬੇਚੈਨੀ ਵਾਲੇ ਸਨ।

"ਵਿਚਾਰੇ ਨੂੰ ਕੋਸ਼ਿਸ਼ ਕਰ ਲੈਣ ਦੇ ਚਾਰਲੀ। ਇਸ ਵਿਚ ਹਰਜ ਵੀ ਕੀ

ਆ", ਸ੍ਰੀਮਤੀ ਬੈਨਸਨ ਨੇ ਕਿਹਾ।

ਚਾਰਲੀ ਨਾ ਚਾਹੁੰਦਿਆਂ ਹੋਇਆਂ ਵੀ ਮੰਨ ਗਿਆ। ਮਲੂਕਾ ਦੋਭਾਸ਼ੀਏ ਵਜੋਂ ਆਪਣੀ ਸਫਲਤਾ ਉੱਤੇ ਖ਼ੁਸ਼ ਹੋਇਆ। ਅਤੇ ਸ਼ਾਮ ਸਿੰਘ ਕਦੇ ਵੀ 'ਗਿੱਟ-ਅਪ' 'ਜੀ-ਹਾਂਅ' ਜਾਂ 'ਹੂ' ਕਹਿਣ ਵੇਲੇ ਬਥਲਾਇਆ ਨਹੀਂ।

ਮਲੂਕੇ ਨੂੰ ਇਹ ਜਾਨਣ ਨੂੰ ਬਹੁਤ ਦੇਰ ਨਾ ਲੱਗੀ ਕਿ ਬੀ.ਸੀ. ਵਿਚ ਰਹਿਣ ਵਾਲੇ ਕਿੰਨੇ ਈ ਗੋਰੇ ਸਨ ਜਿਹਨਾਂ ਨੂੰ ਕਿਸੇ ਤਰ੍ਹਾਂ ਵੀ ਸਿੱਖਾਂ ਨਾਲੋਂ ਵਧੀਆ ਅੰਗਰੇਜ਼ੀ ਨਹੀਂ ਸੀ ਬੋਲਣੀ ਆਉਂਦੀ।

ਪੰਜਾਬ ਵਿਚ ਰਤਨ ਸਿੰਘ ਦੇ ਟੱਬਰ ਕੋਲ ਕਾਫ਼ੀ ਮਾਲ ਡੰਗਰ ਹੁੰਦਾ ਸੀ। ਇੱਥੇ ਵੀ ਉਸ ਨੇ ਕਈ ਗਾਈਆਂ ਰੱਖੀਆਂ ਹੋਈਆਂ ਸਨ। ਦਿਨ ਵੇਲੇ ਉਹ ਦਰਿਆ ਦੇ ਕੰਢੇ ਹਰੇ ਘਾਹ ਵਾਲੇ ਮੈਦਾਨ ਵਿਚ ਚਰਦੀਆਂ। ਸ਼ਾਮ ਨੂੰ ਰਤਨ ਸਿੰਘ ਉਹਨਾਂ ਨੂੰ ਟੁੱਟੇ-ਭੱਜੇ ਢਾਰੇ, ਜਿਹੜਾ ਉਹਨੇ ਬੰਕ ਹਾਊਸ ਦੇ ਲਾਗੇ ਹੀ ਬਣਾਇਆ ਹੋਇਆ ਸੀ, ਵਿਚ ਬੰਨ੍ਹ ਦਿੰਦਾ। ਉਹ ਕੁੱਕ ਹਾਊਸ ਤੇ ਗੁਆਂਢ ਰਹਿੰਦੇ ਟੱਬਰਾਂ ਨੂੰ ਸਿਰਫ਼ ਤਾਜ਼ਾ ਦੁੱਧ ਹੀ ਨਹੀਂ ਸੀ ਮੁਹੱਈਆ ਕਰਦਾ ਸਗੋਂ ਪਸ਼ੂਆਂ ਦੇ ਵਿਉਪਾਰ ਵਿਚ ਵੀ ਦਿਲਚਸਪੀ ਰੱਖਦਾ ਸੀ। ਐਤਵਾਰ ਨੂੰ ਉਹ ਅਕਸਰ ਮਲੂਕੇ ਨੂੰ ਇਕ ਦੁਭਾਸ਼ੀਏ ਵਜੋਂ ਲੂਲੂ ਆਈਲੈਂਡ ਆਪਣੇ ਨਾਲ ਜਾਣ ਲਈ ਆਖਦਾ।

ਇਕ ਚਮਕੀਲੀ ਦੁਪਹਿਰ ਨੂੰ ਇਕ ਲਾਲ ਅਤੇ ਗੋਲ ਮੂੰਹ ਵਾਲਾ ਜਰਮਨ ਕਿਸਾਨ, ਜਿਹਦਾ ਮੂੰਹ ਇਸ ਤਰ੍ਹਾਂ ਲੱਗਦਾ ਸੀ, ਜਿਵੇਂ ਹਦਵਾਣੇ ਵਿਚ ਮੋਰੀ ਹੋਈ ਹੋਵੇ, ਉਹਨਾਂ ਨੂੰ ਮੁਸਕਰਾ ਕੇ ਮਿਲਿਆ। ਉਸ ਦੀ ਮੁਸਕਰਾਹਟ ਨੇ ਨਿਕੋਟੀਨ ਨਾਲ ਦਾਗ਼ੀ ਹੋਈਆਂ ਉਹਦੀਆਂ ਮੁੱਛਾਂ ਨੂੰ ਸਿੱਧਾ ਕਰ ਦਿੱਤਾ। "ਸਾਰਾ ਮੀਟ ਹੀ ਆ। ਏਥੋਂ ਤੱਕ ਕਿ ਉਹਦੀਆਂ ਮੁੱਛਾਂ ਵੀ ਉੱਬਲੇ ਹੋਏ 'ਸੌਸਿਆਂ' ਵਰਗੀਆਂ ਲਗਦੀਆਂ ਹਨ", ਰਤਨ ਸਿੰਘ ਬੋਲਿਆ।

ਜਰਮਨ ਕੋਲ ਹੋਲਸਟੇਨ ਗਾਈਆਂ ਦਾ ਇਕ ਖ਼ੂਬਸੂਰਤ ਵੱਗ ਸੀ। ਤਕੜੇ ਜੁੱਸੇ ਅਤੇ ਵੱਡੇ ਵੱਡੇ ਲੇਵਿਆਂ ਵਾਲੀਆਂ ਇਹ ਗਾਵਾਂ ਆਪਣੀ ਚਿੱਟੀ ਅਤੇ ਕਾਲੀ ਚਮੜੀ ਅਤੇ ਛੋਟੇ ਛੋਟੇ ਸਿੰਗਾਂ ਤੋਂ ਬਿਨਾਂ ਗਾਈਆਂ ਦੀ ਥਾਂਵੇਂ ਹਿੰਦੁਸਤਾਨੀ ਮੱਝਾਂ ਵਾਂਗ ਲਗਦੀਆਂ ਸਨ।

ਇਸ ਕਿਸਾਨ ਨੂੰ ਇੰਗਲਿਸ਼ ਬਹੁਤ ਥੋੜ੍ਹੀ ਬੋਲਣੀ ਆਉਂਦੀ ਸੀ ਅਤੇ ਸਮਝਣੀ

ਉਸ ਨਾਲੋਂ ਵੀ ਘੱਟ। "ਦਾਸ ਇਸਟ ਗੁੱਡ ਕਾਓ। ਗਿਵਸ ਮੱਚ ਮਿਲਕ", (ਇਹ ਗਾਂ ਚੰਗੀ ਆ ਦੁੱਧ ਬਹੁਤ ਦਿੰਦੀ ਹੈ) ਉਹਨੇ ਦੱਸਿਆ। ਸਿਰਫ਼ ਇਹ ਇਕ ਫ਼ਿਕਰਾ ਹੀ ਸੀ ਜਿਹਦਾ ਮਲੂਕੇ ਨੂੰ ਤਰਜਮਾ ਕਰਨਾ ਪਿਆ। ਇਸ ਤੋਂ ਬਾਅਦ ਜਰਮਨ ਨੇ ਆਪਣਾ ਪਾਈਪ ਮੂੰਹ ਵਿਚ ਪਾ ਲਿਆ ਅਤੇ ਇਸ ਨੂੰ ਉਸੇ ਤਰ੍ਹਾਂ ਮੂੰਹ ਵਿਚ ਪਾਈ ਰੱਖਿਆ। ਚੁੱਪ-ਚਾਪ ਘਾਹ ਚਰਦੀਆਂ, ਕਦੇ-ਕਦੇ ਆਪਣੇ ਕੰਨ ਫੜਕਾਉਂਦੀਆਂ ਜਾਂ ਲੰਮੀਆਂ ਪੂਛਾਂ ਨਾਲ ਮੱਖੀਆਂ ਉਡਾਉਂਦੀਆਂ, ਖ਼ੂਬਸੂਰਤ ਗਾਵਾਂ ਦੀ ਖ਼ਸਲਤ ਆਪਣੇ ਆਪ ਹੀ ਬਹੁਤ ਕੁਝ ਕਹਿ ਰਹੀ ਸੀ। ਖ਼ਰੀਦਣ ਲਈ ਹੁਣ ਸਿਰਫ਼ ਮੁੱਲ ਹੀ ਤੈਅ ਕਰਨਾ ਬਾਕੀ ਸੀ। ਅਤੇ ਮੁੱਲ ਤੈਅ ਕਰਨ ਬਾਰੇ ਉਹ ਦੋਵੇਂ ਅਨਪੜ੍ਹ ਸਿੱਖ ਅਤੇ ਮੂਕ ਜਰਮਨ, ਚੰਗੀ ਤਰ੍ਹਾਂ ਜਾਣਦੇ ਸਨ।

ਸ਼ੇਰ ਸਿੰਘ ਲਈ ਦੁਭਾਸ਼ੀਏ ਵਜੋਂ ਕੰਮ ਕਰਨਾ ਮਲੂਕੇ ਲਈ ਸਾਰਿਆਂ ਨਾਲੋਂ ਜਾਣਕਾਰੀ ਭਰਪੂਰ ਤੇ ਦਿਲਚਸਪ ਸੀ।

ਮਲੂਕੇ ਨੂੰ ਦੱਸਿਆ ਗਿਆ ਸੀ ਕਿ ਮਿੱਲ ਵਿਚ ਇਕ ਐਕਸੀਡੈਂਟ ਨਾਲ ਸੱਟਾਂ ਲੱਗਣ ਤੋਂ ਪਹਿਲਾਂ ਸ਼ੇਰ ਸਿੰਘ ਇਕ ਲੰਮਾ ਝੰਮਾ ਜੁਆਨ ਸੀ ਅਤੇ ਉਹ ਸਦਾ ਸਿੱਧਾ ਤਣ ਕੇ ਖੜੋਂਦਾ ਸੀ। ਪਰ ਹੁਣ ਜਦੋਂ ਉਹ ਖੜਾ ਹੁੰਦਾ ਤਾਂ ਉਸ ਦੇ ਸਰੀਰ ਵਿਚ ਕਈ ਥਾਈਂ ਕੁੱਬ ਜਿਹੇ ਨਿਕਲੇ ਹੁੰਦੇ। ਕਿਉਂਕਿ ਉਹ ਮਿੱਲ ਵਿਚ ਕੰਮ ਨਹੀਂ ਸੀ ਕਰ ਸਕਦਾ, ਇਸ ਲਈ ਉਸ ਦੇ ਭਾਈਵੰਦਾਂ ਨੇ ਆਪਣੇ ਵਲੋਂ ਪੈਸੇ ਪਾ ਕੇ ਅੱਗ ਬਾਲਣ ਵਾਲੀਆਂ ਲੱਕੜਾਂ ਵੇਚਣ ਦਾ ਧੰਦਾ ਸ਼ੁਰੂ ਕਰਨ ਲਈ ਉਸ ਦੀ ਮਦਦ ਕੀਤੀ ਸੀ। ਉਹਨਾਂ ਉਸ ਨੂੰ ਅੱਧੀ-ਕੋਰਡ ਵਾਲੀ ਗੱਡੀ ਅਤੇ ਇਕ ਬੁੱਢਾ ਕਾਲਾ ਘੋੜਾ ਲੈ ਕੇ ਦਿੱਤਾ ਸੀ। ਇਸ ਦੇ ਨਾਲ ਹੀ ਉਹਨਾਂ ਆਰਮੀ ਨੇਵੀ ਸਟੋਰ ਤੋਂ ਭਾਰੇ ਕਾਲੇ ਬੂਟ ਅਤੇ ਪਿੱਤਲ ਦੇ ਬਟਨਾਂ ਅਤੇ ਚਾਰ ਵੱਡੀਆਂ ਜੇਬਾਂ ਵਾਲਾ ਵੱਡੇ ਸਾਈਜ਼ ਦਾ ਖਾਕੀ ਸੂਟ ਵੀ ਲੈ ਕੇ ਦਿੱਤਾ। ਉਸ ਦੀ ਚਿੱਟੀ ਤੁਘੜ-ਦੁਘੜੀ ਦਾਹੜੀ ਪਾਸਿਆਂ ਤੋਂ ਵਿਰਲੀ ਅਤੇ ਵਿਚਕਾਰੋਂ ਲੰਬੀ ਅਤੇ ਨੁਕੀਲੀ ਸੀ। ਉਹਦੀ ਪੱਗ ਸ਼ਰਾਬੀ ਜੱਟ ਵਾਂਗ ਢਿੱਲੀ ਅਤੇ ਲੜ ਛੱਡ ਕੇ ਬੰਨ੍ਹੀ ਹੋਈ ਹੁੰਦੀ ਸੀ, ਜਿਹੜੀ ਜਦੋਂ ਉਹ ਹਉਕੇ ਮਾਰ ਕੇ ਤੁਰਦਾ ਤਾਂ ਉਸ ਦੇ ਸਿਰ 'ਤੇ ਅਜੀਬ ਤਰ੍ਹਾਂ ਹਿੱਲਦੀ। ਆਪਣੇ ਹੱਥਾਂ ਵਿਚ ਉਹ ਆਪਣੇ ਨਾਲੋਂ ਥੋੜ੍ਹੀ ਉੱਚੀ ਡਾਂਗ ਰੱਖਦਾ ਹੁੰਦਾ ਸੀ।

ਉਹ ਗੱਡੀ ਦੀ ਸੀਟ ਉੱਤੇ ਬੈਠ ਕਿਸੇ ਘਰ ਕੋਲੋਂ ਲੰਘਦਿਆਂ 'ਡਰਾਈ-ਵੁੱਡ ਡਰਾਈ-ਵੁੱਡ ਵੰਨ ਡਾਲਰ' ਦਾ ਹੋਕਾ ਦੇਣ ਤੋਂ ਵੱਧ ਅੰਗਰੇਜ਼ੀ ਦਾ ਕੋਈ ਸ਼ਬਦ ਨਹੀਂ ਸੀ ਬੋਲ ਸਕਦਾ ਅਤੇ ਨਾ ਹੀ ਉਹ ਅੰਗਰੇਜ਼ੀ ਦੇ ਚਾਰ ਸ਼ਬਦਾਂ—ਯੇਸ, ਨੋ, ਗੁੱਡ, ਬੈਡ—ਤੋਂ ਬਿਨਾਂ ਕੁਝ ਸਮਝ ਸਕਦਾ ਸੀ। ਇਸੇ ਲਈ ਬਹੁਤੀ ਵਾਰੀ ਐਤਵਾਰ ਦੁਪਹਿਰ ਤੋਂ ਬਾਅਦ ਗਾਹਕਾਂ ਨਾਲ ਹਿਸਾਬ ਕਿਤਾਬ ਕਰਨ ਲਈ ਅਤੇ ਉਹਨਾਂ ਦੇ ਨਵੇਂ ਆਰਡਰ ਲੈਣ ਲਈ ਮਲੂਕੇ ਨੂੰ ਉਸ ਨਾਲ ਜਾਣਾ ਪੈਂਦਾ ਅਤੇ ਇਸ ਵਿਚ ਉਹ ਕਾਫ਼ੀ ਕਾਮਯਾਬ ਰਹਿੰਦੇ।

ਜਦੋਂ ਘਰਾਂ ਦੇ ਮਾਲਕ ਉਹਨਾਂ ਨੂੰ ਮੱਥੇ 'ਤੇ ਤਿਊੜੀ ਅਤੇ ਚਿਹਰੇ 'ਤੇ ਕਿਸੇ ਮੰਦੀ ਭਾਵਨਾ ਦੇ ਪ੍ਰਭਾਵ ਲਿਆਏ ਬਿਨਾਂ ਮਿਲਦੇ ਤਾਂ ਮਲੂਕੇ ਨੂੰ ਬੜੀ ਹੈਰਾਨੀ ਹੁੰਦੀ ਕਿਉਂਕਿ 'ਕੁੱਕ-ਹਾਊਸ' ਵਿਚ ਸਦਾ ਹੀ ਚਿੱਟਿਆਂ ਵਲੋਂ ਪੰਜਾਬੀਆਂ ਨਾਲ ਹੁੰਦੇ ਨਸਲੀ-ਵਿਤਕਰੇ ਦੀਆਂ ਗੱਲਾਂ ਆਮ ਹੁੰਦੀਆਂ ਸਨ। ਅਸਲ ਵਿਚ ਬਹੁਤੀਆਂ ਔਰਤਾਂ ਉਹਨਾਂ ਨੂੰ ਪ੍ਰਸੰਨ ਦਿਖਾਈ ਦਿੰਦੀਆਂ ਅਤੇ ਕਈ ਵਾਰੀ ਮਲੂਕੇ ਨੇ ਉਹਨਾਂ ਦੀਆਂ ਅੱਖਾਂ ਵਿਚ ਮਚਲਦੀ ਕੋਈ ਲਿਸ਼ਕ ਵੀ ਵੇਖੀ ਸੀ। ਕਦੇ-ਕਦੇ ਇਹ ਔਰਤਾਂ ਉਹਨਾਂ ਨੂੰ 'ਸਟਰਾਬੇਰੀ' ਦਿੰਦੀਆਂ ਜਿਹੜੀ ਇਸ ਪਥਰੀਲੀ ਧਰਤੀ ਵਿਚ ਕਾਫ਼ੀ ਹੁੰਦੀ ਸੀ।

ਇਨ੍ਹਾਂ ਹੀ ਗੇੜਿਆਂ ਦੌਰਾਨ ਮਲੂਕਾ ਆਪਣੇ ਹਮ-ਉਮਰ ਮੁੰਡਿਆਂ ਜਾਹਨੀ, ਡੱਗ, ਜੈਕ ਅਤੇ ਬਿੱਲ ਨੂੰ ਮਿਲਿਆ। ਉਹ ਸਭ ਹਿੰਦੁਸਤਾਨ ਬਾਰੇ ਗੱਲਾਂ ਬਾਤਾਂ ਕਰਨ ਲਈ ਕਾਹਲੇ ਹੁੰਦੇ। ਚੇਸ ਰਹਿ ਗਏ ਮੁੰਡਿਆਂ ਵਾਂਗ ਇਹ ਸਾਰੇ ਵੀ ਬਹੁਤ ਖੁੱਲ੍ਹ-ਦਿਲੇ ਅਤੇ ਜ਼ਿੰਦਾ-ਦਿਲ ਸੁਭਾਅ ਦੇ ਸਨ। ਉਹਨਾਂ ਦੇ ਚਿਹਰੇ ਤੇ ਅੱਖਾਂ ਵੀ ਉੱਨਾ ਕੁਛ ਕਹਿੰਦੀਆਂ ਜਿੰਨੀ ਉਹਨਾਂ ਦੀ ਜ਼ਬਾਨ। ਮਲੂਕੇ ਵਲੋਂ ਅਜੀਬ ਲਹਿਜੇ ਵਿਚ ਬੋਲੀ ਜਾਂਦੀ ਕਿਤਾਬੀ ਅੰਗਰੇਜ਼ੀ ਸੁਣ ਉਹ ਬੜੇ ਖ਼ੁਸ਼ ਹੁੰਦੇ।

"ਪਤਾ ਲੋਕੀਂ ਕੀ ਕਹਿੰਦੇ ਆ, ਜਦੋਂ ਤੂੰ ਸ਼ੇਰ ਸਿੰਘ ਨਾਲ ਜਾਂਦਾਂ ?" ਜਾਹਨੀ ਨੇ ਪੁੱਛਿਆ।

"ਨਹੀਂ ! ਕੀ ਕਹਿੰਦੇ ਆ", ਮਲੂਕਾ ਬੋਲਿਆ।

"ਪੱਗ ਵਾਲੇ ਕਿਮ ਅਤੇ ਹਿੰਦੂ ਡਾਨ ਕੁਇਟੇ ਦੀ ਜੋੜੀ ਆ ਰਹੀ ਹੈ।"

ਪਰ ਇਥੇ ਹੀ ਬੱਸ ਨਹੀਂ ਸੀ। ਸ਼ੇਰ ਸਿੰਘ ਦੇ ਦੁਭਾਸ਼ੀਏ ਵਜੋਂ ਕੰਮ ਕਰਨਾ

ਉਹਨੂੰ ਉਹਨਾਂ ਥਾਵਾਂ 'ਤੇ ਲੈ ਗਿਆ ਜਿਹੜੀਆਂ ਉਹਨੇ ਪਹਿਲਾਂ ਕਦੇ ਵੀ ਨਹੀਂ ਦੇਖੀਆਂ ਸਨ। ਉਸ ਨੂੰ ਸ਼ੇਰ ਸਿੰਘ ਨਾਲ ਸਥਾਨਕ ਕਚਹਿਰੀਆਂ ਵਿਚ ਜਾਣਾ ਪਿਆ।

ਸੜਕ ਉੱਤੇ ਕੰਮ ਕਰਨ ਵਾਲੇ ਮਿਉਂਸਪੈਲਟੀ ਦੇ ਕਾਮਿਆਂ ਵਲੋਂ ਮੈਰੀਨ ਡਰਾਈਵ ਉੱਤੇ ਰੱਖੀਆਂ ਕੋਲੇ ਦੀਆਂ ਕੁਝ ਬੋਰੀਆਂ ਗੁੰਮ ਹੋ ਗਈਆਂ। ਕੁਝ ਸ਼ਰਾਰਤੀ ਮੁੰਡਿਆਂ ਪੁਲੀਸ ਕੋਲ ਸ਼ਿਕਾਇਤ ਕਰ ਦਿੱਤੀ ਕਿ ਇਹ ਚੋਰੀ ਸ਼ੇਰ ਸਿੰਘ ਨੇ ਕੀਤੀ ਸੀ।

ਜਦੋਂ ਸ਼ੇਰ ਸਿੰਘ ਕਟਹਿਰੇ ਵਿਚ ਖੜ੍ਹਾ ਹੋਇਆ ਤਾਂ ਸਰਕਾਰੀ ਵਕੀਲ ਨੇ ਉਸ ਨੂੰ ਬਾਈਬਲ ਦੀ ਸਹੁੰ ਚੁੱਕਣ ਲਈ ਕਿਹਾ। ਸ਼ੇਰ ਸਿੰਘ ਨੇ ਬਾਈਬਲ ਫੜ ਲਈ ਅਤੇ ਆਦਰ ਨਾਲ ਮੱਥੇ ਨੂੰ ਲਾ ਕੇ ਆਪਣੇ ਸਿਰ ਉੱਪਰ ਚੁੱਕ ਲਈ।

"ਜਨਾਬ, ਇਸ ਨੇ ਬਾਈਬਲ ਨੂੰ ਚੁੰਮਿਆ ਨਹੀਂ", ਸਰਕਾਰੀ ਵਕੀਲ ਨੇ ਵਿਰੋਧ ਕਰਦਿਆਂ ਕਿਹਾ।

ਮਲੂਕੇ ਨੇ ਜਦੋਂ ਇਹ ਗੱਲ ਸ਼ੇਰ ਸਿੰਘ ਨੂੰ ਦੱਸੀ ਤਾਂ ਉਸ ਨੂੰ ਬੜਾ ਧੱਕਾ ਜਿਹਾ ਲੱਗਾ। ਉਹਦੇ ਲਈ ਇਹ ਗੱਲ ਧਾਰਮਿਕ ਬੇਅਦਬੀ ਵਾਲੀ ਸੀ। ਉਹ ਖਿਝ ਜਿਹਾ ਗਿਆ।

"ਉਹ ਚਾਹੁੰਦੇ ਹਨ ਕਿ ਤੂੰ ਇਸ ਨੂੰ ਚੰਗੀ ਤਰ੍ਹਾਂ ਚੁੰਮੇ", ਮਲੂਕੇ ਨੇ ਸ਼ੇਰ ਸਿੰਘ ਨੂੰ ਸਪੱਸ਼ਟ ਕਰਦਿਆਂ ਕਿਹਾ।

ਸ਼ੇਰ ਸਿੰਘ ਨੇ ਜੀਭ ਬਾਹਰ ਕੱਢ ਕੇ ਖੁੱਲ੍ਹੀ ਬਾਈਬਲ ਦੇ ਪੂਰੇ ਦੇ ਪੂਰੇ ਪੰਨੇ ਨੂੰ ਥੱਲੇ ਤੋਂ ਲੈ ਕੇ ਉੱਪਰ ਤੱਕ ਚੱਟਣਾ ਸ਼ੁਰੂ ਕਰ ਦਿੱਤਾ।

"ਕੀ ਹੁਣ ਉਹ ਖੁਸ਼ ਹਨ?" ਉਹ ਬੋਲਿਆ।

ਨਿੱਕੀ ਜਿਹੀ ਅਦਾਲਤ ਦੇ ਉਦਾਸ ਮਾਹੌਲ ਵਿਚ ਕੁਝ ਚਮਕ ਆਈ ਕਿਉਂਕਿ ਉਹਨਾਂ ਨੂੰ ਯਕੀਨ ਹੋ ਗਿਆ ਸੀ ਕਿ ਸ਼ੇਰ ਸਿੰਘ ਸੱਚ ਬੋਲੇਗਾ। ਅਦਾਲਤ ਦੀ ਕਾਰਵਾਈ ਜਾਰੀ ਰਹੀ।

"ਸ਼ੁਕਰਵਾਰ ਦੀ ਰਾਤ ਨੂੰ ਘਰ ਕਿਸ ਵੇਲੇ ਮੁੜਿਆ ਸੀ?" ਸਰਕਾਰੀ ਵਕੀਲ ਨੇ ਪੁੱਛਿਆ।

ਸ਼ੇਰ ਸਿੰਘ ਦੀ ਥਾਂ ਮਲੂਕਾ ਬੋਲਿਆ, "ਇਹਦੇ ਕੋਲ ਘੜੀ ਨਹੀਂ ਹੈ। ਜੇ

ਹੋਵੇ ਵੀ ਤਾਂ ਇਹ ਟਾਈਮ ਨਹੀਂ ਦੇਖ ਸਕਦਾ। ਫਿਰ ਇਹ ਕਿਵੇਂ ਦੱਸ ਸਕਦਾ ਹੈ ?"

"ਤੇਰਾ ਕੰਮ ਅਦਾਲਤ ਨੂੰ ਜਾਣਕਾਰੀ ਦੇਣਾ ਜਾਂ ਬਹਿਸ ਕਰਨਾ ਨਹੀਂ। ਤੂੰ ਇੱਥੇ ਸਿਰਫ ਚੌਕੀਦਾਰ ਦੇ ਤੌਰ 'ਤੇ ਆਇਆ ਏਂ", ਜੱਜ ਨੇ ਮਲੂਕੇ ਨੂੰ ਡਾਂਟਦਿਆਂ ਕਿਹਾ।

"ਜੀ ਜਨਾਬ।" ਝੇਪ ਮਹਿਸੂਸ ਕਰਦਾ ਅਤੇ ਨਿਮਾਣਾ ਜਿਹਾ ਬਣ, ਮਲੂਕਾ ਬੋਲਿਆ।

ਛੇਤੀ ਹੀ ਕੇਸ ਖ਼ਤਮ ਹੋ ਗਿਆ, ਕਿਉਂਕਿ ਸ਼ੇਰ ਸਿੰਘ ਜਿਸ ਖੋਖੇ ਵਿਚ ਰਹਿੰਦਾ ਸੀ ਉੱਥੇ ਕੋਲੇ ਨਾਲ ਬਲਣ ਵਾਲੀ ਕੋਈ ਅੰਗੀਠੀ ਹੀ ਨਹੀਂ ਸੀ।

"ਬਾਇੱਜ਼ਤ ਬਰੀ।" ਜੱਜ ਨੇ ਫੈਸਲਾ ਸੁਣਾਇਆ।

ਝਿੜਕ ਖਾਣ ਦੇ ਬਾਵਜੂਦ ਵੀ ਮਲੂਕਾ ਆਪਣੇ ਆਪ ਉੱਤੇ ਫ਼ਖ਼ਰ ਮਹਿਸੂਸ ਕਰ ਰਿਹਾ ਸੀ।

ਸ਼ਾਮ ਨੂੰ ਕੁੱਕ ਹਾਊਸ ਵਿਚ ਜਸ਼ਨ ਮਨਾਇਆ ਗਿਆ। ਮਿੱਲ ਵਿਚ ਕੰਮ ਕਰਦੇ ਕਾਮੇ ਸਦਾ ਹੀ ਜਸ਼ਨ ਮਨਾਉਣ ਲਈ ਬਹਾਨੇ ਦੀ ਭਾਲ ਵਿਚ ਰਹਿੰਦੇ ਸਨ। ਉਹਨਾਂ ਨੇ ਵਿਸਕੀ ਪੀ ਕੇ ਖ਼ੁਸ਼ੀ ਦਾ ਇਜ਼ਹਾਰ ਕੀਤਾ, ਕਿਉਂਕਿ ਅਦਾਲਤ ਨੇ ਇਕ ਹਿੰਦੂ ਨੂੰ ਬੇਕਸੂਰ ਠਹਿਰਾਇਆ ਸੀ।

11

ਸਨਿੱਚਰਵਾਰ ਦੀ ਦੁਪਹਿਰ ਨੂੰ ਮਿੱਲ ਵਿਚ ਚੁੱਪ ਉੱਤਰ ਆਉਂਦੀ ਸੀ। ਕਾਮਿਆਂ ਨੇ ਕਈ ਕੰਮ ਕਰਨੇ ਹੁੰਦੇ ਸਨ। ਉਹਨਾਂ ਨੇ ਆਪਣੇ ਕੇਸ ਅਤੇ ਕੱਪੜੇ ਧੋਣੇ, ਸੌਣ ਵਾਲੇ ਫੱਟੇ ਸਾਫ ਕਰਨੇ, ਅਤੇ ਯਾਰਾਂ ਮਿੱਤਰਾਂ ਕੋਲ ਜਾਣਾ ਹੁੰਦਾ ਜਾਂ ਖ਼ਰੀਦੋ-ਫ਼ਰੋਖ਼ਤ ਕਰਨੀ ਹੁੰਦੀ ਸੀ। ਬਹੁਤਿਆਂ ਨੇ ਆਪਣੀ ਪਸੰਦ ਅਨੁਸਾਰ

ਸ਼ਨਿੱਚਰਵਾਰ ਦੀ ਰਾਤ ਨੂੰ ਮਨ-ਪ੍ਰਚਾਵਾ ਕਰਨਾ ਅਤੇ ਐਤਵਾਰ ਨੂੰ ਵੈਨਕੂਵਰ ਗੁਰਦੁਆਰੇ ਦੇ ਪ੍ਰੋਗਰਾਮ ਵਿਚ ਜਾ ਸ਼ਾਮਲ ਹੋਣਾ ਹੁੰਦਾ ਸੀ।

ਸ਼ਨਿੱਚਰਵਾਰ ਨੂੰ ਦੁਪਹਿਰੋਂ ਬਾਅਦ ਸਿੱਖ ਹੋਸਟਿੰਗ ਅਤੇ ਗਰੈਂਨਵਿਲ ਸਟਰੀਟ ਉੱਤੇ ਟੋਲੀਆਂ ਬਣਾ ਕੇ ਘੁੰਮਦੇ ਸਨ। ਉਹ ਆਮ ਤੌਰ 'ਤੇ ਚੀਜ਼ਾਂ ਅਤੇ ਕੱਪੜਿਆਂ ਦੀ ਲੱਗੀ ਨੁਮਾਇਸ਼ ਦੀ ਪ੍ਰਸੰਸਾ ਕਰਦੇ। ਦੂਜੀਆਂ ਮਿੱਲਾਂ ਵਿਚ ਕੰਮ ਕਰਦੇ ਸਿੱਖਾਂ ਨੂੰ ਗਰਮਜੋਸ਼ੀ ਨਾਲ ਮਿਲਦੇ। ਉੱਚੀ ਅਵਾਜ਼ ਵਿਚ ਬੁਲਾਈ 'ਸਤਿ ਸ੍ਰੀ ਅਕਾਲ' ਕੋਲੋਂ ਲੰਘਦਿਆਂ ਦਾ ਧਿਆਨ ਖਿੱਚਦੀ। ਜਦੋਂ ਉਹ ਖ਼ੁਸ਼ੀ ਭਰੇ ਰੌਅ ਵਿਚ ਚਸਕੇ ਲੈ ਲੈ ਕੇ ਗੱਲਾਂ ਕਰਨ ਵਿਚ ਰੁਝੇ ਹੁੰਦੇ ਤਾਂ ਕੋਲੋਂ ਲੰਘਦਿਆਂ ਦੇ ਵੱਖ ਵੱਖ ਪ੍ਰਤੀਕਰਮ ਹੁੰਦੇ। ਕੁਝ ਉਹਨਾਂ ਵਲ ਇਸ਼ਾਰਾ ਕਰ ਕੇ ਇਕ ਦੂਜੇ ਨੂੰ ਕੂਹਣੀਆਂ ਮਾਰਦੇ ਅਤੇ ਕੁਝ ਸ਼ੱਕ ਦੀ ਨਜ਼ਰ ਨਾਲ ਦੇਖਦੇ ਅਤੇ ਛੇੜਖਾਨੀ ਕਰ ਕੇ ਲੰਘਦੇ। ਇਹ ਗੱਲ ਮਲੂਕੇ ਨੂੰ ਪ੍ਰੇਸ਼ਾਨ ਕਰ ਦਿੰਦੀ। ਉਹਦੀ ਪ੍ਰੇਸ਼ਾਨੀ ਉਦੋਂ ਹੋਰ ਵਧੀ ਜਦੋਂ ਉਹਨੂੰ ਖ਼ੁਦ ਛੇੜਖਾਨੀ ਦਾ ਸ਼ਿਕਾਰ ਹੋਣਾ ਪਿਆ, ਕਿਉਂਕਿ ਮਲੂਕੇ ਨੇ ਢਿਲਕਵਾਂ ਜਿਹਾ ਸੂਟ, ਟੁੱਟੇ ਕਾਲੇ ਬੂਟ ਅਤੇ ਚਮਕਦੀ ਗੁਲਾਬੀ ਪੱਗ ਬੰਨ੍ਹੀ ਹੋਈ ਸੀ।

ਮਲੂਕੇ ਨੂੰ ਨੂਰਦੀਨ ਮਰਾਸੀ ਦਾ ਚੇਤਾ ਆਇਆ ਜੋ ਆਪਣਾ ਗੁਜ਼ਾਰਾ ਲੋਕਾਂ ਦੇ ਸੁਨੇਹੇ ਪਹੁੰਚਾ ਕੇ ਅਤੇ ਉਹਨਾਂ ਦਾ ਮਨੋਰੰਜਨ ਕਰ ਕੇ ਕਰਦਾ ਸੀ। ਭਾਵੇਂ ਕਿ ਨੂਰਦੀਨ ਨੇ ਫੌਜ ਵਿਚ ਦਰਜ਼ੀ ਦੇ ਇਕ ਸਹਾਇਕ ਵਜੋਂ ਕੰਮ ਕੀਤਾ ਸੀ ਪਰ ਉਹ ਪਿੰਡ ਵਿਚ ਆਪਣੇ ਆਪ ਨੂੰ ਇਕ ਮਾਹਿਰ ਦਰਜ਼ੀ ਦੱਸਦਾ ਸੀ। ਉਹ ਦਾਅਵਾ ਕਰਦਾ ਸੀ ਕਿ ਉਹਨੇ ਹਜ਼ਾਰਾਂ ਸਾਹਿਬਾਂ ਦੇ ਸੂਟ ਸੀਤੇ ਸਨ।

"ਚੌਧਰਾਣੀ ਮੇਰੇ ਕੰਮ ਦੀ ਲੰਡਨ ਤਕ ਬੱਲੇ ਬੱਲੇ ਹੁੰਦੀ ਸੀ", ਉਹ ਮਲੂਕੇ ਦੀ ਮਾਂ ਨੂੰ ਕਹਿੰਦਾ।

ਨੂਰਦੀਨ ਨੇ ਮਲੂਕੇ ਲਈ ਕਾਲੇ ਰੰਗ ਦਾ ਭਾਰਾ ਗਰਮ ਸੂਟ ਬਣਵਾਇਆ ਅਤੇ ਛਾਤੀ ਵਾਲੀ ਥਾਂ ਉੱਤੇ ਰੰਦੇ ਗੱਦੇ ਦੀ ਤਹਿ ਦਿੱਤੀ ਤਾਂ ਜੋ ਠੰਡੇ ਮੌਸਮ ਵਿਚ ਆਪਣੇ ਆਪ ਨੂੰ ਗਰਮ ਰੱਖਿਆ ਜਾ ਸਕੇ।

ਸੂਟ ਨੂੰ ਕਈ ਵਾਰੀ ਪਾ ਕੇ ਦੇਖਿਆ ਗਿਆ। ਹਰ ਵਾਰੀ ਨੂਰਦੀਨ ਤਸੱਲੀ ਨਾਲ ਮੁਸਕਰਾਉਂਦਾ ਮਲੂਕੇ ਦੀ ਮਾਂ ਨੂੰ ਕਹਿੰਦਾ, "ਅਮਰੀਕਾ ਵਿਚ ਸਾਹਿਬ ਲੋਕ

ਤੇਰੇ ਪੁੱਤ ਨੂੰ ਖੜ੍ਹਾ ਕਰ ਕੇ ਦੇਖਿਆ ਕਰਨਗੇ।"

"ਮਰਾਸੀ ਦੀ ਸਹਿਜ ਸੁਭਾਅ ਕਹੀ ਗੱਲ ਹੁਣ ਠੀਕ ਸਿੱਧ ਹੋ ਰਹੀ ਸੀ।" ਮਲੂਕੇ ਨੇ ਆਪਣੇ ਆਪ ਨੂੰ ਕਿਹਾ।

ਜਦੋਂ ਦੁਪਹਿਰ ਢਲਣੀ ਸ਼ੁਰੂ ਹੁੰਦੀ ਤਾਂ ਪੰਜਾਬੀ ਆਪਣੀਆਂ ਮਿਲਾਪ ਗਾਹਾਂ ਨੂੰ ਖਿਸਕਣੇ ਸ਼ੁਰੂ ਹੋ ਜਾਂਦੇ। ਇਹ ਥਾਵਾਂ ਸਨ : ਸੀ. ਆਰ. ਪੀ. ਸਟੇਸ਼ਨ, ਜਨਰਲ ਪੋਸਟ ਆਫਿਸ, ਮੇਨ ਸਟਰੀਟ ਅਤੇ ਹੇਸਟਿੰਗ ਸਟਰੀਟ ਦੇ ਬਣੇ ਬੀਅਰ ਪਾਰਲਰਜ਼।

ਸ਼ਾਮ ਨੂੰ ਉਹ ਆਪੋ ਆਪਣੀਆਂ ਮਨਪਸੰਦ ਥਾਵਾਂ ਵੱਲ ਨੂੰ ਖਿਸਕ ਜਾਂਦੇ।

ਕਿਹਾ ਜਾਂਦਾ ਸੀ ਕਿ ਕੁਛ ਬੰਦੇ ਇਟਾਲੀਅਨ ਵਾਈਨ ਅਤੇ ਕੁਝ ਭੜਕੀਲੇ ਪਹਿਰਾਵੇ ਅਤੇ ਚਮਕਦੇ ਕੁੰਡਲਾਂ ਵਾਲੇ ਵਾਲਾਂ ਵਾਲੀਆਂ ਔਰਤਾਂ ਨੂੰ ਤਰਜੀਹ ਦਿੰਦੇ ਸਨ। ਕੁਛ ਚਮਕਦੀਆਂ ਨੀਲੀਆਂ ਅੱਖਾਂ ਵਾਲੀਆਂ ਲੰਮ ਸਲੰਮੀਆਂ ਜਾਦੂਮਈ ਅਸਰ ਵਾਲੀਆਂ ਔਰਤਾਂ ਦੀ ਸੰਗਤ 'ਚ ਵਿਸਕੀ ਸੋਡਾ ਪੀਣ ਚਲੇ ਜਾਂਦੇ। ਕੁਝ ਮੈਕਸੀਕਣ ਖਾਣੇ ਅਤੇ ਉਸ ਦੇਸ਼ ਦੀਆਂ ਕਣਕ-ਵੰਨੇ ਰੰਗ, ਕਾਮੀ ਲਾਲ ਹੋਠਾਂ ਅਤੇ ਛੋਟੇ ਛੋਟੇ ਸਲੂਕ ਹੱਥਾਂ ਵਾਲੀਆਂ ਔਰਤਾਂ ਦੀ ਸੰਗਤ ਵਿਚ ਜਾ ਕੇ ਖੁਸ਼ ਹੁੰਦੇ। ਜੋ ਪੱਗਾਂ ਨਹੀਂ ਬੰਨ੍ਹਦੇ ਸਨ ਉਹ ਨਿੱਕੇ ਕੱਦ ਦੀਆਂ ਜਪਾਨਣਾਂ ਕੋਲੋਂ ਸਿਰ ਮਨਾਉਣ ਅਤੇ ਸ਼ੇਵ ਕਰਾਉਣ ਚਲੇ ਜਾਂਦੇ। ਭਾਵੇਂ ਉਹ ਦੇਖਣ ਨੂੰ ਖੂਬਸੂਰਤ ਨਹੀਂ ਸਨ ਪਰ ਆਪਣੇ ਕੰਮ ਵਿਚ ਪੂਰੀਆਂ ਮਹਿਰ ਸਨ। ਕੁਛ ਪੈਂਡਰ ਸਟਰੀਟ ਵਾਲੇ ਪਾਸੇ ਅਲੋਪ ਹੋ ਜਾਂਦੇ ਜਿੱਥੇ ਜੂਏ ਦੇ ਅੱਡੇ ਸਨ ਅਤੇ ਚੌਲਾਂ ਦੀ ਵਾਈਨ ਪੀਣ ਨੂੰ ਮਿਲਦੀ ਸੀ। ਉਥੋਂ ਵਧੀਆ ਕਾਲੀ ਅਫ਼ੀਮ ਵੀ ਖ਼ਰੀਦੀ ਜਾ ਸਕਦੀ ਸੀ।

ਕੁਛ ਜੋ ਬਹੁਤੇ ਧਾਰਮਿਕ ਸਨ, ਮਿੱਲ ਵਿਚ ਹੀ ਰਹਿੰਦੇ।

"ਬਈ ਉਹ ਧਰਮਾਤਮਾ ਲੋਕ ਹਨ", ਨੱਥਾ ਸਿੰਘ ਕਹਿੰਦਾ।

"ਨਹੀਂ, ਉਹ ਸੂਮ ਆਂ ਨਾਲੇ ਕੁਦਰਤ ਦੇ ਦੁਸ਼ਮਣ ਵੀ। ਜਦੋਂ ਇਹਨਾਂ ਦੇ ਹੱਥ ਵਿਚ ਕੋਈ ਸਿੱਕਾ ਆ ਜਾਂਦਾ ਹੈ ਤਾਂ ਫਿਰ ਨਹੀਂ ਹੱਥੋਂ ਛੱਡਦੇ" ਜੱਗਾ ਜੁਆਬ ਮੋੜਦਾ।

ਪਰ ਮਹਿਰਾ ਇਹਨਾਂ ਗਰੁੱਪਾਂ ਵਿਚੋਂ ਕਿਸੇ ਨਾਲ ਵੀ ਸੰਬੰਧ ਨਹੀਂ ਸੀ ਰੱਖਦਾ। ਲੰਮਾ ਸਡੌਲ, ਸ਼ੇਵ ਕੀਤੀ ਦਾੜ੍ਹੀ। ਉਹ ਲੰਮੀਆਂ ਮੁੱਛਾਂ ਵਾਲੇ ਗੁਜਰਾਂਵਾਲੇ

ਦੇ ਉਸ ਪ੍ਰੀਵਾਰ ਵਿਚੋਂ ਸੀ ਜਿਹੜੇ ਘੋੜੇ ਪਾਲਣ ਦਾ ਕੰਮ ਕਰਦੇ ਸਨ।

ਉਹ ਘੋੜਿਆਂ ਬਿਨਾਂ ਨਹੀਂ ਸੀ ਰਹਿ ਸਕਦਾ। ਉਹਨੇ ਦੋ ਵਛੇਰੇ ਖ਼ਰੀਦ ਲਏ ਸਨ ਤਾਂ ਜੋ ਇਕੱਲਤਾ ਮਹਿਸੂਸ ਨਾ ਕਰੇ। ਉਹ ਹੁਣ ਪੂਰੀ ਤਰ੍ਹਾਂ ਪਲ ਚੁੱਕੇ ਸਨ। ਆਪਣੇ ਵਿਹਲੇ ਸਮੇਂ 'ਚ ਮਹਿਰਾ ਉਹਨਾਂ ਨੂੰ ਖਰਖਰਾ ਕਰਦਾ, ਨੁਹਾਉਂਦਾ ਅਤੇ ਕਸਰਤ ਕਰਾਉਂਦਾ। ਘੋੜਿਆਂ ਦੀ ਖ਼ੁਰਾਕ ਉਹਦੇ ਪੈਸੇ ਹੜੱਪ ਕਰ ਜਾਂਦੀ। ਕੰਮੋਂ ਮੁੜਦੇ ਹੋਏ ਉਹ ਵਾੜੇ ਵਲ ਨੂੰ ਦੌੜਦਾ ਅਤੇ ਸੁਨੱਖੇ ਜਾਨਵਰ ਉਹਦਾ ਪੂਰੇ ਮੋਹ ਨਾਲ ਸਵਾਗਤ ਕਰਦੇ। ਇਕ ਦਿਨ ਮਲੂਕੇ ਨੇ ਦੇਖਿਆ ਕਿ ਉਹ ਘੋੜਿਆਂ ਦੇ ਸਾਹਮਣੇ ਆਪਣੀ ਤਨਖ਼ਾਹ ਦੀ ਚੈੱਕ ਲੈ ਕੇ ਬੈਠਾ ਹੋਇਆ ਸੀ ਅਤੇ ਕਹਿ ਰਿਹਾ ਸੀ, "ਆਹ ਹੀ ਹੈ ਸਾਰਾ ਕੁਛ। ਕਿੰਨੇ ਤੁਹਾਡੇ ਲਈ ਅਤੇ ਕਿੰਨੇ ਮੇਰੇ ਲਈ?" ਘੋੜਿਆਂ ਨੇ ਹਿਣ ਹਿਣ ਕੀਤੀ। "ਹਾਂ, ਹਾਂ ਬਦਮਾਸ਼ੋ ਤੁਹਾਨੂੰ ਵੱਡਾ ਹਿੱਸਾ ਮਿਲੇਗਾ।" ਉਹ ਫਿਰ ਬੋਲਿਆ।

"ਮਲੂਕਿਆ ਘੋੜਿਆਂ ਲਈ ਮੈਨੂੰ ਹੋਰ ਪੈਸੇ ਦੀ ਲੋੜ ਹੈ। ਕੀ ਤੂੰ ਬਾਸ ਨੂੰ ਕਹਿ ਕੇ ਮੈਨੂੰ ਹੋਰ ਓਵਰਟਾਈਮ ਦਿਵਾ ਸਕਦਾ ਏਂ?" ਮਹਿਰੇ ਨੇ ਮਲੂਕੇ ਨੂੰ ਪੁੱਛਿਆ।

ਕਦੀ ਕਦਾਈਂ ਕੁਦਰਤ ਦੇ ਨਜ਼ਾਰੇ ਇਹਨਾਂ ਮਿੱਲ ਕਾਮਿਆਂ ਦੇ ਦਰ ਤਕ ਆਪ ਚੱਲ ਕੇ ਆਉਂਦੇ।

ਇਕ ਸ਼ਨਿੱਚਰਵਾਰ ਦੁਪਹਿਰੋਂ ਬਾਅਦ ਜਦ ਕੁਝ ਬੰਦੇ ਕੁੱਕ-ਹਾਊਸ ਅਤੇ ਸੌਣ ਵਾਲੀ ਸ਼ੈੱਡ ਦੇ ਵਿਚਕਾਰ ਖ਼ਾਲੀ ਪਈ ਜਗ੍ਹਾ ਉੱਤੇ ਭਾਰ ਚੁੱਕਣ ਅਤੇ ਹੋਰ ਖੇਡਾਂ ਖੇਡਣ ਵਿਚ ਰੁੱਝੇ ਹੋਏ ਸਨ ਤਾਂ ਇਕ ਆਦਮੀ ਦੋ ਭਰਵੀਆਂ ਜ਼ਨਾਨੀਆਂ ਨੂੰ ਲੈ ਕੇ ਪਹੁੰਚ ਗਿਆ। ਇਹਨਾਂ ਜ਼ਨਾਨੀਆਂ ਨੇ ਲੋੜੋਂ ਵੱਧ ਮੇਕਅੱਪ ਕੀਤਾ ਹੋਇਆ ਸੀ ਅਤੇ ਮੋਢਿਆਂ ਉਤੇ ਲਮਕ ਰਹੇ ਵਾਲਾਂ 'ਚੋਂ ਸੈਂਟ ਦੀ ਮਹਿਕ ਆ ਰਹੀ ਸੀ।

"ਤੁਸੀਂ ਹੁਣ ਭਾਰ ਚੁੱਕਣਾ ਬੰਦ ਕਰ ਸਕਦੇ ਹੋ। ਇਕ ਵੱਧ ਆਨੰਦਦਾਇਕ ਖੇਡ ਤੁਹਾਡੀ ਉਡੀਕ ਕਰ ਰਹੀ ਹੈ", ਜੱਗੇ ਨੇ ਕਿਹਾ।

ਇਹ ਜ਼ਨਾਨੀਆਂ ਵੀ ਆਦਮੀਆਂ ਨਾਲ ਖੇਡਣ ਲੱਗੀਆਂ ਅਤੇ ਉਹਨਾਂ ਕੁੱਕ ਹਾਊਸ ਦੀ ਛੱਤ ਨੂੰ ਪੱਬਾਂ ਨਾਲ ਛੂਹਣ ਲਈ ਆਦਮੀਆਂ ਨੂੰ ਚੈਲਿੰਜ ਕੀਤਾ। ਉਹ ਹੱਥਾਂ ਵਿਚ ਬੀਅਰ ਫੜੀ ਬੜੀ ਆਸਾਨੀ ਨਾਲ ਪੱਬ ਉਠਾ ਕੇ ਛੱਤ ਨੂੰ

ਲਾਈ ਜਾ ਰਹੀਆਂ ਸਨ। ਇਸ ਤਰ੍ਹਾਂ ਕਰਦੇ ਸਮੇਂ ਉਹਨਾਂ ਦੀਆਂ ਜਾਲੀਦਾਰ ਜ਼ਰਾਬਾਂ ਨੂੰ ਸੰਭਾਲਣ ਲਈ ਬੰਨ੍ਹੀਆਂ ਰੰਗਦਾਰ ਬੱਧਰਾਂ ਅਤੇ ਝਾਲਰਦਾਰ ਚਿੱਟੀਆਂ ਚੱਡੀਆਂ ਵਿਚਕਾਰ ਉਹਨਾਂ ਦੇ ਗਦਰਾਏ ਮੋਟੇ ਪੱਟ ਲਿਸ਼ਕਾਂ ਮਾਰਦੇ ਦਿਖਾਈ ਦੇ ਰਹੇ ਸਨ।

ਛੇਤੀ ਹੀ ਉਹ ਕਮਰਿਆਂ ਵਿਚ ਚਲੀਆਂ ਗਈਆਂ। ਗੁਲਾਬੀ ਸਿਲਕ ਦੀ ਕਮੀਜ਼, ਭੜਕੀਲੀ ਜਿਹੀ ਟਾਈ ਅਤੇ ਤੇਲ ਨਾਲ ਚੋਪੜ ਕੇ ਵਾਹੇ ਪਟਿਆਂ ਵਾਲਾ ਉਹਨਾਂ ਦਾ ਸਾਥੀ ਕੁੱਕ ਹਾਊਸ ਵਿਚ ਬੈਠਾ ਵਿਸਕੀ ਦੀਆਂ ਚੁਸਕੀਆਂ ਲੈਂਦਾ ਰਿਹਾ ਸੀ।

ਬੰਦਿਆਂ ਦੇ ਇਸ ਛੋਟੇ ਜਿਹੇ ਗਰੁੱਪ ਵਿਚੋਂ ਆਦਮੀ ਵਾਰੋ ਵਾਰੀ ਅੰਦਰ ਗਏ। ਸਿਰਫ਼ ਰਾਮ ਲਾਲ ਹੀ ਬਾਹਰ ਬੈਠਾ, ਨਿੰਮੋਝੂਣਾ ਜਿਹਾ ਹੋ ਕੇ ਬਾਂਸ ਅਤੇ ਦੁੱਧ ਦੀ ਬੋਤਲ ਨਾਲ ਬਣਾਇਆਂ ਆਪਣਾ ਹੁੱਕਾ ਪੀਂਦਾ ਰਿਹਾ।

ਰਾਮ ਲਾਲ ਨੇ ਅਖ਼ੀਰ ਵਿਚ ਜਾਣਾ ਹੈ, ਕਿਉਂਕਿ ਉਹ ਲਗਾਤਾਰ ਚਲਦਾ ਹੈ। ਲੋਕ ਕਹਿੰਦੇ ਹਨ ਕਿ ਉਸ ਨੇ ਵਾਮ ਮਾਰਗੀ ਤਾਂਤ੍ਰਿਕ ਰਹੱਸ ਸਿੱਧ ਕੀਤਾ ਹੋਇਆ ਹੈ ਪਰ ਮੇਰੇ ਖਿਆਲ ਵਿਚ ਇਹ ਅਫੀਮ ਦੀ ਗੋਲੀ ਦਾ ਹੀ ਕਮਾਲ ਹੈ" ਜੱਗੇ ਨੇ ਤਬਸਰਾ ਕੀਤਾ।

12

ਐਤਵਾਰ ਸਵਖਤੇ ਹੀ ਇਕ ਰੁਹਬਦਾਰ ਵਿਅਕਤੀ, ਜਿਸ ਨੇ ਇਕ ਹੱਥ ਵਿਚ ਕਾਲਾ ਅਟੈਚੀ ਕੇਸ ਫੜਿਆ ਹੋਇਆ ਸੀ ਅਤੇ ਦੂਜੇ ਹੱਥ ਵਿਚ ਸੋਟੀ, ਕੁੱਕ ਹਾਊਸ ਆ ਧਮਕਿਆ। ਚਿੱਟੀ ਬੱਕਰ-ਦਾੜ੍ਹੀ ਵਾਲਾ ਇਹ ਵਿਅਕਤੀ ਈਸਾਈ ਮਿਸ਼ਨਰੀ ਸੀ। ਇਸ ਦਾ ਨਾ ਮੈਕਗਵਰਨ ਸੀ ਅਤੇ ਉਹ ਵੈਨਕੂਵਰ ਤੋਂ ਹੀ ਸੀ।

ਜੱਗਾ ਕਹਿਣ ਲੱਗਾ, "ਰੱਬ ਦੀ ਉਸਤਤ ਕਰਨੀ ਬਣਦੀ ਹੈ। ਪਾਪ ਦੀ ਰਾਤ ਲੰਘਾਉਣ ਤੋਂ ਬਾਅਦ ਸਵੇਰੇ ਹੀ ਮੁਕਤੀ ਹੋ ਰਹੀ ਹੈ। ਕੁੜੀਆਂ ਨੇ ਬਿਨਾਂ

ਕਿਸੇ ਨਸਲੀ-ਵਿਤਕਰੇ ਦੇ ਨਜ਼ਾਰਾ ਦਿੱਤਾ ਸੀ। ਕੀ ਰੱਬ ਦੇ ਖਾਸ ਨਿਗਰਾਨਾਂ ਨੂੰ ਵੀ ਇਹ ਗਿਆਨ ਹੋਵੇਗਾ ?"

"ਰੱਬ ਨੇ ਐਤਵਾਰ ਨੂੰ ਹਫ਼ਤੇ ਵਿਚ ਸਹੀ ਜਗ੍ਹਾ ਬਣਾਇਆ ਹੈ। ਤਾਜ਼ੇ ਲੱਗੇ ਦਾਗ ਧੋਣੇ ਸੌਖੇ ਹੁੰਦੇ ਹਨ", ਬੰਤਾ ਸਿੰਘ ਨੇ ਕੁਝ ਸੋਚਣ ਤੋਂ ਬਾਅਦ ਹੁੰਗਾਰਾ ਭਰਿਆ।

ਨੱਥਾ ਸਿੰਘ ਉਪਦੇਸ਼ ਦਿੰਦਾ ਕਹਿਣ ਲੱਗਾ, "ਤੁਹਾਨੂੰ ਦੂਜਿਆਂ ਦੇ ਧਰਮ ਦਾ ਮਖੌਲ ਨਹੀਂ ਉਡਾਣਾ ਚਾਹੀਦਾ ਸਿੱਖ ਗੁਰੂਆਂ ਨੇ ਕਦੀ ਵੀ ਸੱਚ ਉਪਰ ਆਪਣੀ ਅਜਾਰੇਦਾਰੀ ਨਹੀਂ ਜਿਤਾਈ। ਉਹਨਾਂ ਨੇ ਉਹਨਾਂ ਹੋਰ ਪੈਗੰਬਰਾਂ ਵਾਂਗ ਇਹ ਨਹੀਂ ਕਿਹਾ ਕਿ ਰੱਬ ਨੇ ਉਹਨਾਂ ਨੂੰ ਹੀ ਆਪਣਾ ਪ੍ਰਚਾਰ ਕਰਨ ਲਈ ਭੇਜਿਆ ਹੈ। ਗੁਰੂਆਂ ਨੇ ਰੋਜ਼ਾਨਾ ਜ਼ਿੰਦਗੀ ਦੇ ਕੰਮ ਕਰਦਿਆਂ ਹੀ ਸਹੀ ਰਾਹ ਦੱਸਿਆ। ਰੱਬ ਇਕ ਹੈ ਪਰ ਰਾਹ ਵੱਖਰੇ ਵੱਖਰੇ ਹਨ।"

"ਹਾਂ", ਭਾਈ ਤਾਰਾ ਸਿੰਘ ਨੇ ਹਾਮੀ ਭਰਦਿਆਂ ਗੱਲ ਅੱਗੇ ਤੋਰੀ, "ਸਾਡੀ ਅਰਦਾਸ ਵੀ ਕਿਸੇ ਇਕ ਬੰਦੇ ਦੀ ਬਣਾਈ ਹੋਈ ਨਹੀਂ ਅਤੇ ਨਾ ਹੀ ਇਸ ਨੂੰ ਕਰਨ ਲਈ ਕਿਸੇ ਪਾਦਰੀ ਦੀ ਲੋੜ ਹੈ। ਇਹ ਸਾਡੀ ਜੱਦੋਜਹਿਦ ਨੂੰ ਉਜਾਗਰ ਕਰਦੀ ਹੈ। ਇਸ ਵਿਚ ਦੁੱਖ ਤਕਲੀਫ਼ਾਂ ਨੂੰ ਬਿਨਾਂ ਕਿਸੇ ਕੁੜੱਤਣ ਅਤੇ ਜਿੱਤ ਨੂੰ ਬਿਨਾ ਕਿਸੇ ਘੁਮੰਡ ਦੇ ਪਰਵਾਨ ਕੀਤਾ ਜਾਂਦਾ ਹੈ। ਅਸੀਂ ਆਪਣੇ ਧਰਮ ਵਿਚ ਯਕੀਨ ਕਰਨ ਦੇ ਨਾਲ ਨਾਲ ਦੂਜੇ ਧਰਮਾਂ ਦਾ ਵੀ ਸਤਿਕਾਰ ਕਰਦੇ ਹਾਂ। ਅਸੀਂ ਅਰਦਾਸ ਕਰਦੇ ਹਾਂ ਕਿ ਸਰਬੱਤ ਦਾ ਭਲਾ ਹੋਵੇ।"

"ਮਲੂਕਿਆ ਬਈ ਮਿਸਟਰ ਮੈਕਗਵਰਨ ਨੂੰ ਚਾਹ ਪਾਣੀ ਪੁੱਛ ਤੇ ਨਾਲੇ ਅੰਦਰ ਕੁੱਝ ਹਾਊਸ 'ਚ ਬਿਠਾ" ਨੱਥਾ ਸਿੰਘ ਨੇ ਮਲੂਕੇ ਨੂੰ ਕਿਹਾ।

ਮਿਸਟਰ ਮੈਕਗਵਰਨ ਵੱਡੇ ਸਾਰੇ ਮੱਗ ਵਿਚੋਂ ਹੌਲੀ ਹੌਲੀ ਚਾਹ ਪੀ ਰਿਹਾ ਸੀ ਅਤੇ ਕੁੱਕ-ਹਾਊਸ ਵਿਚ ਹਾਜ਼ਰ ਵਿਅਕਤੀਆਂ ਨਾਲ ਗੱਲਬਾਤ ਵੀ ਕਰ ਰਿਹਾ ਸੀ। ਨਾਲ ਲਗਦੇ ਬੰਕ-ਹਾਊਸ ਵਿਚੋਂ ਕੁਝ ਹੋਰ ਬੰਦੇ ਉਹਨੂੰ ਸੁਣਨ ਆ ਗਏ।

ਦਿਆਲੂ ਜਿਹੇ ਮਿਸ਼ਨਰੀ ਦੇ ਚਿਹਰੇ ਉਤੇ ਉਦਾਸੀ ਭਾਹ ਮਾਰ ਰਹੀ ਸੀ। ਕੀ ਇਹ ਇਸ ਕਰਕੇ ਤਾਂ ਨਹੀਂ ਸੀ ਕਿ ਹੁਣ ਉਹਦੀ ਜ਼ਿੰਦਗੀ ਦੇ ਚੰਗੇ ਦਿਨ ਗੁਜ਼ਰ ਚੁਕੇ ਸਨ। ਜਿਸ ਉਦੇਸ਼ ਨੂੰ ਉਹ ਪ੍ਰਚਾਰ ਰਿਹਾ ਸੀ ਕੀ ਉਹ ਪੂਰਾ ਵੀ ਹੋ

ਸਕੇਗਾ ? ਇਸ ਤਰ੍ਹਾਂ ਲੱਗਦਾ ਸੀ ਕਿ ਜਿਵੇਂ ਉਸ ਦੀਆਂ ਵੱਡੀਆਂ ਨੀਲੀਆਂ ਅੱਖਾਂ ਨੇ ਬਹੁਤ ਕੁਝ ਦੇਖਿਆ ਹੋਵੇ । ਉਹ ਹਿੰਦੁਸਤਾਨੀ ਜ਼ਬਾਨ ਵਿਚ ਬੋਲਣ ਦੀ ਕੋਸ਼ਿਸ਼ ਕਰ ਰਿਹਾ ਸੀ ਜਿਸ ਨੂੰ ਸੁਣ ਕੇ ਪੰਜਾਬੀਆਂ ਨੂੰ ਹਾਸਾ ਆ ਜਾਂਦਾ ਸੀ । ਫਿਰ ਵੀ ਸਾਰਿਆਂ ਨੇ ਉਸ ਨੂੰ ਸਤਿਕਾਰ ਨਾਲ ਸੁਣਿਆ ।

ਉਹ ਨੀਤੀ-ਕਥਾਵਾਂ ਰਾਹੀਂ ਗੱਲਾਂ ਕਰ ਰਿਹਾ ਸੀ ਕਿਉਂਕਿ ਉਪਦੇਸ਼ ਦੇਣ ਨਾਲੋਂ ਰੱਬੀ ਗਿਆਨ ਇਸ ਤਰ੍ਹਾਂ ਛੇਤੀ ਸਮਝ ਆਉਂਦਾ ਹੈ । ਉਸ ਨੇ ਬੀਜਣ ਵਾਲੇ ਅਤੇ ਫਸਲਾਂ ਵਿਚ ਉੱਗ ਆਏ ਨਦੀਨ ਦੀ ਕੋਈ ਨੀਤੀ-ਕਥਾ ਸੁਣਾਈ ਜੋ ਜੱਟਾਂ ਨੂੰ ਛੇਤੀ ਹੀ ਸਮਝ ਪੈ ਗਈ ।

"ਇਕ ਵਿਅਕਤੀ ਸਿਰਫ਼ ਬੀਜ ਹੀ ਬੀਜ ਸਕਦਾ ਹੈ। ਪਰ ਕਈ ਚੀਜ਼ਾਂ ਵਾਧਾ ਰੋਕ ਸਕਦੀਆਂ ਹਨ," ਇਸ ਗੱਲ 'ਤੇ ਜ਼ੋਰ ਦਿੰਦਿਆਂ ਉਸਦੀਆਂ ਅੱਖਾਂ ਵਿਚ ਆਸ ਦੀ ਚਮਕ ਆ ਗਈ ।

ਨੱਥਾ ਸਿੰਘ ਕਹਿਣ ਲੱਗਾ, "ਇਹ ਸਿੱਖਿਆ ਤਾਂ ਗੌਤਮ ਬੁੱਧ ਅਤੇ ਗੁਰੂ ਨਾਨਕ ਦੀ ਸਿਖਿਆ ਵਰਗੀ ਹੈ । ਦੁਨੀਆਂ ਖ਼ੁਸ਼ੀ ਖ਼ੁਸ਼ੀ ਰਹਿ ਸਕਦੀ ਹੈ ਜੇ ਮਨੁੱਖ ਇਸ ਗੱਲ ਨੂੰ ਮੰਨੇ ।"

"ਸਾਰੇ ਰਿਸ਼ੀ ਮੁਨੀ ਇਹੀ ਉਪਦੇਸ਼ ਦੇਂਦੇ ਆਏ ਹਨ", ਇਕ ਅਵਾਜ਼ ਆਈ ।

"ਇਹ ਇਕ ਹੀ ਆਤਮਾ ਸੀ ਜੋ ਸਾਰੇ ਪੈਗ਼ੰਬਰਾਂ ਰਾਹੀਂ ਬੋਲੀ", ਕਿਸੇ ਹੋਰ ਨੇ ਆਪਣੇ ਵਿਚਾਰ ਦੱਸੇ ।

"ਮਿਸਟਰ ਮੈਕਗਵਰਨ, ਪਰ ਤੁਸੀਂ ਇਸ ਦੀ ਕਿਸ ਤਰ੍ਹਾਂ ਵਿਆਖਿਆ ਕਰੋਗੇ ਕਿ ਜਿਹਨਾਂ ਦਾ ਧਰਮ ਦਇਆ, ਸ਼ਾਂਤੀ ਅਤੇ ਪਿਆਰ ਦਾ ਪ੍ਰਚਾਰ ਕਰਦਾ ਹੈ, ਉਹਨਾਂ ਨੇ ਹੀ ਸਾਰੀ ਦੁਨੀਆਂ ਨੂੰ ਕਬਜ਼ੇ ਹੇਠ ਕੀਤਾ ਹੋਇਆ ਅਤੇ ਅੱਜ ਵੀ ਗਿਰਜਿਆਂ ਦੀ ਛਤਰ ਛਾਇਆ ਹੇਠ ਗ਼ਰੀਬ ਲੋਕਾਂ ਦੀ ਲੁੱਟ ਖਸੁੱਟ ਕਰ ਰਹੇ ਹਨ" ? ਗੰਡਾ ਸਿੰਘ ਨੇ ਪੁੱਛਿਆ ।

"ਉਹ ਵਿਅਕਤੀ ਜਿਨ੍ਹਾਂ ਤਲਵਾਰ ਦੇ ਆਸਰੇ ਜਿੱਤਾਂ ਪ੍ਰਾਪਤ ਕੀਤੀਆਂ ਹਨ ਅਤੇ ਮਜ਼ਲੂਮਾਂ ਦੀ ਲੁੱਟ ਖਸੁੱਟ ਕਰ ਰਹੇ ਹਨ, ਉਹ ਸਾਡੇ ਰੱਬ ਦੀਆਂ ਸਿਖਿਆਵਾਂ 'ਤੇ ਨਹੀਂ ਚੱਲ ਰਹੇ ।" ਮੈਕਗਵਰਨ ਨੇ ਜਵਾਬ ਦਿਤਾ ।

ਜੱਗਾ ਗੱਲ ਅੱਗੇ ਤੋਰਦਿਆਂ ਬੋਲਿਆ, "ਇਹ ਸੋਚ ਕੇ ਹੀ ਡਰ ਆਉਂਦਾ ਹੈ ਕਿ ਜੇ ਅਸੀਂ ਇਸਾਈ ਬਣ ਗਏ ਤਾਂ ਸਾਨੂੰ ਸਵਰਗ ਵਿਚ ਵੀ ਉਹਨਾਂ ਲੋਕਾਂ ਨਾਲ ਰਹਿਣਾ ਪਵੇਗਾ ਜੋ ਗੋਰ-ਚਿੱਟਿਆਂ ਨਾਲ ਵਿਤਕਰਾ ਕਰਨੋ ਨਹੀਂ ਹਟ ਸਕਦੇ। ਇਥੇ ਕੈਨੇਡਾ ਵਿਚ ਸਾਨੂੰ ਨਾਗਰਿਕਾਂ ਵਾਲੇ ਕੋਈ ਹੱਕ ਪ੍ਰਾਪਤ ਨਹੀਂ। ਅਤੇ ਇਸ ਸੋਚ ਨਾਲ ਦਿਲ ਦੁਖਦਾ ਹੈ ਕਿ ਸਵਰਗ ਵਿਚ ਵੀ ਕੋਈ ਹੱਕ ਪ੍ਰਾਪਤ ਨਹੀਂ ਹੋਵੇਗਾ।"

ਮਿਸਟਰ ਮੈਕਗਵਰਨ ਸਹਿਮਤ ਹੁੰਦਾ ਕਹਿਣ ਲੱਗਾ, "ਸਾਡੇ ਸਮਾਜ ਵਿਚ ਬਹੁਤ ਕੁਝ ਅਨਿਆਈਂ ਹੋ ਰਿਹਾ ਹੈ। ਅਸੀਂ ਤਾਂ ਸਿਰਫ ਰੱਬ ਦੇ ਨਾਂ ਦਾ ਪ੍ਰਚਾਰ ਹੀ ਕਰ ਸਕਦੇ ਹਾਂ ਜਾਂ ਆਪ ਉਨ੍ਹਾਂ ਅਸੂਲਾਂ ਉੱਤੇ ਰਹਿਣ ਦੀ ਕੋਸ਼ਿਸ਼ ਕਰ ਸਕਦੇ ਹਾਂ।"

"ਇਸਾਈ ਮੱਤ ਨੇ ਏਸ਼ੀਆ ਵਿਚੋਂ ਜਨਮ ਲਿਆ ਅਤੇ ਜਿਸੂ ਮਸੀਹ ਯਹੂਦੀ ਸੀ ਪਰ ਗੋਰੇ ਲੋਕਾਂ ਨੇ ਉਸ ਨੂੰ ਨੀਲੀਆਂ ਅੱਖਾਂ ਅਤੇ ਭੂਰੇ ਵਾਲਾਂ ਵਾਲਾ ਕਹਿ 'ਨਾਰਦਿਕ' ਬਣਾ ਦਿੱਤਾ", ਗਿਆਨ ਚੰਦ ਨੇ ਸਿਆਣੀ ਗੱਲ ਕੀਤੀ।

"ਮੇਰੇ ਖ਼ਿਆਲ ਵਿਚ ਲੋਕ ਚਾਹੁੰਦੇ ਹਨ ਕਿ ਉਹਨਾਂ ਦਾ ਰੱਬ ਵੀ ਉਹਨਾਂ ਵਰਗਾ ਹੋਵੇ," ਇਸਾਈ ਮਿਸ਼ਨਰੀ ਮੁਸਕਰਾਉਂਦਾ ਬੋਲਿਆ।

ਮਲੂਕੇ ਨੇ ਪਹਿਲੀ ਵਾਰ ਕਿਸੇ ਇਸਾਈ ਨੂੰ ਆਪਣੇ ਧਰਮ ਦਾ ਪਰਚਾਰ ਕਰਦੇ ਸੁਣਿਆ ਸੀ। ਭਾਰਤ ਵਿਚ ਆਪਣੇ ਪਿੰਡ ਦੇ ਹੋਰ ਮੁੰਡਿਆਂ ਵਾਂਗ ਮਲੂਕਾ ਸਿਰਫ਼ ਇਕ ਇਸਾਈ ਬਾਰੇ ਹੀ ਜਾਣਦਾ ਸੀ। ਉਹ ਕਾਲੇ-ਸਿਆਹ ਰੰਗ ਦਾ ਇਕ ਮਦਰਾਸੀ ਸੀ ਜੋ ਚਿੱਟੇ ਕਪੜੇ ਪਹਿਨਦਾ ਸੀ। ਉਹ ਹੁਸ਼ਿਆਰਪੁਰ ਗੋਰਿਆਂ ਦੇ ਇਕ ਕਬਰਸਤਾਨ ਦਾ ਚੌਕੀਦਾਰ ਸੀ। ਕੋਈ ਵੀ ਉਸਦੀ ਰੀਸ ਨਹੀਂ ਕਰਨਾ ਚਾਹੁੰਦਾ ਸੀ। ਸਫੇਦ ਤੇ ਬੇਦਾਗ਼ ਪਹਿਰਾਵਾ ਪਹਿਨ ਕੇ ਕਬਰਾਂ ਦੇ ਭੂਤਨੇ ਵਾਂਗ ਵਿਹਲੇ ਰਹਿਣ ਵਿਚ ਭਲਾ ਕੀ ਮਜ਼ਾ ਹੋ ਸਕਦਾ ਸੀ?

ਪਿੰਡ ਦੇ ਲੋਕ ਧਾਰਮਿਕ ਰੁਚੀਆਂ ਵਾਲੇ ਸਨ ਪਰ ਕੱਟੜ ਨਹੀਂ। ਪੰਜਾਬ ਦੇ ਪਿੰਡਾਂ ਵਿਚ ਉੱਤਰ-ਪੱਛਮ ਦੀਆਂ ਪਹਾੜੀਆਂ 'ਚ ਰਹਿਣ ਵਾਲੇ ਘੋੜ-ਸਵਾਰ ਡਾਕੂਆਂ ਵਲੋਂ ਹਮਲੇ ਦਾ ਖ਼ਤਰਾ ਬਣਿਆ ਰਹਿੰਦਾ ਸੀ। ਇਸ ਕਰਕੇ ਜੱਟ ਹਲ ਵਾਹੁੰਦੇ ਵੀ ਆਪਣੇ ਲੱਕਾਂ ਦੁਆਲੇ ਤਲਵਾਰਾਂ ਲਟਕਾਈ ਰੱਖਦੇ। ਅਤੇ ਇਸੇ ਕਰਕੇ

ਹੀ ਉਹਨਾਂ ਦਾ ਪਿੰਡ ਦੀਆਂ ਦੂਜੀਆਂ ਜਾਤੀਆਂ ਦੇ ਲੋਕਾਂ ਉੱਪਰ ਦਬਦਬਾ ਰਹਿੰਦਾ। ਏਥੋਂ ਤਕ ਕਿ ਪੰਜਾਬੋਂ ਬਾਹਰ ਹਿੰਦੋਸਤਾਨ ਦੇ ਦੂਜੇ ਸੂਬਿਆਂ ਅੰਦਰ ਖਾਸ ਪ੍ਰਭਾਵ ਰੱਖਣ ਵਾਲੇ ਬ੍ਰਾਹਮਣਾਂ ਅਤੇ ਮੌਲਾਣਿਆਂ ਨੂੰ ਵੀ ਜੱਟਾਂ ਦੀਆਂ ਬੁੱਤੀਆਂ ਕਰਨੀਆਂ ਪੈਂਦੀਆਂ। ਜਨਮ, ਵਿਆਹ ਜਾਂ ਮੌਤ ਦੇ ਮੌਕਿਆਂ ਉਤੇ ਇਹ ਬ੍ਰਾਹਮਣ ਵਗੈਰਾ ਹੀ ਧਾਰਮਿਕ ਰਸਮਾਂ ਪੂਰੀਆਂ ਕਰਦੇ।

ਮਲੂਕੇ ਦੇ ਪਿੰਡ ਦਾ ਛੋਟੀਆਂ ਇੱਟਾਂ ਦਾ ਬਣਿਆ ਮੰਦਰ ਪੁਰਾਣਾ ਹੋਣ ਕਰਕੇ ਢਹਿਣਾ ਸ਼ੁਰੂ ਹੋ ਗਿਆ ਸੀ। ਸ਼ਾਮ ਵੇਲੇ ਜਦੋਂ ਪੁਜਾਰੀ ਸੰਖ ਵਜਾਉਂਦਾ ਤਾਂ ਹਿੰਦੂ ਪੁਰਾਣੀ ਆਦਤ ਅਨੁਸਾਰ 'ਹਰੇ ਰਾਮ ਹਰੇ ਕਰਿਸ਼ਨਾ' ਉਚਾਰਨ ਲਗਦੇ। ਛੋਟੀ ਜਿਹੀ ਮਸੀਤ ਵਿਚ ਨਮਾਜ਼ ਰੋਜ਼ ਨਹੀਂ ਸੀ ਪੜ੍ਹੀ ਜਾਂਦੀ। ਮੁੱਲਾਂ ਵਲੋਂ ਪੜ੍ਹਾਈ ਜਾਂਦੀ ਕੁਰਾਨ ਨੂੰ ਪੜ੍ਹਨ ਵਾਲੇ ਮੁੰਡੇ ਬਹੁਤ ਥੋੜ੍ਹੇ ਹੁੰਦੇ ਸਨ।

ਪਿੰਡ ਦੇ ਸਿੱਖਾਂ ਕੋਲ ਕੋਈ ਗੁਰਦੁਆਰਾ ਨਹੀਂ ਸੀ ਭਾਵੇਂ ਕੁਝ ਸ਼ਰਧਾਲੂਆਂ ਨੇ ਗਰੰਥ ਸਾਹਿਬ ਦੀ ਬੀੜ ਘਰ ਰੱਖੀ ਹੋਈ ਸੀ। ਬਾਹਰ ਖੇਤਾਂ ਵਿਚ ਇਕ ਪੁਰਾਣਾ ਸਿੱਖ ਕਿਲਾ ਸੀ ਜਿਸਦੀਆਂ ਕੰਧਾਂ ਡਿੱਗ ਰਹੀਆਂ ਸਨ। ਇਸ ਕਿਲ੍ਹੇ ਦੀਆਂ ਕੰਧਾਂ ਉੱਪਰ ਬੜੀ ਵਧੀਆ ਚਿੱਤਰਕਾਰੀ ਕੀਤੀ ਹੋਈ ਸੀ। ਸਮੇਂ ਦੀ ਮਾਰ ਨਾਲ ਧੁੰਦਲੇ ਪੈ ਚੁੱਕੇ ਚਿੱਤਰਾਂ ਵਿਚ ਭਗਤੀ ਵਿਚ ਲੀਨ ਗੁਰੂ ਨਾਨਕ, ਘੋੜੇ ਉੱਤੇ ਸਵਾਰ ਗੁਰੂ ਗੋਬਿੰਦ ਸਿੰਘ ਜਿਸ ਦੇ ਇਕ ਹੱਥ ਵਿਚ ਤਲਵਾਰ ਅਤੇ ਦੂਜੇ ਵਿਚ ਬਾਜ਼ ਸੀ ਅਤੇ ਤੇਜ਼ ਤਰਾਰ ਘੋੜ-ਸਵਾਰ ਸਰਦਾਰਾਂ ਦੇ ਚਿੱਤਰ ਸਨ ਜੋ ਸਿੱਖ ਇਤਿਹਾਸ ਦੀ ਯਾਦ ਦਵਾਉਂਦੇ ਸਨ।

ਤੜਕੇ ਹੀ ਪਿੰਡ ਵਿਚ ਮਧਾਣੀਆਂ ਦੀ ਘਣਕੋਰ, ਚੱਕੀਆਂ ਦੀ ਗੂੰਜ ਅਤੇ ਰੂੰ ਪਿੰਜਣੀ ਧੁਨਖੀ ਦੀ ਧੁਣ ਧੁਣ ਦੀ ਅਵਾਜ਼ ਆਉਣੀ ਸ਼ੁਰੂ ਹ�ो ਜਾਂਦੀ। ਪਰ ਇਸ ਤੋਂ ਪਹਿਲਾਂ ਹੀ ਖੇਮ ਸਿੰਘ ਉੱਚੀ ਅਵਾਜ਼ ਵਿਚ ਜਪੁਜੀ ਸਾਹਿਬ ਦਾ ਪਾਠ ਕਰਨਾ ਸ਼ੁਰੂ ਕਰ ਦਿੰਦਾ। ਉਸਦੀ ਉੱਚੀ ਅਵਾਜ ਸਾਰੇ ਪਿੰਡ ਵਿਚ ਸੁਣਾਈ ਦਿੰਦੀ। ਬਲਦ ਜੋੜਦੇ ਜੱਟ ਅਵਾਜ਼ੇ ਕੱਸਦੇ ਕਿ ਮਿਸਤਰੀ ਨੇ ਸੁੱਤੇ ਰੱਬ ਨੂੰ ਜਗਾ ਦਿੱਤਾ ਹੈ।

"ਜਿੱਦਾਂ ਖੇਮ ਸਿਹੁ ਪਾਠ ਕਰਦਾ, ਲਗਦਾ ਖੌਰੇ ਰੱਬ ਬੋਲਾ ਹੋ ਗਿਆ ਏ।"

ਕੋਈ ਹੋਰ ਹੱਸਦਾ ਕਹਿੰਦਾ, "ਪਾਠ ਕਾਹਦਾ, ਆਹ ਤਾਂ ਸਜਾ ਆ। ਉੱਦਾਂ ਰੱਬ ਨੂੰ ਮਨਾਉਣ ਦਾ ਇਹ ਠੇਠ ਪੰਜਾਬੀ ਤਰੀਕਾ ਏ।"

ਮਲੂਕਾ ਵੀ ਹੋਰ ਸਿੱਖ ਮੁੰਡਿਆਂ ਵਾਂਗ 'ਜਪੁਜੀ' ਦੀਆਂ ਅਠੱਤੀ ਪੌੜੀਆਂ ਜਾਣਦਾ ਸੀ। ਅੰਮ੍ਰਿਤ ਵੇਲੇ ਉਸਨੂੰ ਗੁਰਬਾਣੀ ਦਾ ਪਾਠ ਸੁਣਨਾ ਚੰਗਾ ਲਗਦਾ, ਭਾਵੇਂ ਅਰਥਾਂ ਦੀ ਪੂਰੀ ਸਮਝ ਨਾ ਆਉਂਦੀ। ਅੰਮ੍ਰਿਤ ਵੇਲੇ ਦੀ ਬਾਣੀ ਸਿੱਖ ਧਰਮ ਦੀ ਰੂਹ ਨੂੰ ਪੇਸ਼ ਕਰਦੀ ਸੀ। ਹਰ ਸਵੇਰ ਫ਼ਰੇਜ਼ਰ ਦੇ ਕੰਢੇ ਬੈਠਿਆਂ ਮਲੂਕੇ ਨੂੰ ਅਥਾਹ ਖ਼ੁਸ਼ੀ ਹੁੰਦੀ ਜਦੋਂ ਉਹ ਸੁਣਦਾ :

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

॥ ਜਪੁ ॥

ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥
ਸੋਚੈ ਸੋਚਿ ਨਾ ਹੋਵਈ ਜੇ ਸੋਚੀ ਲਖ ਵਾਰ ॥
ਚੁਪੈ ਚੁਪਿ ਨਾ ਹੋਵਈ ਜੇ ਲਾਇ ਰਹਾ ਲਿਵਤਾਰ ॥
ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥
ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥
ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥

13

ਮਲੂਕੇ ਨੇ ਸਕੂਲ ਜਾਣਾ ਵਿਚੇ ਹੀ ਛੱਡ ਦਿੱਤਾ ਸੀ। ਬੀ. ਸੀ. 'ਚ ਉਹਦੇ ਨਾਲ ਰਹਿ ਰਹੇ ਉਹਦੇ ਅਨਪੜ੍ਹ ਦੇਸ਼-ਵਾਸੀਆਂ ਨੇ ਹੀ ਉਹਨੂੰ ਵਾਪਿਸ ਸਕੂਲ ਜਾਣ ਲਈ ਮਨਾਇਆ।

ਦਸੰਬਰ 1920 'ਚ ਮਹਾਤਮਾ ਗਾਂਧੀ ਅੰਗਰੇਜ਼ ਸਰਕਾਰ ਦੇ ਖਿਲਾਫ ਅਹਿੰਸਾ ਅਤੇ ਨਾ-ਮਿਲਵਰਤਣ ਦੀ ਲਹਿਰ ਨੂੰ ਤੇਜ਼ ਕਰਨ ਲਈ ਪੰਜਾਬ ਆਇਆ ਸੀ।

ਉਹਨੇ ਬਰਤਾਨੀਆਂ ਵਿਚ ਬਣੀਆਂ ਵਸਤਾਂ ਅਤੇ ਉਹਨਾਂ ਦੀਆਂ ਸੰਸਥਾਵਾਂ ਦੇ ਬਾਈਕਾਟ ਦੀ ਵਕਾਲਤ ਕੀਤੀ। ਇਨ੍ਹਾਂ ਵਿਚ ਸਕੂਲ ਵੀ ਸ਼ਾਮਲ ਸਨ ਜਿਹਨਾਂ ਵਿਚ ਉਹਦੇ ਕਹਿਣ ਮੁਤਾਬਕ, ਗ਼ੁਲਾਮ ਮਾਨਸਿਕਤਾ ਵਾਲੀ ਪੜ੍ਹਾਈ ਕਰਾਈ ਜਾਂਦੀ ਸੀ।

ਸਰ ਮਾਈਕਲ ਓਡਵਾਇਰ ਦੇ 1915 ਵਿਚ ਗ਼ਦਰ ਲਹਿਰ ਨੂੰ ਕੁਚਲਣ ਤੋਂ ਲੈ ਕੇ ਹੁਣ ਤਕ ਬਹੁਤ ਪਾਣੀ ਪੁਲ਼ ਹੇਠ ਦੀ ਲੰਘ ਚੁੱਕਾ ਸੀ। ਲੋਕਤੰਤਰ ਨੂੰ ਬਚਾਉਣ ਲਈ ਸੰਸਾਰ-ਜੰਗ ਜਿੱਤੀ ਜਾ ਚੁੱਕੀ ਸੀ: ਭਾਰਤਵਾਸੀਆਂ ਦੀਆਂ ਆਜ਼ਾਦੀਆਂ ਨੂੰ ਕੁਚਲਿਆ ਗਿਆ ਸੀ, ਲੋਕਾਂ ਨੂੰ ਦਬਾਉਣ ਲਈ ਸਖ਼ਤ ਕਾਨੂੰਨ ਬਣਾਏ ਗਏ ਸਨ; ਅਤੇ ਲੋਕਾਂ ਨੂੰ ਅੰਮ੍ਰਿਤਸਰ ਦੇ ਜੱਲ੍ਹਿਆਂ ਵਾਲੇ ਬਾਗ਼ ਦੇ ਕਤਲੇਆਮ ਨਾਲ ਸਬਕ ਸਿਖਾਇਆ ਜਾ ਚੁੱਕਾ ਸੀ। ਮਾਈਕਲ ਓਡਵਾਇਰ ਹਕੂਮਤ ਦੀ ਤਾਕਤ ਦਾ ਵਿਖਾਵਾ ਕਰਨ ਲਈ ਅਜੇ ਮੌਜੂਦ ਸੀ ਪਰ ਉਹਨੂੰ ਸੁਪਨੇ ਵਿਚ ਵੀ ਇਸ ਗੱਲ ਦਾ ਖ਼ਿਆਲ ਨਹੀਂ ਸੀ ਆਇਆ ਕਿ ਸਮਾਂ ਆਉਣ ਉੱਤੇ ਉਸ ਦੇ ਅਪਰਾਧਾਂ ਦਾ ਬਦਲਾ ਲੰਡਨ ਵਿਚ ਇਕ ਪੰਜਾਬੀ ਲਵੇਗਾ। ਪਰ ਹੁਣ ਸਰ ਮਾਈਕਲ ਅਤੇ ਸਾਮਰਾਜੀ ਸਰਕਾਰ ਇਕ ਵੱਖਰੀ ਕਿਸਮ ਦੇ ਚਮਤਕਾਰ ਦਾ ਸਾਹਮਣਾ ਕਰ ਰਹੇ ਸਨ। ਇਕ ਸੰਤ ਤਾਨਾਸ਼ਾਹ ਸ਼ਾਸਕ ਨੂੰ ਹਰਾਉਣ ਲਈ ਉੱਠ ਚੁੱਕਿਆ ਸੀ ਅਤੇ ਲੱਖਾਂ ਲੋਕ ਉਸ ਦਾ ਸਾਥ ਦੇਣ ਲਈ ਜਾਗ ਪਏ ਸਨ। ਭਾਰਤ ਦੀ ਆਤਮਾ ਹੀ ਹੁਣ ਵਿਦਰੋਹ 'ਚ ਉੱਠ ਖੜ੍ਹੀ ਹੋਈ ਸੀ ਅਤੇ ਇਸ ਦੀ ਕਾਮਯਾਬੀ ਬਾਰੇ ਕੋਈ ਸ਼ੰਕਾ ਨਹੀਂ ਸੀ, ਕਿਉਂਕਿ ਲੋਕਾਂ ਨੂੰ ਇਸ ਗੱਲ ਦਾ ਯਕੀਨ ਹੋ ਗਿਆ ਸੀ ਕਿ ਸਰਕਾਰ ਨੇ ਆਪਣੇ ਧਰਮ ਨੂੰ ਤਿਲਾਂਜਲੀ ਦੇ ਦਿੱਤੀ ਸੀ ਅਤੇ ਤੇਜ਼ੀ ਨਾਲ ਵਿਨਾਸ਼ ਵੱਲ ਜਾ ਰਹੀ ਸੀ। ਢਹਿ ਢੇਰੀ ਹੋ ਰਹੇ ਬੁੱਢੇ ਸਾਮਰਾਜ ਤੋਂ ਇਸ ਗੱਲ ਦਾ ਸਬੂਤ ਮਿਲ ਰਿਹਾ ਸੀ ਕਿ ਦੇਵਤਿਆਂ ਨੇ ਜਿਹਨੂੰ ਤਬਾਹ ਕਰਨਾ ਹੁੰਦਾ ਹੈ ਉਹ ਪਹਿਲਾਂ ਉਹਨਾਂ ਨੂੰ ਪਾਗ਼ਲ ਕਰ ਦਿੰਦੇ ਹਨ।

ਜਿਸ ਦਿਨ ਮਹਾਤਮਾ ਗਾਂਧੀ ਨੇ ਮਲੂਕੇ ਕੇ ਪਿੰਡ ਕੋਲ ਦੀ ਲੰਘਣਾ ਸੀ ਉਸ ਦਿਨ ਚੁੱਪ ਚਪੀਤੇ ਲੋਕ ਸੂਰਜ ਚੜ੍ਹਦੇ ਹੀ ਦੂਰ ਦੁਰਾਡਿਓਂ ਭਾਰੀ ਗਿਣਤੀ ਵਿਚ ਮਹਾਤਮਾ ਦੇ ਦਰਸ਼ਨਾਂ ਲਈ ਜਲੰਧਰ ਤੋਂ ਹੁਸ਼ਿਆਰਪੁਰ ਵਾਲੀ ਸੜਕ ਉੱਤੇ ਜਮ੍ਹਾਂ ਹੋਣ ਲੱਗੇ। ਹੁਸ਼ਿਆਰਪੁਰ ਵਿਚ ਉਸ ਦਿਨ ਸਾਰੀਆਂ ਧਾਰਮਿਕ ਸੰਸਥਾਵਾਂ—

ਇਸਲਾਮੀ, ਆਰੀਆ ਸਮਾਜ ਅਤੇ ਸਨਾਤਨ ਧਰਮ ਵਲੋਂ ਚਲਾਏ ਜਾ ਰਹੇ ਸਕੂਲ ਬੰਦ ਸਨ। ਸਿਰਫ਼ ਸਰਕਾਰੀ ਹਾਈ ਸਕੂਲ ਦੇ ਸਟਾਫ਼ ਅਤੇ ਵਿਦਿਆਰਥੀਆਂ ਨੂੰ ਇਹ ਹਦਾਇਤ ਕੀਤੀ ਗਈ ਸੀ ਕਿ ਉਹ ਇਸ ਸ਼ਰਾਰਤ ਤੋਂ ਪਰੇ ਰਹਿਣ ਅਤੇ ਆਮ ਵਾਂਗ ਜਮਾਤਾਂ ਲਾਉਣ।

ਮਲੂਕਾ ਅਤੇ ਉਸ ਦੇ ਪੇਂਡੂ ਸਾਥੀ ਸਕੂਲ ਜਾਂਦੇ ਹੋਏ ਤਿੰਨ ਮੀਲ ਤਕ ਮਹਾਤਮਾ ਗਾਂਧੀ ਨੂੰ ਉਤਸੁਕਤਾ ਨਾਲ ਉਡੀਕ ਰਹੀ ਭੀੜ ਵਿਚ ਦੀ ਲੰਘ ਕੇ ਗਏ ਤਾਂ ਉਹਨਾਂ ਨੂੰ ਸਕੂਲ ਜਾਣਾ ਫ਼ਜ਼ੂਲ ਜਿਹਾ ਲਗਿਆ। ਬੁੱਢਿਆਂ, ਜਵਾਨਾਂ, ਔਰਤਾਂ ਅਤੇ ਬੱਚਿਆਂ ਦੇ ਚਿਹਰਿਆਂ ਉੱਪਰਲਾ ਇਕ ਅਜੀਬ ਕਿਸਮ ਦਾ ਖੇੜਾ ਉਹਨਾਂ ਨੂੰ ਸਵਰਾਜ ਵੱਲ ਖਿੱਚ ਰਿਹਾ ਸੀ।

ਸਿਰ ਉਤੇ ਸੂਰਜ ਆਉਣ ਨਾਲ ਸਕੂਲ ਦੇ ਠੰਡੇ ਵਾਤਾਵਰਣ ਵਿਚ ਕੁਝ ਨਿੱਘ ਆਇਆ ਪਰ ਹਰ ਪਾਸੇ ਇਕ ਚੁੱਪ ਛਾਈ ਰਹੀ। ਸਕੂਲ ਦਾ ਹੈੱਡਮਾਸਟਰ ਇਕ ਚੰਗਾ ਪੜ੍ਹਿਆ ਲਿਖਿਆ ਐਂਗਲੋ-ਇੰਡੀਅਨ ਸੀ ਜੋ 'ਸਾਹਿਬ' ਦੀ ਤਰ੍ਹਾਂ ਕੱਪੜੇ ਪਾਉਂਦਾ ਅਤੇ ਇਕ ਸਖ਼ਤ ਸ਼ਾਸਕ ਦੀ ਤਰ੍ਹਾਂ ਸਕੂਲ ਦਾ ਪ੍ਰਬੰਧ ਚਲਾਉਂਦਾ ਸੀ। ਉਹਨੇ ਇਸ ਭਾਰੀ ਚੁੱਪ ਹੇਠਾਂ ਹੋਏ ਖ਼ਤਰਨਾਕ ਤੂਫ਼ਾਨ ਨੂੰ ਮਹਿਸੂਸ ਕੀਤਾ ਅਤੇ ਉਹ ਆਪਣੀ ਬੈਂਤ ਲੈ ਕਾਹਲੀ ਕਾਹਲੀ ਸਕੂਲ ਦੇ ਵਰਾਂਡਿਆਂ ਵਿਚ ਫਿਰਨ ਲੱਗਾ। ਪਰ ਉਹਦੇ ਰੋਅਬ ਦਾ ਵਾਧੂ ਵਿਖਾਵਾ ਉਹਦੇ ਅੰਦਰਲੇ ਡਰ ਦਾ ਹੀ ਸੰਕੇਤ ਦਿੰਦਾ ਸੀ। ਮਾਸਟਰ ਪੜ੍ਹਾਉਣ ਵਿਚ ਰੁੱਝੇ ਲਗਦੇ ਸਨ ਪਰ ਵਿਦਿਆਰਥੀ ਅੱਖਾਂ ਅੱਗੇ ਕਿਤਾਬਾਂ ਕਰ ਕੇ ਬਾਹਰ ਨੂੰ ਦੇਖ ਰਹੇ ਸਨ।

ਛੇਤੀ ਹੀ ਦੂਜੇ ਸਕੂਲ ਦੇ ਵਿਦਿਆਰਥੀ ਬੈਂਡ ਵਾਜੇ ਨਾਲ ਆ ਪਹੁੰਚੇ। ਉਹਨਾਂ ਵਿਚੋਂ ਕਈ ਸਕੂਲ ਦੀ ਨੀਵੀਂ ਕੰਧ ਉਤੇ ਖੜ੍ਹ ਕੇ ਨਾਹਰੇ ਲਾਉਣ ਲੱਗੇ :

ਪਿੰਜਰੇ ਛੱਡੋ ! ਆਜ਼ਾਦੀ ਲਈ ਲੜੋ।

ਭਾਰਤ ਬੁਲਾਉਂਦਾ ਹੈ ! ਮਹਾਤਮਾ ਬੁਲਾਉਂਦਾ ਹੈ !

ਮਲੂਕੇ ਦੇ ਬਹੁਤੇ ਜਮਾਤੀ ਨੇੜਲੇ ਪਿੰਡਾਂ ਦੇ ਜੱਟਾਂ ਦੇ ਮੁੰਡੇ ਸਨ, ਜਿਨ੍ਹਾਂ ਨੂੰ ਜੀਵਨ ਨਿਰਵਾਹ ਲਈ ਸਕੂਲੀ ਵਿਦਿਆ ਦੀ ਜ਼ਰੂਰਤ ਨਹੀਂ ਸੀ। ਉਹ ਪੜ੍ਹਾਈ ਨਾਲੋਂ ਖੇਡਾਂ ਵਿਚ ਚੰਗੇ ਸਨ ਅਤੇ ਸਕੂਲਾਂ ਵਿਚ ਜ਼ਾਬਤੇ ਵਿਤੇ ਰਹਿ ਕੇ ਕਿਤਾਬੀ ਵਿਦਿਆ ਪ੍ਰਾਪਤ ਕਰਨ ਨਾਲੋਂ ਖੇਤਾਂ ਦੀ ਸਖ਼ਤ ਜ਼ਿੰਦਗੀ ਨੂੰ ਜ਼ਿਆਦਾ ਤਰਜੀਹ

ਚਿੰਦੇ ਸਨ। ਇਸੇ ਕਰ ਕੇ ਹੈੱਡਮਾਸਟਰ ਨੂੰ ਵੀ ਇਸੇ ਜਮਾਤ ਵਿਚ ਗੜਬੜ ਹੋਣ ਦੀ ਸ਼ੱਕ ਸੀ।

ਕਾਫ਼ੀ ਵਿਦਿਆਰਥੀ ਸਕੂਲ ਦੇ ਬਾਹਰ ਜਮ੍ਹਾਂ ਹੋਈ ਭੀੜ ਵਿਚ ਸ਼ਾਮਲ ਹੋ ਗਏ ਅਤੇ ਆਜ਼ਾਦੀ ਦੇ ਨਾਹਰੇ ਹੋਰ ਵੀ ਉੱਚੇ ਹੋ ਗਏ। ਸਕੂਲ ਦੇ ਵਾਤਾਵਰਨ ਵਿਚ ਹੋਰ ਤਣਾਉ ਭਰ ਗਿਆ ਅਤੇ ਮਲੂਕੇ ਦੇ ਜਮਾਤੀ ਹੋਰ ਅਚਵੀ ਜਿਹੀ ਮਹਿਸੂਸ ਕਰਨ ਲੱਗੇ। ਉਹ ਆਪਣੀਆਂ ਸੀਟਾਂ ਛੱਡ ਕੇ ਬੇਸਬਰੀ ਨਾਲ ਬਾਹਰ ਨੂੰ ਦੇਖਣ ਲੱਗੇ।

ਹੈੱਡਮਾਸਟਰ ਤੇਜ਼ੀ ਨਾਲ ਕਮਰੇ ਵਿਚ ਆਇਆ।

"ਬੈਠ ਜਾਓ", ਉਹਨੇ ਦਬਕਾ ਮਾਰਿਆ।

ਸਾਰੇ ਆਪਣੀਆਂ ਸੀਟਾਂ ਉਤੇ ਬੈਠ ਗਏ। ਇਸ ਸਖ਼ਤ ਹੁਕਮ ਦਾ ਉਹਨਾਂ ਬੁਰਾ ਮਨਾਇਆ ਪਰ ਆਦਤ ਵਜੋਂ ਮੰਨ ਲਿਆ ਅਤੇ ਬਿਨਾਂ ਸੋਚੇ ਹੁਕਮ ਮੰਨਣ ਉੱਤੇ ਉਹਨਾਂ ਕੋਈ ਸ਼ਰਮ ਮਹਿਸੂਸ ਨਾ ਕੀਤੀ।

ਉਹ ਅੱਗ ਬਗੋਲਾ ਹੋਇਆ ਬੋਲਿਆ, "ਤੁਹਾਡੇ 'ਚੋਂ ਜਿਹੜਾ ਸਕੂਲ ਤੋਂ ਬਾਹਰ ਜਾਣਾ ਚਾਹੁੰਦਾ ਹੈ, ਉਹ ਉਠ ਕੇ ਖੜਾ ਹੋ ਜਾਵੇ।"

ਇਸ ਗਲਘੋਟੂ ਚੁੱਪ ਵਿਚ ਮੁੰਡੇ ਇਕ ਦੂਜੇ ਵੱਲ ਅੱਧੇ ਕੁ ਡਰੇ ਅਤੇ ਅੱਧੇ ਕੁ ਦੂਜਿਆਂ ਤੋਂ ਹੌਸਲਾ ਅਫ਼ਜ਼ਾਈ ਦੀ ਆਸ ਵਿਚ ਦੇਖਦੇ ਰਹੇ ਪਰ ਹਿਲਿਆ ਕੋਈ ਵੀ ਨਾ।

ਹੈੱਡਮਾਸਟਰ ਜੋਤੂਆਂ ਵਾਂਗ ਬੋਲਿਆ, "ਜੇ ਤੁਹਾਡੇ 'ਚੋਂ ਕੋਈ ਵੀ ਖੜਾ ਨਹੀਂ ਹੁੰਦਾ ਤਾਂ ਤੁਸੀਂ ਚੁੱਪ ਕਰ ਕੇ ਆਪਣੀ ਪੜ੍ਹਾਈ ਜਾਰੀ ਰੱਖੋ। ਬਾਹਰ ਸੜਕ ਉੱਤੇ ਭੌਂਕ ਰਹੇ ਬਦਮਾਸ਼ਾਂ ਵੱਲ ਕੋਈ ਧਿਆਨ ਨਾ ਦਿਓ।"

ਹੈੱਡਮਾਸਟਰ ਦੀ ਵੰਗਾਰ ਅਤੇ ਦੂਜੇ ਸਕੂਲਾਂ ਦੇ ਵਿਦਿਆਰਥੀਆਂ ਲਈ ਬੋਲੇ ਬੇਇੱਜ਼ਤੀ ਵਾਲੇ ਬੋਲਾਂ ਤੋਂ ਚਿੜ੍ਹ ਕੇ ਮਲੂਕਾ ਹੌਲੀ ਦੇਨੀ ਆਪਣੀ ਸੀਟ ਤੋਂ ਉਠਿਆ। ਉਹ ਧੜਕਦੇ ਦਿਲ ਨਾਲ ਮੇਜ਼ ਦਾ ਕਿਨਾਰਾ ਫੜ ਕੇ ਖੜਾ ਹੋ ਗਿਆ।

"ਤਾਂ ਤੂੰ ਜਾਣਾ ਚਾਹੁੰਦਾ ਏਂ?" ਹੈੱਡਮਾਸਟਰ ਨੇ ਧਮਕੀ ਭਰੇ ਲਹਿਜ਼ੇ ਵਿਚ ਕਿਹਾ।

"ਹਾਂ ਜਨਾਬ", ਮਲੂਕੇ ਨੇ ਜਵਾਬ ਦਿੱਤਾ ਅਤੇ ਮਨ ਆਈ ਗੱਲ ਕਹਿਣ

ਕਰ ਕੇ ਉਹਦੇ ਸਰੀਰ 'ਚ ਆਇਆ ਤਣਾਓ ਕੁਝ ਘੱਟ ਹੋਇਆ।

"ਕੀ ਤੂੰ ਆਪਣੇ ਘਰ ਦਿਆਂ ਤੋਂ ਆਗਿਆ ਲਈ ਹੈ ?"

"ਨਹੀਂ ਜਨਾਬ।"

"ਕੀ ਤੂੰ ਆਪਣੇ ਜਮਾਤ ਦੇ ਮਾਸਟਰ ਨੂੰ ਪੁੱਛਿਐ ?"

"ਨਹੀਂ ਜੀ।"

"ਤਾਂ ਫਿਰ ਮੇਰੀ ਸੋਟੀ ਨੂੰ ਤੈਨੂੰ ਸੁਧਾਰਨ ਦੀ ਆਗਿਆ ਜ਼ਰੂਰ ਹੈ।"

ਇਕ ਦੋ ਤਿੰਨ.....ਸੋਟੀਆਂ ਦੀ ਬੁਛਾੜ ਤੇਜ਼ੀ ਅਤੇ ਜ਼ੋਰ ਨਾਲ ਹੋਈ।

ਮਲੂਕੇ ਦੇ ਜਮਾਤੀ ਬਿਜਲੀ ਵਾਂਗ ਛਾਲਾਂ ਮਾਰ ਕੇ ਕਮਰੇ ਤੋਂ ਬਾਹਰ ਹੋ ਗਏ ਅਤੇ ਦੂਜਿਆਂ ਨੂੰ ਬਾਹਰ ਆ ਕੇ ਭਰੇ ਹੋਏ ਇਕੱਠ ਵਿਚ ਸ਼ਾਮਲ ਹੋਣ ਲਈ ਅਵਾਜ਼ਾਂ ਮਾਰਨ ਲੱਗੇ। ਬਾਹਰ ਬੈਂਡ ਨੇ ਫ਼ੌਜੀ ਧੁੰਨ ਵਜਾਈ ਅਤੇ ਮਿੰਟਾਂ ਵਿਚ ਹੀ ਸਾਰਾ ਸਕੂਲ ਖ਼ਾਲੀ ਹੋ ਗਿਆ।

14

"ਮੁੰਡਿਆਂ ਨੂੰ ਸਕੂਲ 'ਚੋਂ ਬਾਹਰ ਕੱਢਣਾ ਗਾਂਧੀ ਦੀ ਮੂਰਖਤਾ ਸੀ, ਉਹਨਾਂ ਦੀ ਕੀ ਲੋੜ ਸੀ ?" ਗੰਡਾ ਸਿੰਘ ਬੋਲਿਆ।

ਗਿਆਨ ਚੰਦ ਨੇ ਸਹਿਮਤ ਹੁੰਦਿਆਂ ਕਿਹਾ, "ਹਾਂ ਸੀ ਤਾਂ ਗ਼ਲਤੀ, ਪਰ ਗਾਂਧੀ ਦਾ ਇਰਾਦਾ ਬੜਾ ਪੱਕਾ ਸੀ।"

"ਪੱਕਾ ਮੂਰਖ", ਗੰਡਾ ਸਿੰਘ ਕਾਹਲੀ ਨਾਲ ਬੋਲਿਆ।

"ਜੱਟਾਂ ਦੇ ਮੁੰਡੇ ਤਾਂ ਕਦੀ ਸਕੂਲ ਜਾਣਾ ਉੱਦਾਂ ਈ ਪਸੰਦ ਨਹੀਂ ਕਰਦੇ", ਰਸੋਈਏ ਨੇ ਚੁਸਤੀ ਨਾਲ ਕਿਹਾ, "ਗਾਂਧੀ ਨੇ ਤਾਂ ਉਹਨਾਂ ਨੂੰ ਸਕੂਲ ਛੱਡਣ ਲਈ ਦੇਸ਼-ਭਗਤੀ ਦਾ ਵਧੀਆ ਬਹਾਨਾ ਦੇ ਦਿੱਤਾ ਸੀ।"

"ਮੇਰੇ ਖ਼ਿਆਲ ਵਿਚ ਉਹਨਾਂ ਨੇ ਬਾਹਮਣਾਂ ਅਤੇ ਖੱਤਰੀਆਂ ਦੇ ਮੁੰਡਿਆਂ ਨੂੰ

ਵੀ ਸਕੂਲ ਛੱਡਣ ਲਈ ਮਨਾ ਲਿਆ ਸੀ। ਜਿਹੜੇ ਨਾ ਮੰਨੇ ਉਹਨਾਂ ਨੂੰ ਧੱਕੇ ਨਾਲ ਬਾਹਰ ਕੱਢ ਲਿਆ। ਕਿਉਂ ਇੱਦਾਂ ਹੀ ਹੋਈ ਸੀ ਨਾ ਮਲੂਕੇ ?" ਬੰਤਾ ਸਿੰਘ ਨੇ ਪੁੱਛਿਆ।

ਮਲੂਕਾ ਮੁਸਕੜੀਏਂ ਹੱਸਿਆ ਅਤੇ ਸਹਿਮਤ ਹੁੰਦਾ ਬੋਲਿਆ, "ਸਾਡੇ 'ਚੋਂ ਬਹੁਤਿਆਂ ਨੇ ਇਹ ਮਹਿਸੂਸ ਕੀਤਾ ਸੀ ਕਿ ਜਿਹੜੇ ਹੁਸ਼ਿਆਰ ਮੁੰਡੇ ਗਾਂਧੀ ਦੇ ਰਾਹ ਨੂੰ ਠੀਕ ਨਹੀਂ ਸੀ ਮੰਨਦੇ ਉਹਨਾਂ ਦੀ ਨਿਗਾਹ ਠੀਕ ਕਰਨ ਦੀ ਲੋੜ ਹੈ।"

"ਤਾਂ ਤੁਸੀਂ ਵਿਦਿਆਰਥੀਆਂ ਨੂੰ ਬਾਹਰ ਲਿਜਾਣ ਲਈ ਹਿੰਸਾ ਦਾ ਸਹਾਰਾ ਲਿਆ ਤਾਂ ਜੋ ਉਹ ਗਾਂਧੀ ਦੇ ਅਹਿੰਸਾਵਾਦੀ ਅੰਦੋਲਨ ਦਾ ਸਾਥ ਦੇ ਸਕਣ," ਖੱਤਰੀ ਗਿਆਨ ਚੰਦ ਨੇ ਵਿਅੰਗ ਕੱਸਦਿਆਂ ਕਿਹਾ, "ਸ਼ਾਬਾਸ਼ੇ ਬਈ, ਇਹ ਹੈ ਜੱਟਾਂ ਵਾਲੀ ਦਲੀਲ।"

"ਘੱਟੋ ਘੱਟ ਮੁੰਡਿਆਂ ਨੇ ਤਾਂ ਆਜ਼ਾਦੀ ਦਾ ਮਜ਼ਾ ਲੱਗਦੇ ਹੱਥ ਹੀ ਲੈ ਲਿਆ। ਪਰ ਵਿਚਾਰਾ ਗ਼ਰੀਬ ਭਾਰਤ ਅਜੇ ਤਕ ਉਡੀਕ ਰਿਹਾ ਹੈ", ਜੱਗਾ ਬੋਲਿਆ।

ਬੰਤਾ ਸਿੰਘ ਧਰਵਾਸ ਦਿੰਦਾ ਬੋਲਿਆ, "ਚਲ ਕੋਈ ਨਈਂ, ਮਲੂਕਿਆ ਤੂੰ ਕੋਈ ਬਹੁਤਾ ਟੈਮ ਨਹੀਂ ਗੁਆਇਆ। ਤੂੰ ਤਾਂ ਸਗੋਂ ਇਕ ਮਹਾਨ ਆਦਮੀ ਨੂੰ ਦੇਖਿਆ। ਤੂੰ ਉਹਨੂੰ ਬੋਲਦਿਆਂ ਸੁਣਿਆ। ਹੁਣ ਤੇਰੇ ਲਈ ਸਕੂਲ ਦਾ ਮਹੱਤਵ ਜ਼ਿਆਦਾ ਹੋਵੇਗਾ।"

"ਪਰ ਹੁਣ ਤੈਨੂੰ ਜ਼ਰੂਰ ਸਕੂਲ ਜਾਣਾ ਚਾਹੀਦਾ ਹੈ", ਗਿਆਨ ਚੰਦ ਨੇ ਜ਼ੋਰ ਦੇ ਕੇ ਕਿਹਾ।

"ਹਾਂ, ਤੈਨੂੰ ਜ਼ਰੂਰ ਸਕੂਲ ਜਾਣਾ ਚਾਹੀਦਾ ਹੈ", ਨੱਥਾ ਸਿੰਘ ਨੇ ਚੁਪਕੇ ਜਿਹੇ ਹਾਮੀ ਭਰੀ, "ਨਹੀਂ ਤਾਂ ਤੂੰ ਸਾਡੇ ਵਾਂਗ ਅਨਪੜ੍ਹ ਡੰਗਰ ਬਣ ਜਾਵੇਂਗਾ।"

ਗਰਮੀਆਂ ਦੀਆਂ ਛੁੱਟੀਆਂ ਖ਼ਤਮ ਹੋ ਰਹੀਆਂ ਸਨ। ਮਲੂਕਾ ਸਕੂਲ ਜਾਣ ਬਾਰੇ ਸੋਚ ਰਿਹਾ ਸੀ। ਤਿੰਨ ਜਵਾਨ ਮੁੰਡੇ, ਜੋ ਪਲੇਨਰ ਮਿੱਲ ਵਿਚ ਕੰਮ ਕਰਦੇ ਸਨ, ਪਹਿਲਾਂ ਹੀ ਕੰਮ ਛੱਡ ਚੁਕੇ ਸਨ। ਉਹਨਾਂ ਨੂੰ ਘਰਦਿਆਂ ਦੀ ਫ਼ਸਲ ਤੋੜਨ ਵਿਚ ਮਦਦ ਕਰਨੀ ਪੈਣੀ ਸੀ।

ਫਲਾਂ ਦਾ ਸੁਹਾਵਣਾ ਮੌਸਮ ਸ਼ੁਰੂ ਹੋ ਚੁੱਕਾ ਸੀ। ਰਸਬੇਰੀ ਦੀਆਂ ਲੰਬੀਆਂ

ਲਾਈਨਾਂ ਲਾਲ ਭਾਹ ਮਾਰ ਰਹੀਆਂ ਸਨ। ਗੂਜ਼ਬੇਰੀ ਦੇ ਦਰਖ਼ਤਾਂ ਨੂੰ ਪੱਤਿਆਂ ਨਾਲੋਂ ਜ਼ਿਆਦਾ ਫਲ ਲੱਗਾ ਹੋਇਆ ਸੀ। ਆਲੂ ਬੁਖ਼ਾਰਾ ਪੱਕ ਕੇ ਲਾਲ ਬੈਂਗਣੀ ਭਾਹ ਮਾਰ ਰਿਹਾ ਸੀ। ਨਾਸ਼ਪਤੀਆਂ ਨੇ ਪੀਲਾ ਅਤੇ ਸੇਬਾਂ ਨੇ ਗੂੜ੍ਹਾ ਲਾਲ ਰੰਗ ਫੜ ਲਿਆ ਸੀ। ਲੂਲੂ ਆਈਲੈਂਡ ਦੇ ਆਇਤਕਾਰ ਖੇਤਾਂ 'ਚ ਜਵੀਂ ਦੀ ਫ਼ਸਲ ਇਸ ਤਰ੍ਹਾਂ ਚਮਕ ਰਹੀ ਸੀ ਜਿਵੇਂ ਕਿਸੇ ਨੇ ਹਰਿਆਵਲ ਦੀ ਰਜ਼ਾਈ ਸੋਨੇ ਦੀਆਂ ਟਾਕੀਆਂ ਨਾਲ ਨਗੰਦੀ ਹੋਵੇ। ਦਿਨ ਅਜੇ ਨਿੱਘੇ ਸਨ ਪਰ ਤਰਕਾਲਾਂ ਵੇਲੇ ਪੱਤਝੜ ਦੀ ਛੋਹ ਦਾ ਅਹਿਸਾਸ ਹੁੰਦਾ ਸੀ। ਪੌਪਲਰ ਦੇ ਦਰਖ਼ਤਾਂ ਤੋਂ ਪੁਰਾਣੇ ਪੀਲੇ ਪੱਤੇ ਉਦਾਸੀ ਨਾਲ ਝੜ ਰਹੇ ਸਨ।

ਮਿੱਠੀ ਮਿੱਠੀ ਧੁੱਪ ਵਾਲੇ ਦਿਨ ਪੰਜਾਬ ਦੇ ਸ਼ੁਰੂ ਸਿਆਲ ਦੇ ਦਿਨਾਂ ਵਾਂਗ ਸਨ ਜਦੋਂ ਗੰਨੇ ਦੀ ਫ਼ਸਲ ਮਿਠਾਸ ਦੇ ਭਰ ਜੋਬਨ ਉੱਤੇ ਹੁੰਦੀ ਹੈ। ਖੱਟੇ ਫਲਾਂ ਦੀ ਪੱਕ ਰਹੀ ਫ਼ਸਲ ਮਲੂਕੇ ਨੂੰ ਹੁਲਾਰ ਜਿਹਾ ਦੇ ਰਹੀ ਸੀ। ਸਕੂਲ ਵਾਪਿਸ ਜਾਣ ਦਾ ਵਿਚਾਰ ਮਲੂਕੇ ਨੂੰ ਹੋਰ ਖ਼ੁਸ਼ੀ ਦੇ ਰਿਹਾ ਸੀ।

"ਜੇ ਤੂੰ ਕਿਟਸਲਾਨੋ ਹਾਈ ਸਕੂਲ ਜਾਣਾ ਸ਼ੁਰੂ ਕਰ ਦੇਵੇਂ ਤਾਂ ਚੰਗਾ ਹੋਵੇਗਾ।" ਨੱਥਾ ਸਿੰਘ ਨੇ ਸਲਾਹ ਦਿੱਤੀ, "ਇਹ ਗੁਰਦਵਾਰੇ ਤੋਂ ਦੂਰ ਨਹੀਂ ਹੈ। ਆਪਣੇ ਬਹੁਤੇ ਲੋਕ ਇਸ ਇਲਾਕੇ ਵਿਚ ਹੀ ਰਹਿੰਦੇ ਹਨ ਅਤੇ ਤੂੰ ਉਹਨਾਂ ਕੋਲ ਰਹਿ ਸਕਦਾ ਏਂ।"

ਰਸੋਈਆ ਹਾਮੀ ਭਰਦਾ ਬੋਲਿਆ, "ਉਸ ਸਕੂਲ ਦੇ ਨੇੜੇ ਹੀ ਖ਼ੂਬਸੂਰਤ ਬੀਚ ਹੈ ਅਤੇ ਤੂੰ ਗਰੈਨਵਿਲ ਪੁਲ ਉਪਰ ਦੀ ਹੋ ਕੇ ਸ਼ਹਿਰ ਦੇ ਮੁੱਖ ਹਿੱਸੇ 'ਚ ਪਹੁੰਚ ਸਕਦਾ ਏਂ।"

"ਨਾਲੇ ਤੈਨੂੰ ਗੁਰਦੁਆਰੇ ਜਾ ਕੇ ਗੁਰਬਾਣੀ ਸੁਣਨ ਦੀ ਵੀ ਮੌਜ ਰਹੇਗੀ", ਭਾਈ ਤਾਰਾ ਸਿੰਘ ਨੇ ਗਰਮਜੋਸ਼ੀ ਨਾਲ ਕਿਹਾ।

ਪ੍ਰੇਮ ਹਸਰਤ ਭਰੀਆਂ ਨਜ਼ਰਾਂ ਨਾਲ ਬੋਲਿਆ, "ਅਤੇ ਜਦੋਂ ਤੇਰਾ ਸਾਨੂੰ ਮਿਲਣ ਨੂੰ ਜੀ ਕਰੇ ਤਾਂ 'ਇੰਟਰ-ਅਰਬਨ' ਕਾਰ ਤੈਨੂੰ ਅੱਧੇ ਘੰਟੇ 'ਚ ਇੱਥੇ ਲੈ ਆਇਆ ਕਰੇਗੀ।"

ਸਕੂਲਾਂ ਦੀਆਂ ਛੁੱਟੀਆਂ ਖਤਮ ਹੋਣ ਤੋਂ ਛੇਤੀ ਬਾਅਦ ਹੀ ਮਲੂਕਾ ਕਿਟਸਲਾਨੋ ਹਾਈ ਸਕੂਲ ਜਾ ਪਹੁੰਚਿਆ।

ਤਿੱਖੇ ਨੈਣ ਨਕਸ਼ਾਂ ਵਾਲੇ ਦਰਮਿਆਨੇ ਕੱਦ ਦੇ ਪ੍ਰਿੰਸੀਪਲ ਨੇ ਬੜੇ ਸੁਚੱਜੇ ਢੰਗ ਦੀ ਵਰਦੀ ਪਾਈ ਹੋਈ ਸੀ ਅਤੇ ਦੇਖਣ ਨੂੰ ਬੜਾ ਉੱਦਮੀ ਜਾਪਦਾ ਸੀ। ਉਹ ਹੈਰਾਨੀ ਉਤੇ ਕਾਬੂ ਪਾਉਂਦਾ ਮਲੂਕੇ ਨੂੰ ਮਿਲਿਆ।

ਪ੍ਰਿੰਸੀਪਲ ਨੇ ਰੋਅਬ ਨਾਲ ਕਿਹਾ, "ਮੈਨੂੰ ਆਪਣੇ ਸਕੂਲ ਦੇ ਸਰਟੀਫ਼ੀਕੇਟ ਦਿਖਾ।" ਮਲੂਕੇ ਦੇ ਭੰਨ ਪਏ ਸਰਟੀਫ਼ੀਕੇਟ ਦੇਖਦਿਆਂ ਨੇ ਆਪਣੇ ਪਤਲੇ ਬੁੱਲ੍ਹ ਸਖ਼ਤੀ ਨਾਲ ਘੁੱਟੇ।

"ਲੱਗਦਾ ਹੈ ਕਿ ਤੂੰ ਗਰੇਡ ਦਸ 'ਚ ਦਾਖ਼ਲ ਹੋਣ ਯੋਗ ਏਂ।" ਉਹ ਥੋੜ੍ਹਾ ਹਿਚਕਚਾਉਂਦਿਆਂ ਬੋਲਿਆ।

ਉਹਦੇ ਬੋਲਾਂ ਵਿਚਲੇ ਰੁੱਖੇਪਨ ਨੇ ਉਹਨਾਂ ਦੋਹਾਂ ਵਿਚਾਲੇ ਫ਼ਾਸਲੇ ਨੂੰ ਹੋਰ ਵਧਾ ਦਿੱਤਾ।

"ਤੂੰ ਇੱਥੇ ਕਿੰਨੀ ਦੇਰ ਤੋਂ ਰਹਿ ਰਿਹਾ ਏਂ?"

"ਪੰਜਾਂ ਮਹੀਨਿਆਂ ਤੋਂ, ਜਨਾਬ।"

"ਅਤੇ ਤੂੰ ਇੱਥੇ ਕੀ ਕਰਦਾ ਰਿਹਾ ਏਂ?"

"ਲੰਬਰ ਮਿੱਲ 'ਚ ਕੰਮ ਕਰਦਾ ਰਿਹਾਂ।"

"ਕੀ ਤੂੰ ਆਪਣਾ ਕੰਮ ਪਸੰਦ ਨਹੀਂ ਕਰਦਾ।"

"ਕੰਮ ਤਾਂ ਮੈਂ ਪਸੰਦ ਕਰਦਾ ਹਾਂ, ਸਰ ਮੈਂ ਆਪਣੀ ਪੜ੍ਹਾਈ ਖ਼ਤਮ ਕਰਨੀ ਚਾਹੁੰਦਾ ਹਾਂ।"

"ਤੂੰ ਪਹਿਲਾ ਸਿੱਖ ਲੜਕਾ ਏਂ ਜੋ ਇਸ ਸਕੂਲ ਵਿਚ ਆਇਆ ਏਂ, ਕੀ ਤੇਰੇ ਖ਼ਿਆਲ ਵਿਚ ਤੂੰ ਬਾਕੀ ਵਿਦਿਆਰਥੀਆਂ ਨਾਲ ਚੱਲ ਸਕੇਂਗਾ?"

"ਸਰ ਮੈਂ ਆਪਣੀ ਪੂਰੀ ਕੋਸ਼ਿਸ਼ ਕਰਾਂਗਾ।"

ਪ੍ਰਿੰਸੀਪਲ ਆਪਣੀ ਕੁਰਸੀ ਤੋਂ ਉੱਠਦਾ ਤਿੱਖੇ ਸਵਰ 'ਚ ਬੋਲਿਆ, "ਚੱਲ ਮੈਂ ਤੇਨੂੰ ਕਲਾਸ-ਟੀਚਰ ਨਾਲ ਮਿਲਾਵਾਂ।"

ਕਲਾਸ-ਅਧਿਆਪਕ ਗੰਜੇ ਸਿਰ ਵਾਲਾ ਕਮਜ਼ੋਰ ਜਿਹਾ ਆਦਮੀ ਸੀ। ਉਹ ਇਕ ਪੱਗ ਵਾਲੇ ਅੱਲ੍ਹੜ ਜਿਹੇ ਮੁੰਡੇ ਨੂੰ ਦੇਖ ਕੇ ਬਹੁਤ ਹੈਰਾਨ ਹੋਇਆ। ਉਸ ਨੇ ਵੀ ਮਲੂਕੇ ਦੇ ਸਰਟੀਫ਼ੀਕੇਟ ਦੇਖੇ ਅਤੇ ਸਭ ਕੁਝ ਠੀਕ ਚੱਸਿਆ। ਪਰ ਉਹਨੇ ਵੀ ਇਹ ਸ਼ੱਕ ਜ਼ਾਹਿਰ ਕੀਤਾ ਕਿ ਕੀ ਉਹ ਆਪਣੇ ਆਪ ਨੂੰ ਇਸ ਮਾਹੌਲ ਵਿਚ ਢਾਲ

ਲਵੇਗਾ ?

ਮਲੂਕੇ ਦੀ ਉਹਨਾਂ ਵਲੋਂ ਲਈ ਗਈ ਇੰਟਰਵਿਊ ਵਿਦਿਅਕ ਗਾਈਡੇਂਸ ਨਾਲੋਂ ਪੁਲੀਸ ਇਨਕਵਾਰੀ ਵਧੇਰੇ ਲਗਦੀ ਸੀ। ਉਸ ਉੱਤੇ ਇਸ ਤਰ੍ਹਾਂ ਸ਼ੱਕ ਕੀਤੇ ਜਾਣਾ, ਮਲੂਕੇ ਨੂੰ ਬਹੁਤ ਬੁਰਾ ਲਗਿਆ। ਉਸ ਨੂੰ ਹੈਰਾਨੀ ਹੋਈ ਕਿ ਕੀ ਉਹ ਉਸ ਨੂੰ ਸਕੂਲ ਦਾਖ਼ਲ ਕਰਨਾ ਵੀ ਚਾਹੁੰਦੇ ਸਨ ਕਿ ਨਹੀਂ ?

ਗੁੱਸੇ ਦੀ ਭਾਵਨਾ ਨੂੰ ਲੁਕਾਉਂਦਾ ਹੋਇਆ ਮਲੂਕਾ ਪ੍ਰਿੰਸੀਪਲ ਦੇ ਮਗਰ ਮਗਰ ਉਹਦੇ ਦਫ਼ਤਰ ਨੂੰ ਜਾਣ ਲੱਗਾ। ਹਾਲ ਨਾਲ ਲਗਦੇ ਕਮਰਿਆਂ ਦੇ ਦਰਵਾਜ਼ੇ ਬੰਦ ਸਨ। ਮਲੂਕਾ ਬੜਾ ਡੌਰ ਭੌਰ ਮਹਿਸੂਸ ਕਰ ਰਿਹਾ ਸੀ। ਉਹ ਛੇਤੀ ਛੇਤੀ ਇਸ ਸਥਿਤੀ 'ਚੋਂ ਨਿਕਲਣਾ ਚਾਹੁੰਦਾ ਸੀ, ਭਾਵੇਂ ਉਹਨੂੰ ਬਾਅਦ ਵਿਚ ਪਛਤਾਉਣਾ ਹੀ ਕਿਉਂ ਨਾ ਪਵੇ। ਇਸ ਨਵੀਂ ਦੁਨੀਆਂ 'ਚ ਭਾਵੇਂ ਉਹ ਸਭ ਕੁਝ ਪੂਰੀ ਤਰ੍ਹਾਂ ਨਹੀਂ ਸੀ ਸਮਝਦਾ ਪਰ ਉਹ ਆਪਣੀਆਂ ਭਾਵਨਾਵਾਂ ਨੂੰ ਖ਼ੂਬ ਸਮਝਦਾ ਸੀ ਅਤੇ ਗਿਆਨ ਦੀ ਘਾਟ ਹੋਣ ਕਰ ਕੇ ਆਪਣੇ ਹੌਸਲੇ ਉੱਤੇ ਜ਼ਿਆਦਾ ਨਿਰਭਰ ਕਰਦਾ ਸੀ।

ਮਲੂਕਾ ਪ੍ਰਿੰਸੀਪਲ ਦੇ ਚਿਹਰੇ ਉੱਤੇ ਅੱਖਾਂ ਗੱਡ ਹਿੰਮਤ ਕਰ ਕੇ ਬੋਲਿਆ, "ਸਰ, ਕੀ ਤੁਸੀਂ ਆਪਣੇ ਸਕੂਲ ਵਿਚ ਮੈਨੂੰ ਦਾਖ਼ਲ ਕਰ ਕੇ ਖ਼ੁਸ਼ ਹੋਵੋਗੇ ?"

"ਕੋਈ ਖ਼ਾਸ ਨਹੀਂ", ਪ੍ਰਿੰਸੀਪਲ ਨੇ ਇਕ ਟੱਕ ਜਵਾਬ ਦਿੱਤਾ ਅਤੇ ਉਹਦੇ ਪਲਾਸਟਿਕ ਵਰਗੇ ਚਿਹਰੇ ਉੱਤੇ ਕੋਈ ਤਬਦੀਲੀ ਨਾ ਆਈ।

ਮਲੂਕੇ ਦਾ ਕਿਟਸਲਾਨੋ ਹਾਈ ਸਕੂਲ ਵਿਚ ਦਾਖ਼ਲਾ ਲੈਣ ਦਾ ਹੁਣ ਕੋਈ ਇਰਾਦਾ ਨਹੀਂ ਸੀ।

ਟੁੱਟੇ ਦਿਲ ਅਤੇ ਮੁਰਝਾਈ ਰੂਹ ਨਾਲ ਇੰਟਰ-ਅਰਬਨ ਕਾਰ ਵਿਚ ਸਟੇਸ਼ਨ ਨੂੰ ਵਾਪਿਸ ਤੁਰ ਪਿਆ। ਗਰੈਨਵਿਲ ਪੁਲ ਦੇ ਨੇੜੇ, ਇਸ ਸਟੇਸ਼ਨ ਨੂੰ ਜਾਣ ਤੋਂ ਪਹਿਲਾਂ, ਉਸਨੇ ਰਾਹ ਵਿਚ ਸੈਕਿੰਡ ਐਵਨਿਊ 'ਤੇ ਪੈਂਦੇ ਗੁਰਦੁਆਰੇ ਜਾਣ ਦੀ ਸੋਚੀ। ਛੇਤੀ ਹੀ ਉਸ ਨੂੰ ਗੁਰਦੁਆਰੇ ਝੁਲਦਾ ਨਿਸ਼ਾਨ ਸਾਹਿਬ ਦਿਖਾਈ ਦੇਣ ਲੱਗਾ।

ਨਿਸ਼ਾਨ ਸਾਹਿਬ ਨੂੰ ਦੇਖ ਕੇ ਉਹਦੀ ਚਾਲ 'ਚ ਤੇਜ਼ੀ ਆ ਗਈ ਅਤੇ ਉਹਨੂੰ ਸੀਮਿੰਟ ਦੇ ਸਾਈਡਵਾਕ 'ਤੇ ਤੁਰੇ ਜਾਂਦੇ ਰਾਹੀਆਂ ਦਾ ਵੀ ਖ਼ਿਆਲ ਨਾ ਰਿਹਾ।

ਸਿੱਖ ਇਤਿਹਾਸ ਦੇ ਕਈ ਸਾਕੇ ਉਹਦੇ ਚਿਹਨ ਵਿਚ ਚੱਕਰ ਕੱਟਣ ਲੱਗੇ। ਉਹ ਸੋਚ ਰਿਹਾ ਸੀ ਕਿ ਸਿੱਖਾਂ ਨੇ ਮੰਦਹਾਲੀ ਦੇ ਦਿਨਾਂ ਵਿਚ ਵੀ ਇਸ ਝੰਡੇ ਥੱਲੇ ਕਿੰਨੇ ਹੌਸਲੇ ਤੋਂ ਕੰਮ ਲਿਆ ਸੀ। ਇਹਨੂੰ ਉੱਚਾ ਲਹਿਰਾਉਂਦਿਆਂ ਉਹਨਾਂ ਨੇ ਅਨੇਕਾਂ ਮੁਸੀਬਤਾਂ ਦਾ ਟਾਕਰਾ ਕੀਤਾ ਸੀ ਅਤੇ ਜਿੱਤਾਂ ਪ੍ਰਾਪਤ ਕੀਤੀਆਂ ਸਨ। ਕੁਰਬਾਨੀ ਦੀ ਇਹ ਕਿਹੋ ਜਿਹੀ ਭਾਵਨਾ ਸੀ!

ਛੇਤੀ ਹੀ ਉਹ ਗੁਰਦੁਆਰੇ ਪਹੁੰਚ ਗਿਆ। ਉਸਨੇ ਗੁਰਦੁਆਰੇ ਦੀਆਂ ਚੌੜੀਆਂ ਅਤੇ ਉੱਚੀਆਂ ਪੌੜੀਆਂ ਚੜ੍ਹ ਕੇ ਗੁਰੂ ਗਰੰਥ ਸਾਹਿਬ ਅੱਗੇ ਸ਼ਰਧਾ ਵਜੋਂ ਮੱਥਾ ਟੇਕਣ ਦੀ ਸੋਚੀ। ਸਿੱਖਾਂ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਨੂੰ ਵਿਅਕਤੀ-ਪੂਜਾ ਵਿਰੁੱਧ ਸਾਵਧਾਨ ਕਰਨ ਲਈ ਹੁਕਮ ਦਿੱਤਾ ਸੀ ਕਿ ਗਰੰਥ ਹੀ ਉਹਨਾਂ ਦਾ ਗੁਰੂ ਹੈ। ਹਰ ਕਿਸਮ ਦੀ ਰਹਿਨੁਮਾਈ ਅਤੇ ਹੌਸਲਾ ਜੋ ਉਹਨਾਂ ਦੇ ਵਿਸ਼ਵਾਸ ਨੂੰ ਪੱਕਾ ਰੱਖਣ ਲਈ ਚਾਹੀਦਾ ਸੀ, ਉਹ ਇਸ ਤੋਂ ਪ੍ਰਾਪਤ ਕਰ ਸਕਦੇ ਸਨ।

ਗੁਰਦੁਆਰੇ ਵਿਚ ਉਸ ਵਕਤ ਕੋਈ ਨਹੀਂ ਸੀ। ਗੁਰਦੁਆਰੇ ਦਾ ਗਰੰਥੀ ਕੋਈ ਪੜ੍ਹਿਆ ਲਿਖਿਆ ਵਿਦਵਾਨ ਨਹੀਂ ਸੀ, ਜਿਹਨੇ ਗੁਰਬਾਣੀ ਗਾਇਨ ਲਈ ਸੰਗੀਤ ਦੀ ਸਿਖਿਆ ਹਾਸਲ ਕੀਤੀ ਹੋਵੇ। ਸਗੋਂ ਉਹ ਤਾਂ ਇਕ ਸਾਧਾਰਨ ਸੇਵਾਦਾਰ ਸੀ। ਗੁਰੂ ਗੋਬਿੰਦ ਸਿੰਘ ਨੇ ਖਾਲਸੇ ਵਿਚੋਂ ਪੂੰਹਿਤਪੁਣੇ ਦੀ ਰੀਤ ਖ਼ਤਮ ਕਰ ਦਿੱਤੀ ਸੀ ਤਾਂ ਕਿ ਕੋਈ ਵੀ ਸਿਆਣਾ ਸਿੱਖ ਧਾਰਮਿਕ ਰਸਮਾਂ ਨਿਭਾ ਸਕੇ ਅਤੇ ਅਰਦਾਸ ਲਈ ਸੰਗਤ ਦੀ ਅਗਵਾਈ ਕਰ ਸਕੇ।

ਮਲੂਕੇ ਨੇ ਜੁੱਤੀ ਲਾਹੀ ਅਤੇ ਗਲੀਚੇ ਵਾਲੇ ਵੱਡੇ ਹਾਲ ਵਿਚ ਦਾਖਲ ਹੋ ਗਿਆ। ਹਾਲ ਦੀਆਂ ਕੰਧਾਂ ਉਪਰ ਪੇਪਰ ਲੱਗਾ ਹੋਇਆ ਸੀ ਅਤੇ ਕੰਧਾਂ ਸਿੱਖ ਗੁਰੂਆਂ ਅਤੇ ਸਿੱਖ ਸੂਰਬੀਰਾਂ ਦੀਆਂ ਤਸਵੀਰਾਂ ਨਾਲ ਸਜਾਈਆਂ ਹੋਈਆਂ ਸਨ। ਉਹ ਚਬੂਤਰੇ ਵਲ ਗਿਆ ਜਿੱਥੇ ਰੰਗਦਾਰ ਚੰਦੋਏ ਹੇਠਾਂ ਰੇਸ਼ਮ ਦੇ ਵੱਡੇ ਸਾਰੇ ਰੁਮਾਲਿਆਂ ਵਿਚ ਗਰੰਥ ਸਾਹਿਬ ਸੁਭਾਇਮਾਨ ਸੀ। ਉਹ ਮੱਥਾ ਟੇਕਣ ਲਈ ਗੋਡਿਆਂ ਭਾਰ ਝੁਕਿਆ ਅਤੇ ਮੱਥਾ ਚਿੱਟੀ ਚਾਦਰ ਉਤੇ ਲਾਇਆ। ਨਮਸਕਾਰ ਕਰਨ ਤੋਂ ਬਾਅਦ ਉਹ ਖੜ੍ਹਾ ਹੋ ਗਿਆ। ਮਲੂਕੇ ਦੇ ਹੱਥ ਜੁੜੇ ਅਤੇ ਅੱਖਾਂ ਬੰਦ ਸਨ। ਉਸ ਨੇ ਹੌਸਲਾ ਪ੍ਰਾਪਤ ਕਰਨ ਲਈ ਅਰਦਾਸ ਕੀਤੀ ਅਤੇ ਉਹ ਆਪਣੇ

ਆਪ ਨੂੰ ਸਵੱਛ ਮਹਿਸੂਸ ਕਰ ਰਿਹਾ ਸੀ। ਹਾਲ ਵਿਚ ਇਕੱਲਾ ਹੋਣ ਦੇ ਬਾਵਜੂਦ ਉਹਨੇ ਆਪਣੇ ਆਪ ਨੂੰ ਇਕੱਲਾ ਨਾ ਮਹਿਸੂਸ ਕੀਤਾ ਜਿਵੇਂ ਉਹ ਅਕਸਰ ਬਾਹਰ ਭੀੜ ਵਾਲੀਆਂ ਸੜਕਾਂ ਉੱਤੇ ਕਰਦਾ ਹੁੰਦਾ ਸੀ। ਉਹਦੀ ਰੂਹ ਵਿਚ ਤਾਜ਼ਗੀ ਭਰ ਗਈ ਅਤੇ ਉਹਨੇ ਆਪਣੇ ਆਪ ਨੂੰ ਪਹਿਲਾਂ ਨਾਲੋਂ ਤਾਕਤਵਰ ਮਹਿਸੂਸ ਕੀਤਾ।

ਗੁਰਦੁਆਰੇ 'ਚੋਂ ਨਿਕਲ ਉਹ ਸਟੇਸ਼ਨ ਨੂੰ ਜਾਣ ਲਈ ਸੈਕਿੰਡ ਐਵਨਿਊ ਉੱਤੇ ਤੁਰਦਾ ਗਿਆ। ਛੇਤੀ ਹੀ ਤੁਰਨ ਲਈ ਬਣੀ ਸੀਮਿੰਟ ਦੀ ਪਟੜੀ ਖ਼ਤਮ ਹੋ ਗਈ। ਹੁਣ ਉਹ ਸਾਵਧਾਨੀ ਨਾਲ ਦੇਖ ਦੇਖ ਤੁਰ ਰਿਹਾ ਸੀ ਕਿਉਂਕਿ ਲੱਕੜੀ ਦੀ ਪਟੜੀ ਕਈ ਥਾਵਾਂ ਤੋਂ ਟੁੱਟੀ ਹੋਈ ਸੀ ਅਤੇ ਕਈ ਫੱਟੇ ਥੱਲੇ ਧੱਸੇ ਹੋਏ ਸਨ। ਸੜਕ ਦੇ ਦੋਨੀਂ ਪਾਸੀਂ ਬਣੇ ਲੱਕੜੀ ਦੇ ਘਰ ਕਾਫੀ ਖਸਤਾ ਹਾਲਤ ਵਿਚ ਸਨ। ਦੂਜੇ ਪਾਸੇ ਫਾਲਸ ਕਰੀਕ ਵੱਲ ਕਿੰਨੀਆਂ ਹੀ ਲੱਕੜੀ ਦੀਆਂ ਮਿੱਲਾਂ ਸਨ ਜੋ ਕਾਫ਼ੀ ਸ਼ੋਰ ਮਚਾ ਰਹੀਆਂ ਸਨ। ਸਿੱਖ ਕਾਮੇ ਵੀ ਉਸੇ ਪਾਸੇ ਛੋਟੇ ਛੋਟੇ ਟੋਲਿਆਂ ਵਿਚ ਰਹਿੰਦੇ ਸਨ।

ਇਲਾਕੇ ਵਿਚ ਚੁੱਪ ਬੜੀ ਭਾਰੂ ਸੀ ਕਿਉਂਕਿ ਆਦਮੀ ਕੰਮਾਂ ਉੱਪਰ ਗਏ ਹੋਏ ਸਨ ਅਤੇ ਗਲੀ ਵਿਚ ਸਿਰਫ਼ ਗੋਰਿਆਂ ਦੇ ਕੁਝ ਨਿਆਣੇ ਭੈੜ ਜਿਹੇ ਕੱਪੜੇ ਪਾਈ ਖੇਡ ਰਹੇ ਸਨ। ਘਰਾਂ ਦੇ ਵਿਚਕਾਰ ਖ਼ਾਲੀ ਪਏ ਥਾਂ 'ਚ ਇਕ ਔਰਤ ਜਰਸੀ ਗਾਂ ਚਾਰ ਰਹੀ ਸੀ। ਉਸ ਨੇ ਗਿਟਿਆਂ ਤੱਕ ਲੰਮੀ ਪੁਸ਼ਾਕ ਪਾਈ ਹੋਈ ਸੀ ਅਤੇ ਚਿੱਟੇ ਦੁਪੱਟੇ ਨਾਲ ਅੱਧਾ ਕੁ ਸਿਰ ਢਕਿਆ ਹੋਇਆ ਸੀ। ਇਸ ਤੋਂ ਦੂਜੇ ਪਾਸੇ ਇਕ ਗੰਦਾ ਨਿੱਕਾ ਜਿਹਾ ਸਟੋਰ ਸੀ, ਜਿਸ ਉੱਤੇ 'ਇੰਡੀਆ-ਕੈਨੇਡਾ ਟਰੇਡਿੰਗ ਕੰਪਨੀ' ਨਾਂ ਦਾ ਬੋਰਡ ਚਮਕ ਰਿਹਾ ਸੀ। ਦੁਕਾਨ ਦੇ ਸਾਹਮਣੇ ਇਕ ਪੁਰਾਣਾ ਫ਼ੋਰਡ ਟਰੱਕ ਖੜਾ ਸੀ।

ਇਸ ਸਟੋਰ ਦਾ ਮਾਲਕ ਪੂਰਨ ਚੰਦ ਬ੍ਰਾਹਮਣ ਸੀ ਜਿਸ ਨੇ ਇਕ ਲੰਮੀ ਸੁਨੱਖੀ ਨੀਗਰੋ ਜ਼ਨਾਨੀ ਨਾਲ ਵਿਆਹ ਕਰਾਇਆ ਹੋਇਆ ਸੀ। ਪੂਰਨ ਚੰਦ ਕਾਊਂਟਰ, ਜਿਸ ਉੱਤੇ ਸੋਡੇ ਦੀਆਂ ਬੋਤਲਾਂ ਖਿਲਰੀਆਂ ਹੋਈਆਂ ਸਨ, ਦੇ ਪਿੱਛੇ ਬੈਠਾ ਉਰਦੂ ਵਿਚ ਕਰਿਆਨੇ ਦੇ ਬਿੱਲਾਂ ਦਾ ਹਿਸਾਬ ਕਿਤਾਬ ਕਰਨ ਵਿਚ ਮਗਨ ਸੀ। ਉਸਦੇ ਆਲੇ ਦੁਆਲੇ ਉਘੜ ਦੁਘੜ ਪਏ ਅੱਧ ਭਰੇ ਬੋਰੇ ਸਨ। ਖੁਲ੍ਹੇ ਮੂੰਹਾਂ ਵਾਲੇ ਇਹਨਾਂ ਬੋਰਿਆਂ ਵਿਚ ਭਾਰਤੀ ਦਾਲਾਂ-ਮੂੰਗੀ, ਮਾਂਹ ਅਤੇ ਮਸਰ ਪਏ ਸਨ।

ਪੂਰਬ ਦੇ ਚਾਵਲ ਅਤੇ ਕੈਲੇਫੋਰਨੀਆਂ ਦੇ ਰੁਆਂਹ ਵੀ ਦਿਖਾਈ ਦੇ ਰਹੇ ਸਨ। ਕੰਧ ਦੇ ਸਾਹਮਣੇ ਘੱਟੇ ਨਾਲ ਭਰੀ ਸ਼ੈਲਫ ਉਤੇ ਕਈ ਤਰ੍ਹਾਂ ਦੇ ਮਰਤਬਾਨ ਪਏ ਸਨ, ਜਿਹਨਾਂ ਵਿਚ ਕਾਲੀ ਮਿਰਚ ਅਤੇ ਗਰਮ ਮਸਾਲਾ, ਦਾਲਚੀਨੀ, ਧਨੀਆ, ਇਲਾਇਚੀ, ਹਲਦੀ ਆਦਿ ਵਸਤਾਂ ਪਈਆਂ ਸਨ।

ਮਲੂਕਾ ਉਸ ਨੂੰ ਚੰਗੀ ਤਰ੍ਹਾਂ ਜਾਣਦਾ ਸੀ ਕਿਉਂਕਿ ਉਹ ਹੀ ਲੰਬਰ ਮਿੱਲ ਦੇ ਕੁੱਕ ਹਾਊਸ ਨੂੰ ਰਸਦ ਸਪਲਾਈ ਕਰਦਾ ਸੀ। ਮਲੂਕਾ ਕੁੱਕ-ਹਾਊਸ ਦੇ ਪੰਜ ਪ੍ਰਬੰਧਕਾਂ ਵਿਚੋਂ ਇਕ ਸੀ ਅਤੇ ਖਜ਼ਾਨਚੀ ਵੀ। ਪੂਰਨ ਚੰਦ ਸਿਆਣੀ ਬੁੱਧੀ ਵਾਲਾ ਮਿਲਾਪੜਾ ਮਨੁੱਖ ਸੀ, ਪਰ ਮਿੱਲ 'ਚ ਕੰਮ ਕਰਦੇ ਲੋਕ ਉਹਦੇ ਬਾਰੇ ਵੱਖਰੀ ਰਾਏ ਰੱਖਦੇ ਸਨ।

"ਤੁਹਾਨੂੰ ਬਾਹਮਣ 'ਤੇ ਨਜ਼ਰ ਰੱਖਣੀ ਚਾਹੀਦੀ ਹੈ, ਉਹ ਘਟੀਆ ਚੀਜ਼ਾਂ ਗਲ ਮੜ੍ਹ ਕੇ ਪੈਸੇ ਬਟੋਰ ਜਾਂਦਾ ਹੈ," ਰਸੋਈਆ ਆਮ ਇਹ ਗੱਲ ਕਹਿੰਦਾ।

"ਉਹਦੀਆਂ ਕਾਰਸਤਾਨੀਆਂ ਨੂੰ ਸਮਝਣਾ ਸੌਖਾ ਨਹੀਂ ਕਿਉਂਕਿ ਉਹਦੇ ਬਣਾਏ ਬਿੱਲ ਨੂੰ ਪੜ੍ਹਨਾ ਬਹੁਤ ਔਖਾ ਹੈ," ਕੋਈ ਹੋਰ ਰਸੋਈ ਪ੍ਰਬੰਧਕ ਆਪਣੀ ਰਾਏ ਦਿੰਦਾ।

"ਉਸਦੇ ਬੈਂਕ ਵਿਚ ਕਾਫ਼ੀ ਪੈਸੇ ਜਮ੍ਹਾਂ ਹਨ, ਪਰ ਸਦਾ ਕਹੂ ਕਿ ਉਹਦਾ ਤਾਂ ਦਵਾਲਾ ਨਿਕਲਣ ਵਾਲਾ ਹੈ। ਉਹ ਜਾਣਦਾ ਹੈ ਕਿ ਰਾਸ਼ਟਰੀ ਭਾਵਨਾਵਾਂ ਨੂੰ ਆਪਣੇ ਵਪਾਰ ਲਈ ਕਿਵੇਂ ਵਰਤਣਾ ਹੈ।" ਬੰਤਾ ਸਿੰਘ ਬੋਲਿਆ। "ਕਹੂਗਾ ਤੁਸੀਂ ਮੇਰੇ ਗਾਹਕ ਹੋ, ਮੇਰੇ ਦੇਸੀ ਭਰਾ ਹੋ। ਤੁਹਾਡੀ ਸੇਵਾ ਕਰਕੇ ਮੈਨੂੰ ਬਹੁਤ ਖ਼ੁਸ਼ੀ ਹੁੰਦੀ ਹੈ। ਤੁਸੀਂ ਮੇਰੇ ਕੋਲੋਂ ਮੇਰਾ ਇਹ ਹੱਕ ਨਹੀਂ ਖੋਹ ਸਕਦੇ।" ਬੰਤਾ ਸਿੰਘ ਉਹਦੀ ਮੱਕਾਰੀ ਨਾਲ ਭਰੀ ਹਲੀਮੀ ਦੀਆਂ ਸਾਂਗਾ ਲਾਉਂਦਾ।

ਮਲੂਕੇ ਨੇ ਭਾਵੇਂ ਪੂਰਨ ਚੰਦ ਦੇ ਖ਼ਿਲਾਫ਼ ਇਹ ਸਾਰੀਆਂ ਗੱਲਾਂ ਸੁਣੀਆਂ ਹੋਈਆਂ ਸਨ ਪਰ ਫੇਰ ਵੀ ਉਹ ਉਸ ਬ੍ਰਾਹਮਣ ਨੂੰ ਪਸੰਦ ਕਰਦਾ ਸੀ। ਉਸ ਨੇ ਨਵੀਆਂ ਪੁਰਾਣੀਆਂ ਕਈ ਸਖ਼ਤ ਰੀਤਾਂ ਦੀ ਹੌਸਲੇ ਨਾਲ ਵਿਰੋਧਤਾ ਕੀਤੀ ਸੀ। ਉਸ ਨੇ ਚੁੱਪ ਚਾਪ ਇਕ ਨੀਗਰੋ ਤੀਵੀਂ ਨਾਲ ਵਿਆਹ ਕਰਾ ਲਿਆ ਸੀ। ਕਿਸੇ ਵੀ ਸਿੱਖ ਨੇ ਅਜੇ ਇਸ ਤਰ੍ਹਾਂ ਕਰਨ ਦਾ ਹੌਸਲਾ ਨਹੀਂ ਸੀ ਕੀਤਾ, ਭਾਵੇਂ ਸਿੱਖ ਗੁਰੂਆਂ ਨੇ ਜ਼ਾਤ ਪਾਤ ਅਤੇ ਰੰਗ ਦੇ ਅਧਾਰ ਉਤੇ ਵਿਤਕਰੇ ਦਾ ਸਖ਼ਤੀ ਨਾਲ ਵਿਰੋਧ

ਕੀਤਾ ਸੀ । ਉਹ ਇੰਨਾ ਧੀਰਜਵਾਨ ਸੀ ਕਿ ਉਸ ਉੱਤੇ ਰਸ਼ਕ ਕੀਤਾ ਜਾ ਸਕਦਾ ਸੀ । ਕੁੱਕ-ਹਾਊਸ ਵਿਚ ਉਸ ਨੂੰ ਬੜੀਆਂ ਟਿੱਚਰਾਂ ਦਾ ਸਾਹਮਣਾ ਕਰਨਾ ਪੈਂਦਾ ਪਰ ਉਹ ਹੱਸ ਕੇ ਗੱਲ ਟਾਲ ਦਿੰਦਾ । ਕਈ ਵਾਰੀ ਜੇ ਕੋਈ ਕਾਮਾ ਸ਼ਰਾਬੀ ਹਾਲਤ ਵਿਚ ਉਸ ਨਾਲ ਕੋਈ ਗੁਸਤਾਖ਼ੀ ਵੀ ਕਰਦਾ ਤਾਂ ਵੀ ਉਹ ਪ੍ਰੇਸ਼ਾਨ ਨਾ ਹੁੰਦਾ । ਆਪਣੀ ਜ਼ਾਤ ਦੀ ਪ੍ਰੰਪਰਾ ਅਨੁਸਾਰ ਉਹ ਪੜ੍ਹਾਈ ਦੀ ਕਦਰ ਕਰਦਾ ਸੀ ਅਤੇ ਆਪ ਵੀ ਚੰਗੀਆਂ ਕਿਤਾਬਾਂ ਪੜ੍ਹਦਾ ਰਹਿੰਦਾ ਸੀ ।

"ਨਮਸਕਾਰ ਪੰਡਤ ਜੀ ਮਹਾਰਾਜ", ਮਲੂਕੇ ਨੇ ਸਟੋਰ 'ਚ ਵੜਦਿਆਂ ਕਿਹਾ ।

"ਨਮਸਕਾਰ, ਬਈ ਮਲੂਕਿਆ, ਤੇਰਾ ਕਿਵੇਂ ਜੀ ਕੀਤਾ ਆਉਣ ਨੂੰ । ਆ ਬਹਿ ਜਾ । ਕੋਈ ਸੇਵਾ ਦੱਸ ।" ਮਲੂਕੇ ਦੇ ਕੁਰਸੀ 'ਤੇ ਬਹਿਣ ਸਾਰ ਪੂਰਨ ਚੰਦ ਬੋਲਿਆ ।

"ਬੱਸ ਕੁਝ ਨਹੀਂ ਪੰਡਤ ਜੀ ! ਮਿਹਰਬਾਨੀ ।"

"ਲੈ ਆਹ ਥੋੜ੍ਹੇ ਜਿਹੇ ਕਾਜੂ ਖਾ ਲੈ ।"

"ਕੋਈ ਖੇਚਲ ਨਾ ਕਰੋ ।"

"ਖੇਚਲ ਕਾਹਦੀ ਆ ਮਲੂਕਿਆ, ਡੱਬਾ ਆਪਣੇ ਕੋਲ ਹੀ ਪਿਆ ।" ਪੰਡਤ ਨੇ ਕਾਜੂਆਂ ਦੀ ਮੁੱਠ ਭਰ ਕੇ ਪਲੇਟ 'ਚ ਪਾ ਲਈ ਅਤੇ ਸੋਢੇ ਦੀਆਂ ਦੋ ਬੋਤਲਾਂ ਖੋਲ੍ਹ ਲਈਆਂ ।

"ਮਿੱਲ 'ਤੇ ਬਾਕੀਆਂ ਦਾ ਕੀ ਹਾਲ ਐ ? ਤੇਰਾ ਕੰਮ ਕਿਵੇਂ ਐਂ ?"

"ਠੀਕ ਹੈ, ਮਿਹਰਬਾਨੀ ।"

"ਤੂੰ ਕਿਟਸਲਾਨੋ ਸਕੂਲੇ ਦਾਖ਼ਲ ਹੋ ਰਿਹਾ ਏਂ ?"

"ਨਹੀਂ ।"

"ਉਹਨੀ ਦਾਖਲ ਨਹੀਂ ਕੀਤਾ ?"

"ਮੇਰਾ ਨਹੀਂ ਖ਼ਿਆਲ ਕਿ ਮੈਨੂੰ ਉਥੇ ਕੋਈ ਪਸੰਦ ਕਰਦਾ ਆ," ਮਲੂਕੇ ਨੇ ਖਿੱਝ ਜਿਹੀ ਨਾਲ ਕਿਹਾ ।

"ਵਾਹਲਾ ਮਨ ਉੱਤੇ ਨਾ ਲਾ ਮਲੂਕਿਆ । ਇਸ ਇਲਾਕੇ ਵਿਚ ਆਪਣੇ ਲੋਕਾਂ ਦੇ ਖ਼ਿਲਾਫ਼ ਬਹੁਤ ਵਿਤਕਰਾ ਹੁੰਦਾ ਹੈ ।"

ਪੂਰਨ ਚੰਦ ਨੇ ਆਪਣੇ ਭਰਵੱਟੇ ਸੁਕੇੜ ਕੇ ਤਾਕੀ ਦੇ ਸ਼ੀਸ਼ੇ ਥਾਣੀ ਬਾਹਰ ਦੇਖਿਆ।

"ਤੂੰ ਕਿੰਗ-ਐਡਵਰਡ ਸਕੂਲੇ ਕਿਉਂ ਨਹੀਂ ਕੋਸ਼ਿਸ਼ ਕਰਦਾ ?" ਉਹ ਆਪਣੀ ਗੱਲ ਜਾਰੀ ਰੱਖਦਾ ਹੋਇਆ ਬੋਲਿਆ। "ਮੈਂ ਉਥੇ ਇਕ ਮਾਸਟਰ ਨੂੰ ਜਾਣਦਾ ਹਾਂ। ਮੈਂ ਉਹਨੂੰ ਕਰੀ-ਪਾਊਡਰ ਅਤੇ ਗਰਮ ਮਸਾਲਾ ਪਹੁੰਚਾਉਂਦਾ ਹਾਂ। ਉਹ ਭਾਰਤ ਨੂੰ ਬਹੁਤ ਪਸੰਦ ਕਰਦਾ ਆ। ਉਹ ਤੇਰੀ ਮਦਦ ਕਰਕੇ ਖ਼ੁਸ਼ ਹੋਵੇਗਾ।"

"ਮਿਹਰਬਾਨੀ ਪੰਡਤ ਜੀ! ਮੈਂ ਫਿਰ ਗੱਲ ਕਰਾਂਗਾ। ਹੁਣ ਮੈਨੂੰ ਮਿੱਲ ਨੂੰ ਵਾਪਿਸ ਜਾਣਾ ਚਾਹੀਦਾ ਹੈ।" ਮਲੂਕੇ ਨੇ ਜਾਣ ਲਈ ਖੜ੍ਹਾ ਹੁੰਦਿਆਂ ਕਿਹਾ।

"ਇਕ ਮਿੰਟ ਰੁਕੀਂ ਮਲੂਕੇ," ਪੂਰਨ ਚੰਦ ਮੁਸਕਰਾਉਂਦਾ ਬੋਲਿਆ। "ਮੇਰੇ ਕੋਲ ਤੇਰੇ ਲਈ ਕੁਝ ਕਿਤਾਬਾਂ ਹਨ। 'ਗਦਰ ਦੀ ਗੂੰਜ' ਨੰਬਰ ਇਕ ਅਤੇ ਦੋ ਅਤੇ ਇਕ ਕਿਤਾਬ ਇਕਬਾਲ ਦੀਆਂ ਕਵਿਤਾਵਾਂ ਦੀ ਹੈ। ਮੇਰੇ ਖ਼ਿਆਲ 'ਚ ਤੂੰ ਪਸੰਦ ਕਰੇਂਗਾ।"

ਜਦੋਂ ਮਲੂਕਾ ਕੁੱਕ-ਹਾਊਸ ਪਹੁੰਚਿਆ ਤਾਂ ਜੱਗਾ ਬੋਲਿਆ, "ਤਾਂ ਤੂੰ ਕਿਟਸਲਾਨੋ ਹਾਈ ਸਕੂਲ ਜਾ ਆਇਆਂ ਅਤੇ ਉਹਨੀ ਤੇਰੀ ਕੋਈ ਪ੍ਰਵਾਹ ਨਹੀਂ ਕੀਤੀ। ਮੈਂ ਤੈਨੂੰ ਦੱਸਾਂ ਕਿਉਂ ਨਹੀਂ ਕੀਤੀ ?"

"ਛੱਡ ਪਰੇ ਜੈਕ, ਸਾਨੂੰ ਪਤਾ ਹੈ।" ਰਸੋਈਏ ਨੇ ਵਿਚੇ ਗੱਲ ਟੋਕੀ।

"ਸਕੂਲ ਹਿੰਦੂਆਂ ਦੀਆਂ ਝੁੱਗੀਆਂ ਦੇ ਬਹੁਤ ਨੇੜੇ ਹੈ," ਜੱਗਾ ਫਿਰ ਬੋਲਿਆ। "ਗੰਦੇ ਪੁਰਾਣੇ ਘਰਾਂ 'ਚ ਉਹ ਪਸ਼ੂਆਂ ਵਾਂਗ ਰਹਿੰਦੇ ਹਨ। ਆਪਣੇ ਮਨੋਰੰਜਨ ਲਈ ਉਹ ਕਿਟਸਲਾਨੋ ਬੀਚ ਉਤੇ ਚਲੇ ਜਾਂਦੇ ਹਨ ਅਤੇ ਨਹਾਉਂਦੀਆਂ ਗੋਰੀਆਂ ਦੇ ਸਰੀਰਾਂ ਦਾ ਅੱਖਾਂ ਰਾਹੀਂ ਅਨੰਦ ਮਾਣਦੇ ਹਨ, ਸੁੰਦਰੀਆਂ ਦੇ ਕੋਮਲ ਅੰਗਾਂ ਨੂੰ ਨਿਹਾਰਦੇ ਹਨ। ਗੋਰੇ ਇਹਦਾ ਬੁਰਾ ਮਨਾਉਂਦੇ ਹਨ।"

"ਛੱਡ ਜੈਕ", ਬੰਤਾ ਸਿੰਘ ਬੋਲਿਆ। "ਉਹ ਤਾਂ ਵਿਚਾਰੇ ਜ਼ਰਾ ਅੱਖਾਂ ਤੱਤੀਆਂ ਕਰਨ ਜਾਂਦੇ ਹਨ। ਇਹ ਤਾਂ ਅੱਲ੍ਹੜਾਂ ਦਾ ਸ਼ੁਗਲ ਹੈ।"

ਗਿਆਨ ਚੰਦ ਆਪਣੀ ਰਾਏ ਦਿੰਦਾ ਬੋਲਿਆ, "ਜੇ ਔਰਤਾਂ ਲੋਕਾਂ 'ਚ ਵਿਖਾਵਾ ਕਰਦੀਆਂ ਹਨ ਤਾਂ ਲੋਕ ਕੀ ਕਰਨ ? ਨਾਲੇ ਕਿਸੇ ਦੀ ਸੁੰਦਰਤਾ ਨੂੰ ਦੇਖਣਾ ਜਾਂ ਸਲਾਹੁਣਾ ਕੀ ਪਾਪ ਹੈ ?"

"ਪਰ ਕਿਟਸਲਾਨੋ ਸਕੂਲ ਜਾਣ ਦੀ ਲੋੜ ਕੀ ਹੈ ?" ਸ਼ੇਰ ਸਿੰਘ ਨੇ ਗੁੱਸੇ 'ਚ ਆਪਣੀ ਬਾਂਹ ਖੜ੍ਹੀ ਕੀਤੀ। ਫਰੇਜ਼ਰ ਸਟਰੀਟ ਵਾਲੇ ਸਕੂਲ ਜਾਣ 'ਚ ਕੀ ਹਰਜ ਹੈ। ਇੱਥੇ ਆਪਣੇ ਆਲੇ ਦੁਆਲੇ ਚੰਗੇ ਬੰਦੇ ਰਹਿੰਦੇ ਹਨ। ਮਲੂਕੇ ਦੇ ਇਸ ਇਲਾਕੇ 'ਚ ਪਹਿਲਾਂ ਵੀ ਕਈ ਚੋਸਤ ਹਨ। ਕੁੜੀਆਂ ਫੁੱਲਾਂ ਵਰਗੀਆਂ ਸੁੰਦਰ ਹਨ। ਮੁਸਕਰਾ ਕੇ ਗੱਲ ਕਰਦੀਆਂ ਹਨ ਅਤੇ ਨਾਲੇ ਮਲੂਕਾ ਇੱਥੇ ਸਾਡੇ ਕੋਲ ਰਹਿ ਸਕਦਾ ਹੈ।"

"ਆਹ ਗੱਲ ਸਿਆਣਿਆਂ ਵਾਲੀ ਕੀਤੀ।" ਨੱਥਾ ਸਿੰਘ ਪ੍ਰੋੜ੍ਹਤਾ ਕਰਦਾ ਬੋਲਿਆ, "ਆਪਾਂ ਇਹਦੇ ਲਈ ਦਰਿਆ ਕੰਢੇ ਇਕ ਖੋਖਾ ਜਿਹਾ ਬਣਾ ਦਿਆਂਗੇ। ਮੁਹਰੇ ਬਰਾਂਡਾ ਬਣਾ ਕੇ ਅੰਦਰ ਸਟੋਵ ਰੱਖ ਦਿਆਂਗੇ।"

ਰਤਨ ਸਿੰਘ ਮਦਦ ਦਾ ਭਰੋਸਾ ਦਿਵਾਉਂਦਾ ਬੋਲਿਆ, "ਮੈਂ ਇਹਨੂੰ ਬਾਈਸਾਈਕਲ ਲੈ ਦਿਆਂਗਾ ਅਤੇ ਇਹ ਸਕੂਲ ਨੂੰ ਜਾਂਦਾ ਦੁੱਧ ਢੋਅ ਕੇ ਜੇਬ ਖ਼ਰਚ ਲਈ ਪੈਸੇ ਬਣਾ ਸਕਦਾ ਹੈ।"

"ਅਤੇ ਇੱਥੇ ਇਹ ਭੁੱਖਾ ਨਹੀਂ ਮਰਨ ਲੱਗਾ। ਸਾਰੇ ਇਸ ਗੱਲ ਨਾਲ ਸਹਿਮਤ ਹੋਣਗੇ ਕਿ ਸਾਡੇ ਕੋਲ ਇਕ ਚੰਗਾ ਰਸੋਈਆ ਹੈ।" ਅਰਜਨ ਸਿੰਘ ਨੇ ਗੱਲ ਨਾਲ ਗੱਲ ਰਲਾਈ।

15

ਜੌਹਨ ਓਲੀਵਰ ਹਾਈ ਸਕੂਲ ਦੀ ਸਾਦੀ ਜਿਹੀ ਚੋ-ਮੰਜ਼ਲੀ ਇਮਾਰਤ ਸੀ ਜੋ ਦੱਖਣੀ ਵੈਨਕੂਵਰ ਦੇ ਸਿਟੀ ਹਾਲ ਦੇ ਨੇੜੇ ਬਣੀ ਹੋਈ ਸੀ। ਸਕੂਲ ਦੇ ਪਿੱਛੇ ਲਗਦੇ ਖੇਡ ਮੈਦਾਨ ਦੇ ਇਕ ਪਾਸੇ ਲੱਕੜੀ ਦੀ ਵਾੜ ਕੀਤੀ ਹੋਈ ਸੀ ਅਤੇ ਦੂਜੇ ਪਾਸੇ ਸੰਘਣੀ ਝਿੜੀ ਸੀ। ਫ਼ਰੇਜ਼ਰ ਸਟਰੀਟ ਦੇ ਸਾਹਮਣੇ ਵਾਲੇ ਪਾਸੇ ਝਿੜੀਆਂ ਦੀ ਕਤਾਰ ਛੋਟੇ ਜਿਹੇ ਜੰਗਲ ਦਾ ਭੁਲੇਖਾ ਪਾਉਂਦੀ ਸੀ।

ਸਕੂਲ ਦਾ ਪ੍ਰਿੰਸੀਪਲ ਜੈਕ ਪਾਮਰ ਇਕ ਦਿਆਲੂ ਅਤੇ ਵਿਦਵਾਨ ਮਨੁੱਖ

ਸੀ। ਦੂਜੇ ਅਧਿਆਪਕਾਂ ਨੇ ਵੀ ਉਹਨੂੰ ਨੇਕ ਸਲਾਹ ਅਤੇ ਹੌਸਲਾ ਦੇਣ ਵਿਚ ਕਾਫ਼ੀ ਮਦਦ ਕੀਤੀ। ਮਲੂਕੇ ਨੇ ਨਾ ਤਾਂ ਪਹਿਲਾਂ ਫ਼ਰਾਂਸੀਸੀ ਪੜ੍ਹੀ ਸੀ ਅਤੇ ਨਾ ਹੀ ਕੈਨੇਡੀਅਨ ਅਤੇ ਯੂਰਪੀਅਨ ਇਤਿਹਾਸ ਅਤੇ ਉਹਦੀ ਅੰਗਰੇਜ਼ੀ ਵੀ ਅਜੇ ਕਾਫ਼ੀ ਕਮਜ਼ੋਰ ਸੀ। ਇਸ ਲਈ ਉਹਨੂੰ ਨੌਵੀਂ ਵਿਚ ਦਾਖ਼ਲ ਕੀਤਾ ਗਿਆ। ਅਗਲੇ ਦੋ ਸਾਲ ਜਿਹੜੇ ਉਹਨੇ ਉਤਸ਼ਾਹੀ ਅਧਿਆਪਕਾਂ ਦੀ ਸਰਪ੍ਰਸਤੀ ਹੇਠ ਗੁਜ਼ਾਰੇ ਉਹਨਾਂ ਨਾਲ ਉਹਦੀ ਉਚੇਰੀ ਵਿਦਿਆ ਦੀ ਨੀਂਹ ਪੂਰੀ ਤਰ੍ਹਾਂ ਪੱਕੀ ਹੋ ਗਈ।

ਸਾਰੇ ਇਲਾਕੇ ਵਿਚ ਪਹਿਲਾ ਸਿੱਖ ਵਿਦਿਆਰਥੀ ਹੋਣ ਕਰਕੇ ਉਹ ਬੜੀ ਉਤਸੁਕਤਾ ਦਾ ਕੇਂਦਰ ਬਣਿਆ। ਲੋਕ ਉਸ ਨੂੰ ਹਸਰਤ ਨਾਲ ਦੇਖਦੇ। ਮਲੂਕੇ ਦਾ ਸਕੂਲ ਵਿਚ ਨਿੱਘਾ ਸਵਾਗਤ ਹੋਇਆ ਅਤੇ ਫ਼ਰੇਜ਼ਰ ਸਟਰੀਟ 'ਤੇ ਸਥਿਤ ਦੁਕਾਨਦਾਰਾਂ ਦਾ ਉਸ ਪ੍ਰਤੀ ਵਤੀਰਾ ਬਹੁਤ ਉਤਸ਼ਾਹਜਨਕ ਸੀ।

"ਹੈਲੋ, ਸ਼ੇਖ, ਹੈਲੋ, ਸ਼ੇਖ", ਮੁੰਡੇ ਕੁੜੀਆਂ ਨੇ ਉਹਦਾ ਮਿੱਤਰਤਾ ਭਰੀਆਂ ਮੁਸਕਰਾਹਟਾਂ ਨਾਲ ਸੁਆਗਤ ਕੀਤਾ।

ਮਲੂਕੇ ਨੇ ਸੋਚਿਆ ਕਿ ਉਹ ਸਿੱਖ ਸ਼ਬਦ ਦਾ ਗ਼ਲਤ ਉਚਾਰਨ ਕਰ ਰਹੇ ਸਨ ਪਰ ਇਸ ਨਾਲ ਉਹਨੇ ਸੋਚਿਆ ਕਿ ਘੱਟੋ ਘੱਟ ਉਹ ਉਹਦੇ ਧਰਮ ਦਾ ਸਤਿਕਾਰ ਕਰਨ ਦੀ ਕੋਸ਼ਿਸ਼ ਤਾਂ ਕਰ ਰਹੇ ਸਨ।

ਕਈ ਮਹੀਨਿਆਂ ਬਾਅਦ ਉਸ ਨੂੰ ਪਤਾ ਲੱਗਾ ਕਿ ਉਹਦਾ ਨਾਂ ਤਾਂ ਗੋਰੇ ਮੁੰਡੇ ਕੁੜੀਆਂ ਨੇ ਇਕ ਮਸ਼ਹੂਰ ਫ਼ਿਲਮ ਐਕਟਰ ਰੂਡੋਲਫ਼ ਵੈਲਿਨਟੀਨੋ ਦੇ ਨਾਂ ਉੱਤੇ ਰਖਿਆ ਸੀ। ਇਹ ਐਕਟਰ ਫ਼ਿਲਮਾਂ ਵਿਚ ਅਕਸਰ ਪੂਰਬ ਦੇ ਪਾਤਰਾਂ ਦੇ ਰੋਲ ਕਰਦਾ। ਉਹਦੀਆਂ ਅੱਖਾਂ ਡੂੰਘੀਆਂ, ਕਾਲੀਆਂ ਅਤੇ ਸੁਪਨਮਈ ਸਨ। ਉਹ ਫ਼ਿਲਮਾਂ ਵਿਚ ਪੱਗ ਬੰਨ੍ਹਣ, ਅਤੇ ਮਨੋਹਰ ਆਸ਼ਕਾਂ ਦੇ ਰੋਲ ਕਰਨ ਕਰਕੇ ਮਸ਼ਹੂਰ ਸੀ।

ਮਲੂਕੇ ਲਈ ਇਸ ਰੁਮਾਂਟਿਕ ਨਾਂ ਤੋਂ ਛੁਟਕਾਰਾ ਪਾਉਣਾ ਹੁਣ ਸੰਭਵ ਨਹੀਂ ਸੀ। ਪਰ ਉਹ ਉਸ ਐਕਟਰ ਨੂੰ ਦੇਖਣ ਲਈ ਜ਼ਰੂਰ ਕਾਹਲਾ ਸੀ ਜਿਹਦੇ ਨਾਂ ਉੱਤੇ ਉਹਦਾ ਨਾਂ ਪਿਆ ਸੀ।

ਹੇਸਟਿੰਗ ਸਟਰੀਟ ਉੱਤੇ ਸਥਿਤ ਰੌਕਸੀ ਸਿਨਮੇ ਵਿਚ ਵੈਲਿਨਟੀਨੋ ਦੇ ਵੱਡੇ

ਵੱਡੇ ਪੋਸਟਰ ਚਮਕ ਰਹੇ ਸਨ। ਵੈਲਿਨਟੀਨੋ ਖਜੂਰਾਂ ਦੀ ਇਕ ਝਿੜੀ ਵਿਚ ਖੜਾ ਸੀ ਅਤੇ ਪਿਛੇ ਚੰਦ ਚਮਕ ਰਿਹਾ ਸੀ। ਕਿਸੇ ਪੋਸਟਰ ਵਿਚ ਆਸ਼ਕ ਵੈਲਿਨਟੀਨੋ ਕਿਸੇ ਬਹੁਤ ਸੁਹਣੀ ਮੁਟਿਆਰ ਨੂੰ ਜੱਫੀ ਪਾਈ ਖੜਾ ਸੀ। ਕਿਸੇ ਪੋਸਟਰ ਵਿਚ ਉਸਦੇ ਹੱਥ ਵਿਚ ਚਮਕਦਾ ਖੰਜਰ ਸੀ। ਇਕ ਪੋਸਟਰ ਉਹਦੇ ਚਿਹਰੇ ਉੱਤੇ ਛਾਈ ਉਦਾਸੀ ਜ਼ਾਹਿਰ ਕਰ ਰਿਹਾ ਸੀ ਅਤੇ ਇਕ ਹੋਰ ਤਸਵੀਰ ਵਿਚ ਉਹ ਜੇਤੂਆਂ ਵਾਂਗੂੰ ਮੁਸਕਰਾ ਰਿਹਾ ਸੀ ਅਤੇ ਮਖ਼ਮਲੀ ਗੱਦੇ ਉਤੇ ਆਸ਼ਕਾਨਾ-ਅੰਦਾਜ਼ ਵਿਚ ਬੈਠਾ ਸੀ।

ਇਹ ਸਭ ਕੁਝ ਸਿਰਫ਼ ਇਕ ਚੁਆਨੀ ਵਿਚ ਦਿਖਾਇਆ ਜਾ ਰਿਹਾ ਸੀ। ਮਲੂਕਾ ਅੰਦਰ ਟਿਕਟ ਲੈਣ ਲਈ ਸ਼ੀਸ਼ੇ ਦੀ ਚੌਰਸ ਬਾਰੀ ਕੋਲ ਖੜਾ ਹੋਇਆ। ਅੰਦਰ ਕੱਕੇ ਵਾਲਾਂ ਵਾਲੀ ਗੋਰੀ ਬੈਠੀ ਸੀ, ਜਿਸ ਨੇ ਬਹੁਤ ਸਾਰਾ ਸੁਰਖ਼ੀ ਪਾਊਡਰ ਲਾਇਆ ਹੋਇਆ ਸੀ। ਉਹਦੇ ਕੁੰਡਲਾਂ ਵਾਲੇ ਵਾਲ ਮੱਢਿਆਂ ਤਾਂਈ ਫੈਲੇ ਹੋਏ ਸਨ ਅਤੇ ਤੰਗ ਕਾਲੀ ਡਰੈੱਸ ਵਿਚੋਂ ਪਾਊਡਰ ਨਾਲ ਥੱਪੀਆਂ ਛਾਤੀਆਂ ਝਾਤੀਆਂ ਮਾਰ ਰਹੀਆਂ ਸਨ।

"ਇਕ ਟਿਕਟ ਪਲੀਜ਼", ਮਲੂਕੇ ਨੇ ਆਪਣੀ ਚੁਆਨੀ ਕਾਊਂਟਰ ਉੱਤੇ ਰੱਖਦਿਆਂ ਕਿਹਾ।

"ਅੰਦਰ ਦਾਖ਼ਲ ਹੋਣ ਲਈ ਪਹਿਲਾਂ ਤੈਨੂੰ ਇਹ ਪੱਗ ਉਤਾਰਨੀ ਪਵੇਗੀ" ਉਹ ਜ਼ਨਾਨੀ ਬੇਸ਼ਰਮੀ ਜਿਹੀ ਨਾਲ ਬੋਲੀ।

ਮਲੂਕਾ ਬੜਾ ਹੈਰਾਨ ਹੋਇਆ ਅਤੇ ਗੁੱਸੇ 'ਚ ਕਹਿਣ ਲੱਗਾ, "ਕੀ ਤੁਸੀਂ ਕਦੀ ਕਿਸੇ ਸਿੱਖ ਨੂੰ ਪੱਗ ਲਾਹ ਕੇ ਕਿਸੇ ਪਬਲਿਕ ਥਾਂ ਵਿਚ ਦਾਖ਼ਲ ਹੁੰਦਿਆਂ ਦੇਖਿਆ ਹੈ?"

"ਐਸ ਪੱਗ ਨਾਲ ਤੂੰ ਕਿਸੇ ਵੀ ਸੂਰਤ ਵਿਚ ਅੰਦਰ ਦਾਖ਼ਲ ਨਹੀਂ ਹੋ ਸਕਦਾ।" ਉਹਨੇ ਟਕੇ ਵਰਗਾ ਜਵਾਬ ਦਿੱਤਾ।

"ਪਰ ਵੈਲਿਨਟੀਨੋ ਵੀ ਪੱਗ ਬੰਨ੍ਹਦਾ ਹੈ, ਉਹ ਵੀ ਤਾਂ ਅੰਦਰ ਹੈ।" ਮਲੂਕਾ ਜ਼ੋਰ ਦਿੰਦਿਆਂ ਬੋਲਿਆ।

"ਆਹ! ਵੈਲਿਨਟੀਨੋ ਜੋ ਚਾਹੇ ਕਰ ਸਕਦਾ ਹੈ।" ਉਹ ਆਪਣੇ ਸਿਗਰਟਾਂ ਨਾਲ ਧੁਆਂਖੇ ਚੰਦ ਕੱਢਦੀ ਬੋਲੀ।

'ਖ਼ਤਰਾ' ਮਲੂਕੇ ਦਾ ਦੂਜਾ ਨਾਂ ਸੀ।

ਰਤਨ ਸਿੰਘ ਨੇ ਆਪਣੇ ਵਾਇਚੇ ਮੁਤਾਬਕ ਮਲੂਕੇ ਲਈ ਖੜ ਖੜ ਕਰਦਾ ਇਕ ਪੁਰਾਣਾ ਸਾਈਕਲ ਅਤੇ ਇਕ ਲਾਲ ਰੰਗ ਦਾ ਚਮਕਦਾ ਸਵੈਟਰ ਲੈ ਦਿੱਤਾ ਸੀ। ਦੋਵਾਂ ਨਵੀਆਂ ਚੀਜ਼ਾਂ ਦੇ ਚਾਅ ਵਿਚ ਮਲੂਕਾ ਤੇਜ਼ੀ ਨਾਲ ਪੈਡਲ ਮਾਰਦਾ ਸਾਈਕਲ ਚਲਾਉਂਦਾ ਅਤੇ ਉਤਰਾਈ ਉੱਤਰਦਿਆਂ ਬਰੇਕ ਲਾਉਣ ਨੂੰ ਵਾਧੂ ਕੰਮ ਸਮਝਦਾ। ਜਿੱਥੇ ਗੋਲ ਪੱਥਰਾਂ ਨਾਲ ਬਣੀ ਫ਼ਰੇਜ਼ਰ ਸਟਰੀਟ ਮੰਰੀਨ ਡਰਾਈਵ ਵਿਚ ਰਲਦੀ ਸੀ, ਉਹ ਉਤਰਾਈ 'ਤੇ ਬਿਨਾਂ ਬਰੇਕ ਲਾਇਆਂ ਉੱਤਰਨਾ ਬਹੁਤ ਖ਼ਤਰੇ ਵਾਲਾ ਕੰਮ ਸੀ। ਜਦੋਂ ਉਹ ਨਿਧੜਕਤਾ ਨਾਲ ਉਤਰਾਈ ਉੱਤਰਦਾ ਤਾਂ ਸੜਕ ਉੱਤੇ ਜਾਂਦੇ ਰਾਹੀ ਉਸ ਵੱਲ ਹੈਰਾਨੀ ਨਾਲ ਵੇਖਕੇ ਚੀਕਾਂ ਮਾਰਦੇ : ਖ਼ਤਰਾ, ਖ਼ਤਰਾ।

ਮਲੂਕੇ ਦੀ ਪਹਿਲੀ ਅੱਲ ਉਸ ਨੂੰ ਤੋਹਫ਼ੇ ਦੇ ਤੌਰ ਉਤੇ ਮਿਲੀ ਸੀ ਅਤੇ ਦੂਜਾ ਨਾਂ ਉਸ ਨੇ ਆਪ ਕਮਾਇਆ ਸੀ। ਪਹਿਲਾ ਨਾਂ ਸਮਾਂ ਪੈ ਕੇ ਮਿਟ ਗਿਆ ਪਰ ਦੂਜਾ ਦੋ ਸਾਲ ਬਾਅਦ ਉਦੋਂ ਹੋਰ ਪੱਕਾ ਹੋ ਗਿਆ, ਜਦੋਂ ਮਲੂਕੇ ਨੇ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਲਈ ਗਰਾਸ ਹਾਕੀ ਖੇਡੀ।

ਮੁੰਡੇ ਕੁੜੀਆਂ ਮਲੂਕੇ ਤੋਂ ਹਮੇਸ਼ਾਂ ਅਨੇਕਾਂ ਸਵਾਲ ਪੁੱਛਦੇ ਰਹਿੰਦੇ। ਉਹ ਭਾਰਤ ਬਾਰੇ ਸੁਣੀਆਂ ਕਹਾਣੀਆਂ ਦੀ ਪੁਸ਼ਟੀ ਕਰਨਾ ਚਾਹੁੰਦੇ। ਉਹ ਅੱਗ ਖਾਣ ਵਾਲੇ ਫ਼ਕੀਰਾਂ, ਸੂਲਾਂ 'ਤੇ ਸੌਣ ਵਾਲੇ ਤਪੱਸਵੀਆਂ, ਟੂਣੇਹਾਰੇ ਸਾਧਾਂ ਸੰਤਾਂ, ਹਵਾ ਵਿਚ ਸਿੱਧਾ ਰੱਸਾ ਖੜਾ ਕਰ ਸਕਣ ਵਾਲੇ ਜਾਦੂਗਰਾਂ ਅਤੇ ਸਪੇਰਿਆਂ ਦੀਆਂ ਕਹਾਣੀਆਂ ਸੁਣਨਾ ਚਾਹੁੰਦੇ। ਉਹ ਹੈਰਾਨ ਹੁੰਦੇ ਸਨ ਕਿ ਭਾਰਤ ਵਿਚ ਜਾਦੂਗਰ ਕੁਝ ਮਿੰਟਾਂ ਵਿਚ ਹੀ ਅੰਬ ਦੇ ਦਰਖ਼ਤ ਕਿਵੇਂ ਪੈਦਾ ਕਰ ਦਿੰਦੇ ਸਨ?

ਪੰਜਾਬ ਵਿਚ ਮਲੂਕਾ ਮੁੰਡਿਆਂ ਵਾਲੇ ਸਕੂਲੇ ਪੜ੍ਹਿਆ ਸੀ। ਇੱਥੇ ਕੁੜੀਆਂ ਨਾਲ ਹੋਣ ਕਰਕੇ ਉਹ ਬੜੀ ਸੰਗ ਮਹਿਸੂਸ ਕਰਦਾ ਅਤੇ ਉਹਨਾਂ ਨਾਲ ਲੰਮੀ ਗੱਲਬਾਤ ਕਰਨ ਤੋਂ ਕੰਨੀ ਕਤਰਾਉਂਦਾ। ਇਸ ਗੱਲ ਤੋਂ ਕੁੜੀਆਂ ਨੂੰ ਸ਼ੱਕ ਪੈਦਾ ਹੋ ਗਈ ਅਤੇ ਉਹ ਮਲੂਕੇ ਦੀਆਂ ਸੂਹਾਂ ਲੈਣ ਲੱਗੀਆਂ। ਉਹਨਾਂ ਦੀ ਵਧਦੀ ਦਿਲਚਸਪੀ ਦੇਖ ਕੇ ਮਲੂਕਾ ਪ੍ਰੇਸ਼ਾਨ ਹੋ ਜਾਂਦਾ ਸੀ। ਅਧਿਆਪਕ ਦੀ ਗ਼ੈਰ ਹਾਜ਼ਰੀ ਜਾਂ ਵਿਹਲੇ ਸਮੇਂ ਉਹ ਮਲੂਕੇ ਦੁਆਲੇ ਇਕੱਠੀਆਂ ਹੋ ਜਾਂਦੀਆਂ ਅਤੇ ਉਹਨੂੰ ਗੁਰਮੁਖੀ ਅਤੇ ਉਰਦੂ ਵਿਚ ਬਾਹਾਂ 'ਤੇ ਨਾਂ ਲਿਖਣ ਲਈ ਕਹਿੰਦੀਆਂ। ਕੁਝ ਆਪਣੇ ਹੱਥ ਉਹਦੇ ਮੂਹਰੇ ਕਰਕੇ ਆਪਣੇ ਭਵਿੱਖ ਬਾਰੇ ਪੁੱਛਦੀਆਂ।

ਇਕ ਦਿਨ ਕੁੜੀਆਂ ਦੀ ਮੁਹਰੈਲ ਰੌਸ ਬੌਂਪਸਨ ਸ਼ਰਾਰਤ ਦੇ ਮੂਡ ਵਿਚ ਸੀ। ਉਹਨੇ ਆਪਣੀਆਂ ਸਹੇਲੀਆਂ ਦੇ ਚਿਹਰਿਆਂ ਉੱਤੇ ਝਾਤ ਮਾਰੀ ਅਤੇ ਮਲੂਕੇ ਦੇ ਚਿਹਰੇ ਉੱਤੇ ਅੱਖਾਂ ਗੱਡ ਕੇ ਗੰਭੀਰ ਹੋ ਕੇ ਬੋਲੀ, "ਮਲੂਕੇ, ਕੀ ਤੂੰ ਮੁੰਡਾ ਏਂ ਜਾਂ ਕੁੜੀ ?"

ਪੰਜਾਬ ਦੇ ਜੰਮਪਲ ਜੱਟ ਮੁੰਡੇ ਮਲੂਕੇ ਨੂੰ ਇਹ ਸੁਣ ਕੇ ਭਾਰੀ ਧੱਕਾ ਲੱਗਾ। ਉਸ ਨੂੰ ਲੱਗਾ ਕਿ ਕਿਸੇ ਨੇ ਉਹਦੇ ਮਰਦਪੁਣੇ ਨੂੰ ਵੰਗਾਰਿਆ ਸੀ। ਇਕ ਮੂੰਹ-ਫੱਟ ਕੁੜੀ ਨੇ ਉਹਦੇ ਲਿੰਗ ਬਾਰੇ ਗ਼ੌਰ ਯਕੀਨੀ ਜ਼ਾਹਿਰ ਕੀਤੀ ਸੀ। ਇਹ ਕਿਹੀ ਗੁਸਤਾਖ਼ੀ ਸੀ। ਇਹ ਤਾਂ ਬਹੁਤ ਭਾਰੀ ਬੇਇੱਜ਼ਤੀ ਸੀ।

ਇਕ ਪਲ ਤਾਂ ਉਹ ਬੋਲ ਨਾ ਸਕਿਆ ਅਤੇ ਉਹਨੇ ਪੰਜਾਬ ਦੀ ਮਹਾਨ ਧਰਤੀ ਕੋਲ ਸਹਾਇਤਾ ਲਈ ਬੇਨਤੀ ਕੀਤੀ। ਛੇਤੀ ਹੀ ਉਹ ਹੌਸਲੇ 'ਚ ਹੋ ਗਿਆ ਅਤੇ ਰੌਅਬ ਨਾਲ ਬੋਲਿਆ, "ਮੈਂ ਮੁੰਡਾ ਹਾਂ ਕੁੜੀ ਨਹੀਂ, ਜੇ ਤੁਹਾਨੂੰ ਕੋਈ ਸ਼ੱਕ ਹੈ ਤਾਂ ਮੈਂ ਤੁਹਾਨੂੰ ਆਪਣਾ ਸਰਟੀਫ਼ੀਕੇਟ ਦਿਖਾਉਣ ਲੰਗਾ ਹਾਂ।"

ਮੁਸਕੜੀਏਂ ਹੱਸਣ ਵਾਲੀਆਂ ਕੁੜੀਆਂ ਆਪਣੀ ਸ਼ਰਮਿੰਦਗੀ ਨਾ ਛੁਪਾ ਸਕੀਆਂ।

ਜਮਾਤ ਵਿਚ ਫੁੱਲਾਂ ਵਰਗੀਆਂ ਕੁੜੀਆਂ ਦੀ ਮੌਜੂਦਗੀ ਭਾਰਤ ਦੇ ਸਕੂਲਾਂ ਨਾਲੋਂ ਬਿਲਕੁਲ ਵੱਖ ਸੀ। ਇਸ ਨਾਲ ਸਕੂਲ ਦਾ ਮਾਹੌਲ ਜ਼ਿਆਦਾ ਕੁਦਰਤੀ ਅਤੇ ਤੰਦਰੁਸਤ ਬਣਦਾ ਸੀ। ਅੱਧੀ ਜਮਾਤ ਲਗਭਗ ਕੁੜੀਆਂ ਦੀ ਸੀ ਅਤੇ ਉਹ ਮੁੰਡਿਆਂ ਨਾਲੋਂ ਵੱਖਰੀ ਕਤਾਰ ਵਿਚ ਬੈਠਦੀਆਂ ਸਨ। ਤਾਜ਼ੇ ਖਿੜੇ ਚਿਹਰਿਆਂ ਅਤੇ ਖ਼ੂਬਸੂਰਤ ਲੰਮੇ ਵਾਲਾਂ ਵਾਲੀਆਂ ਕੁੜੀਆਂ ਰੰਗਦਾਰ ਰਿਬਨ ਪਾਉਂਦੀਆਂ ਸਨ ਅਤੇ ਵਾਲਾਂ ਨੂੰ ਵਾਹ ਸੁਆਰ ਕੇ ਜੂੜੇ ਬਣਾਉਂਦੀਆਂ ਸਨ। ਉਹਨਾਂ ਦਾ ਸ਼ਰਮਾਕਲ ਤੌਰ ਤਰੀਕਾ ਅਤੇ ਬੁੱਲ੍ਹਾਂ 'ਤੇ ਹਰ ਵੇਲੇ ਖੇਡਦੀ ਰਹਿੰਦੀ ਮੁਸਕਰਾਹਟ ਮੁੰਡਿਆਂ 'ਚ ਉਤਸ਼ਾਹ ਭਰੀ ਰੱਖਦੀ। ਮਲੂਕੇ ਨੂੰ ਇਹ ਜਾਣ ਕੇ ਹੈਰਾਨੀ ਹੁੰਦੀ ਕਿ ਕੁੜੀਆਂ ਮੁੰਡਿਆਂ ਨਾਲੋਂ ਪੜ੍ਹਾਈ 'ਚ ਅੱਗੇ ਸਨ। ਖ਼ਾਸ ਕਰਕੇ ਭਾਸ਼ਾ, ਸਾਹਿਤ ਅਤੇ ਇਤਿਹਾਸ ਦੇ ਵਿਸ਼ਿਆਂ 'ਚ। ਆਪਣੇ ਸੁਭਾਅ 'ਤੇ ਕਾਬੂ ਪਾ ਕੇ ਮਲੂਕੇ ਨੇ ਆਪਣੇ ਆਪ ਨੂੰ ਮਿਲਾਪੜੇ ਅਤੇ ਖ਼ੂਬਸੂਰਤ ਨਵੇਂ ਮਾਹੌਲ 'ਚ ਢਾਲਣਾ ਸਿੱਖ ਲਿਆ।

16

ਜਿਹੜੀਆਂ ਸਮੱਸਿਆਵਾਂ ਦਾ ਮਲੂਕੇ ਨੂੰ ਸਾਹਮਣਾ ਕਰਨਾ ਪੈ ਰਿਹਾ ਸੀ, ਉਹਨਾਂ ਵਿਚੋਂ ਸਭ ਤੋਂ ਜ਼ਿਆਦਾ ਪ੍ਰੇਸ਼ਾਨ ਕਰਨ ਵਾਲੀ ਸਮੱਸਿਆ ਲੰਚ ਦੀ ਸੀ।

ਕੁੱਕ-ਹਾਊਸ 'ਚ ਆਮ ਤੌਰ ਉੱਤੇ ਲੰਚ ਲਈ ਚੋਪੜ੍ਹੀਆਂ ਰੋਟੀਆਂ, ਮੀਟ ਜਾਂ ਸਬਜ਼ੀਆਂ ਦੀ ਤਰੀ ਅਤੇ ਦਾਲਾਂ ਬਣਦੀਆਂ ਸਨ। ਗੋਰਿਆਂ ਦੇ 'ਸੂਪ' ਨਾਲੋਂ ਇਹ ਤਰੀ ਥੋੜ੍ਹੀ ਜਿਹੀ ਗਾੜ੍ਹੀ ਹੋਣ ਕਰਕੇ ਨਾ ਤਾਂ ਇਹ ਸਕੂਲ ਨੂੰ ਲਿਜਾਣੀ ਸੌਖੀ ਸੀ ਅਤੇ ਨਾ ਹੀ ਆਮ ਲੋਕਾਂ 'ਚ ਖਾਧੀ ਜਾ ਸਕਦੀ ਸੀ। ਇਸ ਕਰਕੇ ਮਲੂਕੇ ਨੇ ਫ਼ਰੇਜ਼ਰ ਸਟਰੀਟ ਦੀ ਇਕ ਬੇਕਰੀ ਦੀ ਦੁਕਾਨ ਤੋਂ ਕੁੱਝ ਡਬਲ ਰੋਟੀਆਂ ਅਤੇ ਬਿਸਕੁਟ ਖ਼ਰੀਦ ਲਏ ਪਰ ਇਸ ਕਿਸਮ ਦਾ 'ਲੰਚ' ਨਾ ਤਾਂ ਮਲੂਕੇ ਦੀ ਭੁੱਖ ਮਿਟਾ ਸਕਿਆ ਅਤੇ ਨਾ ਹੀ ਉਸ ਨੂੰ ਸੁਆਦ ਲੱਗਾ।

"ਇਹ ਸਿੱਲ੍ਹਾ ਜਿਹਾ ਸੁੱਕਿਆ ਹੋਇਆ ਮਾਲ ਤੂੰ ਹਰ ਰੋਜ਼ ਕਿਵੇਂ ਖਾਂਦਾ ਏਂ? ਤੂੰ ਦੇਖ ਲਈਂ ਛੇਤੀ ਹੀ ਇਹਨਾਂ ਡਬਲ ਰੋਟੀਆਂ ਵਰਗਾ ਪੋਲਾ ਜਿਹਾ ਅਤੇ ਮੋਟਾ ਹੋ ਜਾਣਾ," ਇਕ ਦਿਨ ਰਸੋਈਆ ਉਹਨੂੰ ਕਹਿਣ ਲੱਗਾ।

"ਅਤੇ ਜੇ ਕਿਤੇ ਤੂੰ ਸਕੂਲ ਦੇ ਮੁੰਡਿਆਂ ਕੋਲੋਂ ਕੁੱਟ ਖਾ ਕੇ ਆਇਆ ਤਾਂ ਫਿਰ ਸਾਡੇ ਕੋਲੋਂ ਵੀ ਕੁੱਟ ਖਾਏਂਗਾ।" ਜੱਗੇ ਨੇ ਤਾੜਨਾ ਕੀਤੀ।

ਨੱਥਾ ਸਿੰਘ ਨੇ ਸਲਾਹ ਦਿੰਦਿਆਂ ਕਿਹਾ, "ਅਰਜਨ ਸਿਹੁੰ ਤੇਰੇ ਲਈ ਪਿੰਨੀਆਂ ਬਣਾ ਦਊ। ਇਹ ਸੁਆਦ ਅਤੇ ਭਾਰੀਆਂ ਹੁੰਦੀਆਂ ਹਨ। ਤੇਰੇ 'ਚ ਤਾਕਤ ਭਰਨਗੀਆਂ ਅਤੇ ਨਾਲੇ ਲਿਜਾਣ ਦੀ ਸੌਖ ਰਹੂ।'

ਰਸੋਈਏ ਨੇ ਕੁੱਝ ਕਣਕ ਦਾ ਆਟਾ ਘਿਓ 'ਚ ਭੁੰਨਿਆ। ਆਟੇ ਦਾ ਰੰਗ ਭੂਰਾ ਹੋਣ 'ਤੇ ਉਹਦੇ ਵਿਚ ਕੁੱਝ ਮੇਵੇ, ਬਦਾਮ, ਪਿਸਤਾ ਅਤੇ ਸੋਗੀ ਪਾ ਦਿੱਤੇ। ਇਸ ਵਿਚ ਖੰਡ ਦੀ ਚਾਹਣੀ ਪਾਉਣ ਤੋਂ ਬਾਅਦ ਉਦੋਂ ਤਕ ਕੜਛੀ ਫੇਰਦਾ ਰਿਹਾ ਜਦੋਂ ਤਕ ਸਾਰਾ ਮਾਲ ਪਿੰਨੀਆਂ ਵੱਟਣ ਲਈ ਤਿਆਰ ਨਹੀਂ ਹੋ ਗਿਆ।

ਇਹ ਪਿੰਨੀਆਂ ਤਾਜ਼ੀਆਂ ਤਾਜ਼ੀਆਂ ਤਾਂ ਬਹੁਤ ਹੀ ਨਰਮ ਅਤੇ ਸੁਆਦ ਸਨ। ਪਰ ਜ਼ਿਆਦਾ ਠੰਡੇ ਮੌਸਮ ਵਿਚ ਇਹ ਛੇਤੀ ਹੀ ਸਖ਼ਤ ਹੋ ਗਈਆਂ ਅਤੇ ਇਨ੍ਹਾਂ

ਦਾ ਰੰਗ ਵੀ ਕਾਲੀ ਭਾਅ ਮਾਰਨ ਲੱਗ ਪਿਆ। ਇਸ ਤਰ੍ਹਾਂ ਮਲੂਕੇ ਦੀ ਸਮੱਸਿਆ ਉਥੇ ਦੀ ਉਥੇ ਹੀ ਖੜ੍ਹੀ ਸੀ।

ਦੁਪਹਿਰ ਵੇਲੇ ਮੁੰਡੇ ਕਿਸੇ ਨਿੱਘੀ ਜਗ੍ਹਾ 'ਤੇ ਟੋਲੀਆਂ ਵਿਚ ਬੈਠ ਜਾਂਦੇ ਅਤੇ ਚੰਗੀ ਤਰ੍ਹਾਂ ਪੈਕ ਕੀਤੇ ਆਪਣੇ ਸੈਂਡਵਿਚ ਅਤੇ ਕੇਕ ਖੋਲ੍ਹ ਲੈਂਦੇ। ਜਦੋਂ ਉਹ ਖਾਣ ਅਤੇ ਗੱਲਾਂ ਕਰਨ 'ਚ ਮਗਨ ਹੁੰਦੇ, ਮਲੂਕਾ ਚੁੱਪ ਚਪੀਤੇ ਉਥੋਂ ਝਾੜੀਆਂ ਵਲ ਨੂੰ ਖਿਸਕ ਜਾਂਦਾ ਤਾਂ ਜੋ ਉਹ ਆਪਣੀ ਕਰੜੀ ਗਜ਼ਾ ਖਾ ਸਕੇ।

ਇਹ ਚਲਾਕੀ ਬਹੁਤਾ ਚਿਰ ਨਾ ਚੱਲੀ। ਇਕ ਦਿਨ ਮੁੰਡਿਆਂ ਨੇ ਚੋਰੀ ਚੋਰੀ ਉਹਦਾ ਪਿੱਛਾ ਕੀਤਾ। ਮਲੂਕਾ ਆਪਣੀਆਂ ਪਿੰਨੀਆਂ ਨੂੰ ਪੱਥਰ ਨਾਲ ਤੋੜਨ 'ਚ ਮਗਨ ਸੀ ਜਦ ਮੁੰਡੇ ਐਨ ਮੌਕੇ 'ਤੇ ਉੱਥੇ ਪਹੁੰਚ ਗਏ। ਉਹ ਹੈਰਾਨ ਹੋ ਕੇ ਮਲੂਕੇ ਨੂੰ ਦੇਖ ਰਹੇ ਸਨ।

ਮਲੂਕੇ ਦੇ ਹੱਥ ਵਿਚ ਪੱਥਰ ਦੇਖ ਕੇ ਹੈਰਾਨ ਹੋਇਆ ਹੈਨਰੀ ਬਰਟਨ ਪੁੱਛਣ ਲੱਗਾ, "ਮਲੂਕਾ ਆਹ ਕੀ ਪਾਗਲਪਨ ਕਰ ਰਿਹਾ ਏਂ?"

"ਮੈਂ ਆਪਣਾ ਲੰਚ ਤੋੜ ਰਿਹਾ ਹਾਂ।" ਪ੍ਰੇਸ਼ਾਨ ਅਤੇ ਸ਼ਰਮਿੰਦਾ ਹੋਇਆ ਉਹ ਬੋਲਿਆ। ਮੁੰਡੇ ਉੱਚੀ ਉੱਚੀ ਹੱਸ ਪਏ।

"ਬਾਈ ਗਾਡ ਮਲੂਕੇ ਤੂੰ ਇਹ ਸਖ਼ਤ ਮਾਲ ਨਹੀਂ ਖਾ ਸਕਦਾ। ਇਹ ਖਾ ਕੇ ਤੂੰ ਫਟ ਜਾਏਂਗਾ," ਚਾਰਲੀ ਗਰੀਨ ਬੋਲਿਆ।

"ਮੈਂ ਖਾ ਸਕਦਾ ਹਾਂ", ਮਲੂਕੇ ਨੇ ਜ਼ਰਾ ਸੰਭਲ ਕੇ ਕਿਹਾ। "ਇਹ ਬਹੁਤ ਵਧੀਆ ਚੀਜ਼ ਹੈ ਖਾ ਕੇ ਦੇਖੋ।"

ਜੋਅ ਕੈਂਬਲ ਕਹਿਣ ਲੱਗਾ, "ਮਲੂਕੇ ਜੇ ਤੂੰ ਇਹ ਖਾ ਲਵੇਂ ਤਾਂ ਤੂੰ ਛੇਤੀ ਹੀ ਫ਼ਕੀਰਾਂ ਵਾਂਗ ਮੇਖਾਂ ਅਤੇ ਕੱਚ ਖਾਣ ਲੱਗ ਪਵੇਂਗਾ।"

ਕਾਗ਼ਜ਼ 'ਚ ਲਪੇਟੀਆਂ ਪਿੰਨੀਆਂ ਵੱਲ ਹੈਨਰੀ ਨੇ ਸਹਿਮੀ ਜੇਹੀ ਨਿਗਾਹ ਨਾਲ ਦੇਖਿਆ ਅਤੇ ਇਕ ਟੁਕੜੇ ਨੂੰ ਚੁੱਕਣ ਦਾ ਹੌਸਲਾ ਕਰ ਲਿਆ।

"ਤੂੰ ਇਹ ਖਾ ਅਤੇ ਅਸੀਂ ਤੇਰੇ ਲਈ ਅਰਦਾਸ ਕਰਾਂਗੇ", ਚਾਰਲੀ ਨੇ ਵਿਅੰਗ ਕੱਸਿਆ।

ਹੈਨਰੀ ਨੇ ਪਿੰਨੀ ਦੇ ਟੁਕੜੇ ਨੂੰ ਚੰਗੀ ਤਰ੍ਹਾਂ ਜਾਚਿਆ।

"ਸ਼ਾਬਾਸ਼! ਬਹਾਦਰਾਂ ਵਾਂਗ ਖਾ ਜਾ। ਅਸੀਂ ਦੇਖਾਂਗੇ ਤੈਨੂੰ ਕੀ ਹੁੰਦਾ ਹੈ।" ਜੋਅ ਨੇ ਫੂਕ ਦਿੰਦਿਆਂ ਕਿਹਾ।

"ਇਹ ਬਹੁਤ ਸੁਆਦ ਹੈ," ਚਾਰਲੀ ਆਪਣੇ ਬੁੱਲ੍ਹ ਚੱਟਦਾ ਬੋਲਿਆ। "ਮੈਂ ਝੂਠ ਨਹੀਂ ਬੋਲਦਾ। ਅਜ਼ਮਾ ਕੇ ਦੇਖੋ।"

ਉਹਨਾਂ ਨੇ ਮਹਿਕਾਂ ਛੱਡਦੀਆਂ ਪਿੰਨੀਆਂ ਦਾ ਇੰਨਾ ਸੁਆਦ ਮਾਣਿਆ ਕਿ ਮਲੂਕੇ ਦੀ ਲੰਚ ਦੀ ਸਮੱਸਿਆ ਖ਼ਤਮ ਹੋ ਗਈ। ਇਸ ਮਸਲੇ 'ਤੇ ਪ੍ਰੇਸ਼ਾਨ ਹੋਣਾ ਹੁਣ ਬੀਤੇ ਦੀ ਗੱਲ ਬਣ ਗਈ ਸੀ। ਪਿੰਨੀਆਂ ਦੇ ਵਟਾਂਦਰੇ ਵਿਚ ਮਲੂਕੇ ਨੂੰ ਮਜ਼ੇਦਾਰ ਸੈਂਡਵਿਚ ਅਤੇ ਸੁਆਦੀ ਕੇਕ ਖਾਣ ਨੂੰ ਮਿਲਦੇ ਸੀ। ਮਲੂਕਾ ਹੁਣ ਆਪਣੇ ਜਮਾਤੀਆਂ ਨਾਲ ਰਲ ਕੇ ਪੱਛਮੀ ਖਾਣੇ ਦਾ ਆਨੰਦ ਮਾਣਦਾ ਸੀ।

ਭਾਵੇਂ ਪਗੜੀ ਦੇ ਕਈ ਨੁਕਸਾਨ ਵੀ ਸਨ ਪਰ ਇਸ ਦੇ ਫ਼ਾਇਦੇ ਵੀ ਕਾਫ਼ੀ ਸਨ।

ਇਕ ਸਿੱਖ ਲਈ ਭਾਵੇਂ ਪਗੜੀ ਬੰਨ੍ਹਣ ਦੀ ਗੁਰੂ ਵਲੋਂ ਖਾਸ ਹਦਾਇਤ ਨਹੀਂ, ਜਿਵੇਂ ਉਹਨੂੰ ਵਾਲ ਨਾ ਕੱਟਣ ਦੀ ਹੈ, ਪਰ ਪਗੜੀ ਅਤੇ ਦਾਹੜੀ ਉਹਦੇ ਲਈ ਉਸੇ ਤਰ੍ਹਾਂ ਹਨ ਜਿਵੇਂ ਇਕ ਸ਼ੇਰ ਲਈ ਉਹਦੀ ਦਿਆਲ। ਕੱਟੜਪੰਥੀ ਇਸ ਨੂੰ ਵਿਸ਼ਸ਼ ਤਾਕਤਾਂ ਨਾਲ ਜੋੜਦੇ ਹਨ। ਇਕ ਅਖ਼ਬਾਰ ਨੇ ਇਹ ਖ਼ਬਰ ਬੜੀ ਪ੍ਰਸੰਸਾਤਮਕ ਢੰਗ ਨਾਲ ਦਿੱਤੀ ਕਿ ਕਿਸ ਤਰ੍ਹਾਂ ਨੌਰਥ ਵੈਨਕੂਵਰ ਦੇ ਘਾਟ ਉੱਤੇ ਇਕ ਕਿਸ਼ਤੀ ਲੱਦਦੇ ਸਮੇਂ ਇਕ ਦੁਰਘਟਨਾ ਵਿਚ ਸਿੱਖਾਂ ਨੇ ਡੁੱਬ ਰਹੇ ਇਕ ਮੁੰਡੇ ਦੀ ਜਾਨ ਆਪਣੀਆਂ ਪੱਗਾਂ ਸੁੱਟ ਕੇ ਬਚਾਈ ਸੀ। ਭਾਈ ਤਾਰਾ ਸਿੰਘ ਨੂੰ ਪੱਕਾ ਯਕੀਨ ਸੀ ਕਿ ਇਹ ਇਖ਼ਲਾਕੀ ਕੰਮ ਰੱਬ ਦੀ ਮਰਜ਼ੀ ਨਾਲ ਹੋਇਆ ਸੀ ਅਤੇ ਜਦੋਂ ਕਿਤੇ ਕਿਸੇ ਫੀਏਟਰ ਵਿਚ ਪੱਗ ਵਾਲੇ ਸਿੱਖਾਂ ਨੂੰ ਅੰਦਰ ਦਾਖ਼ਲ ਨਾ ਹੋਣ ਦਿੱਤਾ ਜਾਂਦਾ ਤਾਂ ਉਸ ਦਾ ਵਿਸ਼ਵਾਸ ਹੋਰ ਵੀ ਪੱਕਾ ਹੋ ਜਾਂਦਾ ਕਿ ਇਹ ਰੱਬੀ ਹੁਕਮ ਸੀ।

ਉਹ ਸੰਤੁਸ਼ਟੀ ਨਾਲ ਕਹਿੰਦਾ, "ਇਹ ਤਾਂ ਸਾਡੇ ਲੋਕਾਂ ਨੂੰ ਭ੍ਰਿਸ਼ਟ ਹੋਣ ਤੋਂ ਬਚਾਇਆ ਗਿਆ ਹੈ। ਫ਼ਿਲਮਾਂ ਵਿਚ ਕੀ ਪਿਆ ਹੈ? ਕਾਮ ਅਤੇ ਮਾਰ ਧਾੜ। ਸਿਨਮਾ ਹਾਲ ਦੇ ਹਨੇਰੇ ਵਿਚ ਕਾਮ ਕਲਾ ਬਣ ਗਿਆ ਹੈ ਅਤੇ ਪਿਆਰ ਬਦਚਲਣੀ ਬਣ ਕੇ ਰਹਿ ਗਿਆ ਹੈ।"

ਕੰਮ ਉਤੇ ਪੱਗ ਮਲੂਕੇ ਲਈ ਕਾਫ਼ੀ ਮੁਸ਼ਕਲਾਂ ਦਾ ਕਾਰਨ ਬਣਦੀ। ਲੱਕੜੀ ਦਾ ਬੂਰਾ ਪੱਗ 'ਚ ਵੜ ਜਾਂਦਾ ਅਤੇ ਕੰਮ ਦੀ ਕਾਹਲ ਵਿਚ ਜੇ ਇਹ ਲੱਥ ਜਾਂਦੀ ਤਾਂ ਉਸ ਨੂੰ ਉਰੇ ਪਰੇ ਹੋ ਕੇ ਫਿਰ ਬੰਨ੍ਹਣੀ ਪੈਂਦੀ ਸੀ। ਸਕੂਲ ਵਿਚ ਖੇਡਣ ਸਮੇਂ ਵੀ ਔਖਿਆਈ ਹੁੰਦੀ ਸੀ। ਰਘਬੀ ਖੇਡਣਾ ਅਸੰਭਵ ਹੁੰਦਾ ਸੀ। ਜੇ ਮੀਂਹ ਪੈ

ਰਿਹਾ ਹੋਵੇ, ਤਾਂ ਪੱਗ ਸੁੱਕੀ ਰੱਖਣ ਲਈ ਛਤਰੀ ਜ਼ਰੂਰ ਨਾਲ ਲਿਜਾਣੀ ਪੈਂਦੀ। ਮਲੂਕੇ ਨੂੰ ਇਹ ਜਾਣ ਕੇ ਖ਼ੁਸ਼ੀ ਹੋਈ ਕਿ ਕੁੜੀਆਂ ਵੀ ਚਾਹੁੰਦੀਆਂ ਸਨ ਕਿ ਉਨ੍ਹਾਂ ਦੇ ਵਾਲ ਗਿੱਲੇ ਨਾ ਹੋਣ। ਇਸ ਕਰਕੇ ਮੀਂਹ ਵਾਲੇ ਦਿਨ ਛਤਰੀ ਹੇਠ ਉਹ ਕਦੀ ਕਦੀ ਹੀ ਇਕੱਲਾ ਹੁੰਦਾ ਸੀ। ਉਸ ਨੇ ਕਦੀ ਸੋਚਿਆ ਨਹੀਂ ਸੀ ਕਿ ਉਸ ਦੀ ਇਹ ਮਾਸੂਮ ਆਸ਼ਕ ਮਿਜਾਜ਼ੀ ਨਾ ਖ਼ਤਮ ਹੋਣ ਵਾਲੀ ਸਮੱਸਿਆ ਖੜ੍ਹੀ ਕਰੇਗੀ।

ਛੇਤੀ ਹੀ ਉਸ ਦੇ ਦੇਸੀ ਸਾਥੀਆਂ ਨੂੰ ਇਸ ਬਾਰੇ ਪਤਾ ਲੱਗ ਗਿਆ। ਜਿਨ੍ਹਾਂ ਨੇ ਛਤਰੀ ਹੇਠ ਜੋੜ ਨੂੰ ਗੱਲਾਂ ਕਰਦੇ ਅਤੇ ਮੁਸਕਰਾਉਂਦੇ ਦੇਖਿਆ, ਉਹਨਾਂ ਕੁੱਕ-ਹਾਊਸ ਵਿਚ ਗੁੱਝੇ ਇਸ਼ਾਰਿਆਂ ਨਾਲ ਸਨਸਨੀ ਖ਼ੇਜ਼ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਕੁਝ ਗੱਲਾਂ ਕਰਕੇ ਕੰਦਲ ਬਹਿਲਾ ਰਹੇ ਸਨ ਅਤੇ ਕੁਝ ਸ਼ੱਕ ਜ਼ਾਹਿਰ ਕਰ ਰਹੇ ਸਨ। ਕੁਝ ਸ਼ਾਂਤ ਸਨ ਪਰ ਭਾਈ ਤਾਰਾ ਸਿੰਘ ਲੋਹਾ-ਲਾਖਾ ਹੋਇਆ ਪਿਆ ਸੀ।

"ਇਹਦੇ ਵਿਚ ਗਲਤ ਵੀ ਕੀ ਆ?" ਜੱਗੇ ਨੇ ਪੁੱਛਿਆ। "ਇਸ ਨਾਲ ਦੋ ਜਣੇ ਭਿੱਜਣੋਂ ਬਚ ਜਾਂਦੇ ਹਨ।"

"ਨਾਲੇ ਇਸ ਨਾਲ ਪੂਰਬ ਅਤੇ ਪੱਛਮ 'ਚ ਨੇੜਤਾ ਵਧਦੀ ਹੈ।" ਗਿਆਨ ਚੰਦ ਨੇ ਗੱਲ ਜਾਰੀ ਰੱਖੀ।

"ਜਵਾਨ ਮੁੰਡੇ ਨੂੰ ਜ਼ਿੰਦਗੀ ਦਾ ਸੁਆਦ ਲੈਣ ਦਿਉ। ਐਵੇਂ ਖੁਣਸਾਂ ਨਾ ਕੱਢੋ", ਕੋਨੇ 'ਚੋਂ ਇਕ ਅਵਾਜ਼ ਆਈ।

"ਇਕ ਮੂਰਖਤਾ ਦੂਜੀ ਨੂੰ ਜਨਮ ਦੇਵੇਗੀ। ਘਿਉ ਅੱਗ ਦੇ ਨੇੜੇ ਰਹਿ ਕੇ ਪਿੱਘਲ ਜਾਏਗਾ।" ਭਾਈ ਤਾਰਾ ਸਿੰਘ ਨੇ ਭਵਿੱਖਬਾਣੀ ਕੀਤੀ।

ਗੰਡਾ ਸਿੰਘ ਉਹਨੂੰ ਟੋਕਦੇ ਬੋਲਿਆ, "ਤੈਨੂੰ ਵਹਿਮ ਦੀ ਬਿਮਾਰੀ ਨੇ ਮਾਰ ਲਿਆ। ਸਕੂਲ 'ਚ ਇਹੋ ਜਿਹੀ ਅੱਗ ਦੀਆਂ ਸੌ ਲਾਟਾਂ ਤੁਰੀਆਂ ਫਿਰਦੀਆਂ ਹਨ, ਇਹ ਪਿਘਲ ਕੇ ਗਰੀਸ ਤਾਂ ਨਹੀਂ ਬਣ ਗਿਆ।"

"ਵੱਖਰੇ ਦਿਨ ਛਤਰੀ ਥੱਲੇ ਵੱਖਰੇ ਹੀ ਸਿਰ ਹੁੰਚੇ ਆ।" ਕਿਸੇ ਹੋਰ ਨੇ ਸ਼ਰਾਰਤੀ ਹਾਸਾ ਹੱਸਿਆ।

"ਫੇਰ ਤਾਂ ਉਦੂੰ ਵੀ ਵਧੀਆ! ਨਵਾਂ ਦਿਨ ਨਵਾਂ ਫੁੱਲ।" ਜੱਗਾ ਖੇੜੇ ਨਾਲ ਬੋਲਿਆ।

17

ਸਿਆਲ ਦੀ ਰੁੱਤ ਕਰਿਸਮਸ ਦੀਆਂ ਛੁੱਟੀਆਂ ਅਤੇ ਬਰਫ਼ ਲੈ ਕੇ ਆਈ। ਇਹ ਦੋਵੇਂ ਮਲੂਕੇ ਲਈ ਨਵੀਆਂ ਸਨ।

ਭੂਰੇ ਰੰਗ ਦੀ ਅਸਮਾਨ ਉੱਤੇ ਗਹਿਰ ਚੜ੍ਹੀ ਹੋਈ ਸੀ। ਘੁੱਟਵੇਂ ਅਤੇ ਅਕਾਊ ਮੌਸਮ ਨੇ ਧਰਤੀ ਦੀ ਹਰ ਵਸਤ ਜਕੜੀ ਹੋਈ ਸੀ। ਪਹਿਲਾਂ ਛੋਟੇ ਛੋਟੇ ਚਿੱਟੇ ਫੰਬਿਆਂ ਦੇ ਰੂਪ ਵਿਚ ਥੋੜ੍ਹੀ ਥੋੜ੍ਹੀ ਬਰਫ਼ ਪੈਣੀ ਸ਼ੁਰੂ ਹੋਈ। ਬਰਫ਼ ਦੇ ਇਹ ਫੰਬੇ ਹਵਾ 'ਚ ਇੱਧਰ ਉੱਧਰ ਉੱਡਦੇ ਅਤੇ ਧਰਤੀ ਨਾਲ ਲਗਦੇ ਸਾਰ ਖ਼ਤਮ ਹੋ ਜਾਂਦੇ। ਛੇਤੀ ਹੀ ਬਰਫ਼ ਦੇ ਇਹ ਛੋਟੇ ਛੋਟੇ ਫੰਬੇ ਮੋਟੇ ਮੋਟੇ ਫੰਬਿਆਂ ਵਿਚ ਬਦਲ ਗਏ। ਹਵਾ ਵਿਚ ਇੱਧਰ ਉੱਧਰ ਉੱਲਰਣ ਬਿਨਾਂ ਉਹ ਸਿੱਧ ਧਰਤੀ ਉੱਤੇ ਡਿਗਦੇ। ਇਸ ਤਰ੍ਹਾਂ ਜਾਪਦਾ ਸੀ ਕਿ ਦੂਰ ਅਸਮਾਨਾਂ ਵਿਚ ਕੋਈ ਬਲਵਾਨ ਪੌਂਜਾ ਬਿਨਾਂ ਸਾਹ ਲਿਆਂ ਕਿਸੇ ਰੂੰ ਦੇ ਪਹਾੜ ਨੂੰ ਪਿੰਜ ਪਿੰਜ ਮੁਲਾਇਮ ਗੋਹੜਿਆਂ ਵਿਚ ਧਰਤੀ ਵਲ ਸੁੱਟ ਰਿਹਾ ਹੋਵੇ। ਹੁਣ ਬਰਫ਼ ਦੇ ਇਹ ਫੰਬੇ ਧਰਤੀ ਦੀਆਂ ਵਸਤਾਂ ਆਪਣੇ ਹੇਠਾਂ ਕੱਜਣ ਲਗੇ। ਲੱਕੜ ਮਿੱਲ ਅਤੇ ਬੰਕ ਹਾਊਸ ਦੀਆਂ ਕਾਲੀਆਂ ਛੱਤਾਂ, ਪਤਝੜ ਮਾਰੇ ਭੂਰੇ ਰੁੱਖ ਅਤੇ ਹੋਰ ਮਲਬਾ ਸਭ ਦੁੱਧ ਚਿੱਟੀ ਬਰਫ਼ ਨੇ ਕੱਜ ਲਿਆ। ਸਦਾ ਬਹਾਰ ਬੂਟਿਆਂ ਦੀਆਂ ਟਾਹਣੀਆਂ ਸੁਹਜਮਈ ਢੰਗ ਨਾਲ ਬਰਫ਼ ਦੇ ਭਾਰ ਹੇਠਾਂ ਦੱਬ ਗਈਆਂ ਅਤੇ ਦਿਖਾਈ ਦਿੰਦੀ ਹਰਿਆਲੀ ਅਲੋਪ ਹੋ ਗਈ। ਸਿਰਫ਼ ਫ਼ਰੇਜ਼ਰ ਦਰਿਆ ਹੀ ਬਰਫ਼ ਫੰਬਿਆਂ ਨੂੰ ਆਪਣੇ 'ਚ ਸਮਟਦਾ, ਇਕ ਵੱਡੇ ਖੁੱਲ੍ਹੇ ਚਿੱਟੇ ਪਸਾਰ 'ਚ ਭੂਰੀ ਵਿੰਗ ਵਲਾਂਦੇਂ ਖਾਂਦੀ ਧਾਰੀ ਦੇ ਰੂਪ ਵਿਚ ਆਪਣੀ ਨਗਨਤਾ ਕਾਇਮ ਰੱਖ ਸਕਿਆ।

ਵੈਨਕੂਵਰ ਦੀਆਂ ਦੁਕਾਨਾਂ ਵਿਚ 'ਕੌਨਫਰ' ਦੇ ਛੋਟੇ ਛੋਟੇ ਬੂਟੇ ਰੂੰ ਦੇ ਫੰਬਿਆਂ ਨਾਲ ਅਤੇ ਹੋਰ ਕਈ ਤਰ੍ਹਾਂ ਦੀਆਂ ਸਜਾਵਟਾਂ ਨਾਲ ਸਜਾ ਕੇ ਰੱਖੇ ਹੋਏ ਸਨ। ਉਹਨਾਂ ਦੇ ਸਿਰੇ ਨਕਲੀ ਬਰਫ਼ ਨਾਲ ਕੱਜੇ ਹੋਏ ਸਨ। ਕੁਝ ਦੁਕਾਨਾਂ ਵਿਚ ਪਸ਼ੂਆਂ ਦਾ ਨਕਲੀ ਵਾੜਾ ਬਣਾਕੇ ਰੱਖਿਆ ਹੋਇਆ ਸੀ। ਇਸ ਦੇ ਨਾਲ ਖ਼ਰਲੀ ਵਿਚ ਚਿਹਰੇ 'ਤੇ ਤੇਜ ਵਾਲਾ ਇਕ ਬੱਚਾ ਅਤੇ ਖੁੱਲ੍ਹੇ ਚੋਗਿਆਂ ਵਿਚ ਤਿੰਨ ਖ਼ੁਸ਼

ਮਿਜਾਜ਼, ਅਤੇ ਸੰਤੁਸ਼ਟ ਦਿਸਦੇ ਦਾਹੜੀਆਂ ਵਾਲੇ ਮਨੁੱਖ ਦਿਖਾਏ ਗਏ ਸਨ।

ਦੁਕਾਨਾਂ ਵੰਨ-ਸੁਵੰਨੀਆਂ ਵਸਤਾਂ ਨਾਲ ਭਰੀਆਂ ਪਈਆਂ ਸਨ। ਦੁਕਾਨਾਂ ਦੀਆਂ ਬਾਰੀਆਂ ਚਮਕੀਲੀਆਂ ਅਤੇ ਭੜਕੀਲੀਆਂ ਵਸਤਾਂ ਨਾਲ ਸਜਾਈਆਂ ਹੋਈਆਂ ਸਨ। ਲੋਕ ਖ਼ੁਸ਼ੀ ਅਤੇ ਦੋਸਤਾਨਾ ਮੂਡ ਵਿਚ ਸਨ। ਏਥੋਂ ਤਕ ਕਿ ਭੀੜ ਭੜੱਕੇ ਵਿਚ ਵੀ ਇਕ ਦੂਜੇ ਨਾਲ ਨਿਮਰਤਾ ਨਾਲ ਸਲੂਕ ਕਰਦੇ। ਧਰਤੀ 'ਤੇ ਸਦਭਾਵਨਾ ਦਾ ਰਾਜ ਸੀ ਅਤੇ ਵਿਉਪਾਰ ਭਰ ਜੋਬਨ ਉੱਤੇ ਸੀ।

ਕਾਮਿਆਂ ਨੂੰ ਵੀ ਮਿੱਲ ਦੀ ਮੁਸ਼ੱਕਤ ਤੋਂ ਕੁਝ ਚਿਰ ਲਈ ਛੁਟਕਾਰਾ ਮਿਲ ਗਿਆ ਸੀ। ਸਿੱਖ ਕਾਮਿਆਂ ਨੇ ਵੀ ਹੋਰਨਾਂ ਵਾਂਗ ਤੋਹਫ਼ਿਆਂ ਦਾ ਲੈਣ ਦੇਣ ਕਰਕੇ ਇਸ ਤਿਉਹਾਰ ਨੂੰ ਮਨਾਇਆ। ਮਾਲਕਾਂ ਅਤੇ ਫ਼ੋਰਮੈਨਾਂ ਅਤੇ ਉਹਨਾਂ ਦੀਆਂ ਘਰ-ਵਾਲੀਆਂ ਨੂੰ ਸਿੱਖਾਂ ਨੇ ਮਹਿੰਗੇ ਮਹਿੰਗੇ ਤੋਹਫ਼ੇ ਲੈ ਕੇ ਦਿੱਤੇ।

ਇਸ ਉਤੇ ਜੱਗੇ ਨੇ ਬੋਲ ਕੱਸਿਆ, "ਇਹ ਤੋਹਫ਼ੇ ਨਹੀਂ, ਮਾਲਕਾਂ ਅਤੇ ਫ਼ੋਰਮੈਨਾਂ ਵਲੋਂ ਪਹਿਲਾਂ ਬਖ਼ਸ਼ੀਆਂ ਅਤੇ ਭਵਿੱਖ ਵਿਚ ਮਿਲਣ ਵਾਲੀਆਂ ਰਿਆਇਤਾਂ ਲਈ ਵੱਢੀ ਹੈ।"

ਮਲੂਕੇ ਨੂੰ ਵੀ ਉਸ ਦੇ ਵਤਨੀਆਂ ਅਤੇ ਚਿੱਟੇ ਲੋਕਾਂ, ਜਿਨ੍ਹਾਂ ਦੇ ਘਰ ਉਹ ਦੁੱਧ ਦੇਣ ਜਾਂਦਾ ਸੀ, ਕ੍ਰਿਸਮਸ ਦੇ ਤੋਹਫ਼ੇ ਦਿੱਤੇ। ਇਕ ਗ਼ਰੀਬ ਅਤੇ ਬਹੁਤ ਧਾਰਮਿਕ ਖ਼ਿਆਲਾਂ ਦੇ ਪਰਿਵਾਰ ਵਲੋਂ ਮਿਲੀ ਚਮੜੇ ਦੀ ਜਿਲਦ ਵਾਲੀ ਬਾਈਬਲ ਨੇ ਮਲੂਕੇ ਦਾ ਮਨ ਮੋਹ ਲਿਆ। ਇਸ ਨੂੰ ਖ਼ਰੀਦਣ ਲਈ ਪਰਿਵਾਰ ਦੇ ਹਰ ਮੈਂਬਰ ਨੇ ਥੋੜ੍ਹਾ ਬਹੁਤ ਹਿੱਸਾ ਪਾਇਆ ਸੀ।

ਮਲੂਕੇ ਦੇ ਬਹੁਗਿਣਤੀ ਜਮਾਤੀ ਧਾਰਮਿਕ ਨਹੀਂ ਸਨ ਅਤੇ ਉਹ ਕਦੇ ਕਦਾਈਂ ਹੀ ਚਰਚ ਜਾਂਦੇ ਸਨ। ਤਾਂ ਵੀ ਇਕ ਦਿਨ ਲੰਮ-ਸਲੰਮੇ, ਹਸਮੁੱਖ ਚਿਹਰੇ, ਸਾਊ ਸੁਭਾਅ ਅਤੇ ਕੱਕੇ ਭੂਰੇ ਵਾਲਾਂ ਵਾਲੇ ਜੌਰਜ ਵਿਲੀਅਮ ਨੇ ਮਲੂਕੇ ਨੂੰ 'ਸੰਡੇ ਸਕੂਲ' ਵਿਚ ਆਉਣ ਅਤੇ ਉਸ ਦੇ ਪਰਿਵਾਰ ਨਾਲ ਰਾਤ ਦਾ ਖਾਣਾ ਖਾਣ ਦਾ ਸੱਦਾ ਦਿੱਤਾ।

ਸੰਡੇ ਸਕੂਲ ਦਾ ਅਧਿਆਪਕ ਮਨਮੋਹਣੇ ਸੁਭਾਅ ਵਾਲਾ ਨੌਜਵਾਨ ਸੀ। ਉਸ ਦੇ ਮੂੰਹ 'ਚੋਂ ਸ਼ਬਦ ਆਪ ਮੁਹਾਰੇ ਨਿਕਲਦੇ ਸਨ। ਉਸ ਨੇ ਮੁੰਡਿਆਂ ਦੇ ਛੋਟੇ ਜਿਹੇ ਇਕੱਠ ਨੂੰ ਇਕ ਫ਼ਜ਼ੂਲ ਖ਼ਰਚ ਪੁੱਤਰ ਦੀ ਕਹਾਣੀ ਸੁਣਾਈ। ਕਹਾਣੀ

ਸੁਣਾਉਂਦੇ ਵਕਤ ਉਹ ਕਈ ਵਾਰ ਸਵਾਲ ਪੁੱਛਣ ਲਈ ਚੁਕਿਆ। ਕਹਾਣੀ ਦੇ ਅੰਤ ਉੱਤੇ ਉਸ ਨੇ ਫ਼ਜ਼ੂਲ-ਖ਼ਰਚ ਪੁੱਤਰ ਦੀ ਵਾਪਸੀ ਦਾ ਬਿਰਤਾਂਤ ਦੱਸਿਆ ਅਤੇ ਮਲੂਕੇ ਨੂੰ ਪੁੱਛਿਆ, "ਤੇਰੇ ਖ਼ਿਆਲ ਵਿਚ ਇਸ ਸਮੇਂ ਉਸ ਦੇ ਪਿਤਾ ਨੇ ਉਸ ਨਾਲ ਕਿਹੋ ਜਿਹਾ ਸਲੂਕ ਕੀਤਾ ਹੋਵੇਗਾ?"

"ਉਹ ਉਸ ਨੂੰ ਘਰ ਅੰਦਰ ਲੈ ਗਿਆ ਹੋਵੇਗਾ।" ਮਲੂਕੇ ਨੇ ਜੁਆਬ ਦਿੱਤਾ।

"ਬਿਲਕੁਲ ਠੀਕ", ਅਧਿਆਪਕ ਉਸ ਦੇ ਜੁਆਬ ਤੋਂ ਥੋੜ੍ਹਾ ਹੈਰਾਨ ਹੁੰਦਾ ਬੋਲਿਆ, "ਕੀ ਤੂੰ ਪਹਿਲਾਂ ਬਾਈਬਲ ਪੜ੍ਹੀ ਹੈ?"

"ਨਹੀਂ। ਪਰ ਇਕ ਪਿਤਾ ਵਲੋਂ ਆਪਣੇ ਪੁੱਤਰ ਨਾਲ ਇਸ ਤਰ੍ਹਾਂ ਦਾ ਸਲੂਕ ਬੜਾ ਕੁਦਰਤੀ ਹੈ", ਮਲੂਕਾ ਬੋਲਿਆ।

"ਹਾਂ ਹਾਂ। ਅਤੇ ਸਵਰਗ ਵਿਚ ਰਹਿੰਦਾ ਸਾਰਿਆਂ ਦਾ ਪਿਤਾ ਉਨ੍ਹਾਂ ਸਾਰਿਆਂ ਨਾਲ ਅਜਿਹਾ ਹੀ ਕਰੇਗਾ ਜਿਹੜੇ ਆਪਣੇ ਪਾਪਾਂ ਦਾ ਪ੍ਰਾਸਚਿਤ ਕਰਨਗੇ।" ਅਧਿਆਪਕ ਨੇ ਅਖ਼ੀਰਲੇ ਹਿੱਸੇ ਉੱਤੇ ਜ਼ੋਰ ਦਿੰਦਿਆਂ ਕਿਹਾ।

"ਕੀ ਤੂੰ ਚਰਚ ਜਾਂਦਾ ਹੁੰਦਾ ਏਂ?" ਉਸ ਨੇ ਮਲੂਕੇ ਨੂੰ ਪੁੱਛਿਆ।

"ਨਹੀਂ। ਅੱਜ ਪਹਿਲੀ ਵਾਰ ਆਇਆਂ।"

"ਜੇ ਤੂੰ ਹਰ ਐਤਵਾਰ ਆਇਆ ਕਰੇਂ ਤਾਂ ਸਾਨੂੰ ਬੜੀ ਖ਼ੁਸ਼ੀ ਹੋਵੇਗੀ", ਅਧਿਆਪਕ ਨੇ ਬਹੁਤ ਹੀ ਨਿੱਘ ਨਾਲ ਕਿਹਾ, "ਅਸੀਂ ਤੈਨੂੰ ਕੋਈ ਵੀ ਅਜਿਹਾ ਕੰਮ ਕਰਨ ਲਈ ਨਹੀਂ ਕਹਾਂਗੇ ਜਿਸ ਨੂੰ ਕਰਨ ਲਈ ਤੇਰਾ ਮਨ ਨਾ ਮੰਨੇ।"

ਅਤੇ ਮਲੂਕੇ ਨੂੰ ਉਸ ਇਕ ਹੋਰ ਬਾਈਬਲ ਦੇ ਦਿੱਤੀ।

ਅੰਤਾਂ ਦੀ ਸਰਦੀ ਸੀ। ਬਾਹਰ ਪਾਈਪਾਂ ਅਤੇ ਛਪੜੀਆਂ ਵਿਚ ਪਾਣੀ ਜੰਮ ਗਿਆ ਸੀ ਅਤੇ ਜੰਮੀ ਹੋਈ ਧਰਤੀ ਪੱਥਰ ਨਾਲੋਂ ਵੀ ਸਖ਼ਤ ਸੀ। ਕੁੱਕ ਹਾਊਸ ਦੀ ਛੱਤ ਦੇ ਪਾਸਿਆਂ ਤੋਂ ਦੀ ਚੋਂਦਾ ਪਾਣੀ ਜੰਮ ਕੇ ਬੋਹੜ ਦੀ ਦਾੜ੍ਹੀ ਵਾਂਗ ਹੇਠਾਂ ਲਮਕਦਾ ਲੱਗਦਾ ਸੀ। ਇਹ ਬਰਫ਼ ਸੂਰਜ ਦੀਆਂ ਟੇਢੀਆਂ ਕਿਰਨਾਂ ਪੈਣ 'ਤੇ ਲਿਸ਼ਕਾਂ ਮਾਰਦੀ ਅਤੇ ਕਿਰਨਾਂ ਦੀ ਗਰਮੀ ਕਾਰਨ ਤੁਪਕਾ ਤੁਪਕਾ ਚੋਂਦੀ। ਜਦੋਂ ਸੂਰਜ ਪਹਾੜ ਦੀਆਂ ਟੀਸੀਆਂ ਉਹਲੇ ਛਿਪ ਜਾਂਦਾ ਤਾਂ ਇਸ ਬਰਫ਼ ਦੀ ਲੰਬਾਈ ਹੋਰ ਵੱਧ ਜਾਂਦੀ।

ਏਥੋਂ ਤਕ ਕਿ ਫਰੇਜ਼ਰ ਦਰਿਆ ਦੀ ਸਤਹ ਉੱਤੇ ਬਰਫ਼ ਦੀਆਂ ਪਤਲੀਆਂ ਪਤਲੀਆਂ ਤਹਿਆਂ ਝਲਕਣ ਲੱਗੀਆਂ। ਹਰ ਸਰਦ ਰਾਤ ਨਾਲ ਇਹਨਾਂ ਤਹਿਆਂ ਦੀ ਮੋਟਾਈ ਵੱਧ ਜਾਂਦੀ। ਜਦੋਂ ਪਾਣੀ ਚੜ੍ਹਦਾ ਤਾਂ ਬਰਫ਼ ਦੀਆਂ ਇਹ ਤਹਿਆਂ ਮਲੂਕੇ ਦੀ ਸ਼ੈਕ ਦੀ ਫ਼ਰਸ਼, ਜਿਹੜੀ ਕਿ ਫਰੇਜ਼ਰ ਦਰਿਆ ਉਪਰ ਵਾਧਰੇ ਵਾਂਗ ਸੀ, ਹੇਠਾਂ ਟੋਟੇ ਟੋਟੇ ਹੋ ਜਾਂਦੀਆਂ ਅਤੇ ਜਦੋਂ ਪਾਣੀ ਉੱਤਰਦਾ ਤਾਂ ਬਰਫ਼ ਦੇ ਇਹ ਟੋਟੇ ਦਰਿਆ ਕੰਢਲੇ ਚਿੱਕੜ ਗਾਰੇ ਉੱਪਰ ਜੰਮ ਜਾਂਦੇ। ਛੇਤੀ ਹੀ ਦਰਿਆ ਉੱਪਰ ਜੰਮੀ ਬਰਫ਼ ਦੀ ਤਹਿ ਏਨੀ ਮੋਟੀ ਹੋ ਗਈ ਕਿ ਦਰਿਆ ਵਿਚਲੀ ਆਵਾਜਾਈ ਬੰਦ ਕਰਨੀ ਪਈ। ਇਸ ਜੰਮੀ ਬਰਫ਼ ਉੱਪਰ 'ਲੂਲੂ ਆਈਲੈਂਡ' ਦੇ ਕੰਢੇ ਬੇਬਾਕ ਅਤੇ ਨਿਡਰ ਲੋਕਾਂ ਨੂੰ 'ਸਕੇਟਿੰਗ' ਕਰਦੇ ਦੇਖ ਮਲੂਕਾ ਬਹੁਤ ਹੈਰਾਨ ਹੁੰਦਾ।

ਲੰਮੇ ਸਿਆਲ ਬਾਅਦ ਬਸੰਤ ਰੁਤ ਪਾਸੇ ਖੁਸ਼ੀਆਂ ਲੈ ਕੇ ਆਈ। ਪੰਜਾਬ ਵਿਚ ਅਜਿਹੀ ਖੁਸ਼ੀ ਓਦੋਂ ਆਉਂਦੀ ਸੀ ਜਦੋਂ ਲੰਮੀ ਔੜ ਬਾਅਦ ਬਰਸਾਤ ਸੁੱਕ ਰਹੇ ਖੇਤਾਂ ਨੂੰ ਨਵਾਂ ਜੀਵਨ ਬਖ਼ਸ਼ਦੀ। ਗਿੱਲੀ ਮਿੱਟੀ ਦੀ ਮਹਿਕ ਬੱਚਿਆਂ ਨੂੰ ਮੌਜੀ ਬਣਾ ਚਿੰਦੀ ਸੀ। ਜਾਨਵਰ ਮੱਛਰ ਜਾਂਦੇ ਅਤੇ ਪੰਛੀ ਅਠਖੇਲੀਆਂ ਕਰਦੇ ਉੱਚੀ ਉੱਚੀ ਚਹਿਚਹਾਉਂਦੇ ਸਨ। ਇਸ ਨਵੀਂ ਦੁਨੀਆਂ ਵਿਚ ਬਸੰਤ ਅਛੋਪਲੇ ਜਿਹੇ ਸਭ ਕੁਛ ਨੂੰ ਆਪਣੇ ਘੇਰੇ ਵਿਚ ਲੈ ਲੈਂਦੀ। ਪਹਾੜਾਂ ਵਲ ਮੱਧਮ ਜਿਹੀ ਧੁੰਦ ਅਤੇ ਗੂੜ੍ਹੇ ਰੰਗ ਦੇ ਦਰਖ਼ਤ ਹੋਰ ਗੂੜ੍ਹੇ ਨਜ਼ਰ ਆਉਂਦੇ। ਸ਼ੋਖ ਚਿੱਟੇ ਗੁਲਬਹਾਰ ਦੇ ਫੁੱਲ ਹਰੇ ਭਰੇ ਮੈਦਾਨਾਂ 'ਚ ਖਿੜ ਉੱਠਦੇ। ਕਾਸ਼ਨੀ, ਗੂੜ੍ਹੇ ਜਾਮਣੀ ਅਤੇ ਚਿੱਟੇ ਕੁਮੁਦਨੀ ਦੇ ਫੁੱਲ ਹਵਾ ਨੂੰ ਗਾੜ੍ਹੀ ਖ਼ੁਸ਼ਬੂ ਨਾਲ ਭਰ ਦਿੰਦੇ। ਛੇਤੀ ਹੀ ਫਲਾਂ ਭਰੇ ਦਰਖ਼ਤ ਵੀ ਇਸ ਖ਼ੁਸ਼ੀ ਭਰੇ ਉਤਸਵ ਵਿਚ ਸ਼ਾਮਲ ਹੋ ਜਾਂਦੇ। ਬਾਗ਼ਾਂ ਅਤੇ ਬਗ਼ੀਚਿਆਂ ਵਿਚ ਸਾਵੇ ਰੰਗੇ 'ਟੂਲਿਪ' ਦੇ ਪੌਦੇ ਰੁਮਕਦੀ ਹਵਾ ਵਿਚ ਸੋਹਜਮਈ ਢੰਗ ਨਾਲ ਹਿਲੋਰੇ ਖਾਂਦੇ।

ਸਕੂਲ ਦਾ ਮਾਹੌਲ ਹੋਰ ਜ਼ਿੰਦਾ ਹੋ ਗਿਆ। ਸ਼ੋਖ ਰੰਗਾਂ ਦੇ ਕੱਪੜੇ ਪਾਈ ਕੁੜੀਆਂ ਤਿੱਤਲੀਆਂ ਲੱਗਦੀਆਂ ਸਨ। ਮੁੰਡੇ ਬੜੇ ਸਜੀਵ ਅਤੇ ਹਾਸੇ ਠੱਠੇ ਦੇ ਰੌਂਅ ਵਿਚ ਸਨ। ਸਭ ਇੰਜ ਤੁਰਦੇ ਸਨ ਜਿਵੇਂ ਉਹਨਾਂ ਦੀਆਂ ਲੱਤਾਂ ਵਿਚ ਸਪਰਿੰਗ ਲੱਗੇ ਹੋਏ ਹੋਣ ਅਤੇ ਕਲਾਸ ਵਿਚ ਇਸ ਤਰ੍ਹਾਂ ਬਹਿੰਦੇ ਜਿਵੇਂ ਉਹਨਾਂ ਨੂੰ ਅਚਵੀ ਲੱਗੀ ਹੋਈ ਹੋਵੇ।

"ਮਲੂਕਿਆ ਆ ਤੈਨੂੰ ਦਿਖਾਵਾਂ ਬਸੰਤ ਕਿਵੇਂ ਮਨਾਈਦੀ ਆ।" ਹੱਡਾਂ ਪੈਰਾਂ ਦੇ ਖੁੱਲ੍ਹੇ ਅਤੇ 'ਰਘਬੀ' ਦੇ ਖਿਡਾਰੀ ਜੈਕ ਮੁਰਡੌਕ ਨੇ ਕਿਹਾ।

ਜਦੋਂ ਕੁੜੀਆਂ ਕਲਾਸ ਰੂਮ ਦੇ ਪਿੱਛੇ ਬਣੇ ਤੰਗ ਉਹਲੇ ਵਿਚ ਆਪਣੇ ਬਸਤੇ, ਸਵੈਟਰ ਅਤੇ ਗੁਲੂਬੰਦ ਟੰਗਣ ਆਈਆਂ ਤਾਂ ਜੈਕ ਨੇ ਉਹਨਾਂ ਵਿਚੋਂ ਸੁਹਣੀਆਂ ਲਗਦੀਆਂ ਕੁੜੀਆਂ ਨੂੰ ਫੜ ਕੇ ਚੁੰਮਣ ਦੀ ਕੋਸ਼ਿਸ਼ ਕੀਤੀ। ਕੁੜੀਆਂ ਨੇ ਝੂਠੀ-ਮੂਠੀ ਦਾ ਵਿਰੋਧ ਕੀਤਾ ਤਾਂ ਕਿ ਇਸ ਖੇਡ ਵਿਚ ਹੋਰ ਮਜ਼ਾ ਆਵੇ ਅਤੇ ਫਿਰ ਹੱਸਦੀਆਂ ਅਤੇ ਸ਼ਰਮਾਉਂਦੀਆਂ ਉਥੋਂ ਨੱਸ ਗਈਆਂ।

ਸਕੂਲ ਤੋਂ ਬਾਅਦ ਖਿਡਾਰੀ ਮੁੰਡੇ ਅਤੇ ਕੁੜੀਆਂ ਖੇਡ ਦੇ ਮੈਦਾਨ ਵਿਚ ਕਸਰਤ ਲਈ ਆਉਂਦੇ। ਇਹ ਲਚਕੀਲੇ ਅਤੇ ਫੁਰਤੀਲੇ ਮੁੰਡੇ ਕੁੜੀਆਂ ਪੂਰੇ ਉਮਾਹ ਅਤੇ ਤਾਣ ਨਾਲ ਦੌੜਾਂ ਅਤੇ ਛਾਲਾਂ ਲਾਉਂਦੇ।

ਅਖ਼ਬਾਰਾਂ ਵੰਡਣ ਵਾਲੇ ਮੁੰਡੇ ਜੋ ਆਪਣੇ ਹਿੱਸੇ ਦੇ 'ਵੈਨਕੂਵਰ ਸਨ' ਅਤੇ 'ਦੀ ਡੇਲੀ ਪਰਾਵਿੰਸ' ਦੀਆਂ ਕਾਪੀਆਂ ਫ਼ਰੇਜ਼ਰ ਸਟਰੀਟ ਉੱਤੇ ਇਕਲਵਾਂਝੇ ਬਣੀ ਸ਼ੈਕ ਤੋਂ ਲੈਂਦੇ ਸਨ, ਬਹੁਤ ਖ਼ੁਸ਼ ਅਤੇ ਖਰੂਦੀ ਰੌਂਅ ਵਿਚ ਸਨ। ਅਖ਼ਬਾਰ ਦੇਖਦੇ ਜਾਂ ਉਹਨਾਂ ਦੀਆਂ ਤਹਿਆਂ ਲਾ ਲਾ ਛੋਟੇ ਚੌਰਸ ਬੰਡਲ ਬਣਾ ਆਪਣੇ ਤਰਪਾਲ ਦੇ ਝੋਲਿਆਂ 'ਚ ਪਾਉਂਦੇ, ਉਹ ਉੱਚੀ ਉੱਚੀ ਗੱਲਾਂ ਕਰ ਰਹੇ ਸਨ। ਜਦੋਂ ਇਹ ਮੁੰਡੇ ਘਰਾਂ ਅੱਗੋਂ ਦੀ ਗੋਲ ਪੱਥਰਾਂ ਦੀ ਬਣੀ ਸੜਕ ਉੱਤੇ ਆਪਣੇ ਸਾਈਕਲਾਂ 'ਤੇ ਚੜ੍ਹੇ ਚੜ੍ਹੇ ਅਚੁੱਕ ਨਿਸ਼ਾਨੇ ਨਾਲ ਘਰਾਂ ਦੇ ਬਰਾਂਡਿਆਂ ਅਤੇ ਦਰਵਾਜ਼ਿਆਂ ਅੱਗੇ ਅਖ਼ਬਾਰ ਵਗਾਹ ਮਾਰਦੇ ਤਾਂ ਮਲੂਕਾ ਉਹਨਾਂ ਦੀ ਨਿਪੁੰਨਤਾ ਅਤੇ ਮੁਹਾਰਤ ਦੀ ਸਿਫ਼ਤ ਕਰਨੋਂ ਨਾ ਰਹਿ ਸਕਦਾ।

"ਓ ਮਲੂਕਿਆ, ਐਧਰ ਆਈਂ। ਤੂੰ 'ਸਨ' ਅਖ਼ਬਾਰ ਦੇਖੀਂ। ਇਹ ਇੰਡੀਆ ਬਾਰੇ ਅਜੀਬ ਤਸਵੀਰਾਂ ਨਾਲ ਭਰਿਆ ਪਿਆ।" ਜੋਅ ਕੈਂਬਿਲ ਨੇ ਮਲੂਕੇ ਨੂੰ ਆਵਾਜ਼ ਮਾਰੀ।

"ਆਹੋ ਆ ਜਾ। ਤੈਨੂੰ ਸਪੇਰਿਆਂ, ਨਹਾਉਣ ਵਾਲਿਆਂ ਘਾਟਾਂ, ਨੱਚਦੀਆਂ ਕੁੜੀਆਂ ਅਤੇ ਭੀੜ ਭਰੀਆਂ ਗਲੀਆਂ ਵਿਚ ਅਵਾਰਾ ਫਿਰਦੀਆਂ ਗਾਈਆਂ ਦੀਆਂ ਤਸਵੀਰਾਂ ਘਰ ਦੀ ਯਾਦ ਤਾਜ਼ਾ ਕਰਾ ਦੇਣਗੀਆਂ," ਮਲੂਕੇ ਦੇ ਨੇੜੇ ਆਉਣ ਉੱਤੇ ਚਾਰਲੀ ਗਰੀਨ ਬੋਲਿਆ।

"ਅਤੇ ਤੂੰ ਬਿੱਲ ਬਿੰਘਮ ਦੀਆਂ ਲਿਖੀਆਂ ਅਜੀਬ ਕਹਾਣੀਆਂ ਪੜ੍ਹ ਸਕਦੈਂ" ਹੈਰੀ ਬਰੁੱਕ ਨੇ ਕਿਹਾ, "ਉਹ ਆਪਣੇ ਆਪ ਨੂੰ ਇੰਡੀਆ ਦਾ ਅਵਾਰਾ ਸੈਲਾਨੀ ਕਹਾਉਂਦਾ ਹੈ।"

"ਮੇਰਾ ਡੈਡੀ ਕਹਿੰਦਾ ਕਿ ਬਿੱਲ ਬਿੰਘਮ ਇਹ ਕਹਾਣੀਆਂ ਸ਼ਰਾਬਖਾਨੇ 'ਚ ਬੈਠਾ ਸ਼ਰਾਬ ਦੇ ਗਲਾਸ ਵਿਚੋਂ ਕੱਢਦਾ ਹੈ। ਡੈਡੀ ਮੁਤਾਬਕ ਜੇ ਬਿੱਲ ਬਿੰਘਮ ਆਪਣੇ ਆਪ ਨੂੰ ਇੰਡੀਆ ਵਿਚ 'ਸਿਰ ਫਿਰਿਆ' ਆਦਮੀ ਕਹੇ ਤਾਂ ਜ਼ਿਆਦਾ ਠੀਕ ਰਹੂ," ਜਿੰਮ ਕਮਿੰਗਜ਼ ਨੇ ਗੱਲ 'ਚ ਗੱਲ ਰਲਾਈ।

"ਆਹ ਲ ਪੇਪਰ ਰੱਖ ਲੈ। ਮੇਰੇ ਕੋਲ ਇਕ ਵਾਧੂ ਆ", ਚਾਰਲੀ ਨੇ ਮਲੂਕੇ ਨੂੰ ਪੇਪਰ ਦਿੰਦਿਆਂ ਕਿਹਾ।

"ਧੰਨਵਾਦ"

"ਓ ਰੱਬਾ, ਇਹ ਤਾਂ ਬੜੀ ਅਜੀਬ ਗੱਲ ਹੋਊ। ਮੈਂ ਤਾਂ ਇੰਡੀਆ ਜਾਣਾ ਚਾਹੁੰਦਾਂ। ਆਹ ਫ਼ਨੀਅਰ ਵੱਲ ਦੇਖ। ਫਨ ਫੈਲਾਈ ਕਿੰਨਾ ਭਿਆਨਕ ਲੱਗਦਾ। ਇਹਨੂੰ ਫੜਦੇ ਕਿੱਦਾਂ ਹੋਣਗੇ?"

"ਇਕ ਲੰਬੇ ਬਾਂਸ ਦੇ ਸਿਰੇ 'ਤੇ ਮਲਮਲ ਦਾ ਕੱਪੜਾ ਬੰਨ੍ਹ ਉਹ ਕੱਪੜਾ ਉਸ ਅੱਗੇ ਸੁੱਟਦੇ ਹਨ। ਜਦੋਂ ਉਹ ਡੰਗ ਮਾਰਦਾ ਹੈ ਤਾਂ ਉਸ ਦੇ ਦੰਦ ਕੱਪੜੇ ਵਿਚ ਫ਼ਸ ਜਾਂਦੇ ਹਨ। ਫੇਰ ਉਹ ਬਾਂਸ ਨੂੰ ਇਕ ਝਟਕਾ ਮਾਰ ਕੇ ਖਿੱਚਦੇ ਹਨ। ਇਕ ਜਣਾ ਸੱਪ ਨੂੰ ਧੌਣ ਪਿੱਛੋਂ ਫੜ ਲੈਂਦਾ ਹੈ ਅਤੇ ਦੂਜਾ ਉਸਦੇ ਦੰਦ ਬਾਹਰ ਕੱਢ ਦਿੰਦਾ ਅਤੇ ਇਸ ਤੋਂ ਬਾਅਦ ਉਹ ਜ਼ਹਿਰੀ ਨਹੀਂ ਰਹਿੰਦਾ ਅਤੇ ਤਮਾਸ਼ਿਆਂ ਲਈ ਤਿਆਰ ਹੋ ਜਾਂਦਾ ਹੈ।"

"ਤੂੰ ਝੂਠ ਬੋਲਦਾਂ।"

"ਨਹੀਂ ਮੈਂ ਝੂਠ ਨਹੀਂ ਬੋਲਦਾ। ਡੰਗ ਮਾਰਨ ਬਾਅਦ ਜ਼ਹਿਰ ਛੱਡਣ ਲਈ ਸੱਪ ਨੂੰ ਪੁੱਠਾ ਹੋਣਾ ਪੈਂਦਾ ਹੈ। ਜੇ ਤੁਸੀਂ ਉਹਨੂੰ ਪੁੱਠਾ ਨਾ ਹੋਣ ਦਿਓ ਤਾਂ ਤੁਹਾਨੂੰ ਕੁਛ ਨਹੀਂ ਹੁੰਦਾ।"

"ਤੂੰ ਕਦੇ ਕੋਬਰਾ ਫੜਿਆ?"

"ਹਾਂ, ਕਿੰਨੇ ਹੀ। ਉਹਦੇ ਬੱਚੇ, ਪੂਰੀ ਤਰ੍ਹਾਂ ਬਣੇ ਹੋਏ ਪਰ ਆਂਡਿਆਂ ਵਿਚ। ਪਿੰਡ ਦੇ ਗੁਰਦੁਆਰੇ ਪਿੱਛੇ ਜਿਹੜਾ ਮਲਬਾ ਹੁੰਦਾ ਸੀ ਉੱਥੇ ਬਹੁਤ

ਹੁੰਦੇ ਸਨ। ਖੋਲ ਤੋੜਨ ਉਤੇ ਬੜੀ ਤੇਜ਼ੀ ਨਾਲ ਸ਼ੁਰਲ ਸ਼ੁਰਲ ਕਰਦੇ ਬਾਹਰ ਨੂੰ ਨੱਠਦੇ ਸਨ।"

"ਤੂੰ ਉਹਨਾਂ ਨੂੰ ਮਾਰਦਾ ਨਹੀਂ ਸੀ?"

"ਹਰ ਇਕ ਨੂੰ ਮਾਰਦਾ ਸੀ।"

ਨਹਾਉਂਦੇ ਲੋਕਾਂ ਨਾਲ ਭਰੇ ਘਾਟ ਜਿੰਮ ਕਮਿੰਗਜ਼ ਨੂੰ ਬਹੁਤ ਮੋਹਿਕ ਲਗਦੇ ਸਨ।

"ਕੀ ਤੂੰ ਕਦੇ ਗੰਗਾ 'ਚ ਇਸ਼ਨਾਨ ਕੀਤਾ?" ਉਹਨੇ ਪੁੱਛਿਆ।

"ਨਹੀਂ। ਸਿੱਖ ਲੋਕ ਅੰਮ੍ਰਿਤਸਰ ਦੇ ਪਵਿੱਤਰ ਸਰੋਵਰ 'ਚ ਇਸ਼ਨਾਨ ਕਰਦੇ ਆ।"

"ਓ ਹਾਂ ਪਿਛਲੇ ਹਫਤੇ ਦੇ 'ਸਨ' ਵਿਚ ਤਸਵੀਰਾਂ ਦੇਖੀਆਂ ਸਨ। ਹੋਰ ਕਿੰਨੀਆਂ ਇਮਾਰਤਾਂ ਦੀਆਂ ਫੋਟੋ ਵੀ ਸਨ--ਪੁਰਾਣੇ ਕਿਲ੍ਹਿਆਂ ਅਤੇ ਮੰਦਰਾਂ ਦੀਆਂ, ਮੁਗ਼ਲਾਂ ਦੇ ਮਹਿਲਾਂ ਦੀਆਂ ਅਤੇ ਤਾਜ ਮਹਿਲ ਦੀਆਂ। ਬਿੰਘਮ ਨੇ ਹਰ ਇਕ ਬਾਰੇ ਛੋਟੀ ਛੋਟੀ ਕਹਾਣੀ ਲਿਖੀ ਹੋਈ ਸੀ।"

"ਕੀ ਲਿਖਿਆ ਸੀ ਉਹਨੇ?"

"ਤਾਜ ਮਹਿਲ ਬਾਰੇ ਉਹਨੇ ਲਿਖਿਆ ਸੀ ਕਿ ਇਕ ਰਾਜੇ ਨੇ ਬਣਾਇਆ ਸੀ। ਉਹ ਇਕ ਕੁੜੀ ਨੂੰ ਪਿਆਰ ਕਰਦਾ ਸੀ, ਜਿਹੜੀ ਛੋਟੀ ਹੁੰਦੀ ਉਹਦੇ ਨਾਲ ਹੀ ਖੇਡਿਆ ਕਰਦੀ ਸੀ। ਇਕ ਵਾਰੀ ਉਹਨੇ ਉਸ ਕੁੜੀ ਨੂੰ ਦੋ ਕਬੂਤਰ ਫੜਨ ਲਈ ਦਿੱਤੇ। ਉਹਨਾਂ ਵਿਚੋਂ ਇਕ ਉੱਡ ਗਿਆ। ਰਾਜੇ ਨੂੰ ਬੜਾ ਗੁੱਸਾ ਆਇਆ। ਉਹਨੇ ਕੁੜੀ ਨੂੰ ਪੁੱਛਿਆ, "ਕਿੱਦਾਂ ਉੱਡ ਗਿਆ?" ਕੁੜੀ ਨੇ ਹੱਥ ਵਿਚ ਫੜੇ ਦੂਜੇ ਕਬੂਤਰ ਨੂੰ ਵੀ ਛੱਡ ਦਿੱਤਾ ਅਤੇ ਰਾਜੇ ਨੂੰ ਕਹਿੰਦੀ "ਏਦਾਂ।" ਏਨੇ ਨਾਲ ਹੀ ਰਾਜਾ ਉਹਦੇ ਪਿਆਰ ਵਿਚ ਫਸ ਗਿਆ।"

"ਬੜੀ ਦਿਲਚਸਪ ਕਹਾਣੀ ਆ।"

"ਬਹੁਤ ਵੱਡੀ ਗੱਪ ਆ।"

18

"ਐਤਵਾਰ ਨੂੰ ਸਾਡੇ ਘਰ ਆਵੀਂ। ਆਪਾਂ ਵਿਹੜੇ ਵਿਚਲੇ ਦਰਖ਼ਤਾਂ ਦੇ ਮੁੱਢ ਪੁੱਟਾਂਗੇ", ਜੈਕ ਮੁਰਡੋਕ ਨੇ ਸੱਦਾ ਦਿੱਤਾ।

ਜੈਕ ਦਾ ਘਰ ਪਹਾੜੀ ਉੱਪਰ ਸੀ। ਮਿੱਲ ਤੋਂ ਉਸ ਦੇ ਘਰ ਤੁਰ ਕੇ ਜਾਣ ਲਈ ਅੱਧਾ ਘੰਟਾ ਲੱਗਦਾ ਸੀ ਅਤੇ ਮਲੂਕਾ ਬਹੁਤ ਵਾਰੀ ਉੱਥੇ ਜਾਇਆ ਕਰਦਾ ਸੀ।

ਉਹਨਾਂ ਦਾ ਘਰ ਇਕ ਏਕੜ ਜਗ੍ਹਾ ਵਿਚ ਛੱਤਿਆ ਹੋਇਆ ਛੋਟਾ ਜਿਹਾ ਮਕਾਨ ਸੀ। ਬੱਕਰੀਆਂ ਲਈ ਵਾੜਾ, ਕੁੱਕੜਾਂ ਅਤੇ ਸਹਿਆਂ ਦੇ ਖੁੱਡਿਆਂ ਅਤੇ ਲੱਕੜ ਰੱਖਣ ਲਈ ਬਣਾਏ ਕਮਰੇ ਤੋਂ ਬਾਅਦ ਪੱਧਰੀ ਕੀਤੀ ਜ਼ਮੀਨ ਦਾ ਜਿਹੜਾ ਅੱਧ ਬਚਦਾ ਸੀ, ਉਸ ਵਿਚ ਇਕ ਬਗੀਚਾ ਬਣਿਆ ਹੋਇਆ ਸੀ। ਬਗੀਚੇ ਵਿਚ ਫਲਾਂ ਦੇ ਦਰਖ਼ਤ, ਫੁੱਲਾਂ ਦੇ ਬੂਟੇ ਅਤੇ ਸਬਜ਼ੀਆਂ ਲਾਈਆਂ ਜਾਂਦੀਆਂ ਸਨ। ਸ੍ਰੀਮਤੀ ਮੁਰਡੋਕ ਤਰ੍ਹਾਂ ਤਰ੍ਹਾਂ ਦੀਆਂ ਸਬਜ਼ੀਆਂ ਅਤੇ ਫਲ, ਜਿਵੇਂ ਸਟਰਾਬੇਰੀ, ਰਸਬੇਰੀ, ਗੂਜ਼ਬੇਰੀ ਅਤੇ ਲਾਲ ਅਤੇ ਕਾਲੀ ਸੌਂਗੀ ਬੀਜਦੀ ਸੀ। ਮਲੂਕਾ ਕਈ ਵਾਰੀ ਬਗੀਚੇ ਦੇ ਕੰਮ ਵਿਚ ਸ੍ਰੀਮਤੀ ਮੁਰਡੋਕ ਦਾ ਹੱਥ ਵਟਾਉਂਦਾ ਹੁੰਦਾ ਸੀ।

"ਮਲੂਕਿਆ, ਧਰਤੀ ਮਾਂ ਦਿਆ ਲਾਡਲਿਆ, ਤੂੰ ਬੜਾ ਤਕੜਾ ਏਂ", ਉਹ ਬੜੀ ਮਿਠਾਸ ਨਾਲ ਕਹਿੰਦੀ, "ਪਰ ਤੂੰ ਕਿਤੇ ਥੱਕ ਨਾ ਜਾਵੀਂ।"

ਉਹ ਇਹ ਕਹਿ ਅੰਦਰ ਚਲੇ ਜਾਂਦੀ ਅਤੇ ਇਕ ਕੌਲੀ ਵਿਚ ਬੱਕਰੀ ਦੇ ਦੁੱਧ ਵਿਚ ਖੰਡ ਨਾਲ ਧੂੜੀਆਂ ਸਟਰਾਬੇਰੀਆਂ ਲੈ ਕੇ ਆਉਂਦੀ।

"ਵਥੇਰਾ ਕੰਮ ਕਰ ਲਿਆ। ਤੈਨੂੰ ਹੁਣ ਕੁਛ ਖਾਣ ਦੀ ਲੋੜ ਆ। ਆਹ ਲੈ ਫੜ ਬਹਿ ਜਾ ਅਤੇ ਇਹ ਨੂੰ ਖਾਹ।"

ਸ੍ਰੀਮਤੀ ਮੁਰਡੋਕ ਇਕ ਅੰਗਰੇਜ਼ ਵਿਧਵਾ ਸੀ ਅਤੇ ਆਪਣੀ ਉਮਰ ਨਾਲੋਂ ਜ਼ਿਆਦਾ ਬੁੱਢੀ ਲੱਗਦੀ ਸੀ। ਉਹਨੇ ਸਦਾ ਫਿੱਕੇ ਨੀਲੇ ਜਾਮਨੀ ਰੰਗੀ ਲੰਮੀ ਪੌਸ਼ਾਕ ਪਾਈ ਹੁੰਦੀ ਜਿਹੜੀ ਉਹਦੇ ਗਿੱਟਿਆਂ ਤਕ ਆਉਂਦੀ। ਸਿਰ ਉੱਤੇ ਹਮੇਸ਼ਾਂ ਚੌੜੀ ਝਾਲਰ ਵਾਲੀ ਕੱਪੜੇ ਦੀ ਟੋਪੀ ਲੈਂਦੀ। ਉਹ ਖ਼ੁਸ਼ ਖ਼ੁਸ਼ ਸਦਾ ਹੀ ਕਿਸੇ ਨਾ ਕਿਸੇ ਕੰਮ ਵਿਚ ਲੱਗੀ ਹੁੰਦੀ। ਜਦ ਉਹ ਨਰਮ ਅਵਾਜ਼ ਵਿਚ ਬੋਲਦੀ ਤਾਂ ਉਸ

ਦੀਆਂ ਨੀਲੀਆਂ ਅੱਖਾਂ ਲਿਸ਼ਕਾਂ ਮਾਰਦੀਆਂ ਅਤੇ ਹੋਠ ਨਿੱਘੀ ਮੁਸਕਰਾਹਟ ਵੰਡਦੇ। ਆਪਣੇ ਕੰਮਾਂ ਵਿਚ ਰੁੱਝੀ, ਬਾਹਰ ਬੱਕਰੀਆਂ, ਮੁਰਗੀਆਂ ਜਾਂ ਫੁੱਲਾਂ ਨਾਲ ਅਤੇ ਘਰ ਦੇ ਅੰਦਰ ਆਪਣੇ ਆਪ ਨਾਲ ਉਹ ਹਮੇਸ਼ਾਂ ਧੀਮੀਂ ਅਵਾਜ਼ ਵਿਚ ਗੱਲਾਂ ਕਰਦੀ।

"ਆਹ ਕੇਕ ਮਲੂਕੇ ਲਈ ਆ। ਸੁਆਦ ਹੋਵੇ ਤਾਂ ਚੰਗਾ, ਵਿਚਾਰਾ ਮੁੰਡਾ, ਜ਼ਰੂਰ ਆਪਣੀ ਮਾਂ ਨੂੰ ਚੇਤੇ ਕਰਦਾ ਹੋਊ।"

"ਮੁੰਡਿਆਂ ਨੇ ਛੇਤੀ ਹੀ ਆ ਜਾਣਾ ਮੈਂ ਘਰ ਨੂੰ ਸੰਵਾਰ ਲਵਾਂ। ਕਿੰਨਾ ਗੰਦ ਪਾਉਂਦਾ ਆ ਜੈਕ। ਸਾਰੇ ਇਕੋ ਜਿਹੇ ਆ। ਬੇਫ਼ਿਕਰ, ਲਾਪ੍ਰਵਾਹ ਮੁੰਡੇ।"

ਘਰ ਦੁਆਲੇ ਅੱਧੀ ਪੱਧਰੀ ਕੀਤੀ ਜ਼ਮੀਨ ਵਿਚ ਥਾਂ ਥਾਂ 'ਫਰ' ਦੇ ਦਰਖ਼ਤਾਂ, ਜਿਹੜੇ ਕਾਫ਼ੀ ਦੇਰ ਪਹਿਲਾਂ ਵੱਢੇ ਸਨ, ਦੇ ਧੁਆਂਖੇ ਹੋਏ ਮੁੱਢ ਪੁੱਟਣ ਵਾਲੇ ਰਹਿੰਦੇ ਸਨ। ਇਹਨਾਂ ਮੁੱਢਾਂ ਦੁਆਲੇ ਬੱਕਰੀਆਂ ਚਰਦੀਆਂ ਅਤੇ ਕਈ ਥਾਵੀਂ ਘਾਹ ਏਨਾ ਉੱਚਾ ਸੀ ਕਿ ਉਹ ਦਿਖਾਈ ਹੀ ਨਾ ਦਿੰਦੀਆਂ। ਬਗ਼ੀਚੇ ਵਿਚ ਪੁੱਟ ਪੁਟਾਈ ਕਰਨ ਦੀ ਥਾਂ ਜੈਕ ਆਪਣਾ ਜ਼ਿਆਦਾ ਸਮਾਂ ਬੇਸਮਿੰਟ ਵਿਚ ਬਣਾਈ ਨਿੱਕੀ ਜਿਹੀ ਲੈਬਾਰਟਰੀ ਵਿਚ ਬਾਰੂਦ ਬਣਾਉਣ ਵਿਚ ਲੰਘਾਉਂਦਾ। ਕੈਮਿਸਟਰੀ ਨਾਲ ਉਸ ਦਾ ਲਗਾਓ ਜਨੂੰਨੀ ਪੱਧਰ ਤਕ ਸੀ ਅਤੇ ਬਗ਼ੀਚੇ ਦਾ ਕੰਮ ਬੱਧਾ ਰੁੱਧਾ ਇਕ ਪੁੱਤਰ ਦੇ ਫ਼ਰਜ਼ ਵਜੋਂ ਹੀ ਕਰਦਾ। ਐਤਵਾਰ ਸਵੇਰੇ ਹੀ ਮਲੂਕਾ, ਹੈਰੀ ਬਰੁੱਕਸ ਅਤੇ ਜਿੰਮ ਕਮਿੰਗਜ਼ ਉਸ ਦੀ ਮਦਦ ਲਈ ਉਹਦੇ ਘਰ ਪਹੁੰਚੇ।

"ਇੰਡੀਆ 'ਚ ਮੁੱਢ ਕਿਵੇਂ ਪੁੱਟਦੇ ਆ?" ਹੈਰੀ ਨੇ ਪੁੱਛਿਆ।

"ਉਹ ਇਸ ਤਰ੍ਹਾਂ ਦਾ ਸਖ਼ਤ ਕੰਮ ਕਰਨ ਲਈ ਹਾਥੀਆਂ ਨੂੰ ਵਰਤਦੇ ਆ। ਬੜੇ ਦਿਮਾਗ਼ੀ ਲੋਕ ਨੇ," ਜਿੰਮ ਨੇ ਜੁਆਬ ਦਿੱਤਾ।

"ਇਸ ਤਰ੍ਹਾਂ ਤਾਂ ਬਰਮਾ ਵਿਚ ਕਰਦੇ ਆ," ਮਲੂਕੇ ਨੇ ਉਹਨੂੰ ਦਰੁਸਤ ਕਰਦਿਆਂ ਕਿਹਾ, "ਪੰਜਾਬ ਵਿਚ ਤਾਂ ਅਸੀਂ ਕੋਈ ਵੀ ਮੁੱਢ ਜ਼ਮੀਨ ਵਿਚ ਨਹੀਂ ਰਹਿਣ ਦਿੰਦੇ। ਦਰਖਤ ਵੱਢਣ ਤੋਂ ਪਹਿਲਾਂ ਹੀ ਅਸੀਂ ਉਹਦੇ ਦੁਆਲੇ ਟੋਆ ਪੁੱਟ, ਸਾਰੀਆਂ ਜੜ੍ਹਾਂ ਵੱਢ ਦਿੰਦੇ ਆਂ। ਸਾਡੇ ਉੱਥੇ ਬਾਲਣ ਲਈ ਲੱਕੜ ਦੀ ਬਹੁਤ ਥੁੜ ਆ, ਇਸ ਲਈ ਜੜ੍ਹਾਂ ਨੂੰ ਧਰਤੀ 'ਚ ਰਹਿਣ ਦੇਣਾ ਸਾਨੂੰ ਵਾਰੇ ਨਹੀਂ ਖਾਂਦਾ।"

"ਇਸ ਤਰ੍ਹਾਂ ਤਾਂ, ਜਿੰਨੀਆਂ ਲੱਕੜਾਂ ਅਸੀਂ ਮਹੀਨੇ ਵਿਚ ਬੀ. ਸੀ. ਵਿਚ ਚੀਰਦੇ ਆਂ, ਉਹਨਾਂ ਨੂੰ ਵੱਢਣ ਲਈ ਸਾਲ ਲੱਗ ਜਾਣ," ਜਿੰਮ ਬੋਲਿਆ।

"ਜੈਕ ਨੇ ਕਈ ਮੁੱਢਾਂ ਦੇ ਹੇਠਲੇ ਹਿੱਸਿਆਂ 'ਚ ਲੰਮੇ ਲੰਮੇ ਸੁਰਾਖ ਕੀਤੇ ਅਤੇ ਉਹਨਾਂ ਨੂੰ ਘਰ ਬਣਾਏ ਬਾਰੂਦ ਨਾਲ ਭਰ ਦਿਤਾ। ਅੱਗ ਲਾਉਣ ਲਈ ਲੰਮੇ ਫ਼ੀਤੇ ਬਾਹਰ ਰੱਖ ਉਹਨੇ ਇਹਨਾਂ ਸੁਰਾਖਾਂ ਨੂੰ ਲੋਹੇ ਦੇ ਢੱਕਣਾਂ ਨਾਲ ਬੰਦ ਕਰ ਦਿੱਤਾ।

ਜਦੋਂ ਫ਼ੀਤੇ ਨੂੰ ਅੱਗ ਲਾਈ ਤਾਂ ਸਾਰੇ ਜਣੇ ਉਹਲਾ ਲੱਭਣ ਲਈ ਆਸੇ ਪਾਸੇ ਦੌੜੇ। ਇਕ ਉੱਚਾ ਧਮਾਕਾ ਹੋਇਆ, ਜਿਸ ਨਾਲ ਆਸੇ ਪਾਸੇ ਚਰਦੀਆਂ ਬੱਕਰੀਆਂ ਡਰ ਗਈਆਂ। ਗਾੜ੍ਹੇ ਧੂੰਏਂ ਦੇ ਬੱਦਲ ਨੇ ਹਵਾ ਨੂੰ ਗੰਧਕ ਦੀ ਬੋਅ ਨਾਲ ਭਰ ਦਿੱਤਾ। ਪਰ ਲੱਕੜ ਦੇ ਮੁੱਢ ਪਹਿਲਾਂ ਦੀ ਤਰ੍ਹਾਂ ਧਰਤੀ 'ਚ ਆਪਣੇ ਪੈਰ ਜਮਾਈ ਖੜ੍ਹੇ ਸੀ। ਸਿਰਫ਼ ਛੋਟੇ ਛੋਟੇ ਸੱਕ ਲਹਿ ਕੇ ਹਵਾ 'ਚ ਇੱਧਰ ਉੱਧਰ ਉੱਡੇ ਸਨ। "ਹਾਲੇ ਤੈਨੂੰ ਹੋਰ ਕੈਮਿਸਟਰੀ ਸਿੱਖਣ ਦੀ ਲੋੜ ਹੈ," ਜਿੰਮ ਨੇ ਕਿਹਾ, "ਮੈਂ ਭਾਂ ਕਹਿੰਦਾਂ ਬਰਮਾ ਤੋਂ ਹਾਥੀ ਮੰਗਾ ਲੈ" ਹੈਰੀ ਨੇ ਸਲਾਹ ਦਿੱਤੀ।

"ਆ ਜਾਓ ਮੁੰਡਿਓ। ਫਥੇਰਾ ਕੰਮ ਕਰ ਲਿਆ। ਖਾਣਾ ਤਿਆਰ ਆ," ਸ੍ਰੀਮਤੀ ਮੁਰਡੌਕ ਨੇ ਅਵਾਜ਼ ਦਿੱਤੀ।

19

ਡੋਰਿਸ ਮਿੱਚਲ, ਖ਼ੂਬਸੂਰਤ ਭੂਰੀਆਂ ਅੱਖਾਂ, ਕਰੂੰਬਲਾਂ ਤੋਂ ਉੱਪਰ ਨੂੰ ਮੁੜੇ ਨਿੱਕੇ ਨੱਕ ਵਾਲੀ ਸ਼ਰਮੀਲੀ ਅਤੇ ਹੁਸ਼ਿਆਰ ਕੁੜੀ ਸੀ। ਜਦੋਂ ਉਹ ਹੱਸਦੀ ਤਾਂ ਉਹਦੇ ਮੋਤੀਆਂ ਵਾਂਗ ਜੜੇ ਖ਼ੂਬਸੂਰਤ ਦੰਦ ਲਿਸ਼ਕਾਂ ਮਾਰਦੇ। ਪਿੱਠ ਪਿਛੇ ਸੁੱਟੇ ਉਸ ਦੇ ਸੰਘਣੇ ਕਾਲੇ ਵਾਲ ਪਿੱਠ ਦੇ ਅੱਧ ਤਕ ਆਉਂਦੇ। ਗੁੱਤਾਂ ਕਰ, ਮੋਢਿਆਂ ਉਤੋਂ ਦੀ ਅੱਗੇ ਸੁੱਟਦੀ ਤਾਂ ਗੁੱਤਾਂ ਉਸ ਦੇ ਬਲਾਊਜ਼ ਵਿਚ ਉੱਭਰਦੀਆਂ ਗੋਲਾਈਆਂ ਨੂੰ ਛੂੰਹਦੀਆਂ।

ਫ਼ਰੈਂਚ ਵਿਚ ਉਹ ਅੱਵਲ ਵਿਦਿਆਰਥਣ ਸੀ ਅਤੇ ਅਧਿਆਪਕਾਂ ਨੂੰ ਉਸ 'ਤੇ ਮਾਣ ਸੀ। ਉਹ ਮਲੂਕੇ ਦੀ ਫ਼ਰੈਂਚ ਪੜ੍ਹਨ ਵਿਚ ਮਦਦ ਕਰਦੀ ਅਤੇ ਕਦੇ ਕਦੇ

ਅੰਗਰੇਜ਼ੀ ਦੀ ਲਿਖਾਈ ਵਿਚ ਵੀ ।

ਕਲਾਸ ਵਿਚ ਉਹ ਮਲੂਕੇ ਤੋਂ ਮੁਹਰਲੀ ਕਤਾਰ ਵਿਚ ਉਸ ਤੋਂ ਸਿਰਫ ਇਕ ਸੀਟ ਅੱਗੇ ਬੈਠਦੀ । ਜਦੋਂ ਮਲੂਕਾ ਬੋਰਡ ਵੱਲ ਦੇਖਦਾ ਤਾਂ ਡੋਰਿਸ ਦਾ ਖੱਬਾ ਪਾਸਾ ਚੁਸਤ ਦਿੱਸਦਾ ਨੱਕ, ਗੋਰੀ ਗੱਲ੍ਹ ਵਿਚਕਾਰ ਗੁਲਾਬੀ ਹਿੱਸਾ, ਅਤੇ ਛੋਟਾ ਸੰਤੁਲਿਤ ਵਾਲਾਂ ਨਾਲ ਅੱਧ ਕੱਜਿਆ ਕੰਨ-ਹਮੇਸ਼ਾਂ ਉਸ ਦੀ ਨਜ਼ਰ ਵਿਚ ਰਹਿੰਦਾ । ਕਦੇ ਕਦੇ ਉਹ ਮਲੂਕੇ ਦੀਆਂ ਅੱਖਾਂ ਦੀ ਗਰਮੀ ਆਪਣੇ ਚਿਹਰੇ 'ਤੇ ਮਹਿਸੂਸ ਕਰਦੀ ਇਕ ਦਮ ਘੁੰਮਦੀ ਅਤੇ ਉਸ ਦੀ ਗੱਲ੍ਹਾਂ ਦੀ ਲਾਲੀ ਕੰਨਾਂ ਤਕ ਫੈਲ ਜਾਂਦੀ ।

ਸਾਲ ਦਾ ਅੰਤ ਆਉਣ ਵਾਲਾ ਸੀ । ਮਲੂਕਾ ਚਾਹੁੰਦਾ ਸੀ ਕਿ ਉਹ ਡੋਰਿਸ ਵਲੋਂ ਕੀਤੀ ਮਦਦ ਲਈ ਧੰਨਵਾਦ ਕਰੇ । ਦਿਨ ਦੇ ਅੰਤ ਉੱਤੇ ਉਹਨੇ ਫ਼ਰੇਜ਼ਰ ਸਟਰੀਟ ਉਤੇ ਸਥਿਤ ਮਠਿਆਈਆਂ ਦੀ ਦੁਕਾਨ ਤੋਂ 'ਚਾਕਲੇਟ' ਦਾ ਇਕ ਡੱਬਾ ਖ਼ਰੀਦਿਆ । ਡੱਬੇ ਨੂੰ ਆਪਣੇ ਬਸਤੇ ਵਿਚ ਪਾ ਉਹ ਉਸ ਮੋੜ ਉੱਤੇ, ਜਿਥੋਂ ਡੋਰਿਸ ਦੇ ਘਰ ਨੂੰ ਸੜਕ ਮੁੜਦੀ ਸੀ, ਉਸ ਦੀ ਉਡੀਕ ਕਰਨ ਲੱਗਾ ।

"ਮਲੂਕਿਆ ਤੂੰ ਕਿਸੇ ਨੂੰ ਉਡੀਕਦਾ ਏਂ ?" ਡੋਰਿਸ ਨੇ ਉਸ ਦੇ ਨੇੜੇ ਪਹੁੰਚ ਮੁਸਕਰਾਉਂਦਿਆਂ ਪੁੱਛਿਆ ।

"ਤੈਨੂੰ ਉਡੀਕਦਾ ਸੀ", ਮਲੂਕੇ ਨੇ ਸ਼ਰਮਾਉਂਦਿਆਂ ਕਿਹਾ, "ਮੈਂ ਤੈਨੂੰ ਘਰ ਤਕ ਛੱਡ ਆਉਂਦਾ ਹਾਂ । ਮਦਦ ਲਈ ਮੈਂ ਤੇਰਾ ਧੰਨਵਾਦ ਕਰਨਾ ਚਾਹੁੰਦਾ ਹਾਂ ।"

"ਓ ਇਹ ਤਾਂ ਕੋਈ ਗੱਲ ਨਹੀਂ, ਮੈਂ ਤਾਂ ਕੁਛ ਵੀ ਨਹੀਂ ਕੀਤਾ ।"

"ਤੂੰ ਮੇਰੇ ਨਾਲ ਬੜਾ ਚੰਗਾ ਵਰਤਾ ਕੀਤਾ । ਤੂੰ ਮੇਰੇ ਲਈ ਆਪਣਾ ਕਾਫ਼ੀ ਸਮਾਂ ਲਾਇਆ ।"

"ਤੂੰ ਵੀ ਬਹੁਤ ਧਿਆਨ ਨਾਲ ਪੜ੍ਹਿਆ । ਸਭ ਕੁਛ ਬਹੁਤ ਛੇਤੀ ਸਿੱਖਦਾ ਰਿਹਾ ।"

ਗੋਲ ਪੱਥਰਾਂ ਦੀ ਬਣੀ ਸੜਕ ਉੱਤੇ ਉਹ ਹੌਲੀ ਹੌਲੀ ਤੁਰਦੇ ਗਏ । ਫਿਰ ਵਾਟ ਘਟਾਉਣ ਲਈ ਉਹ ਇਕ ਕੱਚੀ ਡੰਡੀ ਪੈ ਗਏ । ਅਸਮਾਨ ਬਿਲਕੁਲ ਸਾਫ਼ ਸੀ ਅਤੇ ਸੂਰਜ ਦੀਆਂ ਚਮਕੀਲੀਆਂ ਟੇਢੀਆਂ ਕਿਰਨਾਂ ਵਿਚ ਨਿੱਘ ਸੀ । ਡੋਰਿਸ ਉਤਸ਼ਾਹ ਭਰੇ ਅੰਗਾਂ ਨਾਲ ਮਸਤ ਚਾਲੇ ਤੁਰ ਰਹੀ ਸੀ । ਉਸ ਦੇ ਚਿਹਰੇ ਦਾ ਰੰਗ

ਹੋਰ ਨਿੱਖਰ ਗਿਆ ਸੀ ਅਤੇ ਉਸ ਦੇ ਸੁੰਦਰ ਵਾਲ ਚਿੱਟੇ ਬਲਾਊਜ਼ ਉੱਪਰ ਲਿਸ਼ਕੋਰੇ ਮਾਰਦੇ ਸਨ। ਇਹਨਾਂ ਸੰਘਣੇ ਵਾਲਾਂ ਨੂੰ ਪਿਆਰ ਨਾਲ ਪਲੋਸਣ ਦੀ ਅਸਪੱਸ਼ਟ ਇੱਛਾ ਮਲੂਕੇ ਦੀਆਂ ਨਾੜਾਂ ਵਿਚ ਗਰਮਾਇਸ਼ ਭਰ ਗਈ। ਅੰਦਰਲੀ ਅੱਟ ਦੇ ਭਾਂਬੜ ਬਣ ਜਾਣ ਦੇ ਡਰੋਂ ਮਲੂਕੇ ਨੇ ਸਾਇਕਲ ਦੇ ਹੈਂਡਲ ਨੂੰ ਹੱਥਾਂ ਵਿਚ ਘੁੱਟ ਲਿਆ।

ਸੜਕ ਕਿਨਾਰੇ ਜੇਨੀਏ ਅਤੇ ਗੋਂਦੇ ਦੇ ਫੁੱਲਾਂ ਅਤੇ ਡੇਲੀਏ ਦੀਆਂ ਖਿੜੀਆਂ ਮੋਟੀਆਂ ਮੋਟੀਆਂ ਡੋਡੀਆਂ ਨਾਲ ਭਰੀਆਂ ਕਿਆਰੀਆਂ ਛੋਟੇ ਛੋਟੇ ਘਰਾਂ ਨੂੰ ਨਿੱਘ ਅਤੇ ਸੁੰਦਰਤਾ ਬਖ਼ਸ਼ਦੀਆਂ ਸਨ। ਸਿਆਲ ਵਿਚ ਇਸ ਨਿੱਘ ਅਤੇ ਸੁੰਦਰਤਾ ਤੋਂ ਇਹ ਘਰ ਵਾਂਝੇ ਰਹਿੰਦੇ ਸਨ। ਕਈ ਘਰਾਂ ਸਾਹਮਣੇ ਗੁਲਾਬੀ ਅਤੇ ਗੂੜ੍ਹੇ ਲਾਲ ਨਾਜ਼ਕ ਗੁਲਾਬ ਦੇ ਫੁੱਲਾਂ ਦੇ ਗੁੱਛੇ ਸਨ, ਜੋ ਟਾਹਣੀਆਂ ਚੋ ਪੱਤਿਆਂ ਨੂੰ ਢੱਕ ਰਹੇ ਸਨ ਅਤੇ ਇੱਧਰ ਉੱਧਰ ਲੱਗੇ ਫੁੱਲਾਂ ਦੇ ਵੇਲਦਾਰ ਬੂਟੇ 'ਹਨੀ ਸਕਲ' ਝੁੰਡ ਹਵਾ ਵਿਚ ਮਿੱਠੀ ਮਿੱਠੀ ਸੁਗੰਧ ਭਰ ਰਹੇ ਸਨ।

ਡੋਰਿਸ ਨੇ ਹਾਈ ਸਕੂਲ ਵਿਚ ਪੜ੍ਹਦੇ ਕਿੰਨੇ ਮੁੰਡੇ ਕੁੜੀਆਂ ਦੇ ਘਰਾਂ ਵੱਲ ਇਸ਼ਾਰਾ ਕਰ ਮਲੂਕੇ ਨੂੰ ਜਾਣੂੰ ਕਰਾਇਆ।

"ਮਲੂਕਿਆ ਤੂੰ ਆਪਣੇ ਪਰਿਵਾਰ ਅਤੇ ਘਰ ਬਿਨਾਂ ਜ਼ਰੂਰ ਓਦਰ ਜਾਂਦਾ ਹੋਵੇਂਗਾ?" ਉਹਨੇ ਕੂਲੀ ਅਵਾਜ਼ ਵਿਚ ਪੁੱਛਿਆ।

"ਹਾਂ ਉਹਨਾਂ ਦੀ ਯਾਦ ਮੈਨੂੰ ਬਹੁਤ ਸਤਾਉਂਦੀ ਹੈ। ਪਰ ਮਿੱਲ 'ਚ ਰਹਿੰਦੇ ਲੋਕ ਬਹੁਤ ਚੰਗੇ ਹਨ।"

"ਤੇਰੀ ਕੋਈ ਭੈਣ ਵੀ ਹੈ?"

"ਹਾਂ, ਮੈਥੋਂ ਛੋਟੀ ਹੈ।"

"ਕੀ ਨਾਂ ਹੈ ਉਸ ਦਾ?"

"ਗੁਰਬਚਨੀ।"

"ਅਤੇ ਇਹ ਦਾ ਕੀ ਅਰਥ ਹੈ?"

"ਇਹਦਾ ਅਰਥ ਹੈ ਰੱਬੀ ਬਾਣੀ।"

"ਕਿੰਨਾ ਸੋਹਣਾ ਨਾਂ ਹੈ! ਕਾਸ਼ ਮੇਰਾ ਨਾਉਂ ਵੀ ਕਾਵਿਕ ਹੁੰਦਾ।"

"ਡੋਰਿਸ ਬਹੁਤ ਖ਼ੂਬਸੂਰਤ ਨਾਂ ਹੈ। ਸੁਣਨ ਨੂੰ ਸੁਨਹਿਰੀ ਲੱਗਦਾ।"

"ਕੀ ਸਾਰੇ ਹੀ ਇੰਡੀਅਨ ਨਾਵਾਂ ਦਾ ਕੋਈ ਨਾ ਕੋਈ ਅਰਥ ਹੁੰਦਾ ਹੈ ?"

"ਹਾਂ ਬਹੁਤਿਆਂ ਦਾ ।"

"ਮਲੂਕੇ ਦਾ ਅਰਥ ਕੀ ਹੈ ?"

"ਇਹਦਾ ਅਰਥ ਹੈ ਨਰਮ, ਮੁਲਾਇਮ ।"

"ਲਿਆ ਤਾਂ ਦੇਖਾਂ ਕੀ ਇਹ ਸੱਚ ਹੈ ?" ਅਤੇ ਉਹਨੇ ਆਪਣਾ ਪੁੱਠਾ ਹੱਥ ਮਲੂਕੇ ਦੀ ਗੱਲ੍ਹ ਉਤੇ ਰੱਖ ਦਿੱਤਾ । ਮਲੂਕੇ ਦੀਆਂ ਨਾੜਾਂ ਵਿਚ ਖ਼ੂਨ ਤੇਜ਼ੀ ਨਾਲ ਦੌੜਨ ਲੱਗਾ ।

"ਤੇਰੀ ਮਾਂ ਨੂੰ ਤੈਨੂੰ ਨਿੱਘਾ ਕਹਿਣਾ ਚਾਹੀਦਾ ਸੀ," ਉਹ ਮੂੰਹ ਵਿਚ ਫੁਸ-ਫਸਾਈ । ਮਲੂਕੇ ਉੱਤੇ ਉਹਦੇ ਅੰਦਰ ਉੱਠੀ ਖਲਬਲੀ ਨੇ ਕਾਬੂ ਪਾ ਲਿਆ । ਕੁਛ ਵੀ ਕਹਿਣਾ ਉਸ ਨੂੰ ਮੁਸ਼ਕਲ ਲੱਗਿਆ । ਅਸਲ ਵਿਚ ਉਹ ਆਪਣੀਆਂ ਭਾਵਨਾਵਾਂ ਨੂੰ ਲੁਕਾਉਣਾ ਅਤੇ ਬੋਲਾਂ ਨੂੰ ਦਬਾਉਣਾ ਚਾਹੁੰਦਾ ਸੀ ।

ਕੁਝ ਦੇਰ ਉਹ ਬਿਨਾਂ ਕੁਝ ਕਹੇ ਤੁਰੇ ਗਏ । ਪਰ ਉਹਨਾਂ ਦੀ ਇਹ ਚੁੱਪ ਇਕ ਦੂਜੇ ਨੂੰ ਬਹੁਤ ਕੁਝ ਕਹਿ ਰਹੀ ਸੀ । ਛੇਤੀ ਹੀ ਉਹ ਉਸ ਦੇ ਘਰ ਦੇ ਨੇੜੇ ਦੇ ਚੌਰੱਸਤੇ ਉੱਤੇ ਪਹੁੰਚ ਗਏ ।

ਅਤੇ "ਆਹ ਮੇਰੇ ਵਲੋਂ ਭੇਂਟ," ਮਲੂਕੇ ਨੇ ਸ਼ਰਮਾਉਂਦਿਆਂ ਸ਼ਰਮਾਉਂਦਿਆਂ ਬਟੇ ਵਿਚੋਂ ਚਾਕਲੇਟਾਂ ਦਾ ਡੱਬਾ ਕੱਢ ਉਸ ਅੱਗੇ ਕਰ ਦਿੱਤਾ ।

"ਓ ਮਲੂਕਿਆ ! ਇਹਦੀ ਲੋੜ ਨਹੀਂ ਸੀ ।"

"ਇਹ ਤਾਂ ਕੁਛ ਵੀ ਨਹੀਂ । ਤੂੰ ਮੇਰੇ ਲਈ ਇਸ ਤੋਂ ਕਈ ਗੁਣਾਂ ਵੱਧ ਕੀਤਾ ਹੈ ।"

ਉਹਨੇ ਡੱਬਾਂ ਫੜ ਲਿਆ ਅਤੇ ਪੱਲੇ ਜਿਹੇ ਮਲੂਕੇ ਦੀ ਗੱਲ੍ਹ ਨੂੰ ਚੁੰਮਿਆ । "ਕਿੰਨਾ ਪਿਆਰਾ ਅਤੇ ਮਿੱਠਾ ਏਂ ਤੂੰ," ਆਪਣੀ ਬਾਂਹ ਉਹਦੇ ਦੁਆਲੇ ਘੁੱਟਦਿਆਂ ਕਿਹਾ । ਡੋਰਿਸ ਦੇ ਨਿੱਘੇ ਸਾਹ ਨੇ ਮਲੂਕੇ ਦੇ ਚਿਹਰੇ ਦੀ ਤਪਸ਼ ਨੂੰ ਹੋਰ ਵਧਾ ਦਿੱਤਾ ।

"ਚੰਗਾ ਫੇਰ ।"

"ਚੰਗਾ ਫੇਰ ਮਲੂਕਿਆ ।"

ਉਸ ਪਿਛੋਂ ਮਿੱਲ ਤਕ ਮਲੂਕਾ ਸਰੂਰ ਵਿਚ ਗੜੂੰਦ ਆਪਣਾ ਆਲੇ ਦੁਆਲੇ ਤੋਂ ਬੇਖ਼ਬਰ ਤੁਰਿਆ ਗਿਆ ।

20

ਮੁੰਡੇ ਕੁੜੀਆਂ ਸਕੂਲ ਦੀ ਸਲਾਨਾ ਅਸੰਬਲੀ ਦੀਆਂ ਤਿਆਰੀਆਂ ਕਰਨ ਵਿਚ ਰੁਝੇ ਹੋਏ ਸਨ। ਹਰੇਕ ਜਮਾਤ ਪੂਰੀ ਗਰਮ-ਜੋਸ਼ੀ ਨਾਲ ਆਪਣੀ ਪੇਸ਼ਕਾਰੀ ਦੀ ਤਿਆਰੀ ਵਿਚ ਸਰਗਰਮ ਸੀ।

ਇਕ ਦਿਨ ਖਾਣੇ ਦੀ ਛੁੱਟੀ ਸਮੇਂ ਮਲੂਕੇ ਦੇ ਕਈ ਜਮਾਤੀ ਉਸ ਦੁਆਲੇ ਆ ਇਕੱਠੇ ਹੋਏ। "ਸਾਡੀ ਜਮਾਤ ਨੂੰ ਕੁਛ ਨਾ ਕੁਛ ਜ਼ਰੂਰ ਪੇਸ਼ ਕਰਨਾ ਚਾਹੀਦਾ ਹੈ, ਅਤੇ ਇਸ ਵਿਚ ਤੈਨੂੰ ਮਦਦ ਕਰਨੀ ਪੈਣੀ ਆਂ", ਜੇਰ ਮੁਰਡੋਕ ਨੇ ਕਿਹਾ।

"ਮੈਂ ਕੀ ਕਰ ਸਕਦਾਂ?"

"ਮੁਹੱਬਤ ਭਰਿਆ ਕੋਈ ਗਾਣਾ ਸੁਣਾ ਦੇ", ਜਿੰਮ ਕਮਿੰਗਜ਼ ਨੇ ਹੱਸਦਿਆਂ ਕਿਹਾ।

"ਮੈਨੂੰ ਗਾਉਣਾ ਨਹੀਂ ਆਉਂਦਾ", ਮਲੂਕੇ ਨੇ ਝੇਂਪਦਿਆਂ ਜੁਆਬ ਦਿੱਤਾ।

"ਭਾਰਤੀ ਜਾਦੂ ਦੇ ਕੋਈ ਤਮਾਸ਼ੇ ਹੀ ਦਿਖਾ ਦੇ।"

"ਕਿਹੜੇ ਤਮਾਸ਼ੇ?"

"ਰੱਸੇ 'ਤੇ ਤੁਰਨਾ ਜਾਂ ਤਲਵਾਰ ਨੂੰ ਅੰਦਰ ਲੰਘਾਉਣਾ, ਇਸ ਤਰ੍ਹਾਂ ਦੇ ਕੋਈ ਵੀ।"

"ਨਹੀਂ, ਕੋਈ ਇਸ ਤਰ੍ਹਾਂ ਦਾ ਤਮਾਸ਼ਾ ਕਰ ਜਿਸ ਨਾਲ ਸਾਰਿਆਂ ਦੀਆਂ ਹੱਸ ਹੱਸ ਵੱਖੀਆਂ ਚੜ੍ਹ ਜਾਣ। ਬਿਲੀਅਰਡ ਦੀਆਂ ਗੇਂਦਾਂ ਅਤੇ ਫ਼ਰਾਂਸੀਸੀ ਦੇ ਕੇਦੇ ਨੂੰ ਮਿਸ ਕਜੱਨ ਦੀਆਂ ਨਾਸਾਂ ਥਾਣੀ ਛਪਣ ਕਰ ਦੇ।" ਹੈਰੀ ਬਰਟਨ ਨੇ ਸਲਾਹ ਦਿੱਤੀ।

"ਜੇ ਪ੍ਰਿੰਸੀਪਲ ਪਾਮਰ ਦੇ ਪੈਸੇ ਗਾਇਬ ਕਰ ਦੇਵੇਂ ਤਾਂ ਬੜਾ ਮਜ਼ਾ ਆਵੇ। ਉਹ ਸਦਾ ਹੀ ਆਪਣੀ ਜੇਬ ਵਿਚ ਪੈਸਿਆਂ ਨੂੰ ਟੁਣਕਾਉਂਦਾ ਰਹਿੰਦਾ," ਚਾਰਲੀ

ਗਰੀਨ ਨੇ ਆਪਣੀ ਸਲਾਹ ਦਿੱਤੀ।

ਇਹਨਾਂ ਦਿਲਚਸਪ ਗੱਲਾਂ ਅੱਗੇ ਮਲੂਕਾ ਮਜਬੂਰ ਸੀ। ਉਹਨੇ ਸੋਚਿਆ ਕਾਸ਼ ਉਹ ਜਾਦੂਗਰ ਹੁੰਦਾ। ਪਰ ਹੁਣ ਕੀ ਕਰ ਸਕਦਾ ਸੀ? ਉਹਦੀ ਮੱਤ ਮਾਰੀ ਗਈ।

"ਤੂੰ ਸਾਨੂੰ ਇਹ ਦੱਸ ਮਲੂਕਿਆ ਕਿ ਤੈਨੂੰ ਸਕੂਲ ਕਿਸ ਤਰ੍ਹਾਂ ਦਾ ਲੱਗਾ। ਇਹ ਦੱਸਣਾ ਤਾਂ ਸੌਖਾ ਈ ਆ," ਡੋਰਿਸ ਨੇ ਕਾਇਲ ਕਰਨ ਦੇ ਢੰਗ ਨਾਲ ਕਿਹਾ।

"ਚੰਗਾ ਠੀਕ ਹੈ ਇਹ ਮੈਂ ਕਰ ਦਿਉਂ," ਮਲੂਕੇ ਨੇ ਸਹਿਮਤ ਹੁੰਦਿਆਂ ਕਿਹਾ।

ਇਹ ਪ੍ਰਵਾਨਗੀ ਉਤੇਜਨਾ ਵੱਸ ਸੀ। ਜਦੋਂ ਉਹਨੇ ਇਹਦੇ ਬਾਰੇ ਸੋਚਿਆ ਤਾਂ ਉਹਨੂੰ ਇਹ ਪਤਾ ਨਹੀਂ ਸੀ ਲੱਗਦਾ ਕਿ ਕੀ ਕਹਿਣਾ ਚਾਹੀਦਾ ਹੈ ਅਤੇ ਕਿਸ ਤਰ੍ਹਾਂ ਕਹਿਣਾ ਚਾਹੀਦਾ ਹੈ। ਉਹਨੇ ਆਪਣੇ ਆਪ ਨੂੰ ਮੰਚ 'ਤੇ ਸਾਰੇ ਅਧਿਆਪਕਾਂ ਅਤੇ ਵਿਦਿਆਰਥੀਆਂ ਸਾਹਮਣੇ ਖੜ੍ਹੇ ਚਿਤਵਿਆ। ਇਸ ਸੋਚ ਨੇ ਉਸ ਨੂੰ ਡਰਾ ਦਿੱਤਾ।

ਜੇਮਜ਼ ਬਰੈੱਡਫੋਰਡ ਲਾਲ ਮੂੰਹ, ਨੀਲੀਆਂ ਅੱਖਾਂ ਅਤੇ ਭੂਰੀਆਂ ਮੁੱਛਾਂ ਵਾਲਾ, ਮਧਰੇ ਕੱਦ ਦਾ ਆਦਮੀ ਸੀ, ਜੋ ਪਹਿਲਾਂ ਸਕੂਲ ਵਿਚ ਅਧਿਆਪਕ ਹੁੰਦਾ ਸੀ। ਮਿੱਲ ਵਿਚ ਉਹ ਸੌਖੀ ਅਤੇ ਵੱਧ ਤਨਖ਼ਾਹ ਵਾਲੀ 'ਸ਼ਿੱਪਰ' ਦੀ ਨੌਕਰੀ ਕਰਦਾ ਸੀ। ਉਹ ਅਕਸਰ ਦੋ ਸਿੱਖਾਂ, ਜਿਹਨਾਂ ਨੂੰ ਉਹ ਆਪਣੇ ਬੱਬਰ ਸ਼ੇਰ ਖਿਆਲਦਾ ਸੀ, ਵਲੋਂ ਗੱਡੀ ਵਿਚ ਲੱਕੜੀ ਲੱਦਣ ਤੋਂ ਪਹਿਲਾਂ ਉਸ ਦੀ ਗਿਣਤੀ ਕਰਦਾ। ਉਹ ਪਲੇਟਫ਼ਾਰਮ 'ਤੇ ਕੰਨ 'ਚ ਪੈਨਸਲ ਟੰਗੀ ਅਤੇ ਹੱਥ ਵਿਚ ਕਾਪੀ ਫੜੀ ਹਰ ਇਕ ਨਾਲ ਗੱਲਬਾਤ ਕਰਨ ਲਈ ਤਿਆਰ ਰਹਿੰਦਾ।

ਇੰਡੀਆ ਉਸ ਨੂੰ ਖਿੱਚ ਪਾਉਂਦਾ ਸੀ। ਉਹਨੇ ਥੋੜ੍ਹੀ ਬਹੁਤ ਹਿੰਦੀ ਬੋਲਣੀ ਸਿੱਖ ਲਈ ਸੀ ਅਤੇ ਭਾਰਤੀ ਕਲਾ ਅਤੇ ਇਤਿਹਾਸ ਬਾਰੇ ਪੜ੍ਹਨਾ ਉਸ ਨੂੰ ਅਨੰਦ ਦਿੰਦਾ ਸੀ।

ਕਿਸੇ ਗੁੱਝੇ ਪਰ ਪ੍ਰਬਲ ਕਾਰਨਾਂ ਕਰਕੇ ਉਹ ਹਿੰਦੁਸਤਾਨੀ ਪਹਾੜਾਂ, ਦਰਿਆਵਾਂ ਅਤੇ ਸ਼ਹਿਰਾਂ ਦੇ ਨਾਵਾਂ ਨੂੰ ਉਸ ਤਰ੍ਹਾਂ ਉਚਾਰਨਾ ਚਾਹੁੰਦਾ ਜਿਸ ਤਰ੍ਹਾਂ

ਹਿੰਦੁਸਤਾਨੀ ਉਚਾਰਦੇ ਸਨ।

ਜਦੋਂ ਵੀ ਮਲੂਕਾ ਗੱਡੀਆਂ ਲੱਦਣ ਵਾਲੇ 'ਪਲੇਟਫ਼ਾਰਮ' ਕੋਲ ਦੀ ਲੰਘਦਾ ਤਾਂ ਮਿਸਟਰ ਬਰੈੱਡਫੋਰਡ ਬਹੁਤ ਖ਼ੁਸ਼ ਹੋ ਕੇ ਮਿਲਦਾ। ਸਕੂਲ ਬਾਰੇ ਜਾਂ ਇਧਰ ਉੱਧਰ ਦੀ ਥੋੜ੍ਹੀ ਗੱਲਬਾਤ ਕਰਨ ਤੋਂ ਬਾਅਦ ਉਹ ਝੱਟ ਅਸਲੀ ਗੱਲ ਵਲ ਆ ਜਾਂਦਾ।

"ਹਿਮਾਲੀਆ ਜਾਂ ਹਿੱਮ-ਲਿਆ, ਕੀ ਹੁੰਦਾ ਮਲੂਕਿਆ?"

"ਹਿਮਾਲੀਆ ਮਿਸਟਰ ਬਰੈੱਡਫੋਰਡ।"

"ਅਤੇ ਤੁਸੀਂ ਡੈਲੀ ਨੂੰ ਕਿਵੇਂ ਉਚਾਰਦੇ ਹੋ?"

"ਦਿੱਲੀ"

"ਅਤੇ ਬਨਾਰਸ ਨੂੰ?"

"ਬਨਾਰਸ ਮਿਸਟਰ ਬਰੈੱਡਫੋਰਡ। ਉਹਦਾ ਪੁਰਾਣਾ ਨਾਂ ਵਾਰਾਨਸੀ ਹੁੰਦਾ ਸੀ।"

"ਪੁਰਾਣਾ ਨਾਂ ਜ਼ਿਆਦਾ ਸੁਹਣਾ ਲੱਗਦਾ। ਅਤੇ ਤੁਸੀਂ 'ਮਦਰ ਗੋਂਜ਼ਜ਼' ਨੂੰ ਕੀ ਸੱਦਦੇ ਹੋ?"

"ਗੰਗਾ ਮਾਈ"

"ਮਲੂਕਿਆ ਜਿਵੇਂ ਤੂੰ ਸਵਰ ਅੱਖਰਾਂ ਨੂੰ ਲਮਕਾ, ਬ੍ਰਹਮਪੁੱਤਰਾ ਕਹਿੰਦਾ, ਉਹ ਮੈਨੂੰ ਬਹੁਤ ਪਿਆਰਾ ਲੱਗਦਾ। ਇਸ ਤਰ੍ਹਾਂ ਕੀਟਸ ਪੂਰਬੀ ਨਾਵਾਂ ਨਾਲ ਕਰਦਾ ਹੁੰਦਾ ਸੀ। ਜਦੋਂ ਤੁਸੀਂ ਇਸ ਤਰ੍ਹਾਂ ਨਾਂ ਲੈਂਦੇ ਹੋ ਤਾਂ ਤੁਸੀਂ ਅਸਲ 'ਚ ਮਹਿਸੂਸ ਕਰ ਸਕਦੇ ਹੋ ਕਿ ਇਹ ਬ੍ਰਹਮਾ ਦੇ ਸਿਰਾਂ ਵਿਚੋਂ ਨਿਕਲਦੀ ਹੈ? ਤੁਸੀਂ ਉਸ ਸਮੇਂ ਵੀ ਇਸ ਦਾ ਨਜ਼ਾਰਾ ਤੱਕ ਸਕਦੇ ਹੋ ਜਦੋਂ ਸ਼ਾਨਾਮੱਤੇ ਪਹਾੜਾਂ ਅਤੇ ਖੁੱਲ੍ਹੇ ਮੈਦਾਨੀ ਇਲਾਕਿਆਂ ਵਿਚ ਦੀ ਵਗਦੀ ਸਮੁੰਦਰ 'ਚ ਜਾ ਡਿਗਦੀ ਹੈ।"

"ਇਹ ਨਾਂ ਬੜੇ ਕਾਵਿਕ ਹਨ ਮਿਸਟਰ ਬਰੈੱਡਫੋਰਡ।"

"ਨਾਂ ਇਤਿਹਾਸ ਦੀ ਆਤਮਾ ਨੂੰ ਸਾਕਾਰ ਕਰਦੇ ਹਨ, ਮਲੂਕਿਆ। ਜਿੰਨਾ ਚਿਰ ਤੁਸੀਂ ਸਥਾਨਕ ਬਸ਼ਿੰਦਿਆਂ ਵਾਂਗ ਨਾਵਾਂ ਨੂੰ ਉਚਾਰ ਅਤੇ ਸਮਝ ਨਹੀਂ ਸਕਦੇ ਉੱਨਾ ਚਿਰ ਤੁਸੀਂ ਉਥੋਂ ਦਾ ਇਤਿਹਾਸ ਨਹੀਂ ਸਮਝ ਸਕਦੇ।"

"ਠੀਕ ਹੈ, ਮਿਸਟਰ ਬਰੈੱਡਫੋਰਡ।"

ਸਕੂਲੇ ਅਸੰਬਲੀ ਵਿਚ ਭਾਸ਼ਨ ਦੇਣ ਲਈ ਹਾਂ ਕਰਨ ਵਾਲੇ ਦਿਨ ਮਲੂਕਾ ਲੱਕੜਾਂ ਲੱਦਣ ਵਾਲੇ ਬੜੇ ਕੋਲ ਦੀ ਆਪਣੀਆਂ ਹੀ ਸੋਚਾਂ ਵਿਚ ਡੁੱਬਾ ਤੁਰਿਆ ਜਾ ਰਿਹਾ ਸੀ।

"ਸਕੂਲ ਕਿਵੇਂ ਆ ਨੌਜਵਾਨ ?" ਮਿਸਟਰ ਬਰੈੱਡਫੋਰਡ ਨੇ ਅਧਿਆਪਕਾਂ ਵਾਂਗ ਪੈਨਸਿਲ ਫੜੀ ਪੁੱਛਿਆ, "ਛੇਤੀ ਹੀ ਛੁੱਟੀਆਂ ਹੋ ਜਾਣਗੀਆਂ।"

"ਮੈਨੂੰ ਬੜਾ ਫ਼ਿਕਰ ਲੱਗਾ ਹੋਇਆ ਮਿਸਟਰ ਬਰੈੱਡਫੋਰਡ।"

"ਕਿਸ ਗੱਲ ਦਾ, ਇਮਤਿਹਾਨਾਂ ਦਾ ਜਾਂ ਛੁੱਟੀਆਂ 'ਚ ਕੰਮ ਲੱਭਣ ਦਾ ?"

"ਇਹਨਾਂ 'ਚੋਂ ਕਿਸੇ ਦਾ ਨਹੀਂ। ਮੈਂ ਸਕੂਲ ਦੀ ਅਸੰਬਲੀ 'ਚ ਭਾਸ਼ਨ ਦੇਣ ਦਾ ਵਾਅਦਾ ਕਰ ਬੈਠਾਂ। ਉਸ ਦਾ ਫ਼ਿਕਰ ਹੈ ਮੈਨੂੰ। ਮੈਂ ਕਦੀ ਵੀ ਅੰਗਰੇਜ਼ੀ ਵਿਚ ਭਾਸ਼ਨ ਨਹੀਂ ਦਿੱਤਾ। ਨਾਲੇ ਮੈਨੂੰ ਸਾਰੇ ਵਿਦਿਆਰਥੀਆਂ ਅਤੇ ਅਧਿਆਪਕਾਂ ਸਾਹਮਣੇ ਬੋਲਣਾ ਪੈਣਾ।"

"ਤੂੰ ਕਾਹਦੇ ਬਾਰੇ ਬੋਲਣਾਂ ?"

"ਸਕੂਲ ਬਾਰੇ ਮੇਰੇ ਪ੍ਰਭਾਵ।"

"ਓਏ ਇਹ ਤਾਂ ਕੁਛ ਵੀ ਨਹੀਂ ਮੁੰਡਿਆ ਕੁਛ ਵੀ ਨਹੀਂ", ਮਿਸਟਰ ਬਰੈੱਡਫੋਰਡ ਨੇ ਪੈਨਸਿਲ ਵਾਲੇ ਹੱਥ ਨੂੰ ਹਵਾ 'ਚ ਲਹਿਰਾਉਂਦੇ ਆਖਿਆ, "ਸਿਰਫ਼ ਇਕ ਤੂੰ ਏਂ ਜਿਹੜਾ ਸਕੂਲ ਬਾਰੇ ਆਪਣੇ ਪ੍ਰਭਾਵ ਜਾਣਦਾਂ। ਹੋਰ ਕਿਸੇ ਨੂੰ ਕੁਛ ਪਤਾ ਨਹੀਂ। ਫਿਰ ਵੀ ਤੂੰ ਘਬਰਾਇਆ ਹੋਇਆਂ।"

"ਕਹਿਣਾ ਕੀ ਆ ਮੈਨੂੰ ਤਾਂ ਇਹ ਵੀ ਨਹੀਂ ਪਤਾ।"

"ਇਹ ਤਾਂ ਬੜਾ ਸੌਖਾ ਕੰਮ ਆ। ਤੂੰ ਉਹਨਾਂ ਨੂੰ ਇਹ ਨਾ ਦੱਸੀਂ ਕਿ ਏਥੋਂ ਦੇ ਅਤੇ ਪੰਜਾਬ ਦੇ ਸਕੂਲਾਂ ਵਿਚ ਕੀ ਫ਼ਰਕ ਆ। ਇਹ ਦੱਸੀਂ ਕਿ ਏਥੋਂ ਦੇ ਮੁੰਡੇ ਕੁੜੀਆਂ ਨੇ ਤੇਰੇ ਨਾਲ ਕਿਸ ਤਰ੍ਹਾਂ ਦਾ ਵਰਤਾਅ ਕੀਤਾ ਅਤੇ ਤੂੰ ਉਸ ਬਾਰੇ ਕਿਸ ਤਰ੍ਹਾਂ ਮਹਿਸੂਸ ਕੀਤਾ। ਜੇ ਉਹਨਾਂ ਨੇ ਤੇਰੇ ਨਾਲ ਚੰਗਾ ਸਲੂਕ ਕੀਤਾ ਤਾਂ ਉਨ੍ਹਾਂ ਦਾ ਸ਼ੁਕਰੀਆ ਅਦਾ ਕਰੀਂ, ਨਹੀਂ ਤਾਂ ਸਾਫ਼ ਸਾਫ਼ ਆਪਣਾ ਗੁੱਸਾ ਜ਼ਾਹਰ ਕਰ ਦੇਵੀਂ।"

"ਤੁਹਾਡੀ ਗੱਲ ਤੋਂ ਤਾਂ ਲੱਗਦਾ ਇਹ ਗੱਲ ਕੁਛ ਵੀ ਨਹੀਂ, ਬੜੀ ਸੌਖੀ ਆ।"

"ਇਹ ਹੈ ਹੀ ਬੜੀ ਸੌਖੀ। ਮੈਂ ਤੇਰੀ ਮਦਦ ਕਰਾਂਗਾ।"

ਮਲੂਕੇ ਨੇ ਮਹਿਸੂਸ ਕੀਤਾ ਕਿ ਉਸ ਤੋਂ ਮਣਾਂ ਮੂੰਹੀਂ ਭਾਰ ਲੱਥ ਗਿਆ। ਉਹ ਥੋੜ੍ਹਾ ਹੌਂਸਲੇ 'ਚ ਆ ਗਿਆ।

"ਦੇਖ ਮੁੰਡਿਆ ਤੂੰ ਭਾਸ਼ਨ ਲਿਖ ਕੇ ਮੇਰੇ ਕੋਲ ਲੈ ਆ। ਜੇ ਕੁਛ ਠੀਕ ਕਰਨ ਵਾਲਾ ਹੋਇਆ, ਮੈਂ ਕਰ ਦੇਵਾਂਗਾ। ਫਿਰ ਤੂੰ ਉਸ ਨੂੰ ਵਾਰ ਵਾਰ ਪੜ੍ਹੀਂ। ਫਿਰ ਇਕ ਦਿਨ ਮੈਨੂੰ ਆਪਣਾ ਸੂਤਾ ਸਮਝ ਮੇਰੇ ਅੱਗੇ ਭਾਸ਼ਨ ਕਰੀਂ।"

"ਮਿਹਰਬਾਨੀ ਮਿਸਟਰ ਬਰੈੱਡਫੋਰਡ! ਤੁਸੀਂ ਕਿੰਨੇ ਸਹਾਇਕ ਅਤੇ ਦਿਆਲੂ ਹੋ।"

ਪੂਰੇ ਇਕ ਹਫਤੇ ਬਾਅਦ ਮਲੂਕੇ ਨੇ ਪਲੇਨਰ ਮਿੱਲ ਦੀ ਸ਼ੈੱਡ 'ਚ ਚੁੱਪ ਮਸ਼ੀਨਾਂ ਅਤੇ ਮਿਸਟਰ ਬਰੈੱਡਫੋਰਡ ਸਾਹਮਣੇ ਆਪਣਾ ਭਾਸ਼ਣ ਪੜ੍ਹਿਆ। ਮਿਸਟਰ ਬਰੈੱਡਫੋਰਡ ਨੇ ਹੌਂਸਲੇ ਭਰੀਆਂ ਸਿਫ਼ਤਾਂ ਦੇ ਨਾਲ ਨਾਲ 'ਰਘਬੀ' ਦੇ ਕੋਚ ਵਾਂਗ ਕੁਛ ਹਦਾਇਤਾਂ ਵੀ ਦਿੱਤੀਆਂ। "ਠੋਡੀ ਨੂੰ ਥੋੜ੍ਹਾ ਉੱਚਾ ਰੱਖ ਮਲੂਕਿਆ ਅਤੇ ਪਰਲੇ ਸਿਰੇ 'ਤੇ ਨਿਗ੍ਹਾ ਰੱਖ।"

"ਏਨਾ ਤੇਜ਼ ਨਾ ਬੋਲ। ਇਸ ਤਰ੍ਹਾਂ ਬੋਲ ਜਿਵੇਂ ਤੂੰ ਕਿਸੇ ਨਾਲ ਗੱਲਾਂ ਕਰ ਰਿਹਾ ਹੋਵੇਂ।"

"ਥੋੜ੍ਹੇ ਠਰ੍ਹੰਮੇ ਨਾਲ ਮਲੂਕਿਆ, ਥੋੜ੍ਹੇ ਠਰ੍ਹੰਮੇ ਨਾਲ।"

"ਆਪਣੇ ਭਾਸ਼ਣ ਨਾਲ ਇਕ ਮਿੱਕ ਹੋ ਜਾ। ਸਾਰੇ ਆਪੇ—ਚਿਹਰੇ, ਅੱਖਾਂ, ਸ਼ਰੀਰ ਅਤੇ ਹੱਥਾਂ ਨੂੰ ਬੋਲਣ ਦੇ।"

"ਕੱਲ੍ਹ ਸ਼ਾਮੀਂ ਤੇਰਾ ਭਾਸ਼ਨ ਬਹੁਤ ਵਧੀਆ ਸੀ", ਡੋਰਿਸ ਨੇ ਕਿਹਾ, "ਮੈਂ ਤਾਂ ਮਲੂਕੇ ਡਰ ਨਾਲ ਹੀ ਜੰਮ ਜਾਣਾ ਸੀ।"

"ਮਿੱਲ ਵਿਚ ਮਿਸਟਰ ਬਰੈੱਡਫੋਰਡ ਨੇ ਬਹੁਤ ਮਦਦ ਕੀਤੀ।"

"ਪਰ ਫਿਰ ਵੀ ਅਸਲੀ ਸਿਹਰਾ ਤੇਰੇ ਸਿਰ ਹੈ। ਇਹ ਤੂੰਹੇਂ ਸੀ ਜਿਸਨੇ ਮੰਚ ਉੱਤੇ ਖੜ੍ਹ ਕੇ ਭਾਸ਼ਨ ਦਿੱਤਾ। ਤੂੰ ਸਾਡੇ ਸਾਰਿਆਂ ਬਾਰੇ ਬੜੀਆਂ ਚੰਗੀਆਂ ਗੱਲਾਂ ਕੀਤੀਆਂ। ਸਾਰਿਆਂ ਨੂੰ ਬਹੁਤ ਪਸੰਦ ਆਈਆਂ।"

"ਚੰਗੇ ਲੋਕਾਂ ਬਾਰੇ ਚੰਗੀਆਂ ਗੱਲਾਂ ਕਰਨੀਆਂ ਬਹੁਤ ਸੌਖੀਆਂ ਹਨ।"

"ਤੂੰ ਬਹੁਤ ਮਿਹਨਤ ਨਾਲ ਪੜ੍ਹਾਈ ਕਰ ਰਿਹਾ ਹੋਵੇਂਗਾ? ਹੁਣ ਇਮਤਿਹਾਨ

ਸਿਰ ਉੱਤੇ ਹਨ।"

"ਪਰ ਤੈਨੂੰ ਤਾਂ ਫਿਕਰ ਕਰਨ ਦੀ ਲੋੜ ਨਹੀਂ ਤੂੰ ਤਾਂ ਵਥੇਰੀ ਹੁਸ਼ਿਆਰ ਏਂ।"

"ਮੈਨੂੰ ਇਮਤਿਹਾਨਾਂ ਤੋਂ ਬਹੁਤ ਡਰ ਲੱਗਦਾ। ਮੈਨੂੰ ਬਹੁਤ ਫਿਕਰ ਹੈ।"

"ਤੂੰ ਛੁਟੀਆਂ 'ਚ ਕੀ ਕਰਨਾ ਹੈ?"

"ਪਤਾ ਨਹੀਂ। ਹਾਲੇ ਤਕ ਤਾਂ ਕੁਛ ਪੱਕਾ ਨਹੀਂ।"

"ਅੱਛਾ, ਤੂੰ ਅਗਲੇ ਸਤੰਬਰ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਵਿਚ ਦਾਖ਼ਲਾ ਲਵੇਂਗੀ?"

"ਲੱਗਦਾ ਨਹੀਂ ਮਲੂਕੇ। ਡੈਡੀ ਨੂੰ ਕੈਨੇਡੀਅਨ ਰੇਲਵੇ ਦੀ ਕੈਲਗਰੀ ਵਾਲੀ ਵਰਕਸ਼ਾਪ ਵਿਚ ਏਥੋਂ ਨਾਲੋਂ ਚੰਗੀ ਨੌਕਰੀ ਮਿਲ ਗਈ ਹੈ।"

"ਉਹ ਤਾਂ ਬਹੁਤ ਦੂਰ ਹੈ। ਮੈਂ ਤੈਨੂੰ ਯਾਦ ਕਰਿਆ ਕਰੂੰ।"

"ਇਮਤਿਹਾਨ ਚੰਗੇ ਹੋਣ।"

"ਤੇਰੇ ਵੀ।"

21

ਹੋਰ ਮਹੀਨੇ ਦੇ ਅੰਤ 'ਤੇ ਮਲੂਕਾ ਮੈਰੀਨ ਡਰਾਈਵ ਦੁਆਲੇ ਰਹਿੰਦੇ ਰਤਨ ਸਿੰਘ ਦੇ ਗਾਹਕਾਂ ਤੋਂ ਦੁੱਧ ਦੇ ਪੈਸੇ ਇਕੱਠੇ ਕਰਿਆ ਕਰਦਾ ਸੀ। ਉਸ ਦਿਨ ਉਸ ਨੂੰ ਵਾਪਿਸ ਆਉਣ ਲਈ ਕੁਵੇਲਾ ਹੋ ਗਿਆ ਸੀ। ਅਜੇ ਉਹ ਮਿੱਲ ਨੂੰ ਜਾਂਦੀ ਬੱਲੀਆਂ ਦੀ ਬਣੀ ਨੀਵੀਂ ਸੜਕ ਵੱਲ ਮੁੜਨ ਲੱਗਾ ਸੀ ਕਿ ਉਹਨੂੰ ਦਿਹਾੜੀ ਮੁੱਕਣ ਦੀ ਲੰਮੀ ਸੀਟੀ ਸੁਣੀ। ਉਹ ਬਹੁਤ ਹੈਰਾਨ ਹੋਇਆ। ਇਸ ਲਈ ਅਜੇ ਬਹੁਤ ਕੁਵੇਲਾ ਸੀ। ਫਿਰ ਇਕ ਹੋਰ ਅਤੇ ਉਸ ਤੋਂ ਬਾਅਦ ਇਕ ਹੋਰ ਲੰਮੀ ਸੀਟੀ ਦੀ ਆਵਾਜ਼ ਆਈ।

ਥੋੜ੍ਹੀ ਥੋੜ੍ਹੀ ਵਿੱਥ ਪਾ ਕੇ ਪੰਜ ਲੰਮੀਆਂ ਅਤੇ ਚੀਕਵੀਆਂ ਸੀਟੀਆਂ ਨੇ ਹਵਾ ਨੂੰ ਚੀਰ ਛਿੱਤਾ। ਦੋ ਸੀਟੀਆਂ ਦੇ ਵਿਚਕਾਰ ਦੀ ਚੁੱਪ ਬਹੁਤ ਡਰਾਉਣੀ ਜਾਪਦੀ ਸੀ।

ਅੱਗ ਲੱਗ ਗਈ ਸੀ।

ਮਲੂਕਾ ਬਿਨਾਂ ਬਰੇਕਾਂ ਲਾਇਆਂ ਤੇਜ਼ੀ ਨਾਲ ਪੈਡਲ ਮਾਰਦਾ ਖੜ-ਖੜ ਕਰਦੀ ਲਕੜੀ ਦੀ ਸੜਕ ਉੱਪਰ ਦੀ ਮਿੱਲ ਵੱਲ ਵਧਿਆ।

ਅੱਗ ਹੁਣ ਤਕ ਸਾਰੀ ਮਿੱਲ ਨੂੰ ਤਬਾਹ ਕਰ ਚੁੱਕੀ ਸੀ।

ਤੇਲ, ਰੱਦੀ ਅਤੇ ਪੁਰਾਣੀ ਸੁੱਕੀ ਲੱਕੜੀ ਕਾਰਨ ਅੱਗ ਦੀਆਂ ਲਾਟਾਂ ਛੇਤੀ ਹੀ ਕਾਂਬੜ ਬਣ ਗਈਆਂ ਸਨ। ਅੱਗ ਡਾਇਣ ਵਾਂਗ ਜੀਭ ਕੱਢੀ ਨਾਲ ਦੀਆਂ ਇਮਾਰਤਾਂ ਵੱਲ ਵੀ ਵਧੀ ਅਤੇ ਛੇਤੀ ਹੀ ਪਲੇਨਰ ਮਿੱਲ, ਡਰਾਈ ਕਿਲਨ ਅਤੇ ਸਟੋਰ ਦੀਆਂ ਇਮਾਰਤਾਂ ਵੀ ਲਪੇਟ ਵਿਚ ਆ ਗਈਆਂ। ਜਦੋਂ ਤੱਕ ਸਾਊਥ ਵੈਨਕੂਵਰ ਤੋਂ ਮਿਊਂਸਪੈਲਟੀ ਦੀਆਂ ਅੱਗ ਬੁਝਾਉਣ ਵਾਲੀਆਂ ਗੱਡੀਆਂ ਪਹੁੰਚੀਆਂ, ਉਦੋਂ ਤੱਕ ਸਿਰਫ ਲੱਕੜਾਂ ਰੱਖਣ ਵਾਲਾ ਵਿਹੜਾ ਹੀ ਬਚਾਉਣ ਲਈ ਬਚਿਆ ਸੀ।

ਨੀਲੀਆਂ ਡਾਂਗਰੀਆਂ ਪਾਈ ਕਾਮੇ ਬੇਬਸ ਅਤੇ ਉਦਾਸ ਖੜ੍ਹੇ ਸਨ, ਜਿਵੇਂ ਉਹ ਦਾਹ-ਸੰਸਕਾਰ ਉੱਤੇ ਆਏ ਹੋਏ ਹੋਣ। ਅੱਧੇ ਘੰਟੇ ਤੋਂ ਵੀ ਘੱਟ ਸਮੇਂ ਵਿਚ ਉਹਨਾਂ ਦੀ ਰੋਜ਼ੀ, ਧੂੰਏਂ ਦੇ ਬੱਦਲਾਂ ਵਿਚ ਅਲੋਪ ਹੋ ਗਈ ਸੀ। ਰਾਤ ਦੇ ਹਨੇਰੇ ਵਿਚ ਮਿੱਲ ਦੀ ਲਹਿੰਦ ਖੂੰਹਲ ਸੁਰਖ ਕੋਲਿਆਂ ਵਾਂਗ ਚਮਕਦੀ ਰਹੀ। ਅਤੇ ਫਰੇਜ਼ਰ ਦਰਿਆ ਦੇ ਕੰਢੇ ਮੌਤ ਵਰਗੀ ਚੁੱਪ ਪਸਰੀ ਹੋਈ ਸੀ। ਕੁੱਕ ਹਾਊਸ ਦੀ ਮੱਧਮ ਰੌਸ਼ਨੀ 'ਚ ਬੈਠੇ ਸਿੱਖ ਕਾਮੇ ਇਸ ਬਦਬਖ਼ਤੀ ਬਾਰੇ ਧੀਮੀਂ ਅਵਾਜ਼ ਵਿਚ ਗੱਲਾਂ ਕਰ ਰਹੇ ਸਨ।

ਹਫ਼ਤੇ ਵਿਚ ਹੀ ਸਭ 'ਬੰਕ ਹਾਊਸ' ਖ਼ਾਲੀ ਹੋ ਗਏ। ਨਾ ਕਿਸੇ ਨੇ ਰਸੋਈ ਦੇ ਸਟੋਵ ਵਿਚ ਅਤੇ ਨਾ ਹੀ ਗਰਮ ਪਾਣੀ ਵਾਲੇ ਡਰੰਮ ਹੇਠਾਂ ਅੱਗ ਬਾਲੀ ਪੱਸਰੀ ਚੁੱਪ ਵਹਿਸ਼ੀ ਉਦਾਸੀ ਵਿਚ ਬਦਲ ਗਈ ਸੀ। ਇੰਝ ਲੱਗਦਾ ਸੀ ਕਿ ਤੇਜ਼ ਰਫ਼ਤਾਰੀ ਪਲ, ਜਿਨ੍ਹਾਂ ਵਿਚੋਂ ਲੰਘ ਕੇ, ਇਕ ਸਾਲ ਝੱਟ ਬੀਤ ਗਿਆ ਸੀ, ਅਟਕ ਗਏ ਹੋਣ।

ਬਹੁਤੇ ਕਾਮੇ ਬਿਸਤਰੇ ਬੰਨ੍ਹ ਅਤੇ ਆਪਣਾ ਥੋੜ੍ਹਾ ਬਹੁਤਾ ਸਮਾਨ ਟੁੱਟੇ-ਫੁੱਟੇ 'ਸੂਟਕੇਸਾਂ' 'ਚ ਬੰਦ ਕਰ ਨਵੀਂ ਨੌਕਰੀ ਦੀ ਤਲਾਸ਼ ਵਿਚ ਚਲ ਪਏ। ਪਰ ਮੰਦਵਾੜੇ ਦੇ ਇਹਨਾਂ ਦਿਨਾਂ ਵਿਚ ਨਵੀਂ ਨੌਕਰੀ ਮਿਲਣੀ ਸੌਖੀ ਨਹੀਂ ਸੀ।

ਖ਼ਸ਼ਕਿਸਮਤੀ ਨਾਲ ਟੱਬਰਾਂ ਤੋਂ ਬਿਨਾਂ ਹੋਣ ਕਾਰਨ, ਉਹ ਇਕ ਥਾਂ ਤੋਂ ਦੂਜੀ ਥਾਂ ਬਿਨਾਂ ਕਿਸੇ ਰੋਕ ਟੋਕ ਦੇ ਆ ਜਾ ਸਕਦੇ ਸਨ। ਇਸ ਤੋਂ ਇਲਾਵਾ ਕਾਮਿਆਂ ਵਿਚ ਇਕ ਬੜਾ ਸ਼ਲਾਘਾਯੋਗ ਰਿਵਾਜ ਪ੍ਰਚਲਤ ਸੀ। ਕੰਮ ਲੱਭਣ ਆਏ ਵਿਅਕਤੀ ਕਿਸੇ ਵੀ ਕੈਂਪ ਵਿਚ ਜਾ ਕੇ ਉੱਨਾ ਚਿਰ ਮੁਫ਼ਤ ਖਾ ਪੀ ਅਤੇ ਰਹਿ ਸਕਦੇ ਸਨ ਜਿੰਨਾ ਚਿਰ ਉਹਨਾਂ ਨੂੰ ਕੰਮ ਨਹੀਂ ਸੀ ਮਿਲਦਾ। ਬਹੁਤੇ ਕਾਮੇ ਵੈਨਕੂਵਰ ਆਈਲੈਂਡ, ਓਕਨਆਗਨ ਵੈਲੀ ਜਾਂ ਬੀ. ਸੀ. ਦੇ ਅੰਦਰ ਰੁਖ ਚਲੇ ਗਏ ਸਨ। ਸ਼ਾਮ ਸਿੰਘ, ਜੱਗੇ, ਪ੍ਰੇਮ, ਸੰਤੋਖ ਸਿੰਘ ਸਮੇਤ ਦਰਜਨ ਦੇ ਕਰੀਬ ਲੋਕਾਂ ਨੇ ਇੰਡੀਆ ਵਾਪਿਸ ਜਾਣ ਦਾ ਫੈਸਲਾ ਕਰ ਲਿਆ। ਕਮਿਊਨਿਟੀ ਵਿਚ ਇੱਜ਼ਤ, ਮਿਲਾਪੜੇ ਸੁਭਾਅ ਅਤੇ ਧਰਮ ਵਿਚ ਸੱਚੇ ਯਕੀਨ ਕਾਰਨ ਨੱਥਾ ਸਿੰਘ ਨੂੰ ਵੈਨਕੂਵਰ ਦੇ ਗੁਰਦੁਆਰੇ ਦਾ ਗ੍ਰੰਥੀ ਬਣਾ ਦਿੱਤਾ ਗਿਆ।

ਕੁਝ ਹੋਰ ਸਿਆਣੀ ਉਮਰ ਦੇ ਲੋਕ ਜਿਨ੍ਹਾਂ ਨੂੰ ਕੰਮ ਮਿਲਣ ਦੀ ਆਸ ਘੱਟ ਸੀ ਅਤੇ ਨਾ ਹੀ ਉਹ ਵਾਪਿਸ ਦੇਸ਼ ਜਾਣਾ ਚਾਹੁੰਦੇ ਸਨ ਉਥੇ ਥੋੜ੍ਹਾ ਚਿਰ ਹੋਰ ਠਹਿਰੇ। ਪਰ ਛੇਤੀ ਹੀ ਉਹ ਵੀ ਚਲੇ ਗਏ ਅਤੇ ਸ਼ੈਕ ਵਿਚ ਮਲੂਕਾ ਇਕੱਲਾ ਰਹਿ ਗਿਆ। ਕਦੇ ਕਦੇ ਉਹ ਫਰੇਜ਼ਰ ਦਰਿਆ ਦੇ ਕੰਢੇ ਬੈਂਚ ਉੱਤੇ ਬੈਠਾ ਸ਼ਾਮ ਦੇ ਹਨੇਰੇ ਨੂੰ ਹੋਰ ਸੰਘਣਾ ਹੁੰਦਾ ਦੇਖਦਾ। ਇਸ ਚੁੱਪ ਵਿਚ ਝਾੜੀਆਂ ਖਹਿਣ ਨਾਲ ਪੈਦਾ ਹੁੰਦੀ ਕਲਕਲ ਇਕੱਲ ਨੂੰ ਘਟਾਉਂਦੀ। ਛੇਤੀ ਹੀ ਦਿਸਦੀਆਂ ਵਸਤਾਂ ਦੇ ਆਕਾਰ ਧੁੰਧਲੇ ਪੈ ਜਾਂਦੇ ਅਤੇ ਉੱਚੇ ਫਰ ਦੇ ਦਰੱਖਤਾਂ ਦੀ ਰੂਪ ਰੇਖਾ ਅਸਮਾਨ ਸਾਹਮਣੇ ਉੱਚੀਆਂ ਕਾਲੀਆਂ ਟੀਰੀਆਂ ਵਾਂਗ ਲੱਗਦੀ। ਦਰਿਆ ਦੀ ਮਿੱਟੀ ਰੰਗੀ ਸਤਹ ਅਤੇ ਕੰਢਿਆਂ ਉੱਤੇ ਲੱਗੀਆਂ ਝਾੜੀਆਂ ਨੂੰ ਰਾਤ ਦਾ ਹਨੇਰਾ ਆਪਣੇ ਵਿਚ ਸਮੋ ਲੈਂਦਾ। ਮਲੂਕਾ ਕੁੱਕ-ਹਾਊਸ ਵਿਚ ਸੁਣੀਆਂ ਅਵਾਜ਼ਾਂ ਬਾਰੇ ਸੋਚਦਾ। ਅਤੇ ਫਿਰ ਇਕ ਨਸੀਹਤ ਉਹਦੇ ਕੰਨਾਂ 'ਚ ਗੂੰਜਦੀ, "ਮਲੂਕਿਆ ਤੂੰ ਜ਼ਰੂਰ ਪੜ੍ਹੀਂ ਅਤੇ ਫਿਰ ਇਕ ਦਿਨ ਸਾਡੀ ਕਹਾਣੀ ਲਿਖੀਂ।"

22

ਮਲੂਕੇ ਨੂੰ ਸਿੱਖ ਧਰਮ ਲਈ ਲਗਨ ਉਹਦੀ ਮਾਂ ਕੋਲੋਂ ਹੀ ਲੱਗੀ ਸੀ, ਘਰ ਸਿੱਖ ਕਮਿਊਨਿਟੀ ਦੇ ਕੰਮਾਂ ਵਿਚ ਉਹਦੀ ਦਿਲਚਸਪੀ ਗੁਰਦੁਆਰੇ ਜਾਣ ਕਰ ਕੇ ਹੀ ਵਧੀ।

ਉਹਨੇ ਸਿੱਖ ਗੁਰੂਆਂ ਦੇ ਉਪਦੇਸ਼ ਅਤੇ ਉਹਨਾਂ ਦੇ ਕੰਮਾਂ ਦੀ ਮਹੱਤਤਾ ਬਾਰੇ ਆਪਣੇ ਛੋਟੇ ਜਿਹੇ ਪਿੰਡ ਵਿਚ ਹੀ ਕਾਫ਼ੀ ਕੁਝ ਸਿੱਖ ਲਿਆ ਸੀ। ਪਿੰਡ ਵਿਚ ਹੀ ਅੰਮ੍ਰਿਤ ਛਕ ਲਿਆ ਸੀ ਅਤੇ ਕਿਰਪਾਨਧਾਰੀ ਖ਼ਾਲਸਾ ਸਜ ਗਿਆ ਸੀ।

ਅੰਮ੍ਰਿਤ ਵੇਲੇ ਜਦੋਂ ਅਜੇ ਪਹੁ ਫੁਟਾਲਾ ਹੀ ਹੁੰਦਾ ਸੀ, ਮਲੂਕੇ ਦੀ ਮਾਂ ਘਰ ਦਾ ਕੰਮਕਾਜ ਕਰਦੀ ਅਤੇ ਨਾਲੇ ਜਪੁਜੀ ਸਾਹਿਬ ਦਾ ਪਾਠ ਕਰਦੀ। ਇਸ ਤਰ੍ਹਾਂ ਹਰ ਸਵੇਰੇ ਮਲੂਕੇ ਦੀ ਅੱਖ ਖੁਲ੍ਹਦਿਆਂ ਹੀ ਉਹਦੇ ਕੰਨਾਂ ਵਿਚ ਜਪੁਜੀ ਸਾਹਿਬ ਦੀ ਮਿੱਠੀ ਬਾਣੀ ਦਾ ਮਧੁਰ ਸੰਗੀਤ ਪੈਂਦਾ। ਉਹਨੂੰ ਇਸ ਤਰ੍ਹਾਂ ਮਹਿਸੂਸ ਹੁੰਦਾ, ਜਿਵੇਂ ਸਾਰੀ ਦੀ ਸਾਰੀ ਕਾਇਨਾਤ ਹੀ ਹਨੇਰੇ ਵਿਚੋਂ ਉਜਾਗਰ ਹੋ ਹੌਲੀ-ਹੌਲੀ ਰੰਗਾਂ, ਸੰਗੀਤ ਅਤੇ ਖ਼ੁਸ਼ੀ ਨਾਲ ਭਰ ਜਾਂਦੀ।

ਮਲੂਕੇ ਨੂੰ ਰਹਿਰਾਸ ਦੀ ਅਰਦਾਸ ਦੇ ਅਸਲੀ ਅਰਥਾਂ ਦੀ ਬਹੁਤੀ ਸਮਝ ਨਹੀਂ ਸੀ। ਬਾਣੀ ਦੀ ਸੋਲ੍ਹਵੀਂ ਸਦੀ ਦੀ ਪੰਜਾਬੀ ਵਿਚ ਸੰਸਕ੍ਰਿਤ ਅਤੇ ਫ਼ਾਰਸੀ ਦੇ ਲਫ਼ਜ਼ਾਂ ਦੀ ਭਰਮਾਰ ਹੋਣ ਕਰ ਕੇ ਉਹਦੇ ਪੱਲੇ ਮਧੁਰ ਸੰਗੀਤ ਤੋਂ ਵਾਧੂ ਕੁਝ ਨਾ ਪੈਂਦਾ। ਪਰ ਉਹ ਦਿਨ ਚੜ੍ਹਦੇ ਰੱਬ ਦੀ ਮਹਿਮਾ ਕਰਨ ਵਾਲੇ ਸੰਗੀਤ ਵਜੋਂ ਇਹਨੂੰ ਪਿਆਰ ਨਾਲ ਸੁਣਦਾ।

"ਪੁੱਤ, ਤੈਨੂੰ ਰਹਿਰਾਸ ਦਾ ਪਾਠ ਕਰਨਾ ਸਿੱਖਣਾ ਚਾਹੀਦਾ ਹੈ", ਉਹਦੀ ਮਾਂ ਉਹਨੂੰ ਸਵੇਰੇ ਸਕੂਲ ਜਾਣ ਤੋਂ ਪਹਿਲਾਂ ਖਾਣਾ ਖੁਆਣ ਵੇਲੇ ਪਿਆਰ ਨਾਲ ਕਹਿੰਦੀ।

"ਮੈਂ ਕਾਹਦੇ ਲਈ ਅਰਦਾਸ ਕਰਿਆ ਕਰਾਂ ਮਾਂ ?" ਮਲੂਕਾ ਆਪਣੀ ਮਾਂ ਨੂੰ ਪੁੱਛਦਾ।

"ਪੁੱਤ, ਜੋ ਕੁਛ ਆਪਾਂ ਨੂੰ ਰੱਬ ਨੇ ਦਿੱਤਾ ਹੋਇਆ। ਇੰਨੀ ਸੁਹਣੀ ਰੱਬ ਦੀ ਲੀਲ੍ਹਾ ਆ। ਸੱਭ ਤੋਂ ਵੱਧ ਤੈਨੂੰ ਚਾਨਣ ਲਈ ਅਰਦਾਸ ਕਰਨੀ ਚਾਹੀਦੀ ਹੈ

ਜਿਹਦੇ ਬਿਨਾਂ ਸਭ ਹਨੇਰਾ ਆ ਤੇ ਚਾਨਣ ਤੈਨੂੰ ਗੁਰੂ ਦੀ ਕਿਰਪਾ ਨਾਲ ਹੀ ਮਿਲ ਸਕਦਾ ਹੈ। ਪਰ ਇਸ ਸਭ ਕਾਸੇ ਲਈ ਸੱਚੇ ਦਿਲੋਂ ਅਰਦਾਸ ਕਰਨੀ ਚਾਹੀਦੀ ਹੈ।"

"ਅੱਛਾ ਮਾਂ", ਮਲੂਕਾ ਗੱਲ ਦੀ ਪੂਰੀ ਸਮਝ ਨਾ ਹੋਣ ਦੇ ਬਾਵਜੂਦ ਆਪਣੀ ਮਾਂ ਨਾਲ ਸਹਿਮਤ ਹੋ ਜਾਂਦਾ। ਉਹਨੂੰ ਇਸ ਗੱਲ ਦਾ ਯਕੀਨ ਸੀ ਕਿ ਜੋ ਕੁਝ ਮਾਂ ਕਹਿੰਦੀ ਸੀ ਉਹ ਸੱਚ ਸੀ ਅਤੇ ਉਹਨੂੰ ਆਪਣੀ ਮਾਂ ਦਾ ਕਿਹਾ ਮੰਨਣਾ ਚਾਹੀਦਾ ਹੈ।

"ਵੱਡਾ ਹੋ ਕੇ ਤੂੰ ਇਕ ਦਿਨ ਅੰਮ੍ਰਿਤਸਰ ਜਾਵੀਂ। ਤੈਨੂੰ ਪਤਾ ਗੁਰੂ ਅਰਜਨ ਦੇਵ ਨੇ ਸਰੋਵਰ ਦਾ ਕੰਮ ਨੇਪਰੇ ਚਾੜ੍ਹਿਆ ਸੀ ਅਤੇ ਹਰਿਮੰਦਰ ਸਾਹਿਬ ਦੀ ਉਸਾਰੀ ਕੀਤੀ ਸੀ। ਉੱਥੇ ਬੈਠ ਕੇ ਹੀ ਉਹਨਾਂ ਨੇ ਗੁਰੂ ਗ੍ਰੰਥ ਦਾ ਕੰਮ ਪੂਰਾ ਕੀਤਾ ਸੀ। ਉਥੇ ਤੂੰ ਹਰਿਮੰਦਰ ਸਾਹਿਬ ਵਿਚ ਗੁਰੂ ਸਾਹਿਬਾਂ ਦੀ ਬਾਣੀ ਸੁਣੀਂ, ਨਾਲੇ ਸਰੋਵਰ 'ਚ ਇਸ਼ਨਾਨ ਕਰੀਂ। ਕਿੰਨਾ ਚੰਗਾ ਹੋਵੇ ਜੇ ਕਿਤੇ ਆਪਾਂ ਇਕੱਠੇ ਜਾ ਸਕੀਏ।"

ਭਾਵੇਂ ਮਲੂਕੇ ਨੂੰ ਸਿੱਖ ਧਰਮ ਵਲ ਰੁਚੀ ਆਪਣੀ ਮਾਂ ਕੋਲੋਂ ਮਿਲੀ ਪਰ ਸਿੱਖ ਗੁਰੂਆਂ ਦੇ ਜੀਵਨ ਬਾਰੇ ਗਿਆਨ ਉਹਨੂੰ ਮਾਤਾ ਗੁਜਰੀ ਕੋਲੋਂ ਮਿਲਿਆ।

ਮਾਤਾ ਗੁਜਰੀ ਮਧੁਰੇ ਜਿਹੇ ਕੱਦ ਦੀ ਬਹੁਤ ਹੀ ਧਾਰਮਿਕ ਖ਼ਿਆਲਾਂ ਵਾਲੀ ਔਰਤ ਸੀ। ਭਾਵੇਂ ਉਹਦੇ ਸਾਰੇ ਵਾਲ ਚਿੱਟੇ ਹੋ ਗਏ ਸਨ, ਪਰ ਉਹਦੇ ਸਰੀਰ ਵਿਚ ਅਜੇ ਵੀ ਜਵਾਨਾਂ ਵਾਲੀ ਫੁਰਤੀ ਸੀ। ਉਹਦਾ ਬਹੁਤ ਹੀ ਸੁਹਣਾ ਨਿੱਖਰਿਆ ਹੋਇਆ ਮੂੰਹ ਸੀ, ਵੱਡੀਆਂ ਵੱਡੀਆਂ ਚਮਕਦੀਆਂ ਅੱਖਾਂ 'ਚੋਂ ਦਇਆ ਡੱਲ-ਡੱਲ ਪੈਂਦੀ ਅਤੇ ਉਹਦੇ ਬੁੱਲ੍ਹਾਂ ਉੱਤੇ ਸਦਾ ਮੁਸਕਾਨ ਮੇਲਦੀ ਰਹਿੰਦੀ। ਉਹ ਅੰਮ੍ਰਿਤਸਰ ਇਕ ਪੜ੍ਹੇ-ਲਿਖੇ ਸਿੱਖ ਪ੍ਰਵਾਰ ਵਿਚ ਜੰਮੀ ਪਲੀ ਸੀ ਅਤੇ ਪਿੰਡ ਵਾਲੇ ਉਹਦੀ ਸਿਆਣਪ ਅਤੇ ਚੰਗੇ ਵਰਤਾਅ ਕਰ ਕੇ ਉਹਦੀ ਬਹੁਤ ਇੱਜ਼ਤ ਕਰਦੇ ਸਨ। ਉਹਦੇ ਅੰਦਰਲੀ ਭਾਵਨਾ ਅਤੇ ਕਵਿਤਾ ਲਈ ਉਹਦੀ ਲਗਨ ਨੇ ਉਹਨੂੰ ਇਕ ਬਹੁਤ ਹੀ ਵਧੀਆ ਅਧਿਆਪਕਾ ਬਣਾ ਦਿੱਤਾ ਸੀ। ਜਦੋਂ ਉਹ ਸਿੱਖ ਗੁਰੂਆਂ ਬਾਰੇ ਗੱਲਾਂ ਕਰਦੀ ਤਾਂ ਉਹਦੇ ਮੂੰਹ ਵਿਚੋਂ ਸ਼ਬਦ ਮਧੁਰ ਸੰਗੀਤ ਵਾਂਗ ਝਰਦੇ ਅਤੇ ਜਦੋਂ ਉਹ ਗ੍ਰੰਥ ਸਾਹਿਬ ਵਿਚੋਂ ਸ਼ਬਦ ਉਚਾਰਦੀ ਤਾਂ ਸਰੋਤਿਆਂ ਉੱਪਰ ਜਾਦੂਮਈ ਅਸਰ ਕਰਦੀ।

ਮਲੂਕਾ ਕਿੰਨੇ ਹੀ ਵਰ੍ਹੇ ਆਪਣੇ ਦੋਸਤ ਬਲਵੰਤ ਸਿੰਘ ਨਾਲ ਹਰ ਐਤਵਾਰ ਨੂੰ ਮਾਤਾ ਗੁਜਰੀ ਦੇ ਘਰ ਧਾਰਮਿਕ ਵਿਦਿਆ ਸਿਖਣ ਜਾਂਦਾ ਰਿਹਾ ਸੀ। ਉਹਦਾ ਘਰ ਲਾਲ ਇੱਟਾਂ ਦਾ ਬਣਿਆ ਹੋਇਆ ਸੀ ਜਿਹਦੇ ਵਿਚ ਬਹੁਤ ਸੋਹਣੀ ਬਗੀਚੀ ਵੀ ਲਾਈ ਹੋਈ ਸੀ।

"ੴ, ਸਤਿਨਾਮ। ਗੁਰੂ ਸਾਹਿਬ ਫਰਮਾਉਂਦੇ ਹਨ ਪ੍ਰਮਾਤਮਾ ਇਕ ਹੈ ਤੇ ਉਹ ਸਭ ਤੋਂ ਵੱਡਾ ਸੱਚ ਹੈ।"

"ਸਭ ਤੋਂ ਜ਼ਰੂਰੀ ਸਮਝਣ ਵਾਲੀ ਗੱਲ ਇਹੋ ਹੀ ਹੈ", ਉਹ ਆਪਣਾ ਪਤਲਾ ਜਿਹਾ ਹੱਥ ਚੁੱਕ ਕੇ ਕਹਿੰਦੀ, "ਨਾ ਉਹਦਾ ਕੋਈ ਰੂਪ ਹੈ, ਨਾ ਨਾਮ, ਨਾ ਰੰਗ, ਨਾ ਕੋਈ ਉਹਦੇ ਗੁਣ ਔਗੁਣ ਹਨ।"

"ਉਹ ਫੁੱਲਾਂ ਵਿਚਲੀ ਮਹਿਕ ਹੈ, ਵਗਦੇ ਪਾਣੀਆਂ ਦਾ ਸੰਗੀਤ ਹੈ, ਦਰਿਆਵਾਂ ਦਾ ਵਹਾਅ ਹੈ, ਉਹ ਰਾਤ ਦੇ ਸੰਨਾਟੇ ਵਿਚ ਵੀ ਹੈ।"

ਅਤੇ ਸਿੱਧਾ ਉਹਨਾਂ ਵੱਲ ਮੂੰਹ ਕਰ ਕੇ ਉਹ ਕਹਿੰਦੀ, "ਉਹ ਤੁਹਾਡੇ ਦਿਲ ਵਿਚਲੀ ਖ਼ੁਸ਼ੀ ਹੈ, ਤੁਹਾਡੇ ਮਨ ਦੀ ਸ਼ਰਾਰਤ ਹੈ, ਤੇ ਤੁਹਾਡੀਆਂ ਲੱਤਾਂ ਵਿਚਲੀ ਬੇਚੈਨੀ ਹੈ।"

ਮਾਤਾ ਗੁਜਰੀ ਅਕਸਰ ਆਪਣੀ ਸੰਗੀਤਮਈ ਆਵਾਜ਼ ਵਿਚ ਗ੍ਰੰਥ ਸਾਹਿਬ ਵਿਚੋਂ ਸ਼ਬਦ ਗਾਉਂਦੀ। ਕਈ ਕਾਵਿ-ਮਈ ਫਿਕਰੇ ਜਿਹੜੇ ਉਹ ਅਕਸਰ ਸੁਣਾਉਂਦੀ ਕਦੀ ਭੁੱਲ ਈ ਨਹੀਂ ਸਕਦੇ :

"ਮਨ ਜੀਤੇ ਜਗ ਜੀਤ"

"ਤੁਮ ਤੁਮ ਕਰਤੇ ਤੁਮ ਹੋਈ"

"ਸਭ ਸੇ ਦੂਰ ਸਭੀ ਕੇ ਸੰਗ"

"ਰਾਜ ਮੇ ਜੋਗ ਕਮਾਇਉ"

"ਗੁਰੂ ਨੇ ਮਹਾਨ ਸੱਚ ਦੀ ਖੋਜ ਕੀਤੀ ਜਿਹਦੇ ਨਾਲ ਉਹਨਾਂ ਦੇ ਮਨ ਵਿਚ ਚਾਨਣ ਹੋਇਆ", ਮਾਤਾ ਗੁਜਰੀ ਨੇ ਕਿਹਾ।

"ਗੁਰੂ ਨਾਨਕ ਨੇ ਮਹਾਨ ਸੱਚ ਦੀ ਖੋਜ ਕਿਸ ਤਰ੍ਹਾਂ ਕੀਤੀ ?" ਮਲੂਕੇ ਨੇ ਪੁੱਛਿਆ।

"ਵੱਡੇ ਵੱਡੇ ਫ਼ਿਲਾਸਫ਼ਰਾਂ ਨਾਲ ਵਿਵਾਦ ਕਰਕੇ ਨਹੀਂ", ਉਹਨੇ ਜਵਾਬ

ਚਿੱਤਾ, "ਨਾ ਹੀ ਮੰਦਰਾਂ ਦੇ ਭਗਤਾਂ ਵਾਲੀਆਂ ਗੱਲਾਂ ਕਰ ਕੇ, ਨਾ ਹੀ ਪਿੰਡੇ ਨੂੰ ਭਬੂਤੀ ਮਲਣ ਵਾਲੇ ਜੋਗੀਆਂ ਵਾਂਗ ਤਿਆਗ ਦਾ ਬਹਾਨਾ ਕਰ ਕੇ, ਤੇ ਨਾ ਹੀ ਮੁੱਲਿਆਂ ਵਾਂਗ ਬਾਂਗਾਂ ਦੇ ਕੇ। ਇਸ ਸਭ ਕਾਸੇ 'ਤੇ ਉਹਨੂੰ ਰਤਾ ਵਿਸ਼ਵਾਸ ਨਹੀਂ ਸੀ ਤੇ ਉਹਨੇ ਇਹਨਾਂ ਸਭ ਦਾ ਮਖ਼ੌਲ ਉਡਾਇਆ।"

"ਮਾਤਾ ਜੀ, ਉਹਨੇ ਕਿੱਦਾਂ ਮਖ਼ੌਲ ਉਡਾਇਆ ?" ਕਹਾਣੀਆਂ ਸੁਣਨ ਦੇ ਲਾਲਚ ਨਾਲ ਬਲਵੰਤ ਨੇ ਪੁੱਛਿਆ।

"ਹਰਿਦੁਆਰ ਵਿਚ", ਸਾਊ ਵਿਦਵਾਨ ਮਾਤਾ ਗੁਜਰੀ ਨੇ ਸਾਖੀ ਸੁਨਾਉਣ ਵਾਲਿਆਂ ਵਾਂਗ ਕਿਹਾ, "ਗੁਰੂ ਨਾਨਕ ਨੇ ਦੇਖਿਆ ਕਿ ਬ੍ਰਾਹਮਣ ਸੂਰਜ ਵੱਲ ਮੂੰਹ ਕਰ ਕੇ ਆਪਣੇ ਬਜ਼ੁਰਗਾਂ ਲਈ ਪਾਣੀ ਸੁੱਟ ਰਹੇ ਸਨ। ਤੇ ਉਹਨੇ ਉਹਨਾਂ ਤੋਂ ਉਲਟ ਪੱਛਮ ਵੱਲ ਮੂੰਹ ਕਰ ਕੇ ਪਾਣੀ ਸੁੱਟਣਾ ਸ਼ੁਰੂ ਕਰ ਦਿੱਤਾ।"

"ਕੀ ਬੇਵਕੂਫ਼ੀ ਹੈ, ਤੂੰ ਇੱਦਾਂ ਕਿਉਂ ਕਰ ਰਿਹਾਂ ?", ਬ੍ਰਾਹਮਣਾਂ ਨੇ ਗੁੱਸੇ ਵਿਚ ਪੁੱਛਿਆ।

"ਮੈਂ ਤਾਂ ਪੰਜਾਬ ਵਿਚ ਆਪਣੇ ਸੁੱਕ ਰਹੇ ਖੇਤਾਂ ਨੂੰ ਪਾਣੀ ਦੇ ਰਿਹਾਂ" ਗੁਰੂ ਨੇ ਜਵਾਬ ਦਿੱਤਾ।

"ਤੇਰਾ ਪਾਣੀ ਇੰਨੀ ਦੂਰ ਕਿਵੇਂ ਜਾ ਸਕਦਾ ਹੈ ?" ਉਹਨਾਂ ਨੇ ਪੁੱਛਿਆ।

"ਜੇ ਤੁਹਾਡਾ ਸੁੱਟਿਆ ਪਾਣੀ ਧਰਤੀ ਤੋਂ ਪਰੇ ਸੂਰਜ ਤੱਕ ਜਾ ਸਕਦਾ ਹੈ ਤਾਂ ਮੇਰਾ ਪਾਣੀ ਵੀ ਧਰਤੀ ਉੱਪਰ ਥੋੜ੍ਹੇ ਜਿਹੇ ਮੀਲ ਦੂਰ ਜ਼ਰੂਰ ਜਾ ਸਕਦਾ ਹੈ", ਉਨ੍ਹਾਂ ਜਵਾਬ ਦਿੱਤਾ।

"ਇਕ ਹੋਰ ਕਹਾਣੀ ਸੁਣਾਉ", ਮਲੂਕੇ ਨੇ ਤਰਲਾ ਕੀਤਾ।

"ਮੱਕੇ ਵਿਚ", ਮਾਤਾ ਗਜਰੀ ਨੇ ਕਿਹਾ, "ਇਕ ਗੁੱਸੇਖ਼ੋਰ ਮੁੱਲਾਂ ਨੇ ਗੁਰੂ ਨੂੰ ਕਾਬੇ ਵਲ ਪੈਰ ਕਰ ਕੇ ਸੁੱਤੇ ਹੋਏ ਦੇਖਿਆ।

"ਤੂੰ ਰੱਬ ਦੇ ਘਰ ਵੱਲ ਪੈਰ ਕਰ ਕੇ ਨਹੀਂ ਸੌਂ ਸਕਦਾ", ਮੁੱਲਾਂ ਨੇ ਖਿਝ ਕੇ ਕਿਹਾ।

ਗੁਰੂ ਨੇ ਜਵਾਬ ਦਿੱਤਾ, "ਭਾਈ ਤੂੰ ਜਿੱਧਰ ਰੱਬ ਨਹੀਂ ਉੱਧਰ ਨੂੰ ਮੇਰੇ ਪੈਰ ਕਰ ਦੇ।"

"ਇਸੇ ਤਰ੍ਹਾਂ ਪੁਰੀ ਵਿਖੇ", ਮਾਤਾ ਜੀ ਕਹਿੰਦੇ ਗਏ, "ਇਕ ਬ੍ਰਾਹਮਣ

ਚਿੱਵਦਰਸ਼ੀ ਹੋਣ ਦੇ ਦਮਗਜੇ ਮਾਰਦਾ ਫਿਰਦਾ ਸੀ। ਗੁਰੂ ਜੀ ਨੇ ਮਖ਼ੌਲ ਨਾਲ ਉਹਦੀ ਪਾਣੀ ਵਾਲੀ ਗੜਵੀ ਲੁਕੋ ਲਈ। ਬ੍ਰਾਹਮਣ ਆਪਣੀ ਗੜਵੀ ਭਾਲਦਾ ਫਿਰੇ ਤੇ ਲੋਕ ਉਸ 'ਤੇ ਹੱਸਣ।"

23

"ਸਾਰੇ ਪਿੰਡ ਵਾਲਿਆਂ ਵਿਚੋਂ ਸਿੱਖ ਗੁਰੂਆਂ, ਖ਼ਾਸ ਕਰ ਗੁਰੂ ਗੋਬਿੰਦ ਸਿੰਘ ਨੂੰ ਸਭ ਤੋਂ ਵੱਧ ਮੰਨਣ ਵਾਲਾ ਸੀ ਲਾਲਾ ਰਾਮ ਸਰਨ। "ਗੁਰੂ ਨਾਨਕ ਨੇ", ਉਹ ਅਕਸਰ ਕਹਿੰਦਾ, "ਹਿੰਦੂਆਂ ਦੀ ਕੱਚੀ ਧਾਤ ਗਰਮ ਕਰ ਕੇ ਵਿਚੋਂ ਸਭ ਗੰਦ ਮੰਦ, ਜ਼ਾਤ ਪਾਤ, ਦੰਭ, ਗ਼ਲਤ ਰਸਮ ਰਿਵਾਜ ਕੱਢ ਕੇ ਬਾਹਰ ਮਾਰਿਆ ਤੇ ਗੁਰੂ ਗੋਬਿੰਦ ਸਿੰਘ ਨੇ ਉਸ ਫ਼ੌਲਾਦ ਵਿਚੋਂ ਇਕ ਤਾਕਤਵਰ ਕ੍ਰਿਪਾਨ ਤਿਆਰ ਕੀਤੀ।"

"ਗੁਰੂ ਗੋਬਿੰਦ ਸਿੰਘ ਨੇ" ਲਾਲਾ ਰਾਮ ਸਰਨ ਉਤਸ਼ਾਹ ਨਾਲ ਕਹਿੰਦਾ, "ਆਪਣੇ ਸਰੂਪ ਵਰਗਾ ਖਾਲਸਾ ਸਾਜਿਆ—ਬਹੁਤ ਸੁਹਣੀ ਦਾਹੜੀ, ਤਿੱਖੇ ਘੋੜੇ 'ਤੇ ਸਵਾਰ, ਚਮਕਦੇ ਹਥਿਆਰ, ਬੇਸ਼ੁਮਾਰ ਹੌਂਸਲਾ, ਗੁੰਦਿਆ ਸਰੀਰ, ਵਿੱਦਿਆ ਨਾਲ ਭਰਪੂਰ ਦਿਮਾਗ਼ ਤੇ ਚਿਰੰਜੀਵ ਵਿਸ਼ਵਾਸ ਵਾਲਾ ਭਰਵਾਂ ਮਨੁੱਖ।"

ਲਾਲਾ ਰਾਮ ਸਰਨ ਬੜਾ ਸਰਗਰਮ ਦੇਸ਼ ਭਗਤ ਸੀ। ਲਾਹੌਰ ਤੋਂ ਨਿਕਲਣ ਵਾਲੇ ਰੋਜ਼ਾਨਾ ਅਖ਼ਬਾਰ 'ਬੰਦੇ ਮਾਤਰਮ' ਦਾ ਅੱਖਰ ਅੱਖਰ ਪੜ੍ਹਨਾ ਉਹਦਾ ਸ਼ੌਕ ਸੀ। ਉਹ ਕਿਹਾ ਕਰਦਾ ਸੀ ਕਿ ਪੰਜਾਬ ਦੇ ਹਿੰਦੂਆਂ ਵਿਚ ਦੇਸ਼ ਭਗਤੀ ਦੀ ਰੂਹ ਭਰਨ ਵਾਲੇ ਸਿੱਖ ਗੁਰੂ ਹੀ ਸਨ। ਉਹਨੂੰ ਇਸ ਗੱਲ ਦਾ ਬੜਾ ਮਾਣ ਸੀ ਕਿ ਸਿੱਖ ਗੁਰੂ ਵੀ ਉਹਦੀ ਬਰਾਦਰੀ, ਖੱਤਰੀਆਂ ਵਿਚੋਂ ਹੀ ਸਨ। ਭਾਵੇਂ ਇਹ ਅਚੇਤਨ ਹੀ ਸੀ।

ਰਾਮ ਸ਼ਰਨ ਬੜਾ ਸਜੀਲਾ ਅਤੇ ਗੁੰਦੇ ਹੋਏ ਸ਼ਰੀਰ ਵਾਲਾ ਬੰਦਾ ਸੀ। ਉਹਦੇ ਕੱਢੇ ਹੋਏ ਧੌਲੇ ਵਾਲ ਤੇ ਭਰਵੀਆਂ ਮੁੱਛਾਂ ਉਹਨੂੰ ਬੜੀਆਂ ਸਜਦੀਆਂ। ਉਹ ਆਪਣੀ

ਗੁਜ਼ਰ ਲਈ ਪਿੰਡ ਵਿਚ ਹੱਟੀ ਕਰਦਾ ਸੀ ਜਿਹੜੀ ਮਲੂਕੇ ਦੇ ਘਰ ਲਾਗੇ ਹੀ ਸੀ। ਪਿੰਡ ਵਾਲੇ ਆਪਣੀ ਲੋੜ ਦੀਆਂ ਵਸਤਾਂ ਲੈਣ, ਪਰ ਬਹੁਤ ਵਾਰੀ ਉੱਥੇ ਗੱਪ ਸ਼ੱਪ ਮਾਰਨ ਆਉਂਦੇ। ਤਾਜ਼ੀਆਂ ਤਾਜ਼ੀਆਂ ਖ਼ਬਰਾਂ ਸੁਣਨ ਦੇ ਨਾਲ ਲਾਲੇ ਦੇ ਧਰਮ, ਸਿਆਸਤ ਜਾਂ ਰਸਮਾਂ ਰਿਵਾਜਾਂ ਬਾਰੇ ਵਿਚਾਰ ਸੁਣਨ ਆਉਂਦੇ। ਉਹਦੀ ਹੱਟੀ ਇਕ ਤਰ੍ਹਾਂ ਸਾਰੇ ਪਿੰਡ ਦਾ ਸਮਾਜਕ ਅਤੇ ਸਿਆਸੀ ਕੇਂਦਰ ਹੁੰਦੀ ਸੀ।

ਤਰਕਾਲਾਂ ਨੂੰ, ਜਦੋਂ ਕੰਮ ਦੀ ਰੁੱਤ ਨਾ ਹੁੰਦੀ, ਲੋਕ ਉੱਥੇ ਆ ਕੇ ਬੈਠਦੇ, ਸਿਗਰਟਾਂ ਪੀਂਦੇ ਅਤੇ ਬਰਾਂਡੇ ਵਿਚ ਬੋਰੀਆਂ ਉੱਤੇ ਬੈਠੇ ਗੱਪਾਂ ਮਾਰਦੇ ਰਹਿੰਦੇ।

"ਨਮਸਕਾਰ ਲਾਲਾ ਜੀ", ਮਲੂਕੇ ਨੇ ਆਉਂਦਿਆਂ ਕਿਹਾ।

"ਨਮਸਕਾਰ ਬਈ ਮਲੂਕਿਆ। ਸਕੂਲ ਕਿਵੇਂ ਆਂ? ਮੁੰਡਿਉ ਤੁਸੀਂ ਕੁਛ ਆਪਣੇ ਇਤਿਹਾਸ ਅਤੇ ਸਭਿਆਚਾਰ ਬਾਰੇ ਵੀ ਸਿੱਖਦੇ ਹੋ ਕਿ ਮੌਹਰੀ ਅੰਗਰੇਜ਼ੀ ਹੀ ਸਿੱਖਦੇ ਰਹਿੰਦੇ ਹੋ?"

"ਬਹੁਤੀ ਤਾਂ ਅੰਗਰੇਜ਼ੀ ਸਿੱਖਦੇ ਆਂ ਲਾਲਾ ਜੀ ਤੇ ਥੋੜ੍ਹਾ ਜਿਹਾ ਹਿਸਾਬ ਪੜ੍ਹਦੇ ਹੁੰਦੇ ਆਂ।"

"ਤੇ ਉਹਨਾਂ ਬੇਹਿਸਾਬ ਕੁਰਬਾਨੀਆਂ ਬਾਰੇ ਕੁਛ ਨਹੀਂ, ਜਿਹੜੀਆਂ ਸਿੱਖ ਗੁਰੂਆਂ ਨੇ ਸਾਨੂੰ ਬਚਾਉਣ ਲਈ ਦਿੱਤੀਆਂ? ਸਾਡੇ ਬਹਾਦਰੀ ਭਰੇ ਇਤਿਹਾਸ ਬਾਰੇ ਕੁਛ ਨਹੀਂ?"

"ਬਾਹਲਾ ਨਹੀਂ ਲਾਲਾ ਜੀ।"

"ਤਾਂ ਫੇਰ ਮੈਂ ਤੇਰੇ ਮਨ ਵਿਚ ਦੇਸ਼-ਭਗਤੀ ਦੀ ਜੋਤ ਜਗਾਉਣੀ ਚਾਹੁੰਦਾਂ" ਰਾਮ ਸ਼ਰਨ ਬੋਲਿਆ, "ਬੰਦੇ ਮਾਤਰਮ ਵਿਚੋਂ ਸਾਨੂੰ ਇਹ ਕਵਿਤਾ ਪੜ੍ਹ ਕੇ ਸੁਣਾ ਤੇ ਸੁਣਾਈਂ ਜ਼ਰਾ ਰੂਹ ਨਾਲ, ਜੋਸ਼ ਨਾਲ" ਉਹਨੇ ਪੇਪਰ ਫੜਾਉਂਦੇ ਨੇ ਕਿਹਾ।

ਕਵਿਤਾ ਮਹਾਤਮਾ ਗਾਂਧੀ ਦੀ ਸਿਫ਼ਤ ਬਾਰੇ ਸੀ ਜਿਹਦੇ ਵਿਚ ਗਾਂਧੀ ਦੇ ਮਨ ਵਿਚ ਰੱਬ ਲਈ ਪਿਆਰ, ਉਸ ਦਾ ਤਿਆਗ ਅਤੇ ਚਰਖੇ ਨੂੰ ਗਾਂਧੀ ਦੇ ਗੁਰੂ ਵਜੋਂ ਪੇਸ਼ ਕੀਤਾ ਗਿਆ ਸੀ।

"ਤੇ ਗਾਂਧੀ ਦੇ ਸਿਰ 'ਤੇ ਪੈਣ ਪੁਲੀਸ ਦੀਆਂ ਲਾਠੀਆਂ। ਵਾਹ ਬਈ ਵਾਹ", ਲਾਲਾ ਰਾਮ ਸ਼ਰਨ ਨੇ ਚੋਟ ਕਰਦਿਆਂ ਕਿਹਾ।

"ਸ਼ਾਬਾਸ਼, ਬਈ ਸ਼ਾਬਾਸ਼", ਸੁਣਨ ਵਾਲਿਆਂ ਨੇ ਜ਼ੋਰ ਨਾਲ ਕਿਹਾ।

"ਇਸ ਤਿਆਗ ਨੂੰ ਤਾਂ ਰੱਬ ਦੀ ਮਾਰ ਪਵੇ, ਇਹ ਸਭੀ ਫ਼ਿਲਾਸਫ਼ੀ—'ਕੂੜ ਮਾਇਆ ਕੂੜ ਮਾੜੀ ਕੂੜ ਸਭ ਸੰਸਾਰ ਹੈ' ਹੀ ਤਾਂ ਸਾਡੀਆਂ ਸਾਰੀਆਂ ਤਬਾਹੀਆਂ ਦੀ ਜੜ੍ਹ ਹੈ", ਰਾਮ ਸ਼ਰਨ ਨੇ ਕਿਹਾ।

"ਅਤੇ ਜਦੋਂ ਕਬੀਰ ਕਹਿੰਦਾ ਹੈ : 'ਜੋ ਤੁਧ ਮਾਰੇ ਜੁੱਤੀਆਂ ਪੈਰ ਤਿਨ੍ਹਾਂ ਚੇ ਚੁੰਮ',[1] ਉਹਨੇ ਅੱਗੇ ਕਿਹਾ, "ਉਹ ਕੋਈ ਹਲੀਮੀ ਦਾ ਸਬਕ ਨਹੀਂ ਦੇ ਰਿਹਾ, ਉਹ ਆਪਣੇ ਆਪ ਨੂੰ ਨੀਵਾਂ ਤੇ ਗੁਲਾਮ ਬਣਾਉਣ ਦੀ ਸਿੱਖਿਆ ਦੇ ਰਿਹਾ ਹੈ।"

"ਅਤੇ ਜਦੋਂ ਕਬੀਰ ਦਾ ਪੁੱਤ ਕਮਾਲ ਕੁਝ ਪੈਸੇ ਲੈ ਕੇ ਘਰ ਆਇਆ ਤਾਂ ਉਹਨੇ ਕਿਹਾ ਇਹ ਰੱਬ ਨਹੀਂ ਸੋਨਾ ਹੈ ਮਾਇਆ ਹੈ", ਲਾਲਾ ਜੀ ਦੇ ਪ੍ਰਸ਼ੰਸਕ ਨੌਜਵਾਨ ਪ੍ਰੀਤਮ ਸਿੰਘ ਨੇ ਕਿਹਾ।

ਭੋਲਾ ਸਿੰਘ ਚੌਕੀਦਾਰ ਨੇ ਭਗਤ ਨਾਮ ਦੇਵ ਦੀ ਗੱਲ ਕਰਦਿਆਂ ਕਿਹਾ, "ਨਾਮ ਦੇਵ ਦਾ ਏਨਾ ਡੂੰਘਾ ਵਿਸ਼ਵਾਸ ਸੀ ਕਿ ਉਹਨੂੰ ਹਰ ਚੀਜ਼ ਵਿਚ ਹੀ ਰੱਬ ਦਿੱਸਦਾ ਸੀ। ਇਕ ਵਾਰੀ ਉਹ ਰੋਟੀਆਂ ਚੁੱਕਣ ਵਾਲੇ ਕੁੱਤੇ ਮਗਰ ਇਸ ਕਰ ਕੇ ਦੌੜਿਆ ਕਿ ਉਹ ਫੜ ਕੇ ਰੋਟੀਆਂ ਚੋਪੜ ਦੇਵੇ।"

ਉਹਦੀ ਇਸ ਗੱਲ 'ਤੇ ਸਾਰੇ ਜਣੇ ਹੱਸ ਪਏ, ਕਿਉਂਕਿ ਉਹਨਾਂ ਸਾਰਿਆਂ ਨੂੰ ਰੋਟੀ ਵੇਲੇ ਪਿੰਡ ਦੇ ਅਵਾਰਾ ਕੁੱਤਿਆਂ ਨੂੰ ਭਜਾਉਣਾ ਪੈਂਦਾ ਸੀ।

ਲਾਲਾ ਰਾਮ ਸ਼ਰਨ ਨੇ ਆਪਣੀ ਆਵਾਜ਼ ਅਤੇ ਸੱਜਾ ਹੱਥ ਵਿਰੋਧ ਵਿਚ ਉੱਚਾ ਚੁੱਕਦਿਆਂ ਕਿਹਾ, "ਸਾਡੀ ਇਸ ਧਰਤੀ ਉੱਤੇ ਜਿੱਥੇ ਵਿਹਲੇ ਯੋਗੀ ਰੱਬੀ ਸ਼ਕਤੀਆਂ ਦੀਆਂ ਫੜ੍ਹਾਂ ਮਾਰਦੇ ਰਹਿੰਦੇ ਆ ਅਤੇ ਸਾਧ ਸੱਖਣੀਆਂ ਜ਼ਿੰਦਗੀਆਂ ਚੁੱਕੀ ਫਿਰਦੇ ਹਨ, ਅਸੀਂ ਬੇਸਹਾਰੇ ਮਜ਼ਲੂਮਾਂ ਦੀ ਤਰ੍ਹਾਂ ਪਹਿਲਾਂ ਮੁਸਲਮਾਨ ਹਮਲਾਵਰਾਂ ਤੋਂ ਮਾਰ ਖਾਂਦੇ ਰਹੇ ਹਾਂ ਤੇ ਫੇਰ ਹੁਣ ਅੰਗਰੇਜ਼ਾਂ ਤੋਂ ਖਾ ਰਹੇ ਹਾਂ। ਕੀ ਇਹ ਬੇਇੱਜ਼ਤੀ ਦੀ ਗੱਲ ਨਹੀਂ ?"

"ਉਹ ਅਜੇ ਵੀ ਹੇੜ੍ਹਾਂ ਦੀਆਂ ਹੇੜ੍ਹਾਂ ਭਗਵੇਂ ਕੱਪੜੇ ਪਾਈ ਹਰ ਪਾਸੇ ਚੰਗਾ ਖਾਂਦੇ ਪੀਂਦੇ ਫਿਰਦੇ ਆ" ਚੌਧਰੀ ਭਾਨੇ ਨੇ ਕਿਹਾ ਜਿਹੜਾ ਹਰ ਕਿਸਮ ਦੇ ਵਿਹਲੇ ਬੰਦਿਆਂ ਨੂੰ ਨਫ਼ਰਤ ਕਰਦਾ ਸੀ, ਚਾਹੇ ਉਹ ਕਿੰਨੇ ਵੀ ਪਹੁੰਚੇ ਹੋਏ ਕਿਉਂ ਨਾ ਹੋਣ।

---

1. ਸੰਕੇਤ ਸ਼ਾਇਦ, ਬਾਬਾ ਫ਼ਰੀਦ ਦੇ ਇਸ ਨਾਲ ਰਲਦੇ-ਮਿਲਦੇ ਸ਼ਲੋਕ ਵਲ ਹੈ—ਅਨੁਵਾਦਕ

ਰਾਮ ਸ਼ਰਨ ਨੇ ਕਿਹਾ, "ਉਹਨਾਂ ਦੇ ਅਜੀਬੋ-ਗਰੀਬ ਸਾਜ਼ੋ-ਸਮਾਨ ਤੇ ਉਹਨਾਂ ਦਾ ਰਹੱਸਮਈ ਗਿਆਨ ਕਿੰਨਿਆਂ ਭੋਲੇ ਭਾਲੇ ਲੋਕਾਂ ਨੂੰ ਲੁੱਟਣ ਲਈ ਉਕਸਾਉਂਦਾ ਹੈ।"

ਇਹਨਾਂ ਹੱਟੇ-ਕੱਟੇ ਲੋਫਰਾਂ ਨੂੰ ਇਕ ਵਾਰੀ ਖੱਡੇ 'ਚ ਲੈ ਜਾਵੇ ਅਤੇ ਫੇਰ ਹਰਾਮੀਆਂ ਦੀ ਸਾਰੀ ਹੇਰਾ-ਫੇਰੀ ਪਸੀਨੇ ਥਾਣੀ ਕੱਢੇ", ਗੰਗੂ ਲੁਹਾਰ ਨੇ ਸਲਾਹ ਦਿੱਤੀ।

"ਉਹ ਤਾਂ ਬਹੁਤ ਪਹੁੰਚੇ ਹੋਏ ਲੋਕ ਹੁੰਦੇ ਆ, ਉਹ ਕਾਹਨੂੰ ਕੰਮ ਕਰਨ। ਇਕ ਗੱਲ ਆ ਇਸ ਮੁਲਕ ਵਿਚ ਤੁਸੀਂ ਇਕ ਵਾਰੀ ਦੁਨੀਆਂ ਤਿਆਗ ਦਿਉ, ਫੇਰ ਤੁਹਾਨੂੰ ਸਭ ਕੁਛ ਮਿਲ ਜਾਂਦੈ", ਚੌਧਰੀ ਭਾਨੇ ਨੇ ਜਵਾਬ ਦਿੱਤਾ।

"ਪਰ ਉਹ ਸਾਰੇ ਮਹਾਤਮਾ", ਪੰਡਤ ਸ਼ੰਕਰ ਦਾਸ ਹੌਲੀ ਦੇਣੀ ਕਹਿਣ ਲੱਗਾ, "ਆਪਣੇ ਲੋਕਾਂ ਦੇ ਔਖੇ ਕੰਮ ਆਉਂਦੇ ਆ। ਉਹ ਸਿੱਖਿਆ ਦਿੰਦੇ ਆ ਪਈ ਰੱਬ ਦੀ ਦਇਆ ਅਤੇ ਪਿਆਰ ਹਮੇਸ਼ਾਂ ਬੰਦੇ ਦੇ ਸਿਰ 'ਤੇ ਹੁੰਦਾ ਹੈ। ਉਹਦੀ ਨਿਗ੍ਹਾ 'ਚ ਸਾਰੇ ਬੰਦੇ ਬਰਾਬਰ ਹੁੰਦੇ ਹਨ।"

ਲਾਲਾ ਰਾਮ ਸ਼ਰਨ ਨੇ ਗੁਣੀ ਗਿਆਨੀਆਂ ਵਾਂਗ ਕਿਹਾ, "ਇਹ ਗੱਲ ਤਾਂ ਮੰਨੀ ਪਰ ਉਹ ਇੱਥੇ ਧਰਤੀ 'ਤੇ ਬਰਾਬਰਤਾ ਮੰਨਣ ਲਈ ਤਿਆਰ ਨਹੀਂ। ਉਹਨਾਂ ਨੇ ਕਦੀ ਵੀ ਸਿੱਖ ਗੁਰੂਆਂ ਵਾਂਗ ਜ਼ੋਰ ਨਾਲ ਸਮਾਜਕ ਤੇ ਸਿਆਸੀ ਬਰਾਬਰਤਾ ਕਾਇਮ ਕਰਨ ਦੀ ਕੋਸ਼ਿਸ਼ ਨਹੀਂ ਕੀਤੀ।"

ਰਾਮ ਸ਼ਰਨ ਦਾਸ ਨੇ ਗੱਲ ਜਾਰੀ ਰੱਖਦਿਆਂ ਕਿਹਾ, "ਇਹ ਸਿੱਖ ਗੁਰੂ ਹੀ ਸਨ ਜਿਹਨਾਂ ਨੇ ਹਿੰਦੂਆਂ ਨੂੰ ਤਿਆਗ ਦੇ ਸਰਾਪ ਤੋਂ ਤੇ ਜ਼ਾਤ-ਪਾਤ ਦੇ ਰੋਗ ਤੋਂ ਆਜ਼ਾਦ ਕਰਾਇਆ। ਇਹ ਉਹ ਹੀ ਸਨ ਜਿਹਨਾਂ ਨੇ ਪਹਿਲਾਂ ਉਸ ਸਮਾਜਿਕ ਢਾਂਚੇ ਤੋਂ ਜਿਹੜਾ ਸਾਡੇ ਧਾਰਮਿਕ ਆਗੂਆਂ ਬ੍ਰਾਹਮਣਾਂ ਨੇ ਸਾਡੇ ਉੱਪਰ ਠੋਸਿਆ ਹੋਇਆ ਸੀ ਅਤੇ ਫੇਰ ਮੁਸਲਮਾਨ ਹਮਲਾਵਰਾਂ ਦੇ ਅੱਤਿਆਚਾਰ ਤੋਂ ਸਾਨੂੰ ਆਜ਼ਾਦ ਕਰਾਇਆ। ਉਹਨਾਂ ਵਲੋਂ ਚਲਾਈ ਲੰਗਰ ਦੀ ਪ੍ਰਥਾ ਜਿੱਥੇ ਸਾਰੇ ਬਰਾਬਰ ਬਹਿ ਕੇ ਖਾਂਦੇ ਸਨ, ਜ਼ਾਤ-ਪਾਤ ਵਿਰੁੱਧ ਸਖਤ ਹਮਲਾ ਸੀ। ਅਤੇ ਜਿਹੜੀ ਤਬਦੀਲੀ ਗੁਰੂ ਗੋਬਿੰਦ ਸਿੰਘ ਨੇ ਆਪਣੀ ਸਿੱਖਿਆ ਤੇ ਕੁਰਬਾਨੀ ਦੀ ਉਦਾਹਰਣ ਅਤੇ ਪਾਹੁਲ ਦੇ ਜਾਦੂ ਨਾਲ ਲਿਆਂਦੀ ਉਹਦੇ ਨਾਲ ਲੋਕ ਹੈਰਾਨਕੁੰਨ ਹੌਸਲੇ ਨਾਲ ਹਮਲਾਵਰਾਂ ਦੇ

ਵਿਰੁੱਧ ਡਟ ਗਏ। ਮੈਂ ਤਾਂ ਇਹੀ ਕਹਾਂਗਾ ਕਿ ਸਭ ਨੂੰ ਗੁਰੂਆਂ ਦੀ ਉਦਾਹਰਣ ਪਿੱਛੇ ਚਲਣਾ ਚਾਹੀਦਾ ਹੈ।"

"ਮਲੂਕੇ ਨੇ ਵੀ ਹੁਣ ਛੇਤੀ ਹੀ ਪਹੁਲ ਲੈ ਲੈਣੀ ਹੈ। ਪ੍ਰੀਤਮ ਸਿੰਘ ਨੇ ਕਿਹਾ।

"ਕਦੋਂ ਆ ਬਈ ਇਹ ਭਾਗਾਂ ਵਾਲਾ ਦਿਨ ਮਲੂਕਿਆ?" ਰਾਮ ਸ਼ਰਨ ਨੇ ਪੁੱਛਿਆ।

"ਮਹੀਨੇ ਕੁ ਤਕ ਲਾਲਾ ਜੀ", ਮਲੂਕੇ ਨੇ ਜਵਾਬ ਦਿੱਤਾ, "ਮਾਤਾ ਗੁਜਰੀ ਸਾਨੂੰ, ਮੈਨੂੰ ਅਤੇ ਬਲਵੰਤ ਨੂੰ ਪਹੁਲ ਦੇ ਮਾਇਨੇ ਸਿਖਾ ਰਹੀ ਹੈ। ਉਹ ਸਾਨੂੰ ਦੱਸ ਰਹੀ ਹੈ ਕਿ ਅੰਮ੍ਰਿਤ ਛਕਣ 'ਤੇ ਕਿਸ ਜ਼ਾਬਤੇ ਦੀ ਜ਼ਰੂਰਤ ਹੁੰਦੀ ਹੈ ਅਤੇ ਖਾਲਸਾ ਸਜਣ ਦੀ ਕੀ ਮਹੱਤਤਾ ਹੈ।"

"ਤਾਂ ਫਰ ਤੂੰ ਛੇਤੀ ਹੀ ਬਹਾਦਰ ਵਿਰਸੇ ਦਾ ਮਾਲਕ ਬਣਨ ਵਾਲਾ ਏਂ ਤੇ ਨਾਲੇ ਖਾਲਸਾ ਰੂਪ ਧਾਰਨ ਕਰਨ ਵਾਲਾ ਏਂ", ਪ੍ਰੀਤਮ ਸਿੰਘ ਨੇ ਕਿਹਾ, "ਗੁਰੂ ਗੋਬਿੰਦ ਸਿੰਘ ਖਾਲਸਾ ਪੰਥ ਵਿਚ ਸ਼ਾਮਲ ਕਰਨ ਤੋਂ ਪਹਿਲਾਂ ਆਪਣੇ ਸਿੱਖਾਂ ਦੀ ਬਹਾਦਰੀ ਤੇ ਪਕਿਆਈ ਦਾ ਇਮਤਿਹਾਨ ਲੈਣਾ ਚਾਹੁੰਦਾ ਸੀ।"

"ਤੇ ਉਹਨਾਂ ਜ਼ੁਲਮੀਂ ਦਿਨਾਂ ਵਿਚ ਆਪਣੇ ਆਪ ਨੂੰ ਸਿੱਖ ਕਹਾਉਣ ਲਈ ਬੜੇ ਵੱਡੇ ਹੌਸਲੇ ਦੀ ਲੋੜ ਹੁੰਦੀ ਸੀ", ਮਿਸਤਰੀ ਸੰਤਾ ਸਿੰਘ ਨੇ ਕਿਹਾ, "ਏਸ ਕਰ ਕੇ ਪੱਕੇ ਸ਼ਰਧਾਲੂ ਤੇ ਨਿਡਰ ਬੰਦੇ ਹੀ ਸਿੱਖ ਸਜਦੇ ਸਨ। ਤੇ ਸਿੱਖੀ ਦੇ ਚਿੰਨ੍ਹ ਕੇਸ ਤੇ ਤਲਵਾਰ ਚੁਣ ਹੋਏ ਲੋਕਾਂ ਵਿਚ ਆਪਸੀ ਏਕਤਾ ਤੇ ਭਾਈਚਾਰੇ ਦਾ ਸਾਝ ਪੈਦਾ ਕਰਦੇ ਸਨ।"

"ਆਜ਼ਾਦੀ ਦੇ ਪਰਵਾਨਿਆਂ ਦੀ ਇਹ ਸਾਂਝੀ ਵਰਦੀ ਸੀ ਤੇ ਇਹਦੇ ਨਾਲ ਕੁਰਬਾਨੀ ਦਾ ਜਜ਼ਬਾ ਵਧਦਾ ਸੀ", ਰਾਮ ਸ਼ਰਨ ਨੇ ਕਿਹਾ।

"ਇਹ ਇਕ ਮਹਾਨ ਤਬਦੀਲੀ ਸੀ ਮਲੂਕਿਆ", ਪ੍ਰੀਤਮ ਸਿੰਘ ਨੇ ਕਿਹਾ, "ਇਹਦੇ ਨਾਲ ਔਰਤਾਂ ਵਿਚ ਵੀ ਬਹੁਤ ਹੌਸਲਾ ਤੇ ਜਜ਼ਬਾ ਪੈਦਾ ਹੋ ਗਿਆ ਸੀ। ਤੈਨੂੰ ਪਤਾ ਹੋਣਾ ਜਦੋਂ ਗੁਰੂ ਦੇ ਚਾਲ੍ਹੀ ਸਿੱਖਾਂ ਨੇ ਬੜੇ ਨਾਜ਼ਕ ਮੌਕੇ ਅਨੰਦਪੁਰ ਵਿਖੇ ਗੁਰੂ ਨੂੰ ਬੇਦਾਵਾ ਲਿਖ ਦਿੱਤਾ ਸੀ ਤੇ ਘਰ ਮੁੜ ਗਏ ਸਨ ਤਾਂ ਉਹਨਾਂ ਦੀਆਂ ਸਿੰਘਣੀਆਂ ਨੇ ਉਹਨਾਂ ਨੂੰ ਕਿਹਾ ਕਿ ਤੁਸੀਂ ਸਾੜੀਆਂ ਘੱਗਰੀਆਂ ਤੇ ਚੂੜੀਆਂ ਪਾ ਲਵੋ ਤੇ ਅਸੀਂ ਗੁਰੂ ਨਾਲ ਜਾ ਰਲਦੀਆਂ। ਭਗੌੜੇ ਸਿੱਖ ਆਪਣੇ ਬੁਜ਼ਦਿਲੀ ਭਰੇ

ਕੰਮ 'ਤੇ ਬਹੁਤ ਸ਼ਰਮਿੰਦੇ ਹੋਏ ਅਤੇ ਇਕ ਬਹਾਦਰ ਔਰਤ ਮਾਈ ਭਾਗੋ ਦੀ ਅਗਵਾਈ ਥੱਲੇ ਮੁੜ ਕੇ ਗਏ ਅਤੇ ਆਖ਼ਰੀ ਦਮ ਤਕ ਲੜਦੇ ਰਹੇ।"

ਪਹੁਲ ਦੀ ਰਸਮ ਤੋਂ ਇਕ ਹਫ਼ਤਾ ਪਹਿਲਾਂ ਮਲੂਕੇ ਦੇ ਪਿਓ ਨੇ ਬਹੁਤ ਹੀ ਸ਼ਰਧਾ ਨਾਲ ਮਖ਼ਮਲੀ ਰੁਮਾਲਿਆਂ ਵਿਚ ਲਪੇਟਿਆ ਤੇ ਛੋਟੇ ਜਿਹੇ ਪੀੜ੍ਹੇ 'ਤੇ ਸਜਾਇਆ ਗੁਰੂ ਗ੍ਰੰਥ ਸਾਹਿਬ ਘਰ ਲੈ ਆਂਦਾ।

ਘਰ ਦੇ ਇਕ ਖੁੱਲ੍ਹੇ ਕਮਰੇ ਵਿਚ ਪ੍ਰਕਾਸ਼ ਕੀਤਾ ਗਿਆ। ਸੱਤ ਦਿਨ ਗੁਰਬਾਣੀ ਦਾ ਪਾਠ ਹੁੰਦਾ ਰਿਹਾ। ਪਿੰਡ ਦੇ ਲੋਕ ਜਦੋਂ ਉਹਨਾਂ ਨੂੰ ਵਿਹਲ ਮਿਲਦੀ ਆਉਂਦੇ, ਸਿਰ ਢੱਕ ਕੇ ਨੰਗੇ ਪੈਰੀਂ ਸ਼ਰਧਾ ਨਾਲ ਮੱਥਾ ਟੇਕਦੇ ਤੇ ਗੁਰਬਾਣੀ ਦਾ ਰਸ ਮਾਣਦੇ।

ਮਲੂਕੇ ਤੇ ਬਲਵੰਤ ਨੇ ਇਸ਼ਨਾਨ ਕਰਨ ਤੋਂ ਬਾਅਦ ਨਵੇਂ ਵਸਤਰ ਪਾਏ ਤੇ ਪੰਜ ਕਕਾਰ ਪਾਏ :

ਕੇਸ—ਭਾਰਤ ਵਿਚ ਸ਼ਰਧਾਲੂ ਸੰਤਾਂ ਅਤੇ ਭਗਤਾਂ ਦੀ ਰੀਤ।

ਕੰਘਾ—ਜ਼ਬਤ ਆਦਿ ਦਾ ਚਿੰਨ੍ਹ।

ਕੱਛਾ—ਨਿਸ਼ਕਾਮ ਸੇਵਾ ਦਾ ਚਿੰਨ੍ਹ ਜਿਹੜਾ ਮਹਾਨ ਬਹਾਦਰਾਂ ਦੀ ਰੀਤ ਹੁੰਦੀ ਸੀ।

ਕੜਾ—ਸੱਜੀ ਬਾਂਹ ਵਿਚ ਪਾਉਣ ਵਾਲਾ ਲੋਹੇ ਦਾ ਕੜਾ ਜਿਹੜਾ ਯੁੱਧ ਵੇਲੇ ਸਵੈ-ਜ਼ਬਤ ਦਾ ਚਿੰਨ੍ਹ ਸੀ।

ਕਿਰਪਾਨ—ਸਵੈ-ਮਾਣ ਤੇ ਬਹਾਦਰੀ ਦਾ ਚਿੰਨ੍ਹ। ਆਪਣੇ ਧਰਮ ਨੂੰ ਬਚਾਉਣ ਵਾਲਾ ਹਥਿਆਰ, ਮਜ਼ਲੂਮਾਂ ਦਾ ਰਾਖਾ ਤੇ ਆਪਣੇ ਹੱਕਾਂ ਦਾ ਪ੍ਰਮਾਣ।

ਉਹ ਦੋਵੇਂ ਸਜੇ ਦੀਵਾਨ ਵਿਚ ਗ੍ਰੰਥ ਸਾਹਿਬ ਦੇ ਸਾਹਮਣੇ ਬੈਠ ਗਏ। ਗ੍ਰੰਥੀ ਪਾਠ ਕਰ ਰਿਹਾ ਸੀ। ਪੰਜ ਸਿੰਘਾਂ ਨੇ ਅੰਮ੍ਰਿਤ ਬਣਾਉਣ ਲਈ ਲੋਹੇ ਦੇ ਬਾਟੇ ਵਿਚ ਪਾਣੀ ਵਿਚ ਥੋੜ੍ਹੀ ਖੰਡ ਖੰਡੇ ਨਾਲ ਰਲਾਈ।

ਦੋਨਾਂ ਦੇ ਕੇਸਾਂ ਅਤੇ ਸਰੀਰਾਂ ਉੱਪਰ ਅੰਮ੍ਰਿਤ ਦਾ ਛਿੜਕਾ ਕੀਤਾ ਗਿਆ। ਉਹ ਦੋਵੇਂ ਪਾਠ ਕਰਦੇ ਰਹੇ ਅਤੇ ਫੇਰ ਜੈਕਾਰਾ ਬੁਲਾਇਆ—"ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤਹਿ।" ਇਸ ਤੋਂ ਬਾਅਦ ਜ਼ਾਤ ਪਾਤ ਰਹਿਤ ਖਾਲਸੇ ਦੀ ਰੀਤ ਮੁਤਾਬਕ ਦੋਹਾਂ ਨੇ ਸਾਂਝੇ ਬਾਟੇ ਵਿਚੋਂ ਅੰਮ੍ਰਿਤ ਪੀਤਾ ਅਤੇ ਸਿੰਘ ਸਜ ਗਏ।

24

"ਜਿਵੇਂ ਕਿ ਤੈਨੂੰ ਪਤਾ ਹੀ ਹੈ ਮਲੂਕਿਆ ਕਿ ਗੁਰਦੁਆਰਾ ਸਿੱਖਾਂ ਲਈ ਹਮੇਸ਼ਾਂ ਮਹੱਤਵਪੂਰਣ ਸਥਾਨ ਰਿਹਾ ਹੈ ਅਤੇ ਖਾਸ ਕਰ ਕੇ ਇਥੇ ਕੈਨੇਡਾ ਵਿਚ ਤਾਂ ਬਹੁਤ ਹੀ ਮਹੱਤਵਪੂਰਣ", ਭਾਈ ਤਾਰਾ ਸਿੰਘ ਨੇ ਕਿਹਾ।

ਨੱਥਾ ਸਿੰਘ ਨੇ ਸਮਝਾਇਆ, "ਇਥੇ ਇਹ ਭਾਰਤ ਨਾਲੋਂ ਜ਼ਿਆਦਾ ਸਰਗਰਮੀਆਂ ਦਾ ਕੇਂਦਰ ਰਿਹਾ ਹੈ। ਪੂਜਾ ਕਰਨ ਦੀ ਥਾਂ ਦੇ ਹੋਣ ਦੇ ਨਾਲ-ਨਾਲ ਇਹ ਇਕ ਸਿਆਸੀ ਤੂਫ਼ਾਨ ਦਾ ਕੇਂਦਰ ਵੀ ਰਿਹਾ ਹੈ। ਇਹ ਇਕ ਤਰ੍ਹਾਂ ਰੁਜ਼ਗਾਰ ਦਫ਼ਤਰ ਦਾ ਵੀ ਕੰਮ ਦਿੰਦਾ ਰਿਹਾ ਹੈ, ਇੱਥੇ ਲੋਕ ਕੰਮਾਂ-ਕਾਰਾਂ ਬਾਰੇ ਇਕ ਦੂਜੇ ਤੋਂ ਜਾਣਕਾਰੀ ਲੈਂਦੇ ਰਹੇ ਹਨ।"

"ਪਹਿਲੀਆਂ 'ਚ ਆਏ ਇਕ ਸ਼ਰਧਾਵਾਨ ਸਿੱਖ ਨੇ ਆਪਣੇ ਨਾਲ ਗੁਰੂ ਗ੍ਰੰਥ ਸਾਹਿਬ ਲੈ ਆਂਦਾ ਸੀ। ਅਸੀਂ ਇਕ ਘਰ ਦੇ ਵੱਡੇ ਸਾਰੇ ਕਮਰੇ ਵਿਚ ਇਕ ਤਖਤ-ਪੋਸ਼ ਉੱਪਰ ਪ੍ਰਕਾਸ਼ ਕਰ ਦਿੱਤਾ ਤੇ ਇਸ ਤਰ੍ਹਾਂ ਉਹ ਸਾਡਾ ਪਹਿਲਾਂ ਕੰਮ-ਚਲਾਊ ਗੁਰਦੁਆਰਾ ਬਣਿਆ", ਭਾਈ ਤਾਰਾ ਸਿੰਘ ਨੇ ਅੱਗੇ ਕਿਹਾ।

"ਤੇ ਹੌਲੀ-ਹੌਲੀ ਸੰਗਤ ਆਉਣੀ ਸ਼ੁਰੂ ਹੋ ਗਈ", ਨੱਥਾ ਸਿੰਘ ਨੇ ਹੋਰ ਕਿਹਾ, "ਜਿਵੇਂ ਕਿ ਤੈਨੂੰ ਪਤਾ ਹੀ ਹੈ ਆਪਣੀ ਸੰਗਤ ਵਿਚ ਕਿੰਨੀ ਸ਼ਕਤੀ ਹੁੰਦੀ ਹੈ। ਸੰਗਤ, ਖਾਲਸੇ ਦੇ ਪ੍ਰਤੀਕ ਵਜੋਂ ਰੀਤਾਂ ਰਸਮਾਂ ਵਿਰੁੱਧ ਗੁਨਾਹ ਕਰਨ ਵਾਲੇ ਨੂੰ ਇਕੱਲੀ ਸਜ਼ਾ ਹੀ ਨਹੀਂ ਦੇ ਸਕਦੀ, ਸਗੋਂ ਇਹ ਰੀਤਾਂ ਰਸਮਾਂ ਨੂੰ ਬਦਲਣ ਦੀ ਵੀ ਸ਼ਕਤੀ ਰੱਖਦੀ ਹੈ।'

ਭਾਈ ਤਾਰਾ ਸਿੰਘ ਨੇ ਦਸਿਆ, "ਅਸੀਂ 1907 ਵਿਚ ਹੀ ਵੈਨਕੂਵਰ ਵਿਚ "ਖਾਲਸਾ ਦੀਵਾਨ ਸੁਸਾਇਟੀ" ਬਣਾਈ ਤੇ ਫੇਰ ਇਹਦੀਆਂ ਬਰਾਂਚਾਂ ਵਿਕਟੋਰੀਆ, ਨਿਊਵੈਸਟਮਿਨਸਟਰ ਤੇ ਐਬਟਸਫ਼ੋਰਡ ਵਿਚ ਸਥਾਪਤ ਕੀਤੀਆਂ।

ਨੱਥਾ ਸਿੰਘ ਨੇ ਮਾਣ ਨਾਲ ਕਿਹਾ, "ਦੋ ਸਾਲ ਬਾਅਦ ਹੀ ਅਸੀਂ ਵੈਨਕੂਵਰ ਵਿਚ ਗੁਰਦੁਆਰਾ ਬਣਾ ਲਿਆ ਅਤੇ ਫੇਰ 1912 ਵਿਚ ਵਿਕਟੋਰੀਆ ਵਿਖੇ ਵੀ।"

"ਅਤੇ ਅਸੀਂ ਆਪਣੇ ਅਖ਼ਬਾਰ ਵੀ ਕੱਢਣੇ ਸ਼ੁਰੂ ਕਰ ਦਿੱਤੇ—ਪਹਿਲਾ "ਦੇਸ਼ ਸੇਵਕ" ਸ਼ੁਰੂ ਕੀਤਾ ਤੇ ਪਿਛੋਂ "ਸੰਸਾਰ", ਬੰਤਾ ਸਿੰਘ ਨੇ ਦਸਿਆ ਜਿਹੜਾ

ਇਕ ਪੇਪਰ ਦਾ ਐਡੀਟਰ ਰਹਿ ਚੁੱਕਾ ਸੀ।

ਹਰ ਐਤਵਾਰ ਸਿੱਖ ਅਤੇ ਗ਼ੈਰ-ਸਿੱਖ ਪੰਜਾਬੀ ਵੈਨਕੂਵਰ ਦੇ ਗੁਰਦੁਆਰੇ ਕਾਫੀ ਵੱਡੀ ਗਿਣਤੀ ਵਿਚ ਇਕੱਠੇ ਹੁੰਦੇ। ਪਾਠ ਅਤੇ ਕੀਰਤਨ ਤੋਂ ਪਹਿਲਾਂ ਅਤੇ ਪਿੱਛੋਂ ਉਹ ਛੋਟੇ-ਛੋਟੇ ਗਰੁੱਪਾਂ ਵਿਚ ਗੁਰਦੁਆਰੇ ਦੇ ਵਿਹੜੇ ਵਿਚ ਜਾਂ ਸਾਈਡਵਾਕ ਤੇ ਖੜ੍ਹੇ ਇੱਧਰ ਉੱਧਰ ਦੀਆਂ ਗੱਪਾਂ ਮਾਰਦੇ ਰਹਿੰਦੇ। ਮਲੂਕਾ ਵੀ ਕਮਿਊਨਿਟੀ ਬਾਰੇ ਜਾਨਣ ਦੀ ਇੱਛਾ ਨਾਲ ਜ਼ਰੂਰ ਗੁਰਦਵਾਰੇ ਜਾਂਦਾ। ਪਾਠ ਹਮੇਸ਼ਾਂ ਸ਼ਾਮ ਦੇ ਵਕਤ ਕੀਤਾ ਜਾਂਦਾ ਸੀ ਤਾਂ ਕਿ ਦੂਰ ਦੀਆਂ ਮਿੱਲਾਂ ਵਿਚ ਕੰਮ ਕਰਨ ਵਾਲੇ ਵੀ ਪਹੁੰਚ ਸਕਣ।

"ਪਹਿਲੀਆਂ ਵਿਚ ਗੁਰਦਵਾਰਾ ਹਮੇਸ਼ਾਂ ਭਰ ਜਾਂਦਾ ਹੁੰਦਾ ਸੀ", ਨੱਥਾ ਸਿੰਘ ਨੇ ਦੱਸਿਆ, "ਬਹੁਤ ਘੱਟ ਲੋਕ ਬਾਤ ਜਾਣਦੇ ਸੀ, ਆਲਾ ਦੁਆਲਾ ਉਹਨਾਂ ਨੂੰ ਬੜਾ ਅਜੀਬ ਅਤੇ ਗ਼ੈਰ ਜਿਹਾ ਲੱਗਦਾ ਸੀ। ਗੋਰਿਆਂ ਨਾਲ ਤਾਂ ਤਾਲਮੇਲ ਬਹੁਤ ਹੀ ਘੱਟ ਸੀ। ਇਸ ਕਰ ਕੇ ਬਹੁਤੇ ਲੋਕ ਗੁਰਦਵਾਰੇ ਆ ਜਾਂਦੇ ਸੀ ਨਾਲੇ ਉਦੋਂ ਲੋਕਾਂ ਵਿਚ ਭਾਈਚਾਰੇ ਦੀ ਭਾਵਨਾ ਬਹੁਤ ਵੱਧ ਹੁੰਦੀ ਸੀ।"

ਭਾਈ ਤਾਰਾ ਸਿੰਘ ਨੇ ਕਿਹਾ, "ਕਈ ਲੋਕ ਜਿਹੜੇ ਪੰਜਾਬ ਵਿਚ ਰਹਿੰਦਿਆਂ ਕਦੀ ਗੁਰਦਵਾਰੇ ਨਹੀਂ ਗਏ ਸਨ, ਇੱਥੇ ਆ ਕੇ ਗੁਰੂ ਸਾਹਿਬਾਂ ਵੱਲ ਸ਼ਰਧਾ ਰੱਖਣ ਲੱਗ ਪਏ। ਗੁਰੂਆਂ ਵਿਚ ਵਿਸ਼ਵਾਸ ਨੇ ਉਹਨਾਂ ਦੀ ਰੂਹ ਨੂੰ ਤਾਕਤ ਬਖ਼ਸ਼ੀ ਅਤੇ ਉਹਨਾਂ ਨੂੰ ਹਰ ਆਉਂਦੀ ਮੁਸ਼ਕਲ ਦਾ ਹੌਂਸਲੇ ਨਾਲ ਸਾਹਮਣਾ ਕਰਨ ਦਾ ਬਲ ਦਿੱਤਾ। ਉਹਨਾਂ ਵਿਚੋਂ ਕਿੰਨਿਆਂ ਨੇ ਇੱਥੇ ਆ ਕੇ ਅੰਮ੍ਰਿਤ ਛਕਿਆ ਅਤੇ ਸਿੰਘ ਸਜ ਗਏ।"

ਨੱਥਾ ਸਿੰਘ ਨੇ ਕਿਹਾ, "ਫ਼ੌਜ ਵਿਚ ਵੀ ਇਸੇ ਤਰ੍ਹਾਂ ਸੀ। ਦੂਰ ਦਿਆਂ ਪਿੰਡਾਂ 'ਚੋਂ ਆਏ ਛੋਟੀ ਉਮਰ ਦੇ ਰੰਗਰੂਟ ਮੁੰਡੇ ਭਰਤੀ ਹੋਣ ਵੇਲੇ ਗੁਰੂਆਂ ਦੀ ਸਿੱਖਿਆ ਬਾਰੇ ਬਹੁਤ ਥੋੜ੍ਹਾ ਜਾਣਦੇ ਹੁੰਦੇ ਸਨ। ਥੋੜ੍ਹੇ ਸਾਲਾਂ ਬਾਅਦ ਉਹ ਪੱਕੇ ਸਿੱਖ ਬਣ ਜਾਂਦੇ। ਅੰਗਰੇਜ਼ ਵੀ ਇਸ ਗੱਲ ਵਿਚ ਖ਼ੁਸ਼ ਸਨ, ਕਿਉਂਕਿ ਉਹ ਸਮਝਦੇ ਸੀ ਕਿ ਖਾਲਸਾ ਸਜਣ ਨਾਲ ਇਹ ਬਹੁਤ ਵਧੀਆ ਸਿਪਾਹੀ ਬਣ ਜਾਂਦੇ ਸਨ। ਅੰਗਰੇਜ਼ ਸਮਝਦੇ ਸੀ ਕਿ ਇਹਦੇ ਨਾਲ ਇਹ ਲੜਾਈ ਦੇ ਮੈਦਾਨ ਵਿਚ ਨਿਡਰ ਅਤੇ ਹਮੇਸ਼ਾਂ ਅੱਗੇ ਵਧਣ ਵਾਲੇ ਅਤੇ ਰੋਜ਼ ਦੇ ਜੀਵਨ ਵਿਚ ਬਹੁਤ ਦਿਆਲੂ ਅਤੇ ਮਦਦਗਾਰ

ਬਣ ਜਾਂਦੇ ਸਨ ।"

ਮਲੂਕੇ ਨੂੰ ਇਹ ਦੇਖ ਕੇ ਖ਼ੁਸ਼ੀ ਹੁੰਦੀ ਸੀ ਕਿ ਹੁਣ ਫੇਰ ਗੁਰਦਵਾਰੇ ਕਾਫ਼ੀ ਸੰਗਤ ਕੱਠੀ ਹੋਣ ਲੱਗ ਪਈ ਸੀ। ਖੁੱਲ੍ਹੇ ਹਾਲ ਦੇ ਇਕ ਪਾਸੇ ਔਰਤਾਂ ਬਹਿੰਦੀਆਂ ਜਿਹਨਾਂ ਨੇ ਚਿੱਟੀਆਂ ਚਾਦਰਾਂ ਨਾਲ ਆਪਣੀਆਂ ਲੱਤਾਂ ਢੱਕੀਆਂ ਹੋਈਆਂ ਹੁੰਦੀਆਂ। ਉਹਨਾਂ ਦੇ ਸਿਰ ਸਿਲਕ ਦੇ ਰੰਗ ਬਰੰਗੇ ਦੁਪੱਟਿਆਂ ਨਾਲ ਢਕੇ ਹੋਏ ਹੁੰਦੇ। ਸਿਆਣੀ ਉਮਰ ਦੀਆਂ ਔਰਤਾਂ ਉੱਪਰ ਚਿੱਟੇ ਜਾਂ ਹਲਕੇ ਨੀਲੇ ਰੰਗ ਦੇ ਅਤੇ ਨੌਜਵਾਨ ਕੁੜੀਆਂ ਦੇ ਕਾਲੇ ਵਾਲਾਂ ਉੱਪਰ ਲਾਲ ਪੀਲੇ ਅਤੇ ਸੁਨਹਿਰੀ ਰੰਗਾਂ ਦੇ ਦੁਪੱਟੇ ਹੁੰਦੇ। ਨਵੇਂ ਆਏ ਇੰਮੀਗਰੈਂਟਾਂ ਦੇ ਬੱਚਿਆਂ ਵਿਚ ਛੋਟੇ ਮੁੰਡਿਆਂ ਦੀ ਗਿਣਤੀ ਕਾਫ਼ੀ ਜ਼ਿਆਦਾ ਸੀ। ਉਹ ਆਪਣੇ ਛੋਟੇ ਛੋਟੇ ਪੈਰਾਂ ਨਾਲ ਕਾਹਲੀ-ਕਾਹਲੀ ਕਦਮ ਪੁੱਟਦੇ ਗ੍ਰੰਥ ਸਾਹਿਬ ਤਕ ਜਾਂਦੇ, ਖਿਡਾਰੀਆਂ ਵਾਲੀ ਚੁਸਤੀ ਨਾਲ ਮੱਥਾ ਟੇਕਦੇ ਅਤੇ ਆਪਣੇ ਦੋਸਤਾਂ ਕੋਲ ਜਾ ਬੈਠਦੇ। ਉਹਨਾਂ ਵਿਚੋਂ ਵੀ ਕੁਝ ਚੰਗੇ ਗਲੇ ਵਾਲੇ ਸੁਰੀਲੀ ਆਵਾਜ਼ ਵਿਚ ਸ਼ਬਦ ਗਾਉਂਦੇ। ਬੱਚਿਆਂ ਦੀਆਂ ਆਵਾਜ਼ਾਂ ਤਬਲੇ, ਹਾਰਮੋਨੀਅਮ ਅਤੇ ਛੈਣਿਆਂ ਨਾਲ ਮਿਲ ਕੇ ਬਹੁਤ ਰੰਗ ਬੰਨ੍ਹਦੀਆਂ। ਮਲੂਕੇ ਨੂੰ ਇਹ ਸਭ ਕੁਝ ਬੜਾ ਚੰਗਾ ਚੰਗਾ ਲੱਗਦਾ। ਉਸ ਦੀ ਖ਼ੁਸ਼ੀ ਦਾ ਇਕ ਕਾਰਨ ਹੋਰ ਵੀ ਸੀ। ਉਹਨਾਂ ਦਿਨਾਂ ਵਿਚ ਹੀ ਕਈ ਨੌਜਵਾਨ ਦੇਸ਼ੋਂ ਸਟੂਡੈਂਟ ਵੀਜ਼ੇ 'ਤੇ ਆਏ ਸਨ ਜਿਹਨਾਂ ਵਿਚ ਮਲੂਕੇ ਦਾ ਧਰਮ ਦਾ ਭਰਾ ਬਲਵੰਤ ਵੀ ਸੀ। ਉਹ ਸੁਹਣਾ ਲੰਮਾ ਪਤਲਾ ਜੁਆਨ ਸੀ ਅਤੇ ਨੀਲੇ ਸੂਟ ਅਤੇ ਹਲਕੀ ਨੀਲੀ ਪੱਗ ਵਿਚ ਬਹੁਤ ਸੁਹਣਾ ਲੱਗਦਾ ਸੀ। ਉਹਦੇ ਮੂੰਹ ਦੁਆਲੇ ਘੇਰਾ ਪਾਈ ਕਾਲੀ ਭਰਵੀਂ ਦਾਹੜੀ ਉਹਦੇ ਤਿੱਖੇ ਨੈਣ ਨਕਸ਼ਾਂ ਨੂੰ ਹੋਰ ਵੀ ਉਘਾੜਦੀ। ਉਹਦੀਆਂ ਵੱਡੀਆਂ ਭੂਰੀਆਂ ਅੱਖਾਂ ਹੋਰ ਵੀ ਵੱਡੀਆਂ ਲੱਗਦੀਆਂ। ਮੂੰਹ ਹੋਰ ਵੀ ਭਰਿਆ ਭਰਿਆ ਜਾਪਦਾ ਅਤੇ ਵਿਚੋਂ ਚਿੱਟੇ ਦੰਦ ਚਮਕਦੇ ਦਿਸਦੇ।

"ਇਹ ਬੜੀ ਮਾੜੀ ਗੱਲ ਆ ਕਿ ਕਈ ਸਿਆਣੀ ਉਮਰ ਦੇ ਬੰਦੇ ਦੇਸੋਂ ਆਪਣੀਆਂ ਧੀਆਂ ਦੇ ਹਾਣ ਦੀਆਂ ਕੁੜੀਆਂ ਵਿਆਹ ਲਿਆਉਂਦੇ ਆ", ਨੱਥਾ ਸਿੰਘ ਨੇ ਖ਼ਿਆਲ ਜ਼ਾਹਰ ਕੀਤਾ।

"ਮਾੜੀ ਤੋਂ ਵੀ ਗਾਹਾਂ ਇਹ ਤਬਾਹੀ ਵਾਲੀ ਗੱਲ ਆ", ਗੰਡਾ ਸਿੰਘ ਨੇ ਗੱਲ ਅੱਗੇ ਤੋਰੀ।

ਅਰਜਨ ਸਿੰਘ ਨੇ ਸੋਚਦਿਆਂ ਉੱਤਰ ਦਿੱਤਾ, "ਪਰ ਉਹ ਕਰ ਵੀ ਕੀ

ਸਕਦੇ ਸੀ। ਜਦੋਂ ਉਹ ਜੁਆਨ ਸੀ ਤਾਂ ਗ਼ਰੀਬ ਸਨ, ਕੋਈ ਉਹਨਾਂ ਨੂੰ ਕੁੜੀ ਦੇਣ ਨੂੰ ਤਿਆਰ ਨਹੀਂ ਸੀ। ਜੇ ਹੁਣ ਉਹਨਾਂ ਕੋਲ ਪੈਸੇ ਆ ਤਾਂ ਉਹ ਉੱਦਾਂ ਬੁੜ੍ਹੇ ਹੋ ਗਏ ਆ।"

"ਇਹ ਗੱਲ ਸ਼ਰਮ ਵਾਲੀ ਆ ਉੱਦਾਂ", ਨੱਥਾ ਸਿੰਘ ਨੇ ਕਿਹਾ, "ਇੱਦਾਂ ਦੇ ਵਿਆਹ ਪਿੰਡ 'ਚ ਤਾਂ ਲੰਘ ਸਕਦੇ ਆ ਜਿੱਥੇ ਤੀਵੀਂ ਸਾਂਝੇ ਘਰ 'ਚ ਰਹਿੰਦੀ ਆ ਅਤੇ ਬੰਦਾ ਆਪਣੇ ਘਰ ਦਾ ਕੰਮ ਕਰਦਾ ਆ। ਪਰ ਇੱਥੇ ਬੰਦਾ ਤਾਂ ਬਾਹਰ ਮਿੱਲ 'ਚ ਪਸੀਨੋ-ਪਸੀਨਾ ਹੋਇਆ ਰਹਿੰਦਾ ਅਤੇ ਤੀਵੀਂ ਵਿਚਾਰੀ ਸਾਰੀ ਦਿਹਾੜੀ ਘਰ ਇਕੱਲੀ ਰਹਿੰਦੀ ਆ।"

"ਤਦੇ ਈ ਤਾਂ ਇਹ ਛੋਟੀ ਉਮਰ ਦੀਆਂ ਵਹੁਟੀਆਂ ਜੁਆਨ ਮੁੰਡਿਆਂ ਵਲ ਲਲਚਾਈਆਂ ਨਜ਼ਰਾਂ ਨਾਲ ਦੇਖਦੀਆਂ ਆਂ", ਅਰਜਨ ਸਿੰਘ ਦਾ ਖ਼ਿਆਲ ਸੀ।

ਗੰਡਾ ਸਿੰਘ ਬੋਲਿਆ, "ਬਿਸ਼ਨੀ ਵਲਾਂ ਦੇਖੋ ਤਾਂ ਤੁਸੀਂ, ਕਿੰਨੀ ਹਲਕੀ ਉਮਰ ਦੀ ਤੇ ਸੁਹਣੀ ਆਂ। ਉਹਦੀ ਜੁਆਨੀ ਉਹਦੀ ਤੋਰ ਵਿਚ ਨੱਚਦੀ ਦਿੱਸਦੀ ਆ, ਉਹਦੇ ਬੁੱਲ੍ਹਾਂ ਉੱਤੇ ਲਿਸ਼ਕਾਰੇ ਮਾਰਦੀ ਆ, ਅਤੇ ਉਹਦੀਆਂ ਅੱਖਾਂ 'ਚੋਂ ਡੁੱਲ੍ਹ-ਡੁੱਲ੍ਹ ਪੈਂਦੀ ਆ। ਤੇ ਵਿਚਾਰਾ ਘਰ ਆਲਾ ਇੰਨਾ ਬੁੜ੍ਹਾ ਆ ਪਈ ਉਹਦੇ ਕੋਲੋਂ ਇਹ ਅੱਗ ਠੰਡੀ ਨਹੀਂ ਕਰ ਹੁੰਦੀ।"

"ਉਹ ਤਾਂ ਇੰਨਾ ਥੱਕ ਜਾਂਦਾ ਆ ਪਈ ਆਪਣੀ ਘਰ ਆਲੀ ਨਾਲ ਐਤਵਾਰ ਨੂੰ ਗੁਰਦੁਆਰੇ ਵੀ ਨਹੀਂ ਆ ਸਕਦਾ", ਨੱਥਾ ਸਿੰਘ ਨੇ ਕਿਹਾ।

"ਚੰਗਾ ਈ ਆ ਉੱਦਾਂ", ਅਰਜਨ ਸਿੰਘ ਨੇ ਟੋਣਾ ਲਾਇਆ, "ਉਹ ਸਗੋਂ ਇਸ ਤਰ੍ਹਾਂ ਜ਼ਿਆਦਾ ਖ਼ੁਸ਼ ਰਹਿੰਦੀ ਆ। ਜਦੋਂ ਜੁਆਨ ਮੁੰਡਿਆਂ ਨਾਲ ਗੱਲਾਂ ਕਰਦੀ ਆ ਤਾਂ ਉਹਦੇ ਸਰੀਰ 'ਚੋਂ ਅੱਗ ਨਿਕਲਦੀ ਹੁੰਦੀ ਆ। ਤੇ ਨਾਲੇ ਮਰਜ਼ੀ ਨਾਲ ਇਹਨਾਂ ਮੁੰਡਿਆਂ ਨਾਲ ਹਾਸਾ ਮਖ਼ੌਲ ਕਰ ਸਕਦੀ ਆ।"

"ਬਲਵੰਤ ਤੋਂ ਇਕ ਪਲ ਵੀ ਅੱਖਾਂ ਨਹੀਂ ਚੁੱਕਦੀ, ਜਦੋਂ ਉਹ ਆਲੇ ਦੁਆਲੇ ਹੋਵੇ", ਗੰਡਾ ਸਿੰਘ ਨੇ ਸ਼ਰਾਰਤ ਨਾਲ ਕਿਹਾ, "ਨਾਲੇ ਉਹਨੂੰ ਉਲ੍ਹਾਮਾ ਵੀ ਕਾਹਦਾ ਦਈਏ ? ਬਈ ਮਲੂਕਿਆ ਤੂੰ ਆਪਣੇ ਭਾਈਵੰਦ ਨੂੰ ਸਾਵਧਾਨ ਕਰ ਦੇ।"

"ਚੁਗਲੀਆਂ ਕਰਨ ਤੋਂ ਰੋਕਣਾ ਬੜਾ ਮੁਸ਼ਕਲ ਆ ਤੁਹਾਨੂੰ। ਐਤਵਾਰ ਵਾਲੇ ਦਿਨ ਤਾਂ ਤੁਹਾਨੂੰ ਗੁਰਬਾਣੀ ਸੁਣ ਕੇ ਆਪਣਾ ਜੀਵਨ ਸੁਧਾਰਨਾ ਚਾਹੀਦਾ ਆ", ਸਤਨਾਮ ਸਿੰਘ ਨੇ ਮਿੱਠੀ ਝਿੜਕੀ ਦਿੰਦਿਆਂ ਕਿਹਾ।

25

ਸਤਨਾਮ ਇਕ ਪੜ੍ਹਿਆ ਲਿਖਿਆ ਆਪਣੇ ਆਪ ਵਿਚ ਮਸਤ ਰਹਿਣ ਵਾਲਾ ਅਤੇ ਸੰਗਾਊ ਸੁਭਾ ਵਾਲਾ ਬੰਦਾ ਸੀ। ਪਰ ਕਮਿਊਨਿਟੀ ਦੀ ਭਲਾਈ ਕਰਨਾ ਉਹਦਾ ਸਭ ਤੋਂ ਵੱਡਾ ਸਰੋਕਾਰ ਸੀ। ਸੰਗਤ ਵਿਚ ਵਿਚਾਰ ਵਟਾਂਦਰੇ ਵੇਲੇ ਉਹ ਆਪ ਘੱਟ ਬੋਲਦਾ ਅਤੇ ਜ਼ਿਆਦਾ ਗੁੱਸੇ ਖ਼ੋਰ ਅਤੇ ਵਧੀਆ ਬੋਲਣ ਵਾਲਿਆਂ ਨੂੰ ਹੀ ਗੱਲ ਕਰਨ ਦਿੰਦਾ।

ਸਤਨਾਮ ਦਰਮਿਆਨੇ ਕੱਦ ਅਤੇ ਸੁਹਣੀ ਡੀਲ ਡੌਲ ਵਾਲਾ ਆਦਮੀ ਸੀ। ਉਹ ਹਮੇਸ਼ਾਂ ਸਾਫ਼ ਸੁਥਰੇ ਕੱਪੜੇ ਪਾਉਂਦਾ, ਭਾਵੇਂ ਮਰੋੜੇ ਹੋਏ ਅਖ਼ਬਾਰ ਉਹਦੀਆਂ ਜੇਬਾਂ ਵਿਚੋਂ ਬਾਹਰ ਲਮਕਦੇ ਰਹਿੰਦੇ। ਸਿਰ ਦੇ ਝੜਦੇ ਵਾਲਾਂ, ਕੱਟੀਆਂ ਹੋਈਆਂ ਧੌਲੀਆਂ ਮੁੱਛਾਂ, ਚਿਹਰੇ ਦੀ ਗ਼ਮਗੀਨੀ ਅਤੇ ਗੱਲ ਕਰਨ ਦੇ ਖ਼ਾਸ ਅੰਦਾਜ਼ ਕਰ ਕੇ ਉਹ ਕੇਨਡੀਅਨ ਪੈਸੀਫਿਕ ਰੇਲਵੇ ਦੇ ਮਾਲੀ ਨਾਲੋਂ ਇਕ ਪ੍ਰੋਫੈਸਰ ਜ਼ਿਆਦਾ ਲੱਗਦਾ। ਰੇਲ ਲਾਈਨ ਦੇ ਵੈਨਕੂਵਰ ਤਕ ਬਣਨ ਤੋਂ ਛੇਤੀ ਬਾਅਦ ਸੀ. ਪੀ. ਆਰ. ਨੇ ਸ਼ਾਹਨਸੀ ਹਾਈਟ ਦੇ ਸੁੰਦਰ ਇਲਾਕੇ ਵਿਚ ਕਿੰਨੇ ਹੀ ਬਹੁਤ ਸੁਹਣੇ ਅਤੇ ਵੱਡੇ ਵੱਡੇ ਘਰ ਬਣਾਏ ਸਨ। ਸਤਨਾਮ ਉਹਨਾਂ ਵਿਚੋਂ ਤਿੰਨ ਘਰਾਂ ਦੀ ਦੇਖਭਾਲ ਕਰਨ ਦਾ ਕੰਮ ਕਰਦਾ ਸੀ ਅਤੇ ਉਥੇ ਹੀ ਇਕ ਸਾਫ਼ ਸੁਥਰੇ ਕਮਰੇ ਵਿਚ ਰਹਿੰਦਾ ਸੀ। ਸ਼ਾਇਦ ਉਹਦੀ ਪੱਕੀ, ਅਲਹਿਦਾ ਤਰ੍ਹਾਂ ਦੀ ਨੌਕਰੀ ਅਤੇ ਕਮਿਊਨਿਟੀ ਤੋਂ ਦੂਰ ਰਹਿਣ ਕਰਕੇ ਹੀ ਉਹ ਬਿਨਾਂ ਕਿਸੇ ਡਰ ਭਉ ਦੇ ਵਾਲ ਕਟਾਉਣ ਵਿਚ ਕਾਮਯਾਬ ਹੋ ਗਿਆ ਸੀ। ਮੌਜੂਦਾ ਹਾਲਤਾਂ ਦੀ ਡੂੰਘੀ ਖ਼ਬਰਸਾਰ ਰੱਖਣ ਵਾਲਾ ਸਤਨਾਮ ਪੰਜਾਬੀ, ਉਰਦੂ ਅਤੇ ਅੰਗਰੇਜ਼ੀ ਦੇ ਕਈ ਅਖ਼ਬਾਰ ਅਤੇ ਰਸਾਲੇ ਮੰਗਵਾਉਂਦਾ ਸੀ। ਇਤਿਹਾਸ ਅਤੇ ਸਿਆਸਤ ਦੇ ਵਿਸ਼ਿਆਂ ਉੱਤੇ ਉਹਨੇ ਕਿੰਨੀਆਂ ਕਿਤਾਬਾਂ ਇਕੱਠੀਆਂ ਕਰ ਰੱਖੀਆਂ ਸਨ। ਨੌਜਵਾਨ, ਖ਼ਾਸ ਕਰ ਵਿਦਿਆਰਥੀ ਉਹਦੇ ਵਲ ਕਾਫ਼ੀ ਖਿੱਚੇ ਜਾਂਦੇ, ਅਤੇ ਉਹ ਅਕਸਰ ਉਹਦੇ ਨਿਵੇਕਲੇ ਛੋਟੇ ਜਿਹੇ ਕੁਆਟਰ ਵਿਚ ਉਹਨੂੰ ਮਿਲਣ ਆਉਂਦੇ।

ਇਕ ਸ਼ਨਿਚਰਵਾਰ ਦੀ ਸ਼ਾਮ ਨੂੰ ਸਤਨਾਮ ਨੇ ਮਿਲਣ ਆਏ ਚਾਰ ਨੌਜਵਾਨਾਂ ਨੂੰ ਵਧੀਆ ਬਿਸਕੁਟ ਅਤੇ ਦਾਰਜਲਿੰਗ ਦੀ ਚਾਹ ਪਿਲਾਈ ਜਿਹੜੀ ਉਹ ਆਪ ਵੀ ਬਹੁਤ ਪਸੰਦ ਕਰਦਾ ਸੀ। ਉਹਨੇ ਉਹਨਾਂ ਨੂੰ ਸ੍ਰੀ ਨਿਵਾਸ ਸ਼ਾਸਤਰੀ ਅਤੇ ਲਾਲਾ

ਲਾਜਪਤ ਰਾਏ ਦੇ ਲਿਖੇ ਕਿੰਨੇ ਹੀ ਲੇਖ ਦਿਖਾਏ ਜਿਹੜੇ ਬਾਹਰ ਰਹਿ ਰਹੇ ਭਾਰਤੀਆਂ ਬਾਰੇ ਸਨ। ਉਹਨਾਂ ਦੋਹਾਂ ਨੇ ਹੀ ਬਾਹਰ ਵਸਦੇ ਭਾਰਤੀਆਂ ਵਿਚ ਦਿਲਚਸਪੀ ਦਿਖਾਈ ਸੀ ਅਤੇ ਸੁਝਾਅ ਦਿੱਤਾ ਸੀ ਕਿ ਬਾਹਰ ਵਸਦੇ ਭਾਰਤੀਆਂ ਨੂੰ ਨਵੇਂ ਮੁਲਕਾਂ ਦੇ ਤੌਰ ਤਰੀਕੇ ਅਪਨਾਉਣੇ ਚਾਹੀਦੇ ਹਨ।

"ਤੁਹਾਨੂੰ ਨੌਜਵਾਨਾਂ ਨੂੰ ਚਾਹੀਦਾ ਹੈ ਕਿ ਤੁਸੀਂ ਇਹ ਹਿੰਦੂਆਂ ਦੇ ਵਿਹੜੇ ਵਿਚੋਂ, 'ਇਸ ਘੈਟੋ' ਵਿਚੋਂ ਬਾਹਰ ਨਿਕਲੋ", ਸਤਨਾਮ ਨੇ ਆਪਣੇ ਧੀਮੇ ਗੱਲ ਕਰਨ ਦੇ ਅੰਦਾਜ਼ ਵਿਚ ਕਿਹਾ, "ਇੰਨੇ ਸਮੁੰਦਰ ਟੱਪ ਕੇ ਭਾਰਤ ਛੱਡਣ ਦਾ ਕੀ ਫਾਇਦਾ ਜੇ ਫੇਰ ਵੀ ਆਪਣੇ ਮੁਲਕ ਵਰਗੇ ਮਾਹੌਲ ਵਿਚ ਹੀ ਰਹਿਣਾ ਹੈ।"

ਬਲਵੰਤ ਨੇ ਜਵਾਬ ਦਿੱਤਾ, "ਹਾਂ ਤੁਹਾਡੀ ਗੱਲ ਬਿਲਕੁਲ ਠੀਕ ਹੈ। ਅਸੀਂ ਕੈਨੇਡੀਅਨ ਲੋਕਾਂ ਨੂੰ ਬਹੁਤ ਮਿਲਦੇ ਗਿਲਦੇ ਹਾਂ। ਸਾਡੀ ਕਮਿਊਨਿਟੀ ਦੀ ਪਹਿਲੀ ਪੀੜ੍ਹੀ ਦੇ ਬੰਦੇ ਆਪਣੀ ਜਾਤੀ ਅਤੇ ਆਪਣੀ ਕਮਿਊਨਿਟੀ ਦੇ ਮਸਲਿਆਂ ਬਾਰੇ ਹੀ ਹਰ ਵੇਲੇ ਫ਼ਿਕਰਮੰਦ ਰਹਿੰਦੇ ਹਨ।"

"ਉਹ ਗੋਰਿਆਂ ਵਲੋਂ ਹੁੰਦੇ ਨਸਲੀ ਵਿਤਕਰੇ ਬਾਰੇ ਅਕਸਰ ਖਿਝ ਨਾਲ ਗੱਲਾਂ ਕਰਦੇ ਹਨ", ਖੇਡਾਂ ਦੇ ਸ਼ੌਕੀਨ ਤਰਲੋਕ ਸਿੰਘ ਨੇ ਕਿਹਾ।

"ਉਹ ਹਮੇਸ਼ਾਂ ਦੇਸ਼ ਵਾਪਿਸ ਜਾਣ ਬਾਰੇ ਹੀ ਸੋਚਦੇ ਰਹਿੰਦੇ ਹਨ। ਉਹ ਕਹਿੰਦੇ ਹਨ ਕਿ ਜਿੰਨਾ ਚਿਰ ਭਾਰਤ ਆਜ਼ਾਦ ਨਹੀਂ ਹੋ ਜਾਂਦਾ ਉੱਨਾ ਚਿਰ ਉਹਨਾਂ ਦੀ ਬਾਹਰ ਕਿਸੇ ਨੇ ਵੀ ਇੱਜ਼ਤ ਨਹੀਂ ਕਰਨੀ", ਮੇਹਰ ਸਿੰਘ ਜੋ ਆਪਣੀ ਜਨਮ-ਭੂਮੀ ਛੱਡ ਕੇ ਕਾਫ਼ੀ ਖ਼ੁਸ਼ ਸੀ, ਨੇ ਕਿਹਾ।

"ਜੋ ਕਝ ਉਹ ਕਹਿੰਦੇ ਆ ਉਹਦੇ ਵਿਚੋਂ ਕਾਫ਼ੀ ਕਝ ਤਾਂ ਬਿਲਕੁਲ ਠੀਕ ਹੈ", ਸਤਨਾਮ ਨੇ ਸਹਿਮਤੀ ਪ੍ਰਗਟ ਕਰਦਿਆਂ ਕਿਹਾ, "ਪਰ ਹੁਣ ਹਾਲਾਤ ਦਸ ਪੰਦਰਾਂ ਸਾਲ ਪਹਿਲਾਂ ਨਾਲੋਂ ਕਾਫ਼ੀ ਵਧੀਆ ਹਨ। ਅਤੇ ਹੋਰ ਤਬਦੀਲੀ ਵੀ ਛੇਤੀ ਹੋ ਜਾਣੀ ਹੈ, ਕਿਉਂਕਿ ਲੜਾਈ ਨੇ ਚੁਨੀਆਂ ਨੂੰ ਕਾਫ਼ੀ ਹਿਲਾ ਦਿੱਤਾ ਹੈ। ਪਰ ਸਾਨੂੰ ਵੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਅਸੀਂ ਵੀ ਉਹਨਾਂ ਲੋਕਾਂ ਦੇ ਤੌਰ ਤਰੀਕੇ ਸਿੱਖੀਏ ਜਿਹਨਾਂ ਵਿਚ ਅਸੀਂ ਰਹਿ ਰਹੇ ਹਾਂ।"

"ਉਹ ਤਾਂ ਹਮੇਸ਼ਾਂ ਇਹੀ ਕਹਿੰਦੇ ਆ ਕਿ ਉਹਨਾਂ ਨੇ ਵਾਪਸ ਭਾਰਤ ਚਲੇ ਜਾਣਾ ਹੈ ਅਤੇ ਕਈ ਤਾਂ ਜ਼ਮੀਨੀਅਨ ਮਿੱਲ ਵਿਚ ਅੱਗ ਲੱਗਣ ਤੋਂ ਬਾਅਦ ਚਲੇ

ਵੀ ਗਏ ਹਨ", ਮਲੂਕੇ ਨੇ ਕਿਹਾ।

"ਇਹ ਤਾਂ ਉਹਨਾਂ ਦਾ ਮਨ ਚਾਹਿਆ ਸੁਪਨਾ ਹੀ ਹੈ", ਸਤਨਾਮ ਨੇ ਜਵਾਬ ਦਿੱਤਾ, "ਉਹਨਾਂ 'ਚੋਂ ਜਿਹੜੇ ਜਾਂਦੇ ਵੀ ਹਨ ਉਹ ਵੀ ਸਾਲ ਦੇ ਵਿਚ ਵਿਚ ਵਾਪਿਸ ਆ ਜਾਂਦੇ ਹਨ। ਜਿਹੜੇ ਅੱਗ ਤੋਂ ਬਾਅਦ ਗਏ ਸੀ ਉਹਨਾਂ 'ਚੋਂ ਬਹੁਤੇ ਦੇਖ ਲਈਂ ਖਾਲੀ ਜੇਬਾਂ ਅਤੇ ਟੁੱਟੇ ਭਰਮ ਲੈ ਵਾਪਿਸ ਆਉਣਗੇ।"

26

ਇਕ ਐਤਵਾਰ ਸ਼ਾਮ ਨੂੰ ਗੁਰਦੁਆਰੇ ਦੀਵਾਨ ਦੀ ਸਮਾਪਤੀ ਤੋਂ ਪਹਿਲਾਂ ਮਲੂਕੇ ਨੇ ਉੱਠ ਕੇ ਕਿਹਾ ਕਿ ਛੇਤੀ ਹੀ ਹੇਠਾਂ ਲੰਗਰ ਵਿਚ ਨੌਜਵਾਨਾਂ ਵਲੋਂ ਇਕ ਜਥੇਬੰਦੀ ਬਨਾਉਣ ਬਾਰੇ ਵਿਚਾਰ ਵਟਾਂਦਰਾ ਹੋਵੇਗਾ, ਜਿਸ ਲਈ ਸਾਰਿਆਂ ਨੂੰ ਆਉਣ ਲਈ ਸੱਦਾ ਦਿੱਤਾ ਜਾਂਦਾ ਹੈ।

ਮੀਟਿੰਗ ਵਿਚ ਕਾਫ਼ੀ ਗਹਿਮੀ-ਗਹਿਮੀ ਸੀ। ਬਲਵੰਤ ਸਿੰਘ ਮੀਟਿੰਗ ਦਾ ਸਭਾਪਤੀ ਬਣਿਆ। ਉਹਨੇ ਹਿੰਦੁਸਤਾਨੀ ਨੌਜਵਾਨਾਂ ਦੀ ਜਥੇਬੰਦੀ ਦੀ ਜ਼ਰੂਰਤ ਬਾਰੇ ਅਤੇ ਨਾਲੇ ਇਹਦੇ ਰਾਹੀਂ ਕੀਤੇ ਜਾਣ ਵਾਲੇ ਕੁਝ ਇਕ ਕੰਮਾਂ ਬਾਰੇ ਦੱਸਿਆ।

"ਬੁੜ੍ਹਿਆਂ ਤੋਂ ਬਿਨਾਂ ਇਹ ਨਵੀਂ ਜਥੇਬੰਦੀ ਕਾਹਦੇ ਲਈ? ਸਾਨੂੰ ਬੁੜ੍ਹਿਆਂ ਨੂੰ ਬਾਹਰ ਕਿਉਂ ਕੱਢਿਆ ਜਾ ਰਿਹਾ ਹੈ?" ਭਾਈ ਹੀਰਾ ਸਿੰਘ ਨੇ ਆਪਣੀ ਚਿੱਟੀ ਦਾਹੜੀ ਖੁਰਕਦਿਆਂ ਕਿਹਾ।

"ਪਹਿਲੀ ਗੱਲ ਤਾਂ ਇਹ ਹੈ ਕਿ ਅਸੀਂ ਖੇਡਾਂ ਖੇਡਿਆ ਕਰਾਂਗੇ।" ਤਰਲੋਕ ਸਿੰਘ ਨੇ ਜਵਾਬ ਦਿੱਤਾ।

"ਅਸੀਂ ਤੁਹਾਨੂੰ ਖੇਡਦਿਆਂ ਨੂੰ ਦੇਖ ਤਾਂ ਸਕਦੇ ਹੀ ਹਾਂ, ਜਾਂ ਕਿ ਤੁਸੀਂ ਕੋਈ ਏਦਾਂ ਦੇ ਕੰਮ ਕਰਨੇ ਹਨ ਜਿਹੜੇ ਤੁਸੀਂ ਚਾਹੁੰਦੇ ਹੋ ਕਿ ਅਸੀਂ ਨਾ ਦੇਖੀਏ?" ਹੀਰਾ ਸਿੰਘ ਦਾ ਜਵਾਬ ਸੀ।

ਭਾਈ ਸੰਤੋਖ ਸਿੰਘ ਨੇ ਕਿਹਾ, "ਸਾਨੂੰ ਇਹ ਦੱਸਿਆ ਗਿਆ ਹੈ ਕਿ ਜਥੇਬੰਦੀ

ਦਾ ਇਹ ਕੰਮ ਗਾਣੇ ਬਜਾਣੇ ਦੇ ਪ੍ਰੋਗਰਾਮ ਕਰਕੇ ਗੋਰਿਆਂ ਨਾਲ ਤਾਲਮੇਲ ਵਧਾਉਣ ਦਾ ਹੋਵੇਗਾ । ਕੀ ਇਹਦਾ ਮਤਲਬ ਹੈ ਕਿ ਤੁਸੀਂ ਨਾਚ ਵਗੈਰਾ ਪੇਸ਼ ਕਰਿਆ ਕਰੋਗੇ ?"

ਥੋੜ੍ਹਾ ਜਿਹਾ ਸ਼ਰਮਿੰਦਾ ਪੈਂਦਿਆਂ ਬਲਵੰਤ ਨੇ ਯਕੀਨ ਦੁਆਇਆ, "ਨਹੀਂ ਅਸੀਂ ਇਹੋ ਜਿਹੀ ਤਾਂ ਕੋਈ ਗੱਲ ਨਹੀਂ ਸੀ ਸੋਚ ਰਹੇ, ਸਾਡੇ ਖ਼ਿਆਲ ਵਿਚ ਤਾਂ ਗੀਤ ਸੰਗੀਤ ਦਾ ਅੰਹੋ ਜਿਹਾ ਪ੍ਰੋਗਰਾਮ ਸੀ ਜਿਹੋ ਜਿਹਾ ਆਪਾਂ ਇੱਥੇ ਗੁਰਦੁਆਰੇ ਵਿਚ ਕਰਦੇ ਹੀ ਹਾਂ ।"

ਭਾਈ ਤਾਰਾ ਸਿੰਘ ਨੇ ਸਵਾਲ ਕੀਤਾ, "ਕੀ ਤੁਹਾਡੀ ਜਥੇਬੰਦੀ ਸਿੱਖ ਧਰਮ ਦੇ ਸੁਹਣੇ ਤੇ ਵਧੀਆ ਪੱਖਾਂ ਬਾਰੇ ਇੱਥੋਂ ਦੇ ਲੋਕਾਂ ਨੂੰ ਚੱਸਿਆ ਕਰੇਗੀ ?"

"ਕੀ ਭਾਈ ਤਾਰਾ ਸਿੰਘ ਦੇ ਮਨ ਵਿਚ ਸਿੱਖ ਧਰਮ ਨੂੰ ਕੈਨੇਡਾ ਵਿਚ ਫੈਲਾਉਣ ਦਾ ਖਿਆਲ ਹੈ ? ਕੀ ਸੱਚ ਮੁੱਚ ਤੇਨੂੰ ਇਸ ਗੱਲ ਦਾ ਯਕੀਨ ਹੈ ਕਿ ਆਪਾਂ ਇੱਥੇ ਲੋਕਾਂ ਨੂੰ ਸਿੱਖ ਬਣਾ ਸਕਦੇ ਹਾਂ, ਉਹਨਾਂ ਨੂੰ ਲੰਬੀਆਂ ਲੰਬੀਆਂ ਦਾਹੜੀਆਂ ਰੱਖਣ ਲਈ ਤੇ ਅੰਮ੍ਰਿਤ ਛਕਣ ਲਈ ਸਹਿਮਤ ਕਰ ਸਕਦੇ ਹਾਂ ?" ਗੰਡਾ ਸਿੰਘ ਨੇ ਪੁੱਛਿਆ ।

"ਮੈਨੂੰ ਤਾਂ ਇਹਦੇ ਵਿਚ ਕੋਈ ਹੈਰਾਨੀ ਵਾਲੀ ਜਾਂ ਔਖੀ ਗੱਲ ਨਹੀਂ ਦਿੱਸਦੀ । ਈਸਾਈਆਂ ਦੇ ਮਿਸ਼ਨਰੀ ਭਾਰਤ ਵਿਚ ਬੜੇ ਕਾਮਯਾਬ ਤਰੀਕੇ ਨਾਲ ਆਪਣੇ ਧਰਮ ਦਾ ਪ੍ਰਚਾਰ ਕਰ ਰਹੇ ਹਨ । ਅਸੀਂ ਇਹੋ ਗੱਲ ਇਥੇ ਕਿਉਂ ਨਹੀਂ ਕਰ ਸਕਦੇ ?"

"ਕੀ ਇਸ ਜਥੇਬੰਦੀ ਦੇ ਪੜ੍ਹੇ-ਲਿਖੇ ਮੈਂਬਰ ਸਿੱਖ ਗੁਰੂਆਂ ਦੀ ਸਿੱਖਿਆ ਬਾਰੇ ਲੋਕਾਂ ਨੂੰ ਲੈਕਚਰ ਦੇਣ ਲਈ ਤਿਆਰ ਹੋਣਗੇ ?" ਭਾਈ ਤਾਰਾ ਸਿੰਘ ਨੇ ਤੇਜ਼ੀ ਨਾਲ ਪੁੱਛਿਆ ।

"ਹਾਂ, ਸਾਨੂੰ ਇਹ ਕਰ ਕੇ ਬੜੀ ਖ਼ੁਸ਼ੀ ਹੋਵੇਗੀ ।" ਬਲਵੰਤ ਸਿੰਘ ਨੇ ਯਕੀਨ ਦੁਆਂਦਿਆਂ ਕਿਹਾ ।

"ਤਾਂ ਮੈਂ ਇਸ ਜਥੇਬੰਦੀ ਦੇ ਪੂਰੀ ਤਰ੍ਹਾਂ ਹੱਕ ਵਿਚ ਹਾਂ", ਉਹਨੇ ਉਤਸ਼ਾਹ ਨਾਲ ਕਿਹਾ ।

ਉੱਥੇ ਇਕੱਠੇ ਹੋਏ ਸਾਰੇ ਲੋਕ ਹਿੰਦੁਸਤਾਨੀ ਯੰਗ ਮੈਨਜ਼ ਐਸੋਸੀਏਸ਼ਨ ਬਣਨ

ਨਾਲ ਖ਼ੁਸ਼ ਨਹੀਂ ਸਨ। ਉਹਨਾਂ ਵਿਚੋਂ ਬਹੁਤਿਆਂ ਨੂੰ ਇਸ ਗੱਲ ਦਾ ਡਰ ਸੀ ਕਿ ਇਕ ਵਾਰੀ ਨੌਜਵਾਨ ਆਪਣੀ ਉਮਰ ਦੇ ਗੋਰੇ ਲੋਕਾਂ ਨਾਲ ਘੁਲ-ਮਿਲ ਗਏ ਤਾਂ ਉਹ ਆਪਣਾ ਸੱਭਿਆਚਾਰ, ਧਰਮ ਤੇ ਖਾਸ ਕਰ ਧਰਮ ਦੇ ਬਾਹਰੀ ਚਿੰਨ੍ਹ ਜ਼ਰੂਰ ਗੁਆ ਬੈਠਣਗੇ।

27

ਬਹਾਰ ਦਾ ਮੌਸਮ ਆਉਣ ਨਾਲ ਹਰ ਪਾਸੇ ਤਾਜ਼ਗੀ ਸੀ ਅਤੇ ਵੈਨਕੂਵਰ ਦੇ ਬਾਗ਼ਾਂ ਅਤੇ ਪਾਰਕਾਂ ਵਿਚ ਰੰਗ-ਬਰੰਗੇ ਫੁੱਲ ਟਹਿਕਣ ਲੱਗੇ। ਗੁਰੂ ਨਾਨਕ ਦੇਵ ਜੀ ਦਾ ਜਨਮ ਉਤਸਵ ਮਨਾਉਣ ਲਈ ਇਹ ਸਮਾਂ ਬਹੁਤ ਠੀਕ ਸੀ।

ਵੈਨਕੂਵਰ ਦੀ ਖਾਲਸਾ ਦੀਵਾਨ ਸੁਸਾਇਟੀ ਨੇ ਇਕ ਖ਼ੁਸ਼ੀ ਭਰਿਆ ਸੰਦੇਸ਼-ਪੱਤਰ ਬੀ. ਸੀ. ਅਤੇ ਕੈਲੇਫੋਰਨੀਆਂ ਦੀਆਂ ਸਾਰੀਆਂ ਸੰਗਤਾਂ ਨੂੰ ਭੇਜਿਆ ਅਤੇ ਉਹਨਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਨ ਉੱਤੇ ਵੈਨਕੂਵਰ ਆਉਣ ਦਾ ਸੱਦਾ ਦਿੱਤਾ। ਇਸ ਗੱਲ ਦਾ ਵੀ ਐਲਾਨ ਕਰ ਦਿੱਤਾ ਗਿਆ ਕਿ ਲੰਗਰ ਦੀ ਸੇਵਾ ਦੋ ਸਿੱਖ ਸ਼ਰਧਾਲੂਆਂ ਵਲੋਂ ਹੋਵੇਗੀ ਜਿਨ੍ਹਾਂ ਨੇ ਆਪਣਾ ਨਾਂ ਗੁਪਤ ਰੱਖਣ ਦਾ ਫ਼ੈਸਲਾ ਕੀਤਾ ਸੀ। ਆਮ ਲੋਕਾਂ ਨੂੰ ਸੱਦੇ ਦਾ ਸੁਨੇਹਾ ਅੰਗਰੇਜ਼ੀ ਦੇ ਦੋ ਅਖ਼ਬਾਰਾਂ ਰੋਜ਼ਾਨਾ ਪਰੋਵਿੰਸ ਅਤੇ ਵੈਨਕੂਵਰ ਸਨ ਵਿਚ ਵੀ ਦਿੱਤੇ ਗਏ ਅਤੇ ਇਹ ਗੱਲ ਖ਼ਾਸ ਤੌਰ 'ਤੇ ਲਿਖੀ ਗਈ ਕਿ ਲੈਕਚਰ ਅੰਗਰੇਜ਼ੀ ਜ਼ਬਾਨ ਵਿਚ ਹੋਣਗੇ।

ਐਤਵਾਰ ਨੂੰ ਹੋਣ ਵਾਲੇ ਜੋੜ-ਮੇਲੇ ਤੋਂ ਕਈ ਦਿਨ ਪਹਿਲਾਂ ਹੀ ਲੋਕੀਂ ਬੀ. ਸੀ. ਦੇ ਵੱਖ ਵੱਖ ਥਾਂਹਾ—ਪਰਿੰਸ ਜਾਰਜ ਅਤੇ ਪਰਿੰਸ-ਰੂਪਰਟ ਤੋਂ ਲੱਕੜੀ ਕੱਟਣ ਵਾਲ, ਕਿਲੋਨਾ ਅਤੇ ਕੈਮਲੂਪਸ ਤੋਂ ਕਿਸਾਨ, ਸੂਬੇ ਦੇ ਹੋਰਨਾਂ ਭਾਗਾਂ ਵਿਚੋਂ ਲੱਕੜੀ ਵੱਢਣ ਵਾਲੇ ਵੈਨਕੂਵਰ ਆਈਲੈਂਡ ਤੋਂ ਛੋਟੀਆਂ ਛੋਟੀਆਂ ਮਿੱਲਾਂ ਵਿਚ ਕੰਮ ਕਰਨ ਵਾਲੇ ਲੋਕ ਵੈਨਕੂਵਰ ਪਹੁੰਚਣੇ ਸ਼ੁਰੂ ਹੋ ਗਏ। ਐਤਵਾਰ ਵਾਲੇ ਦਿਨ ਨੇੜੇ ਦੇ ਇਲਾਕਿਆਂ—ਨਿਊ ਵੈਸਟਮਿਨਸਟਰ, ਪੋਰਟ ਮੂਡੀ, ਫ਼ਰੇਜ਼ਰ ਮਿਲਜ਼,

ਐਬਟਸਫੋਰਡ ਅਤੇ ਮਿਸ਼ਨ ਆਦਿ ਵਿਚੋਂ ਵੱਡੀ ਗਿਣਤੀ ਵਿਚ ਸਿੱਖ ਪਹੁੰਚੇ। ਉਹ ਇਕ ਜਲੂਸ ਦੀ ਸ਼ਕਲ ਵਿਚ ਗੁਰਦੁਆਰੇ ਦਾਖ਼ਲ ਹੋਏ। ਛੋਟੇ ਬੱਚਿਆਂ ਨੇ ਪੀਲੇ ਰੰਗ ਦੇ ਕਮਰਬੰਦ ਬੰਨ੍ਹੇ ਹੋਏ ਸਨ ਅਤੇ ਨਿਸ਼ਾਨ ਸਾਹਿਬ ਚੁੱਕੇ ਹੋਏ ਸਨ। ਉਨ੍ਹਾਂ ਦੇ ਪਿੱਛੇ ਢੋਲਕੀਆਂ ਛੈਣਿਆਂ ਨਾਲ ਸ਼ਬਦ ਗਾਉਂਦੇ ਰਾਗੀ ਅਰਾਮ ਨਾਲ ਫ਼ੌਜੀਆਂ ਵਾਂਗ ਮਾਰਚ ਕਰਦੇ ਆ ਰਹੇ ਸਨ।

ਜੋੜ-ਮੇਲੇ ਵਿਚ ਸ਼ਹਿਰ ਵਿਚੋਂ ਅੰਗਰੇਜ਼ੀ ਬੋਲਣ ਵਾਲੇ ਲੋਕ ਵੀ ਕਾਫ਼ੀ ਗਿਣਤੀ ਵਿਚ ਆਏ ਸਨ। ਉਹਨਾਂ ਵਿਚੋਂ ਕਈ ਸਿੱਖ ਫ਼ੌਜੀਆਂ ਨਾਲ ਨੇੜਤਾ ਰੱਖਣ ਵਾਲੇ ਰੀਟਾਇਰਡ ਫ਼ੌਜੀ ਅਫ਼ਸਰ ਸਨ ਜਿਹੜੇ ਆਪਣੀਆਂ ਪਤਨੀਆਂ ਨੂੰ ਵੀ ਨਾਲ ਲਿਆਏ ਸਨ। ਕਈ ਪੂਰਬੀ ਧਰਮਾਂ ਦੇ ਵਿਦਿਆਰਥੀ ਖ਼ਾਸ ਕਰ ਕੇ ਥੀਓਸੋਫਿਸਟ ਵੀ ਸਨ। ਹੈਰਾਨੀਜਨਕ ਵੱਡੀ ਗਿਣਤੀ ਵਿਚ ਗੋਰੇ ਨੌਜਵਾਨ ਵੀ ਸਨ, ਜਿਹੜੇ ਸ਼ਾਇਦ ਆਪਣੇ ਅਜੀਬ ਬਦੇਸ਼ੀ ਗੁਆਂਢੀਆਂ ਬਾਰੇ ਜਾਨਣ ਲਈ ਉਤਸਕ ਸਨ। ਕਈ ਉਸ ਤਰ੍ਹਾਂ ਹੀ ਸ਼ੁਗਲ ਕਰਨ ਲਈ ਆਏ ਸਨ।

ਛੋਟੀ ਉਮਰ ਦੇ ਸਿੱਖ ਲੜਕਿਆਂ ਨੇ ਅੰਦਰ ਜਾਣ ਤੋਂ ਪਹਿਲਾਂ ਉਹਨਾਂ ਨੂੰ ਪੈਰਾਂ ਤੋਂ ਜੁੱਤੀਆਂ ਲਾਹ ਕੇ ਰੱਖਣ ਵਿਚ ਸ਼ਲਾਘਾਯੋਗ ਮਦਦ ਕੀਤੀ ਅਤੇ ਫੇਰ ਉਹਨਾਂ ਨੂੰ ਮਾਣ ਨਾਲ ਅੰਦਰ ਲੈ ਗਏ। ਉਹਨਾਂ ਵਿਚੋਂ ਕਈ ਔਖੇ ਸੌਖੇ ਗਲੀਚੇ ਤੇ ਬੈਠ ਗਏ ਤੇ ਕਈਆਂ ਨੇ ਤਾਂ ਦਰਵਾਜ਼ਿਆਂ ਕੋਲ ਖੜ੍ਹੇ ਰਹਿਣਾ ਹੀ ਠੀਕ ਸਮਝਿਆ।

ਅੰਦਰ ਗਿਆਨੀ ਦੀਵਾਨ ਸਿੰਘ ਆਪਣੀ ਖੁੱਲ੍ਹੀ ਚਿੱਟੀ ਦਾਹੜੀ ਅਤੇ ਨੀਲੀ ਪੱਗੜੀ ਨਾਲ ਸਜੇ ਰੰਗ ਬਰੰਗੇ ਚੰਦੋਏ ਥੱਲੇ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਚੌਰ ਕਰ ਰਹੇ ਸਨ। ਉਹ ਭਾਰੀ ਸੰਗੀਤਮਈ ਆਵਾਜ਼ ਨਾਲ ਬਾਣੀ ਪੜ੍ਹਦੇ ਅਤੇ ਫੇਰ ਉਹਦੇ ਬੜੇ ਸੁਲਝੇ ਹੋਏ ਅਰਥ ਦਸਦੇ।

ਇਕ ਰਾਗੀ ਜਥੇ ਦੇ ਰੂਹ ਤਕ ਲਹਿ ਜਾਣ ਵਾਲੇ ਸ਼ਬਦ ਕੀਰਤਨ ਤੋਂ ਬਾਅਦ ਬਲਵੰਤ ਸਿੰਘ ਨੇ ਅੰਗਰੇਜ਼ੀ ਵਿਚ ਖਾਲਸੇ ਦੇ ਜਨਮ ਬਾਰੇ ਤਕਰੀਰ ਕੀਤੀ। ਉਹਨੇ ਦਸਿਆ ਕਿ ਕਿਸ ਤਰ੍ਹਾਂ ਹਾਲਾਤਾਂ ਨੇ ਗੁਰੂ ਨਾਨਕ ਦੇ ਸ਼ਾਂਤਮਈ ਸਿੱਖਾਂ ਨੂੰ ਗੁਰੂ ਗੋਬਿੰਦ ਸਿੰਘ ਦੀ ਅਗਵਾਈ ਥੱਲੇ ਇਕ ਤੇਜ਼-ਤਰਾਰ ਜੰਗਜੂ ਤਾਕਤ ਵਿਚ ਤਬਦੀਲ ਕਰ ਦਿੱਤਾ। ਸਹਿਣਸ਼ੀਲ ਅਕਬਰ ਦੀ ਥਾਂ ਈਰਖਾਲੂ ਔਰੰਗਜ਼ੇਬ ਨੇ ਲੈ ਲਈ ਅਤੇ ਮੁਗ਼ਲ ਰਾਜ ਦੇ ਖ਼ਤਮ ਹੋਣ ਦੇ ਡਰ ਨੇ ਉਹਨੂੰ ਹੋਰ ਵੀ ਜ਼ਾਲਮ ਅਤੇ ਦਰਿੰਦਾ

ਬਣਾ ਦਿੱਤਾ। ਇਹ ਮਾੜੇ ਹਾਲਾਤ ਉੱਤਰ-ਪੱਛਮ ਵਲੋਂ ਹੋਏ ਹੋਰ ਹਮਲਿਆਂ ਨਾਲ ਹੋਰ ਵੀ ਵਿਗੜ ਗਏ।

ਗੁਰੂ ਗੋਬਿੰਦ ਸਿੰਘ ਨੂੰ ਲੋਕਾਂ ਦੇ ਦੁੱਖਾਂ ਭਰੇ ਜੀਵਨ ਦਾ ਦਰਦ ਭਰਿਆ ਨਜ਼ਾਰਾ ਦੇਖਣਾ ਪਿਆ। ਜਦੋਂ ਉਹ ਅਜੇ ਨੌਆਂ ਸਾਲਾਂ ਦੇ ਹੀ ਸਨ ਉਹਨਾਂ ਦੇ ਪਿਤਾ ਗੁਰੂ ਤੇਗ ਬਹਾਦਰ ਨੂੰ ਦਿੱਲੀ ਦੀ ਸਰਕਾਰ ਦੇ ਹੁਕਮ ਉੱਤੇ ਸ਼ਹੀਦ ਕਰ ਦਿੱਤਾ ਗਿਆ ਸੀ। ਉਹਨਾਂ ਲੰਮਾ ਸਮਾਂ ਸ਼ਿਵਾਲਿਕ ਪਹਾੜੀ ਇਲਾਕੇ ਵਿਚ ਅਨੰਦਪੁਰ ਵਿਖੇ ਇਸ ਬਾਰੇ ਸੋਚ ਵਿਚਾਰ ਕੀਤੀ ਅਤੇ ਅਖੀਰ ਇਸ ਸਿੱਟੇ ਤੇ ਪਹੁੰਚੇ ਕਿ ਜਦੋਂ ਅਖ਼ੀਰ ਉੱਤੇ ਹੋਰ ਕੋਈ ਚਾਰਾ ਨਾ ਰਹੇ ਤਾਂ ਇਨਸਾਨ ਲਈ ਤਾਕਤ ਦੀ ਵਰਤੋਂ ਕਰਨੀ ਮਾੜੀ ਗੱਲ ਨਹੀਂ, ਸਗੋਂ ਇਹ ਇਨਸਾਨ ਦਾ ਫ਼ਰਜ਼ ਬਣ ਜਾਂਦਾ ਹੈ। ਇਸ ਫ਼ੈਸਲੇ ਤੋਂ ਬਾਅਦ ਉਹਨਾਂ ਸਿੱਖਾਂ ਨੂੰ ਖੰਡੇ ਦਾ ਅੰਮ੍ਰਿਤ ਛਕਾ ਕੇ ਖ਼ਾਲਸੇ ਦੀ ਨੀਂਹ ਰੱਖੀ।

ਬਲਵੰਤ ਤੋਂ ਬਾਅਦ ਮਲੂਕਾ ਬੋਲਿਆ। ਉਹਨੇ ਪਹਿਲਾਂ ਗੁਰੂ ਨਾਨਕ ਜੀ ਦੇ ਜੀਵਨ ਬਾਰੇ ਇਤਿਹਾਸਕ ਪੱਖ ਤੋਂ ਚਾਨਣਾ ਪਾਇਆ। ਉਹਨੇ ਦਸਿਆ ਕਿ ਗੁਰੂ ਨਾਨਕ ਨੇ ਗ਼ਲਤ ਧਾਰਮਿਕ ਰੀਤਾਂ ਰਸਮਾਂ ਦਾ ਖੰਡਨ ਕੀਤਾ ਅਤੇ ਉਹ ਇਸ ਸਿੱਟੇ ਤੇ ਪਹੁੰਚ ਕਿ ਧਰਮ ਦੀ ਅਸਲੀਅਤ ਹੀ ਇਸ ਗੱਲ ਵਿਚ ਹੈ ਕਿ ਬੰਦਾ ਕੁਦਰਤ ਦੇ ਰੰਗਾਂ ਵਿਚ ਰਹਿੰਦਾ ਹੋਇਆ ਨੇਕ ਜੀਵਨ ਜੀਵੇ।

ਮਲੂਕੇ ਨੇ ਦਸਿਆ ਕਿ ਗੁਰੂ ਨਾਨਕ ਨੇ ਵਿਸਮਾਦ ਮਾਰਗ ਰਾਹੀਂ ਆਤਮ-ਪ੍ਰਤੀਤੀ ਤਕ ਪਹੁੰਚਣ ਦਾ ਰਾਹ ਦਸਿਆ। ਇਹ ਉਹ ਰਾਹ ਸੀ ਜਿਹੜਾ ਮਨੁੱਖ ਨੂੰ ਸੰਸਾਰ ਵਿਚ ਰਹਿੰਦਿਆਂ ਹੋਇਆਂ ਕੰਮਕਾਰ ਕਰ ਕੇ ਖ਼ੁਸ਼ੀ ਪ੍ਰਾਪਤ ਕਰਨ ਦੀ ਪ੍ਰੇਰਨਾ ਦਿੰਦਾ ਸੀ। ਗੁਰੂ ਜੀ ਨੇ ਕਿਹਾ ਕਿ ਇਸੇ ਰਾਹ ਇਕ ਕਵੀ ਨੂੰ ਉਹਦੇ ਗੀਤ ਪ੍ਰਾਪਤ ਹੁੰਦੇ ਹਨ ਅਤੇ ਇਸੇ ਰਾਹ ਇਕ ਕਲਾਕਾਰ ਨੂੰ ਉਹਦੀ ਕਲਾ। ਗ੍ਰਹਿਸਥੀ ਜੀਵਨ ਨੂੰ ਉਹਨਾਂ ਬਹੁਤ ਮਹੱਤਤਾ ਦਿੱਤੀ ਅਤੇ ਕਿਹਾ ਕਿ ਸਵੈ-ਕੁਰਬਾਨੀ ਅਤੇ ਖ਼ੁਸ਼ੀ ਖ਼ੁਸ਼ੀ ਦੂਜਿਆਂ ਦੀ ਸੇਵਾ ਕਰਨੀ ਹੀ ਜੀਵਨ ਦਾ ਅਸਲੀ ਮਨੋਰਥ ਹੈ।

ਇਸੇ ਕਰ ਕੇ ਉਹਨਾਂ ਨੇ ਜਦੋਂ ਇਕ ਮੰਦਰ ਵਿਚ ਇਕ ਬ੍ਰਾਹਮਣ ਨੂੰ ਥਾਲੀ ਵਿਚ ਦੀਵੇ ਰੱਖੀ ਆਰਤੀ ਕਰਦੇ ਦੇਖਿਆ ਤਾਂ ਇਕ ਸੱਚੇ ਕਵੀ ਦੀ ਤਰ੍ਹਾਂ ਉਚਾਰਿਆ :

ਗਗਨ ਮੈ ਥਾਲ ਰਵਿ ਚੰਦੁ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ ॥
ਧੂਪੁ ਮਲ ਆਨਲੋ ਪਵਣੁ ਚਵਰੋ ਕਰੇ
ਸਗਲ ਬਨਰਾਇ ਫੂਲੰਤ ਜੋਤੀ ॥ ੧ ॥
ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ ॥
ਅਨਹਤਾ ਸਬਦ ਵਾਜੰਤ ਭੇਰੀ ॥ ੨ ॥ ਰਹਾਉ ॥

ਗੁਰੂ ਨਾਨਕ ਨੇ ਸਿੱਖਿਆ ਦਿੱਤੀ ਕਿ ਜੇ ਤੁਸੀਂ ਸੱਚਾ ਤੇ ਭਰਪੂਰ ਜੀਵਨ ਜੀਣਾ ਚਾਹੁੰਦੇ ਹੋ, ਜਾਂ ਜਿਵੇਂ ਉਹਨਾਂ ਨੇ ਕਾਵਿ-ਮਈ ਤਰੀਕੇ ਨਾਲ ਕਿਹਾ ਕਿ ਜੇ ਤੁਸੀਂ ਆਪਣੇ ਜੀਵਨ ਦੀ ਧਾਤ ਵਿਚੋਂ ਸੋਨੇ ਦਾ ਸਿੱਕਾ ਪੈਦਾ ਕਰਨਾ ਚਾਹੁੰਦੇ ਹੋ ਤਾਂ ਸਵੈ-ਕਾਬੂ ਨੂੰ ਬਲਦੀ ਭੱਠੀ ਬਣਾਓ ਅਤੇ ਧੀਰਜ ਨੂੰ ਲੁਹਾਰ। ਗਿਆਨ ਨੂੰ ਆਪਣੇ ਸੰਦ ਅਤੇ ਦਲੀਲ ਨੂੰ ਅਹਿਰਣ ਬਣਾਓ। ਫਿਰ ਮਨ ਵਿਚ ਰੱਬ ਦਾ ਡਰ ਅਤੇ ਦਿਲ ਵਿਚ ਪਿਆਰ ਦੀ ਅਰਦਾਸ ਕਰ ਧੌਂਕਣੀ ਚਲਾਓ। ਕਿਉਂਕਿ ਮੁਕਤੀ ਇਕੱਲੇ ਕੰਮ ਕਰਨ ਨਾਲ ਹੀ ਨਹੀਂ ਮਿਲਦੀ ਨਾ ਹੀ ਇਹ ਰੱਬ ਦੀ ਰਹਿਮਤ ਨਾਲ ਮਿਲਦੀ ਹੈ। ਇਹ ਉਹ ਕੰਮ ਕਰ ਕੇ ਮਿਲਦੀ ਹੈ ਜੋ ਤੁਹਾਨੂੰ ਰੱਬੀ ਰਹਿਮਤ ਦਾ ਅਧਿਕਾਰੀ ਬਣਾਉਣ।

28

ਮਲੂਕਾ ਹਾਈ ਸਕੂਲ ਵਿਚ ਗੁਜ਼ਾਰੇ ਅਗਲੇ ਦੋ ਸਰਗਰਮ ਵਰ੍ਹਿਆਂ ਕਾਰਨ ਆਪਣੇ ਆਪ ਨੂੰ ਇਸ ਨਵੇਂ ਦੇਸ਼ ਨਾਲ ਹੋਰ ਵੀ ਇਕ-ਮਿੱਕ ਮਹਿਸੂਸ ਕਰਨ ਲੱਗ ਪਿਆ। ਹੁਣ ਤਾਂ ਉਹ ਇਸ ਮੁਲਕ ਦੇ ਭੂਗੋਲ ਉੱਤੇ ਵੀ ਬੱਚਿਆਂ ਵਾਂਗ ਮਾਣ ਮਹਿਸੂਸ ਕਰਨ ਲੱਗ ਪਿਆ ਸੀ। ਇਹ ਮੁਲਕ ਆਕਾਰ ਪੱਖੋਂ ਦੁਨੀਆਂ ਵਿਚ ਚੁਜੇ ਦਰਜੇ ਉੱਤੇ ਸੀ। ਬਾਕੀ ਸਾਰੀ ਦੁਨੀਆਂ ਦੀਆਂ ਝੀਲਾਂ ਦੀ ਗਿਣਤੀ ਇਹਦੀਆਂ

ਝੀਲਾਂ ਨਾਲੋਂ ਘੱਟ ਸੀ। ਉਹ ਅਕਸਰ ਪਥਰੀਲੇ ਪਹਾੜਾਂ, 'ਰੌਕੀਜ਼' ਦੇ ਦੂਜੇ ਪਾਸੇ ਜਾਣਾ ਲੋਚਦਾ ਅਤੇ ਦੂਰ ਦੂਰ ਤੱਕ ਫੈਲੇ ਵਿਸ਼ਾਲ ਮੈਦਾਨਾਂ ਨੂੰ ਨੇੜਿਓਂ ਤੱਕਣਾ ਚਾਹੁੰਦਾ ਸੀ। ਉਹ ਚਾਹੁੰਦਾ ਸੀ ਕਿ ਉਹ ਇਹਨਾਂ ਮੈਦਾਨਾਂ ਤੋਂ ਵੀ ਪਾਰ ਜਾ ਕੇ ਵੱਡੀਆਂ ਝੀਲਾਂ, ਅਤੇ ਸੇਂਟ ਲਾਰੈਂਸ ਦਰਿਆ ਦੇ ਕੰਢਿਆਂ ਉੱਤੇ ਵਸਿਆ ਪੁਰਾਣਾ ਕੈਨੇਡਾ ਦੇਖੇ ਜਿੱਥੇ ਇਸ ਮੁਲਕ ਦਾ ਸੰਖੇਪ ਇਤਿਹਾਸ ਰਚਿਆ ਗਿਆ ਸੀ। ਉਹ ਅਕਸਰ ਸੋਚਦਾ ਕਿ ਪਹਿਲੇ ਖੋਜੀਆਂ ਦੇ ਲੱਭੇ ਰਾਹਾਂ ਉੱਤੇ ਚੱਲਣਾ ਅਤੇ ਖੁਲ੍ਹੇ ਜੰਗਲਾਂ ਨੂੰ ਦੇਖਣਾ ਕਿੰਨਾ ਦਿਲਚਸਪ ਹੋਵੇਗਾ। ਉਹ ਤਾਂ ਇਕ ਦਿਨ ਅੰਧ ਮਹਾਂ-ਸਾਗਰ ਪਾਰ ਕਰ ਕੇ ਇੰਗਲੈਂਡ ਅਤੇ ਫ਼ਰਾਂਸ ਵੀ ਦੇਖਣ ਦੇ ਸੁਪਨੇ ਲੈਂਦਾ ਸੀ। ਉਹ ਦੇਖਣਾ ਚਾਹੁੰਦਾ ਸੀ ਕਿ ਉਹ ਮੁਲਕ ਕਿਹੋ ਜਿਹੇ ਹਨ ਜਿਹਨਾਂ ਨੇ ਆਪਣੇ ਬੰਦੇ, ਸਮਾਨ, ਸੱਭਿਆਚਾਰ, ਕਲਾ, ਸਾਹਿਤ, ਮਾਣ, ਆਪਸੀ ਝਗੜੇ, ਨਫ਼ਰਤ, ਗੱਲ ਕੀ ਸਭ ਕੁਝ ਇਸ ਨਵੀਂ ਦੁਨੀਆਂ ਵਿਚ ਲਿਆ ਸਥਾਪਤ ਕੀਤਾ ਸੀ।

ਮਲੂਕੇ ਨੇ ਮਹਿਸੂਸ ਕੀਤਾ ਕਿ ਕੈਨੇਡਾ ਭਾਰਤ ਨਾਲੋਂ ਵੱਖਰਾ ਸੀ। ਅਤੇ ਇਹ ਵਖਰੇਵਾਂ ਸਿਰਫ਼ ਸੱਭਿਆਚਾਰਕ ਜਾਂ ਸਮਾਜਕ ਹੀ ਨਹੀਂ ਸੀ। ਇੱਥੋਂ ਦੇ ਜੰਗਲ ਵੀ ਭਾਰਤ ਦੇ ਜੰਗਲਾਂ ਨਾਲੋਂ ਬਿਲਕੁਲ ਵੱਖਰੇ ਸਨ। ਭਾਰਤ ਦੇ ਜੰਗਲਾਂ ਵਿਚ ਅਨੇਕਾਂ ਜੀਵ-ਜੰਤੂ ਸਨ ਅਤੇ ਜੰਗਲ ਹਮੇਸ਼ਾਂ ਹਰ ਪਾਸੇ ਨੂੰ ਵਧਣ ਦੀ ਕਾਹਲ ਵਿਚ ਰਹਿੰਦੇ ਸਨ, ਪਰ ਇਥੋਂ ਦੇ ਜੰਗਲ ਬੜੇ ਸ਼ਾਂਤ ਠੰਡੇ ਸੁਭਾਅ ਦੇ ਲਗਦੇ ਜਿਹਨਾਂ ਵਿਚ ਦਿਆਰ ਅਤੇ ਕੇਲੋਂ ਦੇ ਰੁੱਖ ਰਾਜਿਆਂ ਮਹਾਰਾਜਿਆਂ ਵਾਂਗ ਖੜ੍ਹੇ ਲਗਦੇ।

ਇਕ ਪ੍ਰਾਚੀਨ ਦੇਸ਼ ਭਾਰਤ, ਬੰਦੇ ਦੀ ਰਚਨਾਤਮਕ ਸ਼ਕਤੀ ਦੇ ਖ਼ਜ਼ਾਨੇ ਅਤੇ ਖੰਡਰਾਂ ਨਾਲ ਭਰਪੂਰ ਸੀ, ਪਰ ਇਤਿਹਾਸਕ ਤੌਰ ਤੇ ਦੱਬਿਆ ਹੋਇਆ ਸੀ। ਉਹ ਆਪਣੇ ਪਿਛੋਕੜ ਅੱਗੇ ਬਹੁਤ ਵਾਰੀ ਬਹੁਤ ਨੀਵਾਂ ਝੁਕਿਆ ਸੀ। ਦੂਜੇ ਪਾਸੇ ਕੈਨੇਡਾ ਵਿਚ ਲੋਕੀਂ ਸਿਰਫ਼ ਚੰਗੇ ਜੀਵਨ ਦੀ ਭਾਲ ਵਿਚ ਨਹੀਂ ਸਗੋਂ ਬਹੁਤੇ ਕੇਸਾਂ ਵਿਚ ਤਾਂ ਉਹ ਆਪਣੇ ਪਿਛਲੇ ਜੀਵਨ ਤੋਂ ਬਚਣ ਦੀ ਖ਼ਾਤਰ ਆਏ ਸਨ। ਸ਼ਕਤੀਸ਼ਾਲੀ ਨਿੱਜਵਾਦ ਨੇ ਹੌਲੀ ਹੌਲੀ ਤਜਰਬੇ ਦੀ ਤਾਜ਼ਗੀ ਅਤੇ ਫ਼ੈਸਲਾਕੁੰਨ ਕਾਰਜ ਨੂੰ ਥਾਂ ਦਿੱਤੀ। ਆਦਮੀ ਜੰਗਲਾਂ ਨੂੰ ਰਜ਼ਾਈ ਵਾਂਗ ਇਕੱਠੇ ਕਰ ਧਰਤੀ ਨੂੰ ਹਲ੍ਹ ਅੱਗੇ ਲਾ ਇਕ ਨਵੀਂ ਸੱਭਿਅਤਾ ਕਾਇਮ ਕਰਨ ਵਿਚ ਰੁੱਝਿਆ ਹੋਇਆ ਸੀ। ਅਤੇ ਨਤੀਜਾ ਇੰਨਾ ਵਧੀਆ ਸੀ ਕਿ ਉਹ ਆਪਣੀਆਂ ਪ੍ਰਾਪਤੀਆਂ ਉੱਤੇ ਇਕ ਜੇਤੂ ਦੀ

ਤਰ੍ਹਾਂ ਖ਼ੁਸ਼ ਹੋ, ਭਵਿੱਖ ਵਲ ਸਵੈ-ਭਰੋਸੇ ਨਾਲ ਦੇਖਣ ਲੱਗਾ। ਇਸ ਨਵੀਂ ਦੁਨੀਆਂ ਵਿਚ ਕੋਈ ਬ੍ਰਾਹਮਣ ਨਹੀਂ। ਇਥੇ ਜੀਵਨ ਦਾ ਧੰਦਾ, ਧੰਦਾ ਕਰਨ ਵਾਲੇ ਲੋਕਾਂ ਦੇ ਵੱਸ ਅਤੇ ਕਹਿਣੇ ਵਿਚ ਸੀ ਅਤੇ ਇਹ ਉਹਨਾ ਲੋਕਾਂ ਵਲ ਬੜਾ ਅਜੀਬ ਤਰ੍ਹਾਂ ਦੇਖਦੇ ਸਨ ਜਿਹਨਾਂ ਦਾ ਕੰਮ ਜੀਵਨ ਦੀਆਂ ਗੁੰਝਲਾ ਬਾਰੇ ਸੋਚਣਾ ਅਤੇ ਵਿਚਾਰ ਕਰਨਾ ਹੀ ਸੀ। ਇੱਥੇ ਮਹਾਤਮਾ ਬੁੱਧ ਦੇ ਯਕੀਨ ਦੇ ਉਲਟ ਗਿਆਨ ਨੂੰ ਇੰਨੀ ਮਹੱਤਤਾ ਨਹੀਂ ਸੀ ਦਿੱਤੀ ਜਾਂਦੀ ਅਤੇ ਨਾ ਹੀ ਇਹ ਅਮੀਰ ਲੋਕਾਂ ਦੀ ਮਾਨਮੱਤੀ ਮਲਕੀਅਤ ਸੀ। ਗਿਆਨ ਦਾ ਮਤਲਬ ਇੱਥੇ ਤਾਕਤ ਸੀ। ਭੁੰਘ ਗਿਆਨ ਨਾਲੋਂ ਆਮ ਸੂਝ ਆਮ ਗੱਲਾਂ ਬਾਰੇ ਵਾਕਫ਼ੀ ਵਧੇਰੇ ਮੁੱਲ ਵਾਲੀ ਸਮਝੀ ਜਾਂਦੀ ਸੀ। ਚੋਣਾਂ ਲੜਨ ਵੇਲੇ ਸਿਆਸਤਦਾਨ ਇਹਨੂੰ ਖ਼ੂਬ ਵਰਤਦੇ, ਵਪਾਰੀ ਇਸ ਰਾਹੀਂ ਮੁਨਾਫ਼ਾ ਕਮਾਉਂਦੇ, ਜਿੰਨੀ ਆਮ ਵਾਕਫ਼ੀ ਹੁੰਦੀ ਉਨੀ ਜ਼ਿਆਦਾ ਇੱਜ਼ਤ ਹੁੰਦੀ।

ਜੇ ਕੋਈ ਕਿਸੇ ਇਕ ਕੰਮ ਵਿਚ ਕਾਮਯਾਬ ਹੋ ਜਾਂਦਾ ਤਾਂ ਉਹਨੂੰ ਦੂਜਿਆਂ ਕੰਮਾਂ ਵਿਚ ਵੀ ਮਾਹਿਰ ਸਮਝਿਆ ਜਾਂਦਾ। ਮਸ਼ਹੂਰ ਫ਼ਿਲਮੀ ਸਿਤਾਰੇ ਸਰਕਾਰੀ ਗੱਲਾਂ ਬਾਰੇ ਆਪਣੀ ਰਾਏ ਦਿੰਦੇ, ਤਾਸ ਦੇ ਖਿਡਾਰੀ ਜੰਗ ਅਤੇ ਅਮਨ ਬਾਰੇ ਆਪਣ ਵਿਚਾਰ ਲਿਖਦੇ। ਪੈਸੇ ਵਾਲੇ ਗ਼ਰੀਬ ਮਾੜੀ ਕਿਸਮਤ ਵਾਲਿਆਂ ਨੂੰ ਸਿੱਖਿਆ ਦਿੰਦੇ ਅਤੇ ਉਹ ਵੀ ਆਪਣੇ ਚਟਪਟੇ ਖ਼ਿਆਲਾਂ ਨਾਲ ਕਲਾ ਅਤੇ ਸਾਹਿਤ ਦੀ ਕਿਸਮਤ ਦਾ ਫ਼ੈਸਲਾ ਕਰਦੇ। ਅਤੇ ਵਿਹਲੇ ਬੰਦੇ ਦੀ ਨਵੀਂ ਦੁਨੀਆਂ ਵਿਚ ਕੋਈ ਲੋੜ ਨਹੀਂ ਸੀ, ਚਾਹੇ ਉਹ ਕਿੰਨਾ ਵੀ ਧਾਰਮਿਕ ਜਾਂ ਪਹੁੰਚਿਆ ਹੋਇਆ ਪਿਆ ਹੋਵੇ। ਜ਼ੋਰਦਾਰ ਕੰਮ ਕਰਨਾ ਲਾਜ਼ਮੀ ਸੀ। ਸਾਰੇ ਕੰਮਕਾਰ ਦਾ ਇਨਾਮ ਨਵੀਂ ਤੋਂ ਨਵੀਂ ਕਾਮਯਾਬੀ ਸੀ। ਕਾਮਯਾਬੀ ਦਾ ਨਾਪ ਤੋਲ ਵੀ ਗੁਣਾਤਮਕ ਸੀ। ਖੁੱਲ੍ਹੀਆਂ ਥਾਵਾਂ, ਦੂਰ ਦਿਸਹੱਦੇ, ਭੁੜਕਦੀ ਹਉਮੈ ਅਤੇ ਸੁਖਾਲੀ ਕਾਮਯਾਬੀ ਨੇ ਮਿਲ ਕੇ ਸਭ ਕੁਝ ਵੱਡੇ ਆਕਾਰ ਦਾ ਪੰਦਾ ਕਰਨ ਦੀ 'ਭਗਤੀ-ਰੀਤ' ਪਾਈ। ਅਤੇ ਇਸ ਤਰ੍ਹਾਂ ਦੇ ਕਿਰਿਆਸ਼ੀਲ ਮਨੁੱਖ ਦੇ ਵਪਾਰ, ਕੰਮਕਾਰ ਅਤੇ ਇਮਾਰਤਾਂ ਦਾ ਲਗਾਤਾਰ ਅਕਾਰ ਵੱਧਣਾ ਲਾਜ਼ਮੀ ਸੀ।

ਮਲੂਕੇ ਨੂੰ ਜਿਹੜੀ ਗੱਲ ਨੇ ਸਭ ਤੋਂ ਵੱਧ ਪ੍ਰਭਾਵਤ ਕੀਤਾ ਉਹ ਸੀ ਕਿ ਇੱਥੇ ਘੱਟੋ ਘੱਟ ਇਕ ਸਧਾਰਨ ਇਨਸਾਨ ਵੀ ਆਪਣੇ ਆਪ ਵਿਚ ਕੁਝ ਅਰਥ ਰੱਖਦਾ ਸੀ। ਵਪਾਰੀ ਲੋਕ ਆਪਣੇ ਮੁਨਾਫ਼ੇ ਲਈ ਉਹਦੀਆਂ ਆਮ ਲੋੜਾਂ, ਅਹਿਸਾਸਾਂ ਬਾਰੇ

ਨਿਰਣੇ ਕਰਦੇ, ਉਹਦੀਆਂ ਆਸ਼ਾਵਾਂ, ਡਰਾਂ, ਗੁਮਾਨਾਂ ਅਤੇ ਉਹਦੇ ਥੋਥਲੇਪਨ ਦਾ ਛਾਇਦਾ ਉਠਾਉਂਦੇ। ਅਖ਼ਬਾਰਾਂ ਵਾਲੇ ਉਹਦੇ ਝੁਕਾਵਾਂ ਉੱਤੇ ਬਹੁਤਾ ਕੁਝ ਮੁਨਹੱਸਰ ਕਰਦੇ, ਮਨ-ਪਰਚਾਵਾ ਕਰਨ ਵਾਲੀ ਦੁਨੀਆਂ ਦੇ ਲੋਕ ਉਹਦੇ ਸੁਆਦਾਂ ਵਲ ਦੇਖ ਕੇ ਤਿਆਰੀ ਕਰਦੇ। ਇਸ ਤੋਂ ਵੀ ਜ਼ਿਆਦਾ ਮਹੱਤਤਾ ਵਾਲੀ ਗੱਲ ਸੀ ਕਿ ਇਹ ਆਮ ਮਨੁੱਖ ਖ਼ੁਦ ਵੀ ਇਹ ਮਹਿਸੂਸ ਕਰਨ ਲਗ ਪਿਆ ਸੀ ਕਿ ਉਹ ਖ਼ੁਦ ਬਣਿਆ ਹੈ। ਉਹ ਹਰ ਨਵੇਂ ਦਿਨ ਵਲ ਝਾਕਦਾ ਅਤੇ ਪਿਛਲਾ ਦਿਨ ਉਹਦੇ ਲਈ ਕੋਈ ਮਹੱਤਤਾ ਨਹੀਂ ਸੀ ਰੱਖਦਾ। ਪਹਿਲਾਂ ਕਦੀ ਵੀ ਪਹਿਲਕਦਮੀ ਕਰਨ ਵਾਲੇ ਮਨੁੱਖ ਨੂੰ ਇੰਨੀ ਇੱਜ਼ਤ ਨਹੀਂ ਸੀ ਮਿਲੀ। ਹੋਰ ਕਿਤੇ ਵੀ ਇਕ ਆਮ ਆਦਮੀ ਦੀ ਜੱਦੋ-ਜਹਿਦ ਉਹਨੂੰ ਇੰਨਾ ਹੌਂਸਲਾ ਨਹੀਂ ਸੀ ਬਖ਼ਸ਼ਦੀ।

ਮਲੂਕੇ ਨੂੰ ਇਹ ਦੇਖ ਕੇ ਹੈਰਾਨੀ ਹੋਈ ਕਿ ਕੈਨੇਡਾ ਅਤੇ ਭਾਰਤ ਵਿਚ ਕਈ ਬੜੇ ਤਿੱਖੇ ਫ਼ਰਕਾਂ ਦੇ ਬਾਵਜੂਦ ਬਹੁਤ ਕੁਝ ਇੱਕੋ ਜਿਹਾ ਵੀ ਸੀ। ਭਾਰਤ ਵਾਂਗ ਹੀ ਕੈਨੇਡਾ ਦਾ ਕੋਈ ਆਪਣਾ ਕੌਮੀ ਝੰਡਾ ਨਹੀਂ ਸੀ ਅਤੇ ਦੋਵੇਂ ਯੂਨੀਅਨ ਜੈਕ ਨੂੰ ਸਲੂਟ ਮਾਰਦੇ ਸਨ। ਵਤਨ ਲਈ ਇੱਥੇ ਵੀ ਮਸਾਂ ਉੱਨਾ ਹੀ ਪਿਆਰ ਸੀ ਜਿੰਨਾ ਲੜਾਈ ਤੋਂ ਪਹਿਲਾਂ ਭਾਰਤ ਵਿਚ ਹੁੰਦਾ ਸੀ। ਉਹਨੇ ਤਾਂ ਸਗੋਂ ਕੈਨੇਡੀਅਨਾਂ ਨੂੰ ਇੰਗਲੈਂਡ 'ਮਾਤਭੂਮੀ' ਬਾਰੇ ਜ਼ਿਆਦਾ ਸ਼ਾਵਨਵਾਦੀ ਮਹਿਸੂਸ ਕੀਤਾ। ਮਲੂਕੇ ਨੂੰ ਇਸ ਗੱਲ ਦੀ ਬੜੀ ਹੈਰਾਨੀ ਹੋਈ ਜਦ ਇਕ ਵਾਰ ਉਹਨੂੰ ਮਾਤਭੂਮੀ ਤੋਂ ਇਕ ਪਾਰਸਲ ਆਇਆ ਤਾਂ ਉਹਨੂੰ ਪੁੱਛਿਆ ਗਿਆ ਕਿ ਕੀ ਉਹਦੇ ਘਰ ਦੇ ਇੰਗਲੈਂਡ ਰਹਿੰਦੇ ਸਨ? ਭਾਰਤ ਵਾਂਗ ਹੀ ਇੱਥੇ ਵੀ 'ਗੌਡ ਸੇਵ ਦਾ ਕਿੰਗ' ਹੀ ਗਾਇਆ ਜਾਂਦਾ ਸੀ। ਭਾਵੇਂ ਕਿ 'ਓ ਕੈਨੇਡਾ' ਵੀ ਸੀ ਪਰ ਇਹਨੂੰ ਬਹੁਤ ਘੱਟ ਲੋਕ ਜਾਣਦੇ ਸਨ, ਜਿਵੇਂ 'ਬੰਦੇ ਮਾਤਰਮ' ਬਾਰੇ ਭਾਰਤ ਵਿਚ ਬਹੁਤ ਘੱਟ ਲੋਕਾਂ ਨੂੰ ਪਤਾ ਸੀ।

ਮਲੂਕਾ ਵੀ ਕਈ ਹੋਰ ਭਾਰਤੀ ਵਿਦਿਆਰਥੀਆਂ ਦੀ ਤਰ੍ਹਾਂ ਦੇਸ਼ ਭਗਤਕ ਲਹਿਰ ਵਲ ਖਿੱਚਿਆ ਗਿਆ ਸੀ ਅਤੇ ਲੌਰਡ ਮੈਕਾਲੇ ਦੇ ਇਸ ਖ਼ਿਆਲ ਨੂੰ ਉਹ ਬਿਲਕੁਲ ਰੱਦ ਕਰਦਾ ਸੀ ਜਿਹਦੇ ਮੁਤਾਬਕ ਮੈਕਾਲੇ ਨੇ ਵੱਖਰੇ ਵੱਖਰੇ ਦੇਸ਼ਾਂ ਨੂੰ ਇਕ ਦੂਜੇ ਤੋਂ ਉੱਚੇ ਨੀਵੇਂ ਦੱਸਿਆ ਸੀ। ਜਿਹਦੇ ਮੁਤਾਬਕ ਇੰਗਲੈਂਡ ਸੱਭ ਤੋਂ ਉੱਪਰ ਸੀ ਅਤੇ ਭਾਰਤ ਸਭ ਤੋਂ ਥੱਲੇ। ਉਹਨੂੰ ਇਹ ਜਾਣ ਕੇ ਹੈਰਾਨੀ ਹੋਈ ਕਿ ਕੈਨੇਡਾ ਵਿਚ ਜਿੱਥੇ ਜ਼ਾਤ ਪਾਤ ਨਹੀਂ ਸੀ ਉੱਥੇ ਮੈਕਾਲੇ ਦੀ ਆਪਣੇ ਆਪ ਨੂੰ

ਉੱਪਰ ਚੁੱਕਣ ਵਾਲੀ ਦਰਜਾ-ਬੰਦੀ ਦੀ ਪੂਰੀ ਤਰ੍ਹਾਂ ਮਾਨਤਾ ਸੀ। ਕਾਲੇ ਅਤੇ ਹੋਰ ਰੰਗਦਾਰ ਲੋਕਾਂ ਨੂੰ ਛੱਡਕੇ ਇੱਥੇ ਸਾਰੇ ਗੋਰੇ ਵੀ ਇਕੋ ਜਿਹੇ ਨਹੀਂ ਸਨ। ਇੰਗਲੈਂਡ ਦੇ ਜੰਮੇ ਹੋਏ ਅਤੇ ਉਹਨਾਂ ਦੇ ਵਾਰਿਸ ਸਭ ਤੋਂ ਉੱਤੇ ਸਨ ਅਤੇ ਬਾਕੀ ਦੇ ਕੈਨੇਡੀਅਨ ਗੋਰੇ ਉਹਨਾਂ ਦੀਆਂ ਕੌਮਾਂ ਦੇ ਆਧਾਰ ਉੱਤੇ ਇਸ ਤਰ੍ਹਾਂ ਦਰਜਾਬੰਦ ਕੀਤੇ ਗਏ ਸਨ—ਜਰਮਨ, ਸਕੈਂਡੇਨੇਵੀਅਨ, ਫ਼ਰਾਂਸੀਸੀ, ਰੂਸੀ, ਪੂਰਬੀ ਯੂਰਪੀਅਨ, ਯੂਨਾਨੀ, ਇਟੈਲੀਅਨ ਅਤੇ ਸਭ ਤੋਂ ਥੱਲੇ ਯਹੂਦੀ। ਭਾਵੇਂ ਯਹੂਦੀ ਯੂਰਪ ਦੇ ਵੱਖ ਵੱਖ ਮੁਲਕਾਂ ਤੋਂ ਆਏ ਸਨ, ਉਹਨਾਂ ਦੇ ਰੰਗ ਰੂਪ ਵਿਚ ਫ਼ਰਕ ਵੀ ਸਾਫ਼ ਦਿੱਸਦਾ ਸੀ, ਪਰ ਫੇਰ ਵੀ ਉਨ੍ਹਾਂ ਸਾਰਿਆਂ ਨੂੰ ਇੱਕੋ ਥਾਂ ਇਕੱਠੇ ਕਰ ਕੇ ਦੇਖਿਆ ਜਾਂਦਾ ਸੀ।

29

ਬਰਿਟਿਸ਼ ਕੋਲੰਬੀਆ ਦੀ ਯੂਨੀਵਰਸਿਟੀ ਵੈਨਕੂਵਰ ਦੇ ਜਨਰਲ ਹਸਪਤਾਲ ਦੇ ਲਾਗੇ ਸੀ। ਇਸ ਦੀਆਂ ਦੋ ਪੱਥਰ ਦੀਆਂ ਅਤੇ ਬਾਕੀ ਲੱਕੜੀ ਦੀਆਂ ਇਮਾਰਤਾਂ ਸਨ। ਲੱਕੜੀ ਦੇ ਕਮਰੇ ਜਿੱਥੇ ਮਲੂਕੇ ਦੀਆਂ ਜ਼ਿਆਦਾ ਕਲਾਸਾਂ ਲਗਦੀਆਂ ਸਨ, ਯੂਨੀਵਰਸਿਟੀ ਦੇ ਕਮਰਿਆਂ ਨਾਲੋਂ ਕਾਮਿਆਂ ਦੀਆਂ ਝੁੱਗੀਆਂ ਵਧੇਰੇ ਲਗਦੇ ਸਨ। ਪਰ ਉੱਥੋਂ ਦਾ ਜ਼ਿੰਦਾ ਮਾਹੌਲ ਕਮਰਿਆਂ ਦੇ ਮਾੜੇ ਹੋਣ ਦੀ ਕਮੀ ਪੂਰੀ ਕਰ ਦਿੰਦਾ ਸੀ। ਉਹਦੇ ਪ੍ਰੋਫ਼ੈਸਰ ਕਾਫ਼ੀ ਵਿਦਵਾਨ ਅਤੇ ਵਧੀਆ ਅਧਿਆਪਕ ਸਨ। ਵਿਦਿਆਰਥੀਆਂ ਵਿਚ ਉਹਦੇ ਕਈ ਦੋਸਤ ਸਨ, ਕਿਉਂਕਿ ਉਹਦੇ ਸਕੂਲ ਦੇ ਕਈ ਵਿਦਿਆਰਥੀਆਂ ਨੇ ਯੂਨੀਵਰਸਿਟੀ ਵਿਚ ਦਾਖ਼ਲਾ ਲੈ ਲਿਆ ਸੀ। ਉਹ ਖੇਡਾਂ ਵਿਚ ਕਾਫ਼ੀ ਦਿਲਚਸਪੀ ਲੈਂਦਾ ਸੀ ਅਤੇ ਆਪਣੇ ਪਏ ਨਾਂ "ਖ਼ਤਰਾ" ਉੱਤੇ ਪੂਰਾ ਉੱਤਰਦਾ ਸੀ ਜਿਹੜਾ ਉਹਨੇ ਸਟੈਨਲੀ ਪਾਰਕ ਦੀਆਂ ਨਰਮ ਘਾਹ ਵਾਲੀਆਂ ਗਰਾਊਂਡਾਂ ਵਿਚ ਤੇਜ਼ ਰਫ਼ਤਾਰ ਨਾਲ ਗਰਾਸ ਹਾਕੀ ਖੇਡਦੇ ਨੇ ਪੁਆ ਲਿਆ ਸੀ। ਵਿਦਿਆਰਥੀਆਂ ਦੇ ਟੋਲੇ ਅਕਸਰ ਚੰਗੇ ਰਸੂਖ਼ ਵਾਲੇ ਲੋਕਾਂ ਦੇ ਘਰੀਂ ਗੱਲਬਾਤ,

ਬਹਿਸ ਕਰਨ ਲਈ ਇਕੱਠੇ ਹੁੰਦੇ। ਇਸ ਤਰ੍ਹਾਂ ਮਲੂਕੇ ਦੀ ਕੈਨੇਡੀਅਨ ਜ਼ਿੰਦਗੀ ਨਾਲ ਜਾਣ-ਪਛਾਣ ਵੀ ਉਹਦੀ ਪੱਛਮੀ ਸੋਚ ਅਤੇ ਸਾਹਿਤ ਨਾਲ ਪੈ ਰਹੀ ਜਾਣ-ਪਛਾਣ ਨਾਲੋਂ ਘੱਟ ਉਤਸ਼ਾਹ ਵਾਲੀ ਨਹੀਂ ਸੀ।

ਲੰਮਾ ਅਤੇ ਤਿਕੋਨੀ ਦਿੱਖ ਵਾਲਾ ਪ੍ਰੋਫੈਸਰ ਵੁੱਡ, ਦੇਖਣ ਨੂੰ ਬੜਾ ਸਖ਼ਤ ਨਜ਼ਰ ਆਉਂਦਾ। ਉਹਦੀ ਨਜ਼ਰ ਬਹੁਤ ਤਿੱਖੀ ਸੀ ਅਤੇ ਉਹ ਨੱਕ ਉੱਤੇ ਟਿਕਣ ਵਾਲੀਆਂ ਐਨਕਾਂ ਲਾਉਂਦਾ। ਉਹਦੇ ਵਾਲ ਸਿਰ ਵਿਚਾਲੇ ਚੀਰ ਦੇ ਕੇ ਦੋਹੀਂ ਪਾਸੀਂ ਪੂਰੀ ਬਾਕਾਇਦਗੀ ਨਾਲ ਵੱਖ ਕੀਤੇ ਹੁੰਦੇ। ਉਹ ਬਹੁਤ ਸ਼ੁੱਧ ਬੋਲੀ ਵਿਚ ਅਤੇ ਸੁਹਣੇ ਤਰੀਕੇ ਨਾਲ ਲੈਕਚਰ ਦਿੰਦਾ ਅਤੇ ਵਿਦਿਆਰਥੀਆਂ ਦੀ ਯੂਰੀਪੀਡੀਅਸ ਅਤੇ ਸੌਫੋਕਲਜ਼ ਰਾਹੀਂ ਡਰਾਮੇ ਨਾਲ ਜਾਣ-ਪਛਾਣ ਕਰਾਉਂਦਾ।

"ਯੂਨਾਨੀ ਬਣੋ, ਸਾਧਾਰਣ ਅਤੇ ਸਿੱਧੀ ਗੱਲ ਕਰੋ", ਉਹ ਅਕਸਰ ਕਹਿੰਦਾ। ਉਹਦਾ ਹਰ ਸ਼ਬਦ ਸਾਫ਼, ਟੁਣਕਵਾਂ ਅਤੇ ਕਿਸੇ ਪੰਛੀ ਦੀ ਉਡਾਰੀ ਵਾਂਗ ਆਪਣੇ ਮਤਲਬ ਲੈ ਕੇ ਨਿਕਲਦਾ।

"ਕੁਝ ਵੀ ਲਿਖਣ ਤੋਂ ਪਹਿਲਾਂ ਨਰੀਖਣ ਵਿਚ ਤਿੱਖੇ ਅਤੇ ਸਮਝਣ ਵਿਚ ਮੁਕੰਮਲ ਹੋਵੋ।" ਉਹ ਗੱਲ ਨੂੰ ਅੱਗੇ ਤੋਰਦਾ, "ਅਤੇ ਜਦੋਂ ਲਿਖੋ ਤਾਂ ਪੂਰੀ ਇਮਾਨਦਾਰੀ ਵਰਤੋ। ਅਸਲੀਅਤ ਤੋਂ ਕਦੀ ਨਾ ਭੱਜੋ। ਸ਼ਬਦਾਂ ਨੂੰ ਐਵੇਂ ਚਿੱਥੋ ਨਾ, ਸਿੱਧੀ ਗੱਲ ਕਰੋ।"

"ਯੂਨਾਨੀ ਇਸ ਤਰ੍ਹਾਂ ਕਰ ਸਕਦੇ ਸਨ, ਕਿਉਂਕਿ ਉਹ ਪਰਪੱਕ ਸੋਚ ਵਾਲੇ ਬੱਚਿਆਂ ਦੀ ਤਰ੍ਹਾਂ ਸਨ। ਉਨ੍ਹਾਂ ਦਾ ਦਿਮਾਗ਼ ਇੰਨਾ ਸਾਫ਼ ਸੀ ਜਿੰਨਾ ਐਕਰੋਪੋਲਿਸ ਉੱਪਰ ਅਸਮਾਨ ਅਤੇ ਉਨ੍ਹਾਂ ਦੀ ਰੂਹ ਇੰਨੀ ਤਾਜ਼ਾ ਸੀ ਜਿੰਨੀ ਸਵੇਰ ਦੀ ਸੱਜਰੀ ਹਵਾ" ਉਹ ਗੱਲ ਖ਼ਤਮ ਕਰਦਾ।

ਮਲੂਕੇ ਨੇ ਜਿੰਨਾ ਕੁ ਪੂਰਬੀ ਸਾਹਿਤ ਪੜ੍ਹਿਆ ਸੀ, ਇਹ ਸਭ ਕੁਝ ਉਸ ਤੋਂ ਬਿਲਕੁਲ ਵੱਖਰਾ ਸੀ। ਉਰਦੂ ਅਤੇ ਫ਼ਾਰਸੀ ਦੇ ਕਵੀ ਤਾਂ ਆਪਣੀ ਕਲਪਨਾ ਨੂੰ ਅਸਮਾਨਾਂ ਵਿਚ ਖੁੱਲ੍ਹਾ ਉੱਡਣ ਦਿੰਦੇ ਅਤੇ ਜੋ ਕੁਝ ਵੀ ਉਹਨਾਂ ਦੇਖਿਆ ਜਾਂ ਮਹਿਸੂਸ ਕੀਤਾ ਹੁੰਦਾ, ਉਹਨੂੰ ਉਹ ਜਜ਼ਬਾਤੀ ਸਖ਼ਾਵਤ ਨਾਲ ਪੇਸ਼ ਕਰਦੇ। ਉਹ ਆਪਣੀਆਂ ਸਤਰਾਂ ਨੂੰ ਵਿੰਨ੍ਹਵੇਂ ਮੁਹਾਵਰਿਆਂ, ਦਿਲ-ਫ਼ਰੇਬ ਅਲੰਕਾਰਾਂ ਅਤੇ ਸ਼ਬਦਾਂ ਨਾਲ ਸ਼ਿੰਗਾਰਦੇ। ਉਹਨਾਂ ਦੀਆਂ ਇਹ ਸਤਰਾਂ ਸੁਣਨ ਵਾਲੇ ਉੱਤੇ ਅਨੋਖੇ ਅੰਦਾਜ਼

ਵਿਚ ਅਸਰ ਕਰਦੀਆਂ। ਇਸ ਸਮੇਂ ਉਸ ਨੂੰ ਜ਼ੌਕ ਦੀਆਂ ਬਾਦਸ਼ਾਹ ਦੀ ਸਿਫ਼ਤ ਵਿਚ ਲਿਖੀਆਂ ਸਤਰਾਂ ਯਾਦ ਆਉਂਦੀਆਂ, ਜਿਨ੍ਹਾਂ ਵਿਚ ਕਿਹਾ ਗਿਆ ਸੀ ਕਿ ਜਿਹੜੇ ਪੱਥਰ ਤੇਰੇ ਪੈਰਾਂ ਦੀ ਛੋਹ ਪਾ ਜਾਣ, ਉਹ ਸਦਾ ਤਾਰਿਆਂ ਨਾਲੋਂ ਵੀ ਜ਼ਿਆਦਾ ਚਮਕਦੇ ਰਹਿਣਗੇ।

ਹਿੰਦੁਸਤਾਨ ਦੇ ਮੁਸ਼ਾਇਰਿਆਂ ਵਿਚ ਇਹੋ ਜਿਹੇ ਸ਼ਿਅਰਾਂ ਨੂੰ ਖ਼ੂਬ ਦਾਦ ਮਿਲਦੀ। ਚੰਗੀ ਲਿਖਤ ਨੂੰ ਸਮਝਣ ਅਤੇ ਉਸ ਦਾ ਵਿਸ਼ਲੇਸ਼ਣ ਕਰਨਾ ਸਿੱਖਣ ਤੋਂ ਬਾਅਦ ਹੁਣ ਮਲੂਕਾ ਜਦੋਂ ਇਸ ਤਰ੍ਹਾਂ ਦੀ ਪੂਰਬੀ ਕਵਿਤਾ ਪੜ੍ਹਦਾ ਤਾਂ ਉਸ ਦੇ ਹੋਠਾਂ ਉੱਤੇ ਆਪਣੇ ਆਪ ਇਕ ਮੁਸਕਾਨ ਆ ਜਾਂਦੀ।

30

ਮਲੂਕੇ ਨੇ ਬਰਿਟਿਸ਼ ਕੋਲੰਬੀਆ ਦੀ ਯੂਨੀਵਰਸਿਟੀ ਵਿਚ ਦਾਖ਼ਲਾ ਲੈ ਕੇ ਇਕ ਤਰ੍ਹਾਂ ਨਾਲ ਪੱਛਮੀ ਸਭਿਆਚਾਰ ਦੀ ਤੇਜ਼ ਧਾਰਾ ਵਿਚ ਦਾਖ਼ਲਾ ਲੈ ਲਿਆ। ਆਪਣੇ ਯੂਨਾਨੀ ਗਿਆਨ ਅਤੇ ਯਹੂਦੀ ਸਦਾਚਾਰ ਦੇ ਸੋਮੇ ਤੋਂ ਤੇਜ਼ੀ ਅਤੇ ਤਾਜ਼ਗੀ ਨਾਲ ਵਹਿੰਦੀ ਇਸ ਧਾਰਾ ਨੇ ਪਿਛਲੀਆਂ ਸਦੀਆਂ ਦੌਰਾਨ ਆਪਣੇ ਵਿਚ ਕਿੰਨਾ ਕੁਝ ਹੋਰ ਸਮੋ ਲਿਆ ਸੀ। ਇਕ ਵਾਧਾ, ਜਿਸ ਨੂੰ ਨਵੀਂ ਦੁਨੀਆਂ ਵਿਚ ਬਹੁਤ ਮੰਨਿਆ ਜਾਂਦਾ ਸੀ, ਉਹ ਸੀ ਵਿਗਿਆਨਕ ਵਿਧੀ ਅਤੇ ਨਵੀਂ ਤਕਨਾਲੋਜੀ। ਨਵੀਂ ਦੁਨੀਆਂ ਵਿਚ ਪੈਦਾਵਾਰ ਵਧਾਉਣ ਲਈ ਦੋਹਾਂ ਦਾ ਪ੍ਰਯੋਗ ਬਹੁਤ ਸੂਝ ਨਾਲ ਕੀਤਾ ਜਾਂਦਾ ਸੀ। ਮਲੂਕੇ ਨੂੰ ਇਸ ਵਿਰਸੇ ਦੀ ਕੁੰਜੀ ਅੰਗਰੇਜ਼ੀ ਜ਼ਬਾਨ ਵਿਚੋਂ ਲੱਭ ਪਈ ਅਤੇ ਉਹ ਛੇਤੀ ਹੀ ਇਸ ਨੂੰ ਮੁਹੱਬਤ ਕਰਨ ਲੱਗ ਪਿਆ। ਪਰ ਇਹ ਮੁਹੱਬਤ ਸਿਰਫ਼ ਇਹਦੇ ਵਿਚ ਛੁਪੀ ਸ਼ਕਤੀ ਅਤੇ ਸੋਚ ਦੀ ਸੁੰਦਰਤਾ ਕਰ ਕੇ ਹੀ ਨਹੀਂ ਸੀ, ਸਗੋਂ ਇਹਦਾ ਇਕ ਕਾਰਨ ਇਹ ਵੀ ਸੀ ਕਿ ਇਹਦੇ ਨਾਲ ਉਹਨੂੰ ਸਾਰੇ ਯੂਰਪ ਦੇ ਸਾਹਿਤ ਅਤੇ ਸੋਚ ਦਾ ਵੀ ਗਿਆਨ ਹੋ ਗਿਆ ਸੀ।

ਪੱਛਮੀ ਸੋਚ ਨੂੰ ਸਲਾਹੁਣ ਦੇ ਉਹਦੇ ਹੋਰ ਵੀ ਕਾਰਨ ਸਨ। ਉਹ ਅਕਸਰ ਸੋਚਦਾ ਕਿ ਇਹੋ ਜਿਹੀ ਕਿਹੜੀ ਤਾਕਤ ਸੀ, ਜਿਹਦੇ ਨਾਲ ਮੁੱਠੀ ਭਰ ਬਰਿਟਿਸ਼ ਗੋਰੇ ਭਾਰਤ ਵਰਗੇ ਵਿਸ਼ਾਲ ਮੁਲਕ, ਜਿਸ ਦਾ ਇਕ ਆਪਣੀ ਕਿਸਮ ਦਾ ਪਿਛੋਕੜ ਸੀ, ਉੱਤੇ ਰਾਜ ਕਰ ਸਕਦੇ ਸਨ। ਪੱਛਮ ਦੇ ਹੋਰ ਮੁਲਕਾਂ, ਜਿਹੜੇ ਮੇਜ਼ ਉੱਤੇ ਪਏ ਗਲੋਬ ਉੱਤੇ ਮਸੀਂ ਦਿੱਸਦੇ ਸਨ, ਜਿਵੇਂ ਹੌਲੈਂਡ, ਬੈਲਜੀਅਮ ਨੇ ਵੀ ਦੁਨੀਆਂ ਦੇ ਹੋਰ ਹਿੱਸਿਆਂ ਵਿਚ ਥੋੜ੍ਹੇ ਬਹੁਤੇ ਫ਼ਰਕ ਨਾਲ ਇਹੋ ਕੁਝ ਕੀਤਾ ਸੀ। ਪੱਛਮ, ਜਵਾਨੀ ਦੇ ਜ਼ੋਰ ਹਰ ਪਾਸੇ ਛਾਇਆ ਹੋਇਆ ਸੀ। ਇਹ ਧਰਤੀ ਦਾ ਵਾਰਿਸ ਬਣ ਗਿਆ ਸੀ। ਇਸ ਦਾ ਸਮੁੰਦਰਾਂ ਉੱਤੇ ਕਬਜ਼ਾ ਸੀ। ਇਹ ਅਸਮਾਨਾਂ ਉੱਤੇ ਵੀ ਹਮਲੇ ਕਰ ਰਿਹਾ ਸੀ। ਇਹਦੀ ਇਸ ਪ੍ਰਾਪਤੀ ਦਾ ਕੀ ਰਾਜ਼ ਸੀ?

ਪੱਛਮੀ ਮੁਲਕਾਂ ਵਿਚ ਆਮ ਬੰਦਾ ਵੀ ਆਰਥਿਕ ਪੱਖੋਂ ਖ਼ੁਸ਼ਹਾਲ ਹੋ ਗਿਆ ਸੀ। ਭਾਵੇਂ ਏਹਨਾ ਮੁਲਕਾਂ ਦੇ ਆਪਣੇ ਮਿਆਰਾਂ ਮੁਤਾਬਕ ਉਹ ਅਜੇ ਵੀ ਗ਼ਰੀਬ ਸੀ ਅਤੇ ਬੇਰੁਜ਼ਗਾਰੀ ਦਾ ਉਹਨੂੰ ਅਜੇ ਵੀ ਡਰ ਸੀ, ਪਰ ਆਪਣੀਆਂ ਤਾਕਤਵਰ ਜਥੇਬੰਦੀਆਂ ਰਾਹੀਂ ਉਸ ਨੇ ਆਪਣੀ ਹੋਣੀ ਨੂੰ ਕਾਫ਼ੀ ਹੱਦ ਤਕ ਆਪਣੇ ਵੱਸ ਵਿਚ ਕਰ ਲਿਆ ਸੀ। ਕੋਈ ਵੀ ਹੋਰ ਸਭਿਅਤਾ, ਪੂਰਬੀ ਨਾ ਪੱਛਮੀ, ਭਾਵੇਂ ਕਿੰਨੀ ਵੀ ਵੱਡੀ ਪਦਾਰਥਕ ਜਾਂ ਆਤਮਿਕ ਚੋਟੀ ਉੱਤੇ ਕਿਉਂ ਨਾ ਪਹੁੰਚੀ ਹੋਵੇ, ਇਹ ਕੁਝ ਕਰਨ ਵਿਚ ਕਾਮਯਾਬ ਨਹੀਂ ਸੀ ਹੋਈ।

ਮਲੂਕੇ ਲਈ ਇਹ ਜ਼ਰੂਰੀ ਨਹੀਂ ਸੀ ਕਿ ਮੈਥਿਊ ਆਰਨੌਲਡ ਉਹਨੂੰ ਯਾਦ ਦੁਆਉਂਦਾ ਕਿ 'The East bowed low before the blast/In patient deep disdain'. ਨਾ ਹੀ ਉਹ ਕਵਿਤਾ ਨਾਲ ਤਸੱਲੀ ਮਹਿਸੂਸ ਕਰਦਾ ਸੀ, 'let the legions thunder past, it, plunged in thought again'. ਕਿਉਂਕਿ ਪੂਰਬ ਵਿਚ ਸੋਚ ਤਾਂ ਸਗੋਂ ਸਿਆਸਤ ਨਾਲੋਂ ਵੀ ਥੱਲੇ ਲੱਥੀ ਹੋਈ ਸੀ। ਉਹ ਅਕਸਰ ਆਪਣੇ ਆਪ ਨੂੰ ਸਵਾਲ ਕਰਦਾ ਕਿ "ਕੀ ਸਿਆਸੀ ਤਾਕਤ ਦਾ ਖ਼ੁਸਣਾ ਸਮਾਜਕ ਕੁਰੀਤੀਆਂ, ਬੁੱਧੀ ਦੀ ਨੀਰਸਤਾ ਅਤੇ ਆਤਮਾ ਦੇ ਸੜ ਜਾਣ ਦਾ ਹੀ ਨਤੀਜਾ ਨਹੀਂ ਸੀ?"

"ਅਸੀਂ ਆਪਣੇ ਸਭਿਆਚਾਰ ਵਿਚ ਆਤਮਾ ਨੂੰ ਬਹੁਤ ਮਹੱਤਤਾ ਦਿੰਦੇ ਹਾਂ", ਸਤਨਾਮ ਨੇ ਆਪਣੇ ਖ਼ਾਸ ਢੰਗ ਨਾਲ ਕਿਹਾ, "ਅਸੀਂ ਇਹਨੂੰ ਆਪਣੀਆਂ

ਕਮਜ਼ੋਰੀਆਂ ਲੁਕਾਉਣ ਲਈ ਇਕ ਢਾਲ ਦੀ ਤਰ੍ਹਾਂ ਵਰਤਦੇ ਹਾਂ। ਪਰ ਇਹ ਉਨ੍ਹਾਂ ਨੂੰ ਸਿਰਫ਼ ਸਾਡੇ ਆਪਣੇ ਆਪ ਤੋਂ ਹੀ ਲੁਕਾਉਂਦੀ ਹੈ।"

"ਬੁੜ੍ਹਿਆਂ ਦੀ ਤਰ੍ਹਾਂ ਅਸੀਂ ਹਮੇਸ਼ਾਂ ਪਿੱਛੇ ਬਾਰੇ ਗੱਲਾਂ ਕਰਦੇ ਰਹਿੰਦੇ ਹਾਂ। ਆਪਣੇ ਵਰਤਮਾਨ ਵਿਚ ਕੋਈ ਵੀ ਇਹੋ ਜਿਹੀ ਚੀਜ਼ ਨਹੀਂ ਜਿਹਦੇ ਉੱਤੇ ਮਾਣ ਕੀਤਾ ਜਾ ਸਕੇ। ਇਸ ਕਰ ਕੇ ਅਸੀਂ ਪਿਛੋਕੜ ਦੀ ਸੁੰਦਰਤਾ ਬਾਰੇ ਵਧਾ ਕੇ ਕਲਪਨਾ ਕਰਦੇ ਰਹਿੰਦੇ ਹਾਂ", ਗੰਡਾ ਸਿੰਘ ਨੇ ਕਿਹਾ।

"ਇਹਦੇ ਨਾਲ ਮਨ ਨੂੰ ਕੁਛ ਤਾਂ ਤਸੱਲੀ ਹੁੰਦੀ ਹੀ ਹੈ", ਮਲੂਕਾ ਕਹਿਣ ਲੱਗਾ।

"ਹਾਂ! ਇਹ ਗ਼ਰੀਬ ਲੋਕਾਂ ਲਈ ਸਮਾਂ ਲੰਘਾਉਣ ਲਈ ਵਧੀਆ ਹੈ। ਇਸ ਉੱਤੇ ਕੋਈ ਖ਼ਰਚ ਨਹੀਂ ਆਉਂਦਾ। ਨਾ ਹੀ ਇਹਦੇ ਨਾਲ ਕਿਸੇ ਕਿਸਮ ਦਾ ਕੋਈ ਫ਼ਰਕ ਹੀ ਪੈਂਦਾ ਹੈ।" ਗੰਡਾ ਸਿੰਘ ਨੇ ਸਹਿਮਤੀ ਜ਼ਾਹਿਰ ਕੀਤੀ।

ਬਲਵੰਤ ਸਿੰਘ ਨੇ ਗੁੱਸੇ ਨਾਲ ਕਿਹਾ, "ਅਤੇ ਆਪਣਾ ਵਰਤਮਾਨ, ਇਹਦੇ ਵਿਚ ਕੁਛ ਵੀ ਸੁਹਣਾ ਨਹੀਂ। ਕੀ ਸ਼ਾਨ, ਕੀ ਆਤਮਾ ਹੈ ਉਸ ਮੰਗਤੀ ਔਰਤ ਵਿਚ, ਜਿਹੜੀ ਰੱਬ ਦੇ ਨਾਂ ਉੱਤੇ ਸਾਰੀ ਦਿਹਾੜੀ ਪੈਸਾ ਪੈਸਾ ਮੰਗਦੀ ਰਹੇ? ਅਤੇ ਕੀ ਸ਼ਾਨ ਹੈ ਉਹਨਾਂ ਭੁੱਖੇ ਲੋਕਾਂ ਦੀ ਜੋ ਗੰਦਗੀ ਅਤੇ ਬੀਮਾਰੀ ਨੂੰ ਆਪਣੀ ਕਿਸਮਤ ਮੰਨ ਲੈਣ?"

"ਅਤੇ ਇਸ ਸਭ ਕਾਸੇ ਦੇ ਬਾਵਜੂਦ ਭਾਰਤ ਵਿਚ ਕਿੰਨੇ ਹੀ ਲੋਕ ਇਹ ਗੱਲ ਮਾਣ ਨਾਲ ਕਹਿੰਦੇ ਹਨ ਕਿ ਉਹ ਪਦਾਰਥਕ ਤਰੱਕੀ ਨਾਲੋਂ ਮੁਕਤੀ ਬਾਰੇ ਜ਼ਿਆਦਾ ਚਿੰਤਾਤੁਰ ਹਨ", ਗੰਡਾ ਸਿੰਘ ਨੇ ਅੱਗੇ ਕਿਹਾ।

ਸਤਨਾਮ ਨੇ ਖ਼ਿਆਲ ਜ਼ਾਹਿਰ ਕੀਤਾ, "ਪਿਛਲੇ ਜ਼ਮਾਨੇ 'ਚ ਸਿਰਫ਼ ਉਤਲੇ ਦਰਜੇ ਦੇ ਥੋੜ੍ਹੇ ਜਿਹੇ ਲੋਕਾਂ ਨੇ ਜ਼ਿੰਦਗੀ ਦਾ ਲੁਤਫ਼ ਲਿਆ ਹੈ ਅਤੇ ਉਹ ਲੋਕ ਪਿਛਲੇ ਜ਼ਮਾਨੇ ਦੇ ਜ਼ਿਆਦਾ ਗੁਣ ਗਾਉਂਦੇ ਹਨ।"

ਗੰਡਾ ਸਿੰਘ ਨੇ ਜੋਸ਼ ਵਿਚ ਆਉਂਦਿਆਂ ਕਿਹਾ, "ਮੇਰਾ ਤਾਂ ਦਿਲ ਕਰਦਾ ਹੈ ਕਿ ਇਕ ਵਾਰੀ ਧੌਣੋਂ ਫੜ ਕੇ ਆਪਣੇ ਲੋਕਾਂ ਦਾ ਮੂੰਹ ਭੂਤ ਵਲੋਂ ਸਦਾ ਲਈ ਭੁਆ ਦਿਆਂ।"

"ਆਪਣੇ ਨੌਜਵਾਨ ਪੱਛਮ ਤੋਂ ਕਿੰਨਾ ਕੁਝ ਸਿੱਖ ਸਕਦੇ ਹਨ, ਪਰ ਇਹ

ਸਿਰਫ ਕਿਤਾਬਾਂ ਪੜ੍ਹ ਕੇ ਹੀ ਨਹੀਂ ਕੀਤਾ ਜਾ ਸਕਦਾ। ਤੁਹਾਨੂੰ ਉਹਨਾਂ ਨਾਲ ਰਹਿਣਾ ਅਤੇ ਕੰਮ ਕਰਨਾ ਪਵੇਗਾ। ਤੁਹਾਨੂੰ ਉਹਨਾਂ ਦੇ ਜ਼ਿੰਦਗੀ ਵੱਲ ਸਮੁੱਚੇ ਰਵੱਈਏ ਨੂੰ ਸਮਝਣਾ ਪਵੇਗਾ, ਜ਼ਿੰਦਗੀ ਦੀਆਂ ਮੁਸ਼ਕਲਾਂ ਵੱਲ ਉਹਨਾਂ ਦੀ ਪਹੁੰਚ ਨੂੰ ਸਮਝਣਾ ਪਵੇਗਾ", ਸਤਨਾਮ ਨੇ ਕਿਹਾ।

31

ਬਲਵੰਤ ਨੇ ਵੀ ਦੋ ਭਾਰਤੀ ਵਿਦਿਆਰਥੀਆਂ ਨਾਲ ਬਰਿਟਿਸ਼ ਕੋਲੰਬੀਆ ਦੀ ਯੂਨੀਵਰਸਿਟੀ ਵਿਚ ਸਾਲ 1924 ਦੀ ਜਮਾਤ ਵਿਚ ਦਾਖ਼ਲਾ ਲੈ ਲਿਆ ਸੀ। ਸਤਨਾਮ ਵਲੋਂ ਹੌਂਸਲਾ ਅਫ਼ਜ਼ਾਈ ਕਾਰਨ ਉਹਨਾਂ ਨੇ 'ਹਿੰਚੂਆ ਦੇ ਗੜ੍ਹ' ਫਾਲਸ ਕਰੀਕ ਦੇ ਇਲਾਕੇ ਤੋਂ ਪਾਸੇ ਜਾ ਕੇ ਯੂਨੀਵਰਸਿਟੀ ਦੇ ਲਾਗੇ ਇਕ ਅਪਾਰਟਮੈਂਟ ਕਿਰਾਏ ਉੱਤੇ ਲੈ ਲਿਆ। ਉਹਨਾਂ ਨੂੰ ਉੱਥੇ ਰਹਿੰਦਿਆਂ ਨੂੰ ਅਜੇ ਮਸੀਂ ਪੰਦਰਾਂ ਦਿਨ ਹੀ ਹੋਏ ਸਨ ਕਿ ਉਹਨਾਂ ਦੀ ਲੈਂਡਲੇਡੀ ਨੇ ਉਹਨਾਂ ਨੂੰ ਆਖਿਆ ਕਿ ਅਪਾਰਟਮੈਂਟ ਖ਼ਾਲੀ ਕਰਨਾ ਪਵੇਗਾ।

"ਦੇਖੋ ਮੈਨੂੰ ਤਾਂ ਤੁਹਾਡੇ ਨਾਲ ਕੋਈ ਨਫ਼ਰਤ ਨਹੀਂ, ਪਰ ਜੇ ਮੈਂ ਤੁਹਾਨੂੰ ਜਾਣ ਲਈ ਨਾ ਕਿਹਾ ਤਾਂ ਦੂਜੇ ਕਿਰਾਏਦਾਰ ਚਲੇ ਜਾਣਗੇ। ਮੈਨੂੰ ਆਪਣਾ ਫ਼ਾਇਦਾ ਨੁਕਸਾਨ ਦੇਖਣਾ ਪਵੇਗਾ। ਮੈਂ ਬਾਕੀ ਬਚਦਾ ਕਿਰਾਇਆ ਜ਼ਰੂਰ ਮੋੜ ਦੇਵਾਂਗੀ" ਲੈਂਡਲੇਡੀ ਨੇ ਮੁਆਫ਼ੀ ਮੰਗਣ ਵਾਲੇ ਅੰਦਾਜ਼ ਵਿਚ ਕਿਹਾ।

ਬਲਵੰਤ ਜੋ ਬਹੁਤ ਸੁਨੱਖਾ ਅਤੇ ਮਾਣਮੱਤਾ ਸੀ, ਅਤੇ ਰਹਿਣ ਸਹਿਣ ਦੇ ਤਰੀਕਿਆਂ ਵਿਚ ਬਹੁਤ ਸਾਫ਼ ਸੁਥਰਾ ਸੀ, ਗੁੱਸੇ ਨਾਲ ਮੱਚ ਉੱਠਿਆ।

ਉਹ ਸਤਨਾਮ ਸਿੰਘ ਨੂੰ ਗੁੱਸੇ ਵਿਚ ਦੱਸਣ ਲੱਗਾ, "ਪਹਿਲਾਂ ਇਹ ਹਰਾਮੀ ਗੋਰੇ ਸਾਨੂੰ ਕਹਿੰਦੇ ਆ ਕਿ ਅਸੀਂ ਇਹਨਾਂ ਵਿਚ ਰਲਦੇ ਨਹੀਂ। ਜਦੋਂ ਅਸੀਂ ਇਹਨਾਂ ਨਾਲ ਰਹਣ ਦੀ ਕੋਸ਼ਿਸ਼ ਕਰਦੇ ਆਂ ਤਾਂ ਇਹ ਸਾਨੂੰ ਆਪਣੇ ਘਰਾਂ ਵਿਚੋਂ

ਬਾਹਰ ਕੱਢ ਮਾਰਦੇ ਆ। ਕੀ ਕਰੀਏ ਅਸੀਂ ? ਤੂੰ ਇੱਥੇ ਦੇਖੇਂ ਇਹਨਾਂ 'ਚੋਂ ਕਈ ਗੋਰੇ ਕਿੰਨੇ ਗੰਦੇ ਰਹਿੰਦੇ ਆ।"

"ਬਾਹਲਾ ਨਾ ਗੁੱਸੇ 'ਚ ਆ", ਸਤਨਾਮ ਜਿਹੜਾ ਵੀਹ ਸਾਲ ਤੋਂ ਵੈਨਕੂਵਰ ਰਹਿ ਰਿਹਾ ਸੀ, ਨੇ ਉਹਨੂੰ ਸਹਿਜ ਨਾਲ ਕਿਹਾ। "ਹੁਣ ਤਾਂ ਅੱਗੇ ਨਾਲੋਂ ਹਾਲਾਤ ਬਹੁਤ ਚੰਗੇ ਆ। ਤੇਰੇ ਮੇਰੇ ਨਾਲੋਂ ਕਿੱਤੇ ਵੱਧ ਵੱਡੇ ਬੰਦਿਆਂ ਦੀ ਇੱਥ ਬੇਇੱਜ਼ਤੀ ਹੋ ਚੁੱਕੀ ਹੈ। ਇਹਨਾਂ ਨੇ ਤਾਂ ਟੈਗੋਰ ਨੂੰ ਵੀ ਮਾਫ਼ ਨਹੀਂ ਸੀ ਕੀਤਾ।"

"ਕਵੀ ਟੈਗੋਰ ਨੂੰ ਕੀ ਹੋਇਆ ਸੀ ?" ਮਲੂਕੇ ਨੇ ਉਤਸ਼ਕਤਾ ਨਾਲ ਪੁੱਛਿਆ।

"ਉਹਨਾਂ ਦਿਨਾਂ ਵਿਚ ਭਾਰਤ", ਸਤਨਾਮ ਕਹਿਣ ਲੱਗਾ, "ਗਾਂਧੀ ਦੀ ਜੱਦੋਜਹਿਦ ਕਰਕੇ ਅਕਸਰ ਇੱਥੋਂ ਦੀਆਂ ਖ਼ਬਰਾਂ ਵਿਚ ਹੁੰਦਾ ਸੀ ਸਿਆਟਲ ਦੀ ਇਕ ਕੁੜੀ ਨੈਂਸੀ ਮਿਲਰ ਦੇ ਇੰਦੌਰ ਦੇ ਮਹਾਰਾਜਾ ਨਾਲ ਵਿਆਹ ਨੇ ਵੀ ਕਈ ਆਸ਼ਕੀ ਦੀਆਂ ਕਹਾਣੀਆਂ ਨੂੰ ਜਨਮ ਦਿੱਤਾ ਸੀ। ਟੈਗੋਰ ਇਕ ਲੈਕਚਰ ਟੂਰ ਉੱਤੇ ਆਇਆ ਸੀ। ਲੰਬੀ ਦਾਹੜੀ ਹੋਣ ਕਰ ਕੇ ਉਹਦੇ ਸਿੱਖ ਹੋਣ ਦਾ ਭੁਲੇਖਾ ਲੱਗਣਾ ਸੁਖਾਲਾ ਹੀ ਸੀ। ਅਮਰੀਕਾ ਦਾ ਬਾਰਡਰ ਲੰਘਣ ਵੇਲੇ ਉਹਦੀ ਖ਼ੂਬ ਪੁੱਛਗਿੱਛ ਕੀਤੀ ਗਈ। ਉਹਨੂੰ ਕਿੰਨਾ ਚਿਰ ਬਠਾਈ ਰੱਖਣ ਤੋਂ ਬਾਅਦ ਉਸ ਤੋਂ ਪੁੱਛਿਆ ਗਿਆ ਕਿ ਕੀ ਉਹ ਪੜ੍ਹ ਲਿਖ ਸਕਦਾ ਸੀ ? ਕੀ ਉਹ ਆਪਣਾ ਨਾਂ ਲਿਖ ਸਕਦਾ ਸੀ ਅਤੇ ਕੀ ਉਹ ਅਮਰੀਕਾ ਵਿਚ ਸਰਕਾਰ ਉੱਤੇ ਭਾਰ ਨਹੀਂ ਬਣੇਗਾ, ਅਤੇ ਇਹੋ ਜਿਹੇ ਹੋਰ ਫ਼ਜ਼ੂਲ ਸਵਾਲ ਪੁੱਛੇ ਗਏ। ਕਵੀ ਮੁਸ਼ਕਲ ਨਾਲ ਆਪਣਾ ਗੁੱਸਾ ਕਾਬੂ 'ਚ ਰੱਖ ਰਿਹਾ ਸੀ। ਸਿਆਟਲ ਪਹੁੰਚਣ ਉੱਤੇ ਪੱਤਰਕਾਰ ਉਹਦੇ ਮਗਰ ਇੰਟਰਵਿਊ ਲਈ ਗੇੜੇ ਕੱਢਦੇ ਫਿਰਨ। ਉਹਨੇ ਕਿਸੇ ਨਾਲ ਵੀ ਗੱਲਬਾਤ ਕਰਨ ਤੋਂ ਨਾਂਹ ਕਰ ਦਿੱਤੀ। ਪਰ ਇਕ ਤੇਜ਼ ਔਰਤ ਪੱਤਰਕਾਰ ਉਹਦੀ ਕਾਰ ਦੇ ਪੌਡੇ ਉੱਤੇ ਪੈਰ ਰੱਖ ਕੇ ਚੜ੍ਹ ਗਈ।

ਉਹਨੇ ਚੀਕਦੇ ਪੁੱਛਿਆ, "ਤੇਰਾ ਨੈਂਸੀ ਮਿਲਰ ਦਾ ਇੰਦੌਰ ਦੇ ਰਾਜੇ ਨਾਲ ਵਿਆਹ ਕਰਾਉਣ ਬਾਰੇ ਕੀ ਖਿਆਲ ਹੈ ?"

"ਮੈਡਮ" ਕਵੀ ਨੇ ਸਖ਼ਤ ਲਹਿਜ਼ੇ ਵਿਚ ਜਵਾਬ ਦਿੱਤਾ, "ਨੈਂਸੀ ਮਿਲਰ ਨੂੰ ਮਾਣ ਬਖ਼ਸ਼ਿਆ ਗਿਆ ਹੈ"।

"ਅਤੇ ਟੈਗੋਰ ਨੇ ਅਮਰੀਕਾ ਵਿਚ ਆਪਣੇ ਉਸੇ ਦੌਰੇ ਦੌਰਾਨ ਸਿਰਫ਼ ਇਹ

ਹੀ ਸ਼ਬਦ ਬੋਲੇ।"

ਚੰਗੀ ਕਿਸਮਤ ਨੂੰ ਮਲੂਕੇ ਨੂੰ ਥਾਂ ਲੱਭਣ ਲਈ ਅਜੇ ਇਹੋ ਜਿਹਾ ਕੋਈ ਕੌੜਾ ਤਜਰਬਾ ਨਹੀਂ ਸੀ ਹੋਇਆ, ਕਿਉਂਕਿ ਉਹ ਫ਼ਰੇਜ਼ਰ ਦੇ ਕੰਢੇ ਉੱਤੇ ਬਣੀ ਝੌਂਪੜੀ ਵਿਚ ਹੀ ਰਹਿ ਰਿਹਾ ਸੀ। ਪਰ ਉਹਨੂੰ ਬੜੀ ਤੇਜ਼ੀ ਨਾਲ ਇਸ ਗੱਲ ਦਾ ਪਤਾ ਲੱਗ ਰਿਹਾ ਸੀ ਕਿ ਲੋਕ ਭਾਰਤ ਬਾਰੇ ਕੀ ਸੋਚਦੇ ਸਨ।

ਇਕ ਐਤਵਾਰ ਦੀ ਸ਼ਾਮ ਨੂੰ ਜਦੋਂ ਉਹ ਸ਼ਹਿਰ ਵਿਚ ਇੱਧਰ ਉੱਧਰ ਘੁੰਮ ਫਿਰ ਰਿਹਾ ਸੀ ਤਾਂ ਉਹ ਇਕ ਲੈਕਚਰ ਹਾਲ ਵਿਚ ਚਲਾ ਗਿਆ ਜਿੱਥੇ ਇਕ ਰੀਟਾਇਰ ਹੋ ਚੁੱਕੇ ਅੰਗਰੇਜ਼ ਕਰਨਲ ਨੇ ਭਾਰਤ ਵਿਚ ਆਪਣੇ ਤਜਰਬਿਆਂ ਬਾਰੇ ਬੋਲਣਾ ਸੀ।

ਕਰਨਲ ਨੇ ਪਹਿਲਾਂ ਭਾਰਤ ਦੇ ਪੁਰਾਣੇ ਸੱਭਿਆਚਾਰ ਦੀ ਬੜੀ ਤਾਰੀਫ਼ ਕੀਤੀ। ਉਹਨੇ ਦੱਸਿਆ ਇਹਦੇ ਸਾਧਾ-ਸੰਤਾਂ ਨੇ ਮਹਾਨ ਸਚਾਈਆਂ ਦੀ ਖੋਜ ਕੀਤੀ। ਇਹਨਾਂ ਨੇ ਪਥਰੀਲੀਆਂ ਗੁਫ਼ਾਵਾਂ ਨੂੰ ਕਲਾ ਦੇ ਮਹਿਲਾਂ ਵਿਚ ਢਾਲ ਦਿੱਤਾ, ਇਹਨਾਂ ਨੇ ਪੱਥਰ ਦੇ ਸੁੰਦਰ ਸੁੰਦਰ ਮੰਦਰ ਘੜੇ। ਪਰ ਮੁਗ਼ਲ ਸਲਤਨਤ ਦੇ ਖ਼ਤਮ ਹੋਣ ਨਾਲ ਸਾਰਾ ਮੁਲਕ ਟੁੱਟ ਭੱਜ ਗਿਆ ਸੀ। ਦੇਵਤਿਆਂ ਲਈ ਅਜੇ ਵੀ ਆਲੀਸ਼ਾਨ ਮੰਦਰ ਸਨ ਪਰ ਗ਼ਰੀਬ ਲੋਕਾਂ ਦੀ ਸ਼ਹਿਰਾਂ ਦੇ ਗੰਦੇ ਮਹੱਲਿਆਂ ਅਤੇ ਛੋਟੇ ਪਿੰਡਾਂ ਵਿਚ ਜ਼ਿੰਦਗੀ ਬੜੀ ਦੁੱਭਰ ਸੀ। ਅੰਦਰੂਨੀ ਝਗੜਿਆਂ ਨੇ ਜ਼ਿੰਦਗੀ ਹੋਰ ਵੀ ਖ਼ਤਰਿਆਂ ਭਰੀ ਬਣਾ ਦਿੱਤੀ ਸੀ ਅਤੇ ਇਸ ਸਮੇਂ ਅੰਗਰੇਜ਼ ਹਿੰਦੁਸਤਾਨ ਵਿਚ ਸ਼ਾਂਤੀ ਅਤੇ ਖ਼ੁਸ਼ਹਾਲੀ ਲੈ ਕੇ ਆਏ।

"ਜੇ ਅੰਗਰੇਜ਼ ਚਲੇ ਜਾਣ", ਉਹਨੇ ਇਹ ਗੱਲ ਜ਼ੋਰ ਦੇ ਕੇ ਕਹੀ, "ਤਾਂ ਹਿੰਦੂ ਅਤੇ ਮੁਸਲਮਾਨ ਇਕ ਦੂਜੇ ਦੇ ਗਲ ਕੱਟ ਦੇਣਗੇ।" ਪਰ ਨਾਲ ਹੀ ਉਹਨੇ ਸਿੱਖਾਂ ਦੀ ਲੜਾਕੇ ਹੋਣ ਲਈ ਕਾਫ਼ੀ ਸਿਫ਼ਤ ਕੀਤੀ।

ਉਹ ਕਹਿਣ ਲੱਗਾ, "ਪਿਛਲੀ ਲੜਾਈ ਵਿਚ ਸਿੱਖਾਂ ਨੇ ਵਿਕਟੋਰੀਆ ਕਰੌਸ ਕੱਠੇ ਕਰਨ ਦਾ ਜਿਵੇਂ ਸ਼ੌਕ ਹੀ ਪਾ ਲਿਆ ਸੀ। ਉਹਨਾਂ ਦੀ ਜ਼ਬਾਨ ਵਿਚ ਪਿੱਛੇ ਮੁੜਨ ਲਈ ਕੋਈ ਸ਼ਬਦ ਹੀ ਨਹੀਂ। ਜਦੋਂ ਇਹੋ ਜਿਹੀ ਸਥਿਤੀ ਪੈਦਾ ਹੋ ਜਾਵੇ ਤਾਂ ਉਹਨਾਂ ਨੂੰ ਹੁਕਮ ਦੇਣਾ ਪੈਂਦਾ ਹੈ : 'ਪਿੱਛਾਂ ਘੁੰਮੋ, ਅੱਗੇ ਵਧੋ'।" ਉਹ ਤਾਂ ਉਹਨਾਂ ਦੇ ਇੰਨੇ ਲੜਾਕੇ ਅਤੇ ਬਹਾਦਰ ਹੋਣ ਦੇ ਕਾਰਨ ਵੀ ਦੱਸਣ ਲੱਗ ਪਿਆ।

ਉਹ ਕਹਿਣ ਲੱਗਾ, "ਜਦੋਂ ਇਕ ਸਿੱਖ ਬੱਚਾ ਪੈਦਾ ਹੁੰਦਾ ਹੈ ਤਾਂ ਉਹ ਉਹਨੂੰ ਘਰ ਦੀ ਛੱਤ ਉੱਪਰ ਸੁੱਟ ਦੇਂਦੇ ਹਨ, ਜੇ ਉਹ ਉੱਪਰ ਪਿਆ ਬਚ ਰਹੇ ਤਾਂ ਉਹ ਉਸ ਬੱਚੇ ਨੂੰ ਪਾਲਦੇ ਹਨ।"

ਉੱਥੇ ਜੁੜੀ ਭੀੜ ਦੇ ਹਾਸੇ ਨੇ ਮਲੂਕੇ ਨੂੰ ਹੋਰ ਵੀ ਜਿੱਚ ਕੀਤਾ। ਉਹਨੂੰ ਇਸ ਗੱਲ ਦਾ ਬੜਾ ਰੰਜ ਹੋਇਆ ਕਿ ਅੱਜ ਦੇ ਵਿਗਿਆਨਕ ਯੁੱਗ ਵਿਚ ਵੀ ਲੋਕ ਇਸ ਤਰ੍ਹਾਂ ਦੀਆਂ ਅਫ਼ਵਾਹਾਂ ਉੱਤੇ ਯਕੀਨ ਕਰਦੇ ਹਨ। ਪਰ ਫੇਰ ਵੀ ਉਹਦਾ ਦਿਲ ਕੀਤਾ ਕਿ ਉਹ ਬੁਲਾਰੇ ਨੂੰ ਮਿਲੇ।

"ਕਾਫ਼ੀ ਰੌਸ਼ਨੀ ਪਾਉਣ ਵਾਲੀ ਸੀ ਤੁਹਾਡੀ ਸਪੀਚ", ਉਹਨੇ ਕਰਨਲ ਨਾਲ ਹੱਥ ਮਿਲਾਉਂਦਿਆਂ ਕਿਹਾ, "ਮੈਨੂੰ ਜਾਣ ਕੇ ਬੜੀ ਖ਼ੁਸ਼ੀ ਹੋਈ ਕਿ ਮੈਂ ਕਾਫ਼ੀ ਸਖ਼ਤ ਬੱਚਾ ਸਿੱਧ ਹੋਇਆ ਹੋਵਾਂਗਾ।"

ਆਪਣੀ ਜਨਮ-ਭੂਮੀ ਬਾਰੇ ਮਲੂਕੇ ਨੇ ਹੋਰ ਵੀ ਕਿੰਨੇ ਭਾਸ਼ਨ ਸੁਣੇ। ਅਸਲ ਵਿਚ ਉਹ ਵੈਨਕੂਵਰ ਰਹਿੰਦਿਆਂ ਭਾਰਤ ਬਾਰੇ ਵੀ ਉੱਨਾ ਕੁਝ ਸਿੱਖ ਰਿਹਾ ਸੀ ਜਿੰਨਾ ਕੈਨੇਡਾ ਬਾਰੇ।

ਇਕ ਬੁਲਾਰੇ ਨੇ ਇਹ ਦਰਸਾਉਣ ਦੀ ਕੋਸ਼ਿਸ਼ ਵਿਚ ਕਿ ਭਾਰਤੀ ਕਾਮੇ ਤਾਂ ਜਮਾਂਦਰੂ ਟਰੇਡ ਯੂਨੀਅਨਇਸਟ ਸਨ, ਕਿਹਾ ਕਿ ਜਦੋਂ ਮੈਂ ਆਪਣੇ ਦੋਂਹ ਮਾਲੀਆਂ ਨੂੰ 'ਵੀਲਬੈਰੋ' ਦਿੱਤਾ ਤਾਂ ਉਹ ਦੋਵੇਂ ਉਸ ਨੂੰ ਰਲ ਕੇ ਚਲਾਉਂਦੇ ਰਹੇ, ਇਕ ਨੇ ਹੱਥਾ ਫੜਿਆ ਹੋਇਆ ਸੀ ਅਤੇ ਦੂਜਾ ਧੁਰੇ ਤੋਂ ਧੱਕ ਰਿਹਾ ਸੀ।

ਇਕ ਹੋਰ ਜਿਹੜਾ ਭਾਰਤ ਦੇ ਦਰਸ਼ਨ ਅਤੇ ਰਹੱਸਮਈ ਤਾਕਤਾਂ ਤੋਂ ਬਹੁਤ ਪ੍ਰਭਾਵਿਤ ਸੀ, ਨੇ ਆਪਣੇ ਸ੍ਰੋਤਿਆਂ ਨੂੰ ਦੱਸਿਆ ਕਿ ਜਿੱਥੇ ਭਗਵਾਨ ਕ੍ਰਿਸ਼ਨ ਨੇ ਆਪਣਾ ਪਿਆਰ ਦਾ ਸੰਦੇਸ਼ ਦਿੱਤਾ ਸੀ ਉੱਥੇ ਅਜੇ ਵੀ ਭੇੜੀਏ ਅਤੇ ਹਰਨ ਇਕੱਠੇ ਸ਼ਾਂਤੀ ਨਾਲ ਫਿਰਦੇ ਸਨ। ਉਹਨੇ ਦੱਸਿਆ ਕਿ ਭਾਰਤ ਵਿਚ ਯੋਗੀ ਤੁਹਾਨੂੰ ਇਕੋ ਨਜ਼ਰੇ ਹਿਪਨੋਟਾਈਜ਼ ਕਰ ਸਕਦੇ ਸਨ ਅਤੇ ਤੁਹਾਨੂੰ ਇਕ ਕਿਤਾਬ ਦੀ ਤਰ੍ਹਾਂ ਪੜ੍ਹ ਸਕਦੇ ਸਨ। ਹਿਮਾਲਿਆ ਉੱਪਰ ਉਹ ਇਕ ਚੋਟੀ ਤੋਂ ਦੂਜੀ ਚੋਟੀ ਉੱਪਰ ਬਿਨਾਂ ਹਿੱਲਿਆਂ ਹੀ ਜਾ ਸਕਦੇ ਸਨ।

ਦੂਜੇ ਪਾਸੇ ਘਰ ਛੁੱਟੀ ਆਏ ਈਸਾਈ ਮਿਸ਼ਨਰੀਆਂ ਦੀ ਖ਼ਾਸੀਅਤ ਭਾਰਤ ਵਿਚਲੇ ਲੋਕਾਂ ਦੇ ਗਲ਼ੇ ਸੜੇ ਰਸਮਾਂ-ਰਿਵਾਜਾਂ ਨੂੰ ਖੋਲ੍ਹ ਕੇ ਦੱਸਣ ਅਤੇ ਉਹਨਾਂ ਦੇ

ਅਨੇਕਾਂ ਅਜੀਬੋ ਗ਼ਰੀਬ ਦੇਵੀ ਦੇਵਤਿਆਂ ਬਾਰੇ ਦੱਸਣ ਵਿਚ ਸੀ। ਉਹ ਅਕਸਰ ਲੱਕੜੀ ਦੇ ਅਤੇ ਪੱਥਰ ਦੇ ਬੇਸੁਰ ਘੜੇ ਹੋਏ ਦੇਵੀ-ਦੇਵਤਿਆਂ ਦੇ ਬੁੱਤ ਦਿਖਾਉਂਦੇ ਜਿਹੜੇ ਭਾਰਤ ਦੇ ਕਈ ਕਬਾਇਲੀ ਲੋਕਾਂ ਵਲੋਂ ਪੂਜੇ ਜਾਂਦੇ ਸਨ। ਪਰ ਇਹਨਾਂ ਮਿਸ਼ਨਰੀਆਂ ਦੇ ਭਾਸ਼ਨ ਕਦੀ ਵੀ ਕਰਨਲ ਦੇ ਭਾਸ਼ਨ ਦੇ ਬਰਾਬਰ ਨਾ ਪਹੁੰਚਦੇ। ਦਰਅਸਲ ਚਰਚਾਂ ਵਿਚ ਹੁੰਦੀਆਂ ਇਹਨਾਂ ਸਪੀਚਾਂ ਵਿਚ ਬੇਜਾਨ ਦੇਵੀ-ਦੇਵਤਿਆਂ ਬਾਰੇ ਗੱਲਬਾਤ ਹੀ ਸਭ ਤੋਂ ਨਕਲੀ ਜਾਪਦੀ ਅਤੇ ਇਹ ਜਾਣ ਕੇ ਮਲੂਕਾ ਹੈਰਾਨ ਹੋਇਆ ਕਿ ਭਾਰਤ ਦੇ ਗ਼ਰੀਬ ਅਤੇ ਸਾਦੇ ਲੋਕਾਂ ਦੇ ਇਹ ਸਾਧਾਰਣ ਚਿੰਨ੍ਹ ਜਿਹੜੇ ਉਹਨਾਂ ਦੇ ਡਰ ਅਤੇ ਜ਼ਿੰਦਗੀ ਦੇ ਆਸ਼ਿਆਂ ਨੂੰ ਸਾਕਾਰ ਕਰਦੇ ਸਨ, ਕੈਨੇਡਾ ਵਿਚ ਭਾਰਤ ਨਾਲੋਂ ਕਿਤੇ ਜ਼ਿਆਦਾ ਚੜ੍ਹਾਵੇ ਪ੍ਰਾਪਤ ਕਰਦੇ ਸਨ।

ਮਲੂਕੇ ਨੇ ਆਪਣੀ ਸ਼ੈਕ ਦੇ ਇਕੱਲੇਪਨ ਵਿਚ ਜਾਨ ਤੋੜ ਕੇ ਅੰਗਰੇਜ਼ੀ ਸਿੱਖਣ ਦੀ ਕੋਸ਼ਿਸ਼ ਕੀਤੀ ਤਾਂ ਕਿ ਉਹ ਇਹਨਾਂ ਸਪੀਚਾਂ ਕਰਨ ਵਾਲੇ ਬਹਾਦਰਾਂ ਦੀਆਂ ਧੱਜੀਆਂ ਉਹ ਬੋਲੀ ਵਰਤ ਕੇ ਉਡਾ ਸਕੇ ਜਿਹਦਾ ਹਰ ਫ਼ਿਕਰਾ ਗਾਉਂਦਾ ਹੋਵੇ, ਅੱਗ ਵਰਸਾਉਂਦਾ ਹੋਵੇ।

32

ਮਿੱਲ ਦੇ ਚੋਬਾਰਾ ਬਣਨ ਦੇ ਕੋਈ ਆਸਾਰ ਨਹੀਂ ਸੀ ਨਜ਼ਰ ਆਉਂਦੇ। ਨੀਂਹ ਰੱਖਣ ਲਈ ਗੱਡੀਆਂ ਬੱਲੀਆਂ ਦੇ ਅੱਧ-ਜਲੇ ਮੁੱਢ ਸੁਆਹ ਦੇ ਢੇਰ ਵਿਚ ਗੱਡੇ ਖੜ੍ਹੇ ਸਨ। ਉਹਨਾਂ ਵਲ ਵੇਖ ਰਾਖ ਹੋ ਚੁੱਕੀਆਂ ਆਸਾਂ ਦਾ ਧਿਆਨ ਆਉਂਦਾ ਸੀ। ਪੁਰਾਣੀ ਮਸ਼ੀਨਰੀ ਦੇ ਵਿੰਗ ਧੜਿੰਗੇ ਹਿੱਸਿਆਂ ਨੂੰ ਜ਼ੰਗਾਲ ਲੱਗ ਚੁੱਕਾ ਸੀ। ਕਈ ਥਾਂ 'ਡੈਂਡਲੀਅਨ' ਦੇ ਪੀਲੇ ਫੁੱਲ ਅਤੇ ਹਰੇ ਘਾਹ ਦੀਆਂ ਤਿੜਾਂ ਉੱਘ ਆਈਆਂ ਸਨ। ਜਿਵੇਂ ਉਹ ਉਸ ਧਰਤੀ ਉੱਤੇ ਫਿਰ ਤੋਂ ਕਬਜ਼ਾ ਕਰਨਾ ਚਾਹੁੰਦੀਆਂ ਹੋਣ, ਜਿਹੜੀ ਇਮਾਰਤੀ ਲੱਕੜ ਅੱਗ ਵਿਚ ਜਲਣ ਤੋਂ ਬਚ ਗਈ ਸੀ ਉਸ ਨੂੰ ਇਕ

ਵਪਾਰੀ ਨੇ ਖ਼ਰੀਦ ਲਿਆ ਸੀ। ਮਲੂਕੇ ਨੂੰ ਇਸ ਨਾਲ ਬਹੁਤ ਦੁੱਖ ਹੋਇਆ, ਕਿਉਂਕਿ ਉਹ ਸਦਾ ਉਹਨੂੰ ਉਹਨਾਂ ਕਾਮਿਆਂ ਦੀ ਯਾਦ ਦਿਵਾਉਂਦੀਆਂ ਸਨ, ਜਿਨ੍ਹਾਂ ਸਖ਼ਤ ਮਿਹਨਤ ਕਰ ਆਪਣਾ ਪਸੀਨਾ ਮਿੱਲ ਵਿਚ ਵਹਾਇਆ ਸੀ। ਏਥੋਂ ਤੱਕ ਕਿ ਉਹ ਬਿੱਲੀਆਂ ਜਿਹੜੀਆਂ ਅੱਗੇ ਕੁੱਕ ਹਾਊਸ ਦੁਆਲੇ ਚੱਕਰ ਕੱਢਦੀਆਂ ਰਹਿੰਦੀਆਂ ਸਨ, ਵੀ ਕਿਤੇ ਹੋਰ ਚਲੇ ਗਈਆਂ ਸਨ ਅਤੇ ਸੀਗਲਾਂ ਦੇ ਝੁੰਡਾਂ ਵਿਚ ਸੀਗਲਾਂ ਦੀ ਗਿਣਤੀ ਘੱਟ ਗਈ ਸੀ।

ਰਾਤ ਨੂੰ ਮਲੂਕਾ ਮਿੱਟੀ ਦੇ ਤੇਲ ਦੇ ਲੈਂਪ, ਜਿਹੜਾ ਮਲੂਕੇ ਦੇ ਪਿੰਡ ਵਾਲੇ ਲੈਂਪ ਨਾਲੋਂ ਬਹੁਤਾ ਵੱਖਰਾ ਨਹੀਂ ਸੀ, ਸਾਹਮਣੇ ਬੈਠਦਾ ਅਤੇ ਉਸ ਸਮੇਂ ਉਸਦੀਆਂ ਸਾਥੀ ਸਿਰਫ਼ ਕਿਤਾਬਾਂ ਹੁੰਦੀਆਂ। ਉਹ ਉੱਚੀ ਉੱਚੀ ਬੜੀ ਤੀਬਰਤਾ ਨਾਲ ਪੜ੍ਹਦਾ। ਇਸ ਤਰ੍ਹਾਂ ਜਾਪਦਾ ਜਿਵੇਂ ਉਹ ਆਪਣੀ ਅਵਾਜ਼ ਨਾਲ ਆਪਣੇ ਆਲੇ-ਦੁਆਲੇ ਦੀ ਚੁੱਪ ਨੂੰ ਤੋੜਦਾ ਅਤੇ ਤਨਹਾਈ ਨੂੰ ਮਿਟਾਉਣਾ ਚਾਹੁੰਦਾ ਹੋਵੇ। ਕਦੀ ਕਦੀ ਇਹ ਤਨਹਾਈ ਰਾਤ ਦਾ ਪਸਾਰ ਬਣ ਫੈਲ ਜਾਂਦੀ ਅਤੇ ਚੁੱਪ ਏਨੀ ਸੰਘਣੀ ਹੋ ਜਾਂਦੀ ਕਿ ਕਿਸੇ ਉੱਲੂ ਦੀ ਆਵਾਜ਼ ਨਾਲ ਵੀ ਨਾ ਟੁੱਟਦੀ। ਮਲੂਕੇ ਦੇ ਮਨ ਵਿਚ ਕਈ ਸਵਾਲ ਆਉਂਦੇ, ਪਰ ਜਦੋਂ ਉਹ ਸਵਾਲ ਪੁੱਛਣ ਦਾ ਹੌਸਲਾ ਕਰਦਾ ਤਾਂ ਜੁਆਬ ਵਿਚ ਸਵਾਲ ਦੀ ਗੂੰਜ ਹੀ ਉਸ ਤਕ ਪਰਤ ਕੇ ਆਉਂਦੀ ਅਤੇ ਬਹੁਤੀ ਵਾਰ ਇਹ ਚੁੱਪ ਏਨੀ ਡਰਾਉਣੀ ਹੁੰਦੀ ਜਿਵੇਂ ਇਹ ਮਾਰੂਥਲਾਂ ਵਿਚੋਂ ਕਿਸੇ ਬੋੜੇ ਖੂਹ ਵਿਚੋਂ ਪਰਤ ਕੇ ਆਈ ਹੋਵੇ।

ਕਦੇ ਕਦੇ ਐਤਵਾਰ ਸਵੇਰ ਨੂੰ ਮਿੱਲ ਵਿਚੋਂ ਕੰਮ ਕਰਨ ਵਾਲੇ ਪੁਰਾਣੇ ਲੋਕ ਮਿਲਣ ਲਈ ਆਉਂਦੇ। ਉਹ ਉੱਥੇ ਕਿਸੇ ਲੋੜ ਜਾਂ ਪੁਰਾਣੀ ਯਾਦ ਦੇ ਖਿੱਚੇ ਆਉਂਦੇ। ਕੁਝ ਦੇਰ ਲਈ ਕੁੱਕ-ਹਾਊਸ ਵਿਚ ਮੁੜ ਜਾਨ ਪੈ ਜਾਂਦੀ। ਆਉਣ ਵਾਲੇ ਪੁਰਾਣੇ ਸ਼ੋਰ-ਸ਼ਰਾਬੇ ਭਰੇ ਦਿਨਾਂ ਨੂੰ ਯਾਦ ਕਰਦੇ ਅਤੇ ਲੋਚਾ ਕਰਦੇ ਕਿ ਕਾਸ਼! ਉਹ ਦਿਨ ਫਿਰ ਮੁੜ ਆਉਣ। ਉਹਨਾਂ ਵਿਚ ਕਈ ਦਾਰਸ਼ਨਿਕ ਢੰਗ ਨਾਲ ਭਾਣਾ ਮੰਨਣ ਦੀ ਗੱਲ ਕਰਦੇ। ਮਲੂਕਾ ਮਸੀਂ ਪੜ੍ਹੀ ਜਾ ਸਕਣ ਵਾਲੀ ਲਿਖਾਈ 'ਚ ਲਿਖੇ ਉਹਨਾਂ ਦੇ ਪਿੰਡੋਂ ਆਏ ਖ਼ਤ ਪੜ੍ਹਦਾ ਅਤੇ ਉਹਨਾਂ ਦਾ ਜੁਆਬ ਲਿਖਦਾ। ਜਾਣ ਲੱਗੇ ਕਈ ਆਪਣੇ ਕਿਸੇ ਦੋਸਤ ਮਿੱਤਰ ਲਈ ਸੁਨੇਹਾ, ਕੋਈ ਬੈਂਕ ਵਿਚ ਜਮ੍ਹਾਂ ਕਰਾਉਣ ਲਈ ਪੈਸੇ ਅਤੇ ਕਈ ਮਲੂਕੇ ਨੂੰ ਪਿਆਰ ਵਜੋਂ ਕੁਝ ਪੈਸੇ ਦੇ ਜਾਂਦੇ।

ਜਿਹੜੇ ਮਿੱਲ ਨੂੰ ਅੱਗ ਲੱਗਣ ਤੋਂ ਬਾਅਦ ਭਾਰਤ ਚਲੇ ਗਏ ਸਨ, ਉਨ੍ਹਾਂ ਵਿਚੋਂ ਕਈ ਵਾਪਿਸ ਆਉਣੇ ਸ਼ੁਰੂ ਹੋ ਗਏ ਸਨ ਅਤੇ ਉਹ ਦੂਜਿਆਂ ਬਾਰੇ ਖ਼ਬਰਸਾਰ ਲਿਆਉਂਦੇ ਸਨ। ਉਹ ਦੱਸਦੇ ਸਨ ਕਿ ਸ਼ਾਮ ਸਿੰਘ ਜਲੰਧਰ-ਹੁਸ਼ਿਆਰਪੁਰ ਸੜਕ ਉੱਤੇ ਫੇਰ ਗੱਡਾ ਵਾਹੁਣ ਲੱਗ ਪਿਆ ਸੀ ਅਤੇ ਬੜਾ ਖ਼ੁਸ਼ ਸੀ। ਸੰਤੋਖ ਸਿੰਘ ਨੇ ਹੋਰ ਜ਼ਮੀਨ ਖ਼ਰੀਦ ਲਈ ਸੀ ਅਤੇ ਇਕ ਨਵਾਂ ਖੂਹ ਵੀ ਲਵਾ ਲਿਆ ਸੀ। ਖੇਮ ਸਿੰਘ ਨੇ ਲਾਲ ਇੱਟਾਂ ਦਾ ਚੁਬਾਰਾ ਛੱਤ ਲਿਆ ਸੀ ਅਤੇ ਜਰਨੈਲ ਸਿੰਘ ਆਪਣੇ ਆਖ਼ਰੀ ਸਵਾਸ ਲੈ ਚੁੱਕਾ ਸੀ।

ਜੱਗਾ ਜਿਸ ਨੂੰ ਸਾਰੇ ਜੈਕ ਕਹਿੰਦੇ ਸਨ, ਬੜੀ ਮਾੜੀ ਹਾਲਤ ਵਿਚ ਮੁੜ ਕੇ ਆਇਆ ਸੀ ਅਤੇ ਉਸ ਨੂੰ ਦੇਖ ਕੇ ਸਾਰੇ ਹੈਰਾਨ ਹੋਏ ਸਨ।

"ਤੇਨੂੰ ਦੋਬਾਰਾ ਮਿਲ ਕੇ ਬੜੀ ਖ਼ੁਸ਼ੀ ਹੋਈ ਬਈ ਮੁੰਡਿਆ" ਉਹਨੇ ਮਲੂਕੇ ਦਾ ਕਲਾਵਾ ਭਰਦੇ ਨੇ ਕਿਹਾ, "ਬੜਾ ਮੋਟਾ ਤਕੜਾ ਹੋ ਗਿਆ ਬਈ ਹੁਣ ਤਾਂ ਤੂੰ!"

"ਇੰਡੀਆ ਕਿਵੇਂ ਸੀ ਜੈਕ?"

"ਬੜਾ ਗੰਦਾ ਅਤੇ ਬੇਈਮਾਨ ਮੁਲਕ ਆ ਬੋਈ ਤੇਨੂੰ ਦੱਸਾਂ ਮੈਂ। ਆਤਮਾ ਉਤਮਾ ਬਾਰੇ ਉਹਨਾਂ ਦੀਆਂ ਸਾਰੀਆਂ ਗੱਲਾਂ ਬਕਵਾਸ ਹਨ। ਸੋਨਾ ਈ ਉਹਨਾਂ ਦਾ ਤਾਂ ਪ੍ਰਮਾਤਮਾ ਆਂ। ਪੈਂਦੇ ਵੀ ਝਪਟ ਮਾਰ ਕੇ ਆ ਜਿੱਦਾਂ ਕਾਂ ਜੁਆਰ ਦੀ ਰੋਟੀ ਨੂੰ ਪੈਂਦਾ ਹੁੰਦਾ ਆ। ਉਹ ਤਾਂ ਗਿਲਝਾਂ ਤੋਂ ਵੀ ਜ਼ਿਆਦਾ ਮਾਸਖ਼ੋਰੇ ਆ ਅਤੇ ਕਾਵਾਂ ਤੋਂ ਵੱਧ ਰੌਲੀ ਪਾਉਂਦੇ ਆਂ।"

"ਤੇਰੀ ਗੱਲਬਾਤ ਤਾਂ ਅਜੇ ਵੀ ਜਿਉਂ ਦੀ ਤਿਉਂ ਰੰਗੀਲੀ ਆ ਜੈਕ।"

"ਪਰ ਉਹ ਪਹਿਲਾਂ ਵਾਲੀ ਗੱਲ ਨਹੀਂ ਰਹੀ, ਹੁਣ ਨਾਲੇ ਦੰਦ ਕਢਾ ਆਇਆਂ ਕਈ, ਅਤੇ ਹੱਡ ਪੈਰ ਵੀ ਚੁੱਖਦੇ ਆ।"

ਜੱਗਾ ਕਾਮਾ ਬੜਾ ਤਕੜਾ ਸੀ, ਪਰ ਉਹਦੇ ਕੋਲੋਂ ਬਾਹਲੇ ਪੈਸੇ ਨਹੀਂ ਸੀ ਬਚਾ ਹੋਏ। ਉਹ ਖਾਣ ਪੀਣ ਵਾਲਾ ਬੰਦਾ ਸੀ, ਪਰ ਫੇਰ ਵੀ ਉਹ ਅਕਸਰ ਆਪਣੇ ਪਿੱਛੇ ਰਹਿੰਦੇ ਵਿਆਹੇ ਹੋਏ ਤਿੰਨਾਂ ਭਰਾਵਾਂ ਨੂੰ ਮਨੀਆਰਡਰ ਪਾਉਂਦਾ ਰਹਿੰਦਾ ਸੀ। ਪਰ ਜਦੋਂ ਉਹ ਮੁੜ ਕੇ ਪਿੰਡ ਗਿਆ ਤਾਂ ਉਹ ਉਹਦੇ ਕੋਲੋਂ ਹੋਰ ਪੈਸਿਆਂ ਦੀ ਆਸ ਲਾਈ ਬੈਠੇ ਸੀ। ਅਤੇ ਜਦੋਂ ਉਹਨਾਂ ਦੇਖਿਆ ਕਿ ਜੈਕ ਉਹਨਾਂ ਨੂੰ ਕੁਝ ਚੇ ਨਹੀਂ ਸੀ ਰਿਹਾ ਤਾਂ ਉਹਨਾਂ ਸੋਚਿਆ ਕਿ ਉਹ ਉਨ੍ਹਾਂ ਤੋਂ ਪੈਸੇ ਲੁਕੋ ਰਿਹਾ

ਸੀ। ਉਹਨਾਂ ਦਾ ਆਪਸ ਵਿਚ ਝਗੜਾ ਚਲਦਾ ਰਿਹਾ। ਉਹ ਤਿੰਨ ਜਣੇ ਸਨ ਅਤੇ ਜੈਕ ਇਕੱਲਾ। ਉਹਨੀਂ ਫੜ ਕੇ ਬੁਰੀ ਤਰ੍ਹਾਂ ਕੁਟਿਆ।

"ਮੈਨੂੰ ਤਾਂ ਮੁੜ ਕੇ ਜਾਣਾ ਨਹੀਂ ਸੀ ਚਾਹੀਦਾ ਬੋਈ", ਉਸ ਨੇ ਪਛਤਾਵੇ ਨਾਲ ਕਿਹਾ, "ਜੇ ਤਾਂ ਪਿਛੇ ਟੱਬਰ-ਟੀਰ ਹੋਵੇ ਫੇਰ ਤਾਂ ਠੀਕ ਆ, ਨਹੀਂ ਤਾਂ ਕੱਲਾ ਕਾਰਾ ਬੰਦਾ ਤਾਂ ਇੱਥੇ ਕੈਨੇਡਾ ਦੇ ਜੰਗਲਾਂ 'ਚ ਹੀ ਠੀਕ ਰਹਿੰਦਾ। ਨਾਲੇ ਤਾਂ ਲੌਗਿੰਗ ਕੈਂਪਾਂ 'ਚ ਹਵਾ ਤਾਜ਼ੀ ਹੁੰਦੀ ਆ ਅਤੇ ਨਾਲੇ ਸਾਲਾ ਖਾਣ ਨੂੰ ਵਧੀਆ ਅਤੇ ਜੇ ਤੁਹਾਡੇ ਹੱਡ ਪੈਰ ਭੱਜ ਟੁੱਟ ਜਾਣ ਤਾਂ ਇਵਜ਼ਾਨਾ ਮਿਲ ਜਾਂਦਾ ਹੈ।"

"ਹੁਣ ਕੀ ਕਰਨ ਦੀ ਸਲਾਹ ਹੈ ਜੈਕ?" ਮਲੂਕੇ ਮੇ ਪੁੱਛਿਆ, "ਨੱਥਾ ਸਿੰਘ, ਤੈਨੂੰ ਪਤਾ ਹੁਣ ਗ੍ਰੰਥੀ ਹੈ ਵੈਨਕੂਵਰ ਗੁਰਦਵਾਰੇ। ਉਹ ਸਾਰਿਆਂ ਨੂੰ ਮਿਲਦਾ ਗਿਲਦਾ ਰਹਿੰਦਾ ਹੈ, ਉਹ ਤੈਨੂੰ ਕਿਤੇ ਨਾ ਕਿਤੇ ਲੁਆ ਸਕਦਾ ਹੈ।"

"ਬੋਈ ਮੈਂ ਤਾਂ ਬਈ ਹੁਣ ਲੰਬਰ ਮਿੱਲ 'ਚ ਕੰਮ ਨਹੀਂ ਕਰਨਾ ਚਾਹੁੰਦਾ", ਜੈਕ ਨੇ ਪੱਕੇ ਇਰਾਦੇ ਨਾਲ ਕਿਹਾ, "ਮੈਂ ਤਾਂ ਮਿੱਲ ਦੇ ਰੌਲੇ ਗੌਲੇ ਅਤੇ ਕੁੱਕ-ਹਾਊਸ ਦੀ ਘੌਂਸ ਘੌਂਸ ਤੋਂ ਪਰ੍ਹੇ ਹੀ ਰਹਿਣਾ ਚਾਹੁੰਦਾਂ। ਮੈਂ ਤਾਂ ਪ੍ਰਿੰਸ ਜਾਰਜ ਲਾਗੇ ਠੇਕੇ ਉਤੇ ਟਿੰਬਰ ਕੱਟਣ ਲਈ ਕੁਛ ਭਾਈਬੰਦਾਂ ਨਾਲ ਰਲਣ ਦੀ ਸੋਚ ਰਿਹਾਂ।"

"ਇੱਥੇ ਸਾਰੇ ਬੰਦਿਆਂ ਨੂੰ ਤੇਰਾ ਚੇਤਾ ਆਉਂਦਾ ਰਹਿਣਾ ਜੈਕ।"

"ਹਰ ਕਿਸੇ ਨੂੰ ਆਪੋ ਆਪਣੇ ਰਾਹ ਜਾਣਾ ਪੈਂਦਾ ਬੋਈ ਤੇ ਮੈਂ ਤਾਂ ਜੰਗਲ 'ਚ ਜਾ ਵੜਨਾਂ। ਤੈਨੂੰ ਕਦੇ ਕਦੇ ਮਿਲਣ ਆਉਂਦਾ ਰਹੂੰਗਾ, ਪਰ ਹੁਣ ਤੈਨੂੰ ਮੇਰੇ ਲਈ ਕੋਈ ਚਿੱਠੀ ਨਹੀਂ ਲਿਖਣੀ ਪੈਣੀ ਤੇ ਨਾ ਹੀ ਉਹ ਪੀਲੇ ਪੀਲੇ ਮਨੀਆਰਡਰ ਫ਼ਾਰਮ ਭਰਨੇ ਪੈਣੇ ਆਂ।"

33

ਡੌਰੋਥੀ ਕਰੌਲੀ ਵਿਦਿਆਰਥੀਆਂ ਦੀ ਈਸਾਈ ਲਹਿਰ ਦੀ ਬਹੁਤ ਸਰਗਰਮ ਮੈਂਬਰ ਸੀ ਅਤੇ ਵਿਦਿਆਰਥੀਆਂ ਵਿਚ ਬੜੀ ਮਸ਼ਹੂਰ ਸੀ। ਉਹਦਾ ਕੱਦ ਮਧਰਾ, ਸਰੀਰ ਭਰਵਾਂ, ਅੱਖਾਂ ਮੋਟੀਆਂ ਤੇ ਭੂਰੀਆਂ ਅਤੇ ਚਿਹਰਾ ਚੰਦ ਵਰਗਾ ਸੀ। ਉਸ ਚੇ

ਭਾਰੇ ਵਾਲ ਸਿਰ ਦੇ ਅੱਧ ਵਿਚ ਚੀਰ ਕੱਢ ਕੇ ਸਲੀਕੇ ਨਾਲ ਵੱਖ ਕੀਤੇ ਹੁੰਦੇ ਅਤੇ ਪਿੱਛੇ ਗੁੰਦਵਾਂ ਜੂੜਾ ਕੀਤਾ ਹੁੰਦਾ। ਪਰ ਲੋਕੀਂ ਉਹਦੀ ਵਲ ਉਸ ਦੀ ਸੁੰਦਰਤਾ ਕਰਕੇ ਨਹੀਂ, ਸਗੋਂ ਉਸ ਦੇ ਨਿੱਘੇ ਸੁਭਾਅ ਅਤੇ ਇਮਾਨਦਾਰੀ ਕਰ ਕੇ ਖਿੱਚੇ ਜਾਂਦੇ ਸਨ।

"ਮਲੂਕੇ", ਉਸ ਨੇ ਆਪਣਾ ਨਿੱਕਾ ਜਿਹਾ ਹੱਥ ਉੱਪਰ ਚੁੱਕਦਿਆਂ ਕਿਹਾ; "ਤੂੰ ਸਨਿਚਰਵਾਰ ਨੂੰ ਸਾਡੀ ਐਮ. ਸੀ. ਐਮ. ਦੀ ਅਗਲੀ ਮੀਟਿੰਗ ਵਿਚ ਆਵੀਂ। ਮੈਂ ਤੈਨੂੰ ਅੱਗੇ ਵੀ ਕਈ ਵਾਰ ਕਿਹਾ, ਪਰ ਤੂੰ ਕਦੀ ਆਇਆ ਈ ਨਹੀਂ।"

"ਮੈਂ ਬਹੁਤ ਦੂਰ ਰਹਿੰਦਾ ਹਾਂ", ਮਲੂਕੇ ਨੇ ਮਾਫ਼ੀ ਮੰਗਣ ਦੇ ਲਹਿਜ਼ੇ ਨਾਲ ਕਿਹਾ, "ਮੇਰਾ ਘਰ ਨਿਊਵੈਸਟਮਿਨਸਟਰ ਦੇ ਅੱਧ ਵਿਚ ਜਾ ਕੇ ਹੈ, ਨਾਲੇ ਮੈਂ ਸਾਈਕਲ ਉੱਤੇ ਆਉਂਦਾ ਹਾਂ ਇਸ ਕਰ ਕੇ ਮੇਰੇ ਕੋਲ ਮੀਟਿੰਗਾਂ ਲਈ ਵਕਤ ਹੀ ਨਹੀਂ ਹੁੰਦਾ।"

"ਬੱਸ ਇਹੀ ਇਕੋ ਇਕ ਕਾਰਨ ਹੈ ਮਲੂਕੇ?" ਉਸ ਨੇ ਉਹਦੇ ਚਿਹਰੇ ਵਲ ਦੇਖਦਿਆਂ ਪੁੱਛਿਆ।

"ਹਾਂ।" ਮਲੂਕੇ ਨੇ ਜਵਾਬ ਦਿੱਤਾ।

"ਮਲੂਕੇ", ਉਸ ਨੇ ਬੜੀ ਅਜੀਬ ਮੁਸਕਰਾਹਟ ਅਤੇ ਅੱਖਾਂ 'ਚ ਨਿੱਘ ਨਾਲ ਕਿਹਾ, "ਤੂੰ ਅਕਸਰ ਕਹਿੰਦਾ ਏਂ ਕਿ ਐਂਗਲੋ-ਸੈਕਸਨ ਨਸਲਵਾਦੀ ਹਨ ਤੇ ਮੈਂ ਤੇਰੇ ਨਾਲ ਸਹਿਮਤ ਵੀ ਹਾਂ। ਪਰ ਕੀ ਇਹ ਸੰਭਵ ਹੈ ਕਿ ਤੂੰ ਵੀ ਈਸਾਈ ਮੱਤ ਦੇ ਖ਼ਿਲਾਫ਼ ਨਫ਼ਰਤ ਕਰਦਾ ਹੋਵੇਂ?"

"ਮੇਰਾ ਖ਼ਿਆਲ ਨਹੀਂ।"

"ਸ਼ਾਇਦ ਤੈਨੂੰ ਇਸ ਦਾ ਅਹਿਸਾਸ ਨਾ ਹੋਵੇ", ਉਸ ਨੇ ਬੋਲਣਾ ਜਾਰੀ ਰਖਿਆ, "ਕੀ ਤੂੰ ਇਹਦੇ ਬਾਰੇ ਸੋਚੇਂਗਾ? ਨਾਲੇ ਕੋਸ਼ਿਸ਼ ਕਰੀਂ ਅਗਲੇ ਸਨਿਚਰਵਾਰ ਮੀਟਿੰਗ ਉੱਤੇ ਆਉਣ ਦੀ, ਕਿਉਂਕਿ ਉਸ ਦਿਨ ਰੈਵਰਇੰਡ ਡਬਲਿਊ. ਬੀ. ਥੌਂਪਸਨ ਗਾਂਧੀ ਬਾਰੇ ਬੋਲ ਰਿਹਾ ਹੈ। ਅਤੇ ਨਾਲੇ ਇਹ ਰੋਮਾਂ ਰੋਲਾਂ ਦੀ ਲਿਖੀ ਹੋਈ ਗਾਂਧੀ ਦੀ ਜੀਵਨੀ ਦੀ ਕਾਪੀ ਹੈ, ਇਹ ਹੁਣੇ ਹੀ ਅੰਗਰੇਜ਼ੀ ਵਿਚ ਛਪੀ ਹੈ। ਮੈਂ ਸੋਚਿਆ ਤੂੰ ਪੜ੍ਹਨੀ ਪਸੰਦ ਕਰੇਂਗਾ।"

"ਸ਼ੁਕਰੀਆ ਡੋਰੋਥੀ, ਤੂੰ ਬਹੁਤ ਖ਼ਿਆਲ ਰੱਖਦੀ ਏਂ। ਮੈਂ ਅਗਲੇ

ਸਨਿੱਚਰਵਾਰ ਆਉਣ ਦੀ ਕੋਸ਼ਿਸ਼ ਕਰਾਂਗਾ।"

ਮਲੂਕਾ ਸੋਚਣ ਲੱਗਾ ਕਿ ਜੋ ਕੁਝ ਡੌਰੋਥੀ ਨੇ ਕਿਹਾ ਸੀ, ਸ਼ਾਇਦ ਉਹਦੇ ਵਿਚ ਥੋੜ੍ਹੀ ਬਹੁਤ ਸਚਾਈ ਜ਼ਰੂਰ ਸੀ। ਪੰਜਾਬ ਵਿਚ ਜਿਹੜੇ ਲੋਕ ਈਸਾਈ ਬਣੇ ਸਨ, ਉਹ ਕੁਝ ਇਕ ਪੜ੍ਹੇ ਲਿਖੇ ਲੋਕਾਂ ਤੋਂ ਬਿਨਾਂ ਜ਼ਿਆਦਾ ਨੀਵੀਆਂ ਜਾਤਾਂ ਜਿਵੇਂ ਚੂਹੜੇ, ਚਮਾਰਾਂ ਆਦਿ ਵਿਚੋਂ ਸਨ ਅਤੇ ਈਸਾਈ ਮੱਤ ਅਪਨਾਉਣ ਨਾਲ ਉਹਨਾਂ ਦੀ ਸਮਾਜਕ ਪੁਜ਼ੀਸ਼ਨ ਵਿਚ ਕੋਈ ਤਬਦੀਲੀ ਨਹੀਂ ਸੀ ਆਈ। ਉਂਜ ਵੀ ਈਸਾਈ ਮੱਤ ਸੱਤਾ ਉੱਤੇ ਕਾਬਜ਼ ਲੋਕਾਂ ਦੇ ਧਰਮ ਵਜੋਂ ਜਾਣਿਆ ਜਾਂਦਾ ਸੀ, ਜਿਸ ਕਰਕੇ ਆਮ ਲੋਕ ਇਸ ਨੂੰ ਦੁਰਕਾਰਦੇ ਸਨ। ਐਂਗਲੀਕਨ ਚਰਚ ਤਾਂ ਸੀ ਵੀ ਰਾਜ ਦਾ ਹੀ ਹਿੱਸਾ ਅਤੇ ਇਹਦਾ ਕੰਮ ਕਾਜ ਵੀ ਰਾਜਸੀ ਤਰੀਕੇ ਨਾਲ ਚਲਦਾ ਸੀ ਅਤੇ ਇਹ ਧਰਮ ਨਾਲੋਂ ਸਾਮਰਾਜ ਦਾ ਇਕ ਹਿੱਸਾ ਜ਼ਿਆਦਾ ਜਾਪਦਾ ਸੀ। ਇਹ ਸੋਚਣ ਬਾਅਦ ਮਲੂਕੇ ਨੂੰ ਜਾਪਿਆ ਕਿ ਸ਼ਾਇਦ ਉਹਦੇ ਮਨ ਵਿਚ ਅਜਿਹੀ ਨਫ਼ਰਤ ਹੋਵੇ ਹੀ।

ਰੈਵਰਇੰਡ ਥੌਂਪਸਨ ਨੂੰ ਸਰੋਤਿਆਂ ਅੱਗੇ ਈਸਾਈ ਮੱਤ ਵਲ ਲਗਨ ਅਤੇ ਮਨੁੱਖਤਾ ਨੂੰ ਪਿਆਰ ਕਰਨ ਵਾਲੇ ਇਕ ਸ਼ਾਨਦਾਰ ਮਨੁੱਖ ਵਜੋਂ ਪੇਸ਼ ਕੀਤਾ ਗਿਆ। ਇਹ ਗੱਲ ਖ਼ਾਸ ਫ਼ਖ਼ਰ ਨਾਲ ਦੱਸੀ ਗਈ ਕਿ ਜਦੋਂ ਉਹ ਧਾਰਮਿਕ ਵਿਦਿਆ ਪ੍ਰਾਪਤ ਕਰ ਰਿਹਾ ਸੀ ਤਾਂ ਉਸ ਜਗ੍ਹਾ ਉਹ ਹੀ ਇਕ ਇਹੋ ਜਿਹਾ ਵਿਦਿਆਰਥੀ ਸੀ ਜਿਸ ਨੇ ਇਕ ਚੀਨੇ ਵਿਦਿਆਰਥੀ ਨਾਲ ਇੱਕੋ ਕਮਰੇ ਵਿਚ ਰਹਿਣਾ ਮੰਨ ਲਿਆ ਸੀ। ਇਕ ਅਜਿਹਾ ਕੰਮ ਜਿਹੜਾ ਗੋਰੇ ਵਿਦਿਆਰਥੀ ਇਕ ਦੂਜੇ ਲਈ ਬਿਨਾਂ ਸੋਚੇ ਸਮਝੇ ਕਰਦੇ ਸਨ, ਕਰਨ ਲਈ ਉਹ ਇੰਨੀ ਵਡਿਆਈ ਕਰ ਰਹੇ ਸਨ, ਇਹ ਸੁਣ ਕੇ ਮਲੂਕੇ ਦੇ ਮਨ ਵਿਚ ਈਸਾਈ ਮੱਤ ਲਈ ਜਿਹੜਾ ਤੁਅੱਸਬ ਸੀ, ਉਹ ਵਾਂ ਤਿੱਖਾ ਹੋ ਗਿਆ।

ਮਿਸਟਰ ਥੌਂਪਸਨ ਨੇ ਗਾਂਧੀ ਬਾਰੇ ਬੜੀ ਪ੍ਰਸੰਸਾ ਭਰੀ ਗੱਲਬਾਤ ਕੀਤੀ। ਉਸ ਨੇ ਕਿਹਾ ਕਿ ਮਹਾਤਮਾ ਰੱਬ ਦਾ ਬੰਦਾ ਸੀ ਅਤੇ ਉਹ ਗੀਤਾ ਨਾਲੋਂ ਅੰਜੀਲ ਤੋਂ ਜ਼ਿਆਦਾ ਪ੍ਰਭਾਵਤ ਸੀ। ਜਦੋਂ ਉਹ ਇੰਗਲੈਂਡ ਵਿਚ ਸੀ ਤਾਂ ਉਹ ਰਸਕਿਨ ਵਲ ਖਿੱਚਿਆ ਗਿਆ ਸੀ, ਹਕਸਲੇ ਵਲ ਨਹੀਂ, ਟਾਲਸਟਾਏ ਵਲ ਖਿੱਚਿਆ ਗਿਆ ਸੀ, ਮਾਰਕਸ ਵਲ ਨਹੀਂ। ਉਹ ਚੰਗਿਆਈ ਅਤੇ ਸ਼ਾਂਤੀ-ਪਸੰਦ ਮਨੁੱਖ ਸੀ

ਜਿਹੜਾ ਅਧਾਰਮਿਕਤਾ ਅਤੇ ਪਦਾਰਥਵਾਦ ਵਿਰੁੱਧ ਸਭ ਤੋਂ ਵਧੀਆ ਹਥਿਆਰ ਸੀ। ਉਸ ਨੂੰ ਜੇਲ੍ਹ ਵਿਚ ਸੁੱਟਣ ਦੀ ਥਾਂ ਸਾਨੂੰ ਆਪਣੀਆਂ ਕਦਰਾਂ ਕੀਮਤਾਂ ਬਚਾਉਣ ਲਈ ਅਤੇ ਆਪਣੇ ਫ਼ਾਇਦੇ ਲਈ ਉਹਦੇ ਨਾਲ ਫ਼ੈਸਲਾ ਕਰ ਲੈਣਾ ਚਾਹੀਦਾ ਹੈ।

"ਤੂੰ ਸਪੀਚ ਕਿੰਨੀ ਕੁ ਪਸੰਦ ਕੀਤੀ ਮਲੂਕੇ ?" ਡੋਰੋਥੀ ਨੇ ਪੁੱਛਿਆ।

"ਬਹੁਤ ਵਧੀਆ ਸੀ", ਮਲੂਕੇ ਨੇ ਉਤਸ਼ਾਹ ਨਾਲ ਕਿਹਾ, "ਜਦੋਂ ਦਾ ਮੈਂ ਕੈਨੇਡਾ ਆਇਆ, ਭਾਰਤ ਉੱਪਰ ਇਹ ਸਭ ਤੋਂ ਵਧੀਆ ਸਪੀਚ ਸੁਣੀ ਹੈ।"

ਮਲੂਕਾ ਕਿੰਨੇ ਹੀ ਵਿਦਿਆਰਥੀਆਂ ਨੂੰ ਮਿਲਿਆ ਜਿਹੜੇ ਦਿਲੋਂ ਈਸਾਈ ਸਨ ਅਤੇ ਸਾਰੀ ਦੁਨੀਆਂ ਨੂੰ ਸ਼ਾਂਤਮਈ ਦੇਖਣਾ ਅਤੇ ਈਸਾਈ ਮੱਤ ਦੇ ਅਸੂਲਾਂ ਮੁਤਾਬਕ ਰਹਿਣਾ ਚਾਹੁੰਦੇ ਸਨ। ਉਹ ਉਹਨਾਂ ਨੂੰ ਨਾਲ ਰਲਾ ਕੇ ਬੜੇ ਖ਼ੁਸ਼ ਹੁੰਦੇ ਜਿਹੜੇ ਉਹਨਾਂ ਦੀ ਮਦਦ ਕਰਦੇ ਜਾਂ ਉਹਨਾਂ ਨਾਲ ਰਲਣ ਲਈ ਤਿਆਰ ਹੁੰਦੇ। ਪਰ ਮਲੂਕਾ ਤਾਂ ਮੁੱਢੋਂ ਹੀ ਧਰਮ ਨੂੰ ਪੁਰਾਣੀ ਦੁਨੀਆਂ ਵਿਚ ਵੀ ਅਤੇ ਨਵੀਂ ਦੁਨੀਆਂ ਵਿਚ ਵੀ ਸ਼ੱਕ ਦੀ ਨਿਗਾਹ ਨਾਲ ਦੇਖਣ ਲੱਗ ਪਿਆ ਸੀ। ਭਾਰਤ ਵਿਚ ਸ਼ਾਸਤਰਾਂ ਦੇ ਆਧਾਰ ਉੱਤੇ ਜ਼ਾਤਪਾਤ ਨੂੰ ਸਹੀ ਕਰਾਰ ਦੇਣਾ ਜਾਂ ਕਿਸੇ ਦੇ ਮਾੜੇ ਹਾਲਾਤਾਂ ਲਈ ਉਹਦੇ ਪਿਛਲੇ ਜਨਮ 'ਚ ਕੀਤੇ ਕੰਮਾਂ ਦਾ ਕਸੂਰ ਦੱਸਣਾ, ਜਾਂ ਉਹਨਾਂ ਈਸਾਈਆਂ ਵਲੋਂ ਜੋ ਅਮਰੀਕਾ ਦੇ ਦੱਖਣੀ ਭਾਗਾਂ ਵਿਚ ਗ਼ੁਲਾਮੀ ਦੀ ਪ੍ਰਥਾ ਨੂੰ ਇਹ ਕਹਿਕੇ ਠੀਕ ਠਹਿਰਾਉਂਦੇ ਸਨ ਕਿ ਨੌਆ ਨੇ ਹੈਮ ਅਤੇ ਉਹਦੇ ਬਾਲ ਬੱਚੇ ਨੂੰ ਸਰਾਪ ਦੇ ਦਿੱਤਾ ਸੀ ਕਿਉਂਕਿ ਉਹਨੇ ਉਹਦੇ ਸ਼ਰਾਬੀਪੁਣੇ ਦਾ ਮਖ਼ੌਲ ਉਡਾਇਆ ਸੀ, ਸਿਰਫ਼ ਥੋੜ੍ਹਾ ਜਿਹਾ ਚਲਾਕੀ ਦਾ ਕੰਮ ਸੀ। ਮਲੂਕੇ ਨੇ ਦੇਖਿਆ ਕਿ ਧਰਮ ਹਰ ਜਗ੍ਹਾ ਮਾੜੇ ਨੂੰ ਲੁੱਟਣ ਲਈ ਤੱਕੜੇ ਦਾ ਸਾਥ ਦਿੰਦਾ ਸੀ ਅਤੇ ਹਰ ਜਗ੍ਹਾ ਪਿਛਾਂਹ-ਖਿੱਚੂ ਰੁਚੀਆਂ ਨੂੰ ਉਭਾਰ ਕੇ ਅੰਨ੍ਹੀ ਭਗਤੀ ਲਈ ਉਕਸਾਉਂਦਾ ਸੀ ਅਤੇ ਇਸ ਤਰ੍ਹਾਂ ਤਕੜੇ ਨੂੰ ਮਾੜੇ ਵਿਰੁੱਧ ਕਰਦਾ ਸੀ। ਬਾਵਜੂਦ ਹਰ ਹਫ਼ਤੇ ਚਰਚਾਂ ਵਿਚ ਇਹ ਦੱਸਣ ਦੇ ਕਿ ਰੱਬ ਸੱਭ ਉੱਤੇ ਰਾਜ ਕਰਦਾ ਹੈ, ਉਹਨੇ ਦੇਖਿਆ ਕਿ ਲੋਕਾਂ ਦੇ ਆਪਣੇ ਮੁਫ਼ਾਦ ਹੀ ਹਰ ਜਗ੍ਹਾ ਅੱਗੇ ਅੱਗੇ ਰੱਖੇ ਜਾਂਦੇ ਸਨ। ਕਰਾਈਸਟ ਦਾ ਸੁਨੇਹਾ—ਦਇਆ, ਰਹਿਮ, ਸ਼ਾਂਤੀ ਅਤੇ ਪਿਆਰ—ਅਸਲੀਅਤ ਵਿਚ ਕਿਤੇ ਵੀ ਦਿਸਦਾ ਨਹੀਂ। ਉਸ ਸੁਨੇਹੇ ਦਾ ਮੌਜੂਦਾ ਰੂਪ ਇਸਤਰ੍ਹਾਂ ਸੀ : ਜਿਹਦੇ ਕੋਲ ਪਹਿਲਾਂ ਹੀ ਬਹੁਤ ਹੈ ਉਹਨੂੰ ਹੋਰ ਦਿੱਤਾ ਜਾਣਾ ਚਾਹੀਦਾ ਹੈ; ਅਤੇ ਜਿਹਦੇ ਕੋਲ ਥੋੜ੍ਹਾ ਹੈ ਉਹਨੂੰ ਉਸ ਨਾਲੋਂ ਵੀ ਘੱਟ ਉੱਪਰ ਗੁਜ਼ਾਰਾ ਕਰਨ ਦੀ ਜਾਚ ਸਿੱਖਣੀ ਚਾਹੀਦੀ ਹੈ।

34

"ਤੂੰ ਸੇਠ ਕਰੀਮ ਨੂੰ ਜ਼ਰੂਰ ਮਿਲੀਂ ਮਲੂਕਿਆ" ਸਤਨਾਮ ਨੇ ਕਿਹਾ, "ਉਹ ਆਪਣੇ ਵਿਚ ਇਕੋ ਇਕ ਗੁਜਰਾਤੀ ਹੈ ਅਤੇ ਉਹਦੀ ਜ਼ਿੰਦਗੀ ਇਕ ਬੁਝਾਰਤ ਹੀ ਹੈ। ਉਹਦੇ ਅਸਲੀ ਨਾਂ ਗਗਨ ਬਿਹਾਰੀ ਲਾਲ ਬਾਰੇ ਬਹੁਤਿਆਂ ਨੂੰ ਨਹੀਂ ਪਤਾ। ਪਰ ਉਹ ਆਪਣੀ ਇਥੋਂ ਦੀ ਜੱਦੋਜਹਿਦ ਵਿਚ ਮੁਹਰੀਆਂ ਵਿਚੋਂ ਰਿਹਾ ਹੈ ਅਤੇ ਬਹੁਤ ਹੀ ਧੜੱਲੇਦਾਰ ਬੁਲਾਰਾ ਹੈ। ਆਪਣਾ ਖ਼ਰਚ ਤੋਰਨ ਲਈ ਹੁਣ ਉਹਨੇ ਪੁਰਾਣੀਆਂ ਕਿਤਾਬਾਂ ਦੀ ਦੁਕਾਨ ਪਾਈ ਹੋਈ ਹੈ ਪਰ ਅਜੇ ਵੀ ਉਹਦੇ ਵਿਚ ਪਹਿਲਾਂ ਵਾਲੀ ਗੱਲਬਾਤ ਦਾ ਝਲਕਾਰਾ ਹੈ। ਉਹ ਫਟਣ ਉੱਤੇ ਆਈ ਜਵਾਲਾ ਮੁਖੀ ਵਰਗਾ ਹੈ।"

"ਕੀ ਉਹ ਦੂਜੇ ਵਿਦਿਆਰਥੀਆਂ, ਬਾਬੂ ਹਰਨਾਮ ਸਿੰਘ, ਤਾਰਕਨਾਥ ਦਾਸ, ਤੇਜਾ ਸਿੰਘ ਦੇ ਨਾਲ ਹੀ ਅਮਰੀਕਾ ਦੇ ਪੂਰਬੀ ਤੱਟ ਤੋਂ ਨਹੀਂ ਸੀ ਆਇਆ?" ਮਲੂਕੇ ਨੇ ਪੁੱਛਿਆ।

ਸਤਨਾਮ ਨੇ ਜਵਾਬ ਦਿੱਤਾ, "ਉਸ ਸਮੇਂ ਦੌਰਾਨ ਹੀ ਆਇਆ ਸੀ ਪਰ ਕਿਸੇ ਨੂੰ ਵੀ ਇਹ ਨਹੀਂ ਪਤਾ ਕਿ ਉਹ ਕਿੱਥੋਂ ਤੇ ਕਿਵੇਂ ਆਇਆ ਸੀ। ਜਿਵੇਂ ਤੈਨੂੰ ਪਤਾ ਹੀ ਹੈ ਤੇਜਾ ਸਿੰਘ ਹੁਣ ਅੰਮ੍ਰਿਤਸਰ ਧਰਮ-ਸ਼ਾਸਤਰ ਦਾ ਪ੍ਰੋਫੈਸਰ ਹੈ। ਤਾਰਕਨਾਥ ਦਾਸ ਨਿਊਯਾਰਕ ਕਾਲਜ ਵਿਚ ਪੜ੍ਹਾਉਂਦਾ। ਬਾਬੂ ਹਰਨਾਮ ਸਿੰਘ ਗ਼ਦਰੀ ਨੇਤਾ ਬਣ ਕੇ ਸ਼ਹੀਦ ਹੋ ਗਿਆ ਸੀ। ਉਸ ਗਰੁੱਪ ਵਿਚੋਂ ਆਪਣੇ ਕੋਲ ਹੁਣ ਸਿਰਫ਼ ਸੇਠ ਕਰੀਮ ਹੀ ਹੈ।"

ਹੇਸਟਿੰਗ ਸਟਰੀਟ ਉੱਤੇ ਤੁਰੇ ਜਾਂਦਿਆਂ ਅਤੇ ਡੇਵਿਡ ਸਪੈਂਸਿਰ ਤੋਂ ਖ਼ਰੀਦੇ ਖੰਡ ਵਾਲੇ ਬਦਾਮ ਖਾਂਦਿਆਂ ਸਤਨਾਮ ਨੇ ਉਹਦੇ ਬਾਰੇ ਕਈ ਦਿਲਚਸਪ ਕਹਾਣੀਆਂ ਸੁਣਾਈਆਂ। ਉਹ ਸਮਾਧੀ ਕੋਲ ਦੀ ਹੁੰਦੇ ਹੋਏ 'ਰੋਜ਼ਾਨਾ ਪਰੋਵਿੰਸ' ਅਖ਼ਬਾਰ ਦੀ ਬਿਲਡਿੰਗ, ਰੌਲੇ-ਗੌਲੇ ਵਾਲੇ ਸੈਂਟਰਲ ਸਟਰੀਟ ਸਟੇਸ਼ਨ ਅਤੇ ਮੌਸਮਾਂ ਦੀ ਝੰਬੀ ਹੋਈ ਪਬਲਿਕ ਲਾਇਬਰੇਰੀ ਦੀ ਖ਼ੂਬਸੂਰਤ ਇਮਾਰਤ ਕੋਲੋਂ ਲੰਘ ਕੇ ਖੱਬੇ ਵਲ ਨੂੰ ਮੇਨ ਸਟਰੀਟ ਉੱਤੇ ਮੁੜ ਪਏ। ਜਿਉਂ ਜਿਉਂ ਉਹ ਅੱਗੇ ਜਾਂਦੇ ਗਏ ਇਮਾਰਤਾਂ ਦੀ ਹਾਲਤ ਖਸਤਾ ਹੁੰਦੀ ਗਈ। ਇਹਨਾਂ ਵਿਚੋਂ ਇਕ ਉੱਪਰ ਲੱਗੇ ਚਿੱਟੇ ਫੱਟੇ ਉੱਪਰ ਲਾਲ ਅੱਖਰਾਂ ਵਿਚ ਲਿਖਿਆ ਹੋਇਆ ਸੀ 'ਕਰੀਮ ਦੀ ਕਿਤਾਬਾਂ ਦੀ

ਦੁਕਾਨ' ਅਤੇ ਥੱਲੇ ਛੋਟੇ ਅੱਖਰਾਂ ਵਿਚ ਲਿਖਿਆ ਹੋਇਆ ਸੀ : 'ਪੁਰਾਣੀਆਂ ਕਿਤਾਬਾਂ ਖ਼ਰੀਦੀਆਂ ਅਤੇ ਵੇਚੀਆਂ ਜਾਂਦੀਆਂ ਹਨ।'

ਭੂਰੀਆਂ ਪਤਲੀਆਂ ਮੁੱਛਾਂ ਵਾਲਾ ਇਕ ਭਾਰਾ ਜਿਹਾ ਬੰਦਾ ਸਟੀਲ ਦੇ ਫਰੇਮ ਵਾਲੀਆਂ ਐਨਕਾਂ ਲਾਈ ਬੈਠਾ ਕੁਛ ਪੜ੍ਹ ਰਿਹਾ ਸੀ। ਉਹ ਕਿਤਾਬ ਵਿਚ ਏਨਾ ਲੀਨ ਸੀ ਕਿ ਉਹਨੂੰ ਗਾਹਕਾਂ ਦੇ ਆਉਣ ਦੀ ਵੀ ਖ਼ਬਰ ਨਹੀਂ ਸੀ।

"ਹੈਲੋ ਸੇਠ ਸਾਹਿਬ", ਸਤਨਾਮ ਨੇ ਛਤਹਿ ਬੁਲਾਉਂਦਿਆਂ ਕਿਹਾ। "ਕੀ ਹਾਲ ਹੈ ਤੁਹਾਡਾ ? ਹੁਣ ਤਾਂ ਕਦੀ ਗੁਰਦੁਆਰੇ ਵੀ ਨਜ਼ਰ ਨਹੀਂ ਆਉਂਦੇ।"

"ਹੈਲੋ ਸਤਨਾਮ। ਆਹ ਤੁਸੀਂ ਮਿਲਣ ਆਉਣ ਦਾ ਬੜਾ ਚੰਗਾ ਕੰਮ ਕੀਤਾ", ਬਜ਼ੁਰਗ ਆਦਮੀ ਨੇ ਹਲਕੀ ਜਿਹੀ ਮੁਸਕਾਨ ਅਤੇ ਥਕਾਵਟ ਭਰੀ ਨਜ਼ਰ ਨਾਲ ਕਿਹਾ।

"ਮੈਂ ਨੌਜਵਾਨ ਮਲੂਕੇ ਨੂੰ ਤੁਹਾਡੇ ਨਾਲ ਮਿਲਾਣਾ ਚਾਹੁੰਦਾ ਸੀ। ਮੇਰੇ ਖ਼ਿਆਲ ਵਿਚ ਇਹ ਤੁਹਾਡੇ ਕੋਲੋਂ ਬਹੁਤ ਕੁਝ ਸਿੱਖ ਸਕਦਾ ਹੈ। ਸ਼ਾਇਦ ਜਿੰਨਾ ਇਹ ਯੂਨੀਵਰਸਿਟੀ ਸਿੱਖ ਰਿਹਾ ਹੈ ਉਸ ਤੋਂ ਵੀ ਜ਼ਿਆਦਾ।"

"ਇਹ ਕਹਿਣ ਲਈ ਤੇਰੀ ਬੜੀ ਮਿਹਰਬਾਨੀ ਸਤਨਾਮ। ਇਹ ਕਿਤਾਬੀ ਪੜ੍ਹਾਈ ਨਾਲੋਂ ਮੈਂ ਤਾਂ ਉਸ ਉੱਤੇ ਜ਼ਿਆਦਾ ਮਾਣ ਕਰਦਾਂ, ਜਿਹੜਾ ਕੋਈ ਕੰਮ ਕਰਕੇ ਦਿਖਾਵੇ। ਉਹ ਗ਼ਦਰ ਦੇ ਅਤੇ ਕਾਮਗਾਟਾ ਮਾਰੂ ਦੇ ਤੂਫ਼ਾਨੀ ਦਿਨ ਤਾਂ ਹੁਣ ਜਾ ਚੁੱਕੇ ਹਨ। ਹੁਣ ਤਾਂ ਭਾਰਤ ਵਿਚ ਵੀ ਬੜੀ ਚੁੱਪ-ਚਾਂਦ ਹੈ। ਗਾਂਧੀ! ਉਸ ਗੁਜਰਾਤੀ ਬਾਣੀਏ ਨੇ ਆਪਣੇ ਰੱਬ ਦੇ ਚੱਕਰ ਨਾਲ ਸਭ ਕਾਸੇ ਦਾ ਬੁਰਾ ਹਾਲ ਕਰਕੇ ਰੱਖ ਦਿੱਤਾ ਹੈ। ਪਿਆਰ ਅਤੇ ਸ਼ਾਂਤੀ ਲੈ ਕੇ ਚੱਲਿਆ 'ਇਨਕਲਾਬੀ'! ਬੰਦਾ ਪਹਿਲੀ ਵਾਰੀ ਖ਼ੂਨ ਦੇਖਕੇ ਹੀ ਡਰ ਗਿਆ। ਵਾਹ! ਪਾਕ-ਪਵਿੱਤਰ ਭਾਰਤ।"

"ਭਾਰਤ ਤਾਂ ਬਹੁਤ ਹੌਲੀ ਹੌਲੀ ਤਬਦੀਲ ਹੋਵੇਗਾ", ਸਤਨਾਮ ਨੇ ਕਿਹਾ।

"ਜਦੋਂ ਤੂੰ ਆਇਆ, ਉਦੋਂ ਮਾਤ-ਭੂਮੀ ਕਿਵੇਂ ਸੀ ਮਲੂਕੇ ?"

"ਸਭ ਚੁੱਪ-ਚਾਪ ਸੀ ਜਿਵੇਂ ਤੁਸੀਂ ਕਿਹਾ ਹੈ, ਸੇਠ ਸਾਹਿਬ।"

"ਮੈਂ ਤਾਂ ਬਈ ਹੁਣ ਆਪਣਾ ਬਹੁਤਾ ਸਮਾਂ ਪੜ੍ਹਨ ਉੱਤੇ ਹੀ ਲਾਉਂਦਾ ਹਾਂ। ਦੁਕਾਨ ਵਪਾਰ ਨਾਲੋਂ ਮੇਰੀ ਲਾਇਬਰੇਰੀ ਵਧੇਰੇ ਹੈ। ਮੈਨੂੰ ਰਹਿਣ ਲਈ ਇੰਨੇ ਪੈਸੇ ਚਾਹੀਦੇ ਵੀ ਨਹੀਂ।"

ਵੱਡੇ ਕਮਰੇ ਵਿਚ ਉੱਚੀਆਂ ਉੱਚੀਆਂ ਸ਼ੈਲਫ਼ਾਂ ਕਿਤਾਬਾਂ ਨਾਲ ਲੱਦੀਆਂ ਪਈਆਂ ਸਨ। ਹਰ ਪਾਸੇ ਕਿਤਾਬਾਂ ਸਨ—ਅੱਧੇ ਖੁੱਲ੍ਹੇ ਪਏ ਬਕਸਿਆਂ ਵਿਚ, ਖੁੰਜਿਆਂ ਵਿਚ, ਫ਼ਰਸ਼ ਉੱਤੇ ਢੇਰੀਆਂ ਲੱਗੀਆਂ ਹੋਈਆਂ ਅਤੇ ਉਹਦੇ ਮੇਜ਼ ਉੱਤੇ ਵੀ ਪਈਆਂ ਸਨ। ਕਿਤਾਬਾਂ ਦੀ ਬਾਸੀ ਜਿਹੀ ਮਹਿਕ ਤਰੀ ਦੀ ਉਸ ਮਹਿਕ ਨਾਲ ਰੱਲਗੱਡ ਹੋ ਰਹੀ ਸੀ ਜਿਹੜੀ ਦੁਕਾਨ ਦੇ ਪਿਛਲੇ ਹਿੱਸੇ ਵਿਚੋਂ ਆ ਰਹੀ ਸੀ ਜਿਥੇ ਉਹਦੇ ਰਹਿਣ ਦਾ ਕਮਰਾ ਸੀ।

ਸੇਠ ਕਰੀਮ ਆਪਣੀਆਂ ਕਿਤਾਬਾਂ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਉਹ ਵਿਗਿਆਨ, ਤਰਕਵਾਦ ਅਤੇ ਇਤਿਹਾਸ ਦੇ ਮਹਾਨ ਇਨਕਲਾਬ ਉੱਤੇ ਆਪਣੀਆਂ ਮਨ-ਪਸੰਦ ਕਿਤਾਬਾਂ ਬਾਰੇ ਬਹੁਤ ਉਤਸ਼ਾਹ ਨਾਲ ਗੱਲਾਂ ਕਰਦਾ ਸੀ। ਉਹ ਆਪਣੀ ਗੱਲਬਾਤ ਵਿਚ ਥਾਮਸ ਹਕਸਲੇ, ਵੋਲਟੇਅਰ, ਪਰੂਟੋਨ, ਟੋਮ ਪੇਨ ਅਤੇ ਮਾਰਕਸ ਦੇ ਨਾਂ ਬੜੇ ਮਾਣ ਨਾਲ ਲੈਂਦਾ ਸੀ।

"ਤੁਹਾਡੇ ਕੋਲ ਕੋਈ ਕਿਤਾਬਾਂ ਭਾਰਤੀ ਸੋਚ ਉੱਤੇ ਵੀ ਹਨ?", ਮਲੂਕੇ ਨੇ ਝਿਜਕਦਿਆਂ ਪੁੱਛਿਆ।

"ਤੇਰਾ ਮਤਲਬ ਬੁੱਧ ਤੇ ਵੇਦਾਂ ਉੱਤੇ ਅਤੇ ਯੋਗ ਤੇ ਬਾਕੀ ਦੇ ਰਹੱਸਮਈ ਚੱਕਰ ਉੱਤੇ?" ਉਹਨੇ ਸਨਕੀ ਜਿਹੇ ਤਰੀਕੇ ਨਾਲ ਕਿਹਾ। "ਉਹ ਖ਼ਰੀਦਣ ਲਈ ਤਾਂ ਤੈਨੂੰ 'ਬੀਸੋਫੀਕਲ ਲੌਜ' ਉੱਤੇ ਜਾਣਾ ਪਵੇਗਾ। ਪੈਨਸ਼ਨੀਏ ਅੰਗਰੇਜ਼ ਕਰਨਲ ਅਤੇ ਮਹਿਰੂਮ ਜ਼ਨਾਨੀਆਂ ਇਹਨਾਂ ਉੱਤੇ ਬਹੁਤ ਮਰਦੀਆਂ ਹਨ। ਅਤੇ ਜੇ ਤੈਨੂੰ ਸਿੱਖ ਧਰਮ ਉੱਤੇ ਕਿਤਾਬਾਂ ਚਾਹੀਦੀਆਂ ਹਨ ਤਾਂ ਪਬਲਿਕ ਲਾਇਬਰੇਰੀ ਵਿਚਲੀ ਸਕਾਟਿਸ਼ ਔਰਤ ਉਹਦੇ ਦੇਸ਼ਵਾਸੀਆਂ ਵਲੋਂ ਸਿੱਖਾਂ ਬਾਰੇ ਲਿਖੀਆਂ ਕਿਤਾਬਾਂ ਜਿਵੇਂ ਕਨਿੰਘਮ ਦੀਆਂ ਇਤਿਹਾਸ ਬਾਰੇ ਅਤੇ ਮੈਕਾਲਿਫ ਦੀਆਂ ਛੇ ਜਿਲਦਾਂ ਉਨ੍ਹਾਂ ਦੇ ਧਰਮ ਬਾਰੇ ਬੜੇ ਮਾਣ ਨਾਲ ਦਿਖਾਵੇਗੀ।"

"ਮੈਂ ਵਾਪਿਸ ਜਾਂਦਿਆਂ ਲਾਇਬਰੇਰੀ ਨੂੰ ਜਾਊਂਗਾ।"

"ਆਪਾਂ ਧਰਮ ਦਾ ਵਖੇਰਾ ਰਟਨ ਕਰ ਹਟੇ ਆਂ ਮਲੂਕਿਆ। ਕੁਝ ਇਹੋ ਜਿਹਾ ਪੜ੍ਹ, ਜੋ ਦਿਮਾਗ਼ ਨੂੰ ਅੰਧ-ਵਿਸ਼ਵਾਸ ਤੋਂ ਆਜ਼ਾਦ ਕਰਵਾਏ। ਆਹ ਇਕ ਹੈਗੀ ਹੈ—'ਮਨੁੱਖ ਦੀ ਸ਼ਹਾਦਤ' ਵਿਨਵੁੱਡ ਰੀਡ ਦੁਆਰਾ ਲਿਖੀ—ਇਹ ਤੇਰੀਆਂ ਅੱਖਾਂ ਖੋਲ੍ਹ ਦੇਵੇਗੀ।"

"ਮੈਂ ਮਲੂਕੇ ਲਈ ਇਹਦੀ ਇਕ ਕਾਪੀ ਖ਼ਰੀਦ ਲੈਂਦਾ ਹਾਂ", ਸਤਨਾਮ ਨੇ ਕਿਹਾ।

"ਅੱਜ ਕਲ੍ਹ ਉਹ ਗੁਰਦਵਾਰੇ ਕੀ ਕਰਦੇ ਹਨ ਸਤਨਾਮ ?"

"ਪੰਜਾਬ ਵਿਚ ਚਲਦੀ ਅਕਾਲੀ ਲਹਿਰ ਬਾਰੇ ਬੜੇ ਭੜਕੇ ਹੋਏ ਹਨ। ਜਿਵੇਂ ਤੁਹਾਨੂੰ ਪਤਾ ਹੀ ਹੈ, ਨਨਕਾਣਾ ਸਾਹਿਬ ਗੋਲੀ ਚੱਲਣ ਤੋਂ ਬਾਅਦ ਸਿੱਖਾਂ ਨੇ ਮਹੰਤਾਂ ਤੋਂ ਗੁਰਦਵਾਰਿਆਂ ਦਾ ਕਬਜ਼ਾ ਖੋਹਣ ਲਈ ਲਹਿਰ ਸ਼ੁਰੂ ਕੀਤੀ ਸੀ। ਉਹਨਾਂ ਦੇ ਸ਼ਾਂਤਮਈ ਜੱਥਿਆਂ ਨੂੰ ਕਈ ਥਾਈਂ ਪੁਲੀਸ ਨੇ ਖ਼ੌਫ਼ਨਾਕ ਤਰੀਕਿਆਂ ਨਾਲ ਮਾਰਿਆ ਹੈ। ਹੁਣ ਇਕ ਜੱਥਾ ਏਥੋਂ ਵੀ ਜਾਣਾ ਹੈ।"

"ਕੀ ਪੰਜਾਬ ਵਿਚ ਸਿੱਖ ਕਾਫ਼ੀ ਨਹੀਂ ਜਿਹੜੇ ਪੁਲੀਸ ਦੇ ਅੱਗੇ ਪਏ ਮਾਰ ਖਾਈ ਜਾਣ ?" ਸੇਠ ਕਰੀਮ ਨੇ ਪੁੱਛਿਆ। "ਕੀ ਕੋਈ ਏਥੇ ਏਨਾ ਬੇਵਕੂਫ਼ ਵੀ ਹੈ ਜਿਹੜਾ ਐਨੀ ਦੂਰ ਮੁੜ ਕੇ ਜਾਊਗਾ, ਸਿਰਫ਼ ਫ਼ੋਟੋ ਖਿਚਾਉਣ ਜਦੋਂ ਪੁਲੀਸ ਉਹਦਾ ਲਾਠੀਆਂ ਨਾਲ ਸਿਰ ਤੋੜ ਰਹੀ ਹੋਊਗੀ ? ਗਾਂਧੀ ਦੀ ਇਸ ਅਹਿੰਸਾਵਾਦੀ ਪਾਲਿਸੀ ਨੇ ਸਿੱਖਾਂ ਨੂੰ ਵੀ ਗਿਰਾਵਟ ਵਲ ਲਿਜਾਣਾ ਸ਼ੁਰੂ ਕਰ ਦਿੱਤਾ ਹੈ।"

"ਸਾਡੇ ਵਿਚੋਂ ਕੋਈ ਜਥੇ ਬਾਰੇ ਖ਼ੁਸ਼ ਨਹੀਂ", ਸਤਨਾਮ ਨੇ ਕਿਹਾ। "ਪੰਜਾਬ ਵਿਚ ਇਕ ਦਹਿਸ਼ਤਪਸੰਦਾਂ ਦੀ ਜਥੇਬੰਦੀ, ਬੱਬਰ ਅਕਾਲੀ ਲਹਿਰ, ਜਿਹੜੀ ਇਕ ਸਾਬਕਾ ਫ਼ੌਜੀ ਕਿਸ਼ਨ ਸਿੰਘ ਗੜਗੱਜ ਦੀ ਅਗਵਾਈ ਥੱਲੇ ਚੱਲ ਰਹੀ ਹੈ, ਨੇ ਇਸ ਸ਼ਾਂਤੀਵਾਦ ਦੇ ਵਿਰੁੱਧ ਆਵਾਜ਼ ਉਠਾਣੀ ਸ਼ੁਰੂ ਕਰ ਦਿੱਤੀ ਹੈ। ਅਤੇ ਉਹਨਾਂ ਨੇ ਜਾਬਰਾਂ ਦੀ ਕਾਫ਼ੀ ਗਿਣਤੀ ਘਟਾਈ ਹੈ। ਬਾਹਲੇ ਲੋਕ ਇਥੋਂ ਵੀ ਅਰਦਾਸ ਕਰ ਕੇ ਕੁੱਟ ਖਾਣ ਵਾਲਾ ਜੱਥਾ ਭੇਜਣ ਦੀ ਥਾਂ ਬੱਬਰਾਂ ਨੂੰ ਮਦਦ ਭੇਜਣੀ ਚਾਹੁੰਦੇ ਹਨ।"

"ਵਾਹ ! ਉਹੀ ਧਰਮ ਦਾ ਚੱਕਰ ਫ਼ੇਰ", ਕਰੀਮ ਨੇ ਕਿਹਾ। "ਹਿੰਦੂਆਂ ਨੇ ਮਹਾਂ ਸਭਾ, ਮੁਸਲਮਾਨਾਂ ਨੇ ਮੁਸਲਿਮ ਲੀਗ ਅਤੇ ਸਿੱਖਾਂ ਨੇ ਅਕਾਲੀ ਲਹਿਰ ਜਥੇਬੰਦ ਕੀਤੀ ਹੈ। ਉਸ ਆਜ਼ਾਦ, ਸੰਯੁਕਤ, ਧਰਮ-ਨਿਰਪੱਖ ਭਾਰਤ, ਜਿਹਦਾ ਸਾਰਿਆਂ ਨੇ ਸੁਪਨਾ ਲਿਆ ਸੀ, ਉਹਦੇ ਲਈ ਕੌਣ ਲੜੇਗਾ ?"

ਜਦੋਂ ਸਤਨਾਮ ਅਤੇ ਮਲੂਕਾ ਜਾਣ ਲੱਗੇ ਤਾਂ ਸੇਠ ਕਰੀਮ ਦੁਕਾਨ ਦੇ ਪਿਛਲੇ ਹਿੱਸੇ ਵੱਲ ਗਿਆ ਅਤੇ ਇਕ ਛੋਟੀ ਜਿਹੀ ਕਿਤਾਬ ਲੈ ਕੇ ਆਇਆ। ਉਹਦੇ ਉੱਪਰ ਇਕ ਘਸੀ ਹੋਈ ਲਾਲ ਰੰਗ ਦੀ ਜਿਲਦ ਸੀ।

"ਮੈਂ ਤੇਨੂੰ ਇਹ ਕਿਤਾਬ ਦੇਣੀ ਚਾਹੁੰਦਾ ਹਾਂ ਮਲੂਕੇ", ਉਹਨੇ ਕਾਫ਼ੀ ਖ਼ੁਸ਼ੀ ਨਾਲ ਕਿਹਾ। "ਮੈਂ ਇਹ ਇੰਨੀ ਵਾਰ ਪੜ੍ਹੀ ਹੈ ਕਿ ਇਹਦਾ ਕਈ ਕੁਝ ਮੈਨੂੰ ਮੂੰਹ-ਜ਼ਬਾਨੀ ਯਾਦ ਹੈ। ਤੂੰ ਇਹਨੂੰ ਜ਼ਰੂਰ ਪੜ੍ਹੀਂ।"

ਇਹ ਰੌਬਰਟ ਗਰੀਨ ਇੰਗਰਸੌਲ ਦੀਆਂ ਸਪੀਚਾਂ ਦਾ ਸੰਗ੍ਰਹਿ ਸੀ।

ਮਲੂਕਾ ਸੇਠ ਕਰੀਮ ਦੇ ਗਿਆਨ ਅਤੇ ਦਿਆਲੂ ਸੁਭਾਅ ਤੋਂ ਕਾਫ਼ੀ ਪ੍ਰਭਾਵਤ ਹੋਇਆ ਸੀ।

"ਜਦੋਂ ਫੇਰ ਸਮਾਂ ਮਿਲਿਆ ਤਾਂ ਆਈਂ", ਜਦੋਂ ਉਹ ਦੋਵੇਂ ਦੁਕਾਨ ਤੋਂ ਬਾਹਰ ਜਾਣ ਲੱਗੇ ਤਾਂ ਕਰੀਮ ਨੇ ਬਹੁਤ ਨਿੱਘ ਅਤੇ ਅਪਣੱਤ ਨਾਲ ਕਿਹਾ, "ਮੈਂ ਹਮੇਸ਼ਾਂ ਇੱਥੇ ਹੀ ਹੁੰਦਾ ਹਾਂ।"

35

ਮਲੂਕਾ ਜੌਹਨ ਮੈਕਫਾਰਲੈਂਡ ਨੂੰ ਪਹਿਲੀ ਵਾਰੀ ਸੇਠ ਕਰੀਮ ਦੀ ਕਿਤਾਬਾਂ ਦੀ ਦੁਕਾਨ ਵਿਚ ਮਿਲਿਆ ਸੀ। ਉਹ ਕਾਫ਼ੀ ਲੰਬਾ ਪਤਲਾ, ਮੋਟੀਆਂ ਭੂਰੀਆਂ ਅੱਖਾਂ ਅਤੇ ਭਾਰੇ ਮੱਥੇ ਵਾਲਾ ਬੰਦਾ ਸੀ। ਉਹ ਦੱਖਣੀ ਅਫ਼ਰੀਕਾ ਵਿਚ ਰਹਿ ਚੁੱਕਾ ਸੀ ਅਤੇ ਗਾਂਧੀ ਨੂੰ ਜਾਣਦਾ ਸੀ।

ਉਹ ਅਫ਼ਰੀਕਾ ਬਾਰੇ ਗੱਲਾਂ ਕਰਦਾ ਅਕਸਰ ਰਹਿੰਦਾ, "ਬੜਾ ਅਜੀਬ ਮਹਿਸੂਸ ਹੁੰਦਾ ਸੀ ਉਹਨਾਂ ਮਾੜਕੂ ਜਿਹੀਆਂ ਲੱਤਾਂ ਵਾਲੇ ਭਾਰਤੀ ਮਰਦ ਅਤੇ ਔਰਤਾਂ ਨੂੰ ਸਿਰਾਂ ਉੱਪਰ ਇੰਨਾ ਭਾਰ ਚੁੱਕੀ ਫਿਰਦਿਆਂ ਨੂੰ ਦੇਖ ਕੇ।" ਜਦੋਂ ਉਹ ਗੱਲਾਂ ਕਰਦਾ ਤਾਂ ਉਹਦੀ ਬੋਲੀ ਵਿੱਚਲਾ ਸਕਾਟਿਸ਼ ਲਹਿਜਾ ਉਹਦੇ ਬੋਲਾਂ ਦੇ ਤਿੱਖੇਪਨ ਨੂੰ ਨਰਮ ਕਰ ਦਿੰਦਾ। "ਬੰਧੂਆ ਮਜ਼ਦੂਰੀ ਵੀ ਗ਼ੁਲਾਮੀ ਦਾ ਇਕ ਹੋਰ ਰੂਪ ਸੀ, ਪਰ ਵਿਲਬਫ਼ੋਰਸ ਦੇ ਈਸਾਈਆਂ ਨੂੰ ਇਹ ਗੱਲ ਕਾਫ਼ੀ ਦੇਰ ਬਾਅਦ ਖੱਟਕਣ ਲੱਗੀ।"

ਉਹ ਕਾਫ਼ੀ ਵਿਦਵਾਨ ਅਤੇ ਪੱਕੇ ਇਰਾਦਿਆਂ ਵਾਲਾ ਇਨਸਾਨ ਸੀ। ਉਸ ਦੀਆਂ ਗੱਲਾਂ ਸੁਣਨੀਆਂ ਮਲੂਕੇ ਨੂੰ ਬਹੁਤ ਵਧੀਆ ਲੱਗਦੀਆਂ।

"ਮੈਂ ਭਾਰਤ ਵਿਚ ਗਾਂਧੀ ਦੇ ਕੰਮਾਂ ਬਾਰੇ ਖ਼ਬਰਸਾਰ ਰੱਖੀ ਹੈ", ਉਹ ਸਮਝਾਉਂਦਾ। "ਉਹ ਕੋਈ ਬੇਵਕੂਫ਼ ਨਹੀਂ। ਉਹ ਆਮ ਜਨਤਾ ਅਤੇ ਤਾਕਤਵਰ ਲੋਕਾਂ ਨੂੰ ਆਪਣੀ ਵਲਾਂ ਕਰਨ ਵਿਚ ਕਾਮਯਾਬ ਹੋ ਗਿਆ ਹੈ। ਬੰਬਈ ਦੇ ਅਮੀਰਾਂ ਕੋਲੋਂ ਉਹ ਜਿੰਨਾ ਚਾਹੇ ਧਨ ਲੈ ਸਕਦਾ ਹੈ। ਉਹ ਕਿਸਾਨਾਂ ਦੇ ਜਾਂਘੀਏ ਵਿਚ ਅਮੀਰਾਂ ਦਾ ਸ਼ੁਭਚਿੰਤਕ ਹੈ। ਥੋੜ੍ਹੀਆਂ ਬਹੁਤ ਝੜੱਪਾਂ ਬਾਅਦ ਉਹਨੇ ਅੰਗਰੇਜ਼ਾਂ ਨਾਲ ਸਮਝੌਤਾ ਕਰ ਲੈਣਾ ਹੈ। ਗੱਲ ਸਿਰਫ਼ ਸਮੇਂ ਦੀ ਹੈ ਕਿ ਕਿੰਨਾ ਲੱਗਦਾ ਹੈ।"

ਜੌਹਨ ਮੈਕਫ਼ਾਰਲੈਂਡ ਕਰੀਮ ਦੀ ਕਿਤਾਬਾਂ ਦੀ ਦੁਕਾਨ ਦੇ ਲਾਗੇ ਆਪਣੀ ਕਰੜੀ ਮਿਹਨਤ ਕਰਨ ਵਾਲੀ ਘਰਵਾਲੀ ਅਤੇ ਸੁੰਦਰ ਲੜਕੀ ਮੈਰੀ ਨਾਲ ਇਕ ਛੋਟੇ ਜਿਥੇ ਘਰ ਵਿਚ ਰਹਿੰਦਾ ਸੀ। ਮਲੂਕੇ ਨੂੰ ਅਕਸਰ ਉੱਥੇ ਆਉਣ ਦਾ ਸੱਦਾ ਹੁੰਦਾ।

ਉਹ ਇਕ ਗੋਦਾਮ ਵਿਚ ਕੰਮ ਕਰਦਾ ਸੀ ਅਤੇ ਉਸ ਦਾ ਬਹੁਤਾ ਸਮਾਂ ਕਿਤਾਬਾਂ ਪੜ੍ਹਨ ਵਿਚ ਜਾਂ ਪੜ੍ਹੇ ਉੱਪਰ ਵਿਚਾਰ ਕਰਨ ਵਿਚ ਗੁਜ਼ਰਦਾ। ਉਹਦੀ ਕਿਤਾਬਾਂ ਦੀ ਅਲਮਾਰੀ ਵਿਚ ਮਾਰਕਸ, ਲੈਨਿਨ, ਟਰਾਟਸਕੀ ਦੇ ਨਾਲ ਨਾਲ ਸਰ ਵਾਲਟਰ ਸਕੌਟ ਅਤੇ ਰੋਬਰਟ ਬਰਨਜ਼ ਦੀਆਂ ਲਿਖਤਾਂ ਪਈਆਂ ਹੁੰਦੀਆਂ। ਉਹ ਰੋਮਾਂਟਿਕ ਅਤੇ ਕੱਟੜ ਖ਼ਿਆਲਾਂ ਦਾ ਇਕ ਅਜੀਬ ਜਿਹਾ ਮਿਲਗੋਭਾ ਸੀ। ਜਦੋਂ ਉਹ ਮਾਰਕਸ ਅਤੇ ਲੈਨਿਨ ਬਾਰੇ ਗੱਲਾਂ ਕਰ ਰਿਹਾ ਹੁੰਦਾ ਤਾਂ ਉਹਦੀਆਂ ਅੱਖਾਂ ਵਿਚ ਇਕ ਮਸੀਹੇ ਵਰਗੀ ਚਮਕ ਆ ਜਾਂਦੀ।

"ਬਹੁਤ ਲੋਕਾਂ ਨੇ ਸ਼ਾਂਤੀ ਅਤੇ ਇਨਸਾਫ਼ ਦੇ ਆਧਾਰ ਉੱਤੇ ਬਣੇ ਸਮਾਜ ਬਾਰੇ ਸੁਪਨੇ ਲਏ ਹਨ", ਉਹ ਕਹਿੰਦਾ। "ਇਹੋ ਜਿਹਾ ਸਮਾਜ ਜਿੱਥੇ ਆਦਮੀ ਦੀ ਲੁੱਟ-ਖਸੁੱਟ ਨਾ ਹੋਵੇ, ਜਿੱਥੇ ਹਰ ਕਿਸੇ ਦੇ ਕੰਮ ਦਾ ਪੂਰਾ ਮੁੱਲ ਪਵੇ।"

"ਠੀਕ ਹੈ ਮਿਸਟਰ ਮੈਕਫ਼ਾਰਲੈਂਡ।"

"ਪਰ ਉਹ ਇਹੋ ਜਿਹੇ ਸਮਾਜ ਨੂੰ ਲਿਆਉਣ ਵਿਚ ਕਾਮਯਾਬ ਨਹੀਂ ਹੋਏ ਕਿਉਂਕਿ ਉਹਨਾਂ ਕੋਲ ਇਹਨੂੰ ਲਿਆਉਣ ਲਈ ਕੋਈ ਤਰੀਕਾ ਨਹੀਂ ਸੀ। ਮਾਰਕਸ ਨੇ ਸਾਨੂੰ ਇਕ ਤਰੀਕਾ ਦਿੱਤਾ ਹੈ। ਕੀ ਤੇਨੂੰ ਸਮਝ ਲੱਗਦੀ ਹੈ ਮਲੂਕੇ ?"

"ਹਾਂ ਮਿਸਟਰ ਮੈਕਫਾਰਲੈਂਡ।"

"ਅਤੇ ਹੁਣ ਸਾਡੇ ਕੋਲ ਇਕ ਤਰੀਕਾ ਅਤੇ ਨਿਸ਼ਾਨਾ ਚੋਵੇਂ ਹਨ।" ਉਹ ਜ਼ੋਰ ਨਾਲ ਕਹਿੰਦਾ, "ਇਸ ਤੋਂ ਵੱਧ ਚੱਸ ਹੋਰ ਕੀ ਚਾਹੀਦਾ ਹੈ ?"

"ਹਾਂ ਇਹ ਕਾਫ਼ੀ ਹੈ ਮਿਸਟਰ ਮੈਕਫਾਰਲੈਂਡ।"

"ਇਸ ਤੋਂ ਵੀ ਜ਼ਿਆਦਾ ਮਾਰਕਸ ਨੇ ਇਤਿਹਾਸ ਦੀ ਵਾਗਡੋਰ ਮਜ਼ਦੂਰਾਂ ਦੇ ਹੱਥ ਵਿਚ ਦੇ ਦਿੱਤੀ ਹੈ। ਇਤਿਹਾਸ ਨੂੰ ਚਲਾਉਣ ਵਾਲੀ ਢਿਬਰੀ ਤੇਰੇ ਹੱਥ ਵਿਚ ਹੈ ਅਤੇ ਮੇਰੇ ਹੱਥ ਵਿਚ ਵੀ। ਦੁਨੀਆਂ ਦੇ ਗ਼ਰੀਬ ਲੋਕ, ਕਾਲੇ, ਭੂਰੇ, ਚਿੱਟੇ ਸਾਰੇ ਮਿਲ ਕੇ ਆਪਣੇ ਸੰਗਲ ਤੋੜ ਸਕਦੇ ਹਨ। ਸਮਝਦੇਂ ਕਿ ਨਹੀਂ ਮਲੂਕੇ ?"

"ਹਾਂ ਮਿਸਟਰ ਮੈਕਫਾਰਲੈਂਡ।"

ਇਕ ਦਿਨ ਉਹਨੇ ਦ੍ਰਿੜ੍ਹ ਵਿਸ਼ਵਾਸ ਨਾਲ ਇਕ ਪੁਰਾਣੀ ਅਤੇ ਖ਼ੂਬ ਵਰਤੀ ਹੋਈ ਕਮਿਊਨਿਸਟ ਮੈਨੀਫੈਸਟੋ ਦੀ ਕਾਪੀ ਮਲੂਕੇ ਨੂੰ ਫੜਾਉਂਦਿਆਂ ਕਿਹਾ, "ਇਹ ਗੀਤਾ ਨਾਲੋਂ ਕਿਤੇ ਵਧੀਆ ਕੰਮ ਕਰੇਗੀ।"

ਉਸ ਵਿਚੋਂ ਮਲੂਕੇ ਨੂੰ ਸਮਾਜਕ ਇਨਸਾਫ਼ ਦਾ ਆਦਰਸ਼ ਇਨਸਾਫ਼ ਲਿਆਉਣ ਦੇ ਤਰੀਕੇ ਨਾਲੋਂ ਵੀ ਵੱਧ ਜਚਿਆ। ਉਸ ਨੂੰ ਇਸ ਗੱਲ ਦਾ ਕੋਈ ਭਰੋਸਾ ਨਹੀਂ ਸੀ ਕਿ ਬੀ. ਸੀ. ਦੇ ਮਜ਼ਦੂਰ ਯੂਨੀਅਨਾਂ ਵਿਚ ਜਥੇਬੰਦ ਹੋ, ਕਾਲੇ ਅਤੇ ਭੂਰੇ ਲੋਕਾਂ ਨਾਲ ਮਿਲ, ਮੈਕਫਾਰਲੈਂਡ ਦੇ ਸੁਪਨੇ ਵਿਚਲਾ ਸਮਾਜ ਲਿਆਉਣ ਲਈ ਤਿਆਰ ਸਨ ਕਿ ਨਹੀਂ।

36

ਹਿੰਦੁਸਤਾਨੀ ਯੰਗ ਮੈਨ'ਜ਼ ਐਸੋਸੀਏਸ਼ਨ ਬੀ. ਸੀ. ਦੀ ਭਾਰਤੀ ਕਮਿਊਨਿਟੀ ਵਿਚ ਬਹੁਤੇ ਥੋੜ੍ਹੇ ਸਮੇਂ ਵਿਚ ਹੀ ਕਾਫ਼ੀ ਜਾਣੀ ਜਾਣ ਲੱਗੀ। ਇਹਦੇ ਵਲੋਂ ਪ੍ਰਕਾਸ਼ਤ ਕੀਤਾ ਜਾਂਦਾ ਪੰਦਰਾਂ-ਰੋਜ਼ਾ ਸੰਦੇਸ਼ ਸਿੱਖ ਕਾਮਿਆਂ ਨੂੰ ਹਰ ਥਾਂ ਪੜ੍ਹ ਕੇ ਸੁਣਾਇਆ ਜਾਂਦਾ ਸੀ ਅਤੇ ਹਰ ਕੋਈ ਇਸ ਨੂੰ ਬੇਸਬਰੀ ਨਾਲ ਉਡੀਕਦਾ ਸੀ। ਐਤਵਾਰ ਨੂੰ

ਗੁਰਦੁਆਰੇ ਹੁੰਦੀਆਂ ਇਸ ਸੰਸਥਾ ਦੀਆਂ ਮੀਟਿੰਗਾਂ ਵਿਚ ਹਮੇਸ਼ਾਂ ਭੀੜ ਰਹਿੰਦੀ। ਉੱਭਰ ਰਹੇ ਨੌਜਵਾਨ ਕਵੀ ਆਪਣੀਆਂ ਕਵਿਤਾਵਾਂ ਪੜ੍ਹਦੇ ਅਤੇ ਨਵੇਂ ਅਤੇ ਪੁਰਾਣੇ ਗੀਤ ਗਾਉਂਦੇ। ਬਲਵੰਤ ਸਿੰਘ ਮੌਕੇ ਦੀਆਂ ਖ਼ਾਸ ਖ਼ਾਸ ਘਟਨਾਵਾਂ ਬਾਰੇ ਗੱਲਬਾਤ ਕਰਦਾ ਅਤੇ ਮਲੂਕੇ ਦੀ ਵਿਸ਼ੇਸ਼ਤਾ ਮਹਾਨ ਵਿਅਕਤੀਆਂ ਦੀਆਂ ਜੀਵਨੀਆਂ ਸੰਖੇਪ ਕਰਕੇ ਦੱਸਣ ਵਿਚ ਸੀ। ਉਹ ਉਹਨਾਂ ਲੋਕਾਂ ਬਾਰੇ ਦੱਸਦਾ ਜਿਹਨਾਂ ਨੇ ਇਤਿਹਾਸ ਨੂੰ ਘੜਨ ਵਿਚ ਹਿੱਸਾ ਪਾਇਆ ਸੀ, ਜਿਵੇਂ ਰੂਸੋ, ਵੌਲਟੇਅਰ, ਟੌਮ ਪੇਨ, ਮਾਜ਼ੀਨੀ, ਗੈਰੀਬਾਲਦੀ, ਮਾਰਕਸ, ਲੈਨਿਨ।

ਕਮਿਊਨਿਟੀ ਵਿਚਲੇ ਪੁਰਾਣੇ ਕੱਟੜ ਖ਼ਿਆਲਾਂ ਵਾਲੇ ਲੋਕ ਨੌਜਵਾਨਾਂ ਦੀ ਪੱਛਮੀ ਸੋਚ ਵਲ ਵਧਦੀ ਰੁਚੀ ਤੋਂ ਖ਼ੁਸ਼ ਨਹੀਂ ਸਨ। ਉਹ ਮਹਿਸੂਸ ਕਰਦੇ ਸਨ ਕਿ ਇਹ ਜ਼ਿਆਦਾ ਪਦਾਰਥਵਾਦੀ ਸੋਚ ਸੀ ਅਤੇ ਕਈ ਇਹਨੂੰ ਅਰਾਜਕਤਾਵਾਦੀ ਨਾਸਤਿਕਤਾ ਵੀ ਕਹਿੰਦੇ ਸਨ। ਪਰ ਉਹ ਆਪ ਅਜੇ ਅਕਾਲ ਤਖ਼ਤ ਦੇ ਸੱਦੇ ਉੱਤੇ ਕੈਨੇਡੀਅਨ ਅਕਾਲੀ ਜਥਾ ਭੇਜਣ ਦੇ ਆਹਰ ਵਿਚ ਹੀ ਰੁੱਝੇ ਹੋਏ ਸਨ। ਗਿਆਰਾਂ ਗੁਰਸਿੱਖ ਖ਼ਾਲਸੇ ਦੀ ਪੁਰਾਣੀ ਕੁਰਬਾਨੀ ਦੀ ਰੀਤ ਮੁਤਾਬਕ ਜਾਣ ਲਈ ਤਿਆਰ ਹੋਏ ਸਨ ਅਤੇ ਕਾਫ਼ੀ ਸਾਰਾ ਚੰਦਾ ਵੀ ਇਕੱਠਾ ਕੀਤਾ ਗਿਆ ਸੀ।

ਇਕ ਐਤਵਾਰ ਦੀ ਸ਼ਾਮ ਨੂੰ ਉਹਨਾਂ ਦੀ ਸ਼ਾਨ ਵਿਚ ਕੀਤੇ ਸਮਾਗਮ ਦੀ ਸਮਾਪਤੀ ਤੋਂ ਬਾਅਦ ਜਥੇ ਦੇ ਫੁੱਲਾਂ ਦੇ ਹਾਰ ਪਾਏ ਗਏ ਅਤੇ ਉਹਨਾਂ ਦੀਆਂ ਗੁਰਦਵਾਰੇ ਦੀਆਂ ਪੌੜੀਆਂ ਉੱਤੇ ਖੜੇ ਕਰਾਕੇ ਸੰਗਤ ਨਾਲ ਤਸਵੀਰਾਂ ਲਈਆਂ ਗਈਆਂ ਅਤੇ ਉਹਨਾਂ ਨੂੰ ਸ਼ਾਨ ਨਾਲ ਤੋਰਿਆ ਗਿਆ।

ਜਥੇ ਦੇ ਜਾਣ ਬਾਅਦ ਕੱਟੜ ਖ਼ਿਆਲਾਂ ਵਾਲੇ ਬਜ਼ੁਰਗ ਨੌਜਵਾਨਾਂ ਵਲ ਧਿਆਨ ਦੇਣ ਲਈ ਵਿਹਲੇ ਹੋ ਗਏ ਸਨ ਜਿਨ੍ਹਾਂ ਨੂੰ ਉਹ ਕਹਿੰਦੇ ਸਨ ਕਿ ਪੱਛਮ ਦੇ ਪ੍ਰਭਾਵ ਥੱਲੇ ਆ ਰਹੇ ਸਨ।

"ਹਰ ਐਤਵਾਰ", ਹੀਰਾ ਸਿੰਘ ਨੇ ਮਲੂਕੇ ਵਲ ਉਂਗਲੀ ਸੇਧਦਿਆਂ ਕਿਹਾ, "ਤੂੰ ਇਥੇ ਖੜ੍ਹ ਕੇ ਕਿਸੇ ਨਾ ਕਿਸੇ ਯੂਰਪੀਅਨ ਚਿੰਤਕ ਦੀ ਵਡਿਆਈ ਕਰਦਾ ਰਹਿੰਨਾਂ। ਕੀ ਕੋਈ ਵੀ ਭਾਰਤੀ ਇਹੋ ਜਿਹਾ ਨਹੀਂ ਜਿਹੜਾ ਤੇਰੀ ਇਸ ਖ਼ਾਸ ਵਡਿਆਈ ਦਾ ਪਾਤਰ ਬਣ ਸਕੇ?"

ਮਲੂਕੇ ਨੇ ਜਵਾਬ ਦਿੱਤਾ, "ਮਹਾਨ ਆਦਮੀ ਤਾਂ ਸਾਰੀ ਮਨੁੱਖਤਾ ਦੇ ਸਾਂਝੇ

ਹੁੰਦੇ ਹਨ। ਉਹਨਾਂ ਲਈ ਕੋਈ ਪੂਰਬ ਜਾਂ ਪੱਛਮ ਨਹੀਂ ਹੁੰਦਾ। ਉਹਨਾਂ ਨੇ ਤਾਂ ਮਨੁੱਖਤਾ ਦੀ ਸੇਵਾ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਸਾਰਿਆਂ ਨੇ ਹੀ ਉਹਨਾਂ ਦੇ ਖ਼ਿਆਲਾਂ ਅਤੇ ਕੰਮਾਂ ਤੋਂ ਲਾਭ ਉਠਾਇਆ ਹੈ।

"ਪਰ ਤੂੰ ਵਿਗਿਆਨ ਅਤੇ ਪਦਾਰਥਕ ਤਰੱਕੀ ਨੂੰ ਬਹੁਤ ਮਹੱਤਤਾ ਦੇ ਰਿਹਾਂ", ਵਿਦਵਾਨ ਗਿਆਨ ਚੰਦ ਨੇ ਕਿਹਾ, "ਕੀ ਇਹਨਾਂ ਤੋਂ ਪਰ੍ਹੇ ਕੁਝ ਵੀ ਨਹੀਂ? ਪੱਛਮ ਨੇ ਪਦਾਰਥਕ ਤੌਰ ਉੱਤੇ ਕਾਫ਼ੀ ਤਰੱਕੀ ਕੀਤੀ ਹੈ, ਇਹ ਵਧੀਆ ਗੱਲ ਹੈ। ਪਰ ਇਹ ਸਭ ਕੁਝ ਤਾਂ ਹੁਣੇ ਹੀ ਗਲਣਾ ਸੜਨਾ ਸ਼ੁਰੂ ਹੋ ਗਿਆ ਹੈ।"

"ਹੋ ਸਕਦਾ ਹੈ ਕਿ ਜ਼ਿੰਦਗੀ ਵਿਚ ਵਿਗਿਆਨ ਤੇ ਤਰਕ ਤੋਂ ਬਿਨਾਂ ਵੀ ਕਈ ਕੁਝ ਹੋਵੇ", ਮਲੂਕੇ ਨੇ ਜਵਾਬ ਚਿੱਤਾ, "ਪਰ ਇਹਨਾਂ ਦੋਹਾਂ ਨੇ ਆਦਮੀ ਨੂੰ ਕਿੰਨੇ ਵਹਿਮਾਂ-ਭਰਮਾਂ ਅਤੇ ਬੰਦਸ਼ਾਂ ਤੋਂ ਆਜ਼ਾਦ ਕਰਵਾਇਆ ਹੈ। ਸਾਨੂੰ ਇਹਨਾਂ ਦੀ ਬਹੁਤ ਲੋੜ ਹੈ। ਇਹ ਵੀ ਇਕ ਤਰ੍ਹਾਂ ਨਾਲ ਅਧਿਆਤਮਿਕ ਤਾਕਤ ਹੀ ਹੈ, ਕਿਉਂਕਿ ਇਹ ਇਹੋ ਜਿਹਾ ਆਧਾਰ ਕਾਇਮ ਕਰਦੀਆਂ ਹਨ ਜਿਹਦੇ ਵਿਚ ਸਭ ਦੀ ਅਧਿਆਤਮਿਕ ਤਰੱਕੀ ਸੰਭਵ ਹੈ।"

ਇਸ ਤੋਂ ਬਾਅਦ ਜਿਹੜੀ ਬਹਿਸ ਹੋਈ ਕਾਫ਼ੀ ਗਰਮ-ਗਰਮ ਸੀ, ਉਹਦੇ ਵਿਚ ਹੋਸ਼ ਨਾਲੋਂ ਜੋਸ਼ ਤੋਂ ਜ਼ਿਆਦਾ ਕੰਮ ਲਿਆ ਗਿਆ ਸੀ। ਇਸ ਗੱਲ ਦਾ ਫ਼ੈਸਲਾ ਹੋਇਆ ਕਿ ਭਾਰਤ ਦਾ ਵਿਰਸਾ ਅਧਿਆਤਮਿਕ ਕਦਰਾਂ-ਕੀਮਤਾਂ ਵਿਚ ਕਾਫ਼ੀ ਅਮੀਰ ਸੀ, ਪਰ ਇਕ ਆਮ ਆਦਮੀ ਦੀਆਂ ਪਦਾਰਥਕ ਲੋੜਾਂ ਪੂਰੀਆਂ ਕਰਨ ਲਈ ਵਿਗਿਆਨ ਅਤੇ ਤਕਨਾਲੋਜੀ ਜ਼ਰੂਰੀ ਸਨ ਤਾਂ ਕਿ ਉਹ ਵੀ ਰੂਹ ਅਤੇ ਦਿਮਾਗ਼ ਦੀਆਂ ਖ਼ੁਸ਼ੀਆਂ ਮਾਣਨ ਯੋਗ ਹੋ ਸਕੇ। ਇਹ ਮਹਿਸੂਸ ਕੀਤਾ ਗਿਆ ਕਿ ਜ਼ਿੰਦਗੀ ਨੂੰ ਅਮੀਰ ਬਣਾਉਣ ਲਈ ਦੋਹਾਂ ਦੇ ਸੁਮੇਲ ਦੀ ਲੋੜ ਸੀ।

37

ਮਲੂਕਾ ਅਕਸਰ ਆਪਣੇ ਸਕੂਲ ਦੇ ਖ਼ੁਸ਼ ਦਿਨਾਂ ਨੂੰ ਯਾਦ ਕਰਦਾ ਜਿਹੜੇ ਕਿ ਅਜੇ ਉਹਦੇ ਦਿਮਾਗ਼ ਵਿਚ ਤਾਜ਼ੇ ਸਨ। ਉਹ ਕਿੰਨਾ ਖ਼ੁਸ਼ਕਿਸਮਤ ਸੀ ਕਿ ਉਹਦੀਆਂ ਨਵੀਂ ਚੁਨੀਆਂ ਨਾਲ ਵਾਕਫ਼ੀ ਸਧਾਰਨ ਘਰਾਂ ਦੇ ਮੁੰਡੇ ਕੁੜੀਆਂ ਰਾਹੀਂ ਪਈ ਸੀ। ਮੁੰਡੇ ਕੁੜੀਆਂ ਜਿਹੜੇ ਕੈਨੇਡਾ ਦੇ ਭਵਿੱਖਵਰਤੀ ਨਾਗਰਿਕ ਸਨ, ਖੁੱਲ੍ਹੇ ਸੁਭਾਵਾਂ ਵਾਲੇ, ਜ਼ਿੰਦਗੀ ਦੀਆਂ ਖ਼ੁਸ਼ੀਆਂ ਨਾਲ ਭਰਪੂਰ ਅਤੇ ਅਜੇ ਜ਼ਿੰਦਗੀ ਦੇ ਝੁਮੇਲਿਆਂ ਤੋਂ ਨਾਵਾਕਿਫ਼।

ਆਪਣੀ ਝੁੱਗੀ ਵਿਚ ਇਕੱਲਾ ਬੈਠਾ ਉਹ ਅਕਸਰ ਉਹਨਾਂ ਬਾਰੇ ਸੋਚਦਾ ਰਹਿੰਦਾ। ਉਹਨਾਂ ਦੇ ਸਾਊ ਚਮਕੀਲੇ ਚਿਹਰੇ ਉਹਦੀਆਂ ਅੱਖਾਂ ਅੱਗੋਂ ਲੰਘ ਜਾਂਦੇ। ਉਹਨਾਂ ਵਿਚੋਂ ਕਈਆਂ ਨੂੰ ਉਹ ਮੋਹ ਨਾਲ ਯਾਦ ਕਰਦਾ ਅਤੇ ਲੰਮਾਂ ਸਮਾਂ ਅੱਖਾਂ ਅੱਗੇ ਰੱਖਣਾ ਚਾਹੁੰਦਾ। ਉਹ ਕੀ ਕਰਦੇ ਹੋਣਗੇ? ਉਹਦੇ ਸਾਰੇ ਮਿਲਾਪੜੇ ਜਮਾਤੀ ਸਭ ਇੱਧਰ ਉੱਧਰ ਵਿੱਖਰ ਗਏ ਸਨ।

ਉਹਨਾਂ 'ਚੋਂ ਕਈਆਂ ਨੂੰ ਯੂਨੀਵਰਸਿਟੀ ਵਿਚ ਮਿਲ ਕੇ ਉਹ ਖ਼ੁਸ਼ ਸੀ। ਪਰ ਉਹਨਾਂ 'ਚੋਂ ਬਹੁਤੇ ਜ਼ਿੰਦਗੀ ਵਿਚ ਰੁੱਝ ਗਏ ਸਨ। ਆਪਣੀ ਰੋਜ਼ੀ ਕਮਾਉਣ ਲੱਗ ਪਏ ਸਨ। ਕਲੇਅਰੈਂਸ 'ਰੋਜ਼ਾਨਾ ਪਰੌਵਿੰਸ' ਵਿਚ ਅਖ਼ਬਾਰ ਵੰਡਣ ਵਾਲਿਆਂ ਦਾ ਸਰਦਾਰ ਸੀ। ਛੋਟਾ, ਦਾਗ਼ਾਂ ਵਾਲੇ ਮੂੰਹ ਵਾਲਾ ਡਗਲਸ ਲੂਲੂ ਆਈਲੈਂਡ 'ਤੇ ਖਾਣਾ ਡੱਬਿਆਂ ਵਿਚ ਪਾਉਣ ਵਾਲੇ ਇਕ ਕਾਰਖ਼ਾਨੇ ਵਿਚ ਕੰਮ ਕਰਦਾ ਸੀ। ਸੁਹਣੇ ਗੁੰਦਵੇਂ ਸਰੀਰ ਵਾਲਾ ਜੈਕ ਫਰੇਜ਼ਰ ਉੱਤੇ ਇਕ ਸਿੰਗਲ ਮਿੱਲ ਵਿਚ ਕੰਮ ਕਰਦਾ ਸੀ। ਲਾਲ ਵਾਲਾਂ ਵਾਲੀ ਸ਼ਰਾਰਤੀ ਰੋਜ਼ ਇਕ ਕੈਂਡੀ-ਸ਼ਾਪ ਵਿਚ ਸੀ। ਬਾਰਬਰਾ, ਜਿਹੜੀ ਆਪਣੀਆਂ ਖ਼ਰਬੂਜ਼ਿਆਂ ਵਰਗੀਆਂ ਛਾਤੀਆਂ ਬਾਰੇ ਬੜੀ ਸੁਚੇਤ ਹੁੰਦੀ ਸੀ, ਔਰਤਾਂ ਦੇ ਕੱਪੜਿਆਂ ਦੀ ਦੁਕਾਨ ਵਿਚ ਕੰਮ ਕਰਦੀ ਸੀ। ਅਤੇ ਛੋਟੀ ਜਿਹੀ ਸ਼ਰਮਾਕਲ ਜੀਨ ਆਪਣੇ ਪਿਉ ਨਾਲ 'ਗਰੌਸਰੀ-ਸਟੋਰ' ਵਿਚ ਮਦਦ ਕਰਾਉਂਦੀ ਸੀ।

ਪਰ ਮਲੂਕੇ ਨੂੰ ਜੋ ਉਹਦੇ ਬਹੁਤ ਨੇੜੇ ਹੁੰਦੀ ਸੀ, ਉਸ ਬਾਰੇ ਕੁਝ ਨਹੀਂ ਸੀ ਪਤਾ। ਡੌਰਿਸ ਰੌਕੀ ਪਹਾੜਾਂ ਤੋਂ ਪਰਾਂਹ, ਬਹੁਤ ਦੂਰ ਸੀ ਅਤੇ ਪਹਾੜਾਂ ਨਾਲੋਂ ਵੀ ਕਈ ਕੁਝ ਵਾਧੂ ਉਹਨਾਂ ਵਿਚਾਲੇ ਖੜ੍ਹਾ ਸੀ। ਭੂਗੋਲਿਕ ਦੂਰੀ ਤੋਂ ਵੀ ਵੱਧ ਉਹਨਾਂ

ਵਿਚਕਾਰ ਇਕ ਚੁੱਪ ਦੀ ਕੰਧ ਉੱਸਰ ਗਈ ਸੀ। ਪਰ ਇਹ ਚੁੱਪ ਦੀ ਕੰਧ ਵੀ ਇਕ ਦੂਜੇ ਨੂੰ ਮਖ਼ੌਲ ਕਰਨ, ਅਤੇ ਤੰਗ ਕਰਨ ਦੀਆਂ ਸੁਹਾਵਣੀਆਂ ਯਾਦਾਂ ਨਾਲ ਸਦਾ ਜਿਉਂਦੀ ਰਹਿੰਦੀ। ਉਹਦੇ ਮੋਢਿਆਂ ਉੱਪਰ ਉਤੇਜਨਾ ਭਰਪੂਰ ਪਲ੍ਹਮਦੇ ਕਾਲੇ ਸ਼ਾਹ ਵਾਲ, ਪਿਆਰ-ਭਰੀ ਗੁੱਝੀ ਤੱਕਣੀ, ਸੰਗ ਨਾਲ ਲਾਲ ਸੁਹਾ ਚਿਹਰਾ, ਸੁਖਾਵੀਂ ਅਤੇ ਹੌਂਸਲੇ ਭਰਪੂਰ ਅਵਾਜ਼, ਨਾੜਾਂ ਵਿਚ ਕੰਬਣੀ ਛੇੜਨ ਵਾਲੀ ਉਹਦੇ ਹੱਥਾਂ ਦੀ ਨਰਮ ਅਤੇ ਨਿੱਘੀ ਛੁਹ, ਹਰੀਆਂ ਝਾੜੀਆਂ ਨਾਲ ਘਿਰੀ ਗੋਲ ਪੱਥਰਾਂ ਦੀ ਬਣੀ ਸੜਕ ਉੱਪਰ ਲੰਬੀ ਸੈਰ—ਇਹ ਸਭ ਕੁਝ ਮਲ੍ਹਕੇ ਨੂੰ ਕੱਲ੍ਹ ਦੀ ਗੱਲ ਜਾਪਦੀ।

ਮਈ ਵਿਚ ਇਕ ਸ਼ਨਿਚਰਵਾਰ ਸ਼ਾਮ ਨੂੰ ਮਲ੍ਹਕੇ ਨੇ ਦਰਿਆ ਵਲ ਤੇਜ਼ ਕਦਮੀਂ ਤੁਰੀ ਆਉਂਦੀ ਇਕ ਕੁੜੀ ਨੂੰ ਦੇਖਿਆ, "ਕੀ ਇਹ ਡੌਰਿਸ ਹੋ ਸਕਦੀ ਹੈ?" ਉਹਨੇ ਸੋਚਿਆ, "ਜਾਂ ਕੀ ਇਹ ਇਕ ਜਵਾਨ ਇਕੱਲੇ ਆਦਮੀ ਦਾ ਸੁਪਨਾ ਹੀ ਸੀ ਜਿਹੜਾ ਅਸਲੀਅਤ ਜਾਪ ਰਿਹਾ ਸੀ।"

ਉਹ ਛੇਤੀ ਹੀ ਝੁੱਗੀ ਕੋਲ ਪਹੁੰਚ ਗਈ। ਇਕ ਨਿੱਘੀ ਘੁੱਟਵੀਂ ਗਲਵਕੜੀ ਨੇ ਉਹਨੂੰ ਯਕੀਨ ਦੁਆਇਆ ਕਿ ਇਹ ਕੋਈ ਸੁਪਨਾ ਨਹੀਂ, ਸਗੋਂ ਹਕੀਕਤ ਸੀ। ਅਤੇ ਉਹਦੇ ਬੁੱਲ੍ਹਾਂ ਦੀ ਨਿੱਘੀ ਸੰਘਣੀ ਛੁਹ ਅਤੇ ਉਹਦੀਆਂ ਸਾਊ ਅੱਖਾਂ ਵਿਚਲੀ ਚਮਕ ਨੇ ਇੰਨਾ ਕੁਝ ਕਹਿ ਦਿੱਤਾ ਸੀ ਜੋ ਲਫ਼ਜ਼ਾਂ ਰਾਹੀਂ ਕਹਿਣਾ ਸੰਭਵ ਨਹੀਂ।

"ਯਕੀਨ ਨਹੀਂ ਆ ਰਿਹਾ ਕਿ ਤੂੰ ਸੱਚ ਮੁੱਚ ਇੱਥੇਂ ਏਂ", ਮਲ੍ਹਕੇ ਨੇ ਖ਼ੁਸ਼ੀ ਨਾਲ ਉਹਦੀਆਂ ਅੱਖਾਂ ਵਿਚ ਝਾਕਦਿਆਂ ਅਤੇ ਹੌਲੀ ਹੌਲੀ ਉਹਦੇ ਸੰਘਣੇ ਕਾਲੇ ਵਾਲਾਂ, ਜਿਹੜੇ ਸੂਰਜ ਦੀਆਂ ਆਖ਼ਰੀ ਕਿਰਨਾਂ ਨਾਲ ਚਮਕ ਰਹੇ ਸਨ, ਵਿਚ ਹੱਥ ਫੇਰਦਿਆਂ ਕਿਹਾ।

"ਮਲ੍ਹਕਿਆ, ਤੈਨੂੰ ਦੋਬਾਰਾ ਮਿਲ ਕੇ ਬਹੁਤ ਸੁਹਣਾ ਲੱਗ ਰਿਹੈ।"

"ਤੂੰ ਤਾਂ ਕਦੀ ਖ਼ਤ ਵੀ ਨਹੀਂ ਲਿਖਿਆ। ਮੈਂ ਹੈਰਾਨ ਸੀ ਕਿ ਪਤਾ ਨਹੀਂ ਤੈਨੂੰ ਕੀ ਹੋ ਗਿਆ? ਮੈਨੂੰ ਤਾਂ ਡਰ ਸੀ ਕਿ ਸ਼ਾਇਦ ਮੈਂ ਤੈਨੂੰ ਮੁੜ ਕੇ ਮਿਲਣਾ ਹੀ ਨਹੀਂ। ਪਰ ਜੋ ਕੁਝ ਵੀ ਤੇਰਾ ਮੇਰੇ ਦਿਲ ਕੋਲ ਸੀ ਮੈਂ ਉਹਦਾ ਪੱਲਾ ਨਹੀਂ ਛੱਡਿਆ।"

"ਤੈਨੂੰ ਕਿੱਥੇ ਲਿਖਦੀ? ਤੂੰ ਇੱਥੇ ਇਸ ਉਜਾੜ ਵਿਚ ਇਕੱਲਾ ਰਹਿਨਾਂ।

ਹਰ ਪਾਸੇ ਪਈ ਸੁਆਹ ਤੇ ਕੋਲੇ ਚੇਖ ਕੇ ਏਦਾਂ ਲੱਗਦਾ ਜਿਵੇਂ ਇਹ ਇਕ ਵੱਡਾ ਸਾਰਾ ਸ਼ਮਸ਼ਾਨਘਾਟ ਹੋਵੇ।"

"ਮੇਰੀ ਡਾਕ ਗੁਰਦੁਆਰੇ ਆਉਂਦੀ ਹੈ। ਉੱਥੇ ਹੁਣ ਮੇਰਾ ਪੁਰਾਣਾ ਭਾਈਵੰਦ ਨੱਥਾ ਸਿੰਘ ਗ੍ਰੰਥੀ ਹੈ, ਉਹ ਮੇਰੀ ਡਾਕ ਮੇਰੇ ਤਕ ਝੱਟ ਪਹੁੰਚਾ ਦਿੰਦਾ ਹੈ।"

"ਮੈਂ ਵੈਨਕੂਵਰ ਆਪਣੇ ਚਾਚੇ ਕੋਲ ਛੁੱਟੀਆਂ ਕੱਟਣ ਆਈ ਹਾਂ। ਮੈਂ ਤੇਰੇ ਨਾਲ ਕਿਵੇਂ ਸੰਪਰਕ ਕਰਦੀ? ਇੱਥੇ ਤਾਂ ਤੈਨੂੰ ਪੁਲੀਸ ਵੀ ਨਹੀਂ ਭਾਲ ਸਕਦੀ। ਮੈਂ ਤਾਂ ਉੱਦਾਂ ਹੀ ਇੱਧਰ ਨੂੰ ਆ ਗਈ। ਤੂੰ ਤਾਂ ਰੌਬਿਨਸਨ ਕਰੂਸੋ ਦੀ ਤਰ੍ਹਾਂ ਏਂ, ਸਭਿਅਤਾ ਦੇ ਕੰਢੇ ਉੱਤੇ ਜੀ ਰਿਹਾ ਏਂ।"

"ਪਰ ਮੇਰੇ ਕੋਲ ਚਲਦਾ ਪਾਣੀ ਹੈ, ਅੱਗ ਬਾਲਣ ਲਈ ਲੱਕੜੀ ਅਤੇ ਰਹਿਣ ਲਈ ਮੁਫ਼ਤ ਦੀ ਝੁੱਗੀ। ਨਾਲੇ ਮਰੀਨ ਡਰਾਈਵ ਉੱਤੇ ਰਹਿਣ ਵਾਲੇ ਅਮੀਰਜ਼ਾਦੇ ਖ਼ੁਸ਼ ਹਨ ਕਿ ਉਹਨਾਂ ਦੀ ਰਾਖੀ ਲਈ ਇਕ ਮੁਫ਼ਤ ਦਾ ਚੌਂਕੀਦਾਰ ਹੈ।"

"ਕੀ ਤੈਨੂੰ ਇਕੱਲੇ ਨੂੰ ਇੱਥੇ ਡਰ ਨਹੀਂ ਲੱਗਦਾ?"

"ਨਹੀਂ! ਮੈਂ ਦਰਿਆ ਨੂੰ ਪਿਆਰ ਕਰਦਾ ਹਾਂ। ਹਰ ਪਲ ਨਵਾਂ ਪਾਣੀ, ਪਰ ਦਰਿਆ ਉਹੀ ਦਾ ਉਹੀ। ਇਹਨੂੰ ਚਾਹੁਣ ਲੱਗ ਜਾਣਾ ਬੜਾ ਸੁਖਾਲਾ ਹੈ। ਹਮੇਸ਼ਾਂ ਹੀ ਇਕ ਸੁਹਾਵਣਾ ਦ੍ਰਿਸ਼। ਆ ਮੇਰੇ ਨਾਲ ਇੱਥੇ ਬੈਂਚ ਉੱਤੇ ਬੈਠ ਅਤੇ ਇਹਨੂੰ ਦੋਸਤਾਂ ਦੇ ਮਿਲਣ ਦੀ ਖ਼ੁਸ਼ੀ ਵਾਂਗ ਵਹਿੰਦਾ ਦੇਖ।"

"ਤੂੰ ਤਾਂ ਜਦੋਂ ਇੱਥੇ ਇਕੱਲਾ ਹੁੰਦਾ ਏਂ ਤਾਂ ਕਵਿਤਾ ਲਿਖਿਆ ਕਰ।"

"ਪਰ ਮੈਂ ਇੱਥੇ ਇਕੱਲਾ ਨਹੀਂ ਹੁੰਦਾ। ਇਹ ਥਾਂ ਮੇਰੇ ਲਈ ਯਾਦਾਂ ਦਾ ਭੰਡਾਰ ਹੈ। ਤੂੰ ਹਮੇਸ਼ਾਂ ਏਥੇ ਹੁੰਦੀ ਏਂ, ਜ਼ਿੰਦਗੀ ਵਾਂਗ ਨਿੱਘੀ, ਫੁੱਲਾਂ ਵਾਂਗ ਤਾਜ਼ੀ।"

"ਤੂੰ ਤਾਂ ਜ਼ਰੂਰ ਹੀ ਕਵਿਤਾ ਲਿਖਿਆ ਕਰ।"

ਬੈਂਚ ਉੱਤੇ ਬੈਠੇ ਉਹ ਦਰਿਆ ਨੂੰ ਕਿੰਨੀ ਦੂਰ ਤਕ ਦੇਖ ਸਕਦੇ ਸਨ। ਦਰਿਆਓਂ ਪਾਰ ਲੂਲੂ ਆਈਲੈਂਡ ਦਾ ਹਰਾ ਪੱਧਰਾ ਮੈਦਾਨ ਦਿਸਹੱਦੇ ਤਕ ਪਹੁੰਚਦਾ ਪ੍ਰਤੀਤ ਹੁੰਦਾ ਸੀ।

ਉਹਨਾਂ ਦੇ ਪਿੱਛੇ ਪਹਾੜਾਂ ਉਹਲੇ ਸੂਰਜ ਛਿਪ ਰਿਹਾ ਸੀ ਅਤੇ ਦਰਿਆ ਦਾ ਮੀਂਹਾਂ ਨਾਲ ਚੜ੍ਹਿਆ ਮਿਟਿਆਲਾ ਪਾਣੀ ਹਲਕੀ ਅਸਮਾਨੀ ਭਾਹ ਮਾਰ ਰਿਹਾ ਸੀ। ਪਾਣੀ ਨਾਲ ਖੁਰੇ ਕੰਢਿਆਂ ਵਿਚ ਪਾਣੀ ਦੀਆਂ ਘੁੰਮਣ-ਘੇਰੀਆਂ

ਬਣਦੀਆਂ ਅਤੇ ਗਿੱਲੀ ਮਿੱਟੀ ਨਾਲ ਮਲਕੜੇ ਜਿਹੇ ਟਕਰਾਉਂਦੀਆਂ ਜਾਂ ਕੰਢਿਆਂ ਉੱਤੇ ਉੱਗੀਆਂ ਝਾੜੀਆਂ ਨਾਲ ਖਹਿ ਕੇ ਕਲ-ਕਲ ਦੀਆਂ ਅਵਾਜ਼ਾਂ ਪੈਦਾ ਕਰਦੀਆਂ। ਪੰਛੀ ਆਪਣੇ ਆਲ੍ਹਣਿਆਂ ਨੂੰ ਮੁੜਨ ਲੱਗ ਪਏ ਸਨ ਅਤੇ ਹਰ ਚੀਜ਼ ਉੱਪਰ ਚੁੱਪ ਪਸਰ ਰਹੀ ਸੀ।

"ਯੂਨੀਵਰਸਿਟੀ ਕਿਵੇਂ ਹੈ ਮਲੂਕੇ ? ਕੀ ਤੂੰ ਉੱਥੇ ਵੀ ਕੁੜੀਆਂ ਵਿਚ ਉੱਨਾ ਹੀ ਹਰਮਨ ਪਿਆਰਾ ਏਂ ਜਿੰਨਾ ਸਕੂਲ ਵਿਚ ਸੀ ?" ਉਹਨੇ ਸ਼ਰਾਰਤ ਨਾਲ ਪੁੱਛਿਆ।

"ਕਾਫ਼ੀ ਦਿਲਚਸਪ ਹੈ। ਸਾਡੀ ਇਕ ਬਹੁਤ ਹੀ ਸੁਹਣੀ ਫ਼ਰਾਂਸੀਸੀ ਅਧਿਆਪਕਾ ਹੈ ਜਿਹਦੇ ਕਾਲੇ ਗੁੰਦੇ ਹੋਏ ਵਾਲ, ਕਾਲੀਆਂ ਚਮਕੀਲੀਆਂ ਅੱਖਾਂ, ਚਿੱਟੇ ਮੋਤੀਆਂ ਵਾਂਗ ਜੜੇ ਹੋਏ ਦੰਦ ਹਨ ਅਤੇ ਜਦੋਂ ਮੁਸਕਰਾਉਂਦੀ ਹੈ ਤਾਂ ਗੱਲ੍ਹਾਂ 'ਚ ਡੂੰਘੇ ਟੋਏ ਪੈਂਦੇ ਹਨ।"

"ਮੈਨੂੰ ਪੂਰਾ ਯਕੀਨ ਹੈ ਕਿ ਉਹ ਮੇਰੇ ਨਾਲੋਂ ਵਧੀਆ ਅਧਿਆਪਕਾ ਹੋਣੀ ਆਂ।"

"ਪਰ ਉਹ ਤੇਰੇ ਵਾਂਗ ਸ਼ਰਮਾਉਂਦੀ ਨਹੀਂ। ਨਾ ਹੀ ਮੈਨੂੰ ਪਤਾ ਹੈ ਕਿ ਉਹ ਕਿੰਨੀ ਕੁ ਨਿੱਘੀ ਹੈ। ਪਰ ਮੈਨੂੰ ਇੰਨਾ ਯਕੀਨ ਜ਼ਰੂਰ ਹੈ ਕਿ ਤੂੰ ਉਸ ਦੀ ਸਭ ਤੋਂ ਵਧੀਆ ਵਿਦਿਆਰਥਣ ਹੋਣਾ ਸੀ।"

"ਮਲੂਕੇ, ਮੇਰਾ ਯੂਨੀਵਰਸਿਟੀ ਜਾਣਾ ਸੰਭਵ ਨਹੀਂ ਲੱਗਦਾ। ਔਰਤਾਂ ਦੇ ਕੱਪੜੇ ਦੀ ਦੁਕਾਨ ਉੱਤੇ ਕੱਪੜਾ ਵੇਚਣ ਵਾਲੀ ਕੁੜੀ ਕਿੰਨੇ ਕੁ ਪੈਸੇ ਬਚਾ ਸਕਦੀ ਹੈ ਭਾਵੇਂ ਉਹ ਆਪਣੇ ਘਰਦਿਆਂ ਨਾਲ ਹੀ ਕਿਉਂ ਨਾ ਰਹਿੰਦੀ ਹੋਵੇ ?"

"ਕੈਲਗਰੀ ਕਿਹੋ ਜਿਹਾ ਸ਼ਹਿਰ ਹੈ ?"

"ਬਹੁਤ ਸੁਹਣਾ ਨਿੱਕਾ ਜਿਹਾ। ਬਹੁਤੀਆਂ ਨੌਕਰੀਆਂ ਨਹੀਂ। ਖੁਲ੍ਹੇ ਮੈਦਾਨ ਹਨ ਪਰ ਰੌਕੀ ਪਹਾੜਾਂ ਤੋਂ ਇੰਨੀ ਦੂਰ ਵੀ ਨਹੀਂ। ਇਸ ਤਰ੍ਹਾਂ ਜਾਪਦਾ ਜਿਵੇਂ ਮੈਦਾਨ ਪਹਾੜਾਂ ਨੂੰ ਮਿਲਣ ਲਈ ਉਤਾਂਹ ਉੱਠ ਰਹੇ ਹੋਣ। ਹਵਾ ਵੀ ਬੜੀ ਸਾਫ਼ ਹੈ। ਕੀ ਤੂੰ ਕਦੀ ਮੈਨੂੰ ਮਿਲਣ ਆਵੇਂਗਾ-ਮੈਦਾਨਾਂ ਨੂੰ ਮਿਲਣ ਆਏ ਪਹਾੜਾਂ ਵਾਂਗ।"

"ਦੂਰ ਬਹੁਤ ਹੈ। ਪਰ ਕੌਣ ਜਾਣੇ ?"

"ਜੇ ਇੱਛਾ ਬਲਵਾਨ ਹੋਵੇ ਤਾਂ ਕੋਈ ਦਰ ਨਹੀਂ।"

"ਕੀ ਇੱਛਾ ਦਾ ਜ਼ੋਰ ਤੇਰੇ ਤੋਂ ਛੁਪਿਆ ਹੋਇਆ ਹੈ ?"

"ਤੂੰ ਕੀ ਬਣਨਾ ਚਾਹੁੰਦਾ ਏਂ ਮਲੂਕੇ ?"

"ਮੈਂ ਖਬਰੇ ਲੱਕੜਹਾਰਾ ਹੀ ਰਹਾਂ। ਮਿਸਟਰ ਮੈਕਫਾਰਲੈਂਡ ਕਹਿੰਦਾ ਹੈ ਕਿ ਮਜ਼ਦੂਰ ਜਮਾਤ ਨੂੰ ਜਥੇਬੰਦ ਕਰਨ ਲਈ ਬਹੁਤ ਵਧੀਆ ਮੌਕਾ ਹੈ। ਸਿਰਫ਼ ਇਹਦੇ ਨਾਲ ਹੀ ਦੁਨੀਆਂ ਵਿਚ ਇਨਸਾਫ਼ ਅਤੇ ਸ਼ਾਂਤੀ ਆ ਸਕਦੀ ਹੈ। ਇਕ ਜਮਾਤ-ਰਹਿਤ ਸਮਾਜ ਵਿਚ।"

"ਕਿਤੇ ਤੂੰ ਕਮਿਊਨਿਸਟ ਤਾਂ ਨਹੀਂ ਬਣਨਾ ?"

"ਉਹਦੇ ਵਿਚ ਵੀ ਕੀ ਮਾੜਾ ਹੈ ?"

"ਤੇਰੀ ਕਿਸੇ ਨੇ ਨਹੀਂ ਸੁਣਨੀ। ਇੱਥੇ ਤਾਂ ਹਰ ਕੋਈ ਪੂੰਜੀਵਾਦੀ ਬਣਨਾ ਚਾਹੁੰਦਾ ਹੈ।"

"ਪਰ ਮੈਂ ਇਕ ਪੂੰਜੀਵਾਦੀ ਨਹੀਂ ਬਣ ਸਕਦਾ।"

"ਤੂੰ ਤਾਂ ਵਕੀਲ ਜਾਂ ਪ੍ਰੋਫ਼ੈਸਰ ਬਣੇਂਗਾ। ਤੂੰ ਆਉਣ ਵਾਲੇ ਸਮੇਂ ਲੈਕਚਰ ਬਹੁਤ ਕਰਿਆ ਕਰੇਂਗਾ, ਇਹ ਮੈਂ ਤੈਨੂੰ ਯਕੀਨ ਨਾਲ ਦੱਸ ਸਕਦੀ ਹਾਂ।" ਇਹ ਕਹਿੰਦਿਆਂ ਉਹਨੇ ਜੋਸ਼ ਨਾਲ ਮਲੂਕੇ ਨੂੰ ਬੁੱਲ੍ਹਾਂ ਉੱਤੇ ਇਕ ਚੁੰਮਣ ਦਿੱਤਾ।

ਛੇਤੀ ਹੀ ਹਨੇਰੇ ਨੇ ਸਭ ਕੁਝ ਆਪਣੀ ਲਪੇਟ ਵਿਚ ਲੈ ਲਿਆ। ਇੱਧਰ ਉੱਧਰ ਕੁਝ ਇਕ ਤਾਰੇ ਮਿੰਨ੍ਹਾਂ ਮਿੰਨ੍ਹਾ ਚਮਕ ਰਹੇ ਸਨ, ਪਰ ਛੇਤੀ ਹੀ ਉਹ ਵੀ ਉੱਡਦੇ ਫਿਰਦੇ ਬੱਦਲਾਂ ਉਹਲੇ ਹੋ ਗਏ। ਦੂਰ ਲੂਲੂ ਆਈਲੈਂਡ ਉੱਤੇ ਇੱਕਾ ਦੁੱਕਾ ਕੁਝ ਬੱਤੀਆਂ ਜਗਦੀਆਂ ਸਨ। ਦਰਿਆ ਤੋਂ ਬਿਨਾਂ ਸਭ ਕੁਝ ਚੁੱਪ ਚਾਪ ਸੌਂ ਗਿਆ ਲੱਗਦਾ ਸੀ। ਚੁੱਪ ਅਤੇ ਹਨੇਰ ਨੇ ਉਹਨਾਂ ਨੂੰ ਇਕ ਦੂਜੇ ਦੇ ਹੋਰ ਨੇੜੇ ਲੈ ਆਂਦਾ। ਉਹਨਾਂ ਦੇ ਸਰੀਰ ਜ਼ਿੰਦਗੀ ਦੀਆਂ ਖ਼ੁਸ਼ੀਆਂ ਨਾਲ ਉਛਾਲੇ ਮਾਰ ਰਹੇ ਸਨ।

"ਕੀ ਇੱਥੇ ਤੇਰੇ ਕੋਲ ਕੋਈ ਬੱਤੀ ਵੀ ਨਹੀਂ ?" ਉਹਨੇ ਪੁੱਛਿਆ।

"ਤੈਨੂੰ ਬੱਤੀ ਕਾਹਦੇ ਲਈ ਚਾਹੀਦੀ ਹੈ ?"

"ਮੈਂ ਤੈਨੂੰ ਦੇਖਣਾ ਚਾਹੁੰਦੀ ਹਾਂ।"

"ਕੀ ਇਹ ਸਵਰਗੀ ਖ਼ੁਸ਼ੀ ਮਹਿਸੂਸ ਕਰਨੀ ਹੀ ਕਾਫ਼ੀ ਨਹੀਂ ?"

"ਮੈਂ ਛੇਵੇਂ ਚਾਹੁੰਦੀ ਹਾਂ। ਮੈਂ ਸਭ ਕੁਝ ਚਾਹੁੰਦੀ ਹਾਂ।"

"ਇੱਥੇ ਬਿਜਲੀ ਦੀਆਂ ਚਮਕੀਲੀਆਂ ਰੌਸ਼ਨੀਆਂ ਤਾਂ ਹੈ ਨਹੀਂ। ਇਸ

ਆਰਾਮ-ਦੇਹ ਝੌਂਪੜੀ ਵਿਚ ਸਿਰਫ਼ ਇਕ ਮਿੱਟੀ ਦੇ ਤੇਲ ਦਾ ਦੀਵਾ ਹੈ।"

"ਤੇ ਅਸੀਂ ਦੋਵੇਂ"

"ਤੇ ਅਸੀਂ ਦੋਵੇਂ ਜਿਵੇਂ ਇਕ ਹੋਈਏ।"

38

ਨੌਜਵਾਨ ਅਤੇ ਇਕੱਲੇ ਹੋਣਾ ਸਦਾ ਕੋਈ ਸਵਰਗੀ ਨਹੀਂ ਹੁੰਦਾ, ਪਰ ਤੁਰਨ ਫਿਰਨ ਲਈ ਜਾਂ ਨਵੀਂ ਜਗ੍ਹਾ ਸਥਾਪਤ ਹੋਣ ਲਈ ਇਹਦਾ ਬੜਾ ਫ਼ਾਇਦਾ ਸੀ। ਜ਼ਿੰਦਗੀ ਕਾਫ਼ੀ ਮੁਸ਼ਕਲ ਸੀ ਪਰ ਜੀਣ ਦਾ ਸੁਆਦ ਵੀ ਬੜਾ ਸੀ। ਕੋਈ ਸ਼ਾਂਤੀ ਨਹੀਂ ਸੀ, ਪਰ ਸ਼ਾਂਤੀ ਦੀ ਜ਼ਰੂਰਤ ਵੀ ਕਿਸ ਨੂੰ ਸੀ?

ਸਮਾਂ ਪੈਣ ਨਾਲ ਪੁਰਾਣੀ ਦੁਨੀਆਂ ਅਤੇ ਨਵੀਂ ਦੁਨੀਆਂ ਦੀਆਂ ਕਦਰਾਂ-ਕੀਮਤਾਂ ਵਿਚਾਲੇ ਵਿਰੋਧ ਤਿੱਖਾ ਹੋ ਗਿਆ। ਮਲੂਕੇ ਨੇ ਨਵੇਂ ਨੂੰ ਬੜੇ ਚਾਅ, ਜਵਾਨੀ ਦੇ ਜੋਸ਼ ਨਾਲ ਅਤੇ ਕਈ ਵਾਰ ਬੜਾ ਖ਼ੁਸ਼ ਹੋ ਕੇ ਅਪਣਾਇਆ। ਉਹ ਪਿਛਲੇ ਨਾਲ ਵੀ ਬਿਨਾਂ ਬਹੁਤੀ ਕੋਸ਼ਿਸ਼ ਦੇ ਕਾਫ਼ੀ ਮਜ਼ਬੂਤੀ ਨਾਲ ਜੁੜਿਆ ਰਿਹਾ। ਪਰ ਨਵਾਂ ਹੈਰਾਨੀਜਨਕ ਅਤੇ ਪ੍ਰਭਾਵਸ਼ਾਲੀ ਸੀ, ਜਿਸ ਨੂੰ ਕਰੜੀ ਮਿਹਨਤ ਨਾਲ ਹੀ ਹਾਸਿਲ ਕੀਤਾ ਜਾ ਸਕਦਾ ਸੀ। ਪੁਰਾਣਾ, ਮਾਂ ਦੇ ਅਸ਼ੀਰਵਾਦ ਵਾਂਗ ਹਮੇਸ਼ਾ ਉੱਥੇ ਸੀ। ਦੂਰੀ ਦੇ ਬਾਵਜੂਦ ਵੀ ਪੁਰਾਣਾ ਉਹਦੇ ਨਾਲ ਸੀ ਭਾਵੇਂ ਬਹੁਤੀ ਵਾਰੀ ਉਹਦੇ ਖ਼ੁਦ ਕੋਲੋਂ ਵੀ ਛੁਪਿਆ ਹੋਇਆ ਰਹਿੰਦਾ ਸੀ।

ਨਵਾਂ ਏਨਾ ਸ਼ਕਤੀਸ਼ਾਲੀ ਅਤੇ ਉਕਸਾਊ ਸੀ ਕਿ ਉਹਨੂੰ ਅੱਖੋਂ ਉਹਲੇ ਕਰਨਾ ਜਾਂ ਉਸ ਤੋਂ ਇਨਕਾਰੀ ਹੋਣਾ ਸੰਭਵ ਨਹੀਂ ਸੀ। ਜਿੰਨਾ ਇਹ ਇੰਦਰੀਆਂ ਨੂੰ ਮੋਂਹਦਾ ਸੀ ਉੱਨਾ ਹੀ ਮਨ ਨੂੰ। ਪੁਰਾਣੇ ਨੇ ਬਾਹਰ ਦੀ ਸੁਖਮਤਾ ਨੂੰ ਪੱਤਝੜ ਦੇ ਰੰਗਾਂ ਨਾਲ ਮਿਲਾਇਆ ਅਤੇ ਫਲ ਭਰਪੂਰਤਾ ਨਾਲ ਹੇਠਾਂ ਝੁਕ ਗਿਆ। ਇਹਦੇ ਨਾਲ ਜ਼ਿੰਦਗੀ ਦੀਆਂ ਮੁੱਢਲੀਆਂ ਲੋੜਾਂ ਤਾਂ ਪੂਰੀਆਂ ਹੋਈਆਂ ਪਰ ਸਿੱਖਣ ਲਈ

ਕਾਹਲੇ ਮਨ ਨੂੰ ਇਹਨਾਂ ਨਾਲ ਨਿਜਾਤ ਨਾ ਮਿਲਦੀ। ਇਕੱਲਤਾ ਵਿਚ ਪੁਰਾਣਾ ਉਸ ਦੇ ਸਾਥੀ ਵਜੋਂ ਲੋੜ ਪੂਰੀ ਕਰਦਾ ਅਤੇ ਭੀੜ ਵਿਚ ਉਸ ਦੁਆਲੇ ਸਾਵਧਾਨੀ ਦੀ ਕੰਧ ਉਸਾਰਦਾ ਅਤੇ ਮੁਸ਼ਕਲਾਂ ਵਿਚ ਉਸਦਾ ਸਹਾਰਾ ਬਣਦਾ। ਇਸ ਨਾਲ ਉਸ ਨੂੰ ਫ਼ੈਸਲਾ ਲੈਣ ਸਮੇਂ ਬਲ ਮਿਲਦਾ ਅਤੇ ਉਦਾਸੀ ਦੀਆਂ ਘੜੀਆਂ ਵਿਚ ਨਵੀਂ ਸ਼ਕਤੀ।

ਪਰ ਨਵਾਂ ਅਤੇ ਪੁਰਾਣਾ ਉਹਦੇ ਅੰਦਰ ਕੋਈ ਬਹੁਤੀ ਦੇਰ ਸ਼ਾਂਤੀ ਨਾਲ ਨਾ ਰਹਿੰਦੇ। ਕਈ ਵਾਰੀ ਉਹਨੂੰ ਪ੍ਰੇਸ਼ਾਨੀਆਂ ਦਾ ਵੀ ਸਾਹਮਣਾ ਕਰਨਾ ਪਿਆ ਪਰ ਅਜਿਹੀ ਅਵਸਥਾ ਬਹੁਤੀ ਦੇਰ ਨਾ ਠਹਿਰਦੀ ਕਿਉਂਕਿ ਇਕ ਕਰਮਸ਼ੀਲ ਜੀਵਨ ਦੁਬਿਧਾ ਵਿਚ ਬਹੁਤਾ ਚਿਰ ਨਹੀਂ ਰਹਿ ਸਕਦਾ। ਪਰ ਆਮ ਤੌਰ ਉੱਤੇ ਉਹ ਆਰਜ਼ੀ ਸਮਝੌਤਾ ਕਰਨ ਵਿਚ ਕਾਮਯਾਬ ਹੋ ਜਾਂਦਾ ਅਤੇ ਜੇ ਪੂਰੀ ਇਕਸੁਰਤਾ ਨਹੀਂ ਤਾਂ ਕਾਫ਼ੀ ਹੱਦ ਤਕ ਨਵੇਂ ਪੁਰਾਣੇ ਵਿਚ ਕੰਮ ਚਲਾਉਣ ਜੋਗੀ ਸਾਂਝ ਪੈਦਾ ਕਰ ਲੈਂਦਾ। ਉਹ ਅਕਸਰ, ਆਪਣੀ ਕਮਿਊਨਿਟੀ ਦੇ ਪੁਰਾਣੇ ਭਾਰਤ ਜਿਸ ਨਾਲ ਉਹ ਅਜੀਬ ਤਰੀਕੇ ਨਾਲ ਜੁੜਿਆ ਹੋਇਆ ਸੀ ਅਤੇ ਜਿਸ ਦਾ ਮਾਹੌਲ ਹਮੇਸ਼ਾਂ ਦੋਸਤਾਨਾ ਨਹੀਂ ਸੀ ਅਤੇ ਨਵੀਂ ਦੁਨੀਆਂ ਜਿਹੜੀ ਜੁਆਨੀ ਦੇ ਜੋਸ਼ ਵਿਚ ਆਸ ਪਾਸ ਦੇ ਸਭ ਕੁਝ ਨੂੰ ਬੜੀ ਸ਼ਿੱਦਤ ਨਾਲ ਉਧੇੜ ਕੇ ਨਵਾਂ ਬਨਾਉਣ ਵਿਚ ਰੁੱਝੀ ਹੋਈ ਸੀ ਅਤੇ ਇਸ ਤੋਂ ਇਕ ਅਜੀਬ ਅਨੰਦ ਪ੍ਰਾਪਤ ਕਰਦੀ ਸੀ, ਦੋ ਵਿਚਕਾਰ ਲਟਕਦਾ ਰਹਿੰਦਾ।

ਜਿੰਨਾ ਜ਼ਿਆਦਾ ਉਹਨੇ ਆਪਣੇ ਅੰਦਰ ਦੇ ਇਸ ਵਿਰੋਧ ਨੂੰ ਸੁਲਝਾਉਣ ਦੀ ਕੋਸ਼ਿਸ਼ ਕੀਤੀ ਉੱਨਾ ਹੀ ਤਿੱਖਾ ਇਹ ਹੁੰਦਾ ਗਿਆ ਕਿਉਂਕਿ ਉਹਦਾ ਨਵੀਂ ਦੁਨੀਆਂ ਨਾਲ ਵਧ ਸੰਪਰਕ ਉਹਦੇ ਅੰਦਰ ਦੀਆਂ ਪੁਰਾਣੀਆਂ ਸ਼ਕਤੀਆਂ 'ਚ ਨਵੀਂ ਰੂਹ ਭਰ ਰਿਹਾ ਸੀ। ਨਾ ਤਾਂ ਉਹਦੇ ਮਨ 'ਚ ਉਭਰਦੀਆਂ ਸ਼ੱਕਾਂ ਹੀ ਮਿਟਦੀਆਂ ਸਨ ਅਤੇ ਨਾ ਹੀ ਸਵਾਲ ਉੱਠਣੋਂ ਹਟਦੇ ਸਨ।

ਇਹ ਵਿਰੋਧ ਕਿੰਨੇ ਵਰ੍ਹੇ ਉਹਦੇ ਨਾਲ ਰਹਿਣਾ ਸੀ, ਉੱਨਾ ਚਿਰ ਜਦੋਂ ਕਿੰਨੀਆਂ ਖ਼ੁਸ਼ੀਆਂ ਅਤੇ ਗ਼ਮੀਆਂ ਬਾਅਦ ਉਹਨੂੰ ਇਸ ਗੱਲ ਦਾ ਇਲਮ ਹੋਣਾ ਸੀ ਕਿ ਹਰ ਦੇਵਤੇ ਦੇ ਪੈਰ ਮਿੱਟੀ ਦੇ ਹੁੰਦੇ ਹਨ ਅਤੇ ਸੁਪਨਿਆਂ ਦੀ ਆਖ਼ਿਰ ਮੌਤ ਹੁੰਦੀ ਹੈ। ਜਿਵੇਂ ਦੇਵਤਿਆਂ ਦੀ ਸ਼ਕਤੀ ਦਾ ਸੋਮਾ ਉਹਨਾਂ ਨੂੰ ਮੰਨਣ ਵਾਲੇ ਹਨ

ਇਸੇ ਤਰ੍ਹਾਂ ਸੁਪਨਿਆਂ ਦਾ ਇਸ਼ਕ ਅਤੇ ਸ਼ਕਤੀ ਉਹਨਾਂ ਨੂੰ ਆਪਣੇ ਬਨਾਉਣ ਵਾਲਿਆਂ ਕਰਕੇ ਹੁੰਦੀ ਹੈ। ਪਰ ਆਦਮੀ ਨੂੰ ਨਵੇਂ ਦੇਵਤੇ ਪੈਦਾ ਕਰਕੇ ਉਹਨਾਂ ਨੂੰ ਨਵੀਆਂ ਸ਼ਕਤੀਆਂ ਦੇਣ ਦਾ ਵੱਲ ਸਿੱਖਣਾ ਚਾਹੀਦਾ ਹੈ ਅਤੇ ਇਸੇ ਤਰ੍ਹਾਂ ਮਰ ਚੁੱਕੇ ਸੁਫ਼ਨੇ ਨੂੰ ਦਫਨਾ, ਚੋ ਅੱਥਰੂ ਕੇਰ, ਬਚਦੇ ਸੁਪਨੇ ਸਾਂਭ ਕੇ ਅੱਗੇ ਤੁਰਨਾ ਚਾਹੀਦਾ ਹੈ। ਜੀਵਨ ਪੂਰਤੀ ਲਈ ਤਾਂਘਦਾ ਹੈ, ਆਸ ਆਵਾਜ਼ਾਂ ਮਾਰਦੀ ਹੈ, ਵਿਸ਼ਵਾਸ ਪੱਕਾ ਹੁੰਦਾ ਹੈ। ਜੀਵਨ ਵਿਚ ਸਦਾ ਨਾ ਮੁੱਕਣ ਵਾਲੀ ਅਤੇ ਵਾਅਦਿਆਂ ਨਾਲ ਭਰਪੂਰ, ਕੁਦਰਤ ਦੇ ਚੁੱਪ ਆਸ਼ਾਵਾਦ ਅਤੇ ਮਨੁੱਖ ਦੇ ਨਾ ਮੁੱਕਣ ਵਾਲੇ ਸੰਘਰਸ਼ ਨਾਲ ਜੁੜੀ ਹੋਈ ਖੁੱਲ੍ਹੀ ਸੜਕ ਵੀ ਹੁੰਦੀ ਹੈ।

ਪਰ ਹੁਣ ਦੀ ਘੜੀ ਮਲੂਕੇ ਦੇ ਅੰਦਰ ਦਾ ਵਿਰੋਧ ਕਾਫ਼ੀ ਤਿੱਖਾ ਹੋ ਗਿਆ ਸੀ ਕਿਉਂਕਿ ਇਹ ਜੀਵਨ ਦੀਆਂ ਲੋੜਾਂ ਅਤੇ ਜੀਵਨ ਦੀਆਂ ਖ਼ਾਹਿਸ਼ਾਂ ਵਿਚੋਂ ਜਨਮਿਆਂ ਸੀ। ਇਹ ਧਰਮ ਵਿਚੋਂ ਪੈਦਾ ਹੋਇਆ ਸੀ ਜਿਹੜਾ ਕਿ ਦਲੀਲ ਨਹੀਂ ਸੀ ਮੰਨਦਾ, ਸਗੋਂ ਦਲੀਲ ਦੇ ਨੇੜੇ ਵੀ ਨਹੀਂ ਸੀ ਆਉਂਦਾ।

ਮਲੂਕੇ ਨੇ ਇਸ ਬਾਰੇ ਬਹੁਤ ਸੋਚਿਆ।

ਉਹਦਾ ਧਰਮ—ਗੁਰੂ ਨਾਨਕ ਦਾ ਧਰਮ—ਜਿਸ ਵਿਚ ਉਹਦਾ ਦ੍ਰਿੜ੍ਹ ਵਿਸ਼ਵਾਸ ਸੀ ਕਿ ਸਚਾਈ ਸਦੀਵੀ ਹੁੰਦੀ ਹੈ ਅਤੇ ਇਸ ਦਾ ਕੋਈ ਰੂਪ ਨਹੀਂ ਹੁੰਦਾ, ਸ਼ੁਰੂ ਵਿਚ ਭਾਰਤ ਵਿਚਲੇ ਵਾਧੂ ਅਤੇ ਝੂਠੀਆਂ ਰਸਮਾਂ ਰਿਵਾਜਾਂ ਵਿਰੁੱਧ ਇਕ ਵਿਦਰੋਹ ਸੀ। ਇਹ ਵਿਦਰੋਹ ਰੂਪਾਂ ਅਤੇ ਚਿੰਨ੍ਹਾਂ ਵਿਰੁੱਧ ਸੀ। ਇਹਨੇ ਮਨੁੱਖ ਦੀ ਰੂਹ ਨੂੰ ਚਾਨਣ, ਦਿਲ ਦੀ ਅਮੀਰੀ ਅਤੇ ਫਲਦਾਇਕ ਕਰਮਸ਼ੀਲਤਾ ਦੇਣ ਦਾ ਵਾਅਦਾ ਕੀਤਾ ਸੀ।

ਪਰ ਹੁਣ ਸਿੱਖ ਧਰਮ ਵਿਚ ਇਹਨਾਂ ਚਿੰਨ੍ਹਾਂ ਅਤੇ ਰੂਪਾਂ ਉੱਤੇ ਹੀ ਕਿਉਂ ਇੰਨਾ ਜ਼ੋਰ ਦਿੱਤਾ ਜਾ ਰਿਹਾ ਸੀ? ਕੀ ਅਣਕੱਟੇ ਕੇਸ ਅਤੇ ਪੱਗ ਗੁਰੂ ਨਾਨਕ ਦੇ ਧਰਮ ਦਾ ਅਟੁੱਟ ਅੰਗ ਸਨ?

ਮਲੂਕੇ ਦੇ ਮਨ ਵਿਚ ਇਹ ਖ਼ਿਆਲ ਉੱਠਦੇ।

ਇਹ ਗੱਲ ਠੀਕ ਸੀ ਕਿ ਪੁਰਾਤਨ ਭਾਰਤ ਵਿਚ ਜਿਹੜੇ ਵੀ ਲੋਕਾਂ ਨੇ ਜ਼ਬਤ ਨਾਲ ਵੱਡੀ ਅਧਿਆਤਮਿਕ ਸ਼ਕਤੀ ਹਾਸਲ ਕੀਤੀ ਸੀ ਉਹਨਾਂ ਦੇ ਕੇਸ ਹਮੇਸ਼ਾਂ ਲੰਬੇ ਹੁੰਦੇ ਸਨ। ਅਣਕੱਟੇ ਵਾਲਾਂ ਦਾ ਸੰਬੰਧ ਉਂਝ ਵੀ ਰਵਾਇਤੀ ਤੌਰ ਤੇ ਤਾਕਤ ਨਾਲ

ਜੋੜਿਆ ਜਾਂਦਾ ਰਿਹਾ ਹੈ। ਇਸ ਦੇ ਨਾਲ ਹੀ ਇਤਿਹਾਸਕ ਕਾਰਨ ਵੀ ਸਨ। ਉੱਤਰ-ਪੱਛਮ ਵਲੋਂ ਆਉਣ ਵਾਲੇ ਕਠੋਰ ਹਮਲਾਵਰ ਜਿਹੜੇ ਜ਼ਰਖੇਜ਼ ਧਰਤੀ ਉੱਤੇ ਆਪਣੇ ਤੇਜ਼ ਘੋੜਿਆਂ ਉੱਤੇ ਚੜ੍ਹੇ ਆਉਂਦੇ ਉਹਨਾਂ ਦੇ ਲੰਮੇ ਕੇਸ ਅਤੇ ਦਾੜ੍ਹੀਆਂ ਖੁੱਲ੍ਹੀਆਂ ਛੱਡੀਆਂ ਹੁੰਦੀਆਂ, ਜੋ ਹਵਾ 'ਚ ਲਹਿਰਾਉਂਦੀਆਂ ਅਤੇ ਉਹਨਾਂ ਦੀਆਂ ਤਲਵਾਰਾਂ ਖ਼ੂਨ ਦੀਆਂ ਪਿਆਸੀਆਂ ਹੁੰਦੀਆਂ ਸਨ। ਉਹਨਾਂ ਦਾ ਮੁਕਾਬਲਾ ਉਹੋ ਜਿਹੇ ਹੀ ਬਣ ਕੇ ਕੀਤਾ ਜਾ ਸਕਦਾ ਸੀ।

ਇਸ ਦੇ ਨਾਲ ਹੀ ਉਸ ਵੇਲੇ ਸਿੱਖਾਂ ਨੇ ਖ਼ਾਲਸੇ ਦੇ ਰੂਪ ਲਈ ਆਪਣੇ ਆਪ ਨੂੰ ਖ਼ੁਦ ਪੇਸ਼ ਕੀਤਾ ਸੀ। ਅਣਖ ਦੀ ਕੀਮਤ ਭਾਵੇਂ ਮੌਤ ਸੀ ਪਰ ਸ਼ਹਾਦਤ ਦੀ ਸ਼ਾਨ ਅਤੇ ਸਦੀਵੀ ਸੁੰਦਰਤਾ ਮੌਤ ਦੇ ਡਰ ਨਾਲੋਂ ਕਿਤੇ ਮਹਾਨ ਸੀ। ਸਿਰਫ਼ ਚੁਣੇ ਹੋਏ ਆਪਾ ਵਾਰਨ ਵਾਲੇ ਅਤੇ ਬਹਾਦਰ ਹੀ ਪਾਹੁਲ ਪਾਉਣ ਲਈ ਅੱਗੇ ਆਏ ਸਨ, ਲੋੜ ਵੀ ਸਿਰਫ਼ ਉਹਨਾਂ ਦੀ ਹੀ ਸੀ, ਕਿਉਂਕਿ ਉਹ ਭਾਵੇਂ ਗਿਣਤੀ ਵਿਚ ਥੋੜ੍ਹੇ ਸਨ ਪਰ ਉਹ ਉਹਨਾਂ ਹਜ਼ਾਰਾਂ ਨਾਲੋਂ ਕਿਤੇ ਤਕੜੇ ਸਨ ਜਿਹੜੇ ਚਾਨਣ, ਹੌਸਲੇ ਅਤੇ ਵਿਸ਼ਵਾਸ ਤੋਂ ਖ਼ਾਲੀ ਸਨ।

ਸਮੇਂ ਨਾਲ ਸਿੱਖ ਘਰ ਵਿਚ ਪੈਦਾ ਹੋਏ ਹਰ ਬੱਚੇ ਨੂੰ ਹੀ ਇਕ ਰਸਮ ਦੇ ਤੌਰ ਉੱਤੇ ਪਾਹੁਲ ਦਿੱਤੀ ਜਾਣ ਲੱਗੀ। ਖ਼ੁਸ਼ੀ ਨਾਲ ਸ਼ਹਾਦਤ ਦਾ ਰਾਹ ਅਪਨਾਉਣਾ ਹੋਰ ਗੱਲ ਸੀ ਪਰ ਖ਼ੁਸ਼ੀ ਦੀ ਰਸਮ ਤੋਂ ਬਾਅਦ ਸ਼ਹਾਦਤ ਪਾਉਣ ਵਾਲੇ ਦਾ ਬਾਣਾ ਪਾ ਲੈਣਾ ਹੋਰ ਗੱਲ ਸੀ। ਇਹ ਸੱਚ ਸੀ ਕਿ ਇਸ ਰਸਮ ਨਾਲ ਸਿੱਖਾਂ ਨੂੰ ਬਹਾਦਰ ਅਤੇ ਤਕੜੇ ਬਣਾਇਆ ਜਾਂਦਾ ਰਿਹਾ ਸੀ। ਪਰ ਇਹ ਰੂਪ ਰੂਹ ਨਾਲ ਜੋੜਿਆ ਜਾਣ ਲੱਗਾ ਸੀ ਅਤੇ ਕਈ ਵਾਰੀ ਇਹ ਰੂਹ ਉੱਤੇ ਭਾਰੂ ਹੋ, ਰੂਹ ਨੂੰ ਦਬਾ ਵੀ ਜਾਂਦਾ ਸੀ।

ਇਸ ਲਈ ਮਲੂਕਾ ਇਹ ਸੋਚਦਾ ਸੀ ਕਿ ਭਾਵੇਂ ਇਤਿਹਾਸਕ ਅਤੇ ਮੌਜੂਦਾ ਸਮਾਜਕ ਅਤੇ ਸਿਆਸੀ ਕਾਰਨਾਂ ਕਰਕੇ ਇਕ ਸਿੱਖ ਲਈ ਭਾਰਤ ਵਿਚ ਕੇਸ ਰੱਖਣੇ ਅਤੇ ਪੱਗ ਬੰਨ੍ਹਣੀ ਜ਼ਰੂਰੀ ਸੀ ਪਰ ਕੀ ਇਹ ਗੱਲ ਕੈਨੇਡਾ ਵਿਚ ਵੀ ਇੰਨੀ ਹੀ ਮਹੱਤਤਾ ਵਾਲੀ ਸੀ।

ਮਲੂਕਾ ਇਸ ਵਿਚਾਰ ਨਾਲ ਸਹਿਮਤ ਨਾ ਹੋ ਸਕਦਾ।

ਉਹਨੇ ਇਸ ਕਰਕੇ ਕੇਸ ਕਟਾਉਣ ਅਤੇ ਪੱਗ ਲਾਹ ਦੇਣ ਦਾ ਫ਼ੈਸਲਾ ਕਰ ਲਿਆ।

ਉਹਨੂੰ ਇਸ ਗੱਲ ਦਾ ਪੂਰਾ ਅਹਿਸਾਸ ਸੀ ਕਿ ਇਹ ਕੋਈ ਮਾੜੀ ਮੋਟੀ ਗੱਲ ਨਹੀਂ ਸੀ ਅਤੇ ਨਾਲ ਹੀ ਇਹ ਉਹਦਾ ਆਪਣਾ ਨਿਰਾ ਜ਼ਾਤੀ ਮਾਮਲਾ ਸੀ। ਉਹਨੂੰ ਇਸ ਗੱਲ ਦਾ ਪੂਰੀ ਸ਼ਿੱਦਤ ਨਾਲ ਅਹਿਸਾਸ ਸੀ ਕਿ ਇਹਦੇ ਨਾਲ ਸਾਰੀ ਕਮਿਊਨਿਟੀ ਨੂੰ ਦੁੱਖ ਹੋਵੇਗਾ—ਕੱਟੜਪੰਥੀ ਇਕ ਆਸ ਦੇ ਮਰ ਜਾਣ ਦਾ ਅਫ਼ਸੋਸ ਕਰਨਗੇ ਕਿਉਂਕਿ ਉਹਨਾਂ ਨੂੰ ਆਸ ਸੀ ਕਿ ਮਲੂਕਾ ਇਕ ਦਿਨ ਸਿੱਖ ਧਰਮ ਦਾ ਵਧੀਆ ਪ੍ਰਚਾਰਕ ਬਣੇਗਾ।

ਕਿੰਨੀ ਸੋਚ ਵਿਚਾਰ ਅਤੇ ਉਣੀਂਦੀਆਂ ਰਾਤਾਂ ਮਗਰੋਂ ਆਖ਼ਿਰ ਉਹਨੇ ਫ਼ੈਸਲਾ ਕਰ ਹੀ ਲਿਆ। ਪਰ ਅਜੇ ਵੀ ਅੰਦਰਲੇ ਵਿਰੋਧ ਨੇ ਉਹਨੂੰ ਤੰਗ ਕਰਨਾ ਨਾ ਛੱਡਿਆ। ਉਸ ਦੀ ਜਾਣ-ਪਛਾਣ ਵਾਲੇ ਅਤੇ ਸਤਿਕਾਰ ਯੋਗ ਦਾਹੜੀਆਂ ਵਾਲੇ ਚਿਹਰੇ ਉਹਦੇ ਖ਼ਿਆਲਾਂ ਵਿਚ ਉਹਦਾ ਪਿੱਛਾ ਕਰਦੇ। ਉਹਨੂੰ ਪਤਾ ਸੀ ਕਿ ਗੁਰਦਵਾਰੇ ਕੀਤੇ ਉਹਦੇ ਭਾਸ਼ਣਾਂ ਨੂੰ ਸੁਣ ਕੇ ਪੱਕੇ ਸਿੱਖਾਂ ਨੂੰ ਮਾਣ ਸੀ ਅਤੇ ਉਨ੍ਹਾਂ ਨੂੰ ਯਕੀਨ ਹੋ ਗਿਆ ਸੀ ਕਿ ਉਹ ਇਕ ਦਿਨ ਸਿੱਖ ਧਰਮ ਦਾ ਪੱਕਾ ਪੈਰੋਕਾਰ ਬਣੇਗਾ ਅਤੇ ਇਸ ਕਰ ਕੇ ਇਕ ਭਗੌੜੇ ਦਾ ਧੋਖਾ ਉਹਨਾਂ ਦੇ ਗੁੱਸੇ ਨੂੰ ਹੋਰ ਵੀ ਤਿੱਖਾ ਕਰੇਗਾ। ਉਹ ਇਸ ਗੱਲ 'ਚ ਵਿਸ਼ਵਾਸ ਕਰਨਗੇ ਅਤੇ ਉੱਚੀ ਉੱਚੀ ਕਹਿਣਗੇ ਕਿ ਪੜ੍ਹੇ-ਲਿਖੇ ਵਲੋਂ ਇਹੋ ਜਿਹਾ ਧਰਮ ਦਾ ਤਿਆਗ ਕਿਸੇ ਬਦਨੀਤੀ ਅਤੇ ਕੁਕਰਮ ਨਾਲ ਹੀ ਹੋ ਸਕਦਾ ਹੈ।

ਉਹਨੂੰ ਇਹ ਸੋਚ ਕੇ ਹੋਰ ਵੀ ਦੁੱਖ ਹੁੰਦਾ ਕਿ ਛੇਤੀ ਹੀ ਇਹ ਮਾੜੀ ਖ਼ਬਰ ਭਾਰਤ ਵੀ ਪਹੁੰਚ ਜਾਵੇਗੀ ਅਤੇ ਬੀ. ਸੀ. ਵਿਚਲੀ ਕਮਿਊਨਿਟੀ ਦਾ ਪ੍ਰਤੀਕਰਮ ਉਹਦੇ ਪਿੰਡ ਵਿਚ ਹੋਰ ਵੀ ਦੁੱਖ ਅਤੇ ਅਵਿਸ਼ਵਾਸ ਨਾਲ ਦੁਹਰਾਇਆ ਜਾਵੇਗਾ। ਉਹਦੀ ਮਾਂ ਉਦਾਸ ਹੋ ਜਾਵੇਗੀ ਅਤੇ ਮਾਤਾ ਗੁਜਰੀ ਦਾ ਦਿਲ ਟੁੱਟ ਜਾਵੇਗਾ।

ਪਰ ਮਲੂਕੇ ਨੇ ਹੁਣ ਆਪਣਾ ਮਨ ਬਣਾ ਲਿਆ ਸੀ। ਉਹਨੇ ਸੋਚਿਆ ਉਹਦੀ ਘਰ ਤੋਂ ਦੂਰੀ ਉਹਦੇ ਘਰ ਵਾਲਿਆਂ ਅਤੇ ਦੋਸਤਾਂ ਦੇ ਦੁੱਖ ਨੂੰ ਸਹਿਣ ਵਿਚ ਸਹਾਈ ਹੋਵੇਗੀ। ਕੈਨੇਡਾ ਵਿਚ ਉਹਦੀ ਕਮਿਊਨਿਟੀ ਨਾਲ ਬੇਹੱਦ ਨੇੜਤਾ ਹੋਣ ਦੇ ਬਾਵਜੂਦ ਉਹ ਆਪਣੇ ਆਪ ਵਿਚ ਲੱਗੀਆਂ ਆਪਣੀਆਂ ਥੋੜ੍ਹੀਆਂ ਜੜ੍ਹਾਂ ਮਹਿਸੂਸ ਕਰਨ ਲੱਗ ਪਿਆ ਸੀ। ਭਾਵੇਂ ਉਹਦੇ ਆਪਣੇ ਲੋਕਾਂ ਦੀ ਕਦਰਦਾਨੀ ਅਤੇ ਪਿਆਰ ਉਹਦੇ ਲਈ ਬਹੁਤ ਵੱਡੀ ਚੀਜ਼ ਸੀ, ਫਿਰ ਵੀ ਉਹਨੇ ਪੂਰੀ ਸਮਝ ਅਤੇ ਦ੍ਰਿੜ੍ਹ ਫ਼ੈਸਲੇ ਨਾਲ ਉਨ੍ਹਾਂ ਦੀ ਨਿਰਾਸ਼ਤਾ ਅਤੇ ਗੁੱਸਾ ਸਹਿਣ ਦਾ ਮਨ ਬਣਾ ਲਿਆ।

39

ਮਲੂਕਾ ਤਿੰਨ ਸਾਲ ਜੈਕ ਦੀ ਹਜਾਮਤ ਕਰਨ ਵਾਲੀ ਦੁਕਾਨ ਦੇ ਕੋਲ ਦੀ ਲੰਘਦਾ ਰਿਹਾ ਸੀ। ਇਹ ਦੁਕਾਨ ਡਰੇਜ਼ਰ ਸਟਰੀਟ ਉੱਤੇ ਮਰੀਨ ਡਰਾਈਵ ਵੱਲ ਨੂੰ ਕਰਕੇ ਸੀ ਜਿਹੜੀ ਦੂਜੀਆਂ ਦੁਕਾਨਾਂ ਤੋਂ ਹਟਵੀਂ ਕੱਲੀ-ਕਾਰੀ ਝੁੱਗੀ ਸੀ। ਜੈਕ ਛੋਟੇ ਕੱਦ ਦਾ ਅਤੇ ਸਿਰੋਂ ਗੰਜਾ ਸੀ। ਅਕਸਰ ਜੈਕ ਜਦੋਂ ਵੀ ਵਿਹਲਾ ਹੁੰਦਾ ਉਹ ਉਹਦੇ ਨਾਲ ਦੁਆ ਸਲਾਮ ਕਰ ਕੇ ਜਾਂਦਾ। ਇਸ ਕਰਕੇ ਜਦੋਂ ਮਲੂਕਾ ਜੈਕ ਦੀ ਦੁਕਾਨ ਅੰਦਰ ਵੜਿਆ ਤਾਂ ਉਹਨੂੰ ਕੋਈ ਹੈਰਾਨੀ ਨਾ ਹੋਈ।

"ਯੂਨੀਵਰਸਿਟੀ ਕਿਵੇਂ ਆ ਮਲੂਕੇ? ਤੂੰ ਤਾਂ ਬਈ ਪੜ੍ਹਿਆ ਲਿਖਿਆ ਆਦਮੀ ਬਣ ਜਾਣੈ।"

"ਯੂਨੀਵਰਸਿਟੀ ਠੀਕ ਹੈ", ਉਹਨੇ ਬੇਧਿਆਨੇ ਜਿਹੇ ਕਿਹਾ, ਕਿਉਂਕਿ ਉਹਦੇ ਦਿਮਾਗ਼ ਉੱਤੇ ਤਾਂ ਕਈ ਕੁਝ ਹੋਰ ਸੀ।

"ਜ਼ਿਆਦਾ ਪੜ੍ਹੀਆਂ ਲਿਖੀਆਂ ਕੁੜੀਆਂ ਕੀ ਇੱਥੇ ਦੀਆਂ ਆਮ ਕੁੜੀਆਂ ਨਾਲੋਂ ਵਧੀਆ ਹੁੰਦੀਆਂ?"

"ਥੋੜ੍ਹੀਆਂ ਜਿਹੀਆਂ ਜ਼ਿਆਦਾ ਸੁਲਝੀਆਂ ਹੁੰਦੀਆਂ, ਪਰ ਪਿਆਰੀਆਂ ਘੱਟ ਹੁੰਦੀਆਂ?"

"ਜੇ ਸੁਹਣੀਆਂ ਹੁੰਦੀਆਂ ਹਨ ਤਾਂ ਕੋਈ ਗੱਲ ਨਹੀਂ।"

"ਤੇਰਾ ਸੁਭਾਅ ਨਹੀਂ ਬਦਲਣਾ ਜੈਕ।"

"ਹੋਰ ਫੇਰ ਕੀ ਖ਼ਬਰਾਂ ਆਂ, ਮਲੂਕੇ?"

"ਜੈਕ ਤੂੰ ਮੇਰੇ ਵਾਲ ਕੱਟ ਸਕਦਾ ਏਂ?"

"ਤੇਰੇ ਵਾਲ ਮੁੰਨ ਦਿਆਂ?" ਜੈਕ ਦਾ ਹੈਰਾਨੀ ਵਿਚ ਮੂੰਹ ਖੁੱਲ੍ਹਾ ਰਹਿ ਗਿਆ ਅਤੇ ਉਹਦੀਆਂ ਅੱਖਾਂ ਦੀ ਚਿਟਿਆਈ ਹੋਰ ਵੱਡੀ ਹੋ ਗਈ। "ਮਲੂਕਿਆ ਤੇਰਾ ਸਿਰ ਤਾਂ ਨਹੀਂ ਫਿਰ ਗਿਆ?"

"ਇਹਦੇ ਵਿਚ ਕੀ ਨੁਕਸਾਨ ਹੈ, ਬਾਹਲੇ ਲੋਕੀਂ ਇੱਥੇ ਵਾਲ ਕੱਟ ਕੇ ਹੀ ਰੱਖਦੇ ਹਨ।"

"ਪਰ ਇਹ ਤਾਂ ਤੇਰਾ ਧਰਮ ਹੈ ਮਲੂਕੇ। ਤੂੰ ਆਪਣਾ ਧਰਮ ਹੀ ਤਾਂ ਨਹੀਂ ਛੱਡ ਰਿਹਾ ਕਿਤੇ ?"

"ਮੈਨੂੰ ਇਹਦੀ ਲੋੜ ਨਹੀਂ।

"ਮਲੂਕਿਆ ਕੀ ਯੂਨੀਵਰਸਿਟੀ ਤੂੰ ਇਹੀ ਸਿੱਖਦਾ ਏਂ ? ਕੋਈ ਵੀ ਧਰਮ ਮਾੜਾ ਨਹੀਂ ਹੁੰਦਾ। ਤੈਨੂੰ ਆਪਣੇ ਧਰਮ 'ਚ ਰਹਿਣਾ ਚਾਹੀਦਾ ਹੈ ਜਿੱਦਾਂ ਮੈਂ ਆਪਣੇ ਧਰਮ 'ਚ ਰਹਿੰਦਾ ਹਾਂ। ਮੈਂ ਨਹੀਂ ਤੇਰੇ ਵਾਲ ਕੱਟ ਸਕਦਾ ਮਲੂਕੇ।"

"ਕੀ ਇਹ ਤੇਰਾ ਧੰਦਾ ਨਹੀਂ ?"

"ਧੰਦੇ ਨੂੰ ਕੀ ਕਰੂੰਗਾ ਜੇ ਤੇਰੇ ਲੋਕਾਂ ਨੇ ਮੇਰਾ ਹੀ ਸਫ਼ਾਇਆ ਕਰ ਦਿੱਤਾ ?" ਉਹਨੇ ਡਰੇ ਹੋਏ ਨੇ ਜਵਾਬ ਦਿੱਤਾ।

ਇਕ ਹਫ਼ਤੇ ਬਾਅਦ ਮਲੂਕਾ ਫੇਰ ਜੈਕ ਦੀ ਦੁਕਾਨ ਉੱਤੇ ਗਿਆ ਅਤੇ ਉਹਨੇ ਜੈਕ ਨੂੰ ਯਕੀਨ ਦੁਆ ਦਿੱਤਾ ਕਿ ਵਧੀਆ ਜੀਵਨ ਜੀਣ ਲਈ ਲੰਮੇ ਵਾਲਾਂ ਦਾ ਹੋਣਾ ਜ਼ਰੂਰੀ ਨਹੀਂ। ਘਬਰਾਇਆ ਹੋਇਆ ਜੈਕ ਮੰਨ ਗਿਆ। ਪਰ ਕੈਂਚੀ ਅਤੇ ਕੰਘੀ ਚੁੱਕਣ ਤੋਂ ਪਹਿਲਾਂ ਉਹਨੇ ਤਾਕੀਆਂ ਦੇ ਪਰਦੇ ਬੰਦ ਕਰ ਦਿੱਤੇ।

"ਤੇਰੇ ਕਿੰਨੇ ਸੁਹਣੇ ਵਾਲ ਹਨ ਮਲੂਕੇ ! ਉਹਦੇ ਵਾਲਾਂ ਵਿਚ ਕੰਘੀ ਕਰਦਾ ਉਹ ਵਾਰ-ਵਾਰ ਕਹਿ ਰਿਹਾ ਸੀ। ਇਹੋ ਜਿਹੇ ਵਾਲਾਂ ਲਈ ਕੋਈ ਵੀ ਜ਼ਨਾਨੀ ਕੁਝ ਵੀ ਕਰ ਸਕਦੀ ਹੈ।"

ਵਾਲ ਕਟਾ ਕੇ, ਸ਼ੇਵ ਕਰਾ ਕੇ ਅਤੇ ਪੱਗ ਤੋਂ ਬਿਨਾਂ ਜਦੋਂ ਮਲੂਕੇ ਨੇ ਸ਼ੀਸ਼ੇ ਵਿਚ ਆਪਣਾ ਆਪ ਦੇਖਿਆ ਤਾਂ ਉਹ ਆਪਣੇ ਆਪ ਨੂੰ ਪਛਾਣ ਨਾ ਸਕਿਆ। ਉਹਦੇ ਛੋਟੇ ਹੋ ਚੁੱਕੇ ਵਾਲ ਹੁਣ ਜੂੜੇ ਤੋਂ ਬਿਨਾਂ ਇਕ ਨਿੱਕੇ ਕਤੂਰੇ ਦੇ ਵਾਲਾਂ ਵਾਂਗ ਉਤਾਂਹ ਨੂੰ ਉੱਠ ਰਹੇ ਸਨ। ਅਤੇ ਉਹਦਾ ਮੁੰਨਿਆ ਮੂੰਹ ਨਿਆਣੇ ਦੇ ਚਿੱਤੜਾਂ ਵਰਗਾ ਲਗਦਾ ਸੀ। ਉਹਨੂੰ ਇੱਦਾਂ ਲੱਗਾ ਕਿ ਜਿਵੇਂ ਜੈਕ ਨੇ ਉਹਨੂੰ ਕਿਸੇ ਜੁਰਮ ਦੀ ਸਜ਼ਾ ਦਿੱਤੀ ਹੋਵੇ। ਨਾਈ ਨੇ ਉਹਨੂੰ ਅਸਲ ਵਿਚ ਉਹਦੇ ਦੇਸ਼-ਵਾਸੀਆਂ ਦੇ ਮਖ਼ੌਲ ਅਤੇ ਤਿੱਖੇ ਤਾਹਨਿਆਂ ਲਈ ਨਿਸ਼ਾਨਾ ਬਣਾ ਦਿੱਤਾ ਸੀ।

40

ਮਲੂਕੇ ਦੇ ਪਤਿੱਤ ਹੋਣ ਦੀ ਖ਼ਬਰ ਉਹਦੀ ਕਮਿਊਨਿਟੀ ਵਿਚ ਬੜੀ ਤੇਜ਼ੀ ਨਾਲ ਫੈਲੀ। ਗੱਲਾਂ ਦੇ ਮਾਹਿਰ ਛੋਟੀ ਜਿਹੀ ਗੱਲ ਨੂੰ ਵਧਾ ਚੜ੍ਹਾ ਕੇ ਇਸ ਦੇ ਕਾਰਨ ਦੱਸਣ ਲੱਗੇ। ਕੁੱਝ ਇਕ ਨੇ ਕਿਹਾ ਕਿ ਇਹ ਪੱਛਮ ਦਾ ਪਦਾਰਥਵਾਦ ਨੌਜਵਾਨਾਂ ਨੂੰ ਧਰਮ ਤੋਂ ਦੂਰ ਲਈ ਜਾ ਰਿਹਾ ਸੀ। ਕਈ ਕਹਿ ਰਹੇ ਸਨ ਕਿ ਇਹ ਕੰਮ ਕੁੜੀਆਂ ਨੂੰ ਖ਼ੁਸ਼ ਕਰਨ ਲਈ ਕੀਤਾ ਗਿਆ ਸੀ, ਕਿਉਂਕਿ ਕੁੜੀਆਂ ਸ਼ੇਵ ਕੀਤੇ ਮੁਲਾਇਮ ਮੂੰਹਾਂ ਨੂੰ ਚੁੰਮਣਾ ਜ਼ਿਆਦਾ ਪਸੰਦ ਕਰਦੀਆਂ ਸਨ। ਕੁੱਝ ਇਕ ਨੇ ਸਮੇਂ ਦਾ ਹੀ ਕਸੂਰ ਕੱਢਿਆ। ਕਈਆਂ ਨੇ ਇਨਸਾਨੀ ਕਮਜ਼ੋਰੀ ਦੀ ਗੱਲ ਕੀਤੀ। ਪਰ ਸਾਰੇ ਇਸ ਗੱਲ ਉੱਤੇ ਸਹਿਮਤ ਸਨ ਕਿ ਨੌਜਵਾਨਾਂ 'ਤੇ ਪੱਛਮੀ ਪ੍ਰਭਾਵ ਨਹੀਂ ਪੈਣ ਦੇਣਾ ਚਾਹੀਦਾ।

ਵੀਕ-ਐਂਡ ਉੱਤੇ ਕਾਫ਼ੀ ਲੋਕ ਮਲੂਕੇ ਨੂੰ ਮਿਲਣ ਆਏ ਅਤੇ ਕੁੱਕ-ਹਾਊਸ ਇਕ ਵਾਰ ਫੇਰ ਪੰਜਾਬੀ ਗੱਲਬਾਤ ਨਾਲ ਜਿਉਂਦਾ ਲੱਗਣ ਲੱਗ ਪਿਆ। ਕਈ ਤਾਂ ਉੱਦਾਂ ਹੀ ਤਮਾਸ਼ੇ ਲਈ ਆਏ ਸਨ ਅਤੇ ਕਈ ਕਾਫ਼ੀ ਫ਼ਿਕਰ ਨਾਲ ਆਏ ਸਨ। ਕਈ ਮੂੰਹ ਲਮਕਾਈ ਆਏ ਸਨ, ਜਿਵੇਂ ਮੌਤ ਬਾਅਦ ਅਫ਼ਸੋਸ ਉੱਤੇ ਆਏ ਹੋਣ ਅਤੇ ਉਹ ਬੜੀਆਂ ਧੀਮੀਆਂ ਅਤੇ ਅਫ਼ਸੋਸ ਵਾਲੀਆਂ ਅਵਾਜ਼ਾਂ ਨਾਲ ਗੱਲਾਂ ਕਰਦੇ। ਕਈ ਬੜੇ ਖ਼ੁਸ਼ ਸਨ ਅਤੇ ਨਾਲੇ ਸਿਫ਼ਤਾਂ ਕਰਦੇ ਨਾਲੇ ਟਿੱਚਰਾਂ। ਬਾਹਲੇ ਤਾਂ ਗੱਪਾਂ ਮਾਰਦੇ ਸਨ ਕਿ ਉਹਨਾਂ ਨੂੰ ਤਾਂ ਇਹ ਗੱਲ ਪਹਿਲਾਂ ਹੀ ਦਿੱਸਦੀ ਸੀ। ਸਾਰੇ ਬਿਨਾਂ ਪੁੱਛੇ ਸਲਾਹ ਦੇ ਰਹੇ ਸਨ।

"ਇਹ ਠੀਕ ਹੀ ਕੰਮ ਕੀਤਾ ਤੂੰ", ਜੱਗਾ, 'ਜੈਕ' ਕਹਿਣ ਲੱਗਾ, "ਬਾਹਲੀਆਂ ਨਾ ਇਹਨਾਂ ਦੀਆਂ ਸੁਣੀ, ਇਹ ਤਾਂ ਜਿੱਥੇ ਆਪ ਟੰਗੇ ਹੋਏ ਆ ਤੈਨੂੰ ਵੀ ਉੱਥੇ ਹੀ ਰੱਖਣਾ ਚਾਹੁਣਗੇ।"

"ਇਹ ਕੰਮ ਤੈਨੂੰ ਅੱਗੇ ਹੀ ਕਰ ਦੇਣਾ ਚਾਹੀਦਾ ਸੀ। ਦੂਜੇ ਵੀ ਹੁਣ ਤੇਰੇ ਮਗਰ ਲੱਗ ਕੇ ਕਰਨਗੇ। ਜਦੋਂ ਸਿਰਾਂ 'ਚ ਅਕਲ ਆ ਗਈ ਵਾਲ ਆਪੇ ਹੀ ਛੋਟੇ ਹੋ ਜਾਣੇ ਹਨ।" ਗੰਡਾ ਸਿੰਘ ਨੇ ਕਿਹਾ।

ਸਤਨਾਮ ਸਿੰਘ ਨੇ ਇਹਦੇ ਬਾਰੇ ਬਹੁਤਾ ਪ੍ਰਤੀਕਰਮ ਨਹੀਂ ਦਿਖਾਇਆ। ਉਹਨੇ ਫ਼ਿਲਾਸਫ਼ਰਾਂ ਵਾਂਗ ਕਿਹਾ, "ਸਿਰ ਉੱਤੇ ਪੱਗ ਰੱਖੋ ਜਾਂ ਟੋਪੀ ਇਹਦੇ ਨਾਲ ਕੋਈ ਫ਼ਰਕ ਨਹੀਂ ਪੈਂਦਾ, ਅਸਲ ਗੱਲ ਤਾਂ ਇਹ ਹੈ ਕਿ ਸਿਰ 'ਚ ਹੈ ਕੀ।"

"ਬੋਈ ਤੂੰ ਵਾਲ ਤਾਂ ਅੱਗਿਓਂ ਪਿੱਛਿਓਂ ਕਟਾ ਹੀ ਦੇਣੇ ਸਨ", ਗਿਆਨ ਚੰਦ ਨੇ ਇਸ ਅਨਹੋਣੀ ਉੱਤੇ ਜ਼ੋਰ ਦੇਣ ਲਈ ਮੇਜ਼ ਉੱਤੇ ਹੱਥ ਮਾਰਦਿਆਂ ਕਿਹਾ, "ਇਹ ਵੀ ਚੰਗਾ ਈ ਆ ਕਿ ਤੂੰ ਹੁਣੇ ਹੀ ਮਨਾ ਦਿੱਤੇ ਜਦ ਕਿ ਤੂੰ ਅਜੇ ਆਪਣੇ ਹੀ ਲੋਕਾਂ ਵਿਚ ਰਹਿ ਰਿਹਾ ਏਂ। ਲੋਕਾਂ ਦਾ ਪ੍ਰਤੀਕਰਮ ਤਾਂ ਇਹੋ ਜਿਹਾ ਹੀ ਹੋਣਾ ਸੀ।"

ਪ੍ਰੇਮ ਸਿੰਘ ਅਤੇ ਉਹਦੀ ਸਿੰਘਣੀ ਆਪਣੇ ਬੱਚੇ ਨੂੰ ਵੀ ਨਾਲ ਲੈ ਕੇ ਆਏ। ਉਹ ਹੈਰਾਨ ਹੋ ਕੇ ਕਹਿਣ ਲੱਗੀ, "ਕਾਕਾ ਤੇਰੇ ਤਾਂ ਵਾਲ ਆਹ ਮੁੰਡੇ ਦੇ ਵਾਲਾਂ ਜਿੰਨੇ ਲੰਮੇ ਆਂ ਮਸੀਂ। ਅੱਗੇ ਤੂੰ ਸੁਹਣੀ ਦਾਹੜੀ ਅਤੇ ਪੱਗ ਨਾਲ ਕਿੰਨਾ ਸੁਹਣਾ ਅਤੇ ਵੱਖਰਾ ਲੱਗਦਾ ਸੀ ਹੁਣ ਤਾਂ ਤੂੰ ਵੀ ਬਾਕੀਆਂ ਵਰਗਾ ਹੀ ਹੋ ਗਿਆ। ਬੱਸ ਭੀੜ 'ਚ ਰਲ ਜਾਏਂਗਾ।"

"ਕਵੀਆਂ ਨੂੰ ਵਾਲ ਲੰਮੇ ਹੀ ਰੱਖਣੇ ਚਾਹੀਦੇ ਹਨ। ਇਹਨਾਂ ਨੂੰ ਫੇਰ ਵਧਾ ਲੈ", ਪ੍ਰੇਮ ਸਿੰਘ ਨੇ ਕਿਹਾ।

ਭਾਈ ਤਾਰਾ ਸਿੰਘ ਇਕ ਦਿਨ ਐਤਵਾਰ ਸਵੇਰੇ ਆਇਆ। ਉਹਨੂੰ ਬੜਾ ਦੁੱਖ ਹੋਇਆ ਸੀ ਅਤੇ ਉਹਨੇ ਹੌਲੀ ਹੌਲੀ ਗੱਲ ਕੀਤੀ। ਕਈ ਵਾਰੀ ਤਾਂ ਉਹਦੀ ਗੱਲ ਸੁਣਦੀ ਵੀ ਨਹੀਂ ਸੀ ਅਤੇ ਉਸ ਦੀਆਂ ਅੱਖਾਂ ਵਿਚ ਅੱਥਰੂ ਸਨ।

ਉਹ ਕਹਿਣ ਲੱਗਾ, "ਮਲੂਕੇ ਤੈਨੂੰ ਪਤਾ ਬਈ ਮੇਰੇ ਕੋਈ ਔਲਾਦ ਨਹੀਂ ਅਤੇ ਮੇਰੇ ਕੋਲ ਜਮੀਨ ਜਾਇਦਾਦ ਵਥੇਰੀ ਆ। ਮੈਂ ਸੋਚਦਾ ਸੀ ਕਿ ਤੈਨੂੰ ਇਕ ਦਿਨ ਆਪਣਾ ਪੁੱਤ ਬਣਾ ਲਊਂਗਾ। ਪਰ ਹੁਣ ਤੂੰ ਸਾਨੂੰ ਸ਼ਰਮਿੰਦੇ ਕਰ ਕੇ ਰੱਖ ਦਿੱਤਾ ਹੈ। ਤੂੰ ਸਾਥੋਂ ਸਦਾ ਲਈ ਗੁਆਚ ਗਿਆ ਏਂ। ਬਹੁਤ ਬੜਾ ਜ਼ੁਲਮ ਹੈ ਇਹ ਤਾਂ। ਕਿਵੇਂ ਕਰ ਦਿੱਤੀ ਇਹ ਗੱਲ ਤੂੰ ?"

ਕੱਟੜ ਸਿੱਖਾਂ ਦਾ ਇਕ ਜਥਾ ਆਇਆ ਅਤੇ ਉਹ ਉਹਦੇ ਉੱਤੇ ਰੋਅਬ ਪਾਉਣ ਲੱਗੇ।

"ਹਰ ਕੋਈ ਗ਼ਲਤੀ ਕਰ ਸਕਦਾ ਹੈ ਅਤੇ ਹਰ ਕੋਈ ਗ਼ਲਤੀ ਠੀਕ ਕਰ

ਸਕਦਾ ਹੈ", ਉਹਨਾਂ ਵਿਚੋਂ ਉਹਨਾਂ ਦੇ ਬੁਲਾਰੇ ਨੇ ਕਿਹਾ, "ਤੂੰ ਅਜੇ ਜੁਆਨ ਆਂ ਮਲੂਕਿਆ, ਤੇਰੇ ਉੱਤੇ ਬੜੀਆਂ ਆਸਾਂ ਹਨ। ਜੇ ਤੂੰ ਮੁੜ ਕੇ ਪੰਥ ਵਿਚ ਰਲ ਜਾਵੇਂ ਤਾਂ ਤੇਰੀ ਪੜ੍ਹਾਈ ਦਾ ਸਾਰਾ ਖ਼ਰਚਾ ਕੀਤਾ ਜਾਵੇਗਾ। ਸਭ ਕੁਝ ਭੁੱਲ ਭੁਲਾ ਦਿੱਤਾ ਜਾਵੇਗਾ।"

ਮਲੂਕੇ ਲਈ ਹੁਣ ਮੁੜ ਕੇ ਕੱਟੜ ਬਣਨਾ ਸੰਭਵ ਨਹੀਂ ਸੀ, ਉਸੇ ਤਰ੍ਹਾਂ ਜਿਸ ਤਰ੍ਹਾਂ ਉਹਦੇ ਬੀਤੇ ਦਿਨ ਨਹੀਂ ਸੀ ਵਾਪਿਸ ਆ ਸਕਦੇ।

ਗੰਡਾ ਸਿੰਘ ਨੇ ਉਹਨੂੰ ਹੋਰ ਤਰੀਕੇ ਨਾਲ ਭਰਮਾਉਣ ਦੀ ਕੋਸ਼ਿਸ਼ ਕੀਤੀ।

"ਗ਼ਦਰ ਪਾਰਟੀ ਹੁਸ਼ਿਆਰ ਨੌਜਵਾਨਾਂ ਦੀ ਭਾਲ ਵਿਚ ਹੈ", ਉਹਨੇ ਮਲੂਕੇ ਨੂੰ ਵਡਿਆਉਂਦਿਆਂ ਕਿਹਾ, "ਅਸੀਂ ਉਹਨਾਂ ਦੀ ਪੜ੍ਹਾਈ ਦਾ ਇੱਥੇ ਸਾਰਾ ਖ਼ਰਚ ਦੇਣ ਲਈ ਤਿਆਰ ਹਾਂ, ਉਹਨਾਂ ਦਾ ਸਾਰਾ ਆਉਣ ਜਾਣ ਦਾ ਖ਼ਰਚ ਅਤੇ ਨਾਲੇ ਮਾਸਕੋ ਵਿਚ ਹੋਰ ਸਿਖਲਾਈ ਦਾ ਖ਼ਰਚ", ਉਹਨੇ ਕਾਫ਼ੀ ਪ੍ਰਭਾਵਸ਼ਾਲੀ ਅਵਾਜ਼ ਵਿਚ ਕਿਹਾ, "ਅਸੀਂ ਆਪਣੀ ਪੇਸ਼ਕਸ਼ ਨਾਲ ਕੋਈ ਸ਼ਰਤਾਂ ਨਹੀਂ ਲਾਉਂਦੇ, ਪਰ ਅਸੀਂ ਆਸ ਕਰਦੇ ਹਾਂ ਕਿ ਇਹ ਨੌਜਵਾਨ ਇਕ ਦਿਨ ਆਪਣੀ ਜ਼ਿੰਦਗੀ ਮੁਲਕ ਨੂੰ ਆਜ਼ਾਦ ਕਰਾਉਣ ਲਈ ਲਾ ਦੇਣ।" ਉਹਨੇ ਹੋਰ ਜ਼ੋਰ ਦਿੰਦਿਆਂ ਕਿਹਾ, "ਮਲੂਕਿਆ! ਤੇਰੇ ਕੋਲ ਸੁਨਹਿਰੀ ਮੌਕਾ ਹੈ ਕਿ ਤੂੰ ਕੁਛ ਆਪਣਾ ਬਣਾ ਲਵੇਂ ਅਤੇ ਨਾਲੇ ਆਪਣੇ ਲੋਕਾਂ ਦੀ ਸੇਵਾ ਵੀ ਕਰ ਸਕੇਂ। ਸੋਚੀਂ ਇਹਦੇ ਬਾਰੇ। ਕੋਈ ਕਾਹਲੀ ਕਰਨ ਦੀ ਲੋੜ ਨਹੀਂ।"

ਮਲੂਕਾ ਕਾਫ਼ੀ ਉਦਾਸ ਅਤੇ ਗੁਆਚਿਆ ਗੁਆਚਿਆ ਮਹਿਸੂਸ ਕਰ ਰਿਹਾ ਸੀ। ਉਹ ਸਾਰੇ ਦੱਸੇ ਰਾਹਾਂ 'ਚੋਂ ਕੋਈ ਵੀ ਤਾਂ ਨਹੀਂ ਸੀ ਅਪਣਾ ਸਕਦਾ। ਉਹਨੇ ਮਹਿਸੂਸ ਕੀਤਾ ਕਿ ਉਹਨੂੰ ਹੋਰ ਪੜ੍ਹਨਾ ਚਾਹੀਦਾ ਹੈ ਅਤੇ ਹੋਰ ਵਿਦਿਆ ਨਾਲ ਆਪਣੀਆਂ ਮੁਸ਼ਕਲਾਂ ਨੂੰ ਹੱਲ ਕਰਨਾ ਸਿੱਖਣਾ ਚਾਹੀਦਾ ਹੈ। ਉਹਦੇ ਦਿਮਾਗ਼ ਵਿਚ ਕੋਈ ਪੱਕਾ ਖ਼ਿਆਲ ਜਾਂ ਸ਼ਾਂਤੀ ਨਹੀਂ ਸੀ।

ਬਰਿਟਿਸ਼ ਕੋਲੰਬੀਆ ਦੀ ਭਾਰਤੀ ਕਮਿਊਨਿਟੀ ਵਿਚ ਵੀ ਕੋਈ ਸ਼ਾਂਤੀ ਵਾਲਾ ਮਾਹੌਲ ਨਹੀਂ ਸੀ। ਗਰੁੱਪਬਾਜ਼ੀ, ਜਿਹੜੀ ਪਿਛਲੇ ਇਲਾਕਿਆਂ ਉੱਤੇ ਅਧਾਰਤ ਸੀ ਕਿ ਕਿਹੜੇ ਇਲਾਕੇ ਨੇ ਵਧੀਆ ਪੰਜਾਬੀ ਪੈਦਾ ਕੀਤੇ ਹਨ। ਇਸ ਤੋਂ ਬਿਨਾਂ ਗ਼ਦਰੀਆਂ ਅਤੇ ਕੱਟੜ ਸਿੱਖਾਂ ਵਿਚਾਲੇ ਸਿਆਸੀ ਖਹਿਬਾਜ਼ੀ ਵੱਧ ਰਹੀ ਸੀ।

ਗ਼ਦਰੀ ਜਿਹੜੇ ਲੜਾਈ ਤੋਂ ਪਹਿਲਾਂ ਕੌਮੀ ਖ਼ਿਆਲਾਂ ਦੇ ਸਨ, ਹੁਣ ਮਾਰਕਸਿਜ਼ਮ ਵੱਲ ਨੂੰ ਵੱਧ ਰਹੇ ਸਨ। ਸਿਆਸੀ ਹੱਕਾਂ ਤੋਂ ਵਾਂਝੀ ਸੌੜੇ ਹਿੱਤਾਂ ਅਤੇ ਅਨਪੜ੍ਹਤਾ ਕਰਕੇ ਸਿੱਖ ਕਮਿਊਨਿਟੀ ਦਾ ਅੰਦਰੂਨੀ ਝਗੜਿਆਂ ਕਰ ਕੇ ਬੁਰਾ ਹਾਲ ਹੋਇਆ ਪਿਆ ਸੀ।

ਮਲੂਕੇ ਨੇ ਬੀ. ਸੀ. ਛੱਡਣ ਦਾ ਫ਼ੈਸਲਾ ਕਰ ਲਿਆ। ਉਹਦੇ ਅੰਦਰ ਖੁੱਲ੍ਹੇ ਮੈਦਾਨ ਅਤੇ ਉਸ ਤੋਂ ਪਰ੍ਹੇ ਦਾ ਦੇਸ਼ ਛੱਡਣ ਦੀ ਖਾਹਿਸ਼ ਤਾਂ ਪਹਿਲਾਂ ਵੀ ਕਾਫ਼ੀ ਮਜ਼ਬੂਤ ਸੀ। ਉਹਦੀ ਕਮਿਊਨਿਟੀ ਨਾਲ ਇਸ ਮਾੜੀ ਘਟਨਾ ਕਰ ਕੇ ਜੋ ਦੂਰੀ ਪੈਦਾ ਹੋ ਗਈ ਸੀ, ਇਸ ਨਾਲ ਉਹਦਾ ਰੌਕੀ ਪਹਾੜਾਂ ਤੋਂ ਪਰ੍ਹੇ ਜਾਣ ਦਾ ਫ਼ੈਸਲਾ ਛੇਤੀ ਹੋ ਗਿਆ।

41

ਵਿਛੜਨ ਦਾ ਅਤੇ ਅਲਵਿਦਾ ਕਹਿਣ ਦਾ ਮੌਕਾ ਆ ਗਿਆ ਸੀ।

ਫ਼ਰੇਜ਼ਰ ਦੇ ਕੰਢੇ ਖੜ੍ਹੇ ਵੱਡੇ ਵੱਡੇ ਮਾਣਮੱਤੇ ਦਰਖ਼ਤਾਂ ਤੋਂ ਵਿਦਾ ਹੋਣਾ ਇੰਨਾ ਔਖਾ ਨਹੀਂ ਸੀ, ਕਿਉਂਕਿ ਉਹ ਤਾਂ ਬੇਪ੍ਰਵਾਹ ਆਪਣੇ ਕੰਮ ਵਿਚ ਮਗਨ ਸਨ। ਦਰਿਆ ਕੰਢੇ ਫਿਰਦੇ ਬਗਲੇ ਵੀ ਉਹਦੇ ਜਾਣ ਤੋਂ ਕੋਈ ਬਹੁਤੇ ਨਿਰਾਸ਼ ਨਹੀਂ ਸੀ ਲਗਦੇ। ਪਰ ਖ਼ਾਲੀ ਹੋ ਚੁੱਕੀਆਂ ਝੌਂਪੜੀਆਂ ਅਤੇ ਕੁੱਕ-ਹਾਊਸ ਤੋਂ ਵਿਦਾਇਗੀ ਲੈਣੀ ਬਹੁਤ ਮੁਸ਼ਕਲ ਸੀ। ਇਸ ਤੋਂ ਵੀ ਮੁਸ਼ਕਲ ਸੀ ਦਰਿਆ ਨੂੰ ਛੱਡਣਾ, ਜਿਹੜਾ ਕਿ ਇਕ ਵਫ਼ਾਦਾਰ ਅਤੇ ਨਿੱਘਾ ਸਾਥੀ ਰਿਹਾ ਸੀ। ਜਿਹਨੇ ਆਪਣੀਆਂ ਮਧੁਰ ਅਤੇ ਨਰਮ ਆਵਾਜ਼ਾਂ ਰਾਹੀਂ ਹਮੇਸ਼ਾਂ ਉਹਨੂੰ ਹੌਸਲਾ ਦਿੱਤਾ ਸੀ : "ਰਾਹ 'ਚ ਆਉਂਦੀਆਂ ਰੁਕਾਵਟਾਂ ਨੂੰ ਕੰਢਿਆਂ ਵਾਂਗ ਵਰਤ, ਜਿਵੇਂ ਮੈਂ ਵਰਤਦਾ ਹਾਂ ਅਤੇ ਕਦੀ ਵੀ ਚੱਲਣਾ ਨਾ ਛੱਡੀਂ।"

ਸਭ ਤੋਂ ਮੁਸ਼ਕਲ ਕੰਮ ਆਪਣੀ ਪੁਰਾਣੀ ਝੁੱਗੀ ਨੂੰ ਅਲਵਿਦਾ ਕਹਿਣ ਦਾ

ਸੀ। ਸੇਕ ਦੇਣ ਵਾਲਾ ਤਵਾ ਠੰਡਾ ਪਿਆ ਸੀ। ਕਿਤਾਬਾਂ ਵਾਲੀ ਸ਼ੈਲਫ ਖ਼ਾਲੀ ਪਈ ਸੀ। ਅਤੇ ਕੰਧਾਂ ਤੋਂ ਬਿਨਾਂ ਚੁਗਾਠਾਂ ਵਾਲੀਆਂ ਤਸਵੀਰਾਂ ਲਾਹ ਲਈਆਂ ਗਈਆਂ ਸਨ। ਪਰ ਫੇਰ ਵੀ ਇਸ ਦਾ ਖ਼ਾਲੀਪਨ ਸਾਹ ਲੈ ਰਹੀਆਂ ਸੁੰਦਰ ਯਾਦਾਂ ਨਾਲ ਭਰਿਆ ਪਿਆ ਸੀ। ਇਹ ਗੁਆਹ ਸੀ ਉਹਨਾਂ ਦੋ ਭੱਖਦੀਆਂ ਰੂਹਾਂ ਦੀ, ਦੋ ਜੁਆਨ ਅੱਗ ਬਣੇ ਸਰੀਰਾਂ ਦੀ ਜਿਹੜੇ ਪਲ ਦੀ ਪਲ ਲਈ ਦੁਨੀਆਂ ਦੇ ਹਰ ਬੰਧਨ ਤੋਂ ਆਜ਼ਾਦ ਹੋ ਗਏ ਸਨ ਅਤੇ ਅਨੰਦ ਮੁਗਧ ਹੋਏ ਸਵਰਗ ਦੇ ਦਾਇਰੇ ਵਿਚ ਜਾ ਵੜੇ ਸਨ। ਅਜੇ ਬਹੁਤਾ ਚਿਰ ਨਹੀਂ ਸੀ ਹੋਇਆ ਜਦੋਂ ਉਹ ਉੱਥੇ ਖੜ੍ਹੀ ਸੀ, ਉਹਦੇ ਕਾਲੇ ਲੰਮੇ ਵਾਲ ਉਹਦੀ ਮੁਲਾਇਮ ਚਿੱਟੀ ਪਿੱਠ ਦੇ ਅੱਧ ਤਕ ਝੂਮਦੇ ਜਾਂਦੇ ਸਨ ਅਤੇ ਉਹਦਾ ਨਰਮ ਵਲ ਖਾਂਦਾ ਸਰੀਰ ਦੀਵੇ ਦੀ ਮਿੱਠੀ ਲੋਅ ਵਿਚ ਵੀ ਚਮਕ ਰਿਹਾ ਸੀ। ਸੁਹਜ ਰਲੀ ਸੁੰਦਰਤਾ, ਨਿੱਘ ਰਲੀ ਨਰਮਾਈ ਅਤੇ ਉਹਨੇ ਇਕ ਸਮ੍ਰਪਣਾ ਭਾਵਨਾ ਨਾਲ ਨਾਲ ਸਭ ਕੁਝ ਪੇਸ਼ ਕਰ ਦਿੱਤਾ ਸੀ।

ਐਡਮੈਂਟਨ ਜਾਣ ਵਾਲੀ 'ਵਾਢੀਆਂ ਵਾਲੀ ਗੱਡੀ' ਚੜ੍ਹਨ ਤੋਂ ਪਹਿਲਾਂ ਮਲੂਕਾ ਅਲਵਿਦਾ ਕਹਿਣ ਵੈਨਕੂਵਰ ਦੇ ਗੁਰਦਵਾਰੇ ਗਿਆ। ਉਹ ਇਸ ਕਮਿਊਨਿਟੀ ਦਾ ਸਭ ਤੋਂ ਛੋਟਾ ਮੈਂਬਰ ਅਤੇ ਇਸ ਦਾ ਇਕ ਅਨਿੱਖੜਵਾਂ ਅੰਗ ਰਿਹਾ ਸੀ। ਕਈ ਪੱਕੇ ਕੱਟੜ ਵੀ ਜਿਹੜੇ ਉਹਦੇ ਧਰਮ ਛੱਡਣ ਕਰਕੇ ਅਜੇ ਬਹੁਤ ਗੁੱਸੇ ਸਨ, ਜਾਣ ਦੀ ਘੜੀ ਵੇਲੇ ਪਸੀਜ ਗਏ ਸਨ।

"ਅਸੀਂ ਤੇਰੀ ਭਲਾਈ ਚਾਹੁੰਦੇ ਹਾਂ", ਹੀਰਾ ਸਿੰਘ ਨੇ ਕਿਹਾ। ਉਹ ਆਪਣਾ ਮੋਹ ਲੁਕਾਉਣ ਲਈ ਛੋਟੇ ਛੋਟੇ ਵਾਕਾਂ ਵਿਚ ਬੇਪਰਵਾਹੀ ਜਿਹੀ ਨਾਲ ਗੱਲ ਕਰ ਰਿਹਾ ਸੀ। "ਸਾਡੀ ਖਾਹਿਸ਼ ਸੀ ਕਿ ਤੂੰ ਸਾਡੇ ਵਿਚ ਹੀ ਰਹਿੰਦਾ। ਸਾਨੂੰ ਤੇਰੇ ਉੱਤੇ ਬੜਾ ਮਾਣ ਸੀ। ਪਰ ਹੋਣੀ ਨੂੰ ਇਹ ਮਨਜ਼ੂਰ ਨਹੀਂ।"

"ਗੁਰੂ ਦੀ ਕਿਰਪਾ ਨਾਲ ਤੂੰ ਬਹੁਤ ਸਿਆਣਾ ਅਤੇ ਗੁਣਵਾਨ ਹੈਂ", ਈਸ਼ਰ ਸਿੰਘ ਨੇ ਕਿਹਾ। "ਪਰ ਤੇਰੇ ਇਹ ਗੁਣ ਸਾਡੇ ਲਈ ਨਹੀਂ। ਅਸੀਂ ਸਾਰੇ ਤੈਨੂੰ ਬੜੀ ਮੁਹੱਬਤ ਕਰਨ ਲੱਗ ਪਏ ਸੀ। ਪਰ ਹੁਣ ਤੂੰ ਸਾਨੂੰ ਛੱਡ ਕੇ ਜਾ ਰਿਹਾ ਏਂ।"

"ਅਸੀਂ ਆਸ ਕਰਦੇ ਆਂ", ਭਾਈ ਸੰਤੋਖ ਸਿੰਘ ਨੇ ਕਿਹਾ, "ਪਈ ਗੁਰੂ ਦੀ ਕਿਰਪਾ ਨਾਲ ਤੂੰ ਮੁੜਕੇ ਸਾਡੇ ਕੋਲ ਆ ਜਾਵੇਂਗਾ। ਅਸੀਂ ਕਦੀ ਵੀ ਬਦਲਣ ਨਹੀਂ ਲੱਗੇ।"

ਨੱਥਾ ਸਿੰਘ ਨੇ ਪਿਆਰ ਨਾਲ ਉਹਨੂੰ ਗੱਲਵਕੜੀ 'ਚ ਲਿਆ ਅਤੇ ਧੀਮੀ ਆਵਾਜ਼ ਵਿਚ ਕਹਿਣ ਲੱਗਾ, "ਤੈਨੂੰ ਜਿੱਥੇ ਵੀ ਤੇਰੀ ਜ਼ਿੰਦਗੀ ਲੈ ਕੇ ਜਾਂਦੀ ਹੈ ਜ਼ਰੂਰ ਜਾਣਾ ਚਾਹੀਦਾ ਹੈ। ਤੂੰ ਤਕੜਾ ਏਂ ਅਤੇ ਤੇਰੀ ਰੂਹ ਬੇਚੈਨ ਹੈ। ਅਸੀਂ ਤੈਨੂੰ ਰੋਕ ਕੇ ਨਹੀਂ ਰਖ ਸਕਦੇ ਜਿਵੇਂ ਇਕ ਪਰਬਤ ਉਹਦੇ 'ਚੋਂ ਨਿਕਲਣ ਵਾਲੀ ਨਦੀ ਨੂੰ ਨਹੀਂ ਰੋਕ ਕੇ ਰੱਖ ਸਕਦਾ। ਪਰ ਸਾਡਾ ਚੇਤਾ ਨਾ ਭੁਲਾਈਂ।"

ਮਲੂਕਾ ਬੜਾ ਭਾਰਾ ਮਨ ਲੈ ਕੇ ਗਰੈਂਨਵਿਲ ਪੁੱਲ ਨੂੰ ਪਾਰ ਕਰਕੇ ਸੀ. ਪੀ. ਆਰ. ਦੇ ਸਟੇਸ਼ਨ ਉੱਤੇ ਪਹੁੰਚਾ। ਮੀਂਹ 'ਚ ਨਹਾਤੀਆਂ ਭੂਰੀਆਂ ਇਮਾਰਤਾਂ ਸੂਰਜ ਵਿਚ ਚਮਕ ਰਹੀਆਂ ਸਨ। ਪੁੱਲ ਦੇ ਚੋਹੀਂ ਪਾਸੀਂ ਫਾਲਸ਼ ਕਰੀਕ ਉੱਪਰ ਬਣੀਆਂ ਮਿੱਲਾਂ 'ਚੋਂ ਖੜਕਾ ਸੁਣ ਰਿਹਾ ਸੀ ਅਤੇ ਉਹਨਾਂ 'ਚੋਂ ਨਿਕਲਦਾ ਧੂੰਆਂ ਕਈ ਕਿਸਮ ਦੀਆਂ ਸ਼ਕਲਾਂ ਅਖ਼ਤਿਆਰ ਕਰ ਰਿਹਾ ਸੀ। ਉਹਨੇ ਤੁਰੇ ਜਾਂਦੇ ਨੇ ਥੱਲੇ ਦੇਖਿਆ, ਅਤੇ ਸ਼ਾਇਦ ਆਖ਼ਰੀ ਵਾਰੀ ਆਪਣੇ ਲੋਕਾਂ ਬਾਰੇ ਸੋਚਿਆ, ਜਿਹੜੇ ਪੰਜਾਬ ਦੇ ਸਿੱਖ ਕਿਸਾਨ-ਨੀਲੀਆਂ ਡਾਂਗਰੀਆਂ ਪਾਈ ਅਤੇ ਚਮੜੇ ਦੇ ਬੱਧਰ ਬੰਨ੍ਹੀ ਮਿੱਲਾਂ ਚਲਾ ਰਹੇ ਸਨ। ਦੂਰ ਦਿਸਹੱਦੇ ਤੇ ਲੰਮ-ਸਲੰਮੇ ਕੋਨੀਫ਼ਰਾਂ ਦੇ ਰੁੱਖਾਂ ਦੇ ਸਾਵੇ-ਸੁਹਾਵਣੇ ਝੁੰਡਾਂ ਦੇ ਧੁੰਦਲੇ ਜੇਹੇ ਆਕਾਰ ਕੈਨੇਡਾ ਦੀਆਂ ਅਰਦਾਸ-ਲੀਨ ਰੀਝਾਂ ਵਾਂਗ ਅਡੋਲ ਖੜ੍ਹੇ ਸਨ।

42

ਗੁਰਦੁਆਰੇ ਤੋਂ ਚਲੇ ਆਉਣ ਤੋਂ ਬਾਅਦ, ਮਲੂਕਾ ਆਪਣੇ ਆਪ ਨੂੰ ਬਹੁਤ ਉਦਾਸ ਤੇ ਕੱਲਾ-ਕਾਰਾ ਮਹਿਸੂਸ ਕਰ ਰਿਹਾ ਸੀ। ਆਪਣੇ ਖ਼ਿਆਲਾਂ ਵਿਚ ਗੁਆਚਾ ਗ੍ਰੈਨਵਿਲੇ ਗਲੀ ਵਿਚੋਂ ਹੌਲੀ ਹੌਲੀ ਤੁਰਦਾ ਹੋਇਆ ਕੈਨੇਡੀਅਨ ਪੈਸੇਫਿਕ ਸਟੇਸ਼ਨ 'ਤੇ ਪੁੱਜਾ। ਵਿੱਛੜੇ ਮਿੱਤਰਾਂ ਤੇ ਮਗਰ ਰਹਿ ਗਈਆਂ ਥਾਵਾਂ ਦੀਆਂ ਮਿੱਠੀਆਂ ਯਾਦਾਂ ਦੇ ਝੁਰਮਟ ਨੇ ਉਹਦੇ ਮਨ ਨੂੰ ਇਸ ਕਦਰ ਮੱਲਿਆ ਹੋਇਆ ਸੀ ਕਿ

ਉਹ ਦੁਆਲੇ ਦੇ ਗਲੀ ਬਾਜ਼ਾਰਾਂ ਦੀ ਰੌਣਕ ਤੇ ਚਹਿਲ-ਪਹਿਲ ਵਲੋਂ ਅਸਲੋਂ ਹੀ ਬੇਖ਼ਬਰ ਸੀ।

ਸ਼ਾਂਤ ਤੇ ਬੇਰੋਕ ਵਹਿ ਰਹੇ ਫ਼ਰੇਜ਼ਰ ਦਰਿਆ ਦੇ ਉਸ ਲਈ ਬੜੇ ਡੂੰਘੇ ਅਰਥ ਸਨ—ਨਿਰੰਤਰਤਾ ਦੀ ਗੋਦ ਵਿਚ ਵਗਦੀ ਲਗਾਤਾਰ ਤਬਦੀਲੀ, ਸਦਾ ਓਹੀ ਦਰਿਆ, ਪਰ ਨਿੱਤ ਬਦਲਦੇ ਪਾਣੀ। ਇਕ ਚੁੱਪ-ਚਾਪ ਵਫ਼ਾਦਾਰ ਦੋਸਤ ਵਾਂਗ ਇਹ ਉਸ ਨੂੰ ਸਦਾ ਲਗਾਤਾਰ ਸੰਘਰਸ਼ ਤੇ ਅਮੁੱਕ ਉਮਾਹ ਦੇ ਇਸ ਸਨੇਹੇ ਨਾਲ ਸਰਸ਼ਾਰ ਕਰਦਾ ਰਿਹਾ ਸੀ ਕਿ ਆਪਣੇ ਰਾਹ ਵਿਚ ਆਉਣ ਵਾਲੀਆਂ ਸਭਨਾਂ ਰੋਕਾਂ ਨੂੰ ਇਸ ਕਦਰ ਉਲੰਘਦੇ ਜਾਓ ਜਿਵੇਂ ਮੈਂ ਆਪਣੇ ਜ਼ਿੱਦੀ ਕੰਢਿਆਂ ਨਾਲ ਖਹਿੰਦਾ ਆਪਣੀ ਮਸਤ ਚਾਲੇ ਵਗਦਾ ਰਹਿੰਦਾ ਹਾਂ। ਕੰਢੇ ਤਾਂ ਬਸ ਆਪਣੀ ਸਾਰੀ ਸ਼ਕਤੀ ਨੂੰ ਸੰਜੋਅ ਕੇ ਹੋਰ ਵੀ ਵਧੇਰੇ ਤੇਜ਼ ਚਾਲੇ ਅਗਾਂਹ ਵਧਣ ਦੀ ਵੰਗਾਰ ਮਾਤਰ ਹੀ ਹੁੰਦੇ ਹਨ।

ਡੋਮੀਨੀਅਨ ਮਿੱਲ ਵਾਲਾ ਕੁੱਕ-ਹਾਊਸ ਉਹਦੇ ਲਈ ਨਵੇਂ ਘਰ ਦਾ ਹੀ ਰੁਤਬਾ ਅਖ਼ਤਿਆਰ ਕਰ ਗਿਆ ਸੀ। ਫ਼ਰੇਜ਼ਰ ਨਦੀ ਦੇ ਕੰਢੇ ਵੱਸਦੇ ਮਜ਼ਬੂਤ ਕਾਠੀਆਂ ਵਾਲੇ ਛੜੇ-ਛਾਂਟ, ਤੇਜ਼-ਤਰਾਰ ਤੇ ਤੁੰਦ-ਮਿਜ਼ਾਜ਼ ਪੰਜਾਬੀ ਬੰਦਿਆਂ ਦੇ ਇਸ ਨਿੱਕੇ ਜਿਹੇ ਭਾਈਚਾਰੇ ਨੇ ਉਹਨੂੰ ਟੱਬਰ ਵਾਲਾ ਨਿੱਘ ਤੇ ਨੇੜੇ ਦਾ ਸਾਥ ਦਿੱਤਾ ਸੀ। ਉਹਨਾਂ ਦੀਆਂ ਮੁੱਢ-ਕਦੀਮੀ ਬਾਤਾਂ, ਮਸਤਾਨੇ ਗੀਤਾਂ, ਇਕ ਦੂਜੇ ਦੇ ਨਾਲ ਖੜ੍ਹਨ ਵਾਲੇ ਮਦਦਗਾਰੀ ਸੁਭਾਅ, ਨਿੱਕੇ ਨਿੱਕੇ ਰੋਸਿਆਂ, ਝਗੜਿਆਂ, ਝੱਟ ਪੱਟ ਦੀਆਂ ਮੰਨ-ਮਾਨੀਆਂ ਤੇ ਖੁੱਲ੍ਹੇ ਹਾਸੇ ਮਖ਼ੌਲਾਂ ਨੇ ਉਹਦੇ ਮਨ ਨੂੰ ਕੀਲ ਹੀ ਤਾਂ ਲਿਆ ਸੀ। ਤੇ ਉੱਪਰੋਂ ਵਾਧੇ ਵਾਲੀ ਗੱਲ ਇਹ ਕਿ ਇਹ ਸਾਰੇ ਉਹਨੂੰ ਹੋਰ ਅਗਾਂਹ ਪੜ੍ਹਨ ਦੀ ਹੱਲਾ-ਸ਼ੇਰੀ ਵੀ ਦਿੰਦੇ ਰਹੇ ਸਨ।

ਭਾਵੇਂ ਜਾਹਨ ਓਲੀਵਰ ਹਾਈ ਸਕੂਲ ਦੇ ਉਹਦੇ ਹਮਜਮਾਤੀ ਤਾਂ ਨੌਕਰੀ ਦੀ ਤਲਾਸ਼ ਜਾਂ ਉਚੇਰੀ ਪੜ੍ਹਾਈ ਕਰਨ ਲਈ ਏਧਰ ਉਧਰ ਖਿੰਡ ਪੁੰਡ ਗਏ ਸਨ ਪਰ ਡੋਰਿਸ ਮਿਚਲ ਦੀ ਯਾਦ ਸਦਾ ਉਹਦੇ ਅੰਗ ਸੰਗ ਸੀ, ਜੋ ਉਹਦੀ ਕਲਪਣਾ ਨੂੰ ਸੀਖਕੇ ਖ਼ੁਸ਼ੀਆਂ ਨਾਲ ਸਰਸ਼ਾਰ ਕਰਦੀ ਹੋਈ ਉਹਦੇ ਦਿਲ ਨੂੰ ਦਗਦੇ ਮਘਦੇ ਕੋਲੇ ਵਾਂਗ ਲਾਲ ਸੁਹਾ ਕਰ ਜਾਂਦੀ ਸੀ। ਇਹ ਬਦੇ ਸੀਖ-ਪਾ ਹੋਈ ਪਰੀ ਵਾਂਗ ਨਿਤ ਦੀਆਂ ਮਿੱਠੀਆਂ ਰਾਗਣੀਆਂ ਛੇੜ ਦਿੰਦੀ ਤੇ ਕਦੇ ਅਗਿਆਤ ਦੂਰੀਆਂ ਤੋਂ

ਉਹਨੂੰ ਤੁਖਣੀਆਂ ਦੇਕੇ ਤੜਫਾ ਜਾਂਦੀ ਸੀ।

ਪਾ ਲਾ ਕੇ ਮਲੂਕੇ ਦੇ ਦਿਲ ਵਿਚ ਉਦਾਸੀ ਸੀ ਤੇ ਦਿਮਾਗ਼ ਵਿਚ ਕੋਈ ਗਹਿਰੀ ਕਸ਼ਮਕਸ਼।

ਨਾਸਤਕ ਹੋਣ ਦੇ ਨਾਤੇ, ਉਹ ਸੋਚਦਾ ਕਿ ਧਰਮ ਲੋਕਾਂ ਲਈ ਕਿਤੇ ਅਫ਼ੀਮ ਨਾਲੋਂ ਵੀ ਵਧੇਰੇ ਹੀ ਕੋਈ ਮਾੜੀ ਚੀਜ਼ ਤਾਂ ਨਹੀਂ। ਆਪਣੀ ਜਨੂਨੀ ਕੱਟੜਤਾ ਵਿਚ ਇਹ ਬੇਦੋਸ਼ਿਆਂ ਦਾ ਘਾਣ ਕਰ ਛਿੰਦਾ ਸੀ। ਅਸਮਾਨ ਨਾਲ ਆਢਾ ਲਾਉਣ ਵਾਲਿਆਂ ਨੂੰ ਇਹ ਕਈ ਵਾਰ ਸੂਲੀ ਚਾੜ੍ਹ ਦਿੰਦਾ ਸੀ। ਇਹਦੀ ਹਾਲਤ ਸ਼ਾਇਦ ਬੱਚਿਆਂ ਲਈ ਹੀ ਚੰਗੀ ਖਿਡਾਵੀ ਵਾਲੀ ਸੀ।

ਕੀ ਭਾਰਤ ਪਦਾਰਥਵਾਦੀ ਪੱਛਮੀ ਮੁਲਕਾਂ ਨਾਲੋਂ ਵਧੇਰੇ ਅਧਿਆਤਮਵਾਦੀ ਸੀ? ਉਹਨਾਂ ਵਿਚ ਕਿਹੋ ਜਿਹੀ ਰੂਹਾਨੀਅਤ ਹੋ ਸਕਦੀ ਸੀ ਜਿਹਨਾਂ ਦੀਆਂ ਜ਼ਿੰਦਗੀਆਂ ਪਦਾਰਥਕ ਥੁੜ੍ਹ ਵਿਚ ਮਧੋਲੀਆਂ ਪਈਆਂ ਨੇ? ਭੁੱਖ ਤੇ ਰੋਗਾਂ ਨਾਲ ਗ੍ਰਸੇ, ਗੰਦੀਆਂ ਬਸਤੀਆਂ ਵਿਚ ਰਹਿੰਦੇ ਜਾਂ ਸ਼ਹਿਰ ਦੀਆਂ ਸੜਕਾਂ ਕੰਢੇ ਸੌਂ ਕੇ ਰਾਤਾਂ ਗੁਜ਼ਾਰਨ ਵਾਲੇ ਗ਼ਰੀਬ-ਗੁਰਬਿਆਂ ਨੂੰ ਕਿਹੜੇ 'ਸੁਰਗ' ਦੀ ਆਸ ਹੋ ਸਕਦੀ ਸੀ?

ਕੀ ਪੱਛਮੀ ਮੁਲਕ ਏਨੇ ਹੀ ਅੱਲੋਕਾਰ ਹਨ? ਇਹ ਠੀਕ ਹੈ ਕਿ ਇਹਨਾਂ ਨੇ ਬਹੁਤ ਸਾਰੇ ਪੂਰਬੀ ਮੁਲਕਾਂ 'ਤੇ ਕਬਜ਼ੇ ਕੀਤੇ ਹੋਏ ਹਨ। ਪਰ ਸੱਤਾ ਲਈ ਇਹਨਾਂ ਦੀ ਅੰਨ੍ਹੀ ਹਾਬੜ ਨੇ ਦੁਨੀਆਂ ਨੂੰ ਸਭ ਤੋਂ ਵੱਧ ਭਿਆਨਕ ਜੰਗ ਦੀ ਭੱਠੀ ਵਿਚ ਵੀ ਤਾਂ ਝੋਕ ਹੀ ਸੁੱਟਿਆ ਸੀ। ਕੀ ਉਹ ਏਸੇ ਨੂੰ ਹੀ ਤਰੱਕੀ ਦੀਆਂ ਪੌੜੀਆਂ ਲਾਕੇ ਅਸਮਾਨੀ ਤਾਰੇ ਤੋੜਨੇ ਸਮਝੀ ਬੈਠੇ ਹਨ?

ਤਾਰੀਖ਼ ਦੇ ਚੁੱਪ-ਕੰਢਿਆਂ ਉੱਪਰ ਕਈ ਸ਼ਕਤੀਸ਼ਾਲੀ ਸਲਤਨਤਾਂ ਦੀਆਂ ਚਿੱਟੀਆਂ ਹੱਡੀਆਂ ਰੁਲਦੀਆਂ ਪਈਆਂ ਨੇ। ਕਿਹੜੇ ਰੋਗ ਨਾਲ ਉਹਨਾਂ ਦੀ ਸ਼ਾਨੋ-ਸ਼ੌਕਤ ਰਾਖ ਹੁੰਦੀ ਰਹੀ ਹੈ। ਚਿੱਲੀ ਦੀ ਖ਼ਾਕ ਹੀ ਤਖ਼ਤ ਤਾਊਸ ਦੇ ਸ਼ਾਨ-ਮੱਤੇ ਹੰਕਾਰ ਨਾਲੋਂ ਵਧੇਰੇ ਹੰਢਣਸਾਰ ਸਿੱਧ ਹੁੰਦੀ ਰਹੀ ਹੈ।

ਤਰਕ ਤੇ ਵਿਗਿਆਨ ਵਿਧੀ ਨੇ ਨਿਸ਼ਚੇ ਹੀ ਮਨੁੱਖ ਦੇ ਗਿਆਨ ਤੇ ਪਦਾਰਥਕ ਸੁੱਖ ਲਈ ਬੜਾ ਕੁਝ ਕੀਤਾ ਹੈ। ਪਰ ਕੀ ਤਰਕ ਹੀ ਵਿਕਾਸਾਤਮਕ ਅਮਲ ਦਾ ਸਿਰਾ ਹੈ? ਕੀ ਵਿਗਿਆਨ ਵਿਧੀ ਹੀ ਸੱਚ ਦੀ ਤਲਾਸ਼ ਦਾ ਇਕੋ ਇਕ ਤਰੀਕਾ ਹੈ?

ਮਨੁੱਖ ਦਾ ਗਿਆਨ ਸਿਆਣਪ ਕਿਵੇਂ ਬਣੇਗਾ ? ਉਸ ਦੀ ਵਡਿਆਈ ਚੰਗਿਆਈ ਵਿਚ ਕਿਵੇਂ ਬਦਲੇਗੀ ? ਉਸ ਦੀ ਸੱਤਾ ਲਈ ਭੁੱਖ ਸੰਤੁਲਿਤ ਸੰਬੰਧਾਂ ਵਿਚ ਕਿਵੇਂ ਤਬਦੀਲ ਹੋਵੇਗੀ ?

ਹੈਰਾਨ ਪਰੇਸ਼ਾਨ ਹੋਇਆ ਮਲੂਕਾ ਇਹੋ ਜਹੀਆਂ ਸੋਚਾਂ ਵਿਚ ਉਲਝਿਆ ਰਹਿੰਦਾ ।

ਪਰ ਉਹ ਕਿਸੇ ਤਣ ਪੱਤਣ ਲੱਗਣ ਲਈ ਆਪਣੇ ਮੁਤਾਲੇ 'ਤੇ ਘੋਖ-ਪੜਤਾਲ ਨੂੰ ਜਾਰੀ ਰੱਖਣ ਲਈ ਦ੍ਰਿੜ੍ਹ ਸੀ ।

ਉਹ ਆਪਣੀਆਂ ਅੱਖਾਂ ਵਿਚ ਵਧੇਰੇ ਚਾਨਣ ਭਰ ਕੇ ਦੁਨੀਆਂ ਨੂੰ ਨਵੇਂ ਸਿਰਿਓਂ ਦੇਖਣ-ਪਾਖਣ ਲਈ ਅਣਗਾਹੀਆਂ ਧਰਤੀਆਂ ਨੂੰ ਗਾਹ ਸੁੱਟਣ ਲਈ ਤਤਪਰ ਰਹਿੰਦਾ ।

... ...

ਮਲੂਕਾ ਸੀ. ਪੀ. ਆਰ. ਹੋਟਲ ਦੀ ਸ਼ਾਨ-ਮੱਤੀ ਇਮਾਰਤ ਕੋਲੋਂ ਦੀ ਲੰਘਿਆ । ਸ਼ਾਹ-ਬਲੂਤੀ ਲਿਮੋਜ਼ੀਨ ਕਾਰਾਂ ਇਹਦੇ ਛੱਤੇ ਹੋਏ ਲਾਂਘੇ ਵਿਚੀਂ ਆ-ਜਾ ਰਹੀਆਂ ਸਨ । ਬਰਕਸ ਭਵਨ ਦੀਆਂ ਨੁਮਾਇਸ਼ੀ-ਵਾਰੀਆਂ ਮਹਿੰਗੇ ਸੋਨੇ-ਚਾਂਦੀ ਦੇ ਜ਼ੇਵਰਾਂ ਤੇ ਹੀਰੇ-ਜਵਾਹਰਾਤੀ ਗਹਿਣਿਆਂ ਦੀ ਚਮਤ ਦਮਕ ਨਾਲ ਲਬਰੇਜ਼ ਸਨ । ਝੱਟ ਕੁ ਮਗਰੋਂ ਉਹ ਗਰੈਨਵਿਲੇ ਤੇ ਹੇਸਟਿੰਗਜ਼ ਸਟਰੀਟ ਦੇ ਕੋਨੇ ਤੇ ਉਸਰੀ ਸਲੇਟੀ ਪੱਥਰਾਂ ਨਾਲ ਜੜੀ ਹੋਈ, ਡਾਕਖਾਨੇ ਦੀ ਦਿਓ-ਕੱਦ ਇਮਾਰਤ ਕੋਲ ਦੀ ਹੌਲੀ ਹੌਲੀ ਤੁਰਦਾ ਕੋਰਡੋਵਾ ਸਟਰੀਟ ਉੱਤਲੇ ਸੀ. ਪੀ. ਆਰ. ਸਟੇਸ਼ਨ ਪੁੱਜਾ । ਉੱਚੇ ਸਫੇਦ ਥੰਮਲਿਆਂ ਵਾਲਾ ਇਸਦਾ ਖੁੱਲ੍ਹਾ-ਡੁੱਲ੍ਹਾ ਹਾਲ ਲਗਪਗ ਖ਼ਾਲੀ ਹੀ ਸੀ । ਹਫ਼ਤੇ ਦੇ ਅਖ਼ੀਰੀ ਦਿਨੀਂ ਇਹ ਫ਼ਰੇਜ਼ਰ ਤੇ ਬਰਾਲਡ ਇਨਲੈਟ ਦੇ ਕਿਨਾਰਿਆਂ ਤੇ ਬਣੀਆਂ ਲੱਕੜ-ਮਿੱਲਾਂ 'ਚੋਂ ਵੈਨਕੂਵਰ ਆਉਣ ਵਾਲੇ ਸਿੱਖ ਕਾਮਿਆਂ ਦੀ ਮਕਬੂਲ ਮਿਲਾਪਗਾਹ ਹੋਇਆ ਕਰਦਾ ਸੀ । ਉਨ੍ਹਾਂ ਦੀ ਗ਼ੈਰਹਾਜ਼ਰੀ ਕਾਰਨ ਇਹ ਹੋਰ ਵੀ ਵਧੇਰੇ ਸੁੰਨਾ ਹੋ ਗਿਆ ਜਾਪਦਾ ਸੀ ।

ਗੱਡੀ ਆਉਣ ਵਿਚ ਹਾਲੇ ਕਾਫ਼ੀ ਸਮਾਂ ਸੀ । ਮਲੂਕਾ ਹਾਲ ਵਿਚ ਪਏ ਲੱਕੜ ਦੇ ਲੰਮ-ਸਲੰਮੇ ਤੇ ਖੁੱਲ੍ਹੇ-ਡੁੱਲ੍ਹੇ ਬੈਂਚ ਉਪਰ ਬੈਠ ਗਿਆ ਤੇ ਉਸ ਨੇ ਆਪਣੇ ਝੋਲੇ ਚੋਂ ਅਲਾਮਾ ਇਕਬਾਲ ਦੀ ਅੱਧੋਰਾਣੀ ਹੋ ਚੁੱਕੀ ਬਾਲ-ਏ-ਜਬਰੀਲ ਕੱਢੀ । ਜਦ

ਕਦੇ ਵੀ ਮਲੂਕਾ ਇਕੱਲਾ ਤੇ ਰਤਾ ਉਦਾਸ ਹੁੰਦਾ ਤਾਂ ਉਹ ਇਕਬਾਲ ਦੀ ਕਿਤਾਬ ਖੋਲ੍ਹ ਬੈਠਦਾ ਸੀ। ਉਹਦੀ ਸ਼ਾਇਰੀ ਦੀਆਂ ਉੱਚੇ ਸੁੱਚੇ ਜਜ਼ਬੇ ਨਾਲ ਦਗਦੀਆਂ ਮਘਦੀਆਂ ਸਤਰਾਂ, ਉਸ ਅੰਦਰ ਨਵੀਂ ਰੂਹ ਫੂਕ ਦਿੰਦੀਆਂ ਸਨ ਤੇ ਉਹ ਹਰ ਮੁਸੀਬਤ ਨਾਲ ਆਢਾ ਲਾਉਣ ਲਈ ਨਵੇਂ ਸਿਰਿਓਂ ਉਤਸ਼ਾਹ ਨਾਲ ਭਰ ਜਾਂਦਾ ਸੀ। ਉਹ ਇਕਬਾਲ ਦੇ ਬੀਤੇ ਸਮੇਂ ਪ੍ਰਤੀ ਰੂਮਾਨੀ ਮੋਹ ਤੇ ਆਪਣੇ ਵਿਰਸੇ ਨੂੰ ਵਡਿਆਉਣ ਦੀ ਪਰਵਿਰਤੀ ਨੂੰ ਚੰਗੀ ਤਰ੍ਹਾਂ ਸਮਝਦਾ ਸੀ ਤੇ ਇਕ ਤਰ੍ਹਾਂ ਨਾਲ ਇਸ ਭਾਵਨਾ ਦਾ ਪ੍ਰਸ਼ੰਸਕ ਵੀ ਸੀ, ਕਿਉਂਕਿ ਗ਼ੁਲਾਮ ਲੋਕਾਂ ਕੋਲ ਆਪਣੇ ਵਰਤਮਾਨ ਉੱਪਰ ਮਾਣ ਕਰਨ ਜੋਗਾ ਕੁਝ ਨਹੀਂ ਹੁੰਦਾ ਅਤੇ ਉਹ ਪ੍ਰੇਰਨਾ ਲੈਣ ਲਈ ਆਮ ਤੌਰ ਤੇ ਆਪਣੇ ਅਤੀਤ ਦੀਆਂ ਪ੍ਰਾਪਤੀਆਂ ਨੂੰ ਰਤਾ ਵਧਾ ਚੜ੍ਹਾਅ ਕੇ ਵੇਖਣ ਦੇ ਆਦੀ ਹੁੰਦੇ ਹਨ। ਇਕਬਾਲ ਉਦੋਂ ਉਹਦੇ ਮਨ ਨੂੰ ਧੁਰ ਅੰਦਰਲੀਆਂ ਡੂੰਘਿਆਈਆਂ ਤੋਂ ਛੋਹ ਜਾਂਦਾ ਸੀ ਜਦੋਂ ਉਹ ਦੱਬੇ ਕੁਚਲੇ ਲੋਕਾਂ ਨੂੰ ਬਗ਼ਾਵਤ ਕਰਨ ਦੀ ਪ੍ਰੇਰਨਾ ਦਿੰਦਾ ਹੋਇਆ ਘੁੱਗੀਆਂ ਨੂੰ ਬਾਜ਼ ਤੇ ਲਲਿਆਂ ਨੂੰ ਚੀਤੇ ਬਣ ਜਾਣ ਦੀ ਬੁਲੰਦੀ ਦਾ ਸੁਨੇਹਾ ਦਿੰਦਾ ਸੀ। ਸਭ ਤੋਂ ਵੱਧ ਉਦੋਂ, ਜਦੋਂ ਉਹ ਆਪਣੇ ਲੋਕਾਂ ਨੂੰ ਝਾੜ ਪਾਉਂਦਾ ਹੋਇਆ ਕਹਿੰਦਾ ਸੀ। ਸਦੀਆਂ ਭੇਡਾਂ ਵਾਂਗ ਜੀਣ ਨਾਲੋਂ ਇਕ ਪਲ ਲਈ ਸ਼ੇਰ ਵਾਂਗ ਜੀਣਾ ਕਿਤੇ ਬੇਹਤਰ ਹੁੰਦਾ ਹੈ।

ਸੀਮਿੰਟ ਦੇ ਫਰਸ਼ ਉੱਪਰ ਪੁਰਾਣੀਆਂ ਜੁੱਤੀਆਂ ਦੀ ਘਾਸਰ ਵਿੱਚੀਂ ਛਣਕੇ ਆਈ ਕੁਝ ਲੋਕਾਂ ਦੀ ਚਹਿਕਵੀਂ ਵਾਰਤਾਲਾਪ ਦੀ ਧੁਨ ਨੇ ਮਲੂਕੇ ਦਾ ਧਿਆਨ ਇਕਬਾਲ ਦੀ ਕਵਿਤਾ ਵਿਚੋਂ ਉਖੇੜ ਸੁੱਟਿਆ ਸੀ। ਹਾਲ ਵਿਚ ਵਾਢਿਆਂ ਦੀ ਆਮਦ ਸ਼ੁਰੂ ਹੋ ਗਈ ਸੀ, ਜਿਨ੍ਹਾਂ ਵਿਚੋਂ ਬਹੁਤੇ ਗਭਰੀਟ, ਨਰੋਏ ਤੇ ਭੋਲੀ ਭਾਲੀ ਚਿੱਖ ਵਾਲੇ ਸਨ। ਉਹਨਾਂ ਦੇ ਬੁੱਲ੍ਹਾਂ ਵਿਚ ਸਿਗਰਟਾਂ ਸਨ। ਸਾਮਾਨ ਛੋਟੀਆਂ-ਛੋਟੀਆਂ ਟਰੰਕੜੀਆਂ ਜਾਂ ਕੰਬਲਾਂ ਵਿਚ ਲਪੇਟਿਆ ਹੋਇਆ ਸੀ। ਉਹ ਆਪਣੇ ਸੰਗੀਆਂ ਸਾਥੀਆਂ ਦੇ ਛੋਟੇ ਛੋਟੇ ਝੁਰਮਟਾਂ ਵਿਚ ਖਿੰਡੇ ਹੋਏ ਸਨ। ਕੁਝ ਕੁ ਰਤਾ ਬੁੱਢੇ-ਠੇਰੇ, ਬੈਂਚਾਂ ਉੱਪਰ ਬੈਠੇ ਸਨ। ਤੀਹਾਂ ਕੁ ਵਰ੍ਹਿਆਂ ਦਾ ਇਕ ਮਧਰਾ ਸੁਕੜਾ ਜੇਹਾ ਤੇ ਪੀਲੀ ਭਾਹ ਮਾਰਦੀ ਸਫੇਦ ਰੰਗਤ ਵਾਲਾ ਇਕ ਬੰਦਾ ਮਲੂਕੇ ਵਾਲੇ ਬੈਂਚ ਕੋਲ ਰੁਕਿਆ ਤੇ ਬੜੀ ਹਲੀਮੀ ਨਾਲ ਇਜਾਜ਼ਤ ਲੈ ਕੇ ਉਸ ਕੋਲ ਬੈਠ ਗਿਆ। ਉਹਦੇ ਵਾਲ ਘਣੇ-ਕਾਲੇ ਸਨ ਤੇ ਭੂਰੀਆਂ ਲਿਸ਼ਕਦੀਆਂ ਅੱਖਾਂ। ਉਹਦੇ

ਬੁੱਲ੍ਹਾਂ ਉੱਪਰ ਜ਼ਿੰਦਗੀ ਦੇ ਦਿਲਚਸਪ ਪਹਿਲੂਆਂ ਬਾਰੇ ਗੰਭੀਰਤਾ ਵਾਲੀ ਸੋਚ-ਵਿਚਾਰ ਕਰਨ ਦੇ ਆਦੀ ਮਨੁੱਖ ਵਾਲੀ ਮੁਖਤਸਰ ਜੇਹੀ ਮੁਸਕਰਾਹਟ ਖੇਲ੍ਹ ਰਹੀ ਸੀ। ਕੀ ਉਹਨੂੰ ਮਲੂਕੇ ਦੀ ਅਜੀਬੋ-ਗ਼ਰੀਬ ਉਰਦੂ ਲਿਖਤ ਵਾਲੀ ਕਿਤਾਬ ਵਿਚ ਕੋਈ ਦਿਲਚਸਪੀ ਸੀ ? ਜਾਂ ਕੀ ਉਹਨੂੰ ਦਾਖੀ-ਰੰਗਤ ਵਾਲੇ ਇਸ ਪਰਦੇਸੀ ਦਿੱਸਦੇ ਕੱਲੇ-ਕਾਰੇ ਵਿਅਕਤੀ ਵਿਚ ਕੋਈ ਰੁਚੀ ਹੋ ਸਕਦੀ ਸੀ। ਮਲੂਕੇ ਦੇ ਮਨ ਵਿਚ ਇਹੋ ਜੇਹੇ ਕਈ ਸੁਆਲ ਆਏ।

"ਜੁਆਨਾ, ਵਢਾਵਾ ਲਗਦੈਂ ?", ਉਸ ਨੇ ਗੱਲਬਾਤ ਸ਼ੁਰੂ ਕਰਨ ਦੇ ਰੌਂ ਨਾਲ ਆਖਿਆ।

"ਨਹੀਂ", ਮਲੂਕੇ ਨੇ ਵਾਰਤਾਲਾਪ ਵਿਚ ਸ਼ਾਮਿਲ ਹੋਣ ਦੀ ਖ਼ੁਸ਼ੀ ਨਾਲ ਕਿਹਾ, "ਪਾੜ੍ਹਾ" ?

"ਮੈਂ ਵੀ ਵਾਢਾ ਨਹੀਂ", ਅਜਨਬੀ ਨੇ ਆਖਿਆ, "ਸਕੂਲ ਮਾਸਟਰ ਹਾਂ—ਰਿਆਇਤੀ-ਕਿਰਾਏ ਦਾ ਲਾਹਾ ਲੈ ਰਿਹਾਂ।"

"ਕਿੱਥੇ ਪੜ੍ਹਾਉਂਦੇ ਹੋ ਤੁਸੀਂ, ਜਨਾਬ ?" ਮਲੂਕੇ ਨੇ ਆਦਰ ਨਾਲ ਪੁੱਛਿਆ।

"ਕੈਲਗਰੀ ਨੇੜੇ, ਨਿੱਕੇ ਜੇਹੇ ਕਸਬੇ ਵਿਚ", ਉਹਨੇ ਬੇਰੁਖੀ ਜੇਹੀ ਨਾਲ ਕਿਹਾ, ਜਿਵੇਂ ਉਹ ਆਪਣੇ ਕਸਬ ਤੇ ਕਸਬੇ ਦੇਹਾਂ ਤੋਂ ਹੀ ਅੱਕਿਆ ਹੋਇਆ ਹੋਏ।

"ਤੁਹਾਡਾ ਕੰਮ ਤੇ ਦਿਲਚਸਪ ਹੈ।" ਮਲੂਕੇ ਨੇ ਝਿਜਕਦਿਆਂ ਹੋਇਆ ਟਿੱਪਣੀ ਕੀਤੀ।

"ਰੁੱਖੇ ਰੁੰਡ-ਪੁੰਡ ਮੈਦਾਨੀ ਇਲਾਕੇ ਦੇ ਨਿੱਕੇ ਜੇਹੇ ਕਸਬੇ ਵਿਚ ਕੀ ਦਿਲ-ਚਸਪ ਹੋਣਾ", ਉਸ ਨੇ ਆਪਣੇ ਕੰਮ ਬਾਰੇ ਸਿੱਟਾ ਕੱਢਦਿਆਂ ਆਪਣੇ ਰਾਇ ਦੀ ਵਿਆਖਿਆ ਸ਼ੁਰੂ ਕਰ ਦਿੱਤੀ।

"ਇਹੋ ਜਿਹੇ ਥਾਹਾਂ ਦੇ ਲੋਕ ਬੜੇ ਅਗਿਆਨੀ ਤੇ ਤੰਗ-ਦਿਲ ਜੇਹੇ ਹੁੰਦੇ ਨੇ। ਤੀਲਾਂ ਦੀਆਂ ਡੱਖੀਆਂ ਰੁਖ ਉੱਸਰੇ ਗਿਰਜੇ ਹੀ ਉਹਨਾਂ ਦੇ ਕਾਲਜ ਹੁੰਦੇ ਹਨ ਤੇ ਅੰਜੀਲ ਹੀ ਉਹਨਾਂ ਦੀ ਅਭੁੱਲ ਅਚੁੱਕ ਕਿਤਾਬ। ਇਸ ਕਿਤਾਬ ਦੀ ਵਿਆਖਿਆ ਕਰਨ ਵਾਲੇ ਕਰੜੇ-ਕੁਰਹਿੜੇ ਪਾਦਰੀਆਂ ਨੇ ਨਾ ਕਦੇ ਡਾਰਵਿਨ ਦਾ

ਨਾਂ ਸੁਣਿਆ ਹੁੰਦਾ ਹੈ ਤੇ ਨਾ ਹੀ ਉਹਦੇ ਵਿਕਾਸ ਸਿਧਾਂਤ ਦਾ।"

"ਅਤੇ ਸਿਰਫ਼ ਇਹੀ ਗੱਲ", ਰਤਾ ਕੁ ਰੁਕ ਕੇ ਇਸ ਜ਼ਿੰਦਾ-ਦਿਲ ਆਦਮੀ ਨੇ ਆਪਣੀ ਕਹਾਣੀ ਅਗਾਂਹ ਤੋਰਦਿਆਂ ਕਿਹਾ, "ਤੁਹਾਨੂੰ ਕੰਮ ਤੇ ਰੱਖਣ ਤੋਂ ਪਹਿਲਾਂ ਸਕੂਲ ਬੋਰਡ ਦਾ ਹਰ ਅਹਿਮਕ ਮੈਂਬਰ ਤੁਹਾਡੀ ਇੰਟਰਵਿਊ ਲੈਂਦਾ ਹੈ। ਇਕ ਭੱਦਰ ਪੁਰਸ਼ ਨੇ ਮੈਨੂੰ ਪੁੱਛਿਆ ਸੀ ਕਿ ਕੀ ਮੇਰੇ ਵਿਸ਼ਵਾਸ ਅਨੁਸਾਰ ਧਰਤੀ ਗੋਲ ਹੈ ਕਿ ਚਪਟੀ ? ਮੈਨੂੰ ਨੌਕਰੀ ਦੀ ਸਖ਼ਤ ਲੋੜ ਸੀ, ਇਸ ਲਈ ਮੈਂ ਉੱਤਰ ਦਿੱਤਾ, "ਜਨਾਬ, ਮੈਂ ਦੋਹਾਂ ਮਾਨਤਾਵਾਂ ਮੁਤਾਬਕ ਪੜ੍ਹਾ ਸਕਦਾ ਹਾਂ।"

"ਦੂਜੇ ਕਸਬੇ ਵਿਚ", ਉਸ ਨੇ ਮਲੂਕੇ ਦੀ ਦਿਲਚਸਪੀ ਤੋਂ ਉਤਸ਼ਾਹ ਲੈਂਦਿਆਂ ਆਪਣੀ ਗੱਲ ਜਾਰੀ ਰੱਖਦਿਆਂ ਕਿਹਾ, "ਇਕ ਸਥਾਨਕ 'ਪ੍ਰਤਿਭਾਵਾਨ' ਬੰਦੇ ਨੇ ਮੈਨੂੰ ਪੁੱਛਿਆ ਸੀ ਕਿ ਮੈਂ ਪੜ੍ਹਾਉਣ ਵੇਲੇ ਧਰਤੀ ਨੂੰ ਸੂਰਜ ਚੁਆਲੇ ਘੁੰਮਦੀ ਦੱਸਦਾ ਹਾਂ ਕਿ ਅਡੋਲ ਖੜੀ ?"

ਮੈਂ ਕਿਹਾ ਸੀ, "ਜਨਾਬ, ਜਿੰਨੀ ਨਿਗੂਣੀ ਜੇਹੀ ਤਨਖ਼ਾਹ ਮੈਨੂੰ ਮਿਲਦੀ ਹੈ, ਉਸ ਨਾਲ ਮੈਂ ਧਰਤੀ ਨੂੰ ਕਿਵੇਂ ਘੁਮਾ ਸਕਦਾ ਹਾਂ ?"

ਮਾਹੌਲ ਭਖ ਗਿਆ ਸੀ ਤੇ ਮਲੂਕੇ ਦੀ ਉਦਾਸੀ ਕਾਫ਼ੂਰ ਹੋਣੀ ਸ਼ੁਰੂ ਹ�ो ਗਈ ਸੀ। ਉਸ ਨੂੰ ਆਪਣੇ ਸਫ਼ਰ ਲਈ ਇਸ ਖ਼ੁਸ਼ਗਵਾਰ ਸਾਥ ਦੇ ਮਿਲਣ ਦੀ ਖ਼ੁਸ਼ੀ ਸੀ। ਉਸ ਨੇ ਕਈ ਹੋਰ ਸਵਾਲ ਵੀ ਪੁੱਛੇ ਸਨ, ਉਹਨੂੰ ਇਸ ਟਣਕਵੀ ਗੱਲਬਾਤ ਦਾ ਕਾਫ਼ੀ ਸੁਆਦ ਆਇਆ ਸੀ।

"ਤੁਹਾਡੀ ਆਪਣੀ ਨੌਕਰੀ ਵਿਚ ਹੋਰ ਕਿੰਨਾ ਕੁ ਚਿਰ ਟਿਕੇ ਰਹਿਣ ਦੀ ਸਲਾਹ ਹੈ ?" ਮਲੂਕੇ ਨੇ ਝਕਦਿਆਂ ਝਕਦਿਆਂ ਪੁੱਛਿਆ ਸੀ।

"ਬਹੁਤਾ ਚਿਰ ਨਹੀਂ, ਮੇਰੇ ਬੇਲੀਆ", ਉਹਨੇ ਕਿਹਾ ਸੀ, "ਮੇਰੀ ਛੇਤੀ ਹੀ ਅਲਬਰਟਾ ਯੂਨੀਵਰਸਿਟੀ ਵਿਚ ਕਾਨੂੰਨ ਦੀ ਪੜ੍ਹਾਈ ਕਰਨ ਦੀ ਮਨਸ਼ਾ ਹੈ।" ਕਈ ਜੁਆਨ ਬੰਦੇ ਆਰਟਸ ਦੀਆਂ ਡਿਗਰੀਆਂ ਕਰ ਕੇ ਥੋੜ੍ਹਾ ਕੁ ਚਿਰ ਪੜ੍ਹਾਕੇ ਫਿਰ ਕੋਈ ਪੇਸ਼ਾਵਰਾਨਾ ਪੜ੍ਹਾਈ ਕਰਨ ਵਾਪਿਸ ਚਲੇ ਜਾਂਦੇ ਹਨ।

"ਤੁਹਾਨੂੰ ਐਡਮੰਟਨ ਮਿਲ ਕੇ ਬੜੀ ਖ਼ੁਸ਼ੀ ਹੋਵੇਗੀ।" ਮਲੂਕੇ ਨੇ ਕਿਹਾ, "ਮੈਂ ਵੀ ਯੂਨੀਵਰਸਿਟੀ ਵਿਚ ਹੀ ਦਾਖਲ ਹੋਣ ਜਾ ਰਿਹਾਂ।"

"ਤੈਨੂੰ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਨਹੀਂ ਜਚੀ ? ਵੈਨਕੂਵਰ ਬੜੀ

ਵੰਨ-ਸੁਵੰਨਤਾ ਵਾਲਾ ਜ਼ਿੰਦਾ-ਦਿਲ ਸ਼ਹਿਰ ਹੈ । ਪੂਰਬ ਤੇ ਪੱਛਮ ਦੇ ਪਰਵਾਸੀ ਉੱਥੇ ਮਿਲਦੇ ਹਨ ।"

"ਮੈਨੂੰ ਉਥੇ ਆਪਣਾ ਪ੍ਰਾਰੰਭਕ ਵਰ੍ਹਾ ਤਾਂ ਬੜਾ ਚੰਗਾ ਲੱਗਾ ਸੀ", ਮਲੂਕੇ ਨੇ ਜੁਆਬ ਦਿੱਤਾ । "ਪ੍ਰੋਫੈਸਰ ਵੀ ਬੜੇ ਪ੍ਰੇਰਨਾਵਾਨ ਸਨ । ਪਰ ਮੈਨੂੰ ਉੱਥੋਂ ਦੇ ਲੋਕਾਂ ਦਾ "ਹਿੰਦੂਆਂ" ਵਿਰੁੱਧ ਨਿਰਾਦਰਕਾਰੀ ਰੁਅੱਸਬ ਬੜਾ ਬੁਰਾ ਲੱਗਦਾ ਸੀ । ਉੱਥੋਂ ਦੇ ਚਿੱਟੇ, ਸਿੱਖ ਪਰਵਾਸੀਆਂ ਨੂੰ ਇਸੇ ਨਾਂ ਨਾਲ ਪੁਕਾਰਦੇ ਹਨ ।"

"ਇਹ ਤਾਂ, ਦੋਸਤ, ਬੜੀ ਮੰਦਭਾਗੀ ਗੱਲ ਹੈ ।" ਵਿਦਵਾਨ ਅਧਿਆਪਕ ਨੇ ਆਖਿਆ, "ਪਰ ਤੇਨੂੰ ਸਾਰੇ ਗੋਰਿਆਂ ਨੂੰ ਇਕੋ ਰੱਸੇ ਨਾਲ ਨਹੀਂ ਬੰਨ੍ਹਣਾ ਚਾਹੀਦਾ । ਮੈਂ ਆਇਰਸ਼ ਹਾਂ, ਮੇਰੀ ਲਾਲ ਮੂੰਹੇਂ, ਗੋਮਾਸ ਖਾਣੇ, ਵਿਸਕੀ ਡੱਫਣੇ ਉਹਨਾਂ ਬਰਤਾਨਵੀ ਸਾਮਰਾਜੀਆਂ ਨਾਲ ਕੋਈ ਸਾਂਝ ਨਹੀਂ, ਜੋ ਰੀਟਾਇਰ ਹੋ ਕੇ ਵਿਕਟੋਰੀਆ ਤੇ ਕੁਰਸੋਲੀਕਮ ਦੇ ਕਿਨਾਰੇ ਵਸੇ ਹੋਏ ਹਨ । ਉਹ ਮੋਟੀਆਂ ਪੈਨਸ਼ਨਾਂ ਆਸਰੇ ਗੁਲਸ਼ੱਰੇ ਉਡਾਉਂਦੇ ਤੇ ਸਲਤਨਤ ਦੇ ਘਟ ਰਹੇ ਤੇਜ ਪਰਤਾਪ 'ਤੇ ਝੂਰਦੇ ਰਹਿੰਦੇ ਹਨ ।"

"ਜਨਾਬ, ਮੈਂ ਬਹੁਤਿਆਂ ਨੂੰ ਮਿਲਿਆ ਤਾਂ ਨਹੀਂ, ਪਰ ਕੁਝ ਭਾਰਤੋਂ ਆਏ ਬਰਤਾਨਵੀ ਫ਼ੌਜੀ ਅਫਸਰ ਸਿੱਖਾਂ ਨਾਲ ਬੜੀ ਚੰਗੀ ਤਰ੍ਹਾਂ ਪੇਸ਼ ਆਉਂਦੇ ਰਹੇ ਹਨ । ਉਹ ਲੜਾਈ ਦੇ ਕਈ ਮੈਦਾਨਾਂ ਵਿਚ ਇਕ ਦੂਜੇ ਦੇ ਮੋਢੇ ਨਾਲ ਮੋਢਾ ਡਾਹ ਕੇ ਇਕੱਠੇ ਲੜਦੇ ਰਹੇ ਸਨ ।"

"ਹਾਂ ਇਹ ਗੱਲ ਤਾਂ ਸਮਝ ਆ ਸਕਦੀ ਹੈ", ਆਇਰਸ਼ ਨੇ ਮਲੂਕੇ ਨਾਲ ਸਹਿਮਤ ਹੁੰਦਿਆਂ ਕਿਹਾ, "ਪਰ ਬਰਤਾਨਵੀਂ ਇੱਥੇ ਬ੍ਰਾਹਮਣਾਂ ਸਮਾਨ ਹਨ ਤੇ ਉਹ ਯੂਰਪੀਅਨਾਂ ਅਤੇ ਹੋਰ ਪਰਵਾਸੀਆਂ ਨੂੰ ਦਰਜੇਵਾਰ ਆਪ ਤੋਂ ਹੇਠਾਂ ਸਮਝਦੇ ਹਨ, ਪੂਰਬੀਆਂ ਨੂੰ ਸਭ ਤੋਂ ਨੀਵੇਂ ਡੰਡੇ ਉੱਤੇ ਅਤੇ ਹਬਸ਼ੀਆਂ ਤੇ ਰੈੱਡ ਇੰਡੀਅਨਾਂ ਨੂੰ ਮਨੁੱਖੀ ਭਾਈਚਾਰੇ ਵਿਚੋਂ ਬਿਲਕੁਲ ਹੀ ਛੇਕੇ ਹੋਏ ।"

"ਤੁਸੀਂ ਇੱਥੋਂ ਦੀ ਸਥਿਤੀ ਦੀ ਭਾਰਤੀ ਜਾਤ-ਵੰਡ ਨਾਲ ਬੜੀ ਸੋਹਣੀ ਤੁਲਨਾ ਕੀਤੀ ਹੈ" ਮਲੂਕੇ ਨੇ ਕਿਹਾ । "ਪਰ ਮੈਨੂੰ ਇੱਥੇ ਆਇਆਂ ਹਾਲੇ ਬਹੁਤਾ ਚਿਰ ਨਹੀਂ ਹੋਇਆ । ਮੈਨੂੰ ਆਇਰਸ਼ ਤੇ ਅੰਗਰੇਜ਼ਾਂ ਆਦਿ ਦਰਮਿਆਨ ਸੂਖਮ ਫਰਕਾਂ ਦੀ ਬਹੁਤੀ ਤਮੀਜ਼ ਨਹੀਂ । ਮੇਰੇ ਲਈ ਇਹ ਸਾਰੇ 'ਗੋਰੇ' ਹੀ ਹਨ।"

"ਤੇਨੂੰ ਹੌਲੀ ਹੌਲੀ ਸਭ ਸਮਝ ਆ ਜਾਏਗੀ, ਮੁੰਡਿਆ। ਇਹ ਕੁਦਰਤੀ ਗੱਲ ਹੈ ਕਿ ਪਰਵਾਸੀ ਪਹਿਲੋਂ ਪਹਿਲ ਆਪੋ ਆਪਣੇ ਭਾਈਚਾਰਿਆਂ ਤੀਕ ਹੀ ਮਹਿਦੂਦ ਹੋ ਕੇ ਰਹਿੰਦੇ ਹਨ। ਇਸ ਨਾਲ ਉਹਨਾਂ ਦਾ ਨਵੇਂ ਦੇਸ਼ ਵਿਚ ਚਿੱਤ ਲੱਗਣਾ ਸੌਖਾ ਹੋ ਜਾਂਦਾ ਹੈ। ਨਾਲੇ ਉਹ ਰੋਜ਼ੀ ਕਮਾਉਣ ਤੇ ਆਪਣੇ ਆਪ ਨੂੰ ਇੱਥੇ ਪੱਕੇ ਪੈਰੀਂ ਟਿਕਾਉਣ ਵਿਚ ਹੀ ਇੰਨੇ ਰੁਝੇ ਰਹਿੰਦੇ ਹਨ ਕਿ ਉਹਨਾਂ ਨੂੰ ਦੂਜੇ ਭਾਈਚਾਰਿਆਂ ਤੇ ਉਹਨਾਂ ਦੇ ਸਭਿਆਚਾਰਾਂ ਨੂੰ ਜਾਨਣ ਲਈ ਕੋਈ ਸਮਾਂ ਹੀ ਨਹੀਂ ਮਿਲਦਾ।"

"ਕਿਸੇ ਦਿਨ", ਉਸ ਨੇ ਆਸ਼ਾਮਈ ਸੁਰ ਦਿਚ ਆਖਿਆ, "ਮੈਨੂੰ ਆਸ ਹੈ ਵੱਖ-ਵੱਖ ਭਾਈਚਾਰਿਆਂ ਦਰਮਿਆਨ ਖੜੀਆਂ ਇਹ ਮਨਸੂਈ ਕੰਧਾਂ ਢਹਿ-ਢੇਰੀ ਹੋ ਜਾਣਗੀਆਂ ਤੇ ਉਹ ਜਾਤੀ ਤੇ ਰੰਗ ਦੇ ਭੇਦਾਂ ਤੋਂ ਉੱਪਰ ਉੱਠ ਕੇ ਇਕ ਕੌਮ ਵਾਂਗ ਰਹਿਣਾ ਸਿੱਖ ਜਾਣਗੇ।"

ਮਲੂਕੇ ਨੂੰ ਕੈਨੇਡਾ ਵਿਚ ਸ਼ੁਰੂ ਦੇ ਪਰਵਾਸੀਆਂ ਦਰਮਿਆਨ ਗਰੋਹਾਂ ਵਿਚ ਸੀਮਿਤ ਰਹਿਣ ਦੀ ਬਿਰਤੀ ਦੀ ਵਿਆਖਿਆ ਤੇ ਭਵਿੱਖ ਬਾਰੇ ਉਹਦਾ ਆਸ਼ਾਵਾਦ ਚੰਗਾ ਲੱਗਾ ਸੀ।

ਉੱਚੀ ਕੰਧ-ਘੜੀ ਵਿਚ ਨੌਂ ਵਜੇ ਸਨ।

"ਲਗਦੈ ਕਿ ਵਾਦੀ ਵਾਲੀ ਗੱਡੀ ਪੁੱਜ ਗਈ ਹੈ ਤਾਂ ਹੀ ਮੁਸਾਫ਼ਿਰਾਂ ਨੇ ਆਪੋ ਆਪਣਾ ਸਮਾਨ ਸਮੇਟਣਾ ਸ਼ੁਰੂ ਕਰ ਦਿੱਤਾ ਹੈ। ਆਪਾਂ ਕਾਫ਼ੀ ਲੰਮਾ ਸਫ਼ਰ ਇਕੱਠਿਆਂ ਕਰਨਾ ਹੈ। ਮੈਨੂੰ ਤੁਹਾਥੋਂ ਬੜਾ ਕੁਝ ਸਿੱਖਣ ਦਾ ਮੌਕਾ ਮਿਲੇਗਾ!" ਮਲੂਕੇ ਨੇ ਕਿਹਾ।

"ਅੱਛਾ!" ਆਇਰਸ਼ ਆਦਮੀ ਨੇ ਉੱਠਦਿਆਂ ਹੋਇਆਂ ਆਖਿਆ, "ਅੰਗਰੇਜ਼ੀ ਸਭਿਆਚਾਰ ਅਨੁਸਾਰ ਜਿੰਨਾ ਚਿਰ ਅਸੀਂ ਇਕ ਦੂਜੇ ਨੂੰ ਆਪੋ-ਆਪਣਾ ਨਾਂ ਦੱਸ ਕੇ ਪ੍ਰੀਚਿਤ ਨਹੀਂ ਹੁੰਦੇ ਉੱਨਾ ਚਿਰ ਸਾਡੀ ਕੋਈ ਹਸਤੀ ਨਹੀਂ ਹੁੰਦੀ।"

"ਟੌਮ ਸਵੀਕੀ ਹੈ, ਮੇਰਾ ਨਾਂ।"

"ਤੇ ਮੇਰਾ ਜਨਾਬ, ਮਲੂਕਾ।"

ਤੇ ਉਹਨਾਂ ਦੋਹਾਂ ਨੇ ਬੜੇ ਨਿੱਘ ਨਾਲ ਹੱਥ ਮਿਲਾਏ।

43

ਗੱਡੀ ਬੜੀ ਲੰਮੀ ਸੀ। ਮੁਸਾਫਰਾਂ ਦੀ ਬਹੁਤ ਸਾਰੀ ਭੀੜ ਦੇ ਬਾਵਜੂਦ ਕਾਲੇ ਚਮੜੇ ਨਾਲ ਮੜ੍ਹੀਆਂ ਕਾਫ਼ੀ ਸੀਟਾਂ ਖਾਲੀ ਹੀ ਪਈਆਂ ਸਨ। ਟੌਮ ਤੇ ਮਲੂਕਾ ਲਾਂਘੇ ਦੇ ਉੱਤਰੀ ਪਾਸੇ ਮੋਟੇ ਸ਼ੀਸ਼ਿਆਂ ਵਾਲੀ ਬਾਰੀ ਦੇ ਕੋਲ ਆਹਮੋ-ਸਾਹਮਣੀਆਂ ਸੀਟਾਂ ਤੇ ਸੱਜ ਗਏ ਸਨ।

"ਮੈਦਾਨਾਂ ਵਲ ਜਾਣ ਵਾਲੇ ਸਾਰੇ ਮੁਸਾਫ਼ਿਰ ਚੜ੍ਹ ਜਾਓ।" ਨੀਲੇ ਸੂਟ ਵਾਲੇ ਲੰਮੇ ਝੰਮੇ ਕੰਡਕਟਰ ਨੇ ਉੱਚੀ ਸੁਰ ਵਿਚ ਆਵਾਜ਼ ਦਿੱਤੀ ਸੀ। ਉਸ ਗੱਡੀ ਦੇ ਨਾਲ ਨਾਲ ਛੋਟੀ ਜੇਹੀ ਫੇਰੀ ਲਾਈ ਤੇ ਆਪਣੀ ਭਰਵੀਂ ਸੰਗੀਤਕ ਆਵਾਜ਼ ਵਿਚ ਇਹੋ ਹੋਕਾ ਇਕ ਵਾਰ ਫਿਰ ਦੁਹਰਾਇਆ।

ਬੁਰਾਰਡ ਇਕਲੈਟੋ ਦੇ ਦੱਖਣੀ ਕਿਨਾਰੇ ਦੇ ਨਾਲੋ ਨਾਲ ਗੱਡੀ ਹੌਲੀ-ਹੌਲੀ ਰੀਂਘਦੀ ਤੁਰ ਪਈ। ਦਿਨ ਧੁਪੀਲਾ ਸੀ। ਇਕਲੈਟੋ ਦਾ ਸਾਫ਼ ਨੀਲਾ ਪਾਣੀ, ਠੰਢੀ ਕੂਲੀ ਹਵਾ ਨਾਲ ਲਹਿਰੀਏ ਉਣਦਾ ਸੂਰਜ ਦੀਆਂ ਤੇਜ਼ ਕਿਰਨਾਂ ਹੇਠ ਚਮਕ ਰਿਹਾ ਸੀ। ਉੱਤਰੀ ਕੰਢੇ ਤੋਂ ਰਤਾ ਕੁ ਦੂਰੀ ਤੇ ਮਲੂਕੇ ਨੂੰ ਆਪਣੀਆਂ ਲੰਮੀਆਂ-ਲੰਮੀਆਂ ਲਟੋਰ ਚੁੰਝਾਂ ਵਿਚ ਬੜੇ ਬੜੇ ਲੱਕੜ ਟੁੰਗੀ ਚਲਦੀਆਂ ਭਾਰੀ ਕਰੇਨਾਂ ਸਾਫ਼ ਨਜ਼ਰ ਆ ਰਹੀਆਂ ਸਨ। ਸਿੱਖ ਮਜ਼ਦੂਰ ਡਾਲਰ ਮਿੱਲ ਕੋਲ ਲੰਗਰ ਸੁੱਟੀ ਖੜੀਆਂ ਚਪਟੇ ਪੇਂਦੇ ਵਾਲੀਆਂ ਬੇੜੀਆਂ ਵਿਚ ਲੱਕੜ ਲੱਦ ਰਹੇ ਸਨ। ਪਰ ਸੜਕ ਦੇ ਦੂਜੇ ਪਾਰਲੇ ਕਿਨਾਰੇ ਵੈਨਕੂਵਰ ਸੇਡਾਰ ਮਿੱਲ, ਜਿਸ ਵਿਚ ਛੱਤਾਂ ਵਾਲੇ ਫੱਟੇ ਚੀਰੇ ਜਾਂਦੇ ਸਨ, ਬਹੁਤ ਚੀਨੇ ਮਜ਼ਦੂਰ ਕੰਮ ਕਰਦੇ ਸਨ, ਅੱਧੀ ਪਰੱਧੀ ਕੋਨੀਫਰ ਦੇ ਸੰਘਣੇ ਜੰਗਲ ਓਹਲੇ ਲੁਕੀ ਹੋਈ ਸੀ। ਗੱਡੀ ਪੋਰਟ ਮੂਡੀ ਰੁਕੀ ਤੇ ਫੇਰ ਅੰਦਰ ਵਾਰ ਮੋੜ ਕੱਟ ਕੇ ਤੇਜ਼ ਹੋ ਗਈ ਸੀ।

"ਮਲੂਕਿਆ ਤੇਨੂੰ ਪਤੇ ਕਿ ਸੀ. ਪੀ. ਆਰ. ਬਹੁਤ ਅਮੀਰ ਕੰਪਨੀ ਹੈ ਤੇ ਸਰਕਾਰ ਜਿੰਨੀ ਹੀ ਸੱਤਾਧਾਰੀ ਹੈ।"

"ਹਾਂ" ਮਲੂਕੇ ਨੇ ਜਵਾਬ ਦਿੱਤਾ, "ਇਹਦਾ ਮੈਨੂੰ ਨਿੱਜੀ ਤਜਰਬਾ ਵੀ ਹੈ। 1922 ਵਿਚ, ਮੈਂ ਇਹਦੀ ਇਕ ਐਂਪਰੈਂਸ, ਯਾਨੀ ਐਂਪ੍ਰੈੱਸ ਆਫ਼

ਏਸ਼ੀਆ ਵਿਚ ਹਾਂਗਕਾਂਗ ਤੋਂ ਵੈਨਕੂਵਰ ਤਕ ਸਫ਼ਰ ਵੀ ਕੀਤਾ ਸੀ। ਇਸ ਦੇ ਬਹੁਤ ਸਾਰੇ ਮੁਸਾਫ਼ਿਰ ਚੀਨੇ ਸਨ ਤੇ ਲਗਪਗ ਇਕ ਦਰਜਨ ਸਿੱਖ। ਸਾਰੇ ਹੀ ਪੂਰਬੀ ਸਸਤੇ ਦਰਜੇ ਦੇ ਮੁਸਾਫ਼ਿਰ ਸਨ। ਅਸੀਂ ਸਾਰੇ ਉਪਰੋ-ਥਲੀ ਚੁਫੱਤੇ ਡੱਬਿਆਂ ਵਾਲੇ ਵੱਡੇ ਵੱਡੇ ਦਲਾਨਾਂ ਵਿਚ ਤੂਸੇ ਹੋਏ ਸਾਂ, ਜਿਨ੍ਹਾਂ ਵਿਚਕਾਰ ਬੜੇ ਹੀ ਭੀੜੇ ਲਾਂਘਿਆਂ ਦੀ ਵਿੱਥ ਸੀ। ਸੇਵਾ-ਸੰਭਾਲ ਦੀ ਸਹੂਲਤ ਨਾਂ-ਮਾਤਰ ਵੀ ਕੋਈ ਨਹੀਂ ਸੀ।"

ਹੋਰ ਵੇਰਵਾ ਸੁਣਨ ਦੀ ਤਾਂਘ ਵਿਚ ਟੌਮ ਨੇ ਕਿਹਾ ਸੀ, "ਤਾਂ ਫੇਰ ਤੂੰ ਜਾਣਦਾ ਹੀ ਹੈਂ ਕਿ ਕੰਪਨੀ ਧੰਨ ਕਿਵੇਂ ਕਮਾਉਂਦੀ ਹੈ।"

"ਹਾਂ ਮੈਨੂੰ ਇਹਦਾ ਹੋਰ ਵੀ ਵਧੇਰੇ ਪਤੈ।" ਮਲੂਕੇ ਨੇ ਆਪਣੀ ਗੱਲ ਜਾਰੀ ਰੱਖੀ। "ਸਾਨੂੰ ਤਾਂ ਭਾਵੇਂ ਉੱਪਰ ਵਾਲੇ ਡੈੱਕਾਂ ਤੇ ਜਾਣ ਦੀ ਇਜਾਜ਼ਤ ਨਹੀਂ ਸੀ ਪਰ ਆਪਣੀ ਵਿਹਲੜ ਵਿਲਾਸੀ ਜ਼ਿੰਦਗੀ ਤੋਂ ਉਕਤਾਏ ਉੱਚ-ਦਰਜੇ ਦੇ ਮੁਸਾਫ਼ਿਰ, ਜੂਏ ਵਾਲੇ ਮੇਜ਼ਾਂ ਦੁਆਲੇ ਝੁਰਮਟ ਪਾਈ ਬੈਠੇ ਚੀਨੇ ਮੁਸਾਫ਼ਿਰਾਂ ਤੇ ਇਕ ਪਾਸਿਉਂ ਬੰਦ ਗਲਿਆਰਿਆਂ ਵਿਚ ਚੌਂਕੜੇ ਮਾਰਕੇ ਹੱਥਾਂ ਨਾਲ ਰੋਟੀ ਖਾਂਦੇ ਸਿੱਖ ਮੁਸਾਫ਼ਿਰਾਂ ਦਾ ਨਜ਼ਾਰਾ ਵੇਖਣ ਹੇਠਾਂ ਫੇਰੇ ਜ਼ਰੂਰ ਮਾਰ ਜਾਂਦੇ ਸਨ।"

"ਬਦਤਮੀਜ਼, ਫੂਹੜ ਬੰਦੇ, ਦਲੀਪ ਸਿੰਘ ਹਕਾਰਤ ਨਾਲ ਕਹਿੰਦਾ ਹੁੰਦਾ ਸੀ ਉਹਨਾਂ ਨੂੰ।"

"ਇਕ ਦਿਨ ਇਕ ਗੁਸਤਾਖ਼ ਕੈਮਰਾਬਾਜ਼ ਨੇ ਪੱਗ ਮੈਨੂੰ ਲਾਹ ਕੇ ਮੁੜ ਬੰਨ੍ਹਣ ਨੂੰ ਕਿਹਾ ਸੀ। ਉਹ ਇਸ ਰਹੱਸ ਭਰੇ ਅਮਲ ਦੀ ਤਸਵੀਰ ਖਿੱਚਣੀ ਚਾਹੁੰਦਾ ਸੀ।"

"ਹਾਂ, ਮੈਂ ਜਾਣਦਾ ਇਹਨਾਂ ਖਰਬੂ, ਕੁਰਹਿੜੇ ਨਿਰਸੰਵੇਦਨ ਧਨਾਢਾਂ ਨੂੰ, ਜਿਹੜੇ ਪੜ੍ਹਾਈ ਲਿਖਾਈ ਵਲੋਂ ਲਗਪਗ ਕੋਰੇ ਹੀ ਹੁੰਦੇ ਨੇ।"

"ਸਿੱਖ ਸੀ. ਪੀ. ਆਰ. ਵਿਚ ਵੀ ਕੰਮ ਕਰਦੇ ਹੁੰਦੇ ਸਨ?", ਉਹਨੇ ਪੁੱਛਿਆ।

"ਹਾਂ", ਮਲੂਕੇ ਨੇ ਕਿਹਾ, "ਪਰ ਜਦੋਂ ਚਟਾਨੀ ਪਰਬਤਾਂ ਵਿਚ ਰੇਲ ਵਿਛਾਈ ਜਾ ਰਹੀ ਸੀ, ਉਦੋਂ ਨਹੀਂ। ਉਹ ਕਾਫ਼ੀ ਗਿਣਤੀ ਵਿਚ 1904-06 ਚੌਰਾਨ ਹੀ ਆਏ ਸਨ ਤੇ ਆਮ ਕਰਕੇ ਲੱਕੜ ਮਿੱਲਾਂ ਵਿਚ ਹੀ ਕੰਮ ਕਰਦੇ ਹੁੰਦੇ ਸਨ। ਸੀ. ਪੀ. ਆਰ. ਵਿਚ ਬਹੁਤ ਥੋੜ੍ਹੇ ਲੋਕ ਹੀ ਮੁਰੰਮਤ ਆਦਿ ਦਾ ਤੇ ਜਾਂ

ਫਿਰ ਉਸਾਰੀ ਲਈ ਜ਼ਮੀਨ ਸਾਫ਼ ਕਰਨ ਦਾ ਹੀ ਕੰਮ ਕਰਿਆ ਕਰਦੇ ਸਨ।"

"ਤੈਨੂੰ ਪਤੇ ਮਲੂਕਿਆ ਕਿ ਚਟਾਨੀ ਪਰਬਤਾਂ ਵਿਚ ਬੜੀ ਔਖੀ ਮੁਸ਼ੱਕਤ ਵਾਲੇ ਕੰਮ ਕਰਨ ਲਈ ਕੈਨਟਨ ਵਿੱਚੋਂ ਕਵਾਂਗ ਤੁੰਗ ਸੂਬੇ ਤੋਂ ਚੀਨੇ ਮਜ਼ਦੂਰ ਲਿਆਂਦੇ ਜਾਂਦੇ ਸਨ। ਵਿਦੇਸ਼ੀ ਵਪਾਰ ਲਈ, ਚੀਨ ਵਿਚ, ਉਦੋਂ ਸਿਰਫ ਕੈਂਟਨ ਦੀ ਬੰਦਰਗਾਹ ਹੀ ਖੁੱਲ੍ਹੀ ਹੁੰਦੀ ਸੀ।"

"ਨਹੀਂ", ਮਲੂਕੇ ਨੇ ਆਖਿਆ, "ਮੈਨੂੰ ਤਾਂ ਇਹ ਜਾਣਕੇ ਉਲਟੀ ਹੈਰਾਨੀ ਹੋਈ ਹੈ। ਮੇਰਾ ਖ਼ਿਆਲ ਸੀ ਕਿ ਕੈਨੇਡਾ ਵਿਚ ਬੜੀ ਗਹਿਰੀ ਚੀਨ-ਵਿਰੋਧੀ ਭਾਵਨਾ ਹੈ ਸੀ। ਕੀ ਸੰਨ 1878 ਵਿਚ ਉਹਨਾਂ ਦੇ ਜਨਤਕ ਕਾਰਜਾਂ ਵਿਚ ਨਿਯੁਕਿਤ ਹੋਣ ਉੱਪਰ ਮਨਾਹੀ ਨਹੀਂ ਸੀ ਲਾ ਦਿੱਤੀ ਗਈ?", ਮਲੂਕੇ ਨੇ ਪੁੱਛਿਆ।

"ਇਹ ਠੀਕ ਹੈ", ਟੌਮ ਨੇ ਹਾਂ ਵਿਚ ਸਿਰ ਹਿਲਾਇਆ। "ਪਰ ਮੈਂ ਤੈਨੂੰ ਰਤਾ ਵੇਰਵੇ ਨਾਲ ਦੱਸਦਾਂ। ਐਂਡੀਊ ਐ ਡਰਡਾਕ, ਜਿਸ ਨੇ ਚਟਾਨੀ ਪਰਬਤਾਂ ਤੋਂ ਪੋਰਟ ਮੂਡੀ ਤਕ ਲਾਈਨ ਵਿਛਾਉਣ ਦਾ ਠੇਕਾ ਲਿਆ ਹੋਇਆ ਸੀ, ਦਾ ਦੁਆਲਾ ਨਿਕਲਣ ਵਾਲਾ ਸੀ। ਕਾਮਿਆਂ ਦੀ ਕਮੀ ਉਹਦੀ ਇਕ ਹੋਰ ਮੁਸ਼ਕਿਲ ਸੀ। ਉਹਨੂੰ ਘੱਟ ਘੱਟ 10,000 ਮਜ਼ਦੂਰਾਂ ਦੀ ਜ਼ਰੂਰਤ ਸੀ ਤੇ ਬੀ. ਸੀ. ਦੇ ਗੋਰੇ ਲੋਕਾਂ ਦੀ ਕੁੱਲ ਵਸੋਂ ਹੀ ਉਸ ਵਕਤ ਸਿਰਫ 35,000 ਸੀ। ਬਾਹਰੋਂ ਮਜ਼ਦੂਰ ਮੰਗਵਾਉਣ ਦੇ ਕੁਝ ਹੋਰ ਢਾਇਦੇ ਵੀ ਸਨ। ਚੀਨਿਆਂ ਨੂੰ ਕੁੱਲ 25 ਡਾਲਰ ਮਾਸਿਕ ਉਜਰਤ ਵਜੋਂ ਦਿੱਤੇ ਜਾਂਦੇ ਸਨ। ਆਪਣੀਆਂ ਸਭਨਾਂ ਲੋੜਾਂ ਦਾ ਖ਼ਿਆਲ ਉਹਨਾਂ ਦੇ ਆਪਣੇ ਹੀ ਜ਼ਿਮੇਂ ਸੀ। ਅਤੇ ਉਹ 24 ਘੰਟਿਆਂ ਦੀ ਮੁਹਲਤ ਅੰਦਰ ਹੀ ਆਪਣੇ ਬੋਰੀਏ ਬਿਸਤਰੇ ਸਮੇਤ ਆਪਣਾ ਅੱਡਾ ਪੁੱਟ ਕੇ ਦੂਜੇ ਥਾਂ ਲੈ ਜਾਂਦੇ ਸਨ, "ਜਦਕਿ ਇਸੇ ਕੰਮ ਲਈ ਗੋਰੇ ਮਜ਼ਦੂਰਾਂ ਨੂੰ ਪੂਰਾ ਇਕ ਹਫਤਾ ਲਗ ਜਾਂਦਾ ਸੀ।"

"ਇਸਤਰਾਂ", ਟੌਮ ਨੇ ਜ਼ੋਰ ਦੇ ਕੇ ਆਖਿਆ, "ਐਂਡਰਡਾਕ ਨੇ ਗੋਰਿਆਂ ਦੇ ਪੂਰਬੀ ਆਵਾਸ ਦੇ ਤਿੱਖੇ ਵਿਰੋਧ ਦੇ ਬਾਵਜੂਦ 1882 ਵਿਚ ਛੇਆਂ ਜਹਾਜ਼ਾਂ ਵਿਚ ਲੱਦਕੇ 6000 ਚੀਨੇ ਲੈ ਆਂਦੇ ਸਨ।"

"ਇਹ ਗੱਲ ਮੰਨਣ ਯੋਗ ਨਹੀਂ ਲਗਦੀ", ਮਲੂਕੇ ਨੇ ਟਿੱਪਣੀ ਕੀਤੀ।

"ਪਰ ਉਹਨਾਂ ਸਾਹਮਣੇ ਹੋਰ ਕੋਈ ਚਾਰਾ ਹੀ ਨਹੀਂ ਸੀ", ਟੌਮ ਨੇ ਜ਼ੋਰ ਦੇ ਕੇ ਕਿਹਾ। "ਪ੍ਰਧਾਨ ਮੰਤਰੀ ਸਰ ਜਾਹਨ ਏ. ਮੈਕਡੋਨਾਲਡ, ਜਿਸ ਦਾ ਯਕੀਨ ਸੀ ਕਿ, 'ਚੀਨੇ ਲੋਕ ਸਾਡੇ ਆਰੀਆਈ ਲੋਕਾਂ ਨਾਲ ਘੁਲ-ਮਿਲ ਨਹੀਂ ਸਕਦੇ', ਨੂੰ ਪਾਰਲੀਮੈਂਟ ਨੂੰ ਇਹ ਗੱਲ ਸਾਫ਼ ਕਹਿਣੀ ਪਈ ਸੀ ਕਿ ਮਸਲਾ ਸਿਰਫ਼ ਦੋਹਾਂ ਬਦਲਾਂ ਵਿਚਕਾਰ ਚੋਣ ਕਰਨ ਦਾ ਹੀ ਸੀ, ਜਾਂ ਤਾਂ ਤੁਹਾਨੂੰ ਇਹ ਮਜ਼ਦੂਰ ਬੁਲਾਉਣੇ ਪੈਣਗੇ, ਨਹੀਂ ਤਾਂ ਰੇਲ ਲਾਈਨ ਵਿਛਾਈ ਨਹੀਂ ਸੀ ਜਾ ਸਕਦੀ।"

ਮਲੂਕੇ ਨੂੰ ਇਸ ਵਾਰਤਾਲਾਪ ਪ੍ਰੀਆ ਆਇਰਸ਼ ਆਦਮੀ ਦੇ ਬੋਲਣ ਢੰਗ ਨੇ ਮੋਹ ਲਿਆ ਸੀ। ਉਹਦਾ ਗਤੀਮਾਨ ਚੇਹਰਾ, ਚਮਕਦਾਰ ਸੇਜਲ ਅੱਖਾਂ, ਪਤਲੇ ਤੇ ਕੋਮਲ ਪ੍ਰਗਟਾਉ ਹੱਥ, ਸਭ ਕੁਝ ਮਿਲਾ ਕੇ ਉਹਦੇ ਬੋਲਾਂ ਨੂੰ ਅਕਹਿ-ਬਲ ਪ੍ਰਦਾਨ ਕਰਦੇ ਸਨ। ਮਲੂਕੇ ਨੇ ਧਿਆਨ ਨਾਲ ਵੇਖਿਆ ਕਿ ਉਹਦੇ ਸੱਜੇ ਹੱਥ ਦੀਆਂ ਦੋ ਅਖੀਰੀ ਉਂਗਲਾਂ ਗੁੰਮ ਸਨ।

"ਤੁਹਾਨੂੰ ਕੋਈ ਹਾਦਸਾ ਪੇਸ਼ ਆਇਆ ਸੀ?" ਉਸ ਨੇ ਬੜੀ ਮੋਹਵੰਤ ਚਿੰਤਾ ਨਾਲ ਸੁਆਲ ਕੀਤਾ ਸੀ।

"ਹਾਂ, ਮੈਂ ਫ਼ਰਾਂਸ ਵਿਚ ਦੁਨੀਆਂ ਲਈ ਜਮਹੂਰੀਅਤ ਦੀ ਰਾਖੀ ਕਰਦਾ ਆਪਣੀਆਂ ਦੋਹਾਂ ਉਂਗਲਾਂ ਤੋਂ ਹੱਥ ਧੋ ਬੈਠਾ ਸਾਂ। ਹਜ਼ਾਰਾਂ ਨੌਜੁਆਨ ਕੈਨਡੀਅਨਾਂ ਦੀਆਂ ਫ਼ੇਰਡਮ ਦੀ ਲੜਾਈ ਵਿਚ ਜਾਨਾਂ ਚਲੀਆਂ ਗਈਆਂ ਸਨ।"

"ਤੁਹਾਡੀ ਉਮਰ ਤਾਂ ਉਸ ਵੇਲੇ ਬੜੀ ਛੋਟੀ ਹੋਏਗੀ?"

"ਹਾਂ, ਕੁਲ ਅਠਾਰਾਂ ਵਰ੍ਹਿਆਂ ਦਾ ਸਾਂ ਮੈਂ ਉਚੋਂ। ਕੰਮ ਮੇਰੇ ਕੋਲ ਹੈ ਕੋਈ ਨਹੀਂ ਸੀ। 'ਜਮਹੂਰੀਅਤ ਦੀ ਰਾਖੀ ਲਈ ਕਮਰਕੱਸ ਕਰ ਲਓ', ਇਹ ਨਾਅਰਾ ਮੈਨੂੰ ਚਿਤੋਂ ਜਚ ਗਿਆ ਸੀ ਤੇ ਇਹਨੇ ਆਪਣੇ ਰੰਗ ਵੀ ਪੂਰੇ ਦਿਖਾਏ। ਪਰ ਜੰਗ ਖਤਮ ਹੋਣ ਮਗਰੋਂ ਮੈਨੂੰ ਫੇਰ ਬੇਕਾਰੀ ਦਾ ਮੂੰਹ ਵੇਖਣਾ ਪਿਆ।"

"ਤੁਹਾਨੂੰ ਤਾਂ ਸੱਚੀਂ ਬੜਾ ਕੌੜਾ ਤਜਰਬਾ ਹੋਇਆ ਹੋਣੈ।"

"ਹਾਂ, ਮੈਨੂੰ ਜੰਗ ਦੀ ਭਿਆਨਕ ਵਹਿਸ਼ਤ ਸਮੇਤ ਇਹਦੀ ਵਿਅਰਥਤਾ ਦਾ ਅਹਿਸਾਸ ਹੋਇਆ। ਆਪਣੇ ਮਾਲਕਾਂ ਦੀ ਸੇਵਾ ਕਰਦੇ ਸਿਆਸਤਦਾਨ ਦੇ ਭੌਂਡੇ ਪਾਖੰਡ ਦੀ ਵੀ ਮੈਨੂੰ ਉਦੋਂ ਹੀ ਪੂਰੀ ਸਮਝ ਆਈ ਸੀ।"

"ਹਜ਼ਾਰਾਂ ਹਿੰਦੋਸਤਾਨੀ ਵੀ ਮਾਰੇ ਗਏ ਸਨ", ਮਲੂਕੇ ਨੇ ਉਹਦੀ ਗੱਲ

ਟੋਕੀ। "ਉੱਤਰੀ ਅਫ਼ਰੀਕਾ, ਗੋਲੀ ਪੋਲੀ ਅਤੇ ਫਲੈਂਡਰਜ਼ ਵਿਚ ਉਹ ਏਨੀ ਬਹਾਦਰੀ ਨਾਲ ਜਾਨ ਹੂਲਕੇ ਲੜੇ ਸਨ ਕਿ ਉਹਨਾਂ ਕਈ ਵਿਕਟੋਰੀਆ ਕਰਾਸ ਜਿੱਤੇ ਸਨ।"

"ਪਰ ਜੰਗ ਜਿੱਤਣ ਤੋਂ ਮਗਰੋਂ", ਉਹਨੇ ਨਿਰਾਸ਼ਾਮਈ ਸੁਰ ਵਿਚ ਆਖਿਆ, "ਭਾਰਤੀਆਂ ਨੂੰ ਜਮਹੂਰੀਅਤ ਦੇ ਵਰਦਾਨ ਤੋਂ ਵਿਰਵੇ ਹੀ ਰੱਖਿਆ ਗਿਆ ਸੀ।"

"ਮੈਨੂੰ ਪਤੈ" ਟੌਮ ਨੇ ਸਨਕੀ ਮੁਸਕਰਾਹਟ ਨਾਲ ਆਖਿਆ। "ਬਰਤਾਨੀਆ ਦਾ ਇਹ ਵਿਸ਼ਵਾਸ ਸੀ ਕਿ ਪੂਰਬੀਆਂ ਨੂੰ ਜਮਹੂਰੀਅਤ ਨੂੰ ਵਰਨ ਲਈ ਹਾਲੇ ਹੋਰ ਸਿਖਲਾਈ ਦੀ ਜ਼ਰੂਰਤ ਸੀ। ਪਰ ਹਾਲੇ ਇਹ ਏਨੇ ਅਣਜਾਣ ਸਨ ਕਿ ਕਿਸੇ ਰਹਿਨੁਮਾ ਤੋਂ ਬਿਨਾਂ ਸੁਏਜ਼ ਦੇ ਪੂਰਬ ਵਲ ਇਕੱਲੇ ਸਫ਼ਰ ਵੀ ਨਹੀਂ ਸਨ ਕਰ ਸਕਦੇ।"

"ਸ਼ਾਇਦ", ਉਸ ਨੇ ਆਪਣੇ ਬੁਲ੍ਹ ਟੁੱਕਦਿਆਂ ਆਖਿਆ, "ਸ਼ਾਇਦ ਤੁਸੀਂ ਅਗਲੀ ਯੂਰਪੀ ਜੰਗ ਤੋਂ ਮਗਰੋਂ ਇਸ ਦੇ ਯੋਗ ਹੋ ਜਾਓ।"

ਕਲ-ਮੂੰਹੀਂ ਗੱਡੀ ਸਾਹਿਲੀ ਪਰਬਤਾਂ ਦੇ ਵਿਚੀਂ ਚੀਨੀ ਅਜਗਰ ਵਾਂਗ ਦਹਾੜਦੀ ਵਲੇਵੇਂਦਾਰ ਪਹਾੜੀ ਰਾਹਾਂ ਵਿੱਚੀਂ ਅੱਗੇ ਵਧਦੀ ਜਾ ਰਹੀ ਸੀ। ਚਟਾਨੀ ਪਰਬਤਾਂ ਵਿਚ ਚਿੱਤ-ਮਿੱਤਰੇ ਘਣੇ ਜੰਗਲਾਂ ਦੇ ਪੁਲਾਂ ਨੂੰ ਉਲੰਘਦੀ ਤਿੱਖੀਆਂ ਉਚਾਣਾਂ ਨਿਵਾਣਾਂ ਨੂੰ ਪਿੱਛੇ ਛੱਡਦੀ ਜਾ ਰਹੀ ਸੀ। ਪਣੂੰਦਾਰ ਮੈਦਾਨੀ ਇਲਾਕਿਆਂ ਵਿਚ ਸ਼ਾਂਤ ਚਿੱਤ ਵਗਣ ਵਾਲਾ ਫ਼ਰੇਜ਼ਰ ਦਰਿਆ ਵੀ ਇਥੇ ਪਰਬਤਾਂ ਨੂੰ ਚੀਰਦਾ ਹੋਇਆ ਖੌਰੂ ਪਾਉਂਦਾ ਹੋਇਆ ਵਗ ਰਿਹਾ ਸੀ। ਗੱਡੀ ਕਚੇ ਜਾਣੀਆਂ ਪਛਾਣੀਆਂ ਡੂੰਡਾਂ ਵਿਚ ਲੁਕਣ-ਮੀਚੀ ਖੇਡਦੇ ਸੱਪ ਵਾਂਗ ਨਾਈਟਰੋਜਨ ਗਲੈਸਰੀਨ ਦੇ ਧਮਾਕਿਆਂ ਨਾਲ ਚੀਰੇ ਬਰਫ਼-ਕੱਜੇ ਪਹਾੜਾਂ ਦੀਆਂ ਲੰਮੀਆ ਸੁਰੰਗਾਂ ਵਿਚੀਂ ਵਾਹੋ-ਦਾਹੀ ਆਪਣੀ ਮੰਜ਼ਿਲ ਵਲ ਵਧ ਰਹੀ ਸੀ। ਕਦੇ ਲੰਮੀਂ ਭਾਫ਼-ਦਾਰ ਸੀਟੀ ਮਾਰਦੀ ਜਦ ਇਹ ਸੁਰੰਗ ਤੋਂ ਬਾਹਰ ਆਉਂਦੀ ਤਾਂ ਇਸ ਦੀ ਤਿੱਖੀ ਆਵਾਜ਼ ਨੰਗੀਆਂ ਪਰਬਤੀ ਦੀਵਾਰਾਂ ਨਾਲ ਟਕਰਾ ਕੇ ਦੂਣ ਸਵਾਈ ਹੁੰਦੀ ਤੇ ਕਦੇ ਘਣੇ ਜੰਗਲਾਂ ਵਿਚ ਰਹੱਸਮਈ ਢੰਗ ਨਾਲ ਲੋਪ ਹੋ ਜਾਂਦੀ।

ਪਤਝੜ ਉੱਤਰ ਰਹੀ ਸੀ ਤੇ ਜੰਗਲ ਦੇ ਰੁੱਖ ਇਸ ਨੂੰ ਆਪਣੇ ਚਮਕੀਲੇ

ਰੰਗਾਂ ਦੀ ਤੇਜ਼ ਛਹਿਬਰ ਨਾਲ ਭਰਵਾਂ ਹੁੰਗਾਰਾ ਦੇ ਰਹੇ ਸਨ।

ਕੇਲੋਂ ਦੇ ਸੰਘਣੇ ਸ਼ਾਨਦਾਰ ਰੁੱਖਾਂ ਦੇ ਝੁਰਮਟਾਂ ਵਿਚ ਸੁਰੱਖਿਅਤ ਲੰਮ-ਸਲੰਮੇ ਪਾਪਲਰਾਂ ਦੇ ਪੱਤੇ ਚਮਕਦਾਰ ਪੀਲੇ ਭਾਹ ਮਾਰਨ ਲੱਗ ਪਏ ਸਨ। ਛੋਟੇ ਪਤਝੜੀ ਬੂਟੇ ਗੂੜ੍ਹੇ ਹਰੇ ਕੈਨਵਸ ਉੱਤੇ ਰੰਗ-ਬਰੰਗੇ ਨਮੂਨੇ ਬੁਣਨ ਵਿਚ ਮਸਰੂਫ ਜਾਪਦੇ ਸਨ। ਹਰੇ-ਕਚੂਰ ਘਾਹ ਨਾਲ ਕੱਜੀ ਵਾਦੀ, ਹਲਕੇ-ਪੀਲੇ, ਗੂੜ੍ਹੇ-ਨੀਲੇ, ਚਿੱਟੇ-ਦੁੱਧ ਤੇ ਜਾਮਣੀ ਰੰਗਾਂ ਦੇ ਫੁੱਲਾਂ ਨਾਲ ਸੱਜੀ ਪਈ ਸੀ। ਚਮਕਦੀਆਂ ਨਦੀਆਂ ਬਰਫੀਲੇ ਤੋਦਿਆਂ ਵਿਚੋਂ ਨਿਕਲਕੇ ਪੱਥਰ ਚੀਰਦੀਆਂ ਹੇਠ ਉੱਤਰ ਰਹੀਆਂ ਸਨ ਤੇ ਨਿੰਦਰਾਈਆਂ ਝੀਲਾਂ ਆਪਣੇ ਕਿਨਾਰੇ ਉੱਗੀ ਬਸਨਸਪਤੀ ਦੀ ਵੰਨ-ਸਵੰਨੀ ਲੀਲਾ ਨੂੰ ਪ੍ਰਤਿਬਿੰਬਿਤ ਕਰ ਰਹੀਆਂ ਸਨ।

ਗੱਡੀ, ਲੱਕੜ-ਕਾਮਿਆਂ, ਖਾਣ-ਮਜ਼ਦੂਰਾਂ ਤੇ ਛੋਟੇ ਛੋਟੇ ਵਪਾਰੀਆਂ ਦੀ ਸੁਵਿਧਾ ਲਈ ਬਣਾਏ ਕਈ ਨਿੱਕੇ ਨਿੱਕੇ ਜੰਗਲੀ ਸਟੇਸ਼ਨਾਂ ਤੇ ਰੁਕ ਰੁਕ ਕੇ ਜਾ ਰਹੀ ਸੀ। ਕੁਝ ਮੁਸਾਫ਼ਿਰ ਗੱਡੀ 'ਚੋਂ ਉੱਤਰਦੇ ਸਨ ਪਰ ਉਹਨਾਂ ਨੂੰ ਅੱਗੋਂ ਕੋਈ ਜੀ ਆਇਆਂ ਆਖਣ ਲਈ ਹਾਜ਼ਰ ਨਹੀਂ ਸੀ ਹੁੰਦਾ। ਕੁਝ ਗੱਡੀ ਚੜ੍ਹਦੇ ਤੇ ਉਹਨਾਂ ਨੂੰ ਭਾਵ-ਭਿੰਨੀ ਵਿਦਾਇਗੀ ਆਖਣ ਲਈ ਕੋਈ ਹੱਥ ਹਿੱਲਦਾ ਨਜ਼ਰ ਨਹੀਂ ਸੀ ਆਉਂਦਾ। "ਕਈ ਵਾਰ", ਟੌਮ ਨੇ ਆਖਿਆ, "ਐਤਵਾਰ ਵਾਲੇ ਦਿਨ ਛੁੱਟੀ ਵਾਲੇ ਕੱਪੜੇ ਪਹਿਨੇ ਕਈ ਕਾਮੇ, ਐਵੇਂ ਜੀ-ਪਰਚਾਵੇ ਲਈ ਹੀ ਆਪਣੇ ਕੰਮ ਥਾਵਾਂ ਤੋਂ, ਮੁਸਾਫ਼ਿਰਾਂ ਨਾਲ ਚੋਜ ਕਰਨ ਲਈ ਸਟੇਸ਼ਨਾਂ 'ਤੇ ਆ ਜਾਂਦੇ ਸਨ।"

ਮਲੂਕੇ ਨੂੰ ਭਾਰਤ ਵਿਚਲੇ ਰੇਲਵੇ ਸਟੇਸ਼ਨਾਂ ਦੀ ਯਾਦ ਆਈ। ਉਹਨੂੰ ਚੋਹਾਂ ਥਾਹਾਂ ਵਿਚਕਾਰ ਦੇ ਤਿੱਖੇ ਫ਼ਰਕ ਨੂੰ ਵੇਖ ਕੇ ਅਚੰਭਾ ਹੋ ਰਿਹਾ ਸੀ। ਬੁਨਿਆਦੀ ਤੌਰ ਤੇ ਇਹ ਫ਼ਰਕ ਪੁਰਾਣੀ ਤੇ ਨਵੀਂ ਦੁਨੀਆਂ ਵਿਚਕਾਰ ਦਾ ਸੀ। ਭਾਰਤ ਇਤਿਹਾਸ ਦੀ ਪੁਰਾਣੀ ਧਾਰਾ ਵਿਚ ਰਹਿ ਰਿਹਾ ਸੀ ਜਦਕਿ ਕੈਨੇਡਾ ਨੇ ਆਪਣਾ ਇਤਿਹਾਸ ਸਿਰਜਣਾ ਹੀ ਸ਼ੁਰੂ ਕੀਤਾ ਸੀ। ਭਾਰਤ ਆਪਣੇ ਪੁਰਾਣੇ ਸਭਿਆਚਾਰਕ ਵਿਰਸੇ ਦੇ ਭਾਰ ਹੇਠ ਦੱਬਿਆ ਧੀਵੀਂ ਚਾਲੇ ਤੁਰ ਰਿਹਾ ਸੀ। ਦੂਜੇ ਪਾਸੇ ਕੈਨੇਡਾ ਯੂਰਪੀ ਪਰਬਲੋਕ ਦੁਆਰਾ ਦਰਾਮਦ ਕੀਤੇ ਸਭਿਆਚਾਰ ਦੀਆਂ ਨੀਹਾਂ ਉੱਪਰ ਨਵੇਂ ਸਮਾਜ ਦੀ ਉਸਾਰੀ ਸ਼ੁਰੂ ਕਰ ਰਿਹਾ ਸੀ। ਇਹ ਬੜੇ ਮਜ਼ਬੂਤ ਹੱਥਾਂ ਨਾਲ

ਕੁਆਰੇ ਘਾਹਦਾਰ ਮੈਦਾਨਾਂ ਦੀਆਂ ਤੈਹਾਂ ਵਰਤ ਕੇ ਜੰਗਲੀਪੁਣੇ ਨੂੰ ਸਿਧਾਉਣ ਵਿਚ ਜੁਟਿਆ ਹੋਇਆ ਸੀ।

ਭਾਰਤ ਵਿਚ ਗੱਡੀਆਂ ਨਿੱਕੇ ਨਿੱਕੇ ਪਿੰਡਾਂ, ਰੌਣਕ ਭਰੇ ਕਸਬਿਆਂ ਤੇ ਭੀੜ-ਭੜੱਕੇ ਵਾਲੇ ਪੁਰਾਤਨ ਸ਼ਹਿਰਾਂ ਨਾਲ ਸਜੇ ਗੰਗਾ ਦੇ ਜ਼ਰਖ਼ੇਜ਼ ਮੈਦਾਨਾਂ ਵਿੱਚੋਂ ਪਿਸ਼ਾਵਰ ਤੋਂ ਕਲਕੱਤੇ ਦੇ ਲੰਮੇ ਪੈਂਡੇ ਕੱਢਦੀਆਂ ਜਾਂਦੀਆਂ ਸਨ। ਉਹ ਭਾਂਤ ਸੁਭਾਂਤ ਸਮਾਨ ਨਾਲ ਲੱਦੇ ਮੁਸਾਫ਼ਿਰਾਂ ਦੀ ਭੀੜ ਨਾਲ ਤੁਸੀਆਂ ਪਈਆਂ ਹੁੰਦੀਆਂ ਸਨ। ਹਰ ਸਟੇਸ਼ਨ ਤੇ ਮਰਦਾਂ, ਔਰਤਾਂ ਤੇ ਬੱਚਿਆਂ ਦੀ ਸ਼ੋਰ ਭਰੀ ਤੇ ਇਕ ਦੂਜੇ ਨਾਲ ਖਹਿਸਰਦੀ ਹੋਈ ਭੀੜ ਦੀ ਭਾਜੜ ਵੇਖਣ ਵਿਚ ਆਉਂਦੀ ਸੀ। ਪਤਲੀਆਂ ਪਤਲੀਆਂ ਲੱਤਾਂ ਵਾਲੇ ਲਾਲ-ਵਰਦੀਆਂ ਪਾਈ, ਸਾਮਾਨ ਨਾਲ ਲੱਦੇ ਕੁਲੀ ਬੜੀ ਤੇਜ਼ੀ ਨਾਲ ਇੱਧਰ ਉੱਧਰ ਭੱਜਦੇ ਨਜ਼ਰ ਆਉਂਦੇ ਸਨ। ਪੱਕੇ ਭੋਜਨ ਵੇਚਣ ਲਈ ਹੋਕਾ ਦਿੰਦੇ ਰੇੜ੍ਹੀ ਵਾਲਿਆਂ ਦੀਆਂ ਆਵਾਜ਼ਾਂ ਮਾਹੌਲ ਨੂੰ ਨਵੀਂ ਵੰਨ-ਸੁਵੰਨਤਾ ਪ੍ਰਦਾਨ ਕਰਦੀਆਂ ਸਨ। ਹਵਾ ਵਿਚ ਮਸਾਲਿਆਂ ਦੀ ਮਹਿਕ ਰਲੀ ਹੋਈ ਹੁੰਦੀ ਸੀ। ਆਪੋ ਆਪਣੇ ਸਿਰਾਂ ਤੇ ਆਪੋ ਆਪਣੇ ਫਿਰਕਿਆਂ ਲਈ ਖਾਸ ਭੋਜਨ ਢੋਣ ਵਾਲਿਆਂ ਦੇ, ਹਿੰਦੂ ਦੀ ਰੋਟੀ ਤੇ ਮੁਸਲਮ ਦਾ ਗੋਸ਼ਤ ਦੇ ਸੁਰੀਲੇ ਹੋਕੇ ਫਿਜ਼ਾ ਵਿਚ ਗੂੰਜਦੇ ਸੁਣਾਈ ਦਿੰਦੇ ਸਨ।

ਉਹਦੇ ਸੁਪਨਿਆਂ ਦੀ ਲੜੀ ਤੋੜਦਿਆਂ ਹੋਇਆਂ ਟੌਮ ਨੇ ਆਖਿਆ, "ਮਲੂਕਿਆ ਸੀ. ਪੀ. ਆਰ. ਦੀ ਉਸਾਰੀ ਨੂੰ ਸਮਝਣ ਨਾਲ ਹੀ ਕੈਨੇਡਾ ਦੀ ਤਰੱਕੀ ਦੀ ਸਮਝ ਆ ਜਾਂਦੀ ਹੈ। ਲੰਮੀ ਨਦਰ ਵਾਲੇ ਪ੍ਰਤਿਭਾਵਾਨ ਬੰਦਿਆਂ ਨੇ ਇਹ ਸੁਪਨਾ ਲਿਆ ਸੀ ਕਿ ਇਕ ਸਾਗਰ ਤੋਂ ਦੂਜੇ ਸਾਗਰ ਤੀਕ ਪੱਸਰੇ ਇਸ ਵਿਸ਼ਾਲ ਦੇਸ਼ ਨੂੰ ਅੰਤਰ-ਮਹਾਂਦੀਪੀ ਰੇਲ-ਲਾਈਨ ਵਿਛਾਉਣ ਤੋਂ ਬਿਨਾਂ ਇਕ ਕੌਮ ਵਿਚ ਕਿਤਈ ਨਹੀਂ ਸੀ ਸੰਗਠਿਤ ਕੀਤਾ ਜਾ ਸਕਦਾ। ਅਖੁੱਟ ਜੇਰੇ ਵਾਲੇ ਸਖਤ ਜਾਨ ਮੋਢੀਆਂ ਨੇ ਇਹਨਾਂ ਉਜਾੜਾਂ ਦਾ ਸਰਵੇਖਣ ਕਰ ਕੇ ਅਤਿਅੰਤ ਢੁੱਕਵੀਂ ਰੂਪ-ਰੇਖਾ ਤਿਆਰ ਕੀਤੀ ਸੀ ਅਤੇ ਸਿਸਲੀ ਤੇ ਸਵੀਡਨ ਤੋਂ ਲਿਆਂਦੇ ਹੱਟੇ ਕੱਟੇ ਮਜ਼ਦੂਰਾਂ ਦੀ ਹੱਡ-ਭੰਨਵੀਂ ਮੁਸ਼ੱਕਤ ਦੀ ਵਰਤੋਂ ਕਰਦਿਆਂ ਸਮਰਥ ਤੇ ਫੁਰਤੀਲੇ ਇੰਜੀਨੀਅਰਾਂ ਨੇ ਇਸ ਯੋਜਨਾ ਨੂੰ ਅਮਲੀ ਜਾਮਾ ਪਹਿਨਾਇਆ ਸੀ।"

"ਮੈਨੂੰ ਪੱਕਾ ਯਕੀਨ ਹੈ", ਮਲੂਕੇ ਨੇ ਕਿਹਾ ਸੀ ਕਿ, "ਦੇਸ਼ ਉਹਨਾਂ ਦੀ

ਸੇਵਾ ਨੂੰ ਬੜੀ ਕ੍ਰਿਤਗੱਤਾ ਨਾਲ ਯਾਦ ਕਰਦਾ ਹੋਵੇਗਾ।"

"ਇਸ ਰੇਲ ਲਾਈਨ 'ਤੇ ਅਨੇਕਾਂ ਸਟੇਸ਼ਨਾਂ, ਕੁਝ ਗਲੀਆਂ ਤੇ ਕਈ ਸ਼ਹਿਰਾਂ ਦੇ ਨਾਂ ਉਹਨਾਂ ਦੇ ਨਾਵਾਂ ਪਿੱਛੇ ਹੀ ਧਰੇ ਗਏ ਸਨ। ਇਕ ਪੂਰੀ ਦੀ ਪੂਰੀ ਪਰਬਤ ਲੜੀ ਦਾ ਨਾਂ ਹੀ ਵਾਨ ਹੌਰਨ ਦੇ ਨਾਂ ਪਿੱਛੇ ਰੱਖਿਆ ਹੋਇਆ ਹੈ।"

ਬੈਫੇ ਤੋਂ ਮਗਰੋਂ ਗੱਡੀ ਨੇ ਬੁਰਜੀਦਾਰ ਪਹਾੜਾਂ ਤੋਂ ਹੇਠ ਨਿੱਕੀਆਂ ਪਹਾੜੀਆਂ ਵਿੱਚੋਂ ਕਦੀਮੀ ਘਾਹਦਾਰ ਮੈਦਾਨਾਂ ਵਲ ਵਾਹੋਦਾਹੀ ਭੱਜਣਾ ਸ਼ੁਰੂ ਕਰ ਦਿੱਤਾ, ਜਿੱਥੇ ਹਾਲੇ ਥੋੜ੍ਹਾ ਚਿਰ ਪਹਿਲਾਂ ਹੀ ਜੰਗਲੀ ਮੱਝਾਂ ਦੇ ਵੱਗਾਂ ਦੇ ਵੱਗ ਘੁੰਮਦੇ ਨਜ਼ਰ ਆਉਂਦੇ ਹੁੰਦੇ ਸਨ।

"ਬੱਸ ਛੇਤੀ ਆਪਾਂ ਕੈਲਗਰੀ ਪੁੱਜਣ ਵਾਲੇ ਹੀ ਹਾਂ", ਟੌਮ ਨੇ ਆਖਿਆ, "ਇਹ ਬੜਾ ਸੋਹਣਾ ਛੋਟਾ ਜਿਹਾ ਕਸਬਾ ਹੈ। ਪੂਰਬ ਵਲ ਪੱਸਰੇ ਇਹਦੇ ਮੈਦਾਨ ਦੂਮੇਲ ਨੂੰ ਛੂੰਹਦੇ ਪ੍ਰਤੀਤ ਹੁੰਦੇ ਹਨ। ਤੇ ਪੱਛਮ ਵਲ ਇਹਦੇ ਪਹਾੜ ਅਸਮਾਨ ਨਾਲ ਆਢਾ ਲਾਈ ਖੜੇ ਦੀਂਹਦੇ ਹਨ। ਬੜਾ ਸ਼ਾਂਤ ਸ਼ਹਿਰ ਹੈ ਇਹ। ਮੇਰੇ ਮਾਪੇ ਇੱਥੇ ਰਹਿੰਦੇ ਹਨ ਤੇ ਮੈਂ ਬਹੁਤੀ ਵਾਰ ਉਹਨਾਂ ਕੋਲ ਆਪਣੀਆਂ ਛੁੱਟੀਆਂ ਕਟਣ ਜਾਂਦਾ ਹੁੰਨਾ ਵਾਂ।"

"ਮੈਂ ਚਾਹੁੰਨਾ ਵਾਂ ਕਿ ਤੂੰ ਮੇਰੇ ਕੋਲ ਦਿਹਾੜੀ ਡੰਗ ਰਹੇਂ। ਆਪਾਂ ਘੁੰਮਾਂ ਫਿਰਾਂਗੇ ਰਲ ਕੇ।" ਟੌਮ ਨੇ ਬੜੇ ਗੌਰ-ਰਸਮੀ ਢੰਗ ਨਾਲ ਦਾਅਵਤ ਦਿੱਤੀ।

ਕੈਲਗਰੀ! ਇਸ ਨਾਂ ਨੇ ਮਲੂਕੇ ਦੇ ਮਨ ਅੰਦਰ ਕੋਈ ਕੁਹਰਾਮ ਮਚਾ ਦਿੱਤਾ। ਸਾਲ ਕੁ ਪਹਿਲਾਂ ਡੌਰਿਸ ਨੇ ਉਹਨੂੰ ਖ਼ਤ ਲਿਖਿਆ ਸੀ ਕਿ ਉਹ ਨੌਕਰੀ ਦੀ ਤਲਾਸ਼ ਵਿਚ ਪੂਰਬ ਵਲ ਵਾਕਿਆ ਇਸ ਸ਼ਹਿਰ ਜਾ ਰਹੀ ਸੀ। ਤੇ ਮਗਰੋਂ ਉਹਨੂੰ ਉਹਦੀ ਕੋਈ ਸੋਅ ਨਹੀਂ ਸੀ ਮਿਲੀ।

ਫ਼ਰੇਜ਼ਰ ਦੇ ਕੰਢੇ ਉਸ ਨਾਲ ਬਿਤਾਏ ਸੁਰਗੀ ਪਲਾਂ ਦੀ ਯਾਦ ਉਹਦੇ ਮਨ ਨੂੰ ਵਲੂੰਧਰ ਗਈ। ਕਿੰਨੀ ਦਿਲ-ਖੋਹਣੀ ਨੁਹਾਰ ਸੀ ਉਹਦੀ—ਹਸੂੰ ਹਸੂੰ ਕਰਦਾ ਖ਼ੂਬਸੂਰਤ ਚੇਹਰਾ, ਮੋਟੀਆਂ ਚਮਕੀਲੀਆਂ ਅੱਖਾਂ, ਰਤਾ ਕੁ ਉੱਪਰ ਉੱਠਿਆ ਨਿੱਕਾ ਜੇਹਾ ਨੱਕ, ਤੇ ਮੋਢਿਆਂ 'ਤੇ ਪਲ੍ਹਮਦੀਆਂ ਘਣੀਆਂ ਕਾਲੀਆਂ ਸ਼ਾਹ ਜ਼ੁਲਫ਼ਾਂ ਦੀ ਤਸਵੀਰ ਸਦਾ ਲਈ ਉਹਦੇ ਮਨ ਵਿਚ ਸਥਿਰ ਹੋ ਗਈ ਸੀ। ਕੈਲਗਰੀ ਵਿਚ ਉਹਨੂੰ ਮਿਲਣ ਦੀ ਕਈ ਵਰ੍ਹਿਆਂ ਤੋਂ ਸਾਂਭ ਕੇ ਰੱਖੀ ਤਮੰਨਾ ਇਕ ਗੁਆਚੇ

ਸੁਪਨੇ ਦਾ ਰੂਪ ਧਾਰ ਚੁੱਕੀ ਸੀ। ਉਹਦੇ ਪਤੇ ਬਾਰੇ ਅਗਿਆਨ ਅਸਹਿ ਸੀ। ਉਹ ਮੁੜ ਕਦੇ ਮਲੂਕੇ ਨੂੰ ਖ਼ਤ ਵੀ ਨਾ ਲਿਖ ਪਾਏਗੀ, ਇਸ ਗੱਲ ਦੀ ਉਹ ਕਲਪਣਾ ਵੀ ਨਹੀਂ ਸੀ ਕਰ ਸਕਦਾ।

ਇਹੋ ਜਿਹੇ ਖ਼ਿਆਲਾਂ ਵਿਚ ਗੁਆਚਾ ਮਲੂਕਾ ਉਦਾਸੀ ਦੀ ਮੂਰਤ ਬਣਿਆ ਪਿਆ ਸੀ।

"ਕੀ ਸੋਚਦਾਂ ਮਲੂਕਿਆ", ਟੌਮ ਨੇ ਪੁੱਛਿਆ, "ਐਵੇਂ ਨਾ ਵਾਧੂ ਦਾ ਸੰਸਾ ਕਰੀਂ। ਮੇਰੇ ਮਾਪੇ ਤੈਨੂੰ ਮਿਲ ਕੇ ਬੜੇ ਖ਼ੁਸ਼ ਹੋਣਗੇ।"

ਮਲੂਕੇ ਨੂੰ ਆਪਣੀ ਹਾਲਤ ਦੱਸਣ ਲਈ ਲਫ਼ਜ਼ ਨਹੀਂ ਸਨ ਸੁਝਦੇ ਪਏ।

"ਏਨੀ ਦਿਲ-ਢਾਹਵੀਂ ਉਦਾਸੀ ਵੀ ਕੀ ਹੋਈ ਮਲੂਕਿਆ?" ਟੌਮ ਨੇ ਅਪਣੱਤ ਭਰੀ ਹਾਸੀ ਨਾਲ ਕਿਹਾ।

"ਕਿਤੇ ਦਿਲ ਦਾ ਮਾਮਲਾ ਤਾਂ ਨਹੀਂ ਮੁੰਡਿਆ?"

"ਹਾਂ, ਗੱਲ ਤਾਂ ਕੁਝ ਇਹੋ ਜਿਹੀ ਹੀ ਹੈ।" ਮਲੂਕੇ ਨੇ ਮਲਵੀਂ ਜੇਹੀ ਜੀਭ ਨਾਲ ਆਖਿਆ। "ਮੇਰੀ ਬਹੁਤ ਹੀ ਚੰਗੀ ਦੋਸਤ, ਵੈਨਕੂਵਰ ਦੇ ਸਕੂਲ ਵੇਲੇ ਦੀ ਹਮਜਮਾਤਣ ਏਥੇ ਕੰਮ ਕਰਦੀ ਹੈ। ਮੇਰੀ ਉਹਨੂੰ ਇਥੇ ਮਿਲਣ ਦੀ ਬੜੀ ਲਿੱਲ੍ਹ ਸੀ। ਪਰ ਹੁਣ ਉਹ ਸ਼ਾਇਦ ਇਥੇ ਨ ਹੀ ਹੋਏ। ਸਿਰਨਾਵੇਂ ਉਹਦੇ ਦਾ ਮੈਨੂੰ ਪਤਾ ਨਹੀਂ। ਕੈਲਗਰੀ ਵੜਨ ਦੀ ਹਿੰਮਤ ਹੀ ਨਹੀਂ ਪੈਂਦੀ", ਉਹਨੇ ਬੜੀ ਉਦਾਸ ਸੁਰ ਵਿਚ ਕਿਹਾ।

"ਬੀਤੇ ਨੂੰ ਯਾਦ ਕਰ ਕੇ ਢੇਰੀ ਨਾ ਢਾਹ ਮਲੂਕਿਆ", ਟੌਮ ਨੇ ਉਹਦੀ ਦਿਲਜੋਈ ਕੀਤੀ। "ਇਸ ਦੇਸ਼ ਦੇ ਲੋਕ ਖੋਜੀਆਂ ਵਾਂਗ ਨਵੇਂ ਥਾਹੀਂ ਜਾ ਕੇ ਨਵੀਆਂ ਚੀਜ਼ਾਂ ਵੇਖਣ ਦੇ ਸ਼ੌਕੀਨ ਹਨ। ਉਹ ਚਿੱਠੀਆਂ ਲਿਖਣ ਦੇ ਆਦੀ ਨਹੀਂ।"

"ਮੈਨੂੰ ਤਾਂ ਡੋਬੂ ਪੈਂਦੇ ਨੇ ਟੌਮ", ਮਲੂਕੇ ਨੇ ਇਕਬਾਲ ਕੀਤਾ।

"ਸਭ ਚੀਜ਼ਾਂ ਵਹਿ ਜਾਂਦੀਆਂ ਨੇ", ਟੌਮਨੇ ਜ਼ਰਾ ਹਲਕੇ ਰੌਂ ਵਿਚ ਕਿਹਾ, "ਤੇ ਇਥੇ ਹਿੰਦੁਸਤਾਨ ਨਾਲੋਂ ਕੁਝ ਤੇਜ਼ ਰਫ਼ਤਾਰ ਨਾਲ ਹੀ ਵਹਿੰਦੀਆਂ ਨੇ। ਮੁਹੱਬਤ ਵੀ ਤੇਜ਼ੀ ਨਾਲ ਹੀ ਲੰਘ ਜਾਂਦੀ ਹੈ। ਆਉਣੀ-ਜਾਣੀ ਹੀ ਹੈ ਇਹ ਵੀ। ਲੋਕ ਪਹਾੜਾਂ ਵਿਚ ਜਾਂ ਨਦੀ ਕੰਢੇ ਆਪਣੇ ਖ਼ੁਸ਼ ਸਮੇਂ ਦਾ ਆਨੰਦ ਮਾਣਦੇ ਹਨ ਤੇ ਫੇਰ ਅਗਾਂਹ

ਟੂਰ ਜਾਂਦੇ ਨੇ।"

ਮਲੂਕੇ ਨੂੰ ਮਨੁੱਖ ਦੇ ਇਸ ਸਭ ਤੋਂ ਵੱਧ ਕੋਮਲ ਤੇ ਟੁੰਬਵੇਂ ਅਹਿਸਾਸ ਦੀ ਹਲਕੀ-ਫੁਲਕੀ, ਨਹੀਂ, ਸ਼ਾਇਦ ਹਾਸੋਹੀਣੀ ਜੇਹੀ ਪੇਸ਼ਕਾਰੀ ਭਾਈ ਨਾ। ਉਹਨੇ ਸੋਚਿਆ ਸ਼ਾਇਦ ਇਸ ਵਿਸ਼ਵ-ਵਿਆਪੀ ਉਮਾਹ ਭਰੇ ਜਜ਼ਬੇ ਵਲ ਵੀ ਪੂਰਬ ਤੇ ਪੱਛਮ ਦੇ ਰਵੱਈਏ ਵਿਚ ਕੋਈ ਫ਼ਰਕ ਹੋਵੇ।

ਟੌਮ ਨੇ ਇਸ ਫ਼ਰਕ ਦੀ ਵਜ਼ਾਹਤ ਜਾਰੀ ਰੱਖੀ। 'ਪਿਆਰੇ ਮਲੂਕਿਆ, ਲੈਲਾ-ਮਜਨੂੰ ਦੇ ਅਮਰ ਪ੍ਰੇਮ ਦੀ ਅਮਿਟ ਲੀਲ੍ਹਾ ਇਥੇ ਨਹੀਂ ਜੇ ਲੱਭਣੀ ਤੇ ਨਾ ਹੀ ਸ਼ੀਰੀ-ਫ਼ਰਿਹਾਦ ਦੇ ਇਸ਼ਕ ਜੇਹੀ ਕੋਈ ਰੂਹਾਨੀ ਦਾਸਤਾਨ, ਬੜਾ ਠੰਢਾ ਦੇਸ਼ ਹੈ ਇਹ। ਲੋਕਾਂ ਨੂੰ ਇਥੇ ਕੰਮ ਕਰਨ ਦੀ ਕਾਹਲ ਹੁੰਦੀ ਹੈ।"

ਮਲੂਕਾ ਆਇਰਸ਼ ਆਦਮੀ ਦੀ ਇਸ ਕਾਵਿਕ ਤੁਲਨਾ 'ਤੇ ਮੁਸਕਰਾਉਣੋਂ ਨਾ ਰਹਿ ਸਕਿਆ। ਹੁਣ ਉਹਦੀ ਆਵਾਜ਼ ਵਿਚ ਕੋਈ ਤਨਜ਼ ਨਹੀਂ ਸੀ।

"ਹੀਰ-ਰਾਂਝੇ ਦੇ ਧਰਤੀ ਦੀ ਛੁਹ ਵਾਲੇ, ਪਰ ਟਿਕਾਊ ਇਸ਼ਕ ਬਾਰੇ ਕੀ ਖ਼ਿਆਲ ਹੈ ਤੇਰਾ?" ਉਹਨੇ ਆਪ-ਮੁਹਾਰੇ ਸੁਆਲ ਕੀਤਾ, "ਉਹਨਾਂ ਮਜ਼ਬੂਤ ਤੇ ਸ਼ਾਬਤ-ਕਦਮ ਲੋਕਾਂ ਵਰਗਾ ਟਿਕਾਊ ਪਿਆਰ ਵੀ ਉੱਤਰ ਦੇ ਇਸ ਠੰਢੋ-ਯੱਖ ਮਾਹੌਲ ਵਿਚ ਜੜ੍ਹ ਨਹੀਂ ਫੜ ਸਕਦਾ?" ਉਸ ਨੇ ਮੱਧਮ ਜੇਹੀ ਮੁਸਕਰਾਹਟ ਨਾਲ ਪੁੱਛਿਆ।

"ਮਲੂਕਿਆ ਛੇਤੀ ਤੂੰ ਅਲਬਰਟਾ ਯੂਨੀਵਰਸਿਟੀ ਦਾ ਰਿਹਾਇਸ਼ੀ ਵਿਦਿਆਰਥੀ ਬਣ ਜਾਣਾ। ਤੇ ਉਥੋਂ ਦਾ ਇਕ ਹੋਸਟਲ ਪੈਥੀਨਾ ਹਾਲ ਤੈਨੂੰ ਦਿਲਕਸ਼, ਨਰੋਈਆਂ ਤੇ ਗੁਲਾਬੀ ਗਲ੍ਹਾਂ ਵਾਲੀਆਂ ਸੁਨੱਖੀਆਂ ਮੈਦਾਨੀ ਮਟਿਆਰਾਂ ਨਾਲ ਭਰਪੂਰ ਮਿਲੇਗਾ। ਉਹ ਨਿਸ਼ਚੇ ਹੀ ਤੇਰੇ ਟੁੱਟੇ ਹੋਏ ਜੁਆਨ ਦਿਲ ਨੂੰ ਜੋੜਨ ਵਿਚ ਮਦਦਗਾਰ ਸਿੱਧ ਹੋਣਗੀਆਂ।"

"ਗੱਡੀ ਹੌਲੀ ਹੋ ਰਹੀ ਹੈ। ਮੈਂ ਤਾਂ ਏਥੇ ਹੀ ਉੱਤਰ ਜਾਣਾ, ਸ਼ਾਇਦ ਯੂਨੀਵਰਸਿਟੀ ਵਿਚ ਆਪਾਂ ਫੇਰ ਮਿਲੀਏ।" ਉਸ ਨੇ ਕਿਹਾ।

"ਤੂੰ ਬੜਾ ਹਸਮੁਖ ਸਾਥੀ ਤੇ ਨਿੱਘਾ ਦੋਸਤ ਹੈਂ", ਮਲੂਕੇ ਨੇ ਆਖਿਆ। "ਮੈਨੂੰ ਤੇਰੀ ਬੜੀ ਯਾਦ ਆਏਗੀ। ਯੂਨੀਵਰਸਿਟੀ ਵਿਚ ਤੈਨੂੰ ਮੁੜ ਮਿਲ ਕੇ ਬੜੀ ਖ਼ੁਸ਼ੀ ਹੋਏਗੀ।"

"ਪਰ ਮਲੂਕਿਆ ਏਡੀ ਵੀ ਕੀ ਕਾਹਲ ਹੈ। ਰਾਤ ਮੇਰੇ ਕੋਲ ਰਹਿ", ਟੌਮ ਨੇ ਹੰਮੇ ਨਾਲ ਕਿਹਾ। "ਕਲ੍ਹ ਸਵੇਰੇ ਤੇਨੂੰ ਸਟੇਸ਼ਨ 'ਤੇ ਛੱਡ ਜਾਵਾਂਗਾ।"

ਇਸ ਵਾਰ ਮਲੂਕਾ ਨਾਂਹ ਨਾ ਕਰ ਸਕਿਆ।

ਅਗਲੇ ਭਲਕ ਸਵੇਰੇ ਟੌਮ ਨੇ ਮਲੂਕੇ ਨੂੰ ਕੈਲਗਰੀ ਸਟੇਸਨ 'ਤੇ ਅਲਵਿਦਾ ਆਖੀ। ਕੱਲਾ ਉਦਾਸ ਮਲੂਕਾ ਖ਼ਾਲੀ ਜੇਹੀ ਤਕਣੀ ਨਾਲ ਬਾਰੀ ਤੋਂ ਬਾਹਰ ਝਾਕਦਾ ਰਿਹਾ। ਪੱਕ ਰਹੀ ਕਣਕ ਦੇ ਵਿਸ਼ਾਲ ਖੇਤ ਸੋਨੇ ਦੇ ਸਮੁੰਦਰ ਵਾਂਗ ਲਗ ਰਹੇ ਸਨ। ਲੰਮੀ ਨਾਲੀ ਦੇ ਸਿਰਿਆਂ ਤੇ ਸੋਹੰਢੇ ਮਜ਼ਬੂਤ ਕਸੀਰਦਾਰ ਸਿੱਟੇ ਹਵਾ ਵਿਚ ਝੂਮ ਰਹੇ ਸਨ। ਕਿਤੇ ਕਿਤੇ ਕਣਕ ਨੂੰ ਦਾਤੀ ਪੈ ਚੁੱਕੀ ਸੀ। ਸ਼ਾਮ ਵੇਲੇ ਵਾਢੇ ਕਣਕ ਦੀਆਂ ਸੱਥਰੀਆਂ ਇਕੱਠੀਆਂ ਕਰ ਕਰ ਕੇ ਭਰੀਆਂ ਬੰਨ੍ਹ ਕੇ ਉਹਨਾਂ ਨੂੰ ਖਲਵਾਨਾਂ ਵਿਚ ਢੋਅ ਰਹੇ ਸਨ। ਰੇਲਵੇ ਲਾਈਨ ਦੇ ਨਾਲ ਇਕੋ ਜਿਹੇ ਛੋਟੇ ਛੋਟੇ ਘਰਾਂ, ਵੱਡੇ ਵੱਡੇ ਢਾਰਿਆਂ, ਖੁਲ੍ਹੀਆਂ ਸੜਕਾਂ, ਇਕੋ ਜਿਹੇ ਸਕੂਲਾਂ ਤੇ ਗਿਰਜਿਆਂ ਵਾਲੇ ਸਾਰੇ ਕਸਬੇ ਇਕਸਾਰ ਜਿਹੇ ਦ੍ਰਿਸ਼ ਪੇਸ਼ ਕਰ ਰਹੇ ਸਨ।

ਦਿਨ ਦੇ ਛਿਪਾ ਨਾਲ ਗੱਡੀ ਸਾਊਥ ਐਡਮਾਂਟਨ ਦੇ ਲਾਲ ਇੱਟਾਂ ਨਾਲ ਬਣੇ ਸਾਦਾ ਜਿਹੇ ਸਟੇਸ਼ਨ ਤੇ ਜਾ ਰੁਕੀ। ਮਲੂਕੇ ਨੇ ਆਪਣਾ ਮੁਖਤਸਰ ਜਿਹਾ ਸਮਾਨ ਨੇੜੇ ਦੇ ਛੋਟੇ ਜਿਹੇ ਲੱਕੜ ਦੇ ਬਣੇ ਹੋਟਲ ਦੇ ਇਕ ਕਮਰੇ ਵਿਚ ਜਾ ਟਿਕਾਇਆ। ਤੇ ਉਹ ਯੂਨੀਵਰਸਿਟੀ ਵਿਚ ਆਪਣੇ ਦਾਖ਼ਲੇ ਦੇ ਦਿਨ ਦੀ ਉਡੀਕ ਕਰਨ ਲੱਗ ਪਿਆ।

44

ਐਡਮੰਟਨ ਡੂੰਘੀ ਸ਼ਾਂਤ-ਵਹਿੰਦੀ ਉੱਤਰੀ ਸਸਕੱਚਵਾਨ ਨਦੀ ਦੇ ਦੋਨੀਂ ਕਿਨਾਰਿਆਂ ਦੇ ਨਾਲੋਂ ਨਾਲ ਲੰਬੂਤਰੇ ਜੇਹੇ ਸਮਤਲ ਮੈਦਾਨ ਵਿਚ ਵਸਿਆ ਹੋਇਆ ਸੀ। ਨਦੀ ਦੇ ਉੱਚੇ ਕੰਢਿਆਂ ਤੇ ਉੱਚੇ ਰੁੱਖ ਪਤਝੜੀ ਰੰਗਾਂ ਵਿਚ ਦਗਦੇ ਪਏ ਸਨ।

ਇਸ ਦੇ ਉੱਤਰ ਵਿਚ ਵਣਜੀ ਖੇਤਰ ਸੀ ਜਿਸ ਉੱਪਰ ਸਲੇਟੀ ਰੰਗ ਦੀ ਸੰਸਦੀ ਇਮਾਰਤ ਹਾਵੀ ਹੋਈ ਭਾਸਦੀ ਸੀ, ਨਾਲ ਹੀ ਉੱਚੇ ਗੁੰਬਦ ਵਾਲੇ ਸੁੰਦਰ ਕੈਥੋਲਿਕ ਗਿਰਜੇ ਤੇ ਮੈਕਡਾਨਲਡ ਹੋਟਲ ਦੀ ਭਰਪੂਰ ਦਿੱਖ ਵਾਲੀ ਇਮਾਰਤ ਸੀ। ਖੁੱਲ੍ਹੀ ਡੁੱਲ੍ਹੀ ਜੈਸਪਰ ਐਵਨਿਊ ਵਿਚ ਘੋੜ-ਗੱਡੀਆਂ ਤੇ ਆਧੁਨਿਕ ਕਾਰਾਂ, ਜਿਨ੍ਹਾਂ ਨੂੰ ਹਾਲੇ ਤੇਜ਼ ਰਫ਼ਤਾਰ ਦਾ ਝੱਲ ਨਹੀਂ ਸੀ ਚੜ੍ਹਿਆ, ਨਾਲੋ ਨਾਲ ਪ੍ਰੇਮ ਪੂਰਵਕ ਚੱਲਦੀਆਂ ਨਜ਼ਰ ਆਉਂਦੀਆਂ ਸਨ।

ਦੱਖਣ ਵਲ ਦੇ ਪਾਸੇ ਸਾਦਾ ਜੇਹੀ ਦਿੱਖ ਵਾਲੇ ਰਿਹਾਇਸ਼ੀ ਮਕਾਨ ਸਨ ਅਤੇ ਸੰਘਣੀ ਝਿੜੀ ਦੀ ਵੱਖੀ ਵਿਚ ਲਾਲ ਇੱਟਾਂ ਨਾਲ ਬਣੀਆਂ ਯੂਨੀਵਰਸਿਟੀ ਦੀਆਂ ਚੋ-ਮੰਜ਼ਲੀਆਂ ਇਮਾਰਤਾਂ ਦਾ ਹਾਤਾ ਸੀ। ਮੁੱਖ-ਪ੍ਰਬੰਧਕੀ ਇਮਾਰਤ ਦੇ ਨਾਲ ਲਾਇਬਰੇਰੀ ਤੇ ਇਸ ਦੇ ਲੰਬਕੋਣ ਰੁਖ, ਮੈਡੀਕਲ, ਇੰਜੀਨੀਅਰਿੰਗ ਅਤੇ ਖੇਤੀ ਵਿਦਿਆ ਦੇ ਵਿਭਾਗਾਂ ਦੀਆਂ ਇਮਾਰਤਾਂ ਸਨ। ਉਹਨਾਂ ਤੋਂ ਪਾਰ ਚਰਾਂ ਉਚੇਰੇ ਤਲ ਤੇ ਨਾਲੋ ਨਾਲ ਬਣੀਆਂ ਤਿੰਨ ਹੋਸਟਲਾਂ ਦੀਆਂ ਇਮਾਰਤਾਂ ਸਨ। ਵਿਚਕਾਰ ਖੁੱਲ੍ਹਾ ਘਾਹਦਾਰ ਮੈਦਾਨ ਸੀ।

ਦਾਖ਼ਲੇ ਵਾਲੇ ਦਿਨ ਅਲਬਰਟਾ ਦੇ ਸਾਰੇ ਭਾਗਾਂ ਤੋਂ ਵਿਦਿਆਰਥੀ ਪੁੱਜਣੇ ਸ਼ੁਰੂ ਹੋ ਗਏ ਸਨ। ਉਹਨਾਂ ਸੱਠ-ਸੱਠ ਡਾਲਰ ਸਾਰੇ ਸਾਲ ਦੀ ਪੜ੍ਹਾਈ ਦੀ ਫੀਸ ਤੇ ਬੱਤੀ-ਬੱਤੀ ਡਾਲਰ ਦੇ ਹਿਸਾਬ ਨਾਲ ਮਾਸਿਕ ਰਿਹਾਇਸ਼ ਤੇ ਖਾਣ-ਪੀਣ ਦੇ ਖਰਚੇ ਵਜੋਂ ਜਮ੍ਹਾਂ ਕਰਵਾਏ ਸਨ। ਮਲੂਕੇ ਨੂੰ ਐਸੀਕੇ-ਬੋਇਨੇ ਹਾਲ ਦੀ ਪਹਿਲੀ ਮੰਜ਼ਿਲ 'ਤੇ ਹੀ ਸਾਧਾਰਣ ਸਾਜ਼ੋ-ਸਾਮਾਨ ਨਾਲ ਸਜਿਆ ਆਰਾਮਦਾਇਕ ਕਮਰਾ ਅਲਾਟ ਹੋਇਆ ਸੀ। ਸੌਫੋਮੋਰਾਂ ਨੇ ਨਵੇਂ ਸਿਖਾਂਦਰੂਆਂ ਨੂੰ ਪਹੁਲ ਛਕਾਉਣ ਲਈ ਆਪਣੇ ਆਪ ਨੂੰ ਕਈ ਟੋਲੀਆਂ ਵਿਚ ਵੰਡਿਆ ਹੋਇਆ ਸੀ। ਉਹਨਾਂ ਨੂੰ ਹਰੀ-ਪੀਲੀ ਖੋਪਰੀ ਵਾਲੀ ਟੋਪੀ ਦੇ ਨਾਲ ਗਲ੍ਹਾਂ ਵਿਚ ਹਰੇ ਰੁਮਾਲ ਤੇ ਹਰੀਆਂ ਹੀ ਜੁਰਾਬਾਂ ਪਹਿਨਾਈਆਂ ਗਈਆਂ ਸਨ। ਉਹਨਾਂ ਨੂੰ ਰੇਲਵੇ ਸਟੇਸ਼ਨ ਤੋਂ ਹੋਸਟਲਾਂ ਤੀਕ ਪੁਰਾਣੇ ਵਿਦਿਆਰਥੀਆਂ ਦਾ ਸਾਮਾਨ ਵੀ ਢੋਣਾ ਪਿਆ ਸੀ। ਤੇ ਇਸ ਤੋਂ ਬਿਨਾਂ ਕਈ ਹੋਰ ਜ਼ਿੱਲਤਾਂ ਵੀ ਸਹਿਣੀਆਂ ਪਈਆਂ ਸਨ।

ਮਜ਼ਬੂਤ ਤੇ ਭਾਰੇ ਚੁਗਾਠੇ ਵਾਲੇ ਜੋ ਕਲਰਕ, ਜਿਸ ਦੇ ਹੱਥ ਵਿਚ ਕੈਮਰਾ ਫੜਿਆ ਹੋਇਆ ਸੀ, ਨੇ ਉੱਚੀ ਦੇਣੀ ਕਿਹਾ ਸੀ, "ਜੇ ਮੈਦਾਨੀ ਕੁੜੀਆਂ ਦੀਆਂ

ਖ਼ੂਬਸੂਰਤ ਟੰਗਾਂ ਦੇ ਦਰਸ਼ਣ ਕਰਨ ਨੂੰ ਚਿੱਤ ਕਰਦਾ ਤਾਂ ਏਧਰ ਆ ਜਾ....."

ਨਵੀਆਂ ਸਿਖਾਂਦਰੂਆਂ ਨੂੰ ਕਤਾਰ ਬਣਾ ਕੇ ਖੜਕੇ ਲਾਅਨ ਵਿਚ ਖ਼ੂਥੀਆਂ ਪੈ ਕੇ ਉਦੋਂ ਤੀਕ ਤੇਜ਼ ਸਾਰ ਲੋਟਣੀਆਂ ਖਾਣ ਨੂੰ ਹੁਕਮ ਚਾੜ੍ਹੇ ਗਏ ਸਨ ਜਦੋਂ ਤੀਕ ਉਹਨਾਂ ਦੀਆਂ ਕੱਠੀਆਂ ਹੋਈਆਂ ਘਗਰੀਆਂ ਹੇਠੋਂ ਅਸਮਾਨੀ, ਗੁਲਾਬੀ ਤੇ ਚਿੱਟੀਆਂ ਕੱਛੀਆਂ ਨਾ ਦਿੱਸਣ ਲਗ ਪੈਣ।

"ਇਕ ਹੋਰ ਲੋਟਣੀ ਖਾਓ", ਜੋ ਨੇ ਉੱਚੀ ਦੇਣੀ ਲਲਕਾਰਾ ਮਾਰਿਆ ਸੀ। ਉਹਨੂੰ ਲਗਦਾ ਸੀ ਕਿ ਤਸਵੀਰਾਂ ਹਾਲੇ ਸੁਆਰ ਕੇ ਨਹੀਂ ਸਨ ਖਿੱਚੀਆਂ ਗਈਆਂ।

ਵਿਦਿਆਰਥੀ ਲੈਥਬ੍ਰਿਜ ਤੋਂ ਪੀਸ ਰਿਵਰ ਤਕ ਸੂਬੇ ਦੇ ਸਾਰੇ ਖੇਤਰਾਂ ਵਿਚੋਂ ਢੁੱਕੇ ਹੋਏ ਸਨ ਭਾਵੇਂ ਐਡਮੰਟਨ ਤੇ ਕੈਲਗਰੀ ਵਾਲਿਆਂ ਦੀ ਗਿਣਤੀ ਵਧੇਰੇ ਸੀ। ਉਹਨਾਂ ਵਿਚੋਂ ਪਹਿਲੀ ਪੀੜ੍ਹੀ ਦੇ ਕੈਨੇਡੀਅਨ ਸਨ। ਯੂਰਪੀ ਮਹਾਂਦੀਪੀ ਪਿਛੋਕੜ ਵਾਲੇ ਹਾਲੇ ਵੀ ਆਪਣੇ ਘਰੀਂ ਰੂਸੀ, ਜਰਮਨ, ਯੂਕ੍ਰੇਨੀਅਨ, ਸਵੀਡਿਸ਼, ਇਟਾਲੀਅਨ ਤੇ ਯਿਦਿਸ਼ ਜੇਹੀਆਂ ਆਪੋ-ਆਪਣੀਆਂ ਮਾਤ-ਭਾਸ਼ਾਵਾਂ ਵਿਚ ਹੀ ਗੱਲਾਂ ਕਰਦੇ ਸਨ। ਇਹ ਗੱਲ ਹੈਰਾਨੀ ਜਨਕ ਸੀ ਕਿ ਇਹਨਾਂ ਯੁਵਕਾਂ ਨੇ ਵੰਨ-ਸੁਵੰਨੇ ਸਭਿਆਚਾਰਕ ਪਿਛੋਕੜਾਂ ਦੇ ਬਾਵਜੂਦ ਸਾਂਝੀ ਵਿਦਿਆ ਰਾਹੀਂ ਕਿਵੇਂ ਏਨੀ ਛੇਤੀ ਕੈਨੇਡੀਅਨ ਚੇਤਨਤਾ ਧਾਰਨ ਕਰ ਲਈ ਸੀ। ਇਸ ਭਾਵਨਾ ਨੂੰ ਮਜ਼ਬੂਤ ਕਰਨ ਵਿਚ ਅੰਗਰੇਜ਼ੀ ਜ਼ਬਾਨ ਦਾ ਨੁਮਾਇਆਂ ਹਿੱਸਾ ਸੀ। ਬਾਕੀ ਦੇ ਹਾਲੇ ਵੀ ਆਪੋ-ਆਪਣੇ ਭਾਈਚਾਰਿਆਂ ਦੇ ਅਟੁੱਟ ਅੰਗ ਸਨ ਪਰੰਤੂ ਇਹਨਾਂ ਵਿਚੋਂ ਮਲੂਕਾ ਪਹਿਲਾ ਤੇ ਇਕੋ ਇਕ ਭਾਰਤੀ ਸੀ, ਉਹਨੂੰ ਆਪਣੇ ਅੰਦਰਲੇ ਸੰਸਾਰ ਉੱਪਰ ਹੀ ਨਿਰਭਰ ਕਰਨਾ ਪੈਂਦਾ ਸੀ।

ਵਿਦਿਆਰਥੀ, ਖੁੱਲ੍ਹ-ਖੁਲਾਸੇ, ਕੁਦਰਤੀ ਤੇ ਦੋਸਤਾਨੇ ਭਾਵਾਂ ਵਾਲੇ ਸਨ, ਜਿਨ੍ਹਾਂ ਨਾਲ ਮਲੂਕੇ ਦੀ ਖਾਣ-ਮੇਜ਼ ਦੀ ਸਾਂਝ ਸੀ, ਉਹਨਾਂ ਵੇਖਿਆ ਕਿ ਉਹ ਗੋਮਾਸ ਜਾਂ ਸੂਰ ਦਾ ਮਾਸ ਨਹੀਂ ਸੀ ਖਾਂਦਾ।

ਇਹ ਭਾਂਪ ਕੇ ਹੀ ਜਾਰਜ ਬ੍ਰੈਸਟੋਰਡ ਨੇ ਉਹਨੂੰ ਕਿਹਾ ਸੀ ਕਿ "ਮਲੂਕਿਆ ਉੱਦਾਂ ਤੂੰ ਕਹਿਨਾਂ ਕਿ ਜ਼ਾਤ ਧਰਮ ਦੀਆਂ ਮਨਾਹੀਆਂ ਟੱਪ ਚੁੱਕਾਂ ਪਰ ਵਰਜਿਤ ਮਾਸ ਨੂੰ ਤਾਂ ਤੂੰ ਛੂੰਹਦਾ ਤੱਕ ਨਹੀਂ।"

ਮੇਜ਼ ਦੁਆਲਿਓਂ ਉੱਠੇ ਸ਼ਰਾਰਤੀ ਹਾਸਿਆਂ ਦੀ ਵੰਗਾਰ ਨੂੰ ਕਬੂਲਦਾ ਹੋਇਆ ਉਹ ਬੱਧਾ-ਰੁੱਧਾ ਨਰਮ ਗੋਮਾਸ ਦੇ ਕਟਲਟ ਖਾਣ ਨੂੰ ਤਿਆਰ ਹੋ ਗਿਆ। ਪਰ ਰਾਤੀਂ ਉਹਨੂੰ ਬੜਾ ਡਰਾਉਣਾ ਸੁਪਨਾ ਆਇਆ, ਇਕ ਵਛੜੂ ਬੜੀ ਦੁਖਿਆਰੀ ਆਵਾਜ਼ ਵਿਚ ਉਹਦੇ ਢਿੱਡ ਵਿਚ ਰਿੰਗ ਰਿਹਾ ਸੀ ਤੇ ਕਦੇ ਧੁੜ ਦੇ ਵਾ ਵਰੋਲੇ ਵਿਚੋਂ ਮਾਰਨਖੁੰਡ ਡੰਗਰਾਂ ਦਾ ਵੱਗ ਉਹਨੂੰ ਆਪਣੇ ਖੁਰਾਂ ਹੇਠ ਮਿੱਧ ਸੁੱਟਣ ਲਈ ਖੌਰੂ ਪਾਉਂਦਾ ਨਜ਼ਰ ਆਉਂਦਾ ਸੀ।

ਵਿਦਿਆਰਥੀਆਂ ਨੂੰ ਸ਼ਾਮ ਵੇਲੇ ਆਬਾਬਾਸਕਾ ਹਾਲ ਵਿਚ ਲੱਗੇ ਸਾਂਝੇ ਟੈਲੀਫੋਨ ਤੇ ਆਏ ਸੁਨੇਹਿਆਂ ਦੇ ਵਾਰੀ ਸਿਰ ਜੁਆਬ ਦੇਣੇ ਪੈਂਦੇ ਸਨ। ਮਲੂਕੇ ਦੀ ਵਾਰੀ ਸਮੇਂ ਇਕ ਟੈਲੀਫੋਨ ਕੰਪਨੀ ਵਲੋਂ ਹੀ ਕਾਲ ਆਈ ਸੀ।

"ਅਸੀਂ ਇਹ ਪਰਖਣਾ ਚਾਹੁੰਦੇ ਹਾਂ ਕਿ ਫ਼ੋਨ ਚੰਗੀ ਤਰ੍ਹਾਂ ਕੰਮ ਕਰਦਾ ਕਿ ਨਹੀਂ ?" ਦੂਰ ਪਾਰੋਂ ਆਉਂਦੀ ਆਵਾਜ਼ ਨੇ ਕਿਹਾ ਸੀ।

"ਮੈਨੂੰ ਤਾਂ ਨੌਬਰੌ ਲਗਦਾ", ਮਲੂਕੇ ਨੇ ਕਿਹਾ ਸੀ।

"ਹਾਂ, ਇਹ ਤਾਂ ਰਸਮੀ ਜਿਹੀ ਅਜ਼ਮਾਇਸ਼ ਹੀ ਹੈ", ਉਧਰੋਂ ਕੰਮਕਾਜੀ ਜੇਹੀ ਆਵਾਜ਼ ਆਈ ਸੀ।

ਮਲੂਕੇ ਨੇ ਆਪਣੀ ਸਹਿਮਤੀ ਪ੍ਰਗਟਾਈ।

"ਮੇਹਰਬਾਨੀ ਕਰ ਕੇ ਖੱਬੇ ਵੰਨੇ ਇਕ ਫੁੱਟ ਦੀ ਦੂਰੀ 'ਤੇ ਖਲੋ ਕੇ 'ਹੈਲੋ' ਆਖੋ"।

ਉਸ ਨੇ ਇਵੇਂ ਹੀ ਕੀਤਾ।

"ਹੁਣ ਸੱਜੇ ਵੰਨੇ ਇਕ ਫੁੱਟ ਦੀ ਦੂਰੀ 'ਤੇ ਖਲੋ ਕੇ 'ਹੈਲੋ' ਆਖੋ।"

"ਚੰਗਾ।"

"ਹੁਣ" ਉਧਰੋਂ ਠੱਠੇ ਵਾਲੀ ਆਵਾਜ਼ ਆਈ ਸੀ, "ਸਿਰ ਭਾਰ ਖਲੋ ਕੇ 'ਹੈਲੋ' ਆਖੋ।"

ਇਸ ਤੇ ਮਲੂਕਾ ਆਪਣੇ ਹਾਸੇ ਨੂੰ ਰੋਕ ਨਹੀਂ ਸੀ ਸਕਿਆ। ਫੇਰ ਵੀ ਦੂਜੀ ਵਾਰ ਮਲੂਕੇ ਨੂੰ ਇਕ ਸ਼ੈਤਾਨ ਵਿਦਿਆਰਥੀ ਨੇ ਪੈਬੀਨਾ ਹਾਲ ਦੇ ਕਮਰਾ ਨੰਬਰ 11 ਵਿਚ ਇਕ ਜ਼ਰੂਰੀ ਸਨੇਹਾ ਦੇਣ ਲਈ ਵਰਗਲਾ ਹੀ ਲਿਆ ਸੀ। ਇਹ ਤਾਂ ਬੱਸ ਮੁਸਲਮਾਨਾਂ ਦੇ ਬਹਿਸ਼ਤ ਵਿਚ ਦਾਖਲ ਹੋਣ ਵਾਲੀ ਹੀ ਗੱਲ ਸੀ।

ਮਲੂਕੇ ਦਾ ਚੇਹਰਾ ਸ਼ਰਮ ਨਾਲ ਲਾਲ-ਸੁਹਾ ਹੋ ਗਿਆ ਸੀ, ਪਰ ਇਹ ਬਹਿਸ਼ਤ ਨਜ਼ਾਰਾ ਉਹਦੇ ਚੇਤੇ ਵਿਚ ਸਦਾ ਲਈ ਖੁਣਿਆ ਗਿਆ ਸੀ।

ਬਹੁਤੇ ਵਿਦਿਆਰਥੀ ਬਹੁਤ ਗੰਭੀਰ ਤੇ ਮਹੱਤਵਕਾਂਕਸ਼ੀ ਸਨ। ਉਹਨਾਂ ਵਿਚੋਂ ਕਈਆਂ ਨੇ ਜੰਗਲਾਂ ਜਾਂ ਖੇਤਾਂ ਵਿਚ ਕੰਮ ਕੀਤਾ ਹੋਇਆ ਸੀ। ਉਹਨਾਂ ਨੂੰ ਉਹਨਾਂ ਦੇ ਘਰ ਦਿਆਂ ਨੇ ਮੱਲੋਜ਼ੋਰੀ ਪੜ੍ਹਨ ਨਹੀਂ ਸੀ ਭੇਜਿਆ। ਉਹਨਾਂ ਵਿਚ ਨਾ ਹੀ ਆਪਣੀ ਕੁੱਲ ਦਾ ਕੋਈ ਅਭਿਮਾਨ ਸੀ ਤੇ ਨਾ ਹੀ ਹੈਂਕੜ, ਉਹ ਉੱਘੀਆਂ ਵਿਦਿਅਕ ਪ੍ਰਾਪਤੀਆਂ ਦੀ ਵੀ ਘੁੱਟੀ ਨੱਪੀ ਪ੍ਰਸ਼ੰਸਾ ਹੀ ਕਰਦੇ ਹੁੰਦੇ ਸਨ।

... ...

ਮਲੂਕੇ ਨੇ ਅੰਗਰੇਜ਼ੀ ਸਾਹਿਤ, ਯੂਨਾਨੀ ਸਭਿਆਚਾਰ, ਦਰਸ਼ਨ ਤੇ ਅਰਥ ਵਿਗਿਆਨ ਦੇ ਕੋਰਸ ਪੜ੍ਹਨੇ ਸ਼ੁਰੂ ਕੀਤੇ। ਉਹਦਾ ਇਕ ਅਧਿਆਪਕ ਪ੍ਰੋ: ਬਰੌਡਸ, ਜੋ 'ਅੰਗਰੇਜ਼ੀ ਸਾਹਿਤ ਦੇ ਇਤਿਹਾਸ' ਦਾ ਵਿਦਵਾਨ ਲੇਖਕ ਸੀ, ਦੇਖਣ ਨੂੰ ਮਾੜੂਆ ਜੇਹਾ ਮਨੁੱਖ ਸੀ। ਉਸ ਨੇ ਵਿਊ ਵੁਲਫ ਤੋਂ ਲੈ ਕੇ ਆਧੁਨਿਕ ਸਮਿਆਂ ਤੀਕ ਤੇ ਸਭਨਾਂ ਅੰਗਰੇਜ਼ੀ ਲੇਖਕਾਂ ਬਾਰੇ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਜਾਣ-ਪਛਾਣ ਕਰਵਾਈ ਸੀ। ਡਾ: ਅਲੈਗਜ਼ੈਂਡਰ, ਮਧਰਾ ਅਤੇ ਮਜ਼ਬੂਤ ਕਾਠੀ ਵਾਲਾ ਮਨੁੱਖ ਸੀ। ਉਹਨੇ ਸਿਰ ਦੇ ਵਾਲ ਘੋਟ ਕੇ ਮੁੰਨੇ ਹੋਏ ਸਨ ਤੇ ਮੁੱਛਾਂ ਕਤਰੀਆਂ ਹੋਈਆਂ ਸਨ। ਉਹਨੇ ਆਪਣੇ ਵਿਦਿਆਰਥੀਆਂ ਦੀ ਯੂਨਾਨੀ ਕਲਾ ਤੇ ਸਾਹਿਤ ਨਾਲ ਜਾਣ-ਪਛਾਣ ਕਰਵਾਈ ਸੀ। ਉਹਦੇ ਨਿੱਕੇ ਨਿੱਕੇ ਸੰਖੇਪ ਵਾਕਾਂ ਵਿਚੋਂ ਯੂਨਾਨੀ ਬੋਲੀ ਦੀ ਖੂਬਸੂਰਤੀ ਝਰ ਝਰ ਪੈਂਦੀ ਪ੍ਰਤੀਤ ਹੁੰਦੀ ਸੀ। ਪ੍ਰੋ: ਮੈਕਚਰਨ ਲੰਮਾ ਝੰਮਾ ਸੰਜੀਦਾ ਮਨੁੱਖ ਸੀ। ਉਹਦੇ ਬੋਲਾਂ ਵਿਚ ਪਾਦਰੀਆਂ ਵਰਗੀ ਮਾਨਵਤਾ ਸੀ। ਉਹਨੇ ਥੇਲਜ਼ ਤੋਂ ਬਰਗਸ਼ਨ ਤੀਕ ਅੰਗਰੇਜ਼ ਦਾਰਸ਼ਨਿਕਾਂ ਬਾਰੇ ਸੋਹਣੀ ਜਾਣਕਾਰੀ ਦਿੱਤੀ ਸੀ।

ਮਲੂਕੇ ਨੇ ਵੇਖਿਆ ਕਿ ਵਿਦਿਆਰਥੀ ਆਮ ਤੌਰ ਤੇ ਸਾਂਝੇ ਮਨੋਰੰਜਨ ਕਮਰੇ ਵਿਚ ਭਾਰਤ ਬਾਰੇ ਗੱਲਾਂ ਕਰਿਆ ਕਰਦੇ ਸਨ।

ਬੀਤੇ ਸਮਿਆਂ ਦੌਰਾਨ ਕੈਨੇਡਾ ਤੇ ਅਮਰੀਕਾ ਦੇ ਲੋਕ ਸ਼ਾਨਦਾਰ ਭਾਰਤੀ ਕਲਾ ਤੇ ਭਵਨ-ਨਿਰਮਾਣ, ਰੁਮਾਂਸ-ਕਥਾਵਾਂ, ਭਬੂਤੀ ਲੱਗੇ ਸੰਤਾਂ ਤੇ ਇਹਦੇ ਮਦਾਰੀਆਂ ਤੇ ਸਪਾਹਿਆਂ ਵਲ ਵਾਹਵਾ ਆਕਰਸ਼ਿਤ ਹੁੰਦੇ ਰਹੇ ਸਨ। ਪਰ ਮਹਾਤਮਾ

ਗਾਂਧੀ ਦੀ ਚੜ੍ਹਤ ਮਗਰੋਂ ਉਹਨਾਂ ਦੀ ਦਿਲਚਸਪੀ ਕੁਝ ਕੁਝ ਭਾਰਤ ਦੀਆਂ ਆਰਥਿਕ ਤੇ ਰਾਜਨੀਤਕ ਸਮੱਸਿਆਵਾਂ ਵਲ ਮੁੜੀ ਸੀ। ਕੁਝ ਉਹਨੂੰ ਮੁਕਤ-ਸੰਤ ਸਮਝਦੇ ਸਨ ਤੇ ਦੂਜੇ ਛਟਿਆ ਹੋਇਆ ਬਹਿਰੂਪੀਆ। ਪੱਤਰਕਾਰ ਉਹਨੂੰ ਖ਼ਬਰਾਂ ਲਈ ਵਧੀਆ ਮਸਾਲਾ ਮੁਹੱਈਆ ਕਰਨ ਵਾਲਾ ਸਮਝਦੇ ਸਨ ਤੇ ਵਿਅੰਗ-ਰੇਖਾਕਾਰ ਉਹਦੀ ਸ਼ਕਲ ਮਿੱਕੀ ਮਾਊਸ ਵਰਗੀ ਵਾਹਿਆ ਕਰਦੇ ਸਨ। ਜਿਨ੍ਹਾਂ ਨੂੰ ਉਸ ਸ਼ਕਤੀਸ਼ਾਲੀ ਸਲਤਨਤ ਦਾ ਗ਼ਰੂਰ ਸੀ, ਜਿਸ ਉੱਪਰ ਉਹਨਾਂ ਅਨੁਸਾਰ ਸੂਰਜ ਵੀ ਕਦੇ ਮਗ਼ਰੂਬ ਨਹੀਂ ਸੀ ਹੁੰਦਾ, ਉਹਨੂੰ ਦੂਰੋਂ ਹੀ ਦੁਰਕਾਰਨਾ ਯੋਗ ਸਮਝਦੇ ਸਨ। ਉਹਨੂੰ ਕੋਈ ਮਹਾਤਮਾ ਕਹੇ ਜਾਂ ਪਖੰਡੀ, ਏਨੀ ਗੱਲ ਜ਼ਰੂਰ ਸੀ ਕਿ ਉਸ ਨੂੰ ਦਰਗੁਜ਼ਰ ਕਿਤਈ ਨਹੀਂ ਸੀ ਕੀਤਾ ਜਾ ਸਕਦਾ।

ਸਾਂਝੇ ਮਨੋਰੰਜਨ ਕਮਰੇ ਵਿਚ ਵਿਦਿਆਰਥੀ ਧੂਮਰਪਾਨ, ਗੱਪਸ਼ੱਪ ਜਾਂ ਫਿਰ ਦੁਪਹਿਰ ਦੇ ਭੋਜਨ ਪਾਨ ਲਈ ਇਕੱਠੇ ਹੁੰਦੇ ਸਨ। ਇਕ ਦਿਨ ਸਿਡਨੀ ਫਿਸ਼ਰ ਨੇ ਅਖ਼ਬਾਰ ਵਿਚ ਛਪੀ ਤਸਵੀਰ ਵਲ ਇਸ਼ਾਰਾ ਕਰ ਕੇ ਕਿਹਾ ਸੀ, "ਇਸ ਆਦਮੀ ਗਾਂਧੀ ਦਾ ਨਾਂ ਸੁਣ ਕੇ ਹੀ ਮੈਨੂੰ ਪੀੜ ਹੋਣ ਲੱਗ ਪੈਂਦੀ ਹੈ।" ਮਧਰੇ, ਮੋਟੇ, ਬੜਬੋਲੇ ਸਿਡਨੀ ਦੇ ਨੱਕ ਵਿਚੋਂ ਠੂੰਹੇਂ ਹੀ ਕਿਰਦੇ ਰਹਿੰਦੇ ਸਨ। ਉਹ ਸੰਗਠਿਤ ਸਲਤਨਤ ਦੇ ਸ਼ਾਹੀ ਪਰਿਵਾਰ ਦਾ ਸਾਹਿਬਜ਼ਾਦਾ ਸੀ। ਉਹਨੇ ਆਪਣੀ ਗੱਲ ਜਾਰੀ ਰੱਖਦਿਆਂ ਕਿਹਾ, "ਬਰਤਾਨੀਆ ਨੇ ਭਾਰਤ ਨੂੰ ਅਮਨ ਤੇ ਖ਼ੁਸ਼ਹਾਲੀ ਪ੍ਰਦਾਨ ਕੀਤੇ ਨੇ ਤੇ ਇਹ ਨਾਂਗਾ ਫ਼ਕੀਰ ਸਾਨੂੰ ਹੀ ਬਾਹਿਰ ਕੱਢਣਾ ਚਾਹੁੰਦਾ। ਇਹਨੂੰ ਸੀਖਾਂ ਪਿੱਛੇ ਬੰਦ ਕਰਨਾ ਚਾਹੀਦੇ।"

"ਉਹ ਤਾਂ ਪਹਿਲਾਂ ਹੀ ਮਹਾਰਾਣੀ ਸਾਹਿਬਾ ਦੇ ਆਰਾਮ ਘਰ ਵਿਚ ਵਥੇਰਾ ਚਿਰ ਰਿਹੈ?", ਮਲੂਕੇ ਨੇ ਠਰੰਮੇ ਨਾਲ ਆਖਿਆ, "ਤੇ ਹੁਣ ਵੀ ਉਹਨੂੰ ਉੱਥੇ ਜਾਣ ਵਿਚ ਕੋਈ ਉਜ਼ਰ ਨਹੀਂ ਹੋ ਸਕਦਾ।"

"ਇਹਦੇ ਨਾਲ ਤਾਂ ਕੋਈ ਮਸਲਾ ਹੱਲ ਨਹੀਂ ਹੋਣ ਲੱਗਾ", ਸੈਮ ਕੁਬਿੰਸਕੀ ਨੇ ਆਪਣੇ ਲਾਲ ਕੁੰਡਲਦਾਰ ਤੇ ਸਵਾਰ ਕੇ ਵਾਹੇ ਵਾਲਾਂ ਵਾਲਾ ਸਿਰ ਝਟਕਦਿਆਂ ਕਿਹਾ।

"ਪਰ ਮਸਲਾ ਹੈ ਕਿਹੜਾ", ਸਿਡਨੀ ਨੇ ਬੜੇ ਰੋਅਬ ਨਾਲ ਪੁੱਛਿਆ, "ਬਰਤਾਨੀਆ ਨੇ ਭਾਰਤ ਨੂੰ ਏਨੀ ਸੁਯੋਗ ਸਰਕਾਰ ਚਿੱਤੀ ਹੈ, ਜਿੰਨੀ ਉੱਥੇ

ਪਹਿਲੋਂ ਕਿਸੇ ਨਹੀਂ ਦਿੱਤੀ ਸੀ।"

"ਪਰ ਲੋਕ ਆਪਣੀ ਸਰਕਾਰ ਆਪ ਬਣਾਉਣੀ ਚਾਹੁੰਦੇ ਨੇ", ਜੈਮ ਨੇ ਉੱਤਰ ਦਿੱਤਾ। "ਉਹਨਾਂ ਨੂੰ ਵਿਦੇਸ਼ੀ ਹਕੂਮਤ ਪਸੰਦ ਨਹੀਂ ਹੁੰਦੀ, ਉਹ ਭਾਵੇਂ ਕਿੰਨੀ ਵੀ ਕੁਸ਼ਲ ਕਿਉਂ ਨਾ ਪਈ ਹੋਵੇ।"

"ਤੁਹਾਨੂੰ ਇਹ ਗੱਲ ਕਿੰਨੀ ਕੁ ਚੰਗੀ ਲਗੇਗੀ ਜੇ ਜਰਮਨ ਬਰਤਾਨੀਆਂ ਨੂੰ ਕੁਸ਼ਲ ਨਿਰੰਕੁਸ਼ ਹਕੂਮਤ ਦੇਣ ?" ਮਲੂਕੇ ਨੇ ਕਿਹਾ, "ਜਾਂ ਫਿਰ ਜੇ ਜਾਪਾਨੀ ਕੈਨੇਡਾ ਨੂੰ ਇਹੋ ਜਿਹੀ ਹੀ ਸਰਕਾਰ ਮੁਹੱਈਆ ਕਰਨ ?"

"ਇਸ ਗੱਲ ਦੀ ਤਾਂ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।" ਸਿਡਨੀ ਦਹਾੜਿਆ, "ਅਸੀਂ ਉਹਨਾਂ ਨੂੰ ਤੁਰੰਤ ਠੁੱਡੇ ਮਾਰ ਕੇ ਬਾਹਿਰ ਕੱਢ ਦਿਆਂਗੇ ?"

"ਇਹੀ ਕੁਝ ਗਾਂਧੀ ਕਰ ਰਿਹੈ", ਮਲੂਕੇ ਨੇ ਵਿਸ਼ਵਾਸ ਨਾਲ ਕਿਹਾ, "ਹਾਂ ਉਹ ਇਹ ਕੰਮ ਬਿਨਾਂ ਠੁੱਡੇ ਮਾਰਿਆਂ ਸ਼ਾਂਤੀ ਪੂਰਵਕ ਢੰਗ ਨਾਲ ਕਰਨਾ ਚਾਹੁੰਦਾ।"

"ਗਾਂਧੀ ਦਾ ਤਰੀਕਾ ਬੇਮਿਸਾਲ ਹੈ, ਗਤੀ ਭਾਵੇਂ ਇਹਦੀ ਧੀਮੀ ਹੈ।" ਜਾਨ ਸੀਅਰਾਟ, ਜਿਹਦੀ ਰੀਝ ਕੇਂਦਰੀ ਮੰਤਰੀ ਬਣਨ ਦੀ ਸੀ, ਨੇ ਕਿਹਾ। "ਉਹ ਈਸਾ ਮਸੀਹ ਦੇ ਉਪਦੇਸ਼ਾਂ ਨੂੰ ਅਮਲੀ ਜਾਮਾ ਪਹਿਨਾ ਰਿਹਾ। ਉਹ ਭਾਰਤ ਨੂੰ ਬਿਨਾਂ ਹਿੰਸਾ ਆਜ਼ਾਦ ਕਰਵਾਉਣਾ ਚਾਹੁੰਦਾ।"

ਕਈ ਹੋਰ ਵਿਦਿਆਰਥੀਆਂ ਨੇ ਹੋਸ਼ ਨਾਲੋਂ ਵਧੇਰੇ ਜੋਸ਼ ਨਾਲ ਆਪੋ ਆਪਣੇ ਵਿਚਾਰ ਪ੍ਰਗਟ ਕੀਤੇ। ਬਹਿਸ ਭਖਵੀਂ ਪਰ ਬੇ-ਸਿਰ ਪੈਰ ਜੇਹੀ ਹੋ ਗਈ ਸੀ।

ਇਕ ਪ੍ਰੌਢ ਆਇਰਿਸ਼ ਸਕੂਲ ਅਧਿਆਪਕਾ ਜੋ ਰੀਫਰੈਸ਼ਰ ਕੋਰਸ ਕਰ ਰਹੀ ਸੀ, ਨੇ ਫ਼ੈਸਲਾਕੁੰਨ ਧੁਨ ਵਿਚ ਕਿਹਾ, "ਹਰ ਦੇਸ਼ ਨੂੰ ਆਪਣਾ ਰਾਜ ਖ਼ੁਦ ਕਰਨ ਦੀ ਆਜ਼ਾਦੀ ਹੋਣੀ ਚਾਹੀਦੀ ਹੈ।"

ਕਾਨੂੰਨ ਦਾ ਵਿਦਿਆਰਥੀ, ਹਰਬਰਟ ਸਮਿੱਥ, ਜੋ 'ਗੇਟਵੇ' ਦਾ ਸੰਪਾਦਕ ਸੀ, ਨੇ ਚੁੱਪ ਹੀ ਧਾਰਨ ਕੀਤੀ ਰੱਖੀ ਸੀ। ਉਹ ਕਾਲੇ ਵਾਲਾਂ ਤੇ ਮਣਕਿਆਂ ਵਰਗੀਆਂ ਅੱਖਾਂ ਵਾਲਾ ਚੁਸਤ ਆਦਮੀ ਸੀ, ਜੋ ਸਾਰੀ ਗੱਲਬਾਤ ਦੌਰਾਨ ਆਰਾਮ ਨਾਲ ਚੁੱਪ ਚਾਪ ਪਾਈਪ ਪੀਂਦਾ ਰਿਹਾ ਸੀ। "ਮਲੂਕਿਆ ਕੀ ਤੂੰ ਗੇਟਵੇ ਦੇ ਕ੍ਰਿਸਮਿਸ ਅੰਕ ਲਈ ਭਾਰਤ ਬਾਰੇ ਕੋਈ ਲੇਖ ਜਾਂ ਕਹਾਣੀ ਲਿਖਣੀ ਪਸੰਦ ਕਰੇਂਗਾ ?"

ਮਲੂਕੇ ਨੂੰ ਅੰਗਰੇਜ਼ੀ ਵਿਚ ਲਿਖਣ ਬਾਰੇ ਆਪਣੀ ਸਮਰਥਾ ਬਾਰੇ ਸ਼ੱਕ ਤੇ ਝਿਜਕ ਸੀ।

"ਜੋ ਤੂੰ ਬੋਲਿਐਂ, ਉਹ ਹੀ ਲਿਖ ਦਈਂ, ਜਿਵੇਂ ਤੇਰਾ ਜੀ ਚਾਹੇ ਲਿਖ", ਹਰਬਰਟ ਨੇ ਉਹਨੂੰ ਹੌਸਲਾ ਦਿੱਤਾ।

... ...

ਮੌਸਮ ਬਦਲ ਰਿਹਾ ਸੀ। ਠੰਢੀ ਹਵਾ ਦੇ ਬੁੱਲੇ ਤੇਜ਼ੀ ਨਾਲ ਵਗਣੇ ਸ਼ੁਰੂ ਹੋ ਗਏ ਸਨ। ਸ਼ਾਮ ਵੇਲੇ ਦਰਿਆ ਕੰਢੇ ਦੇ ਰੁੰਡ ਮੁੰਡ ਰੁੱਖ ਆਪਣੀ ਪਤਝੜੀ ਸ਼ਾਨ ਦੇ ਨਿਪੱਤਰੇ ਕਾਲੇ ਸਾਇਆਂ ਦਾ ਰੂਪ ਧਾਰਨ ਕਰ ਗਏ ਸਨ ਅਤੇ ਬਰਫ਼-ਲੱਦੇ ਸ਼ੱਕੂ ਰੁਖ ਪਹਿਲਾਂ ਨਾਲੋਂ ਵੀ ਵੱਧ ਖ਼ੂਬਸੂਰਤ ਹੋ ਗਏ ਸਨ। ਦਿਨਾਂ ਵਿਚ ਹੀ ਬਰਫ਼ ਦਾ ਕਹਿਰ ਪਹਿਲਾਂ ਨਾਲੋਂ ਕਿਤੇ ਵਧੇਰੇ ਜ਼ੋਰਦਾਰ ਹੋ ਗਿਆ ਸੀ। ਪੱਧਰੇ ਵਿਸ਼ਾਲ ਮੈਦਾਨ ਝੱਟ ਹੀ ਖ਼ੁਸ਼ਕ ਚਿੱਟੀ ਬਰਫ਼ ਦੇ ਧੂੜੇ ਵਿਚ ਗਲੇਫੇ ਗਏ ਸਨ। ਨੀਲੇ ਅੰਬਰ ਹੇਠ ਸਿਖਰ ਦੁਪਹਿਰ ਦੇ ਸੂਰਜ ਦੀਆਂ ਦਮਕਦੀਆਂ ਕਿਰਨਾਂ ਹੇਠ ਇਸ ਦੀ ਚਮਕ ਹੋਰ ਵੀ ਵਧੇਰੇ ਚੁੰਧਿਆਵੀਂ ਹੋ ਗਈ ਸੀ।

ਯੂਨੀਵਰਸਿਟੀ ਵਿਚ ਕ੍ਰਿਸਮਿਸ ਦੀਆਂ ਛੁੱਟੀਆਂ ਹੋ ਗਈਆਂ ਸਨ। ਹੋਸਟਲ ਖ਼ਾਲੀ ਹੋ ਗਏ ਸਨ। ਉੱਥੇ ਰਹਿ ਗਿਆ ਸੀ ਮਲੂਕਾ ਤੇ ਜਾਂ ਫਿਰ ਇਕ ਹੋਰ ਸਵੀਡਿਸ਼ ਵਿਦਿਆਰਥੀ ਓਲਫ ਓਲਸੋਨ, ਜਿਹਨੂੰ ਲੋਕ ਉਹਦੀ ਘਿਸਰਵੀਂ ਚਾਲ ਤੇ ਤੋਤਲੀ ਆਵਾਜ਼ ਕਾਰਨ ਮਖ਼ੌਲ ਨਾਲ "ਰਫ਼ਤਾਰ" ਕਹਿ ਕੇ ਬੁਲਾਉਂਦੇ ਹੁੰਦੇ ਸਨ। ਉਹਦੇ ਕੋਲ ਘਰ ਜਾਣ ਲਈ ਪੈਸੇ ਨਹੀਂ ਸਨ ਤੇ ਮਲੂਕੇ ਕੋਲ ਜਾਣ ਲਈ ਕੋਈ ਘਰ ਹੀ ਨਹੀਂ ਸੀ। ਨਾ ਹੀ ਭਾਰੇ ਬੂਟਾਂ ਹੇਠ ਬਰਫ਼ ਦੇ ਕਚਰ ਕਚਰ ਕਰਨ ਦੀ ਆਵਾਜ਼ ਸੀ ਕਿਧਰੇ ਤੇ ਨਾ ਹੀ ਆਵਾਰਾ ਡੰਗਰ ਕੁਝ ਖਾਣ ਲਈ ਏਧਰ ਉੱਧਰ ਸੁੰਘਦੇ ਨਜ਼ਰ ਆਉਂਦੇ ਤੇ ਨਾ ਹੀ ਆਕਾਸ਼ ਵਿਚ ਪੰਛੀਆਂ ਦੇ ਫੜਫੜਾਉਣ ਦੀ ਕੋਈ ਆਵਾਜ਼ ਸੁਣਾਈ ਦਿੰਦੀ ਸੀ। ਚੌਹੀਂ ਪਾਸੀਂ ਪੱਸਰੀ ਚੁੱਪ ਬਦਸ਼ਗਨੀ ਜਿਹੀ ਹੋ ਗਈ ਸੀ। ਕਿੱਧਰੋਂ ਮਾੜੀ ਜੇਹੀ ਵੀ ਆਵਾਜ਼ ਆਉਂਦੀ ਤਾਂ ਬੰਦੇ ਦੇ ਕੰਨ ਖੜੇ ਹੋ ਜਾਂਦੇ ਸਨ। ਕ੍ਰਿਸਮਿਸ ਮਨਾਉਣ ਲਈ ਮਲੂਕੇ ਨੇ ਓਲਫ ਨੂੰ ਬੱਸ ਇਕ ਦੂਜੇ ਦਾ ਸਾਥ ਹੀ ਦਰਕਾਰ ਸੀ।

ਮਲੂਕੇ ਨੂੰ ਇਹ ਜਾਣ ਕੇ ਬੜੀ ਹੈਰਾਨੀ ਭਰੀ ਖ਼ੁਸ਼ੀ ਹੋਈ ਸੀ ਕਿ ਵਿਚਾਰੀ

ਜਿਹੀ ਚਿੱਖ ਤੇ ਡੋਲਵੀਂ ਚਾਲ ਨਾਲ ਓਲਫ ਦੀ ਸ਼ਖ਼ਸੀਅਤ, ਤੀਖਣ ਬੁੱਧੀ ਤੇ ਤੇਜ਼ ਜ਼ਬਾਨ ਦੇ ਵਸਫ਼ਾਂ ਨਾਲ ਵਰੋਸਾਈ ਹੋਈ ਸੀ।

ਦਰਿਆ ਦੇ ਉੱਤਰ ਵਲ ਸੱਜੀਆਂ ਦੁਕਾਨਾਂ ਦੀ ਵਾਰੀਆਂ ਸਾਹਵੇਂ ਮਟਰ-ਗਸ਼ਤੀ ਕਰਨ ਤੋਂ ਬਿਨਾਂ ਉਹ ਦੋਨੋਂ ਜੀ ਭਰਕੇ ਗੱਲਾਂ ਕਰਦੇ ਤੇ ਥੋੜ੍ਹਾ ਜਿਹਾ ਪੜ੍ਹ ਵੀ ਲਿਆ ਕਰਦੇ ਸਨ।

"ਓਲਫ" ਮਲੂਕੇ ਨੇ ਕਿਹਾ ਸੀ, "ਇਸ ਵਰ੍ਹੇ ਕਣਕ ਦੀ ਫ਼ਸਲ ਬੜੀ ਚੰਗੀ ਹੈ, ਮੇਰਾ ਖ਼ਿਆਲ ਹੈ ਕਿ ਮੈਦਾਨ ਦੇ ਕਿਸਾਨ ਮਾਲਾਮਾਲ ਹੋ ਜਾਣਗੇ।"

"ਫ਼ਸਲ ਤਾਂ ਆਮ ਤੌਰ ਤੇ ਚੰਗੀ ਹੀ ਹੁੰਦੀ ਹੈ", ਓਲਫ ਫੁਸਫੁਸਾਇਆ ਸੀ, "ਪਰ ਇਹਨੂੰ ਪੂਰਬ ਵਲ ਦੀਆਂ ਗਿਲਝਾਂ ਹੀ ਨਿਗਲ ਜਾਂਦੀਆਂ ਨੇ।"

"ਕੀ ਮਤਲਬ।"

"ਟ੍ਰਾਂਟੋ ਤੇ ਮੌਂਟ੍ਰੀਅਲ ਦੇ ਸ਼ਾਹ", ਉਸ ਨੇ ਆਪਣੀ ਗੱਲ ਦੀ ਵਜ਼ਾਹਤ ਕਰਦਿਆਂ ਆਖਿਆ, "ਜੋ ਸਾਨੂੰ ਮਸ਼ੀਨਾਂ ਤੇ ਖਾਦਾਂ ਖਰੀਦਣ ਲਈ ਉਚੇਰੀ ਵਿਆਜ ਦਰ 'ਤੇ ਉਧਾਰ ਦਿੰਦੇ ਹਨ, ਸਾਡੀਆਂ ਕਣਕਾਂ ਸਸਤੇ ਭਾਅ ਹੀ ਸਮੇਟ ਲਿਜਾਂਦੇ ਹਨ।"

"ਉਹਨਾਂ ਦਾ ਪ੍ਰਬੰਧ ਬੜਾ ਸ਼ੈਤਾਨਾਂ ਵਾਲਾ ਹੈ।" ਉਸ ਨੇ ਅਗਾਂਹ ਆਖਿਆ, "ਅਸੀਂ ਸਰਹੱਦੋਂ ਪਾਰ ਮਸ਼ੀਨਾਂ ਤੇ ਆਪਣੀ ਲੋੜ ਦੀਆਂ ਹੋਰ ਵਸਤਾਂ ਅਮਰੀਕਾ ਵਿਚੋਂ ਤੀਹ ਫੀਸਦੀ ਘੱਟ ਦਰ 'ਤੇ ਖ਼ਰੀਦ ਸਕਦੇ ਹਾਂ ਪਰ ਉਹਨਾਂ ਨੇ ਵਿਦੇਸ਼ੀ ਕਰ-ਕਾਨੂੰਨ ਕੁਝ ਇਹੋ ਜਿਹੇ ਬਣਾਏ ਹੋਏ ਹਨ ਕਿ ਸਾਡੇ ਲਈ ਅਜੇਹਾ ਕਰ ਸਕਣਾ ਮੁਮਕਿਨ ਹੀ ਨਹੀਂ ਰਿਹਾ।"

"ਹੁਣ ਤਾਂ ਤੁਹਾਡੀ ਸਰਕਾਰ ਉਦਾਰ ਹੈ", ਮਲੂਕੇ ਨੇ ਕਿਹਾ, "ਉਹ ਵੀ ਕਿਸਾਨਾਂ ਦੀ ਕੋਈ ਮਦਦ ਨਹੀਂ ਕਰਦੀ?"

"ਉਦਾਰ ਸਰਕਾਰ ਕੇਵਲ ਅਮੀਰ ਥੈਲੀ ਸ਼ਾਹਾਂ ਤੇ ਸਨਅਤਕਾਰਾਂ ਵਲ ਹੀ ਆਪਣੀ ਉਦਾਰਤਾ ਦਿਖਾਉਂਦੀ ਹੈ।" ਉਸ ਨੇ ਬੜੀ ਤਲਖ਼ੀ ਨਾਲ ਉੱਤਰ ਚਿੱਤਾ, "ਇਹ ਸਾਡਾ ਪੱਖ ਕਦੇ ਨਹੀਂ ਪੂਰਦੀ। ਅਤੇ ਜਦ ਤੇਜ਼ ਹਨੇਰੀਆਂ ਸਾਡੀ ਧਰਤੀ ਦੀ ਉੱਪਰਲੀ ਜ਼ਰਖ਼ੇਜ਼ ਮਿੱਟੀ ਦੀ ਤਹਿ ਨੂੰ ਉਡਾਕੇ ਕਿਧਰੇ ਹੋਰ ਲੈ ਜਾਂਦੀਆਂ ਹਨ ਤਾਂ ਸਾਨੂੰ ਜਾਪਦਾ ਹੈ ਕਿ ਰੱਬ ਵੀ ਸਾਡੇ ਵਲ ਦਾ ਨਹੀਂ ਰਿਹਾ।"

ਓਲਫ ਆਪਣੀਆਂ ਮੁਸੀਬਤਾਂ ਬਾਰੇ ਹੋਰ ਗੱਲ ਕਰਨ ਦੇ ਰੌਂ ਵਿਚ ਸੀ।

"ਮੇਰਾ ਪਿਓ ਤੇ ਭਰਾ ਫਟੀਆਂ ਪੁਰਾਣੀਆਂ ਡਾਂਗਰੀਆਂ ਪਹਿਨੀ ਘਾਹ-ਦੱਬੀ ਧਰਤੀ ਉਥੱਲਦੇ ਨੇ—ਪਸੀਨੇ ਨਾਲ ਲੱਥ-ਪੱਥ, ਪੀੜੋ-ਪੀੜ ਹੋਏ ਜੋੜਾਂ ਨਾਲ। ਉਹ ਜੰਦਾ ਵਰਗੇ ਘਰਾਂ ਵਿਚ ਰਹਿੰਦੇ ਨੇ", ਜਿੱਥੇ ਅਜਿਹਾ ਪੁਰਾਣਾ ਫ਼ਰਨੀਚਰ ਹੀ ਹੁੰਦਾ ਹੈ। ਸਰਦੀਆਂ ਵੇਲੇ ਉਹਨਾਂ ਕੋਲ ਗੁਜ਼ਾਰੇ ਮਾਫਕ ਗਰਮ ਕੱਪੜੇ ਨਹੀਂ ਹੁੰਦੇ ਤੇ ਡੰਗਰਾਂ ਲਈ ਕਾਫ਼ੀ ਚਾਰਾ ਨਹੀਂ ਹੁੰਦਾ।

"ਹੁਣ ਸਾਡੀ ਹਾਲਤ ਜ਼ਰਾ ਪਹਿਲਾਂ ਨਾਲੋਂ ਤਾਂ ਚੰਗੀ ਹੈ।" ਉਸ ਨੇ ਜ਼ਰਾ ਰੁਕ ਕੇ ਉਦਾਸ ਸੁਰ ਵਿਚ ਕਿਹਾ, "ਪਰ ਦੇਖ ਲਾ ਹਾਲੇ ਵੀ ਮੇਰੇ ਕੋਲ ਕ੍ਰਿਸਮਿਸ ਵੇਲੇ ਘਰ ਜਾਣ ਜੋਗਾ ਕਿਰਾਇਆ ਤੱਕ ਨਹੀਂ।"

... ...

ਨਵੇਂ ਵਰ੍ਹੇ ਦੀ ਆਮਦ ਨਾਲ ਹੌਸਟਲਾਂ ਵਿਚ ਫੇਰ ਰੌਣਕ ਹੋ ਗਈ। ਲੱਕੜਦਾਰ ਪਗਡੰਡੀਆਂ 'ਤੇ ਪਈ ਗੁਦਗੁਦੀ ਬਰਫ਼ ਫੇਰ ਭਾਰੀਆਂ ਜੁੱਤੀਆਂ ਹੇਠ ਮਧੋਲੀ ਜਾਣ ਲੱਗ ਪਈ। ਠੰਢ ਹਾਲੇ ਵੀ ਬੜੀ ਡੰਗਵੀਂ ਸੀ।

"ਕੈਲਗਰੀ ਅਲਬਰਟਨ", ਇਮਾਰਤ ਸਾਹਮਣੇ ਫਿਰ ਤੁਰਕੇ ਅਖ਼ਬਾਰਾਂ ਵੇਚਣ ਵਾਲੇ ਲਾਲ ਮੂੰਹੇਂ ਮੁੰਡੇ ਨੇ ਹੋਕਾ ਦਿੱਤਾ। ਉਹਦਾ ਸਾਹ ਠੰਢ ਨਾਲ ਜੰਮਿਆ ਹੋਇਆ ਸੀ ਤੇ ਉਹ ਸਖ਼ਤ ਫਰਸ਼ ਤੇ ਆਪਣੇ ਸੁੰਨ ਹੋਏ ਪੈਰਾਂ ਨੂੰ ਵਾਰ ਵਾਰ ਝਟਕ ਰਿਹਾ ਸੀ। ਉੱਚੇ ਪੁਲੋਂ ਪਾਰ ਜਾਣ ਵਾਲੇ ਵਿਦਿਆਰਥੀਆਂ ਨੂੰ ਡੰਗਵੀਂ ਠੰਢੀ ਹਵਾ ਸੁਖਾਉਂਦੀ ਨਹੀਂ ਸੀ। ਦਰਿਆਈ ਖੱਡ ਨਾਲ ਖਹਿਸਰ ਕੇ ਉਹ ਹੋਰ ਵੀ ਵਧੇਰੇ ਚੁੱਭਵੀਂ ਹੋ ਜਾਂਦੀ ਸੀ।

ਯੂਨੀਵਰਸਟੀ ਦੀਆਂ ਇਮਾਰਤਾਂ ਲੋੜੀਂਦੀ ਹਦ ਤਾਈਂ ਨਿਘਿਆਈਆਂ ਹੋਈਆਂ ਸਨ। ਇਸ ਕਰਕੇ ਵਿਦਿਆਰਥੀ ਆਮ ਕਰਕੇ ਅੰਦਰੇ ਦੜੇ ਰਹਿੰਦੇ ਸਨ। ਲਾਇਬਰੇਰੀ ਤੇ ਸਾਂਝੇ ਮਨੋਰੰਜਨ ਕਮਰੇ ਵਿਚ ਭੀੜ ਲੱਗੀ ਰਹਿੰਦੀ ਸੀ।

ਇਕ ਨੀਲੀਆਂ ਅੱਖਾਂ ਵਾਲੀ ਕੁੜੀ, ਜਿਸ ਨੇ ਲੰਮੀ ਊਨੀ ਘੱਗਰੀ ਪਾਈ ਹੋਈ ਸੀ, ਉਹਦੇ ਭੂਰੇ ਵਾਲ ਕੱਸ ਕੇ ਜੂੜੇ ਵਿਚ ਲਪੇਟੇ ਹੋਏ ਸਨ ਤੇ ਉਹਦੇ ਬੁੱਲਾਂ 'ਤੇ ਸੁਰਖ਼ੀ ਦਾ ਨਿਸ਼ਾਨ ਤੱਕ ਨਹੀਂ ਸੀ, ਮਲੂਕੇ ਕੋਲ ਸਾਂਝੇ ਕਮਰੇ ਵਿਚ ਆਈ।

"ਮੇਰਾ ਨਾਂ ਇੰਗਰਿਦ ਜਾਹਨਸਨ ਹੈ", ਉਸ ਨੇ ਬੜੇ ਤਪਾਕ ਨਾਲ ਕਿਹਾ, "ਤੇ ਇਹ ਹੈ ਮੇਰੀ ਸਹੇਲੀ ਏਮਿਲੀ ਹੇਸਟਿੰਗਜ਼। ਮੈਂ ਯੂਨੀਵਰਸਿਟੀ ਵਿਚ ਵਿਦਿਆਰਥੀ ਈਸਾਈ ਲਹਿਰ ਦੀ ਸਕੱਤਰ ਹਾਂ।"

ਇਹ ਈਸਾਈ ਜੱਥੇਬੰਦੀ ਮੈਦਾਨੀ ਵਿਦਿਆਰਥੀਆਂ ਵਿਚਕਾਰ ਬਹੁਤ ਲੋਕ-ਪ੍ਰੀਆ ਸੀ। ਦੂਰ ਦੂਰ ਤੀਕ ਫੈਲੇ ਵਿਸ਼ਾਲ ਪੱਧਰੇ ਮੈਦਾਨਾਂ, ਜੋ ਝਿੜੀਆਂ ਤੋਂ ਪਾਰ ਅਸਮਾਨ ਨੂੰ ਛੂੰਹਦੇ ਪ੍ਰਤੀਤ ਹੁੰਦੇ ਸਨ, ਦੀ ਵਿਰਾਟਤਾ ਵਿਚ ਬੰਦਾ ਕਈ ਵਾਰ ਆਪਣੇ ਆਪ ਨੂੰ ਏਨਾ ਛੋਟਾ ਤੇ ਇਕੱਲਾ ਮਹਿਸੂਸ ਕਰਦਾ ਸੀ, ਜਿਵੇਂ ਉਹ ਮਾਰੂਥਲ ਵਿਚ ਘਿਰਿਆ ਹੋਇਆ ਹੋਵੇ। ਇਸ ਦੇ ਨਾਲ ਹੀ ਆਪਣੀ ਰੋਜ਼ੀ ਕਮਾਉਣ ਲਈ ਕੀਤੀ ਹੱਡ-ਭੰਨਵੀਂ ਮੁਸ਼ੱਕਤ ਤੇ ਕੁਦਰਤ ਦੇ ਕਹਿਰਾਂ ਕਰ ਕੇ ਬੰਦਾ ਕੁਦਰਤੀ ਹੀ ਭੈਭੀਤ ਹੋਕੇ ਉੱਪਰ ਅਸਮਾਨ ਵਲ ਅਰਦਾਸ ਕਰਕੇ ਆਸਰਾ ਲੱਭਣ ਲਈ ਮਜਬੂਰ ਜਿਹਾ ਹੋ ਜਾਂਦਾ ਸੀ। ਛੋਟੇ ਛੋਟੇ ਗਿਰਜਿਆਂ ਵਿਚ ਦਇਆ-ਵਾਨ ਹੁੰਘਾਰਿਆਂ ਦਾ ਵਿਸ਼ਵਾਸ ਚੁਆਇਆ ਜਾਂਦਾ ਸੀ ਤੇ ਇੱਥੇ ਆ ਕੇ ਬੰਦੇ ਨੂੰ ਲੋੜੀਂਦੀ ਸੰਗਤ ਮਿਲਣ ਦਾ ਵੀ ਇਹਸਾਸ ਹੋ ਜਾਂਦਾ ਸੀ।

"ਮੇਰਾ ਖ਼ਿਆਲ ਹੈ ਸ਼ਾਇਦ ਤੁਹਾਨੂੰ ਸਾਧੂ ਸੁੰਦਰ ਸਿੰਘ ਬਾਰੇ ਕੁਝ ਪਤਾ ਹੋਏ।" ਉਸ ਨੇ ਬੜੀ ਨਰਮੀ ਨਾਲ ਕਿਹਾ, "ਉਹ ਈਸਾਈ ਵੇਂ ਤੇ ਲਿਖਦੈ ਬੜਾ ਸੁਹਣਾ।"

"ਨਹੀਂ", ਮਲੂਕੇ ਨੇ ਕਿਹਾ, "ਮੈਂ ਤਾਂ ਉਹਦਾ ਨਾਂ ਤੁਹਾਥੋਂ ਹੀ ਪਹਿਲੀ ਵਾਰ ਸੁਣਿਆ। ਮੈਨੂੰ ਤਾਂ ਸਗੋਂ ਇਕ ਧਰਮ-ਪਰਿਵਰਤਿਤ ਸਿੱਖ ਬਾਰੇ ਸੁਣ ਕੇ ਜ਼ਰਾ ਹੈਰਾਨੀ ਹੋਈ ਹੈ। ਸਿੱਖ ਬਹੁਤ ਹੀ ਘੱਟ, ਕਿਤੇ ਵਿਰਲਾ ਟਾਵਾਂ ਹੀ ਆਪਣਾ ਧਰਮ ਤਬਦੀਲ ਕਰਦੈ।"

"ਇਹ ਕਿਉਂ ?" ਮੱਧਰੀ, ਗੋਭਲੀ ਜਿਹੀ, ਕਾਲੀਆਂ ਅੱਖਾਂ ਵਾਲੀ ਏਮਿਲੀ ਨੇ ਪੁੱਛਿਆ। "ਤੂੰ ਵੀ ਤਾਂ ਸਿੱਖ ਹੀ ਹੈਂ ਨਾ। ਤੂੰ ਆਪਣੇ ਕੇਸ ਕਟਾ ਕੇ ਪੱਗ ਉਤਾਰੀ ਫਿਰਦੈਂ ?"

"ਹਾਂ, ਪਰ ਮੈਂ ਕੋਈ ਈਸਾਈ ਤਾਂ ਨਹੀਂ ਬਣ ਗਿਆ ?"

"ਸਿੱਖਾਂ ਵਿਚਕਾਰ ਧਰਮ-ਬਦਲੀ ਏਨੀ ਵਿਰਲੀ ਟਾਵੀਂ ਕਿਉਂ ਹੈ ?" ਇੰਗਰਿਦ ਨੇ ਪੁੱਛਿਆ।

"ਇਸ ਦੀ ਵਿਆਖਿਆ ਕਰਨੀ ਸੌਖੀ ਨਹੀਂ। ਇਹਦੇ ਕਈ ਕਾਰਨ ਨੇ। ਸਿੱਖੀ ਇਕ ਰੱਬ ਨੂੰ ਮੰਨਣ ਵਾਲਾ ਧਰਮ ਹੈ। ਜਿਹੜੇ ਲੋਕ ਰੱਬ ਅਤੇ ਸਿਰਫ਼ ਇਕ ਰੱਬ ਵਿਚ ਹੀ ਵਿਸ਼ਵਾਸ ਕਰਦੇ ਹੋਣ, ਉਹ ਉਮਰ ਭਰ ਹੀ ਉਸ 'ਤੇ ਆਪਣੀ ਟੇਕ ਲਾਈ ਰੱਖਦੇ ਨੇ, ਕਿਉਂਕਿ ਹੋਰ ਕੋਈ ਬਦਲ ਉਨ੍ਹਾਂ ਸਾਹਮਣੇ ਹੁੰਦਾ ਹੀ ਨਹੀਂ।"

"ਪਰ ਭਾਰਤ ਵਿਚ ਲੱਖਾਂ ਈਸਾਈ ਵੀ ਤਾਂ ਹੈਨ ਹੀ।" ਇੰਗਰਿਦ ਨੇ ਆਖਿਆ।

"ਇਹ ਸੱਚ ਹੈ, ਪਰ ਉਨ੍ਹਾਂ 'ਚੋਂ ਬਹੁਤੇ ਮੁੱਢ ਕਦੀਮੀ ਕਬੀਲਿਆਂ ਜਾਂ ਅਖੌਤੀ 'ਅਛੂਤਾਂ' ਵਿਚੋਂ ਨੇ। ਹਾਂ ਮੁੱਠੀ ਭਰ ਉੱਚ-ਜਾਤੀ ਦੇ ਹਿੰਦੂਆਂ ਨੇ ਵੀ ਈਸਾਈ ਮੱਤ ਗ੍ਰਹਿਣ ਕੀਤਾ ਹੈ।...ਸ਼ਾਇਦ ਇਹਦਾ ਕੋਈ ਰਾਜਨੀਤਕ ਕਾਰਣ ਹੋਵੇ", ਉਹਨੇ ਰਤਾ ਕੁ ਸੋਚ ਕੇ ਆਪਣੀ ਗੱਲ ਜਾਰੀ ਰੱਖੀ, "ਤੂੰ ਜਾਣਦੀ ਹੀ ਹੈਂ ਕਿ ਈਸਾਈਅਤ ਭਾਰਤ ਵਿਚ ਬੜੇ ਸ਼ਕਤੀਸ਼ਾਲੀ ਹੁਕਮਰਾਨਾਂ ਦਾ ਧਰਮ ਹੈ ਤੇ ਉਨ੍ਹਾਂ ਦੀ ਮੁਖ਼ਾਲਫ਼ਤ ਵੀ ਕਾਫ਼ੀ ਤਕੜੀ ਹੈ। ਅਤੇ ਜਿਸ ਈਸਾਈ ਮੱਤ 'ਤੇ ਉਹ ਚੱਲਣ ਦਾ ਦਾਅਵਾ ਕਰਦੇ ਹਨ, ਜਿਹਨੂੰ ਉਹ ਐਂਗਲੀਕਨ ਗਿਰਜੇ ਦਾ ਨਾਂ ਦਿੰਦੇ ਹਨ, ਸ਼ਾਇਦ ਤੈਨੂੰ ਇਹ ਸੁਣ ਕੇ ਸਦਮਾ ਲੱਗੇ, ਅਸਲ ਵਿਚ ਬਰਤਾਨਵੀ ਸਰਕਾਰ ਦਾ ਨੈਤਿਕ ਵਿਭਾਗ ਹੀ ਹੈ।"

"ਇਹ ਗੱਲ ਤਾਂ ਮੈਨੂੰ ਕਦੇ ਸੁੱਝੀ ਹੀ ਨਹੀਂ", ਏਮਿਲੀ ਨੇ ਆਖਿਆ। "ਸ਼ਾਇਦ ਇਸ ਕਰਕੇ ਕਿ ਮੈਂ ਖ਼ੁਦ ਅੰਗਰੇਜ਼ ਹਾਂ। ਖ਼ੈਰ ਜਿਥੋਂ ਤੀਕ ਸਾਡੀ ਈਸਾਈ ਸਭਾ ਦਾ ਸੰਬੰਧ ਹੈ, ਅਸੀਂ ਰਾਜਨੀਤੀ ਤੋਂ ਦੂਰ ਹੀ ਰਹਿੰਦੇ ਹਾਂ।"

"ਪਰ ਸਿੱਖੀ ਵਿਚ" ਮਲੂਕੇ ਨੇ ਆਖਿਆ, "ਧਰਮ, ਰਾਜਨੀਤੀ ਤੇ ਜ਼ਿੰਦਗੀ ਤੇ ਹੋਰ ਸਾਰੇ ਹੀ ਪਹਿਲੂ ਅੰਤਰ-ਸੰਬੰਧਿਤ ਹਨ।"

"ਅਸੀਂ ਤੁਹਾਡੇ ਧਰਮ ਬਾਰੇ ਹੋਰ ਵੇਰਵੇ ਨਾਲ ਜਾਣਕਾਰੀ ਪ੍ਰਾਪਤ ਕਰਨੀ ਚਾਹਾਂਗੇ।" ਇੰਗਰਿਦ ਨੇ ਖ਼ਾਹਿਸ਼ ਜ਼ਾਹਿਰ ਕੀਤੀ। "ਕੀ ਤੁਸੀਂ ਸਾਡੀ ਈਸਾਈ ਸਭਾ ਦੀ ਕਿਸੇ ਇਕੱਤ੍ਰਤਾ ਵਿਚ ਤਕਰੀਰ ਕਰੋਗੇ? ਅਸੀਂ ਵਿਦਿਆਰਥੀਆਂ ਦੇ ਇਮਤਿਹਾਨਾਂ ਦੀ ਤਿਆਰੀ ਲਈ ਘੋਟੇ ਵਿਚ ਰੁੱਝਣ ਤੋਂ ਪਹਿਲਾਂ ਇਹ ਇਕੱਤ੍ਰਤਾ ਜਥੇਬੰਦ ਕਰਾਂਗੇ।"

ਮਲੂਕੇ ਨੇ ਆਪਣੀ ਸੰਮਤੀ ਦੇ ਦਿੱਤੀ।

ਮਿੱਥੇ ਦਿਨ ਬਹੁਤ ਸਾਰੇ ਵਿਦਿਆਰਥੀ, ਕੁਝ ਠੀਕ ਜਿਗਿਆਸਾ ਵੱਸ ਤੇ ਕੁਝ ਐਵੇਂ ਉਤਸੁਕਤਾ ਵੱਸ ਹੀ, ਇਸ ਇਕੱਤਰਤਾ ਵਿਚ ਹਾਜ਼ਰ ਹੋਏ।

"ਸਿੱਖੀ" ਮਲੂਕੇ ਨੇ ਆਖਿਆ ਸੀ, "ਈਸਾਈ ਮੱਤ ਤੇ ਇਸਲਾਮ ਵਾਂਗ ਇੱਕੋ, ਸਰਵ-ਵਿਆਪਕ, ਸਰਵ-ਸ਼ਕਤੀਮਾਨ ਤੇ ਨਿਰਾਕਾਰ ਰੱਬ ਵਿਚ ਯਕੀਨ ਰੱਖਦੀ ਹੈ। ਇਹ ਬੁੱਤ-ਪੂਜਾ ਤੇ ਜਾਤੀ-ਪ੍ਰਥਾ ਦੇ ਵਿਰੁੱਧ ਹੈ ਤੇ ਸਮੂਹ ਮਨੁੱਖ ਜਾਤੀ ਨੂੰ ਬਰਾਬਰ ਸਮਝਦੀ ਹੈ।"

"ਇਹਦਾ ਬਾਨੀ ਗੁਰੂ ਨਾਨਕ ਲੁਥਰ ਦਾ ਸਮਕਾਲੀ ਸੀ। ਉਹ ਪਰਮਾਰਥ ਵਿਦਿਆ ਦੀਆਂ ਵਾਲ ਦੀ ਖੱਲ ਉਤਾਰਨ ਵਾਲੀਆਂ ਬਾਰੀਕੀਆਂ ਵਿਚ ਨਹੀਂ ਸੀ ਪਿਆ। ਨਾ ਹੀ ਉਨ੍ਹਾਂ ਸੰਨਿਆਸ ਲਿਆ, ਸਗੋਂ ਉਹਨੇ ਇਕ ਘਰਬਾਰੀ ਬੰਦੇ ਵਾਂਗ ਹੀ ਜ਼ਿੰਦਗੀ ਬਸਰ ਕੀਤੀ ਸੀ।"

"ਉਹਦੇ ਸਾਦਾ, ਆਮ ਫਹਿਮ ਤੇ ਚੰਗੇਰੇ ਜੀਵਨ ਲਈ ਅਮਲੀ ਸਿੱਖਿਆ ਦਾ ਤੱਤ ਤਿੰਨਾਂ ਨੁਕਤਿਆਂ ਵਿਚ ਹੀ ਸ਼ਾਮਿਲ ਹੈ : ਨਾਮ ਜਪੋ, ਕਿਰਤ ਕਰੋ ਤੇ ਵੰਡ ਛਕੋ।"

... ...

ਸੂਰਜ ਦੀ ਧੁੱਪ ਕੋਸੀ ਹੋਣੀ ਸ਼ੁਰੂ ਹੋ ਗਈ ਸੀ। ਇਹਦੀਆਂ ਸੂਈਆਂ ਵਰਗੀਆਂ ਤਿੱਖੀਆਂ ਕਿਰਨਾਂ ਨੇ ਢਲਵਾਨਾਂ 'ਤੇ ਜੰਮੀ ਬਰਫ਼ ਵਿਚ ਨਿੱਕੀਆਂ ਗਲੀਆਂ ਕਰਕੇ ਘਰਾਲਾਂ ਵਗਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਇਨ੍ਹਾਂ ਵਿਚੋਂ ਹਰ ਪਾਸੇ ਪਾਣੀ ਵਗਣ ਲੱਗ ਪਿਆ ਸੀ। ਗਲੀਆਂ ਦਲਦਲੀ ਚਿੱਕੜ ਭਰੀਆਂ ਹੋ ਗਈਆਂ ਸਨ। ਵਿਹੜੇ ਵਿਚ ਪੀਲੀ ਭਾਹ ਮਾਰਦੇ, ਸਾਵੇ ਘਾਹ ਦੀਆਂ ਧਲੀਆਂ ਨਜ਼ਰ ਆਉਣ ਲੱਗ ਪਈਆਂ ਸਨ ਅਤੇ ਵਿਸ਼ਾਲ ਗਾਰੇ ਭਰੇ ਖੇਤਾਂ ਵਿਚ ਅੱਧ-ਗਲੇ ਖੁੰਘੇ ਨੰਗੇ ਹੋਣ ਲੱਗ ਪਏ ਸਨ।

ਛੇਤੀ ਹੀ ਨਦੀ ਕੰਢੇ ਦੇ ਰੁੱਖਾਂ ਦੀਆਂ ਰੁੰਡ-ਮੁੰਡ ਸ਼ਾਖ਼ਾਂ ਹਰੀ ਪੀਲੀ ਭਾਹ ਮਾਰਨ ਲੱਗ ਪਈਆਂ ਸਨ। ਭਾਂਤ ਸੁਭਾਂਤੇ ਰੁੱਖਾਂ ਪੁਰ ਲੱਗੀਆਂ ਡੋਡੀਆਂ ਮੋਟੀਆਂ ਹੋਣ ਲੱਗ ਪਈਆਂ ਸਨ ਤੇ ਉਨ੍ਹਾਂ ਵਿਚੋਂ ਫੁੱਲ-ਪੱਤੀਆਂ ਦਾ ਫੁਟਾਰਾ ਸ਼ੁਰੂ ਹੋ ਚੁੱਕਾ ਸੀ। ਹਵਾ ਵਿਚ ਬਸੰਤ ਬਹਾਰ ਦੀ ਮਹਿਕ ਘੁਲ ਗਈ ਸੀ ਅਤੇ ਧਰਤੀ ਤੇ ਆਸਮਾਨ ਵਿਚ ਖ਼ੁਸ਼ੀਆਂ ਦੀ ਲਹਿਰ ਦੌੜ ਗਈ ਸੀ।

ਕੁਝ ਹਫ਼ਤਿਆਂ ਵਿਚ ਹੀ ਇਮਤਿਹਾਨ ਖ਼ਤਮ ਹੋ ਗਏ ਸਨ ਤੇ ਹੋਸਟਲ ਛੇਰ ਭਾਂ ਭਾਂ ਕਰਨ ਲੱਗ ਪਏ। ਵਿਦਿਆਰਥੀਆਂ ਨੂੰ ਘਰੋ ਘਰੀ ਜਾਣ ਦੀ ਖ਼ੁਸ਼ੀ ਸੀ। ਅਤੇ ਮਲੂਕੇ ਨੂੰ ਜੰਗਲਾਂ ਦੀ ਯਾਦ ਆ ਰਹੀ ਸੀ।

45

ਮਲੂਕੇ ਨੇ ਕੈਨੇਡੀਅਨ ਰੇਲਵੇ ਸਟੇਸ਼ਨ ਤੋਂ ਪ੍ਰਿੰਸ ਜਾਰਜ ਦੀ ਟਿਕਟ ਖ਼ਰੀਦੀ। ਉਹਨੂੰ ਰੌਕੀ ਪਰਬਤ ਉਤੋਂ, ਸਾਫ਼ ਤੇ ਸੰਘਣੇ ਜੰਗਲ ਬੜੇ ਚੰਗੇ ਲੱਗਦੇ ਸਨ। ਉਹਨੂੰ ਬੜੀ ਆਸ ਸੀ ਕਿ ਉਸ ਇਲਾਕੇ ਵਿਚ ਉਸ ਨੂੰ ਕਿਤੇ ਨਾ ਕਿਤੇ ਕਿਸੇ ਦੂਰ ਦੁਰਾਡੀ ਲੱਕੜ-ਮਿੱਲ ਵਿਚ ਕੰਮ ਮਿਲ ਹੀ ਜਾਏਗਾ—ਅਜੇਹੀ ਮਿੱਲ ਵਿਚ ਜਿਹਦੇ ਆਰਿਆਂ ਦੀ ਗੂੰਜ ਕਦੀਮੀ ਚੁੱਪ ਨੂੰ ਚੀਰਦੀ ਪ੍ਰਤੀਤ ਹੋਵੇ। ਉਹਨੂੰ ਇਸ ਇਲਾਕੇ ਵਿਚ ਕੁਝ ਸਿੱਖ ਕਾਮਿਆਂ ਨੂੰ ਮਿਲਣ ਦੀ ਵੀ ਆਸ ਸੀ।

ਬ੍ਰਿਟਿਸ਼ ਕੋਲੰਬੀਆ ਦੇ ਸਾਹਿਲੀ ਇਲਾਕੇ ਵਿਚ ਥੋੜ੍ਹਾ ਚਿਰ ਰਹਿਣ ਮਗਰੋਂ ਸਿੱਖ ਪਰਵਾਸੀ ਮੁਲਕ ਦੇ ਅੰਦਰ ਰੁਖ਼ ਜਾਣ ਲੱਗ ਪਏ ਸਨ। ਬਹੁਤ ਸਾਰੇ ਓਕਾਨਾਗਨ ਵਾਦੀ ਵਿਚ ਖੇਤੀ ਕਰਨ ਲੱਗ ਪਏ ਸਨ ਤੇ ਕੁਝ ਕੈਲਗਿਰੀ ਤੇ ਲੈਥਬ੍ਰਿਜ ਦੇ ਇਰਦ ਗਿਰਦ ਵਸ ਗਏ ਸਨ। ਰੁਜ਼ਗਾਰ ਦੇ ਬਹੁਤੇ ਮੌਕੇ ਐਡਮੰਟਨ ਤੋਂ ਪ੍ਰਿੰਸ ਰੂਪਰਟ ਤੀਕ ਕੈਨੇਡੀਅਨ ਨੈਸ਼ਨਲ ਰੇਲਵੇ ਦੇ ਨਾਲ ਦੇ ਵਸੇਵਿਆਂ ਵਿਚ ਹੀ ਪੈਦਾ ਹੋਏ ਸਨ, ਇਸ ਲਈ ਬਹੁਤ ਸਾਰੇ ਪੰਜਾਬੀਆਂ ਨੂੰ ਆਰਾ ਮਿੱਲਾਂ ਤੇ ਲੱਕੜ-ਡਿਪੂਆਂ ਵਿਚ ਕੰਮ ਮਿਲ ਗਏ ਸਨ।

ਗੱਡੀ ਪ੍ਰਿੰਸ ਜਾਰਜ ਡੂੰਘੇ ਲੰਢੇ ਪਹਿਰ ਪੁੱਜੀ ਸੀ। ਲੱਕੜ ਦੇ ਬਣੇ ਨਿੱਕੇ ਜਿਹੇ ਸਟੇਸ਼ਨ ਨੂੰ ਨਾਲ ਲੱਗਦੀ ਦਲਦਲੀ ਧਰਤੀ 'ਚੋਂ ਉੱਠੀ ਧੁੰਦ ਨੇ ਆਪਣੇ ਬੁੱਕਲ ਵਿਚ ਗਲੇਫ ਲਿਆ ਸੀ।

ਮਲੂਕਾ ਗੱਡੀ ਵਿਚੋਂ ਉਤਰਿਆ ਹੀ ਸੀ ਕਿ ਉਸ ਨੂੰ ਤਾਰਾ ਸਿੰਘ ਦਾ

ਝਉਲਾ ਜਿਹਾ ਪਿਆ। ਉਹ ਭਾਈ ਤਾਰਾ ਸਿੰਘ ਜੋ ਡੋਮੀਨੀਅਨ ਮਿੱਲ ਵਿਚ ਸਿੱਖ ਧਰਮ ਦਾ ਪ੍ਰਚਾਰ ਬੜੇ ਜੋਸ਼-ਖਰੋਸ਼ ਨਾਲ ਕਰਿਆ ਕਰਦਾ ਸੀ। ਮਲੂਕੇ ਨੂੰ ਉਹਦਾ ਸਾਹਮਣਾ ਕਰਦਿਆਂ ਆਪਣਾ ਆਪ ਥੋੜ੍ਹਾ ਗੁਨਾਹਗਾਰ ਜਿਹਾ ਪ੍ਰਤੀਤ ਹੋ ਰਿਹਾ ਸੀ।

"ਸਤਿ ਸ੍ਰੀ ਅਕਾਲ, ਭਾਈ ਜੀ", ਮਲੂਕੇ ਨੇ ਆਦਰ ਨਾਲ ਕਿਹਾ, "ਤੁਹਾਨੂੰ ਇਥੇ ਮਿਲ ਕੇ ਬੜੀ ਖ਼ੁਸ਼ੀ ਹੋਈ।"

"ਸਤਿ ਸ੍ਰੀ ਅਕਾਲ ਮਲੂਕਿਆ", ਉਹਨੇ ਰਤਾ ਬੇਦਿਲੀ ਜਿਹੀ ਨਾਲ ਜੁਆਬ ਦਿੱਤਾ। "ਬੜਾ ਬਦਲ ਗਿਐਂ!" ਉਹਨੇ ਮਲੂਕੇ ਨੂੰ ਵਾਲ ਮੁਨਾਉਣ ਤੋਂ ਮਗਰੋਂ ਨਹੀਂ ਸੀ ਵੇਖਿਆ।

"ਏਨੀ ਸੋਹਣੀ ਪੱਗ ਦੀ ਥਾਂ ਇਹ ਮਨਹੂਸ ਜਿਹੀ ਟੋਪੀ ਪਹਿਨੀ ਤੈਨੂੰ ਵੇਖ ਕੇ ਮੇਰੇ ਚਿੱਤ ਨੂੰ ਬੜਾ ਧੱਕਾ ਵੱਜੇ। ਜਿਵੇਂ ਆਪਣੀ ਅਯਾਲ ਤੋਂ ਬਿਨਾਂ ਸ਼ੇਰ। ਮੁੰਨੀ ਹੋਈ ਭੇਡ! ਕਿੰਨੀ ਸ਼ਰਮਨਾਕ ਗੱਲ ਵੇ ਮਲੂਕਿਆ।"

"ਮੇਰੀ ਤਾਂ ਤੂੰ ਪਛਾਣ ਵਿਚ ਹੀ ਮਸੀਂ ਆਉਨੈਂ।" ਉਹਨੇ ਆਪਣੇ ਅੰਦਰਲੇ ਹਿਰਖ ਨੂੰ ਦਬਾ ਕੇ ਗੱਲ ਜਾਰੀ ਰੱਖੀ। "ਆਪਣੀ ਚੁਸਤ ਦਾੜ੍ਹੀ ਤੇ ਨੀਲੀ ਪੱਗ ਨਾਲ ਤੂੰ ਕਿੰਨਾ ਸੋਹਣਾ ਲੱਗਦਾ ਹੁੰਦਾ ਸੈਂ। ਨਾਈ ਨੇ ਤਾਂ ਤੇਰੀ ਜੱਖਣਾ ਹੀ ਪੱਟ ਛਡੀ।"

"ਭਾਈ ਜੀ, ਮੈਨੂੰ ਤਾਂ ਇਥੇ ਤੁਹਾਨੂੰ ਮਿਲਣ ਦੀ ਆਸ ਹੀ ਕੋਈ ਨਹੀਂ ਸੀ। ਬੱਸ ਇਸ ਮਿਲਾਪ ਨੂੰ ਤਾਂ ਕਿਸਮਤ ਦੇ ਕੜਛੇ ਹੀ ਸਮਝੋ।" ਮਲੂਕੇ ਨੇ ਬੜੀ ਆਜਜ਼ੀ ਨਾਲ ਆਖਿਆ।

"ਡੋਮੀਨੀਅਨ ਮਿੱਲ ਦੇ ਸੜ ਜਾਣ ਮਗਰੋਂ ਤਿੰਨ ਮਹੀਨੇ ਤਾਂ ਅਸੀਂ ਬੇਕਾਰ ਹੀ ਰਹੇ। ਮਗਰੋਂ ਸਾਨੂੰ ਨੇੜੇ ਦੀ ਹੀ ਲੱਕੜ ਮਿੱਲ ਵਿਚ ਕੰਮ ਮਿਲ ਗਏ ਸਨ। ਤੂੰ ਕੀ ਕਰਦਾ ਰਿਹੈਂ, ਮਲੂਕਿਆ?"

"ਮੈਂ ਐਡਮਾਂਟਨ ਯੂਨੀਵਰਸਿਟੀ ਵਿਚ ਇਕ ਵਰ੍ਹਾ ਪੜ੍ਹਾਈ ਦਾ ਮੁਕਾਇਆ ਤੇ ਗਰਮੀਆਂ ਵਿਚ ਕੰਮ ਲੱਭਣ ਦੀ ਆਸ ਨਾਲ ਏਧਰ ਆਇਆਂ।"

"ਕੰਮ ਤਾਂ ਏਥੇ ਵੀ ਘੱਟ ਹੀ ਨੇ, ਪਰ ਤੇਰੇ ਲਈ ਤਾਂ ਕੋਈ ਓਹੜ ਪੋਹੜ ਕਰਨਾ ਹੀ ਪਊ। ਚਲ ਘਰ ਚਲੀਏ।" ਉਸ ਨੇ ਬੜੇ ਤਪਾਕ ਨਾਲ ਕਿਹਾ, "ਤੇਰੇ ਪੁਰਾਣੀ ਮਿੱਲ ਦੇ ਆੜੀ ਤੈਨੂੰ ਮਿਲ ਕੇ ਬੜੇ ਖ਼ੁਸ਼ ਹੋਣਗੇ। ਪਰ ਰਤਾ ਕੁ ਠਹਿਰ,

ਦੇਖਣ ਦੇ ਆਪਣਾ ਕੋਈ ਮਾਰਸ਼ਲ ਤਾਂ ਨਹੀਂ ਆਇਆ। ਅਸੀਂ ਐਡਮਾਂਟਨ ਦੇ ਇਕ ਸਟੋਰ 'ਚੋਂ ਕੱਪੜੇ ਖ਼ਰੀਦਦੇ ਹੁੰਦੇ ਆਂ।"

"ਹਾਲੇ ਨਹੀਂ ਸਿੰਘ ਸਾਹਿਬ।" ਸਟੇਸ਼ਨ ਮਾਸਟਰ ਨੇ ਆਪਣੀ ਨੀਲੀ ਟੋਪੀ ਹਿਲਾਉਂਦਿਆਂ ਆਖਿਆ।

ਛੋਟਾ ਜਿਹਾ ਘਰ ਸਟੇਸ਼ਨ ਤੋਂ ਥੋੜ੍ਹੀ ਹੀ ਦੂਰ ਸੀ। ਇਸ ਦੇ ਵੱਡੇ ਸਾਰੇ ਦਲਾਨ ਵਿਚ ਮੱਛਰਦਾਨੀਆਂ ਲੱਗੇ ਮੰਜੇ ਡੱਠੇ ਹੋਏ ਸਨ। ਰਸੋਈ ਦੇ ਵਿਚ ਹੀ ਵੱਡਾ ਸਾਰਾ ਖਾਣ-ਮੇਜ਼ ਸੀ। ਨਾਲ ਹੀ ਛੋਟੇ ਜਿਹੇ ਪ੍ਰਾਰਥਨਾ ਕਮਰੇ ਵਿਚ ਪੀਲੇ ਰੇਸ਼ਮੀ ਰੁਮਾਲਿਆਂ ਵਿਚ ਲਪੇਟੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਚੌਂਕੀ ਉਪਰ ਬਿਰਾਜਮਾਨ ਸੀ।

ਡੋਮੀਨੀਅਨ ਮਿੱਲ ਦੇ ਮਿੱਤਰ ਮਲੂਕੇ ਨੂੰ ਬੜੇ ਤਪਾਕ ਤੇ ਸੇਵਾ ਭਾਵ ਨਾਲ ਮਿਲੇ ਪਰ ਉਹਨੂੰ ਜਾਪਿਆ ਕਿ ਉਨ੍ਹਾਂ ਨੂੰ ਅੰਦਰੋਂ ਉਹਦੇ ਪਤਿਤ ਹੋ ਜਾਣ ਦਾ ਬੜਾ ਦੁੱਖ ਸੀ।

"ਸਾਨੂੰ ਤੇਰੀਆਂ ਵੈਨਕੂਵਰ ਵਾਲੇ ਗੁਰਦੁਆਰੇ ਵਿਚ ਕੀਤੀਆਂ ਤਕਰੀਰਾਂ ਹਾਲੇ ਵੀ ਯਾਦ ਨੇ।" ਦਲੀਪ ਸਿੰਘ ਨੇ ਬੜੀ ਉਦਾਸੀ ਨਾਲ ਆਖਿਆ।

"ਸਾਨੂੰ ਤਾਂ ਆਸ ਸੀ" ਦੀਵਾਨ ਸਿੰਘ ਨੇ ਆਖਿਆ, "ਤੂੰ ਕੈਨੇਡਾ ਵਿਚ ਸਿੱਖੀ ਦਾ ਤਕੜਾ ਪ੍ਰਚਾਰਕ ਬਣੇਂਗਾ। ਤੂੰ ਅੰਗਰੇਜ਼ੀ ਬੜੀ ਸੋਹਣੀ ਬੋਲ ਲੈਨੈਂ।"

"ਮੈਂ ਆਪਣੇ ਵਾਲ ਭਾਵੇਂ ਮੁਨਾ ਲਏ ਹਨ", ਮਲੂਕੇ ਨੇ ਮੁਆਫ਼ੀ ਮੰਗਵੇਂ ਲਹਿਜੇ ਵਿਚ ਆਖਿਆ, "ਪਰ ਹਾਂ ਮੈਂ ਹਾਲੇ ਵੀ ਸਿੱਖ ਹੀ—ਸਹਿਜਧਾਰੀ ਸਿੱਖ", ਉਸ ਨੇ ਜ਼ਰਾ ਝਿਜਕ ਨਾਲ ਕਿਹਾ।

ਛੋਟੇ ਜਿਹੇ ਕਮਰੇ ਦਾ ਮਾਹੌਲ ਬੜਾ ਧਾਰਮਿਕ ਸੀ। ਇਹ ਗੱਲ ਸੌਖੀ ਹੀ ਸਮਝੀ ਜਾ ਸਕਦੀ ਸੀ। ਚਾਰ ਅਜੀਬ ਲਗਦੇ ਤੇ ਆਪਣੇ ਭਾਈਚਾਰੇ ਨਾਲੋਂ ਟੁੱਟੇ ਸਿੱਖਾਂ ਨੂੰ ਆਪਣੇ ਧਰਮ ਵਿਚੋਂ ਅਤਿ ਲੋੜੀਂਦਾ ਸੁੱਖ ਮਿਲਦਾ ਸੀ। ਭਾਈ ਤਾਰਾ ਸਿੰਘ ਰੋਜ਼ ਸਵੇਰੇ ਸੁਵੱਖਤੇ ਉੱਠ ਕੇ ਆਪਣੀ ਕੂਲੀ ਸੰਗੀਤਕ ਆਵਾਜ਼ ਵਿਚ ਜਪੁਜੀ ਦਾ ਪਾਠ ਛੂਹ ਦਿਆ ਕਰਦਾ ਸੀ ਤੇ ਸੌਣ ਤੋਂ ਪਹਿਲਾਂ ਉਹ ਕੀਰਤਨ ਸੋਹਲੇ ਦਾ ਪਾਠ ਕਰਿਆ ਕਰਦਾ ਸੀ। ਬਾਕੀ ਦੇ ਤਿੰਨੇ ਮਸ਼ਹੂਰ ਸ਼ਬਦ ਉਹਦੇ ਨਾਲ ਨਾਲ ਉਚਾਰਿਆ ਕਰਦੇ ਸਨ।

ਜਦੋਂ ਵੈਨਕੂਵਰ ਦੇ ਵਡਾਰੂ ਸਿੱਖਾਂ ਨੇ ਮਲੂਕੇ ਨੂੰ ਆਪਣੇ ਵਾਲ ਮਨਾਉਣ ਲਈ ਬੁਰਾ ਭਲਾ ਕਿਹਾ ਸੀ ਤੇ ਉਹਨੂੰ ਆਪਣੇ ਪਤਿਤ ਹੋਣ 'ਤੇ ਪ੍ਰਾਸ਼ਚਿਤ ਕਰਕੇ ਮੁੜ ਸਿੰਘ ਸਜਣ ਲਈ ਜ਼ੋਰ ਦਿੱਤਾ ਸੀ ਤਾਂ ਉਹਨੇ ਚੁੱਪ ਸਾਧਕੇ ਹੀ ਉਹਨਾਂ ਦੀ ਤਜਵੀਜ਼ ਪ੍ਰਤੀ ਆਪਣੀ ਅਪ੍ਰਵਾਨਗੀ ਦਾ ਇਜ਼ਹਾਰ ਕੀਤਾ ਸੀ। ਤੇ ਹੁਣ ਜਦੋਂ ਉਹ ਆਪਣੇ ਭਾਈਚਾਰੇ ਤੋਂ ਵਰ੍ਹਾ ਭਰ ਦੂਰ ਤੇ ਵੱਖਰਾ ਰਿਹਾ ਸੀ ਤਾਂ ਹੁਣ ਉਹਨੂੰ ਯਕੀਨ ਹੋ ਗਿਆ ਸੀ ਕਿ ਉਸ ਨੇ ਜੋ ਕੁਝ ਕੀਤਾ ਸੀ, ਠੀਕ ਕੀਤਾ ਸੀ। ਹੁਣ ਉਹ ਆਪਣੇ ਪੱਖ ਵਿਚ ਦਲੀਲਾਂ ਵੀ ਦੇ ਸਕਦਾ ਸੀ।

ਮਲੂਕੇ ਨੇ ਉਹਨਾਂ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਸੀ ਕਿ ਕੈਨੇਡਾ ਦੇ ਸਕੂਲਾਂ ਕਾਲਜਾਂ ਵਿਚ ਤਾਲੀਮ ਹਾਸਲ ਕਰਨ ਵਾਲੀ ਨਵੀਂ ਪੀੜ੍ਹੀ ਹਰ ਹੀਲੇ ਆਪਣੇ ਨਵੇਂ ਅਪਣਾਏ ਦੇਸ਼ ਦੀ ਮੁਖਧਾਰਾ ਵਿਚ ਸ਼ਾਮਿਲ ਹੋਣਾ ਚਾਹੇਗੀ। ਉਨ੍ਹਾਂ ਲਈ ਕੇਸ-ਪਗੜੀ ਦਾ ਜੋੜ, ਉਹਨਾਂ ਨੂੰ ਹੋਰਨਾਂ ਨਾਲ ਵਖਰਿਆਏਗਾ ਹੀ ਨਹੀਂ, ਸਗੋਂ ਦੂਜਿਆਂ ਨਾਲ ਖੇਡ ਤੇ ਹੋਰ ਸਮਾਜਕ ਸਰਗਰਮੀਆਂ ਵਿਚ ਇਕ-ਮਿੱਕ ਹੋਣ ਦੇ ਰਾਹ ਵਿਚ ਵੀ ਅੜਿੱਕਾ ਬਣੇਗਾ। ਤੇ ਨਾਲੇ ਉਸ ਨੇ ਇਹ ਵੀ ਜ਼ੋਰ ਦੇਕੇ ਕਿਹਾ ਸੀ ਕਿ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਨੇ ਤਾਂ ਆਪਣੇ ਪੈਰੋਕਾਰਾਂ ਤੇ ਕੋਈ ਪੱਕਾ-ਪੀਢਾ ਰਹਿਤਨਾਮਾ ਲਾਗੂ ਹੀ ਨਹੀਂ ਸੀ ਕੀਤਾ। ਨਾ ਹੀ ਉਹਨਾਂ ਵਲੋਂ ਕੋਈ ਪਹੁਲ ਹੀ ਛਕਾਈ ਗਈ ਸੀ। ਨਾ ਹੀ ਉਹਨਾਂ ਤੋਂ ਕਿਸੇ ਰੀਤੀ ਜਾਂ ਕਰਮ ਕਾਂਡ ਨੂੰ ਨਿਭਾਉਣ ਦੀ ਮੰਗ ਕੀਤੀ ਗਈ ਸੀ। ਗੁਰੂ ਨਾਨਕ ਹੋਰਾਂ ਤਾਂ ਆਪਣਾ ਮੁਕਤੀ-ਦਾਇਕ ਤੇ ਚਾਨਣ-ਦਾਇਕ ਸੰਦੇਸ਼ ਬੜੇ ਗ਼ੈਰ-ਰਸਮੀ ਢੰਗ ਨਾਲ ਦਿੱਤਾ ਸੀ। ਮਲੂਕੇ ਨੇ ਇਹ ਗੱਲ ਪੂਰਾ ਜ਼ੋਰ ਦੇਕੇ ਆਖੀ ਸੀ ਕਿ ਕੈਨੇਡਾ ਵਿਚ ਸਿੱਖਾਂ ਦੀ ਨਵੀਂ ਪੀੜ੍ਹੀ ਨੂੰ ਇਹ ਗੱਲ ਜ਼ਿਆਦਾ ਜਚੇਗੀ।

ਪਰ ਇਸ ਸੰਭਾਵਨਾ ਨੇ ਤਾਰਾ ਸਿੰਘ ਨੂੰ ਬੜਾ ਉਦਾਸ ਕੀਤਾ ਸੀ ਤੇ ਉਸ ਨੇ ਬੜੇ ਦੁੱਖ ਨਾਲ ਸਿਰ ਫੇਰਦਿਆਂ ਕਿਹਾ ਸੀ, "ਇਹ ਗੱਲ ਸੱਚ ਮੁੱਚ ਹੀ ਬੜੀ ਉਦਾਸੀ ਵਾਲੀ ਹੋਵੇਗੀ।"

ਪ੍ਰਿੰਸ ਜਾਰਜ ਥੋੜ੍ਹੀਆਂ ਜੇਹੀਆਂ ਪੱਕੀਆਂ ਗਲੀਆਂ ਵਾਲਾ ਛੋਟਾ ਜਿਹਾ ਕਸਬਾ ਸੀ। ਇੱਥੇ ਦੇ ਇਕ ਲੱਕੜ ਦੇ ਬਣੇ ਛੋਟੇ ਜੇਹੇ ਦੋ-ਮੰਜ਼ਲੇ ਹੋਟਲ ਤੇ ਕੁਝ ਘਰਾਂ ਵਿਚ 'ਖ਼ਾਲੀ ਕਮਰਿਆਂ' ਵਾਲੇ ਰਾਤ ਨੂੰ ਚਮਕਣ ਵਾਲੇ ਲਾਲ-ਰੁਸ਼ਨਾਏ

ਨਿਸ਼ਾਨ ਲਾਏ ਹੋਏ ਹੁੰਦੇ ਸਨ। ਬਜ਼ਾਰ ਵਿਚ ਇਕ ਸ਼ਰਾਬ ਦੀ ਦੁਕਾਨ, ਚੁਆਈਆਂ ਦਾ ਸਟੋਰ, ਚੋ ਨਾਈਆਂ ਦੀਆਂ ਦੁਕਾਨਾਂ ਤੇ ਕਈ ਕਰਿਆਨੇ, ਕੱਪੜੇ ਤੇ ਲੋਹੇ ਦੀਆਂ ਚੀਜ਼ਾਂ ਦੀਆਂ ਦੁਕਾਨਾਂ ਸਨ। ਕੰਮਕਾਜੀ ਦਿਨਾਂ ਵਿਚ ਇਹ ਥਾਂ ਬੜੀ ਉਜਾੜ ਜੇਹੀ ਲੱਗਦੀ ਹੁੰਦੀ ਸੀ ਪਰ ਹਫ਼ਤੇ ਦੇ ਅਖ਼ੀਰ ਵਿਚ ਮਜ਼ਦੂਰ ਜਦੋਂ ਜੰਗਲਾਂ ਤੋਂ ਬਾਹਿਰ ਆ ਕੇ ਜ਼ਰਾ ਮੌਜਮੇਲਾ ਕਰਨ ਜਾਂ ਜ਼ਰੂਰੀ ਵਸਤਾਂ ਨੂੰ ਖ਼ਰੀਦਣ ਆਉਂਦੇ ਤਾਂ ਇੱਥੇ ਬੜੀ ਚਹਿਲ ਪਹਿਲ ਹੁੰਦੀ, ਸਗੋਂ ਕਈ ਵਾਰ ਤਾਂ ਝੁੱਜੂ ਹੀ ਪੈ ਜਾਂਦਾ।

ਐਤਵਾਰ ਨੂੰ ਭਾਈ ਤਾਰਾ ਸਿੰਘ ਕੁਝ ਪੰਜਾਬੀ ਮਜ਼ਦੂਰਾਂ ਨੂੰ ਗੁਰਦੁਆਰੇ ਮਿਲਿਆ ਤੇ ਉਸ ਨੇ ਉਹਨਾਂ ਰਾਹੀਂ ਮਲੂਕੇ ਲਈ ਸੀ. ਐਨ. ਆਰ. ਲਾਈਨ ਤੋਂ ਕੋਈ ਪੰਜਾਹ ਕੁ ਮੀਲ ਦੂਰ ਕਿਸੇ ਲੱਕੜ ਮਿੱਲ ਵਿਚ ਕਿਸੇ ਕੰਮ ਦਾ ਬੰਨ੍ਹ-ਸੁੱਬ ਕਰ ਹੀ ਲਿਆ।

ਥੌਂਪਸਨ ਲੱਕੜ ਮਿੱਲ ਛੋਟਾ ਜਿਹਾ ਅਦਾਰਾ ਸੀ। ਇਹ ਜੰਗਲੀ ਅੱਗ ਦੁਆਰਾ ਸਾਫ਼ ਹੋਈ ਇਕ ਥਾਂ ਉੱਪਰ ਵਾਕਿਆ ਸੀ। ਇਸ ਦੇ ਚੌਹੀਂ ਪਾਸੀਂ ਕਿਸੇ ਪ੍ਰੇਤੀ ਚੇਤਾਵਨੀ ਵਾਂਗ ਅੱਧ-ਸੜੇ ਰੁੰਡ ਮੁੰਡ ਰੁੱਖਾਂ ਦੇ ਟੁੰਡ ਉੱਪਰ ਵਲ ਝਾਕਦੇ ਨਜ਼ਰ ਆਉਂਦੇ ਸਨ। ਧਰਤੀ ਉੱਪਰ ਉਹਨਾਂ ਦੇ ਕਈ ਸੜ ਪਏ ਹੋਏ ਤਣੇ ਹੌਲੀ ਹੌਲੀ ਖੱਦੇ ਪੈ ਰਹੇ ਸਨ। ਸੁਆਹ ਮੱਲੀ ਧਰਤੀ ਨੂੰ ਸਖ਼ਤ ਜਾਨ ਪਹਾੜੀ ਬੂਟੀਆਂ ਤੇ ਫੁੱਲਦਾਰ ਬੂਟਿਆਂ ਨੇ ਆਪਣੇ ਕਬਜ਼ੇ ਹੇਠ ਲੈ ਕੇ ਢਕਣਾ ਸ਼ੁਰੂ ਕਰ ਦਿੱਤਾ ਸੀ।

ਛੇ ਪੰਜਾਬੀ ਇਸ ਮਿੱਲ ਵਿਚ ਕੰਮ ਕਰਦੇ ਸਨ। ਮਲੂਕੇ ਨੂੰ ਖ਼ੁਸ਼ੀ ਸੀ ਕਿ ਇਹਨਾਂ ਵਿਚ ਇਕ ਬਿਰਧ ਗ਼ਦਰੀ ਬਾਬਾ ਗੰਡਾ ਸਿੰਘ ਵੀ ਸੀ, ਜੋ ਡੋਮੀਨੀਅਨ ਮਿੱਲ ਵਿਚ ਬੜੇ ਭਖਵੇਂ ਜੋਸ਼ ਨਾਲ ਗ਼ਦਰ ਅਖ਼ਬਾਰ ਉੱਚੀ ਉੱਚੀ ਪੜ੍ਹ ਕੇ ਸੁਣਾਇਆ ਕਰਦਾ ਸੀ।

"ਤੈਨੂੰ ਇਸ ਜੰਗਲ ਬੀਆਬਾਣ ਵਿਚ ਮਿਲ ਕੇ ਬੜੀ ਖ਼ੁਸ਼ੀ ਹੋਈ", ਉਸ ਨੇ ਮਲੂਕੇ ਨੂੰ ਬੜੇ ਲਾਡ ਨਾਲ ਉੱਡ ਕੇ ਜੱਫੀ ਪਾਉਂਦਿਆਂ ਆਖਿਆ।

"ਯੂਨੀਵਰਸਿਟੀ ਕਿੱਦਾਂ ਰਹੀ?"

"ਵਧੀਆ, ਚੰਗੇ ਤਾਲਿਬਇਲਮ, ਵਿਦਵਾਨ ਪ੍ਰੋਫ਼ੈਸਰ।"

"ਇੱਥੇ ਤਾਂ ਚੌਸਤਾਂ ਬੜੀ ਨੀਰਸਤਾ ਹੈ। ਮੋਟਾ ਬੁੱਢਾ ਖੋਸਟ ਥੌਪਸਨ ਬੜਾ ਚੀਹੜਾ ਹੈ। ਪਰ ਹੈ ਇਹ ਬੜਾ ਲਾਲਚੀ ਸੁਪਨੇ-ਸਾਜ਼। ਇਹਨੇ ਆਪਣੀ ਸਭ ਬਲ ਗਈ ਮਿੱਲ ਝੱਟ ਮੁੜ-ਖੜੀ ਕਰ ਲਈ ਸੀ।"

"ਕੰਮ ਕਿਹੋ ਜਿਹਾ ਗੰਡਾ ਸਿੰਹਾਂ ?"

"ਬੜਾ ਸਖ਼ਤ ! ਬੁੱਢਾ ਸਦਾ ਹੱਲਾ-ਸ਼ੇਰੀ ਦੀਆਂ ਹੋਕਰਾਂ ਮਾਰਦਾ ਸਾਡੀ ਪਿੱਠ 'ਤੇ ਚੜ੍ਹਿਆ ਰਹਿੰਦੈ। ਪਰ ਸ਼ਾਮ ਵੇਲੇ ਜਦੋਂ ਮਿੱਲ ਦਾ ਚੀਕ-ਚਿਹਾੜਾ ਬੰਦ ਹੋ ਜਾਂਦੈ ਤੇ ਪੰਛੀ ਆਪਣਿਆਂ ਆਲ੍ਹਣਿਆਂ ਵਿਚ ਜਾ ਬੈਠਦੇ ਹਨ ਤਾਂ ਬੜੀ ਸ਼ਾਂਤੀ ਹੋ ਜਾਂਦੀ ਵੇ। ਬੱਸ ਤੁਹਾਨੂੰ ਸਿਰਫ਼ ਬੁੱਢੇ ਟਿਬਲੇ-ਟਿਬਲੇ ਦੀ ਘਰੇਲੂ ਵਾਰਤਾਲਾਪ ਹੀ ਸੁਣਦੀ ਹੈ। ਇਹ ਨਰ ਤੇ ਮਦੀਨ ਦੋਵੇਂ ਹੀ ਬੋਲ੍ਹੇ ਹਨ। ਗੱਲਾਂ ਇੰਨੀਆਂ ਨਿਗੁਣੀਆਂ ਕਰਦੇ ਹਨ ਕਿ ਇਹਨਾਂ ਵਿਚ ਅਸਲੋਂ ਹੀ ਦੇਸੀ ਬੰਦੇ ਦੀ ਭਾਵੇਂ ਕੋਈ ਦਿਲਚਸਪੀ ਹੋ ਸਕਦੀ ਹੋਵੇ।"

"ਪਰ ਮਲੂਕਿਆ ਤੈਨੂੰ ਇਹ ਥਾਂ ਪਿਆਰੀ ਲੱਗੇਗੀ", ਉਸ ਨੇ ਖ਼ੁਸ਼ੀ ਨਾਲ ਚਹਿਕਦਿਆਂ ਕਿਹਾ, "ਤੇਰੇ ਕੋਲ ਕਵੀ ਦਾ ਦਿਲ ਹੈ। ਤੈਨੂੰ ਤਾਂ ਤਾਰੇ ਵੀ ਗਾਉਂਦੇ ਸੁਣਾਈ ਦੇਣਗੇ। ਜੰਗਲ ਦੀ ਚੁੱਪ ਆਪਣੇ ਦੈਵੀ-ਭੇਦ ਤੇਰੇ ਕੰਨਾਂ ਵਿਚ ਫੁਸਫੁਸਾਏਗੀ।"

"ਮੇਰੇ ਕੋਲ ਤੈਨੂੰ ਦੱਸਣ ਲਈ ਕੋਈ ਗੁੱਝਾ ਦੈਵੀ ਭੇਦ ਨਹੀਂ। ਪਰ ਮੇਰੇ ਕੋਲ ਅਜੇਹੀਆਂ ਕੁਝ ਕਿਤਾਬਾਂ ਜ਼ਰੂਰ ਨੇ ਜੋ ਤੈਨੂੰ ਮਨੁੱਖ ਦੇ ਧਰਤੀ ਤੇ ਪੁਰਅਮਨ ਆਜ਼ਾਦੀ ਦੇ ਸੰਗਰਾਮ ਦੀ ਕੁਝ ਟੋਹ ਜ਼ਰੂਰ ਦੇਣਗੀਆਂ। ਮੇਰੇ ਕੋਲ ਤੇਰੇ ਲਈ ਗ਼ਦਰ ਦੀਆਂ ਕੁਝ ਪੁਰਾਣੀਆਂ ਕਾਪੀਆਂ ਵੀ ਨੇ। ਤੈਨੂੰ ਇਹ ਚੱਸਦਿਆਂ ਵੀ ਮੈਨੂੰ ਖ਼ੁਸ਼ੀ ਹੋ ਰਹੀ ਹੈ ਕਿ ਪਾਰਟੀ ਨੇ ਅੰਮ੍ਰਿਤਸਰ ਤੋਂ ਪੰਜਾਬੀ ਤੇ ਉਰਦੂ ਦੋਹਾਂ ਜ਼ਬਾਨਾਂ ਵਿਚ 'ਕਿਰਤੀ' ਵੀ ਛਾਪਣਾ ਸ਼ੁਰੂ ਕਰ ਦਿੱਤੈ।"

ਇਹ ਛੇ ਹੀ ਪੰਜਾਬੀ ਮਜ਼ਦੂਰ ਇਕ ਲੰਮੀ ਟੱਪਰੀ ਵਿਚ ਰਹਿੰਦੇ ਸਨ। ਅੰਦਰ ਵੜਨ ਸਾਰ ਹੀ ਖੱਬੇ ਕੋਨੇ ਵਿਚ ਰੋਟੀ ਪਕਾਉਣ ਵਾਲਾ ਸਟੋਵ ਪਿਆ ਸੀ ਤੇ ਦੂਜੇ ਵੰਨੇ ਗੁਸਲਖਾਨਾ ਸੀ। ਚੌਨੀਂ ਪਾਸੀਂ ਦੀਵਾਰਾਂ ਦੇ ਨਾਲ ਨਾਲ ਚੱਕਵੇਂ ਮੰਜੇ ਡੱਠੇ ਹੋਏ ਸਨ। ਉਹ ਮਿੱਲ ਦੇ ਨੇੜੇ ਦੇ ਛੱਪੜ ਤੋਂ ਵੱਡੀਆਂ ਵੱਡੀਆਂ ਬਾਲਟੀਆਂ ਵਿਚ ਪਾਣੀ ਢੋ ਕੇ ਲਿਆਉਂਦੇ ਹੁੰਦੇ ਸਨ। ਪਰੰਤੂ ਪੀਣ ਲਈ ਪਾਣੀ

ਉਹਨਾਂ ਨੂੰ ਚੂਰ ਲਾਈਨ ਪਾਰੋਂ ਇਕ ਪਹਾੜੀ ਤੋਂ ਲਿਆਉਣਾ ਪੈਂਦਾ ਸੀ, ਜਿੱਥੇ ਸਾਫ਼ ਪਾਣੀ ਦੀ ਇਕ ਬਾਰੀਕ ਜਿਹੀ ਧਾਰ ਵਗਦੀ ਰਹਿੰਦੀ ਸੀ। ਉਹ ਰੋਟੀ ਪਕਾਉਣ ਸਮੇਤ ਘਰ ਦਾ ਸਾਰਾ ਕੰਮ ਆਪੇ ਵਾਰੋ ਵਾਰੀ ਕਰਦੇ ਹੁੰਦੇ ਸਨ।

ਇਹਨਾਂ ਵਿਚ ਦਸਤਾਰਧਾਰੀ ਸਿੱਖ ਕੇਵਲ ਇੱਕੋ ਹਰੀ ਸਿੰਘ ਹੀ ਸੀ। ਪਰ ਉਹ ਆਪਣੀ ਗਿਣਤੀ ਦੀ ਕਮੀ ਨੂੰ ਧਰਮ ਬਾਰੇ ਆਪਣੇ ਨਿੱਕੇ ਜੇਹੇ ਗਿਆਨ ਨੂੰ ਜੋਸ਼ ਨਾਲ ਵੱਡਾ ਬਣਾ ਕੇ ਪੇਸ਼ ਕਰਨ ਰਾਹੀਂ ਪੂਰਾ ਕਰਦਾ ਸੀ। ਚੌਧਰੀ ਬਰਕਤ ਅਲੀ ਕੇਵਲ ਇਕੋ ਇਕ ਮੁਸਲਮਾਨ ਸੀ।

ਚੌੜੀ ਚਿੱਘੀ ਛਾਤੀ, ਮਜ਼ਬੂਤ ਪੱਠਿਆਂ ਤੇ ਸੰਘਣੇ ਚਿੱਟੇ ਦਾੜ੍ਹੇ ਵਾਲਾ ਹਰੀ ਸਿੰਘ ਇਕ ਦਿਓ ਵਰਗਾ ਲੱਗਦਾ ਸੀ। ਉਹ ਬੜੇ ਮਾਣ ਨਾਲ ਇਹ ਗੱਲ ਚੱਸਿਆ ਕਰਦਾ ਸੀ ਕਿ ਘਰਦਿਆਂ ਉਹਦਾ ਨਾਂ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਦੇ ਸੂਰਮੇ ਜਰਨੈਲ ਹਰੀ ਸਿੰਘ ਨਲਵਾ ਦੇ ਨਾਂ ਪਿੱਛੇ ਰੱਖਿਆ ਸੀ। ਨਲੂਏ ਨੇ ਦੋ ਸਦੀਆਂ ਪਹਿਲਾਂ ਪਠਾਣਾਂ ਤੇ ਅਫ਼ਗਾਨਾਂ ਦੇ ਵਿਰੁੱਧ ਉਹਨਾਂ ਦੇ ਪਹਾੜੀ ਕਿਲ੍ਹਿਆਂ 'ਤੇ ਧਾਵੇ ਬੋਲ ਕੇ ਲੜਾਈਆਂ ਲੜੀਆਂ ਸਨ, ਪਰ ਇਹ ਹਰੀ ਸਿੰਘ ਹਾਲੇ ਕੈਨੇਡਾ ਦੇ ਜੰਗਲਾਂ ਵਿਚ ਜੂਝ ਰਿਹਾ ਸੀ। ਉਹ ਚੌਧਰੀ ਬਰਕਤ ਅਲੀ ਨੂੰ ਝਿੜਕ ਕੇ ਖ਼ੁਸ਼ ਹੁੰਦਾ ਸੀ।

ਚੌਧਰੀ, ਲੰਬਾ, ਪਤਲਾ ਤੇ ਤਿੱਖੇ ਨਕਸ਼ਾਂ ਵਾਲਾ ਬੰਦਾ ਸੀ, ਪਰੰਤੂ ਉਹਦਾ ਚਿਹਰਾ ਮਾਤਾ ਦੇ ਦਾਗਾਂ ਨਾਲ ਭਰਿਆ ਪਿਆ ਸੀ। ਤੇ ਮਾਤਾ ਰਾਣੀ ਦੀ ਮੇਹਰ ਨਾਲ ਹੀ ਉਹਦੀ ਖੱਬੀ ਅੱਖ ਫੋਲੇ ਦੀ ਮਾਰੀ ਹੋਈ ਸੀ।

ਹਰੀ ਸਿੰਘ ਉਹਨੂੰ ਆਮ ਤੌਰ 'ਤੇ ਕਾਣਾ ਸੁੰਨਤ ਵਾਲਾ ਸ਼ੈਤਾਨ ਕਹਿ ਕੇ ਪੁਕਾਰਦਾ ਹੁੰਦਾ ਸੀ। ਚੌਧਰੀ ਅੱਗੋਂ ਹੱਸ ਕੇ ਉੱਤਰ ਦਿਆ ਕਰਦਾ ਸੀ, "ਤੈਨੂੰ ਪਤਾ, ਮਹਾਰਾਜਾ ਰਣਜੀਤ ਸਿੰਘ ਦੀ ਵੀ ਤਾਂ ਇੱਕੋ ਅੱਖ ਸੁਲੱਖਣੀ ਸੀ। ਤੇ ਮਾਤਾ ਦੇ ਦਾਗ ਉਹਦੇ ਮੂੰਹ 'ਤੇ ਵੀ ਸਨ। ਤੇਰੇ ਵਰਗੇ ਦੋ ਵੱਡੇ ਵੱਡੇ ਡੇਲਿਆਂ ਵਾਲੇ ਸੀਸ ਝੁਕਾ ਕੇ ਉਹਦਾ ਪਾਣੀ ਭਰਿਆ ਕਰਦੇ ਸਨ।"

"ਪਰ ਹਰੀ ਸਿੰਹਾਂ, ਮੱਲਾ ਤੇਰੇ ਕੋਲ ਤਾਂ ਬੱਸ ਦੋ ਵੱਡੇ ਵੱਡੇ ਡੇਲੇ ਹੀ ਨੇ ਪਰ ਖੋਖਾ ਅੰਦਰੋਂ ਅਸਲੋਂ ਖ਼ਾਲੀ ਤੇ ਧੌਣ ਮੂਰਖ ਫੌਜੀ ਕਪਤਾਨ ਵਾਂਗ ਆਕੜੀ ਹੋਈ। ਜੇ ਮੇਰੇ ਸਾਹਮਣੇ ਨਾ ਵੀ ਝੁਕੇ ਤਾਂ ਵੀ ਗੁੱਸਾ ਕਾਹਦਾ", ਚੌਧਰੀ

ਅੱਗੋਂ ਟਕੋਰ ਲਾਉਂਦਾ।

ਗੰਡਾ ਸਿੰਘ ਨੂੰ ਹਾਸਾ ਆ ਜਾਂਦਾ ਤੇ ਉਹ ਆਖਦਾ, "ਚੌਧਰੀ, ਰਣਜੀਤ ਸਿੰਘ ਵਾਂਗ ਗੱਲ ਤੇਨੂੰ ਵੀ ਬੜੀ ਫੁਰਦੀ ਆ। ਜਦੋਂ ਉਹਦੀ ਚਹੇਤੀ ਮੁਸਲਮਾਨ ਰਾਣੀ ਗੁਲਬਹਾਰ ਨੇ ਉਹਨੂੰ ਪੁੱਛਿਆ ਸੀ, "ਮੇਰੇ ਮਾਲਕ ਜਦੋਂ ਅੱਲਾ ਖ਼ੂਬਸੂਰਤੀ ਵੰਡ ਰਿਹਾ ਸੀ ਤਾਂ ਤੁਸੀਂ ਕਿੱਥੇ ਸਾਓ ?" ਤਾਂ ਰਣਜੀਤ ਸਿੰਘ ਨੇ ਬੜੇ ਮਾਣ ਨਾਲ ਜੁਆਬ ਦਿੱਤਾ ਸੀ, "ਮੈਂ ਦੂਜੀ ਕਤਾਰ ਵਿਚ ਖੜਾ ਸ਼ਕਤੀ ਪ੍ਰਾਪਤ ਕਰ ਰਿਹਾ ਸਾਂ।"

ਸਾਰਿਆਂ ਨੂੰ ਹਾਸਾ ਆ ਜਾਂਦਾ। ਤਦ ਗੰਡਾ ਸਿੰਘ ਜੇਤੂ-ਭਾਵ ਨਾਲ ਕਿਹਾ ਕਰਦਾ ਸੀ, "ਜੇ ਹਰੀ ਸਿੰਹਾਂ ਤੂੰ ਆਪਣੀ ਆਕੜੀ ਧੌਣ ਚੌਧਰੀ ਅੱਗੇ ਨਹੀਂ ਨਿਵਾ ਸਕਦਾ ਤਾਂ ਗੋਲੀਮਾਰੀ ਹੇਠ ਆਏ ਸਿਪਾਹੀ ਵਾਂਗ ਉਹਦੇ ਸਾਹਮਣੇ ਢਿੱਡ-ਪਰਨੇ ਲੰਮਾ ਪੈਣਾ ਹੀ ਸਿੱਖ ਲੈ।"

ਚੌਧਰੀ ਸੰਗੀਤਕ ਆਵਾਜ਼ ਵਾਲਾ ਖ਼ੁਸ਼-ਰਹਿਣਾ ਆਦਮੀ ਸੀ। ਸ਼ਾਮ ਢਲੇ, ਦਿਨ ਭਰ ਦੀ ਮੁਸ਼ੱਕਤ ਤੋਂ ਬਾਅਦ, ਉਹ ਦੂਜਿਆਂ ਨਾਲ ਦਾਰੂ ਦੇ ਦੌਰ ਵਿਚ ਸ਼ਾਮਲ ਹੋ ਜਾਂਦਾ ਤੇ ਜ਼ਰਾ ਤਰਾਰੇ ਵਿਚ ਆ ਕੇ ਵਾਰੇ ਸ਼ਾਹ ਦੀ ਹੀਰ 'ਚੋਂ ਚੋਣਵੇਂ ਬੰਦ ਬੜੇ ਰਹਾਅ ਨਾਲ ਗਾਉਂਦਾ ਤੇ ਫੈਜ਼, ਜਿਗਰ, ਜੋਸ਼, ਮਜਰੂਹ ਤੇ ਹੋਰ ਨਵੇਂ ਅਗਾਂਹਵਧੂ ਕਵੀਆਂ ਦੀਆਂ ਗ਼ਜ਼ਲਾਂ ਵੀ ਬੜੇ ਤਰੰਨਮ ਨਾਲ ਗਾਇਆ ਕਰਦਾ ਸੀ।

"ਸਾਲਾ ਮੁਸਲਾ", ਹਰੀ ਸਿੰਘ ਪੁਰਾਣੇ ਇਤਿਹਾਸਕ ਵਿਰਸੇ 'ਚੋਂ ਜਨਮੀ ਨਫ਼ਰਤ ਨਾਲ ਕਹਿੰਦਾ, "ਵਰਜਿਤ ਸ਼ਰਾਬ ਪਾਣੀ ਵਾਂਗ ਡੱਫਦਾ, ਅੱਲਾ ਤਾਲਾ ਵਲੋਂ ਬਖ਼ਸ਼ੇ ਬਹਿਸ਼ਤ ਵਿਚ ਜਾ ਕੇ ਦਾਰੂ ਵਿਚ ਡੁੱਬ ਲਈਂ ਤੇ ਹੂਰਾਂ ਨਾਲ ਚੰਬੜਿਆ ਰਿਹਾ ਕਰੀਂ। ਤਦ ਤੀਕ ਰਤਾ ਉਡੀਕ ਨਹੀਂ ਕਰ ਸਕਦਾ ਤੂੰ।"

"ਨਾ ਸਰਦਾਰ ਜੀ", ਉਹ ਹੱਸ ਕੇ ਉੱਤਰ ਦਿੰਦਾ, "ਬਹਿਸ਼ਤ ਵਿਚ ਤਾਂ ਈਮਾਨ ਵਾਲਿਆਂ ਨੂੰ ਸਿਰਫ਼ ਪਾਣੀ ਦਾ ਗਿਲਾਸ ਮਿਲਣ ਦਾ ਹੀ ਵਚਨ ਹੈ, ਹਾਂ ਇਹ ਜ਼ਰੂਰ ਕਿਹਾ ਹੈ ਕਿ ਇਹ ਪਾਣੀ ਉਹਨਾਂ ਦੀ ਚਾਹ ਮੁਤਾਬਕ ਸੱਤੋ ਕੁਝ ਬਣ ਜਾਇਆ ਕਰੂ।"

"ਤਾਂ ਤਾਂ ਫਿਰ", ਦਲੀਪ ਸਿੰਘ ਉੱਚੀ ਦੇਣੀ ਹੱਸ ਕੇ ਕਹਿੰਦਾ, "ਤੁਹਾਡੇ ਨਾਲ ਤਾਂ ਇੱਥੇ ਵੀ ਧੋਖਾ ਤੇ ਬਹਿਸ਼ਤ ਵਿਚ ਵੀ ਦਗ਼ਾ।"

"ਮੇਰੇ ਨਾਲ ਨਹੀਂ, ਦੋਸਤਾ", ਚੌਧਰੀ ਦਾਰੂ ਦਾ ਘੁੱਟ ਭਰਦਾ ਆਖਦਾ, "ਮੈਂ ਤਾਂ ਜੋ ਇੱਥੇ ਮਿਲਦਾ ਉਹ ਵੀ ਛੱਕ ਛੱਡਦਾ ਤੇ ਬਹਿਸ਼ਤ ਵਿਚ ਵੀ ਅੱਲਾ ਦੇ ਫ਼ਜ਼ਲ 'ਤੇ ਅਕੀਦਾ ਰੱਖਦਾਂ।" ਤੇ ਉਹ ਖੜੇ ਜੋਸ਼ ਨਾਲ ਹਫ਼ੀਜ਼ ਜਲੰਧਰੀ ਦੀ ਨਜ਼ਮ ਗਾਇਣ ਵਿਚ ਲੀਨ ਹੋ ਜਾਂਦਾ—

ਨਹੀਂ ਨਹੀਂ, ਅਭੀ ਨਹੀਂ,
ਅਭੀ ਤੋ ਮੈਂ ਜਵਾਨ ਹੂੰ
ਐ ਸ਼ੇਖ ਜੀ ਪਿਲਾਏ ਜਾ
ਵਕਤ-ਇ-ਹਸ਼ਰ ਜਬ ਆਏਗਾ
ਤੋ ਦੇਖਾ ਜਾਏਗਾ।

... ...

ਗੰਡਾ ਸਿੰਘ ਨੇ ਆਪਣੀ ਨਿੱਕੀ ਜੇਹੀ ਲਾਇਬਰੇਰੀ ਵਲ ਬੜੇ ਮਾਣ ਨਾਲ ਇਸ਼ਾਰਾ ਕੀਤਾ।

"ਮਲੂਕਿਆ, ਇਹ ਸਭ ਕਿਤਾਬਾਂ ਤੇਰੇ ਪੜ੍ਹਨ ਲਈ ਨੇ", ਉਸ ਨੇ ਬੜੀ ਉਦਾਰਤਾ ਨਾਲ ਕਿਹਾ। ਤੇ ਉਸ ਨੇ ਮੱਧਮ ਪੈ ਰਹੀ ਲਾਲ ਜਿਲਦ ਵਾਲੀ ਇਕ ਕਿਤਾਬ ਚੁੱਕੀ।

"ਇਹ", ਉਸ ਨੇ ਕਿਹਾ, "ਗੁਲਾਮ ਭਾਰਤ ਵਿਚ ਗ਼ੈਰ-ਕਾਨੂੰਨ ਏ, ਕਿਉਂਕਿ ਇਹ 1857 ਵਿਚ ਅੰਗਰੇਜ਼ਾਂ ਵਿਰੁੱਧ ਭਾਰਤ ਦੀ ਬਗ਼ਾਵਤ ਦੀ ਦਿਲ-ਹਿਲਾਊ ਦਾਸਤਾਨ ਏ।"

ਜਿਹੜੀ ਕਿਤਾਬ ਉਸ ਨੇ ਏਨੇ ਸ਼ੌਕ ਨਾਲ ਸਾਂਭੀ ਹੋਈ ਸੀ, ਉਹ ਵੀ. ਡੀ. ਸਵਰਕਰ ਦੀ, 'ਇੰਡੀਅਨ ਵਾਰ ਆਫ ਇੰਡੀਪੈਂਡੈਂਸ' ਸੀ।

"ਇਹ ਹਿੰਦੁਸਤਾਨ ਦੀ ਜੰਗਿ-ਆਜ਼ਾਦੀ ਦੀ ਪਹਿਲੀ ਲੜਾਈ ਦੀ ਜੋਸ਼ੀਲੀ ਕਹਾਣੀ ਹੈ", ਉਸ ਨੇ ਜ਼ੋਰ ਦੇ ਕੇ ਆਖਿਆ। "ਇਸ ਨਾਲ ਤੇਰਾ ਖ਼ੂਨ ਖੌਲ੍ਹਣ ਲੱਗ ਪਵੇਗਾ। ਮੈਂ ਤੈਨੂੰ ਮਲੂਕਿਆ ਇਹ ਇਸ ਆਸ ਨਾਲ ਦੇ ਰਿਹਾਂ ਕਿ ਇਸ ਨਾਲ ਤੈਨੂੰ ਗ਼ਦਰ ਲਈ ਕੁਝ ਲਿਖਣ ਦੀ ਪ੍ਰੇਰਨਾ ਮਿਲੇਗੀ।"

ਪੰਜਾਬੀ ਮਜ਼ਦੂਰਾਂ ਦੀ ਇਹ ਛੋਟੀ ਜੇਹੀ ਟੋਲੀ ਡੋਮੀਨੀਅਨ ਦੇ 'ਕੁੱਕ-ਹਾਊਸ' ਦਾ ਹੀ ਲਘੂ-ਰੂਪਾਂਤਰ ਸੀ, ਜਿੱਥੇ ਕੈਨੇਡਾ ਵਿਚ ਬਿਤਾਏ ਆਪਣੇ

ਮੁੱਢਲੇ ਦਿਨਾਂ ਦੀ ਯਾਦ ਮਲੂਕੇ ਦੇ ਦਿਲ ਵਿਚ ਸਦਾ ਲਈ ਸਾਂਭੀ ਪਈ ਸੀ। ਪਰ ਉਹਨੂੰ ਸ਼ਾਂਤ-ਵਹਿੰਦੀ ਫਰੇਜ਼ਰ ਨਦੀ ਦੀ ਕਮੀ ਮਹਿਸੂਸ ਹੁੰਦੀ ਸੀ—ਸ਼ੋਰੀਲੇ ਬੇ-ਪਰਵਾਹ ਜਲ-ਪੰਛੀ ਉਹਦੇ ਲਹਿਰੀਏਦਾਰ ਤਲਾ ਉੱਤੇ ਕੂਲੇ ਜਿਹੇ ਆ ਬਿਰਾਜਦੇ ਹੁੰਦੇ ਸਨ, ਨਿੱਕੀਆਂ ਨਿੱਕੀਆਂ ਭਾਰ ਧੂਹਵੀਆਂ ਬੇੜੀਆਂ ਲੱਕੜ ਦੇ ਵੱਡੇ ਵੱਡੇ ਮੁੱਢਾਂ ਨੂੰ ਧੂੰਕਦੀਆਂ ਹੁੰਦੀਆਂ ਸਨ। ਚਪਟੇ ਪੇਂਦਿਆਂ ਵਾਲੀਆਂ ਕਿਸ਼ਤੀਆਂ ਵੱਡੀਆਂ ਵੱਡੀਆਂ ਗੋਲੀਆਂ ਢੋਂਹਦੀਆਂ ਹੁੰਦੀਆਂ ਸਨ ਅਤੇ ਨਦੀ ਦੇ ਕਿਨਾਰਿਆਂ 'ਤੇ ਗੂੰਜਾਂ ਪਾਉਂਦੇ ਆਰਿਆਂ ਦੀਆਂ ਚੇਨਾਂ ਦੀ ਛਣਕਾਰ ਆਧੁਨਿਕ ਸਨਅਤ ਦੀ ਦਿਗਵਿਜੇ ਦੀਆਂ ਸੰਗੀਤਕ ਧੁਨਾਂ ਛੇੜਿਆ ਕਰਦੀਆਂ ਸਨ। ਉਥਲ ਪੁਥਲ ਫਰੇਜ਼ਰ ਦੇ ਕੇਵਲ ਤਲ ਤੀਕ ਹੀ ਸੀਮਿਤ ਰਹਿੰਦੀ ਸੀ, ਧੁਰ ਹੇਠ ਸਾਗਰ ਵਲ ਇਹਦੀ ਸ਼ਾਂਤ ਤੋਰ ਮੁਸਲਸਲ ਜਾਰੀ ਰਹਿੰਦੀ ਸੀ।

ਮਲੂਕੇ ਨੇ ਡੋਮੀਨੀਅਨ ਮਿੱਲ ਵਾਲੇ ਆਪਣੇ ਪੁਰਾਣੇ ਕੰਮ ਮੁੜ ਆਪਣੇ ਜ਼ਿੰਮੇ ਲੈ ਲਏ ਸਨ। ਉਹ ਐਡਮੰਟਨ ਜਰਨਲ ਵਿਚੋਂ ਦਿਲਚਸਪੀ ਵਾਲੀਆਂ ਖ਼ਬਰਾਂ ਚੁਣ ਚੁਣਕੇ, ਉਹਨਾਂ ਦੇ ਪਿਛੋਕੜ ਦੀ ਵਿਆਖਿਆ ਕਰਦਾ ਹੋਇਆ, ਆਪਣੇ ਮਿੱਤਰਾਂ ਨੂੰ ਉੱਚੀ ਉੱਚੀ ਪੜ੍ਹ ਕੇ ਸੁਣਾਇਆ ਕਰਦਾ ਸੀ। ਅਜੇਹੀਆਂ ਦਿਲਚਸਪ ਲਿਖਤਾਂ ਦੀ ਕੋਈ ਕਮੀ ਨਹੀਂ ਸੀ ਹੁੰਦੀ। ਭਾਵੇਂ ਮਹਾਤਮਾ ਗਾਂਧੀ ਨੇ 1921 ਵਿਚ ਆਪਣੀ ਨਾ-ਮਿਲਵਰਤਨ ਦੀ ਲਹਿਰ ਰੋਕ ਲਈ ਸੀ, ਫਿਰ ਵੀ ਕੈਨੇਡੀਅਨ ਪ੍ਰੈਸ ਵਿਚ ਭਾਰਤ ਦੇ ਚਰਚੇ ਆਮ ਪਾਏ ਜਾਂਦੇ ਸਨ। ਛਾਉਣੀਆਂ ਦੀ ਇਕੱਲ ਵਿਚ ਆਪਣੀ ਆਮਿਆਨਾ ਜਿਹੀ ਰੋਜ਼ਾਨਾ ਜ਼ਿੰਦਗੀ ਬਸਰ ਕਰਨ ਵਾਲੇ ਬਰਤਾਨਵੀ ਅਫ਼ਸਰਾਂ ਨੂੰ ਆਮ ਲੋਕਾਂ ਦੀਆਂ ਆਸਾਂ ਤੇ ਡਰਾਂ ਦੀ ਬੜੀ ਘੱਟ ਜਾਣਕਾਰੀ ਸੀ। ਉਹਨਾਂ ਦੇ ਰਾਜਨੀਤਕ ਸੁਪਨਿਆਂ ਦਾ ਤਾਂ ਉਹਨਾਂ ਨੂੰ ਪਤਾ ਤਕ ਹੀ ਨਹੀਂ ਸੀ। ਉਹ ਤਾਂ ਵਪਾਰੀਆਂ ਦੀਆਂ ਕਲੱਬਾਂ ਤੇ ਤੀਵੀਆਂ ਦੀਆਂ ਮੌਜ-ਮੇਲੇ ਵਾਲੀਆਂ ਇਕੱਤਰਤਾਵਾਂ ਵਿਚ ਮਖ਼ੌਲੀਆ ਜੇਹੇ ਵਿਖਿਆਨ ਕਰ ਕੇ ਹੀ ਸੰਤੁਸ਼ਟ ਰਹਿੰਦੇ ਸਨ। ਘਰੀਂ ਛੁੱਟੀਆਂ ਕੱਟਣ ਆਏ ਈਸਾਈ ਪਾਦਰੀ ਫੰਡ ਕੱਠਾ ਕਰਦੇ ਜਾਂ ਫਿਰ ਭਾਰਤੀਆਂ ਦੇ ਪੁਰਾਣੇ ਰੀਤੀ-ਰਿਵਾਜਾਂ ਜਾਂ ਦੇਵੀ ਦੇਵਤਿਆਂ ਬਾਰੇ ਹੌਲਨਾਕ ਜਿਹੇ ਭਾਸ਼ਣ ਦਿੰਦੇ ਹੁੰਦੇ ਸਨ। ਜਿਹੜੇ ਇਕ ਈਸ਼ਵਰਵਾਦੀ ਸਿੱਖਾਂ ਲਈ ਆਮ ਤੌਰ ਤੇ ਓਪਰੇ ਬੇਗਾਨੇ ਜਿਹੇ ਹੀ ਹੋਇਆ ਕਰਦੇ ਸਨ।

ਮਲੂਕੇ ਚੋ ਸਮਾਚਾਰ-ਪਾਠ ਤੋਂ ਬਾਅਦ ਡੋਮੀਨੀਅਨ ਮਿੱਲ ਵਾਂਗ ਏਥੇ ਵੀ ਨਿਰਾਰਥਕ ਜੇਹੇ ਮੇਹਣਿਆਂ ਦੇ ਝੌਂਕੇ ਵਾਲੀਆਂ ਭਖਵੀਆਂ ਬਹਿਸਾਂ ਹੁੰਦੀਆਂ ਸਨ, ਤੇ ਵਿਚ ਵਿਚਾਲੇ ਮੱਠਾ ਮੱਠਾ ਗਾਲੀ-ਗਲੋਚ ਵੀ, ਜੋ ਪੰਜਾਬੀ ਮਜ਼ਦੂਰਾਂ ਲਈ ਸਹਿਜ ਸੁਭਾਵਕ ਜੇਹਾ ਹੀ ਕਰਮ ਸੀ। ਪਰ ਇਸ ਛੋਟੀ ਜੇਹੀ ਟੋਲੀ ਨੂੰ ਗੰਡਾ ਸਿੰਘ ਦੀਆਂ 1857 ਦੀ ਪਹਿਲੀ ਭਾਰਤੀ ਕੌਮੀ ਬਗ਼ਾਵਤ ਚੋ ਨਾਇਕਾਂ— ਝਾਂਸੀ ਦੀ ਰਾਣੀ, ਨਾਨਾ ਸਾਹਿਬ, ਤਾਂਤੀਆ ਟੋਪੀ ਤੇ ਬੁੱਢੇ ਮੁਗ਼ਲ ਸ਼ਹਿਨਸ਼ਾਹ ਬਹਾਦਰ ਸ਼ਾਹ ਜ਼ਫ਼ਰ—ਬਾਰੇ ਕਹਾਣੀਆਂ ਨੇ ਰਾਜਸੀ ਤੌਰ ਤੇ ਪਹਿਲਾਂ ਨਾਲੋਂ ਕਿਤੇ ਵਧੇਰੇ ਚੇਤੰਨ ਕਰ ਦਿੱਤਾ ਹੋਇਆ ਸੀ। ਉਹਨਾਂ ਨੂੰ ਇਸ ਗੱਲ ਦਾ ਬੜਾ ਮਾਣ ਸੀ ਕਿ ਉਹਨਾਂ ਦੇ ਵਡੇਰੇ ਦੇਸ਼ ਦੀ ਆਜ਼ਾਦੀ ਲਈ ਏਨੀ ਬਹਾਦਰੀ ਨਾਲ ਜੂਝੇ ਸਨ, ਕਾਮਯਾਬੀ ਬੇਸ਼ਕ ਉਹਨਾਂ ਨੂੰ ਮਿਲ ਨਹੀਂ ਸੀ ਸਕੀ। ਚੌਧਰੀ ਗੱਦੀਓਂ ਲੱਥੇ ਸ਼ਹਿਨਸ਼ਾਹ, ਜੋ ਜ਼ਫ਼ਰ ਦੇ ਤਖ਼ਲੱਸ ਹੇਠ ਸ਼ਾਇਰੀ ਕਰਿਆ ਕਰਦਾ ਸੀ, ਦੇ ਦਿੱਲੀ ਵਿਚ ਬਰਤਾਨਵੀ ਜਰਨੈਲ ਹਡਸਨ ਹੱਥੋਂ ਹੋਈ ਨੀਚ ਤੇ ਵਹਿਸ਼ੀਆਨਾ ਕਤਲ ਬਾਰੇ ਲਿਖੀ ਉਦਾਸ ਨਜ਼ਮ ਦੀ ਧੁਨ ਆਮ ਛੇੜ ਦਿਆ ਕਰਦਾ ਸੀ।

ਇਨਕਲਾਬ ਧਰਤ-ਹਿਲਾਊ ਵਰਤਾਰੇ ਹੁੰਦੇ ਸਨ। ਉਹ ਉਹਨਾਂ ਦੱਬੇ ਕੁਚਲੇ ਲੋਕਾਂ ਦੀਆਂ ਭਾਵਨਾਵਾਂ ਦੇ ਸ਼ਕਤੀਸ਼ਾਲੀ ਪ੍ਰਗਟਾਵੇ ਹੋਇਆ ਕਰਦੇ ਨੇ, ਜਿਨ੍ਹਾਂ ਦੀਆਂ ਰੀਝਾਂ ਕਤਲ ਕੀਤੀਆਂ ਜਾਂਦੀਆਂ ਨੇ, ਅਣਖ ਮਧੋਲੀ ਜਾਂਦੀ ਹੈ ਤੇ ਏਹੋ ਜੇਹੇ ਦਿੱਲ ਘੁੱਟਵੇਂ ਹਾਲਾਤ ਦਾ ਵਾਰਾ ਪਹਿਰਾ ਹੁੰਦਾ ਹੈ ਜਿੱਥੇ ਕਲਾਕਾਰਾਂ ਤੇ ਵਿਚਾਰਵਾਨਾਂ ਨੂੰ ਆਪਣੀਆਂ ਸਿਰਜਣਾਵਾਂ ਕਰ ਸਕਣ ਦੀ ਸੁਤੰਤਰਤਾ ਨਹੀਂ ਹੁੰਦੀ। ਹਾਕਮਾਂ ਤੇ ਮਹਿਕੂਮਾਂ ਦੀ ਬੋਲੀ ਸਦਾ ਹੀ ਅੱਡ ਅੱਡ ਹੀ ਹੁੰਦੀ ਹੈ ਕਿਉਂਕਿ ਉਹਨਾਂ ਦੇ ਹਿੱਤ ਵੱਖੋ ਵੱਖਰੇ ਹੋਇਆ ਕਰਦੇ ਹਨ। ਪਰੰਤੂ ਇਨਕਲਾਬ ਦੀ ਅਖ਼ੀਰੀ ਜ਼ਿੰਮੇਵਾਰੀ ਹੁਕਮਰਾਨ ਸ਼ਕਤੀ ਦੇ ਸਿਰ ਹੀ ਹੋਇਆ ਕਰਦੀ ਹੈ ਕਿਉਂਕਿ ਕੇਵਲ ਇਹ ਹੀ ਲੋਕਾਂ ਦੇ ਅਸਹਿ ਦੁੱਖਾਂ ਤੇ ਸ਼ਿਕਾਇਤਾਂ ਨੂੰ ਦੂਰ ਕਰ ਸਕਣ ਦੀ ਕਾਨੂੰਨੀ ਸਥਿਤੀ ਵਿਚ ਹੋਇਆ ਕਰਦੀ ਹੈ। ਪਰੰਤੂ ਸੱਤਾ ਤੇ ਸ਼ਾਨੋ-ਸ਼ੌਕਤ ਦੀ ਹਾਬੜ ਵਿਚ ਗਲਤਾਨ ਲੋਕ ਪਰਜਾ ਦੇ ਦੁੱਖਾਂ ਤੇ ਨਿਰਾਦਰ ਵਲੋਂ ਅਵੇਸਲੇ ਹੋ ਜਾਂਦੇ ਹਨ। ਤੇ ਪਰਜਾ ਦੀਆਂ ਦੱਬੀਆਂ ਘੁੱਟੀਆਂ ਭਾਵਨਾਵਾਂ ਉਬਲਦੇ ਲਾਵੇ ਵਾਂਗ ਖ਼ੂੰਖਾਰ ਉਥਲ ਪੁਥਲ ਦਾ ਰੂਪ ਧਾਰਨ ਕਰ ਲੈਂਦੀਆਂ ਹਨ।

1857 ਦੇ ਹਿੰਦੀ ਗ਼ਦਰ ਦੇ ਕਾਰਨ ਬਥੇਰੇ ਸਨ[1] ਪਰ ਪੰਜਾਬੀ ਕੁੱਕ ਹਾਊਸ ਵਿਚ ਸਾਰੀ ਬਹਿਸ ਇਸ ਵਿਚ ਸਿੱਖਾਂ ਦੇ ਰੋਲ ਦੁਆਲੇ ਹੀ ਘੁੰਮਦੀ ਰਹਿੰਦੀ ਸੀ।

"ਜੇ ਸਿੱਖ ਧਰੋਹ ਨਾ ਕਰਦੇ ਤਾਂ ਇਨਕਲਾਬ ਦੀ ਜਿੱਤ ਹੋ ਜਾਣੀ ਸੀ।" ਚੌਧਰੀ ਨੇ ਇਕ ਵਾਰ ਆਖਿਆ। ਉਹਨੇ ਆਪਣੀ ਗੱਲ ਜ਼ੋਰਦਾਰ ਢੰਗ ਨਾਲ ਜਾਰੀ ਰੱਖੀ, "ਸਿੱਖ ਸਿਪਾਹੀ ਦਿੱਲੀ ਉਪਰ ਬਰਤਾਨਵੀ ਧਾਵੇ ਦਾ ਹਰਿਆਵਲ ਦਸਤਾ ਸਨ। ਸਿੱਖ ਘੋੜ ਸਵਾਰਾਂ ਦੀ ਸੁਰੱਖਿਆ ਤੋਂ ਬਿਨਾਂ ਜਨਰਲ ਹਡਸਨ ਮੁਗ਼ਲ ਰਾਜਕੁਮਾਰਾਂ ਨੂੰ ਨੰਗੇ ਕਰ ਕੇ ਗੋਲੀ ਦੇ ਨਿਸ਼ਾਨੇ ਬਣਾਉਣ ਦੀ ਹਿਮਾਕਤ ਕਤਈ ਨਹੀਂ ਸੀ ਕਰ ਸਕਦਾ।"

"ਸਿੱਖਾਂ ਨੇ ਮੁਗ਼ਲਾਂ, ਵਿਸ਼ੇਸ਼ਕਰ ਔਰੰਗਜ਼ੇਬ ਦੇ ਰਾਜ ਅਧੀਨ ਬੜੇ ਤਸੀਹੇ ਸਹੇ ਸਨ। ਇਸ ਲਈ ਉਹ ਦਿੱਲੀ ਦੇ ਤਖ਼ਤ 'ਤੇ ਮੁਗ਼ਲ ਸ਼ਹਿਨਸ਼ਾਹ ਨੂੰ ਮੁੜ ਕਾਬਜ਼ ਹੋਇਆ ਵੇਖਣਾ ਨਹੀਂ ਸਨ ਚਾਹੁੰਦੇ।" ਹਰੀ ਸਿੰਘ ਨੇ ਵਜ਼ਾਹਤ ਕੀਤੀ।

ਦੀਵਾਨ ਸਿੰਘ ਨੇ ਗੱਲ ਹੋਰ ਖੋਲ੍ਹ ਕੇ ਦੱਸਣ ਦੀ ਕੋਸ਼ਿਸ਼ ਕੀਤੀ, "ਪੰਜਾਬ ਉੱਪਰ ਅੰਗਰੇਜ਼ਾਂ ਦੇ ਕਬਜ਼ੇ ਨੂੰ ਹਾਲੇ ਸੱਤ ਵਰ੍ਹੇ ਹੀ ਹੋਏ ਸਨ। ਉਨ੍ਹਾਂ ਨੇ ਆਪਣੇ ਵਿਰੁੱਧ ਅਮਿੱਟ ਹੌਸਲੇ ਨਾਲ ਲੜਨ ਵਾਲੇ ਸਿੱਖਾਂ ਨੂੰ ਸ਼ਾਂਤ ਕਰਨ ਲਈ ਬਹੁਤ ਜ਼ਿਆਦਾ ਕੋਸ਼ਿਸ਼ਾਂ ਕੀਤੀਆਂ ਸਨ।

"ਨਾਲੇ ਉਹ ਹੋ ਵੀ ਆਗੂ-ਵਿਹੂਣੇ ਗਏ ਸਨ। ਨੌਜੁਆਨ ਰਾਜਕੁਮਾਰ ਦਲੀਪ ਸਿੰਘ ਨੂੰ ਈਸਾਈ ਬਣਾ ਲਿਆ ਗਿਆ ਸੀ। ਮਹਾਨ ਜਰਨੈਲ ਸ਼ਾਮ ਸਿੰਘ ਅਟਾਰੀ ਵਾਲਾ ਨੂੰ ਨਜ਼ਰਬੰਦ ਕਰ ਲਿਆ ਗਿਆ ਸੀ। ਗੁਰੂ ਨਾਨਕ ਦੇ ਵੰਸ਼ ਦੇ ਬਿਕ੍ਰਮ ਸਿੰਘ ਬੇਦੀ ਦੀ ਵੀ ਪਿੰਡ ਵਿਚ ਹੀ ਜ਼ੂਹਬੰਦੀ ਕਰ ਦਿੱਤੀ ਗਈ ਸੀ।"

---

1. ਬਰਤਾਨਵੀਆਂ ਨੇ ਵਿਸ਼ਸ਼ ਕਰ ਲਾਰਡ ਡਲਹੌਜ਼ੀ ਦੇ ਰਾਜ ਵਿਚ ਲਾਵਾਰਸ ਰਾਜਿਆਂ ਦੀ ਮੌਤ ਮਗਰੋਂ ਉਹਨਾਂ ਦੀਆਂ ਰਿਆਸਤਾਂ ਪੁਰ ਕਬਜ਼ੇ ਕਰਨੇ ਸ਼ੁਰੂ ਕਰ ਦਿੱਤੇ ਸਨ। ਸਿਪਾਹੀ ਇਸ ਕਰ ਕੇ ਬਾਗ਼ੀ ਹੋ ਗਏ ਸਨ ਕਿਉਂਕਿ ਉਹਨਾਂ ਦੇ ਖ਼ਿਆਲ ਅਨੁਸਾਰ ਨਵੀਆਂ ਅਨਫੀਲਡ ਰਫਲਾਂ ਦੀਆਂ ਗੋਲੀਆਂ ਅੱਗੇ ਗੋਕਾ-ਚਰਬੀ ਲਾਈ ਹੋਈ ਸੀ। ਅੰਗਰੇਜ਼ ਲੋਕਾਂ ਤੋਂ ਬਹੁਤ ਕਰ ਕੇ ਅਲੱਗ ਥਲੱਗ ਹੀ ਸਨ ਤੇ ਜਦ ਕਦੇ ਉਹ ਲੋਕਾਂ ਨੂੰ ਮਿਲਦੇ ਵੀ ਸਨ ਉਹਨਾਂ ਨੂੰ ਨਿੱਗਰੋ ਜਾਂ ਸੂਅਰ ਵਰਗੇ ਅਪਮਾਣਜਨਕ ਸ਼ਬਦਾਂ ਨਾਲ ਹੀ ਸੰਬੋਧਨ ਕਰਿਆ ਕਰਦੇ ਸਨ।

ਗੰਡਾ ਸਿੰਘ ਨੇ ਤੋੜਾ ਝਾੜਦਿਆਂ ਕਿਹਾ, "ਪਰੰਤੂ ਇਨਕਲਾਬ ਦੀ ਨਾਕਾਮੀ ਦਾ ਬੁਨਿਆਦੀ ਕਾਰਨ ਹੋਰ ਹੀ ਹੈ। ਇਹ ਨਾਰਾਜ਼ ਰਾਜਕੁਮਾਰਾਂ ਤੇ ਨਵਾਬਾਂ ਦੁਆਰਾਂ ਉੱਪਰੋਂ ਕੀਤਾ ਇਨਕਲਾਬ ਸੀ। ਇਹ ਹੇਠੋਂ ਲੋਕਾਂ ਦੀਆਂ ਜੜ੍ਹਾਂ 'ਚੋਂ ਨਹੀਂ ਸੀ ਪੈਦਾ ਹੋਇਆ।"

"ਹਾਂ ਇਹ ਤਾਂ ਠੀਕ ਹੈ। ਤਕੜੀਆਂ ਜਥੇਬੰਦੀਆਂ ਵਾਲੇ ਮਜ਼ਦੂਰ ਕਿਸਾਨਾਂ ਦਾ ਇਨਕਲਾਬ, ਜਿਹਦੀ ਰਹਿਨੁਮਾਈ ਉਨ੍ਹਾਂ 'ਚੋਂ ਹੀ ਉੱਠੇ ਸੂਝਵਾਨ ਆਗੂਆਂ ਨੇ ਕੀਤੀ ਹੁੰਦੀ, ਤਾਂ ਉਹ ਨਿਸਚੇ ਹੀ ਕੁਚਲਿਆ ਨਹੀਂ ਸੀ ਜਾ ਸਕਦਾ।" ਚੌਧਰੀ ਨੇ ਸੰਮਤੀ ਪ੍ਰਗਟਾਈ।

"ਸਿਰਫ਼ ਤਾਂ ਹੀ ਜੇ ਉਹ ਏਨੇ ਚੇਤੰਨ ਹੁੰਦੇ ਕਿ ਆਪਣੇ ਜ਼ਮੀਰ-ਫ਼ਰੋਸ਼, ਸੁਆਰਥੀ ਆਗੂਆਂ ਦੇ ਹੱਥ-ਠੱਕੇ ਨਾ ਬਣਦੇ।" ਗੰਡਾ ਸਿੰਘ ਨੇ ਆਪਣੇ ਵਲੋਂ ਵਾਧਾ ਕੀਤਾ।

ਸ਼ਾਮ ਢਲੇ, ਵਿਸਕੀ ਦੀ ਛਿੱਟ ਛਿੱਟ ਲਾ ਕੇ, ਸਾਦਾ ਪਰ ਨਰੋਆ ਭੋਜਨ ਛਕਣ ਤੋਂ ਬਾਅਦ 'ਦਰਿਆਈ ਕੁੱਤੇ' ਦੀ ਅਮੀਰੀ ਵਿਚ ਵਾਧਾ ਕਰਨ ਲਈ ਕੀਤੀ ਆਪਣੀ ਦਿਨ ਭਰ ਦੀ ਮੁਸ਼ੱਕਤ ਬਾਰੇ ਫੜ੍ਹਾਂ ਮਾਰਨ ਲੱਗ ਪੈਂਦੇ। ਉਹਨਾਂ ਸਾਥੀ ਮਜ਼ਦੂਰਾਂ ਦੀਆਂ ਝਕਾਨੀਆਂ ਤੇ ਮੋਟੇ ਮਾਲਿਕ ਦੀ ਸਪਤਾਹ-ਅੰਤ ਪ੍ਰਿੰਸ ਜਾਰਜ ਦੀ ਫੇਰੀ ਬਾਰੇ ਚਸਕਾ ਲੈ ਲੈ ਕੇ ਗੱਲਾਂ ਕੀਤੀਆਂ। ਉਹ ਅੰਗਰੇਜ਼ੀ ਵਲੋਂ ਹੱਥ ਤੰਗ ਹੋਣ ਕਾਰਨ ਕੈਨੇਡਾ ਵਿਚ ਆਪਣੀਆਂ ਮੁੱਢਲੀਆਂ ਔਕੜਾਂ ਬਾਰੇ ਆਪੋ ਮਖ਼ੌਲ ਕਰਦੇ ਲੋਟ ਪੋਟ ਹੁੰਦੇ ਰਹੇ। ਚੌਧਰੀ ਨੇ ਹੀਰ ਤੇ ਸੋਹਣੀ ਦੇ ਚੋਣਵੇਂ ਬੰਦ ਆਪਣੀ ਉਦਾਸ ਸੰਗੀਤਕ ਧੁਨ ਵਿਚ ਗਾਏ। ਪਰੰਤੂ ਬਾਜ਼ੀ ਗੰਡਾ ਸਿੰਘ ਨੇ 1857 ਦੇ ਭਾਰਤੀ ਗ਼ਦਰ ਵਿਚ ਸੂਰਮਿਆਂ ਦੀਆਂ ਬੀਰ ਗਾਥਾਵਾਂ ਸੁਣਾ ਕੇ ਜਿੱਤੀ। ਕੈਨੇਡਾ ਦੇ ਜੰਗਲਾਂ ਤੇ ਰਾਤ ਦੇ ਸੰਨਾਟੇ ਵਿਚ ਉਹ ਸੱਤਰ ਵਰ੍ਹੇ ਆਪਣੇ ਦੇਸ਼ ਨੂੰ ਹਿਲਾ ਸੁੱਟਣ ਵਾਲੀਆਂ ਰਾਜਨੀਤਕ ਘਟਨਾਵਾਂ ਦੇ ਵੇਰਵੇ ਨੂੰ ਸੁਣਨ ਵਿਚ ਅਵਿਸ਼ਵਾਸ-ਯੋਗ ਹੱਦ ਤੀਕ ਲੀਨਤਾ ਦੀਆਂ ਮੂਰਤਾਂ ਬਣੇ ਬੈਠੇ ਸਨ। ਉਹਦੇ ਕਹਿਣ 'ਤੇ ਹੀ ਮਲੂਕੇ ਨੇ 'ਆਜ਼ਾਦ' ਦੇ ਗੁਪਤ ਨਾਂ ਹੇਠ ਗ਼ਦਰ ਲਈ ਇਕ ਲੇਖ ਲਿਖਿਆ ਸੀ। ਉਹ ਉਹਨੂੰ ਏਨਾ ਚੰਗਾ ਲੱਗਿਆ ਸੀ ਕਿ ਉਹਨੇ ਆਪ ਹੀ ਨਹੀਂ ਸਗੋਂ ਹੋਰਨਾਂ ਨੂੰ ਵੀ ਕਈ ਵਾਰ ਪੜ੍ਹ ਕੇ ਸੁਣਾਇਆ ਸੀ।

ਮਿੱਲ ਦਾ ਕੰਮ ਹੱਡ-ਭੰਨਵਾਂ ਸੀ, ਪਰ ਤਨਖ਼ਾਹਾਂ ਸਾਹਿਲ ਨਾਲੋਂ ਚੰਗੀਆਂ ਚੋਖੀਆਂ ਸਨ, ਜਿਥੇ ਮਜ਼ਦੂਰ ਵਧੇਰੇ ਸੌਖ ਨਾਲ ਮਿਲ ਜਾਇਆ ਕਰਦੇ ਸਨ। ਇਥੇ ਪੰਜਾਬੀ ਤੇ ਹੋਰ ਮੁਲਾਜ਼ਮ ਵਾਹਵਾ ਮਿਲ-ਜੁਲ ਕੇ ਮਿੱਤਰਾਂ ਵਾਂਗ ਕੰਮ ਕਰਦੇ ਸਨ।

ਸਿਵਾਇ ਚੌੜਾ-ਚਿੱਘਾ ਹਰੀ ਸਿੰਘ, ਜੋ ਹਰੀ-ਚੇਨ ਤੇ ਲੱਗਪੱਗ 30,000 ਚੀਰੇ ਫੱਟੇ ਕੱਲਾ ਹੀ ਧੂਹ ਕੇ ਟਰੱਕ ਵਿਚ ਲੱਦ ਦਿੰਦਾ ਸੀ, ਕਾਫ਼ੀ ਗੁੱਸੇਖੋਰਾ ਸੀ। ਚਾਲਕ ਨੂੰ ਬਹੁਤਾ ਕੰਮ ਨਹੀਂ ਸੀ ਕਰਨਾ ਪੈਂਦਾ। ਜਦੋਂ ਵਿਹਲਾ ਹੋਵੇ, ਉਹਨੂੰ ਹਰੀ ਸਿੰਘ ਦਾ ਹੱਥ ਵਟਾਉਣਾ ਹੁੰਦਾ ਸੀ। ਦੋਹਾਂ ਵਿਚਕਾਰ ਕਦੇ ਕਦੇ ਨੋਕ-ਝੋਕ ਹੋ ਹੀ ਜਾਇਆ ਕਰਦੀ ਸੀ। ਇਕ ਦਿਨ ਹਰੀ ਸਿੰਘ ਨੇ ਉਹਦੇ ਇੰਨਾ ਜ਼ੋਰਦਾਰ ਥੱਪੜ ਮਾਰਿਆ ਸੀ ਕਿ ਉਹਦੀ ਨਕਸੀਰ ਫੁੱਟ ਗਈ ਸੀ।

ਥੌਂਪਸਨ ਵਾਹੋਦਾਹੀ ਮੌਕੇ 'ਤੇ ਪੁੱਜਾ ਸੀ, "ਕੀ ਤਕਲੀਫ਼ ਹੈ ਹਰੀ ਸਿੰਘ", ਉਸ ਨੇ ਪੁੱਛਿਆ।

"ਕੋਈ ਨਹੀਂ ਜਨਾਬ। ਤਕਲੀਫ਼ ਦੂਰ ਹੋ ਗਈ ਹੈ।"

ਟਾਲ ਵਿਚ ਮਲੂਕੇ ਤੇ ਚੌਧਰੀ ਦੋਹਾਂ ਦੀ ਹੀ ਫੱਟੇ ਚਿਣਨ ਵਾਲੀ ਜੋੜੀ ਸੀ। ਚੌਧਰੀ ਲੋਹੇ ਦੇ ਲੰਮੇ ਫਲ ਦੇ ਹੇਠੋਂ ਤੁਲ ਚੇ ਕੈ ਫੱਟੇ ਲੱਦ ਦਿੰਦਾ ਸੀ ਤੇ ਮਲੂਕਾ ਚਬੂਤਰੇ ਦੇ ਸਿਖਰ ਉਨ੍ਹਾਂ ਨੂੰ ਥਾਂ ਸਿਰ ਚਿਣਦਾ ਜਾਂਦਾ ਹੁੰਦਾ ਸੀ। ਚੌਧਰੀ ਬੜਾ ਸੁਖਾਵਾਂ ਜੋਟੀਦਾਰ ਸੀ ਪਰ ਉਹ ਤਕੜਾ ਬਹੁਤਾ ਨਹੀਂ ਸੀ। ਸਿੱਟੇ ਵਜੋਂ ਕਈ ਵਾਰ ਭਾਰੀ ਫੱਟਿਆਂ ਦੀ ਲਦਾਈ ਵੇਲੇ ਪਿਛਾਂਹ ਵੱਲ ਝੁਕ ਕੇ ਬਹੁਤੀ ਹੀ ਚੇਹ ਤੋੜਨੀ ਪੈਂਦੀ ਸੀ।

ਚਮਕਦਾਰ ਧੁੱਪ ਵਾਲੇ ਦਿਨ-ਮਹੀਨੇ ਮੁੱਕ ਗਏ ਤੇ ਅਗਸਤ ਵਿਚ ਟਾਲ ਚੇ ਮਜ਼ਦੂਰਾਂ ਦੀਆਂ ਮੁਸ਼ਕਲਾਂ ਮੀਂਹ ਪੈਣ ਨਾਲ ਵੱਧ ਗਈਆਂ ਸਨ। ਉਹਨਾਂ ਨੂੰ ਰੱਬੜ ਦੀਆਂ ਭਾਰੀਆਂ ਵਰਦੀਆਂ ਤੇ ਬੂਟ ਪਾਉਣੇ ਪੈਂਦੇ ਸਨ। ਇਕ ਦਿਨ ਰੰਦੇ ਹੋਏ ਭਾਰੇ ਫੱਟੇ ਖਿੱਚਦਾ ਮਲੂਕਾ ਕਈ ਫੁੱਟ ਉੱਚੇ ਢੇਰ ਤੋਂ ਤਿਲਕ ਕੇ ਡਿੱਗ ਪਿਆ ਤੇ ਉਸ ਦੀ ਖੱਬੀ ਬਾਂਹ ਟੁੱਟ ਗਈ ਸੀ। ਉਸ ਲਈ ਮਿੱਲ 'ਤੇ ਕੰਮ ਜਾਰੀ ਰੱਖਣਾ ਅਸੰਭਵ ਹੋ ਗਿਆ ਸੀ ਤੇ ਮੁੜ ਯੂਨੀਵਰਸਿਟੀ ਜਾਣ ਜੋਗੇ ਪੈਸੇ ਹਾਲੇ ਉਸ ਕੋਲ ਹੋਏ ਨਹੀਂ ਸਨ।

"ਟੁੱਟੀ ਹੋਈ ਬਾਂਹ ਨਾਲ ਭੂੰ ਮਿੱਲ 'ਤੇ ਕਾਫ਼ੀ ਸਮਾਂ ਕੰਮ ਕਰਨੋਂ ਆਰੀ

ਰਹੇਂਗਾ ਮਲੂਕਿਆ।" ਗੰਡਾ ਸਿੰਘ ਨੇ ਕਿਹਾ, "ਹਿੰਦੁਸਤਾਨ ਦਾ ਹੀ ਗੇੜਾ ਮਾਰ ਆ ਥੋੜ੍ਹੇ ਚਿਰ ਲਈ", ਉਸ ਨੇ ਤਜਵੀਜ਼ ਦਿੱਤੀ ਸੀ, "ਤੇਰੇ ਲਈ ਇਹ ਤਜਰਬਾ ਬੜਾ ਦਿਲਚਸਪ ਹੋਵੇਗਾ। ਬੜੀ ਉਥਲ ਪੁਥਲ 'ਚੋਂ ਲੰਘ ਰਿਹੈ ਹਿੰਦੁਸਤਾਨ।"

ਸਾਰੇ ਪੰਜਾਬੀਆਂ ਨੂੰ ਉਸ ਨਾਲ ਵਾਪਰੇ ਹਾਦਸੇ ਦਾ ਗਹਿਰਾ ਦੁੱਖ ਸੀ। ਸਾਰੇ ਉਹਨੂੰ ਕੁਝ ਮਹੀਨਿਆਂ ਲਈ ਦੇਸ ਜਾਣ ਬਾਰੇ ਜ਼ੋਰ ਪਾ ਕੇ ਕਹਿ ਰਹੇ ਸਨ।

ਮਲੂਕੇ ਨੂੰ ਵੀ ਮੌਜੂਦਾ ਹਾਲਾਤ ਵਿਚ ਇਹ ਗੱਲ ਜਚ ਗਈ ਸੀ। ਪਰ ਜਦੋਂ ਵਿਛੜਨ ਦਾ ਵੇਲਾ ਆਇਆ ਤਾਂ ਇਹਦਾ ਦਿਲ ਅਜਿਹੇ ਸੁਖਾਵੇਂ ਮਜ਼ਦੂਰਾਂ ਦੀ ਟੋਲੀ ਨਾਲੋਂ ਨਿੱਖੜਨ ਦੀ ਕਲਪਣਾ ਕਰ ਕੇ ਹੀ ਦਹਿਲ ਗਿਆ। ਇਹ ਸਭ ਉਸ ਨਾਲ ਨਿੱਘੇ ਦੋਸਤਾਂ ਵਾਂਗ ਵਰਤਦੇ ਰਹੇ ਸਨ।

ਜਦੋਂ ਮਲੂਕਾ ਢਾਰੇ ਤੋਂ ਵਿਦਾ ਹੋਣ ਲੱਗਾ ਤਾਂ ਗੰਡਾ ਸਿੰਘ ਨੇ ਉਹਨੂੰ ਡਾਲਰਾਂ ਨਾਲ ਭਰਿਆ ਬੰਦ ਲਫ਼ਾਫ਼ਾ ਫੜਾਇਆ। ਇਹ ਪੈਸੇ ਸਭਨਾਂ ਨੇ ਉਸ ਲਈ ਵਿਦਾਇਗੀ-ਤੋਹਫ਼ੇ ਦੇ ਤੌਰ 'ਤੇ ਇਕੱਠੇ ਕੀਤੇ ਸਨ। ਉਹਦਾ ਦਿਲ ਜਜ਼ਬੇ ਨਾਲ ਮੂੰਹੋਂ ਮੂੰਹ ਭਰਿਆ ਪਿਆ ਸੀ।

46

ਸਤੰਬਰ 1927 ਵਿਚ ਮਲੂਕਾ ਇਕ ਵਾਰ ਫਿਰ ਸੀ. ਪੀ. ਆਰ. ਦੇ ਇਕ ਹੋਰ ਜਹਾਜ਼ 'ਐਂਪ੍ਰੈਸ ਆਫ਼ ਰਸ਼ੀਆ' ਦੇ ਕਿਰਾਇਤੀ ਮੁਸਾਫ਼ਿਰਾਂ ਦੇ ਤੌਰ ਤੇ ਸਵਾਰ ਸੀ। ਜਹਾਜ਼ ਤੇ ਇਹਦਾ ਪ੍ਰਬੰਧ 'ਐਂਪ੍ਰੈਸ ਆਫ਼ ਏਸ਼ੀਆ' ਨਾਂ ਦੇ ਉਸੇ ਜਹਾਜ਼ ਵਰਗਾ ਸੀ, ਜਿਸ ਵਿਚ ਸਵਾਰ ਹੋ ਕੇ ਉਹ 1922 ਵਿਚ ਕੈਨੇਡਾ ਆਇਆ ਸੀ। ਦੋ-ਮੰਜ਼ਲੇ ਫੱਟਿਆਂ ਵਾਲੀਆਂ ਲੰਮੀਆਂ ਕਤਾਰਾਂ ਵਾਲਾ ਦਲਾਨ ਚੀਨੇ ਮੁਸਾਫ਼ਿਰਾਂ ਨਾਲ ਤੂਸ ਕੇ ਭਰਿਆ ਹੋਇਆ ਸੀ। ਮਲੂਕੇ ਤੋਂ ਬਿਨਾਂ ਸਾਰੇ ਜਹਾਜ਼ ਵਿਚ ਸਿਰਫ ਇਕ ਹੋਰ ਭਾਰਤੀ ਮੁਸਾਫ਼ਿਰ ਸੀ। ਉਹਦਾ ਨਾਂ ਸੀ ਨੂਰ ਮੁਹੰਮਦ ਤੇ ਉਹ ਦਮੇ ਦਾ ਰੋਗੀ ਸੀ।

ਮਧਰੇ, ਇਕਹਿਰੇ ਸਰੀਰ, ਸਿਆਣੀ ਦਿੱਖ, ਤਿੱਖੇ ਨੱਕ ਤੇ ਖੁੱਲ੍ਹੀਆਂ ਚੌੜੀਆਂ ਅੱਖਾਂ ਵਾਲੇ ਇਸ ਬੰਦੇ ਨੂੰ ਸਾਰੇ ਪਿਆਰ ਨਾਲ ਨੂਰੀ ਕਹਿੰਦੇ ਸਨ। ਉਹ ਉਰਦੂ-ਫ਼ਾਰਸੀ ਕਵਿਤਾ ਦਾ ਰਸੀਆ ਸੀ ਤੇ ਸੂਫ਼ੀ ਮੱਤ ਦਾ ਗਹਿਰਾ ਪ੍ਰਸ਼ੰਸਕ। ਉਹ ਮੁਸਲਮਾਨ ਸੀ। ਪਰ ਉਹਦੇ ਧਰਮ ਦਾ ਜ਼ਾਹਿਰਾ ਨਿਸ਼ਾਨ ਕੇਵਲ ਪਤਲੀਆਂ ਲੰਬਤਰਾਸ਼ੀਆਂ ਮੁੱਛਾਂ ਹੀ ਸਨ। ਉਸ ਨੇ ਕਈ ਵਰ੍ਹੇ ਵੈਨਕੂਵਰ ਸੇਡਾਰ ਮਿੱਲ ਵਿਚ ਕੰਮ ਕੀਤਾ ਸੀ ਤੇ ਉਹ ਫੱਟੇ ਚੀਰਨ ਵਾਲੀਆਂ ਮਸ਼ੀਨਾਂ ਦਾ ਇਕੱਲਾ ਹੀ ਗ਼ੈਰ-ਚੀਨੀ ਮਜ਼ਦੂਰ ਸੀ। ਉਹਦਾ ਕੰਮ ਸੀ ਤਾਂ ਹਲਕਾ ਪਰ ਦਿਆਰ ਦੀ ਲੱਕੜ 'ਚੋਂ ਨਿਕਲਣ ਵਾਲੇ ਮਹੀਨ ਬੂਰੇ ਨੇ ਉਹਦੀ ਸਾਹ-ਪ੍ਰਣਾਲੀ ਦੀ ਹਾਲਤ ਮੰਦੀ ਕਰ ਛੱਤੀ ਸੀ। ਉਹ ਲੰਮੇ ਕੇਲੇਂ ਦੇ ਰੁੱਖਾਂ ਵਿਚ ਵੱਡੇ ਸਾਰੇ ਦੋ-ਮੰਜ਼ਲੇ ਚੀਨੀ ਬੈਂਕ-ਘਰ ਦੀ ਨਿੱਕੀ ਜੇਹੀ ਕੋਠੜੀ ਵਿਚ ਇਕੱਲਾ ਹੀ ਰਿਹਾ ਕਰਦਾ ਸੀ। ਉਹ ਚੀਨੀ ਮਜ਼ਦੂਰਾਂ ਵਿਚ ਕਾਫ਼ੀ ਮਕਬੂਲ ਹੋ ਗਿਆ ਸੀ ਤੇ ਉਸ ਨੂੰ ਕਾਫ਼ੀ ਰਵਾਨੀ ਨਾਲ ਚੀਨੀ ਬੋਲਣੀ ਆ ਗਈ ਸੀ।

ਚੀਨੀ ਮੁਸਾਫ਼ਿਰ ਆਮ ਕਰਕੇ ਘਰਾਂ ਨੂੰ ਥੋੜ੍ਹਾ ਬਹੁਤ ਧਨ ਕਮਾਕੇ ਪਰਤਣ ਵਾਲੇ ਪਰਵਾਸੀ ਮਜ਼ਦੂਰ ਹੀ ਸਨ। ਉਹਨਾਂ ਵਿਚ ਵਿਰਲੇ ਟਾਵੇਂ ਵਿਦਿਆਰਥੀ ਵੀ ਸਨ, ਜੋ ਵਜ਼ੀਫ਼ਿਆਂ ਤੇ ਅਮਰੀਕੀ ਯੂਨੀਵਰਸਿਟੀਆਂ ਵਿਚ ਪੜ੍ਹਨ ਗਏ ਹੋਏ ਸਨ।

... ...

ਬਰਾਂਡੇ ਵਿਚੋਂ ਨਿਕਲ ਕੇ ਜਹਾਜ਼ ਗੂੜ੍ਹੇ ਨੀਲੇ ਸ਼ਾਂਤ ਮਹਾਂਸਾਗਰ ਵਿਚ ਦਾਖਲ ਹੋਣ ਸਾਰ ਹੀ ਮਲੂਕਾ ਸਸਤੇ ਭਾੜੇ ਦੇ ਮੁਸਾਫਰਾਂ ਲਈ ਰਾਖਵੇਂ ਡੈੱਕ ਦੀਆਂ ਪੌੜੀਆਂ ਚੜ੍ਹ ਕੇ ਉੱਪਰ ਆ ਗਿਆ। ਕੰਪਨੀ ਦੇ ਝੰਡੇ ਵਾਲੇ ਨਿੱਕੇ ਜੇਹੇ ਰਤਾ ਕੁ ਤਿਰਛੇ ਮਸਤੂਲ ਲਾਗੇ ਦੇ ਜੰਗਲੇ ਦੀ ਓਟ ਲੈਕੇ, ਉਹ ਉਸ ਮੁਲਕ ਦੇ ਪਿਛਾਂਹ ਰਹਿ ਗਏ ਤਟ ਨੂੰ ਮੋਹ ਨਾਲ ਨਿਹਾਰਨ ਲੱਗਾ, ਜਿਸ ਨਾਲ ਉਹਨੂੰ ਹੌਲੀ ਹੌਲੀ ਮੁਹੱਬਤ ਕਰਨ ਦੀ ਜਾਚ ਆ ਗਈ ਸੀ। ਜਹਾਜ਼ ਨੇ ਰਫ਼ਤਾਰ ਫੜੀ ਤਾਂ ਸਾਹਿਲ ਤੇ ਲਹਿਰਾਉਂਦੇ ਹਰੇ ਕੋਨ-ਰੁੱਖਾਂ ਦਾ ਆਕਾਰ ਨਿੱਕੇ ਤੋਂ ਨਿੱਕਾ ਹੁੰਦਾ ਗਿਆ ਤੇ ਫੇਰ ਉਹ ਧੁੰਦ ਵਿਚ ਅਸਲੋਂ ਹੀ ਅਲੋਪ ਹੁੰਚੇ ਗਏ। ਤੇ ਵਿਸ਼ਾਲ ਨੀਲ ਗਗਨ ਸਾਗਰ ਦੀ ਅਸਗਾਹਤਾ ਨਾਲ ਹੀ ਇੱਕ-ਮਿੱਕ ਹੋ ਗਿਆ। ਜਹਾਜ਼ ਦੇ ਪੱਖੇ ਸ਼ਕਤੀਸ਼ਾਲੀ ਪਾਣੀ ਨੂੰ ਰਿੜਕ ਕੇ ਬੁਲਬੁਲੇ ਦੀ ਚਿੱਟੀ ਝੱਗ ਬਣਾਉਂਦੇ ਗਏ

ਤੇ ਤੇਜ਼ ਵਗਦੇ ਜਹਾਜ਼ ਦੇ ਪਿੱਛੇ ਉੱਠੀਆਂ ਲਹਿਰਾਂ ਸਮੁੰਦਰ ਵਿਚ ਘੁੰਮਦੀਆਂ ਗੁੰਮਦੀਆਂ ਰਹੀਆਂ।

ਮਲੂਕੇ ਨੂੰ ਇਸ ਗੱਲ ਦੀ ਖ਼ੁਸ਼ੀ ਸੀ ਕਿ ਉਹ ਛੇਤੀ ਹੀ ਆਪਣੇ ਟੱਬਰ ਦੇ ਜੀਆਂ ਨੂੰ ਮਿਲੇਗਾ ਤੇ ਭਾਰਤ ਵਿਚ 1921 ਵਿਚ ਮਹਾਤਮਾ ਗਾਂਧੀ ਦੁਆਰਾ ਦੇਸ਼ ਦੀ ਆਜ਼ਾਦੀ ਲਈ ਛੇੜੀ ਨਾ-ਮਿਲਵਰਤਣ ਦੀ ਲਹਿਰ ਨੂੰ ਵਾਪਿਸ ਲੈਣ ਮਗਰੋਂ ਵਾਪਰੀਆਂ ਤਬਦੀਲੀਆਂ ਨੂੰ ਨੇੜਿਓਂ ਹੋ ਕੇ ਵੇਖੇਗਾ। ਪਰ ਉਹਨੂੰ ਕੈਨੇਡਾ ਤੋਂ ਆਪਣੀ ਪੜ੍ਹਾਈ ਅੱਧ-ਵਿਚਾਲੇ ਛੱਡ ਕੇ ਆਉਣ ਦੀ ਉਦਾਸੀ ਸੀ। ਭਾਰਤੀ ਪਰਵਾਸੀਆਂ ਨਾਲ ਵਿਤਕਰੇ ਦੇ ਬਾਵਜੂਦ ਉਹਨੂੰ ਇਹ ਦੇਸ਼ ਤੇ ਇੱਥੋਂ ਦੇ ਲੋਕ ਚੰਗੇ ਲੱਗਣ ਲੱਗ ਪਏ ਸਨ। ਬੇਹੱਦ ਵਿਸ਼ਾਲ ਭੂਮੀ ਵਾਲੇ ਇਸ ਦੇਸ਼, ਜਿਸ ਦੀਆਂ ਹੱਦਾਂ ਪੂਰਬ ਵਿਚ ਅੰਧ ਮਹਾਂਸਾਗਰ ਤੇ ਪੱਛਮ ਵਿਚ ਸ਼ਾਂਤ ਮਹਾਂਸਾਗਰ ਨੂੰ ਛੂਹਦੀਆਂ ਸਨ, ਵਿਚ ਮਹਾਨ ਸੰਭਾਵਨਾਵਾਂ ਸਨ। ਚੇਪਲੇਨ, ਵੈਰੇਂਦਰੇ, ਲਾ ਸੋਲੇ ਤੇ ਹੈਨਰੀ ਹਡਸਨ ਜੇਹੇ ਮੁੱਢਲੇ ਖੋਜੀਆਂ ਦੇ ਦਿਨਾਂ ਤੋਂ ਲੈ ਕੇ ਅੱਜ ਤੀਕ ਇਹਦੇ ਵਿਕਾਸ ਤੇ ਪ੍ਰਗਤੀ ਦੀ ਦਾਸਤਾਨ, ਉਹਨੂੰ ਮੋਹਿਤ ਕਰਦੀ ਸੀ। ਇੱਥੇ ਤੇ ਸੰਯੁਕਤ ਰਾਜ ਅਮਰੀਕਾ ਵਿਚ ਜਿਹੜਾ ਸਭਿਆਚਾਰ ਵਿਕਸਿਤ ਹੋ ਰਿਹਾ ਸੀ, ਉਸ ਨੂੰ ਆਮ ਤੌਰ ਤੇ "ਯੂਰਪੀ ਸਭਿਅਤਾ ਦੇ ਰੁੱਖ 'ਤੇ ਖਿੜਨ ਵਾਲੀਆਂ ਪਿਛੇਤੀਆਂ ਸ਼ਾਖ਼ਾਂ" ਦਾ ਨਾਂ ਦਿੱਤਾ ਜਾਂਦਾ ਸੀ। ਮੂਲ ਰੂਪ ਵਿਚ ਇਹ ਫ਼ਰਾਂਸੀਸੀ ਤੇ ਅੰਗਰੇਜ਼ੀ ਸਭਿਆਚਾਰ, ਹੌਲੀ ਹੌਲੀ ਟੱਕਰ ਤੇ ਅਨੁਕੂਲਣ ਦੀ ਕੁਠਾਲੀ ਵਿਚ ਢਲ ਕੇ ਦੂਜੇ ਦੇਸ਼ਾਂ ਦੇ ਅਵਾਸੀਆਂ ਨੂੰ ਆਪਣੇ ਅੰਦਰ ਸਮੋ ਕੇ, ਹੌਲੀ ਹੌਲੀ ਪ੍ਰਪੱਕ ਹੋ ਰਿਹਾ ਸੀ। ਮਲੂਕੇ ਨੂੰ ਯਕੀਨ ਸੀ ਕਿ ਜਦੋਂ ਪੂਰਬ ਦੇ ਦੇਸ਼ ਸੁਤੰਤਰ ਤੇ ਮਜ਼ਬੂਤ ਹੋ ਜਾਣਗੇ, ਕੇਵਲ ਚੀਨ ਵਾਂਗ ਨਾਂ-ਧਰੀਕ 'ਪ੍ਰਭੂਤਾਧਾਰੀ ਹੀ ਨਹੀਂ', ਅਤੇ ਉਹਨਾਂ ਦੇ ਲੋਕਾਂ ਵਿਰੁੱਧ ਵਿਤਕਰੇ ਵਾਲੀਆਂ ਅਵਾਸੀ ਬੰਦਸ਼ਾਂ ਖ਼ਤਮ ਹੋ ਜਾਣਗੀਆਂ ਤਾਂ ਉਹ ਵੀ ਇਸ ਦੇਸ਼ ਦੇ ਸਭਿਆਚਾਰਕ ਤੇ ਪਦਾਰਥਕ ਜੀਵਨ ਵਿਚ ਆਪਣਾ ਗਿਣਤੀ ਯੋਗ ਹਿੱਸਾ ਪਾ ਸਕੇਗਾ।

... ...

ਆਮ ਕਰ ਕੇ ਸੀ. ਪੀ. ਆਰ. ਦੇ ਪੰਜਾਬੀ ਮਜ਼ਦੂਰ ਆਪਣੀ ਰੋਟੀ ਆਪ ਕਾਇਆ ਕਰਦੇ ਸਨ। ਕੰਪਨੀ ਉਹਨਾਂ ਨੂੰ ਲੋੜੀਂਦੀ ਰਸਦ ਮੁਹੱਈਆ ਕਰ

ਦਿੰਦੀ ਸੀ। ਪਰ ਇਸ ਵਾਰ ਤਾਂ ਉਹਨਾਂ ਦੀ ਗਿਣਤੀ ਕੇਵਲ ਚੋ ਹੀ ਸੀ ਤੇ ਨੂਰੀ ਨੂੰ ਚੀਨੀ-ਭੋਜਨ ਖ਼ੂਬ ਪਸੰਦ ਸਨ। ਸਿੱਟੇ ਵਜੋਂ ਉਹਨਾਂ ਛੇ ਚੀਨੀਆਂ ਨਾਲ ਹੀ ਖਾਣਾ-ਮੇਜ਼ ਸਾਂਝਾ ਕਰਨ ਦਾ ਫੈਸਲਾ ਕਰ ਲਿਆ ਸੀ। ਉਹਨਾਂ ਵਿਚੋਂ ਚਾਰ ਅਮਰੀਕਨ ਯੂਨੀਵਰਸਿਟੀਆਂ ਚੇ ਗਰੈਜੂਏਟ ਸਨ। ਇਕ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਦਾ ਭਗੌੜਾ ਸੀ, ਜੋ ਬਹਿਰੇ ਦਾ ਕੰਮ ਕਰ ਰਿਹਾ ਸੀ ਤੇ ਛੇਵਾਂ ਨੂਰੀ ਦਾ ਦੋਸਤ ਸੀ ਜੋ ਨੂਰੀ ਨਾਲ ਵੈਨਕੂਵਰ ਮਿੱਲ ਵਿਚ ਵੀ ਕੰਮ ਕਰਦਾ ਰਿਹਾ ਸੀ।

ਨੂਰੀ ਨੇ ਮਲੂਕੇ ਦੀ ਚੀਨੀ ਟੋਲੀ ਨਾਲ ਲੋੜੀਂਦੀ ਜਾਣ ਪਛਾਣ ਕਰਵਾ ਚਿੱਤੀ ਸੀ।

"ਇਹ ਜੁਆਨ" ਉਸ ਨੇ ਕਿਹਾ, "ਛੋਟਾ ਹੁੰਦਾ ਹੀ ਹਿੰਦੁਸਤਾਨੋਂ ਆ ਗਿਆ ਸੀ, ਤੇ ਆਪਣੇ ਦੇਸ਼ ਬਾਰੇ ਹੋਰ ਵਧੇਰੇ ਜਾਨਣ ਲਈ ਵਾਪਿਸ ਆਪਣੇ ਦੇਸ਼ ਨੂੰ ਜਾ ਰਿਹਾ ਹੈ। ਇਹਨੂੰ ਚੀਨ ਵਿਚ ਵੀ ਬੜੀ ਦਿਲਚਸਪੀ ਹੈ।"

"ਅਸੀਂ ਵੀ ਭਾਰਤ ਬਾਰੇ ਹੋਰ ਵਧੇਰੇ ਜਾਣਕਾਰੀ ਹਾਸਿਲ ਕਰਨੀ ਚਾਹਾਂਗੇ", ਗਾਓ-ਯੁਆਨ ਨੇ ਆਖਿਆ। ਉਸ ਹਾਰਵਰਡ ਯੂਨੀਵਰਸਿਟੀ ਵਿਚੋਂ ਫ਼ਿਲਾਸਫ਼ੀ ਦੀ ਪੀ. ਐਚ. ਡੀ. ਕੀਤੀ ਹੋਈ ਸੀ ਤੇ ਉਹ ਅਮਰੀਕੀ ਸਭਿਅਤਾ ਦਾ ਬੜਾ ਦਿਲਦਾਦਾ ਸੀ।

"ਭਾਰਤ ਤੇ ਚੀਨ ਦੋਹਾਂ ਦੀਆਂ ਹੀ ਬੜੀਆਂ ਪੁਰਾਣੀਆਂ ਤਹਿਜ਼ੀਬਾਂ ਨੇ", ਲੰਮੇ, ਪਤਲੇ ਤੇ ਕੋਮਲ ਨੁਹਾਰ ਵਾਲੇ ਵਿਦਵਾਨ ਤਿਆਂਗ-ਲਿਆ-ਚੂ ਨੇ ਕਿਹਾ। ਆਪਣੀਆਂ ਖੁੱਲ੍ਹੀਆਂ ਬਾਹਾਂ ਵਾਲੇ, ਲੰਮੇ ਗੂੜ੍ਹੇ ਨੀਲੇ ਤੇ ਗਰਦਨ ਤੀਕ ਬਟਨ-ਬੰਦ ਕੋਟ ਵਿਚ ਸਜਿਆ ਇਹ ਚੀਨੀ ਗੁੱਡਾ ਲੱਗ ਰਿਹਾ ਸੀ। "ਬੀਤੇ ਸਮਿਆਂ ਵਿਚ" ਉਸ ਨੇ ਆਪਣੀ ਗੱਲ ਜਾਰੀ ਰੱਖੀ, "ਸਾਡੇ ਦੇਸ਼ਾਂ ਵਿਚਕਾਰ ਯਾਤਰੂ ਵਿਦਵਾਨਾਂ, ਬੋਧੀ ਭਿਕਸ਼ੂਆਂ ਤੇ ਰੇਸ਼ਮੀ ਮਾਰਗ 'ਤੇ ਆਉਣ ਜਾਣ ਵਾਲੇ ਵਪਾਰੀਆਂ ਰਾਹੀਂ ਬੜੇ ਦੋਸਤਾਨਾ ਸੰਬੰਧ ਰਹੇ ਹਨ।"

"ਪਰ ਹੁਣ" ਉਸ ਨੇ ਰਤਾ ਉਦਾਸੀ ਨਾਲ ਕਿਹਾ, "ਸਾਡਾ ਹਾਂਗਕਾਂਗ, ਕੋਲੂਮ, ਸ਼ੰਘਾਈ ਤੇ ਚੀਨ ਦੀਆਂ ਹੋਰ ਬੰਦਰਗਾਹਾਂ ਵਿਚ ਬਰਤਾਨਵੀ ਸਾਮਰਾਜ ਆਪਣੇ ਹਿੱਤਾਂ ਦੀ ਰਾਖੀ ਲਈ ਤਾਇਨਾਤ ਕੀਤੇ ਭਾਰਤੀ ਪੁਲਸੀਆਂ, ਫ਼ੌਜੀਆਂ

ਤੇ ਚੌਕੀਦਾਰਾਂ ਰਾਹੀਂ ਹੀ ਸਿੱਧਾ ਸੰਬੰਧ ਸੀਮਿਤ ਹੋ ਕੇ ਰਹਿ ਗਿਆ ਹੈ।"

"ਅਸੀਂ ਤਾਂ ਵੈਨਕੂਵਰ ਦੀ ਦਿਆਰ ਮਿੱਲ ਵਿਚ ਨੂਰੀ ਰਾਹੀਂ ਹੀ ਮਿੱਤਰ ਭਾਰਤ ਦੇ ਦੀਦਾਰ ਕੀਤੇ ਹਨ", ਐਡੀ ਵਾਂਗ ਨੇ ਕਿਹਾ। ਉਸ ਨੇ ਉਸ ਮਿੱਲ ਵਿਚ ਬੜੇ ਵਰ੍ਹੇ ਕੰਮ ਕੀਤਾ ਹੋਇਆ ਸੀ। "ਇਹ ਬੜਾ ਹੀ ਦਿਆਲੂ ਭੱਦਰ ਪੁਰਸ਼ ਏ।" ਉਸ ਨੇ ਉਦਾਰਤਾ ਭਰੀ ਪ੍ਰਸ਼ੰਸਾ ਨਾਲ ਕਿਹਾ।

ਸੁਖਾਵੀਂ ਸੰਗਤ ਵਿਚ ਸਾਦ-ਮੁਰਾਦਾ ਭੋਜਨ ਪਾ ਕੇ ਮਲੂਕਾ ਜਹਾਜ਼ ਦੇ ਪਿਛਲੇ ਪਾਸੇ ਵਾਲੇ ਡੈੱਕ ਤੇ ਚਲਾ ਗਿਆ। ਰਾਤ ਸਾਫ਼ ਤੇ ਘੱਟ ਰਿਹਾ ਚੰਦਰਮਾ ਹਾਲੇ ਵੀ ਲਹਿਰੀਦਾਰ ਸਮੁੰਦਰ ਨੂੰ ਦਮਕਦੀ ਸਤਹ ਪ੍ਰਦਾਨ ਕਰਨ ਲਈ ਕਾਫ਼ੀ ਦਮ ਖ਼ਮ ਵਾਲਾ ਸੀ।

ਪਹਿਲੇ ਦਰਜੇ ਦੇ ਆਂਗਣ ਵਿਚ ਤੇਜ਼ ਰੌਸ਼ਨੀਆਂ ਦੀ ਜਗਮਗਾਹਟ ਸੀ ਤੇ ਬੈਂਡ ਤੇ ਵਾਲਜ਼-ਨ੍ਰਿਤ ਦੀ ਧੁਨ ਵਜਾਈ ਜਾ ਰਹੀ ਸੀ। ਕੁਝ ਮੁਸਾਫ਼ਰ ਆਪਣੀਆਂ ਤ੍ਰਿਕਾਲਾਂ ਦੀਆਂ ਪੁਸ਼ਾਕਾਂ ਪਹਿਨੀਂ ਛੱਤਦਾਰ ਅੰਡਾਕਾਰੀ ਵਰ੍ਹਾਂਡੇ ਵਿਚ ਚਹਿਲ-ਕਦਮੀ ਕਰ ਰਹੇ ਸਨ। ਕੁਝ ਚਿੱਟੇ ਬੇਦਾਗ਼ ਮੇਜ਼ਪੋਸ਼ਾਂ 'ਤੇ ਪਏ ਦਾਰੂ ਦੀਆਂ ਚੁਸਕੀਆਂ ਲੈ ਰਹੇ ਸਨ ਤੇ ਕਈ ਜੋੜੇ ਗਲਵੱਕੜੀਆਂ ਵਿਚ ਗੁਆਚੇ ਵੀਆਨਾਂ ਜੰਗਲਾਂ ਵਿਚ ਟੇਲਜ਼ ਦੀ ਧੁੰਨ 'ਤੇ ਨੱਚਦੇ ਝੂਮ ਰਹੇ ਸਨ।

ਹੇਠਾਂ ਧੂੰਆਂਧਾਰ ਭੀੜ-ਭੜੱਕੇ ਵਾਲੇ ਖਾਣ-ਕਮਰੇ ਵਿਚ ਸਸਤੇ ਭਾੜੇ ਦੇ ਮੁਸਾਫ਼ਰ, ਜਿਨ੍ਹਾਂ 'ਚੋਂ ਬਹੁਤਿਆਂ ਨੇ ਨੀਲੀਆਂ ਸੂਤੀ ਜਾਕਟਾਂ-ਪੈਂਟਾਂ ਪਹਿਨੀਆਂ ਹੋਈਆਂ ਸਨ, ਸਪੰਜ ਨਾਲ ਪੂੰਝੇ ਲੱਕੜ ਦੇ ਮੇਜ਼ਾਂ ਦੁਆਲੇ ਝੁਰਮਟ ਪਾਈ ਬੈਠੇ ਸਨ। ਕੁਝ ਤਾਸ਼ ਖੇਡਦੇ ਪਏ ਸਨ ਤੇ ਦੂਜੇ ਜੂਆ-ਮੇਜ਼ਾਂ ਦੁਆਲੇ ਖੜੇ ਸਨ। ਬਹੁਤੇ ਅਮਰੀਕਾ ਵਿਚ ਕੀਤੇ ਆਪੋ ਆਪਣੇ ਕੰਮਾਂ 'ਤੇ ਦੇਸ਼ ਵਿਚ ਆਪਣੀਆਂ ਭਵਿੱਖ-ਵਰਤੀ ਯੋਜਨਾਵਾਂ ਬਾਰੇ ਗੱਲਾਂ ਵਿਚ ਹੀ ਗਲਤਾਨ ਸਨ।

ਮਲੂਕਾ ਇਕੱਲਾ ਬੈਠਾ ਆਪਣੀਆਂ ਹੀ ਸੋਚਾਂ ਵਿਚ ਗੁਆਚਾ ਹੋਇਆ ਸੀ। ਉਹ ਜਹਾਜ਼ ਵਿਚ ਵਿਦਮਾਨ ਦੋਂਹ ਦੁਨੀਆਂ ਬਾਰੇ ਸੋਚਦਾ ਪਿਆ ਸੀ—ਇਕ ਚੁਜੀ ਦੇ ਇੰਨੇ ਨੇੜੇ ਤੇ ਇੰਨੀਆਂ ਅੱਡੋ ਅੱਡਰੀਆਂ। ਕਿੰਨੀ ਅਵੱਲੀ ਸੀ ਇਹ ਦੁਨੀਆ!

"ਤੂੰ ਇਕੱਲਾ ਹੀ ਬੈਠਾ ਕੀ ਕਰਦਾਂ?" ਨੂਰੀ ਨੇ ਡੈੱਕ 'ਤੇ ਆਉਂਦਿਆਂ ਹੀ ਆਖਿਆ, "ਕਾਹਦੇ ਸੁਪਨੇ ਲੈਂਦਾ ਪਿਆਂ?"

"ਨੂਰੀ, ਮੈਂ ਸਿਗਮੰਡ ਫ਼ਰਾਇਡ ਬਾਰੇ ਸੋਚਦਾ ਤੇ ਉਹਦੇ ਸੁਪਨਿਆਂ ਦੇ ਸਿਧਾਂਤ ਬਾਰੇ ਵੀ। ਉਹ ਕਹਿੰਦਾ ਹੈ ਕਿ ਮਨੁੱਖ ਦੀਆਂ ਬਦਸੂਰਤ ਤੇ ਚੇਤੰਨ ਮਨ ਨੂੰ ਨਾ ਪਚਦੀਆਂ ਇੱਛਾਵਾਂ ਉਹਦੀ ਉਪ-ਚੇਤਨਾ ਵਿਚ ਜਾ ਬਿਰਾਜਦੀਆਂ ਨੇ ਤੇ ਰਾਤ ਵੇਲੇ ਜਦ ਬੰਦਾ ਸੁੱਤਾ ਪਿਆ ਹੁੰਦਾ ਹੈ, ਤਾਂ ਉਹ ਬਾਇਜ਼ਤ ਪੁਸ਼ਾਕਾਂ ਪਹਿਨ ਕੇ ਚੇਤਨਾ ਦੇ ਵਿਹੜੇ ਵਿਚ ਆਪਣੇ ਸ਼ਿਕਾਰ ਕਰਨ ਆ ਜਾਂਦੀਆਂ ਨੇ।"

"ਲੱਗਦਾ ਹੈ ਕਿ ਸ਼ਾਇਦ ਪਹਿਲੇ ਤੇ ਸਸਤੇ ਦਰਜੇ ਵਿਚਕਾਰ ਮੁਸਾਫ਼ਿਰਾਂ ਦੀ ਵੰਡ ਦਾ ਵੀ ਫ਼ਰਾਇਡ ਦੇ ਸਿਧਾਂਤ ਨਾਲ ਕੋਈ ਨਾਤਾ ਹੋਵੇ। ਫ਼ਰਕ ਸਿਰਫ਼ ਏਨਾ ਹੀ ਹੈ ਕਿ ਸ਼ਾਇਦ ਭੋਜ-ਫਤੂਹੀ ਵਿਚ ਛੁਪੇ ਮੁਸਾਫ਼ਿਰਾਂ ਨੂੰ ਰਾਤ ਵੇਲੇ ਵੀ ਪਹਿਲੇ ਦਰਜੇ ਦੇ ਆਂਗਣ ਵਿਚ ਦਾਖ਼ਲ ਹੋਣ ਦੀ ਇਜਾਜ਼ਤ ਨਾ ਹੋਵੇ।"

"ਇਹੋ ਜਿਹੇ ਚਾਲੂ ਖ਼ਿਆਲ ਵਿਸਰ ਜਾ", ਨੂਰੀ ਨੇ ਉਹਨੂੰ ਝਾੜ ਪਾਈ, "ਰਾਤ ਦੇ ਹੁਸਨ ਵਲ ਵੇਖ। ਚਾਂਦਨੀ ਰਾਤ ਦੇ ਰਾਹਾਂ 'ਤੇ ਤਾਲਬੋਧ ਤਾਰਿਆਂ ਦਾ ਕਾਫ਼ਲਾ!"

"ਪਰ ਨੂਰੀ, ਮੈਂ ਧਰਤੀ ਦੇ ਬੰਦਿਆਂ ਬਾਰੇ ਸੋਚ ਰਿਹਾਂ। ਇਨ੍ਹਾਂ ਦੀਆਂ ਵੰਡਾਂ ਤੇ ਵਿਰੋਧਾਂ ਬਾਰੇ। ਕਮਜ਼ੋਰਾਂ ਦੀ ਡਾਢਿਆਂ ਹੱਥੋਂ ਲੁੱਟ-ਖਸੁੱਟ ਬਾਰੇ। ਫ਼ਾਤਿਹਾ ਹੋਈਆਂ ਕੌਮਾਂ ਦੀ ਗਿਰਾਵਟ ਤੇ ਪਤਨ ਬਾਰੇ।"

"ਕੀ ਆਸਮਾਨ ਦੇ ਕਾਫ਼ਲੇ ਦਾ ਮੁਖੀਆ ਇਸ ਬਾਰੇ ਵੀ ਕੁਝ ਆਂਹਦਾ?"

"ਇਹ ਮੇਰੀ ਸਮਝੋਂ ਬਾਹਰ ਹੈ, ਪਰ ਇਕਬਾਲ ਨੇ ਆਪਣੀ ਨਜ਼ਮ ਬਜ਼ਮ-ਇ-ਅੰਜਮਨ ਵਿਚ ਤਾਰਿਆਂ ਤੋਂ ਇਹੀ ਸੁਆਲ ਪੁੱਛਿਆ ਸੀ। ਤੇ ਤਾਰਿਆਂ ਦਾ ਜੁਆਬ ਸੀ:

ਹੁਸਨ-ਇ-ਅਜ਼ਲ ਹੈ ਪੈਦਾ, ਤਾਰੋਂ ਕੀ ਦਿਲਬਰੀ ਮੇਂ
ਜਿਸ ਤਰਹ ਅਕਸ-ਇ-ਗੁਲ ਹੋ, ਸ਼ਬਨਮ ਕੀ ਆਰਸੀ ਮੇਂ
ਆਸ਼ੀਨ-ਇ-ਨੌ ਸੇ ਡਰਨਾ, ਤਰਜ਼-ਇ-ਕੋਹਨ ਪੇ ਉੜਨਾ
ਮੰਜ਼ਿਲ ਯਹੀ ਕਠਿਨ ਹੈ ਕੌਮੋਂ ਕੀ ਜ਼ਿੰਦਗੀ ਮੇਂ

... ...

ਆਂਖੋਂ ਸੇ ਹੈਂ ਹਮਾਰੀ ਗ਼ਾਇਬ ਹਜ਼ਾਰੋਂ ਅੰਜਿਮ
ਦਾਖ਼ਲ ਹੈਂ ਵੂਹ ਭੀ ਲੇਕਿਨ ਅਪਨੀ ਬਰਾਦਰੀ ਮੇਂ

... ...

ਭੋਜਨ ਮੇਜ਼ ਤੇ ਗੱਲਾਂ ਫ਼ਜ਼ੂਲ ਦੀਆਂ ਵੀ ਹੋ ਰਹੀਆਂ ਸਨ ਤੇ ਗੰਭੀਰ ਵੀ। ਆਮ ਗੱਲ ਬਾਤ ਰਸ-ਰਹਿਤ ਹੀ ਹੁੰਦੀ ਤੇ ਗੰਭੀਰ ਗੱਲ ਕਈ ਵਾਰ ਜਜ਼ਬਾਤੀ ਰੁੱਖ ਅਖ਼ਤਿਆਰ ਕਰ ਲੈਂਦੀ ਸੀ। ਮਲੂਕਾ ਬੋਲਦਾ ਤਾਂ ਘੱਟ ਹੀ ਸੀ, ਪਰ ਚਾਪ-ਸਟਿਕਾਂ ਦੀ ਆਪਣੀ ਭੌਂਡੀ ਜਿਹੀ ਵਰਤੋਂ ਨਾਲ ਦੂਜਿਆਂ ਲਈ ਕਾਫ਼ੀ ਹਾਸੇ ਦਾ ਬਾਇਸ ਹੋ ਨਿੱਬੜਦਾ ਸੀ। ਪਰ ਛੇਤੀ ਹੀ ਇਹ ਇਨ੍ਹਾਂ ਦੀ ਪੰਛੀ ਦੀ ਚੁੰਜ ਵਾਂਗ ਕੁਸ਼ਲ ਵਰਤੋਂ ਦੀ ਜਾਚ ਸਿੱਖ ਗਿਆ ਸੀ।

"ਕੈਨੇਡਾ ਤੇ ਅਮਰੀਕਾ ਮਹਾਨ ਦੇਸ਼ ਨੇ", ਕੈਲੀਫ਼ੋਰਨੀਆ ਤੇ ਬਰਕਲੇ ਦੀਆਂ ਯੂਨੀਵਰਸਿਟੀਆਂ ਵਿਚ ਪੜ੍ਹੇ ਹੂ-ਸ਼ੀਹ ਨੇ ਕਿਹਾ, "ਪਰੰਤੂ ਪੂਰਬੀ ਦੇਸ਼ਾਂ ਬਾਰੇ ਉਥੋਂ ਦੇ ਲੋਕਾਂ ਦੇ ਵਿਚਾਰ ਬੜੇ ਵਿਕ੍ਰਿਤ ਜਿਹੇ ਨੇ। ਅਸੀਂ ਉਨ੍ਹਾਂ ਦੀ ਮੁਹਿੰਮਾਂ ਸਰ ਕਰਨ ਵਾਲੀ ਨਵੀਂ ਸਭਿਅਤਾ ਦਾ ਮੁਤਾਲਿਆ ਕਰਨ ਜਾਂਦੇ ਹਾਂ ਤੇ ਉਹ ਸਮਝਦੇ ਹਨ ਕਿ ਅਸੀਂ ਉਨ੍ਹਾਂ ਚੋ ਮੈਲੇ ਕੱਪੜੇ ਧੋਣ ਜਾਂ ਉਨ੍ਹਾਂ ਲਈ ਸਬਜ਼ੀਆਂ ਦੀ ਕਾਸ਼ਤ ਕਰਨ ਹੀ ਆਏ ਹਾਂ।"

"ਮੈਨੂੰ ਬਰਕਲੇ ਵਿਚ ਸੌਣ ਜੋਗਾ ਕਮਰਾ ਲੱਭਣ ਵਿਚ ਬੜੀ ਦਿੱਕਤ ਪੇਸ਼ ਆਈ ਸੀ।" ਉਸ ਨੇ ਬੜੇ ਹਿਰਖ ਨਾਲ ਕਿਹਾ, "ਮੇਰੇ ਮੂੰਹ 'ਤੇ ਬੂਹਾ ਮਾਰਦਿਆਂ ਉਹ ਕਹਿੰਦੇ 'ਕਿਰਾਏ 'ਤੇ ਚੜ੍ਹੇ ਹੋਏ ਨੇ' ਜਦ ਕਿ ਉਨ੍ਹਾਂ ਨੇ ਬਾਰੀਆਂ ਵਿਚ 'ਕਿਰਾਏ ਲਈ ਖ਼ਾਲੀ' ਦੀਆਂ ਫੱਟੀਆਂ ਟੰਗੀਆਂ ਹੋਈਆਂ ਹੁੰਦੀਆਂ ਸਨ।"

"ਇਸ 'ਤੇ ਹਿਰਖ ਕਾਹਦਾ ?" ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ 'ਚੋਂ ਨੱਠੇ ਹੋਏ ਚਾਰਲੀ ਵੂ ਨੇ ਕਿਹਾ, "ਤੁਹਾਡੇ ਆਪਣੇ ਬੰਦਰਗਾਹੀ ਸ਼ਹਿਰਾਂ ਵਿਚ ਵੀ ਉਹ ਆਪਣੀਆਂ ਕਲੱਬ ਦੇ ਆਂਗਣਾਂ ਵਿਚ ਇਹ ਆਦੇਸ਼ ਲਾਈ ਫਿਰਦੇ ਨੇ, 'ਚੀਨੀਆਂ ਤੇ ਕੁੱਤਿਆਂ ਨੂੰ ਦਾਖਲ ਹੋਣ ਦੀ ਇਜਾਜ਼ਤ ਨਹੀਂ'।"

"ਇਹ ਸਾਡੀ ਆਪਣੀ ਹੀ ਕਮਜ਼ੋਰੀ ਦਾ ਐਲਾਨਨਾਮਾ ਹੁੰਦੈ।" ਪ੍ਰਯੋਗਵਾਦੀ ਲਿਆਂਗ-ਚੀ-ਚਾਓ ਨੇ ਕਿਹਾ, ਜੋ ਸ਼ਿਕਾਗੋ ਯੂਨੀਵਰਸਿਟੀ ਦੇ ਵਿਦਿਆ ਵਿਭਾਗ ਵਿਚ ਪੜ੍ਹਿਆ ਹੋਇਆ ਸੀ। "ਜਦੋਂ ਅਸੀਂ ਤਕੜੇ ਹੋ ਗਏ, ਇਹ ਅਪਮਾਨਜਨਕ ਲਿਖਤਾਂ ਆਪੇ ਲੋਪ ਹੋ ਜਾਣਗੀਆਂ।"

"ਨਸਲੀ ਤੇ ਰੰਗ-ਭੇਦ ਪੁਰਾਣੀਆਂ ਬੀਮਾਰੀਆਂ ਨੇ", ਮਲੂਕੇ ਨੇ ਗੱਲ ਟੁੱਕੀ, "ਆਵਾਜਾਈ ਤੇ ਤੇਜ਼-ਧਾਰ ਸਾਧਨਾਂ ਨੇ ਵੱਖ ਵੱਖ ਰੰਗਾਂ ਤੇ ਧਰਮਾਂ ਦੇ ਲੋਕਾਂ

ਨੂੰ ਪਹਿਲਾਂ ਨਾਲੋਂ ਨੇੜੇ ਲਿਆਂਦਾ ਹੈ, ਪਰ ਵਿਤਕਰੇ ਦੀਆਂ ਦੀਵਾਰਾਂ ਹਾਲੇ ਵੀ ਮਜ਼ਬੂਤ ਨੇ।"

"ਰੰਗ-ਭੇਦ", ਨੂਰੀ ਨੇ ਔਖਾ ਸਾਹ ਲੈਂਦਿਆਂ ਕਿਹਾ, "ਆਰੀਆਂ ਦੇ ਗੰਗਾ ਤੇ ਸਿੰਧ ਦੇ ਮੈਦਾਨ ਵਿਚ ਆਮਦ ਜਿੰਨਾ ਹੀ ਪੁਰਾਣਾ ਹੈ। ਮਨੂੰ ਦੀ ਵਰਣ (ਰੰਗ) ਆਸ਼ਰਮ ਆਧਾਰਿਤ ਜਾਤ-ਪ੍ਰਣਾਲੀ ਨੂੰ ਅਪਣਾ ਕੇ ਆਰੀਆਂ ਨੇ ਕਾਲੀ ਨਸਲ ਦੇ ਆਦਿਵਾਸੀਆਂ ਨੂੰ ਆਪਣੇ ਸਮਾਜ ਦੇ ਦਾਇਰੇ ਤੋਂ ਬਾਹਰ ਰੱਖਿਆ ਸੀ।"

"ਮਗਰੋਂ" ਉਸ ਨੇ ਜ਼ਰਾ ਕੁ ਗੁੱਸੇ ਨਾਲ ਆਖਿਆ, "ਹਿੰਦੂਆਂ ਨੇ ਮੁਸਲਮਾਨਾਂ ਵਿਰੁੱਧ ਜਾਤ-ਪ੍ਰਣਾਲੀ ਦੀ ਵਰਤੋਂ ਕੀਤੀ। ਦੱਖਣ-ਪੱਛਮੋਂ ਪਾਰ ਮੁਸਲਮਾਨਾਂ ਦੇ ਹਮਲਿਆਂ ਨੂੰ ਉਹ ਮੈਦਾਨਿ-ਜੰਗ ਵਿਚ ਤਾਂ ਠੱਲ੍ਹ ਨਾ ਪਾ ਸਕੇ। ਹਿੰਦੂਆਂ ਨੇ ਉਨ੍ਹਾਂ ਵਿਰੁੱਧ ਜਾਤੀ-ਵੰਡ ਦੀਆਂ ਦੀਵਾਰਾਂ ਹੋਰ ਵੀ ਉੱਚੀਆਂ ਕਰ ਦਿੱਤੀਆਂ ਤਾਕਿ ਉਨ੍ਹਾਂ ਦੁਆਲੇ ਉੱਚੇ ਸ਼ਕਤੀਸ਼ਾਲੀ ਵਾ-ਵਰੋਲੇ, ਉਨ੍ਹਾਂ ਦੇ ਸਮਾਜ ਦੇ ਇਰਦ ਗਿਰਦ ਤਾਂ ਭਾਵੇਂ ਘੁੰਮਦੇ ਰਹਿਣ ਪਰ ਇਸ ਦੇ ਅੰਦਰ ਨਾ ਦਾਖ਼ਲ ਹੋ ਸਕਣ।"

"ਆਰੀਆਂ ਨੇ ਆਦਿ-ਵਾਸੀਆਂ ਨੂੰ ਘੱਟੋ ਘੱਟ ਜੀਂਦੇ ਤਾਂ ਰਹਿਣ ਹੀ ਦਿੱਤਾ", ਵੂ ਨੇ ਆਖਿਆ, "ਅਮਰੀਕਨ ਮਹਾਂਦੀਪ ਵਿਚੋਂ ਤਾਂ ਚਿੱਟ ਹਮਲਾਵਰਾਂ ਨੇ ਬਹੁਤੇ ਤਾਂਬੇ-ਰੰਗੇ ਆਦਿ-ਵਾਸੀਆਂ ਨੂੰ ਮਾਰ ਮਾਰ ਕੇ ਛਪਨ-ਛੋਤ ਹੀ ਕਰ ਦਿੱਤਾ ਸੀ। ਤੇ ਉਹਨਾਂ ਨੇ ਇਹ ਕਾਰਾ ਇਕ ਹੱਥ ਬੰਦੂਕ, ਦੂਜੇ ਅੰਜੀਲ ਤੇ ਝੋਲੇ ਵਿਚ ਰੱਖੀ ਬਹੁਤ ਸਾਰੀ ਸ਼ਰਾਬ ਦੇ ਬਲਬੂਤੇ ਨੇਪਰੇ ਚਾੜ੍ਹਿਆ ਸੀ।"

ਸਾਰੇ ਉਹਦੀ ਤਿੱਖੀ ਪਰ ਅਸਾਧਾਰਣ ਤੁਲਨਾ 'ਤੇ ਖਿੜਖਿੜਾ ਕੇ ਹੱਸੇ ਸਨ।

"ਹੈਂ ਭਾਵੇਂ ਤੂੰ ਕਾਲਜੋਂ ਭੱਜਾ ਹੋਇਆ ਹੀ, ਪਰ ਤੈਨੂੰ ਆਪਣੀ ਤਵਾਰੀਖ਼ ਦਾ ਪਤੈ।" ਹੂ ਸ਼ੀਹ ਨੇ ਕਿਹਾ।

"ਸਿਰਫ਼ ਰੰਗ ਹੀ", ਮਲੂਕੇ ਨੇ ਆਖਿਆ, "ਬੰਦਿਆਂ ਵਿਚਕਾਰ ਵਿਤਕਰੇ ਦਾ ਇੱਕੋ ਇਕ ਵਸੀਲਾ ਨਹੀਂ। ਸਾਰੇ ਸਮਾਜਾਂ ਵਿਚ ਹਾਕਮਾਂ ਨੇ ਆਪਣੇ ਹੀ ਰੰਗ ਵਾਲੇ ਮਹਿਕੂਮਾਂ ਨੂੰ ਵੀ ਸਦਾ ਨਫ਼ਰਤ ਦੀ ਨਿਗਾਹ ਨਾਲ ਹੀ ਵੇਖਿਐ। ਧਾਰਮਿਕ ਵਿਤਕਰਿਆਂ ਦੇ ਨਾਲ ਨਾਲ ਇੱਕੋ ਧਰਮ ਵਿਚਕਾਰ ਵੱਖ ਵੱਖ ਸੰਪ੍ਰਦਾਵਾਂ ਦੇ ਵਿਤਕਰਿਆਂ ਦੇ ਸਿੱਟੇ ਵਜੋਂ ਵੀ ਉਨ੍ਹਾਂ ਦੇ ਪੈਰੋਕਾਰਾਂ ਵਿਚਕਾਰ ਤਿੱਖੇ ਵੈਰ-ਵਿਰੋਧ ਪਲਦੇ ਰਹੇ ਨੇ।"

"ਤੁਹਾਡੇ ਕੋਲ ਨਸਲੀ ਵਿਤਕਰੇ ਬਾਰੇ ਵਿਦਵਤਾ ਭਰਪੂਰ ਸਿਧਾਂਤ ਤਾਂ ਹੋ ਸਕਦੇ ਨੇ, ਪਰ ਮੇਰੀ ਇਹ ਗੱਲ ਪੱਕ ਜਾਣਿਓਂ ਕਿ ਸਿਰਫ਼ ਕੋਰਚੋਵਾ ਗਲੀ ਦੀਆਂ ਖ਼ੂਬਸੂਰਤ ਗੋਰੀਆਂ ਕੁੜੀਆਂ ਹੀ ਮੇਰੀ ਜਾਣਕਾਰੀ ਅਨੁਸਾਰ ਰੰਗ-ਭੇਦ ਤੋਂ ਉਪਰ ਉਠ ਕੇ ਵਿਹਾਰ ਕਰਿਆ ਕਰਦੀਆਂ ਸਨ। ਮੇਰਾ ਡਾਲਰ ਵੀ ਉਨ੍ਹਾਂ ਲਈ ਅਜਿਹਾ ਹੀ ਸੀ, ਜਿਹੋ ਜਿਹਾ ਧਨਾਢ ਸ਼ਾਸਕਾਂ ਦਾ।"

"ਇਹ ਵੀ ਤੇਰਾ ਭੁਲੇਖਾ ਹੀ ਹੈ ਮੇਰੇ ਦੋਸਤ", ਹੂ ਸ਼ੀਹ ਨੇ ਕਿਹਾ, "ਧਨਾਢ-ਸ਼ਾਸਕ ਸ਼ਹਿਰਾਂ ਦੀਆਂ ਹਨੇਰੀਆਂ ਗਲੀਆਂ ਵਿਚ ਆਪਣੀ ਭੁੱਖ ਤਰੇਹ ਮਿਟਾਉਣ ਲਈ ਖੱਲੀਂ ਖੂੰਜ ਨਹੀਂ ਭਟਕਦੇ ਫਿਰਦੇ। ਉਨ੍ਹਾਂ ਦੀ ਤਾਂ ਵਿਲਾਸੀ-ਘਰਾਂ ਵਿਚ ਰੇਸ਼ਮ-ਪਹਿਨੀ, ਅਤਰ-ਫੁਲੇਲ ਦੀਆਂ ਫੁਹਾਰਾਂ ਛੱਡਦੀਆਂ ਉਨ੍ਹਾਂ ਪਰੀਆਂ ਤੀਕ ਰਸਾਈ ਹੁੰਦੀ ਹੈ, ਜਿੱਥੋਂ ਤੀਕ ਤੇਰੇ ਡਾਲਰ ਦੀ ਪਹੁੰਚ ਨਹੀਂ ਹੋ ਸਕਦੀ।"

"ਅਤੇ ਮਲੂਕਾ ਤਾਂ ਭਿੰਨ-ਭੇਦ ਵਿਚ ਨਕਦੀ ਦੇ ਦਖ਼ਲ ਦਾ ਵੀ ਵਾਧਾ ਕਰ ਸਕਦਾ। ਇੰਗਲੈਂਡ ਦੇ ਜਮਹੂਰੀ ਧਨਾਢ ਤੰਤਰ ਦਾ ਕੋਈ ਵੀ ਫ਼ਰਦ ਕਿਸੇ ਖਾਣ-ਮਜ਼ਦੂਰ ਦੀ ਧੀ ਨਾਲ ਸ਼ਾਦੀ ਨਹੀਂ ਕਰਦਾ।"

... ...

"ਕੀ ਮਹਾਤਮਾ ਗਾਂਧੀ ਨੇ ਸਮਾਜਕ ਵਿਖੇਵੇਂ ਦੂਰ ਕਰਨ ਲਈ ਕਰੜੀਆਂ ਘਾਲਨਾਵਾਂ ਨਹੀਂ ਘਾਲੀਆਂ?" ਤਾਂਗ ਲਿਆਂਗ ਲੀ ਨੇ ਨਰਮੀ ਨਾਲ ਪੁੱਛਿਆ।

"ਘਾਲੀਆਂ ਵੀ ਤੇ ਨਹੀਂ ਵੀ", ਮਲੂਕੇ ਨੇ ਜੁਆਬ ਦਿੱਤਾ, "ਗਾਂਧੀ ਯਥਾਸਥਿਤੀਵਾਦੀ, ਇਨਕਲਾਬੀ ਤੇ ਚੱਕਿਆਨੂਸੀ ਬਾਗ਼ੀ ਹੈ।"

"ਉਹਨੇ ਛੂਤ ਛਾਤ ਦੇ ਖ਼ਾਤਮੇ ਲਈ ਬੜਾ ਕੁਝ ਕੀਤਾ। ਉਹਨੇ ਇਕ ਅਛੂਤ ਕੁੜੀ ਵੀ ਗੋਦ ਲਈ ਹੈ। ਆਪਣੇ ਆਸ਼ਰਮ ਦੇ ਪਾਖ਼ਾਨੇ ਉਹ ਖ਼ੁਦ ਸਾਫ਼ ਕਰਦਾ ਹੈ, ਜਿਸ ਨੂੰ ਅਛੂਤਾਂ ਦਾ ਕੰਮ ਸਮਝਿਆ ਜਾਂਦਾ ਹੈ। ਉਸ ਨੇ ਉਨ੍ਹਾਂ ਨੂੰ ਅੰਤਯਜਾ (ਅਖ਼ੀਰ 'ਚ ਜੰਮਿਆ) ਦੀ ਥਾਂ ਹਰੀਜਨਾਂ ਦਾ ਨਾਂ ਦਿੱਤਾ ਹੈ।"

"ਮੇਰੇ ਦੋਸਤ", ਹੂ ਸ਼ੀਹ ਨੇ ਆਖਿਆ, "ਨਿਰਧਨ ਨੂੰ ਬਾਦਸ਼ਾਹ ਕਹਿਣ ਨਾਲ ਉਹ ਹੁਕਮਰਾਨ ਨਹੀਂ ਬਣ ਜਾਂਦਾ। ਅਛੂਤ ਦੀ ਨਾਂ-ਬਦਲੀ ਨਾਲ ਉਹਦੀ ਗੰਦੇ ਕੰਮ ਤੋਂ ਮੁਕਤੀ ਨਹੀਂ ਹੋ ਜਾਂਦੀ। ਇਹ ਕੰਮ ਤਾਂ ਫਲੱਸ਼ ਟੱਟੀਆਂ ਹੀ ਮੁਕਾ ਸਕਦੀਆਂ ਨੇ। ਇਹ ਆਉਣਗੀਆਂ ਸਨਅਤੀਕਰਨ ਨਾਲ, ਜਿਸ ਦੇ ਗਾਂਧੀ ਹੁਰੀਂ ਹੱਕ ਵਿਚ ਨਹੀਂ।"

ਤੰਗ ਲਿਆਂਗ ਚੂ ਨੇ ਸੰਮਤੀ ਵਿਚ ਸਿਰ ਹਿਲਾਇਆ, ਕਿਉਂਕਿ ਕਨਫ਼ਿਊਸ਼ੀਅਸ ਤੇ ਮੈਨੀਕੁਇਸ, ਜਿਨ੍ਹਾਂ ਦਾ ਉਹ ਮਦਾਹ ਸੀ, ਦੇ ਚੀਨ ਦੀ ਵੀ ਇਹੋ ਸਮੱਸਿਆ ਸੀ।

"ਮਹਾਤਮਾ ਨੇ ਅਛੂਤਾਂ ਦੇ ਹਿੰਦੂ ਮੰਦਰਾਂ ਵਿਚ ਦਾਖ਼ਲੇ ਲਈ ਜ਼ੋਰਦਾਰ ਲਹਿਰ ਚਲਾਈ ਹੋਈ ਹੈ", ਮਲੂਕੇ ਨੇ ਆਖਿਆ।

"ਮੰਦਰ-ਦਾਖ਼ਲਾ ਯੋਜਨਾ ਇਕ ਢੌਂਗ ਹੈ", ਹੂ ਸ਼ੀਹ ਨੇ ਖਿੱਲੀ ਉਡਾਉਂਦਿਆਂ ਕਿਹਾ, "ਰੱਬ ਕੋਈ ਭੀੜੇ ਹਨੇਰੇ, ਧੂਪ ਨਾਲ ਧੁਆਂਖੇ ਤੇ ਮੁਰਝਾਏ ਫੁੱਲਾਂ ਨਾਲ ਅੱਟੇ ਮੰਦਰਾਂ ਵਿਚ ਤਾਂ ਹੁਬੜਿਆ ਨਹੀਂ ਪਿਆ। ਉਹ ਤਾਂ ਖੁੱਲ੍ਹੇ ਖੇਤਾਂ ਵਿਚ ਮੁਸ਼ੱਕਤ ਕਰਨ ਵਾਲੇ ਕਾਮਿਆਂ ਵਿਚਕਾਰ ਹਾਜ਼ਿਰ ਹੈ। ਮੈਂ ਮੰਦਰਾਂ ਮੁੰਦਰਾਂ ਦੀ ਕੋਈ ਪਰਵਾਹ ਨਹੀਂ ਕਰਦਾ।"

"ਹੀ ਸ਼ੀਹ, ਭਾਰਤ ਬੜਾ ਧਾਰਮਿਕ ਦੇਸ਼ ਹੈ", ਮਲੂਕੇ ਨੇ ਆਖਿਆ, "ਤੇ ਮੰਦਰਾਂ ਵਿਚ ਦਾਖ਼ਲਾ ਅਛੂਤਾਂ ਨੂੰ ਉੱਥੇ ਰੱਬ ਸਾਹਵੇਂ ਬਰਾਬਰੀ ਦਾ ਇਹਸਾਸ ਪ੍ਰਦਾਨ ਕਰੇਗਾ ਤੇ ਸ਼ਾਇਦ ਬੰਦਿਆਂ ਵਿਚਕਾਰ ਵੀ।"

"ਗਾਂਧੀ ਵੀ ਸਨ-ਯਾਤ-ਸੇਨ ਵਾਂਗ", ਹੂ ਸ਼ੀਹ ਨੇ ਆਖਿਆ, "ਬੀਤਿਆਂ ਸਾਹਮਣ ਗ਼ੁਲਾਮਾਂ ਵਾਂਗ ਸੀਸ ਝੁਕਾਉਂਦਾ। ਤੇ ਬੀਤਿਆਂ ਨੇ ਸਾਡੇ ਮਨਾਂ ਨੂੰ ਮਰੁੰਡ ਕੇ ਪੈਰੀਂ ਬੇੜੀਆਂ ਪਾਈਆਂ ਹੋਈਆਂ ਨੇ। ਤੁਸੀਂ ਆਧੁਨਿਕਤਾ ਦੀ ਮਦਰਾ ਨੂੰ ਇਤਿਹਾਸ ਦੀਆਂ ਬੋਤਲਾਂ ਵਿਚ ਬੰਦ ਨਹੀਂ ਜੇ ਕਰ ਸਕਦੇ।"

"ਗਾਂਧੀ ਜਾਤੀ-ਪ੍ਰਥਾ ਨੂੰ ਖ਼ਤਮ ਕਰਨ ਲਈ ਕੀ ਕਰ ਰਿਹੈ?" ਉਸ ਨੇ ਪੁੱਛਿਆ।

"ਬੁਨਿਆਦੀ ਤੌਰ 'ਤੇ ਕੁਛ ਨਹੀਂ", ਮਲੂਕੇ ਨੇ ਉੱਤਰ ਦਿੱਤਾ, "ਉਹਦੇ ਲਈ ਵਰਣ-ਆਸ਼ਰਮ ਬਿਨਾਂ ਕਿਸੇ ਉਚ ਨੀਚ ਦੇ ਭਿੰਨ-ਭੇਦ ਦੇ ਮਹਿਜ਼ ਕਰਤਵ-ਵੰਡ ਹੀ ਹੈ। ਜਿਵੇਂ ਖਾਣ-ਪੀਣ ਤੇ ਵਿਆਹ ਆਦਿ ਬਾਰੇ ਹਿੰਦੂ ਰਹੁ-ਰੀਤਾਂ ਦਾ ਇਸ ਨਾਲ ਕੋਈ ਲਾਗਾ-ਦੇਗਾ ਹੀ ਨਾ ਹੋਵੇ। ਇਸ ਦਾ ਅਰਥ ਪਿੱਤਰਾਂ ਦੇ ਰਵਾਇਤੀ ਹੁਕਮ 'ਤੇ ਫੁੱਲ ਚਾੜ੍ਹਨ ਤੋਂ ਬਿਨਾਂ ਹੋਰ ਕੁਝ ਵੀ ਨਹੀਂ।"

"ਵਰਣ-ਆਸ਼ਰਮ", ਹੂ ਸ਼ੀਹ ਨੇ ਕਿਹਾ, "ਖੇਤੀ ਬਾੜੀ ਤੇ ਦਸਤਕਾਰੀ 'ਤੇ ਆਧਾਰਿਤ ਖ਼ੜੋਤ-ਗ੍ਰਸਤ ਜਾਗੀਰੂ-ਸਮਾਜ ਵਿਚ ਕਿਰਤ ਦੀ ਵੰਡ ਹੈ। ਜਦੋਂ ਉਤ-

ਪਾਦਨ ਦੇ ਸਾਧਨ ਬਦਲੇ, ਕਿੱਤੇ ਵੀ ਆਪੇ ਹੀ ਬਦਲ ਜਾਣਗੇ।"

"ਗਾਂਧੀ ਬੜਾ ਧਾਰਮਿਕ ਆਦਮੀ ਹੈ", ਮਲੂਕੇ ਨੇ ਆਖਿਆ, "ਉਸ ਅਨੁਸਾਰ ਰੱਬ ਬ੍ਰਹਮ ਬ੍ਰਹਮੰਡ ਵਿਚ ਵਿਆਪਕ ਹੈ। ਜਦੋਂ ਉਹ ਇੰਗਲੈਂਡ ਵਿਚ ਕਾਨੂੰਨ ਦੀ ਪੜ੍ਹਾਈ ਵੀ ਕਰ ਰਿਹਾ ਸੀ, ਤਾਂ ਉਹ ਆਪਣੇ ਘਰ ਦੇ ਵੈਸ਼ਨਵ ਮਾਹੌਲ ਕਾਰਨ ਨੀਉ ਟੈਸਟੇਮੈਂਟ ਵੱਲ ਖਿੱਚਿਆ ਗਿਆ ਸੀ। ਉਹ ਥੌਮਸ ਹਕਸਲੇ ਜਾਂ ਮਾਰਕਸ ਦੀ ਥਾਂ ਜਾਹਨ ਰਸਕਿਨ ਦਾ ਪ੍ਰਸ਼ੰਸਕ ਸੀ ਪਰੰਤੂ ਵਿਦੇਸ਼ੀ ਪ੍ਰਭਾਵ ਦੇ ਬਾਵਜੂਦ ਉਹ ਆਪਣੀ ਲੰਗੋਟੀ ਦੀ ਲਾਂਗੜ ਤੋਂ ਲੈ ਕੇ ਆਪਣੇ ਦਿਲ ਦੀਆਂ ਡੂੰਘੇਰੀਆਂ ਤੈਹਾਂ ਤੀਕ ਹਿੰਦੂ ਹੀ ਰਿਹਾ।"

"ਸਨ-ਯਾਤ-ਸੇਨ ਦਾ ਪਿਛੋਕੜ ਵੀ ਇਹੋ ਜਿਹਾ ਹੀ ਹੈ।" ਹੂ ਸ਼ੀਹ ਨੇ ਆਖਿਆ।

"ਨਿਕ ਬੁਰਜੂਆ ਪਰਿਵਾਰ ਦਾ ਜੰਮਪਲ ਹੋਣ ਕਾਰਨ ਉਸ ਨੇ ਆਪਣੀ ਸਾਰੀ ਜੁਆਨੀ ਹਵਾਈ ਟਾਪੂਆਂ ਵਿਚ ਆਪਣੇ ਅਮੀਰ ਭਰਾ ਕੋਲ ਬਿਤਾਈ ਸੀ ਜਿੱਥੇ ਉਹ ਅਮਰੀਕਨ ਸਾਮਰਾਜ ਦੁਆਰਾ ਸਥਾਪਿਤ ਅਮਨ ਕਾਨੂੰਨ ਦੀ ਵਿਵਸਥਾ ਤੋਂ ਬਹੁਤ ਪ੍ਰਭਾਵਿਤ ਹੋਇਆ ਸੀ। ਉਹਨੇ ਹਾਂਗ ਕਾਂਗ ਵਿਚ ਡਾਕਟਰੀ ਦੀ ਪੜ੍ਹਾਈ ਕੀਤੀ ਸੀ, ਜਿੱਥੇ ਉਹ ਈਸਾਈ ਮਿਸ਼ਨਰੀਆਂ ਤੇ ਅੰਗਰੇਜ਼ੀ ਉਦਾਰਵਾਦ ਦੇ ਪ੍ਰਭਾਵ ਅਧੀਨ ਆਇਆ ਸੀ। ਪਰੰਤੂ ਉਹਦਾ ਕਨਫਿਊਸ਼ੀਅਸ ਸਭਿਆਚਾਰ ਦੀ ਉੱਚਤਾ ਵਿਚ ਅਡਿੱਗ ਵਿਸ਼ਵਾਸ ਸੀ, ਜਿਸ ਨੇ ਉਹਨੂੰ ਸਰਮਾਏਦਾਰੀ ਨੂੰ ਚੀਨ ਦਾ ਖਵੱਈਆ ਪਰਵਾਨ ਕਰਨ ਤੋਂ ਬਚਾਈ ਰਖਿਆ, ਪਰ ਫਿਰ ਵੀ ਉਹ ਹੈਨਰੀ ਫੋਰਡ ਦਾ ਬਹੁਤ ਪ੍ਰਸ਼ੰਸਕ ਸੀ।"

"ਇਹਦੇ ਵਿਚ ਕੀ ਬੁਰੀ ਗੱਲ ਹੈ?" ਗਾਓ ਯੂਆਨ ਨੇ ਆਖਿਆ ਸੀ। "ਫੋਰਡ ਪੈਦਾਵਾਰ ਵਿਚ ਉੱਨਤੀ ਤੇ ਸਨਅਤੀ ਤਰੀਕਿਆਂ ਦੀ ਪ੍ਰਤੀਨਿਧਤਾ ਕਰਦਾ ਹੈ। ਪੈਦਾਵਾਰ ਦਾ ਵਾਧਾ ਏਸ਼ੀਆ ਦੇ ਗ਼ਰੀਬ ਮੁਲਕਾਂ ਲਈ ਵੀ ਬੜਾ ਜ਼ਰੂਰੀ ਹੈ। ਇਸ ਸਿਲਸਿਲੇ ਵਿਚ ਅਸੀਂ ਅਮਰੀਕਾ ਤੋਂ ਬੜਾ ਕੁਝ ਸਿੱਖ ਸਕਦੇ ਹਾਂ।"

ਤਾਂਗ ਲਿਆਂਗ ਚੂ ਨੇ ਬੜੀ ਗੰਭੀਰ ਮੁਦਰਾ ਅਖ਼ਤਿਆਰ ਕਰ ਲਈ, ਜਿਵੇਂ ਉਹ ਉਸ ਮਸਲੇ ਬਾਰੇ ਕੋਈ ਵੀ ਟਿਪਣੀ ਕਰਨ ਲੱਗਾ ਹੋਵੇ ਜਿਹਦੀ ਸਾਰੇ ਪਹਿਲੂਆਂ ਬਾਰੇ ਉਸ ਨੇ ਬੜੀ ਗੰਭੀਰ ਸੋਚ ਵਿਚਾਰ ਕੀਤੀ ਹੋਈ ਹੋਵੇ।

"ਮਹਾਨ ਸਭਿਅਤਾਵਾਂ ਵਾਲੀਆਂ ਪੁਰਾਣੀਆਂ ਕੌਮਾਂ ਦਾ ਵਿਰਸਾ ਮਰ-ਮੁੱਕ ਨਹੀਂ ਗਿਆ।" ਉਸ ਨੇ ਨਰਮੀ ਨਾਲ ਕਿਹਾ।

"ਇਹ ਠੀਕ ਹੈ ਕਿ ਬੀਤਿਆਂ ਪ੍ਰਤਿਗਾਮੀ ਹੋਣ ਕਾਰਨ ਸਾਨੂੰ ਪਿਛਾਂਹ ਵੱਲ ਧਕੇਲਦਾ। ਭਵਿੱਖ ਸਾਨੂੰ ਲਲਚਾਉਂਦਾ ਵੀ ਹੈ ਤੇ ਡਰਾਉਂਦਾ ਵੀ। ਪਰ ਬੀਤਿਆ ਸਾਨੂੰ ਆਪਣੇ ਦਿਲ ਦੀਆਂ ਰੀਝਾਂ ਅਨੁਸਾਰ ਵਰਤਮਾਨ ਦੀ ਉਸਾਰੀ ਕਰਨ ਲਈ ਲੋੜੀਂਦੀ ਸਮੱਗਰੀ ਪ੍ਰਦਾਨ ਕਰਦੈ।"

"ਨਿਰੰਤਰ ਆਤਮ-ਨਵੀਨੀਕਰਨ ਨਾਕਿ ਇਨਕਲਾਬ", ਉਸ ਨੇ ਜ਼ੋਰ ਦੇ ਕੇ ਆਖਿਆ, "ਲਗਾਤਾਰ ਤਰੱਕੀ ਦੀ ਸਰਵੋਤਮ ਵਿਧੀ ਹੈ। ਅਤੇ ਗਾਂਧੀ ਤੇ ਸਨ-ਯਾਤ-ਸੇਨ ਦੋਵੇਂ ਹੀ ਇਹੋ ਤਰੀਕਾ ਵਰਤ ਰਹੇ ਹਨ।"

"ਉਹ ਦਨੋਂ", ਹੂ ਸ਼ੀਹ ਨੇ ਨਫ਼ਰਤ ਨਾਲ ਆਖਿਆ, "ਉਹਨਾਂ ਸੁਧਾਰ-ਵਾਦੀਆਂ ਦੇ ਰਾਹ ਵਿਚ ਰੋੜੇ ਬਣ ਰਹੇ ਹਨ ਤੇ ਸਥਾਪਿਤ ਤਾਕਤਾਂ ਦੇ ਹੱਥਾਂ ਵਿਚ ਖੇਡ ਰਹੇ ਹਨ। ਭਾਵੇਂ ਨਵੇਂ ਦੇ ਬੀਜ ਪੁਰਾਣੇ ਵਿਚ ਹੀ ਵਿਦਮਾਨ ਹੁੰਦੇ ਹਨ, ਜਿਸਦੀ ਕਨਫਿਊਸ਼ੀਅਨ ਏਨੀ ਪ੍ਰਸ਼ੰਸਾ ਕਰਦੇ ਹਨ, ਫਿਰ ਵੀ ਇਹਨਾਂ ਦੇ ਫਟਾਰੇ ਲਈ ਦਾਬੂ ਰਹੁ-ਰੀਤਾਂ ਦੇ ਖੋਲ ਨੂੰ ਭੰਨਣਾ ਜ਼ਰੂਰੀ ਹੁੰਦਾ ਹੈ।"

"ਤੂੰ ਕਨਫਿਊਸ਼ਿਅਸ ਤੇ ਮਾਰਕਿਊਸ਼ ਦੇ ਕਿਉਂ ਇੰਨਾ ਖਿਲਾਫ਼ ਹੈਂ?"

"ਕਿਉਂਕਿ ਉਹਨਾਂ ਦੇ ਉਪਦੇਸ਼ਾਂ ਵਿਚ ਨਿੱਜੀ ਆਜ਼ਾਦੀ ਕੋਈ ਨਹੀਂ। ਆਧੁਨਿਕ ਜਮਹੂਰੀਅਤ ਲਈ ਇਸ ਦੀ ਬੁਨਿਆਦੀ ਮਹੱਤਤਾ ਹੈ। ਉਹ ਵਿਅਕਤੀ ਨੂੰ ਪਰਿਵਾਰ ਤੇ ਪਰਿਵਾਰ ਨੂੰ ਕਬੀਲੇ ਦਾ ਦਾਸ ਬਣਾਉਂਦੇ ਨੇ।"

"ਕਨਫਿਊਸ਼ਿਅਸ ਮਨੁੱਖੀ ਸਮਾਜ ਵਿਚ ਤਾਲਮੇਲ ਦਾ ਉਪਦੇਸ਼ਕ ਸੀ। ਹਰ ਸਮਾਜ ਨੂੰ ਚੰਗੇ ਪਿਤਾਵਾਂ, ਵਧੀਆ ਪੁੱਤਰਾਂ, ਚੰਗੇ ਦੋਸਤਾਂ ਤੇ ਵਧੀਆ ਵਿਅਕਤੀਆਂ ਦੀ ਲੋੜ ਹੁੰਦੀ ਹੈ। ਉਹ ਮਨੁੱਖੀ ਕਦਰਾਂ ਦੀ ਸਿੱਖਿਆ ਦਿਆ ਕਰਦਾ ਸੀ।"

"ਪਰ ਉਸ ਦਾ ਰੂਸੋ ਵਾਂਗ ਇਹ ਅਕੀਦਾ ਬਿਲਕੁਲ ਨਹੀਂ ਸੀ ਕਿ ਸਾਰੇ ਬੰਦੇ ਜਨਮ ਤੋਂ ਬਰਾਬਰ ਹੁੰਦੇ ਹਨ।"

"ਪਰ ਬੰਦੇ ਜਮਾਂਦਰੂ ਬਰਾਬਰ ਹੁੰਦੇ ਨਹੀਂ, ਉਹ ਨਾ-ਬਰਾਬਰ ਸਰੀਰਕ ਤੇ ਦਿਮਾਗ਼ੀ ਸਿਫ਼ਤਾਂ ਸਮੇਤ ਜਨਮ ਲੈਂਦੇ ਹਨ।"

"ਆਜ਼ਾਦੀ ਦਾ ਮਹਾਨ ਅਲਮਬਰਦਾਰ ਹੋਣ ਦੇ ਨਾਤੇ, ਰੂਸੋ ਦਾ ਇਹ

ਦਾਅਵਾ ਸੀ, ਕਿ ਆਦਮੀ ਜੰਮਦਾ ਆਜ਼ਾਦ ਹੈ ਪਰ ਹਰ ਥਾਂ ਜ਼ੰਜੀਰਾਂ ਵਿਚ ਹੀ ਜਕੜਿਆ ਪਾਇਆ ਜਾਂਦਾ ਹੈ।"

"ਮਿੱਤਰਾ, ਆਦਮੀ ਆਜ਼ਾਦ ਨਹੀਂ ਜੰਮਦਾ। ਜਨਮ ਵੇਲੇ ਉਹ ਮਜਬੂਰ ਹੁੰਦਾ ਹੈ। ਜੰਮਣ ਵੇਲੇ ਉਹ ਨਾ ਕੁਝ ਖਾ ਸਕਣ ਤੇ ਨਾ ਹੀ ਖੁਦ ਸਾਫ਼ ਸੁਥਰਾ ਰਹਿ ਸਕਣ ਦੇ ਯੋਗ ਹੁੰਦਾ ਹੈ। ਰੂਸੋ ਦੀ ਮਾਂ ਉਹਨੂੰ ਇਹ ਗੱਲ ਚੰਗੀ ਤਰ੍ਹਾਂ ਦੱਸ ਸਕਦੀ ਸੀ। ਮੰਦੇ ਭਾਗੀਂ ਉਹ ਉਹਦੇ ਜਨਮ ਵੇਲੇ ਹੀ ਵਫ਼ਾਤ ਪਾ ਗਈ ਸੀ।"

"ਕੇਵਲ ਸਮਾਜ ਵਿਚ ਹੀ ਆਦਮੀ ਅਜ਼ਾਦੀ ਪ੍ਰਾਪਤ ਕਰਦਾ ਹੈ। ਜਿੰਨਾ ਹੀ ਵਧੇਰੇ ਸਮਾਜ ਸ਼ਾਂਤੀ ਭਰਪੂਰ ਤੇ ਨਿਆਂ ਪੂਰਵਕ ਹੋਵੇਗਾ ਉੱਨੀ ਹੀ ਵਧੇਰੇ ਹੋਵੇਗੀ ਨਿੱਜੀ ਆਜ਼ਾਦੀ।"

... ...

"ਚੀਨ ਤੇ ਭਾਰਤ ਦਾ ਬੜਾ ਕੁਝ ਸਾਂਝਾ ਹੈ", ਮਲੂਕੇ ਨੇ ਆਖਿਆ। ਯੂਰਪੀ ਵਪਾਰਕ ਮਾਅਰਕੇਬਾਜ਼ਾਂ ਨੇ ਸੁਤੰਤਰ ਵਣਜ ਦੇ ਨਾਂ ਹੇਠ ਦੋਹਾਂ ਦੇਸ਼ਾਂ ਦੀ ਜਾਗੀਰੂ ਆਰਥਿਕਤਾ ਨੂੰ ਖੇਰੂੰ ਖੇਰੂੰ ਕਰ ਦਿੱਤਾ ਸੀ। ਉਹ ਸ਼ਕਤੀਸ਼ਾਲੀ ਬੰਦੂਕਾਂ ਦੇ ਸਾਏ ਹੇਠ ਇਹਨਾਂ ਦੋਹਾਂ ਦੇਸ਼ਾਂ ਵਿਚ ਸਸਤੀਆਂ ਮਸ਼ੀਨੀ ਚੀਜ਼ਾਂ ਦੀ ਤੂਸ ਚਾੜ੍ਹਦੇ ਰਹੇ। ਖੇਤੀਬਾੜੀ ਤੇ ਘਰੇਲੂ ਸਨਅਤ ਵਿਚਕਾਰਲਾ ਤਵਾਜ਼ਨ ਨਸ਼ਟ ਹੋ ਗਿਆ ਅਤੇ ਵਿਹਲੇ ਕਾਰੀਗਰ ਵੀ ਪਿਛਾਂਹ ਵੱਲ ਪਹਿਲੋਂ ਹੀ ਭੀੜ ਭੜੱਕੇ ਵਾਲੇ ਫ਼ਾਰਮ ਉੱਪਰ ਹੀ ਧੱਕ ਦਿੱਤੇ ਗਏ ਸਨ।"

"ਤਾਈਪਿੰਗ ਬਗ਼ਾਵਤ ਦਾ ਬਿਲਕੁਲ ਇਹੋ ਹੀ ਕਾਰਨ ਸੀ।" ਹੂ ਸ਼ੀਹ ਨੇ ਆਖਿਆ, "ਇਹ ਲੁੱਟੀ ਪੁੱਟੀ ਬਾਗ਼ੀ ਕਿਰਸਾਨੀ ਦੀ ਲਹਿਰ ਸੀ। ਇਸ ਦਾ ਨੇਤਾ ਹੁੰਗ-ਸਿਊ-ਤੂੰਗ-ਲਾਓ-ਜ਼ੇ ਦਾ ਪੈਰੋਕਾਰ ਸੀ। ਜੋਨ ਆਫ ਆਰਕ ਵਾਂਗ ਉਹ ਵੀ ਖ਼ੁਦਾਈ ਆਵੇਸ਼ ਦਾ ਦਾਅਵਾ ਕਰਦਾ ਸੀ। ਉਹਦੇ ਪ੍ਰੋਗਰਾਮ ਵਿਚ ਮੰਚੂਆਂ ਨੂੰ ਗੱਦੀਓਂ ਲਾਹੁਣਾ, ਪੁਰਾਣੇ ਧਰਮ ਦਾ ਸੁਧਾਰ ਤੇ ਕਦੀਮੀ ਕਮਿਊਨਿਜ਼ਮ ਵਲ ਮੋੜਾ ਪਾਉਣਾ ਸ਼ਾਮਿਲ ਸੀ।

"ਬੰਦੇ ਨੂੰ ਉਹਨਾਂ ਦੀ ਗੋਰੀਆਂ ਬਸਤੀਵਾਦੀ ਤਾਕਤਾਂ ਵਿਰੁੱਧ ਨਫ਼ਰਤ ਦੀ ਤਾਂ ਸਮਝ ਆ ਸਕਦੀ ਹੈ, ਪਰ ਉਹਨਾਂ ਨੇ ਈਸਾਈ ਮਿਸ਼ਨਰੀਆਂ ਦੇ ਕਤਲ ਕਿਉਂ ਕੀਤੇ ?" ਗਾਓ ਯੂਆਨ ਨੇ ਪੁੱਛਿਆ।

"ਈਸਾਈ ਮਿਸ਼ਨਰੀ, ਮੇਰੇ ਦੋਸਤ, ਵਿਦੇਸ਼ੀ ਸਾਮਰਾਜ ਦੇ ਹਰਾਵਲ ਦਸਤੇ ਸਮਾਨ ਹੀ ਸਨ", ਹੂ ਸ਼ੀਹ ਨੇ ਆਖਿਆ, "ਕੁਬਲਾਇ ਖ਼ਾਂ ਦੇ ਦਰਬਾਰ ਵਿਚ ਆਉਣ ਵਾਲੇ ਮੁੱਢਲੇ ਯਸੂਹਵਾਦੀਆਂ ਨੂੰ ਬੜੇ ਆਦਰ ਨਾਲ ਜੀ ਆਇਆਂ ਆਖਿਆ ਗਿਆ ਸੀ, ਕਿਉਂਕਿ ਉਨ੍ਹਾਂ ਆਪਣੀਆਂ ਸਰਗਰਮੀਆਂ ਸਿੱਖਿਆ ਤੀਕ ਹੀ ਸੀਮਿਤ ਰੱਖੀਆਂ ਸਨ।"

"ਤਾਈ ਪਿੰਗ ਬਹੁਤ ਮਕਬੂਲ ਹੋ ਗਿਆ ਸੀ", ਹੂ ਸ਼ੀਹ ਨੇ ਆਪਣੀ ਗੱਲ ਜਾਰੀ ਰੱਖੀ, "ਪਰ ਜਿਹੜੀ ਉਹਨਾਂ 1853 ਵਿਚ ਸ਼ਾਂਤੀ ਦੀ ਬਾਹਿਸ਼ਤੀ ਸਲਤਨਤ (ਤਾਈਪਿੰਗ-ਤੀਕ-ਕੁਆਉ) ਨਾਨਕਿਆਂਗ ਵਿਚ ਕਾਇਮ ਕੀਤੀ ਸੀ, ਉਹ ਬਰਤਾਨਵੀ ਤੇ ਫ਼ਰਾਂਸੀਸੀਆਂ ਦੀ ਭਿਆਲੀ ਨਾਲ 1864 ਵਿਚ ਕੁਚਲ ਦਿੱਤੀ ਗਈ ਸੀ।"

"ਬੌਕਸਰ ਬਗ਼ਾਵਤ ਬਾਰੇ ਕੀ ਰਾਇ ਹੈ?", ਮਲੂਕੇ ਨੇ ਪੁੱਛਿਆ।

"ਬੌਕਸਰ ਬਗ਼ਾਵਤ ਵਧੇਰੇ ਪਰਪੱਕ ਸੀ", ਹੂ ਸ਼ੀਹ ਨੇ ਆਖਿਆ, "ਪਰ ਸ਼ਕਤੀਆਂ ਦੀ ਸੰਧੀ ਉਹੀ ਸੀ: ਲੋਕ ਬਨਾਮ ਵਿਦੇਸ਼ੀ ਸਾਮਰਾਜੀਆਂ ਦੀ ਹਮਾਇਤ ਵਾਲੇ ਪਿਛਾਂਹ ਖਿੱਚੂ ਸਥਾਨਕ ਸ਼ਰਨਾਰਥੀ ਹਿਤ।"

"ਇਸ ਬਗ਼ਾਵਤ ਨੂੰ ਬਦਸ਼ੀਆਂ ਪ੍ਰਤੀ ਅੰਨ੍ਹੀ ਹਿੰਸਕ ਨਫ਼ਰਤ ਨੇ ਗ੍ਰਹਿਣ ਸੁੱਟਿਆ ਸੀ।" ਬੜੇ ਚਿਰ ਤੋਂ ਚੁੱਪ ਸਾਧੀ, ਬੈਠੇ ਨੂਰੀ ਨੇ ਆਖਿਆ।

"ਅਜੇਹੀ ਨਫ਼ਰਤ ਦੀ ਸਮਝ ਆ ਸਕਦੀ ਹੈ" ਹੂ ਸ਼ੀਹ ਨੇ ਵਜ਼ਾਹਤ ਕੀਤੀ।

"ਵਿਦੇਸ਼ੀ ਤਾਕਤਾਂ ਨੇ ਚੀਨ ਨੂੰ ਭੁੱਖੇ ਬਘਿਆੜ ਵਾਂਗ ਬੋਟੀ ਬੋਟੀ ਕਰਨਾ ਸ਼ੁਰੂ ਕਰ ਦਿੱਤਾ ਸੀ। 1855 ਵਿਚ ਮੰਚੂਆ ਦੀ ਸੌਖੀ ਹਾਰ ਤੋਂ ਬਾਅਦ, ਜਪਾਨ ਨੇ ਪੂਰੇ ਲਿਆ-ਤੁੰਗ ਪ੍ਰਾਇਦੀਪ ਅਤੇ ਰੂਸ ਨੇ ਮੰਚੂਰੀਆ ਉੱਤੇ ਕਬਜ਼ਾ ਕਰ ਲਿਆ ਸੀ। ਕੈਸਰ ਨੇ ਸਿੰਗ-ਤਾਉ ਦਾ ਸਮੁੰਦਰੀ ਅੱਡਾ ਦੱਖ ਕੇ ਸ਼ਾਂਤੁੰਗ ਸੂਬੇ ਵਿਚ ਬਹੁਤ ਸਾਰੀਆਂ ਰਿਆਇਤਾਂ ਹਾਸਿਲ ਕਰ ਲਈਆਂ ਸਨ। ਇੰਗਲੈਂਡ, ਫ਼ਰਾਂਸ ਅਤੇ ਪੁਰਤਗਾਲ ਪਹਿਲਾਂ ਹੀ ਯੁੱਧ-ਨੀਤਕ ਮਹੱਤਤਾ ਵਾਲੀਆਂ ਬੰਦਰਗਾਹਾਂ ਉੱਪਰ ਕਾਬਿਜ਼ ਹੋਏ ਬੈਠੇ ਸਨ।"

"ਮਲੂਕਿਆ ਸਾਨੂੰ ਸ਼ੁਕਰਾਨਾ ਕਰਨਾ ਚਾਹੀਦਾ ਹੈ ਕਿ ਅਸੀਂ ਕੇਵਲ ਇੱਕੋ ਭਿਆਨਕ ਜਾਨਵਰ ਦਾ ਟਾਕਰਾ ਕਰ ਰਹੇ ਹਾਂ", ਨੂਰੀ ਨੇ ਕਿਹਾ।

"ਪਰ ਇਹ ਹੈ ਬੜਾ ਤਕੜਾ ਤੇ ਪੱਕੇ ਪੈਰੀਂ", ਮਲੂਕੇ ਨੇ ਜੁਆਬ ਦਿੱਤਾ।

"ਜੰਗ ਨੇ ਹਾਲਤ ਹੋਰ ਵੀ ਵਿਗਾੜ ਦਿੱਤੀ ਸੀ", ਹੂ ਸ਼ੀਹ ਨੇ ਜ਼ੋਰ ਦੇਕੇ ਆਖਿਆ। "ਚੀਨ, ਭਾਰਤ ਵਿਚ ਸੰਸਾਰ ਲਈ ਲੋਕਰਾਜ ਦੀ ਰਾਖੀ ਹਿਤ ਇਤਿਹਾਦੀਆਂ ਦੀ ਧਿਰ ਬਣ ਕੇ ਜੂਝਿਆ ਸੀ, ਪਰ ਵਿਚੋਂ ਇਨਾਮ ਕੀ ਮਿਲਿਆ?"

"ਚੀਨ ਨੂੰ ਸੂਬਾ ਸ਼ਾਂਤੂੰਗ ਜਾਪਾਨ ਨੂੰ ਸੌਂਪਣ ਲਈ ਮਜਬੂਰ ਕਰ ਦਿੱਤਾ ਗਿਆ ਸੀ। ਇਸ ਲਈ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਇਹ ਵਰਸੇਲਜ਼ ਦੀ ਸੰਧੀ ਉੱਪਰ ਦਸਖ਼ਤ ਕਰਨੋਂ ਨਾਬਰ ਹੋ ਗਿਆ ਸੀ। ਭਾਰਤ ਨੂੰ ਤਾਂ ਖ਼ੈਰ, ਸੰਧੀ 'ਤੇ ਦਸਤਖ਼ਤ ਕਰਨ ਦਾ ਹੱਕ ਹੀ ਹਾਸਿਲ ਨਹੀਂ ਸੀ।"

"ਭਾਰਤ ਦਾ ਸਭ ਤੋਂ ਵੱਧ ਨੁਕਸਾਨ ਹੋਇਆ ਸੀ", ਨੂਰੀ ਨੇ ਆਖਿਆ, "ਲੋਕਾਂ ਦੀ ਆਜ਼ਾਦੀ ਤੇ ਜਮਹੂਰੀਅਤ ਲਈ ਰੀਝ ਬੜੀ ਬੇਦਰਦੀ ਨਾਲ ਦਬਾ ਦਿੱਤੀ ਗਈ ਸੀ। ਜਲ੍ਹਿਆਂ ਵਾਲੇ ਬਾਗ਼ ਦੇ ਸਾਕੇ ਦੇ ਸਿੱਟੇ ਵਜੋਂ ਗਾਂਧੀ ਦੁਆਰਾ ਬਰਤਾਨਵੀ ਸਾਮਰਾਜ ਵਿਰੁੱਧ ਅਹਿੰਸਾ ਤੇ ਨਾ-ਮਿਲਵਰਤਨ ਦੀ ਲਹਿਰ ਸ਼ੁਰੂ ਕੀਤੀ ਗਈ ਸੀ।"

"ਪਰ ਚੀਨ ਤੇ ਭਾਰਤ ਦੋਹਾਂ ਦਾ ਹੀ ਮੋਹ-ਭੰਗ ਹੋਇਆ ਸੀ", ਮਲੂਕੇ ਨੇ ਆਖਿਆ, "ਜਮਹੂਰੀ ਕੌਮਾਂ ਦੇ ਸਹਿਯੋਗ ਨਾਲ ਭਾਰਤ ਦਾ ਸੁਤੰਤਰ ਤੇ ਆਧੁਨਿਕ ਦੇਸ਼ ਬਣਨ ਦਾ ਸੁਪਨਾ ਮੂਰਖਾਂ ਦਾ ਸੁਅਰਗ ਹੀ ਸਿੱਧ ਹੋਇਆ ਸੀ।"

"ਚੰਗੇ ਭਾਗੀ", ਨੂਰੀ ਨੇ ਆਖਿਆ, "ਅੰਤਰ-ਰਾਸ਼ਟਰੀ, ਦੁਮੇਲ ਤੇ ਇਕ ਨਵੀਂ ਸ਼ਕਤੀ ਉਦੈ ਹੋਈ ਸੀ। ਰੂਸ ਦੀ ਇਨਕਲਾਬੀ ਸੋਵੀਅਤ ਸਰਕਾਰ ਨੇ ਯੂਰਪੀ ਗੁਲਾਮੀ ਹੇਠ ਦੱਬੇ ਸਭਨਾਂ ਦੇਸ਼ਾਂ ਵਲ ਸਹਾਇਤਾ ਦਾ ਹੱਥ ਵਧਾਇਆ ਸੀ। ਇਸ ਨੇ ਚੀਨ ਉੱਪਰ ਸਭ ਜ਼ਾਰਸ਼ਾਹੀ ਦਾਅਵਿਆਂ ਦਾ ਖੰਡਨ ਕੀਤਾ ਸੀ। 1917 ਵਿਚ ਟ੍ਰਾਟਸਕੀ ਨੇ ਇਤਿਹਾਦੀਆਂ ਦੁਆਰਾ ਜੰਗ ਦੌਰਾਨ ਅਰਬ-ਭੂਮੀਆਂ ਨੂੰ ਆਪਸ ਵਿਚ ਵੰਡ ਲੈਣ ਦੀ ਗੁਪਤ ਸੰਧੀ ਦੀ ਹੋਂਦ ਦਾ ਰਾਜ਼ ਫਾਸ਼ ਕੀਤਾ ਸੀ। ਇਕ ਸਾਲ ਮਗਰੋਂ ਪੂਰਬ ਦੀ ਸੁਤੰਤਰਤਾ ਲਈ ਇਕ ਸੰਗਠਨ ਕਾਇਮ ਕੀਤਾ ਗਿਆ ਸੀ ਅਤੇ ਏਸ਼ੀਆ ਦੇ ਲੋਕਾਂ ਨੂੰ ਇਨਕਲਾਬ ਦੇ ਫ਼ਲਸਫ਼ੇ ਤੇ ਤਰੀਕਿਆਂ ਦੀ ਸਿੱਖਿਆ ਪ੍ਰਾਪਤ ਕਰਨ ਦੀ ਦਾਅਵਤ ਦਿੱਤੀ ਗਈ ਸੀ।

"ਜੰਗ ਸਮੇਂ ਚੌਰਾਨ ਆਪਣੀ ਬਗ਼ਾਵਤ ਦੀ ਨਾਕਾਮੀ ਤੋਂ ਬਾਅਦ, ਗ਼ਦਰ ਪਾਰਟੀ ਦੇ ਕਈ ਨੇਤਾ, ਸਿਖਲਾਈ ਪ੍ਰਾਪਤ ਕਰਨ ਲਈ ਮਾਸਕੋ ਗਏ ਸਨ", ਮਲੂਕੇ ਨੇ ਚੱਸਿਆ, "ਤੇ ਪਾਰਟੀ ਵਿਚ ਨੌਜੁਆਨ ਅੰਸਰਾਂ ਦੀ ਭਰਤੀ ਜਾਰੀ ਰਹੀ ਸੀ।"

"ਜੰਗ ਤੋਂ ਬਾਅਦ ਚੀਨ ਦੀਆਂ ਕਈ ਸਨਅਤਾਂ ਵਿਚ ਹੜਤਾਲਾਂ ਹੋ ਗਈਆਂ ਸਨ", ਹੂ ਸ਼ੀਹ ਨੇ ਆਖਿਆ। "ਵਿਦਿਆਰਥੀ ਸਾਮਰਾਜ ਵਿਰੁੱਧ ਜੂਝਣ ਲਈ ਮਜ਼ਦੂਰਾਂ ਦੇ ਨਾਲ ਰਲ ਗਏ ਸਨ। ਸਭ ਤੋਂ ਮਹੱਤਵਪੂਰਨ ਗੱਲ ਇਹ ਕਿ ਉਹਨਾਂ ਨੇ ਇਹ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਸੀ ਕਿ ਉਹ ਪ੍ਰੋਲਤਾਰੀ ਦੇ ਸੰਸਾਰ-ਵਿਆਪੀ ਸੰਗਰਾਮ ਦਾ ਹਿੱਸਾ ਮਾਤਰ ਸਨ।"

... ...

ਸਮੁੰਦਰ ਖਹੁਰਾ ਹੋ ਗਿਆ ਸੀ। ਕਈ ਮੁਸਾਫ਼ਿਰ ਆਪਣੇ ਰੈਣ-ਬਸੇਰਿਆਂ ਵਿਚ ਹੀ ਘੁਸ ਰਹੇ। ਖਾਣ-ਮੇਜ਼ਾਂ ਉੱਤੇ ਰੌਣਕ ਘੱਟ ਗਈ ਸੀ। ਪਰੰਤੂ ਮਲੂਕੇ ਵਾਲ ਮੇਜ਼ ਦੇ ਚੀਨੀ ਦੋਸਤਾਂ ਨੂੰ ਵਾਦ-ਵਿਵਾਦ ਵਾਲੇ ਰਾਜਨੀਤਿਕ ਮਸਲਿਆਂ ਬਾਰੇ ਗੱਲਬਾਤ ਕਰਨ ਦਾ ਸ਼ੌਕ ਸੀ। ਇਸ ਲਈ ਉਹਨਾਂ ਦਾ ਜੋਸ਼ ਪਹਿਲੋਂ ਵਾਂਗ ਹੀ ਬਰਕਰਾਰ ਰਿਹਾ। ਆਪਣੀ ਵਾਰਤਾਲਾਪ ਵਿਚ ਪੱਖਧਾਰੀ ਰਵੱਈਆ ਧਾਰਨ ਕਰਨ ਕਾਰਨ, ਉਹਨਾਂ ਦੇ ਸ਼ਾਂਤ ਸਪਾਟ ਚੇਹਰੇ ਰੋਹ ਨਾਲ ਰੰਗੇ ਜਾਂਦੇ ਸਨ ਤੇ ਆਪਣੇ ਵਿਚਾਰਾਂ ਉੱਪਰ ਜ਼ੋਰ ਦੇਣ ਲਈ ਉਹਨਾਂ ਦੀ ਆਵਾਜ਼ ਆਪੇ ਹੀ ਉੱਚੀ ਹੋ ਜਾਂਦੀ ਸੀ।

ਮੰਚੂ ਸਲਤਨਤ ਦੇ ਪਤਨ ਤੋਂ ਮਗਰਲੀ ਚੀਨ ਦੀ ਸਮਾਜੀ-ਰਾਜਸੀ ਤਾਰੀਖ਼ ਬੜੀ ਵਲੇਵੇਂਦਾਰ ਸੀ। ਕੇਂਦਰ ਵਿਚ ਕਮਜ਼ੋਰ ਸਰਕਾਰ ਹੋਣ ਕਾਰਨ, ਸੂਬਾਈ ਗਵਰਨਰ ਮਾਰਖੋਰੇ ਹੋ ਗਏ ਸਨ ਤੇ ਉਹ ਆਪਣੀ ਸੱਤਾ-ਹਵਸ ਦੀ ਪੂਰਤੀ ਲਈ ਮਨ-ਆਈਆਂ ਕਰਨ ਲੱਗ ਪਏ ਸਨ। ਵੱਖ ਵੱਖ ਟੋਲੇ ਹਰ ਹੀਲੇ ਸੱਤਾ ਹਥਿਆਉਣ ਲਈ ਹਾਬੜੇ ਫਿਰਦੇ ਸਨ। ਉਹ ਮੌਕਾ-ਪ੍ਰਸਤ ਸੰਧੀਆਂ ਕਰਦੇ ਅਤੇ ਜੀਅ ਕਰਨ 'ਤੇ ਉਹਨਾਂ ਨੂੰ ਭੰਗ ਕਰ ਦਿੰਦੇ ਸਨ। ਗ਼ੱਦਾਰੀ ਵਿਰੋਧੀਆਂ ਵਿਚਕਾਰ ਆਮ ਨੀਤੀ ਬਣ ਗਈ ਸੀ।

"1912 ਵਿਚ", ਤੁੰਗ-ਲਿਆਂਗ-ਚੂ ਨੇ ਆਖਿਆ ਸੀ, "ਕੂਆਓ-ਮਿਨ-

ਤੁੰਗ (ਕੌਮੀ ਲੋਕ ਦਲ), ਕੌਮ ਨੂੰ ਸੰਗਠਿਤ ਅਗਵਾਈ ਦੇ ਕੇ ਦੇਸ਼ ਦੀਆਂ ਸਮੱਸਿਆਵਾਂ ਸੁਲਝਾਉਣ ਹਿਤ ਕਾਇਮ ਕੀਤੀ ਗਈ ਸੀ। 1924 ਵਿਚ ਡਾ: ਸਨ-ਯਾਤ ਸੇਨ ਨੇ ਕੁਆਓ-ਮਿਨ-ਤੁੰਗ ਦੇ ਤਿੰਨ ਰਹਿਨੁਮਾ ਅਸੂਲ ਕਾਇਮ ਕੀਤੇ ਸਨ। ਉਹ ਸਨ : ਰਾਸ਼ਟਰਵਾਦ, ਜਮਹੂਰੀਅਤ ਤੇ ਸਮਾਜਵਾਦ।"

"ਪਰ ਇਹਨਾਂ ਸਤਰਾਂ ਦਾ ਅਰਥ ਉਹ ਨਹੀਂ ਸੀ, ਜੋ ਆਮ ਤੌਰ ਤੇ ਪੱਛਮ ਵਿਚ ਸਮਝਿਆ ਜਾਂਦਾ ਹੈ", ਹੂ ਸ਼ੀਹ ਨੇ ਆਖਿਆ, "ਰਾਸ਼ਟਰਵਾਦ, ਅਸਲ ਵਿਚ ਲੋਕਾਂ ਦਾ "ਕਬੀਲਾਵਾਦ" ਹੀ ਸੀ। ਜਮਹੂਰੀਅਤ ਦੀ ਬੁਨਿਆਦ ਕਨਫਿਊਸ਼ਿਅਸ ਦੇ ਜਾਗੀਰੂ ਰਾਜਸੀ ਸਿਧਾਂਤ ਹੀ ਸਨ ਅਤੇ ਸਮਾਜਵਾਦ ਸਮਾਜਕ ਪੁਨਰ-ਉਸਾਰੀ ਦਾ ਸੂਤਰ ਨਹੀਂ ਸੀ। ਇਹ ਇਕ ਤਰ੍ਹਾਂ ਨਾਲ ਸਮਾਜਵਾਦ ਦੀ ਤਨਕੀਦ ਹੀ ਸੀ।"

"ਇਹ ਅਸਲੀ ਜਮਹੂਰੀ ਇਨਕਲਾਬ ਤੋਂ ਡਰੀ ਪੈਰ ਫੂਕ ਫੂਕ ਕੇ ਚੱਲਣ ਵਾਲੀ ਸੁਧਾਰਵਾਦੀ ਪਾਰਟੀ ਦਾ ਹੀ ਪ੍ਰੋਗਰਾਮ ਸੀ", ਹੂ ਸ਼ੀਹ ਨੇ ਜ਼ੋਰ ਦੇ ਕੇ ਆਖਿਆ।

"ਇਹ ਤਾਂ ਪੱਖਪਾਤੀ ਧਿਰ ਵਾਲਾ ਫ਼ੈਸਲਾ ਹੈ", ਚਿੜੇ ਹੋਏ ਚੂ ਨੇ ਕਿਹਾ।

"ਜੇ ਚੀਨ ਨੇ ਅਸਲੀ ਆਜ਼ਾਦੀ ਹਾਸਿਲ ਕਰਨੀ ਹੈ", ਹੂ ਸ਼ੀਹ ਨੇ ਜ਼ੋਰ ਦੇਕੇ ਕਿਹਾ, "ਤਾਂ ਇਸ ਨੂੰ ਦੇਸ਼ ਅੰਦਰਲੇ ਇਹਦੇ ਇਤਹਾਦੀ ਹੱਥ ਠੋਕਿਆਂ ਦੇ ਨਾਲੋ ਨਾਲ ਬਦੇਸ਼ੀ ਸਾਮਰਾਜਵਾਦ ਨਾਲ ਆਢਾ ਲਾਉਣਾ ਪਵੇਗਾ। ਪਹਿਲੇ ਦੀ ਸਮਾਪਤੀ ਲਈ ਤੁਹਾਨੂੰ ਬਾਬੇ ਕਨਫਿਊਸ਼ਿਅਸ ਦੁਆਰਾ ਸਮਾਜੀ ਗੁਲਾਮੀ ਦਾ ਮਲੀਆ ਮੇਟ ਕਰਨਾ ਪਵੇਗਾ।"

"1922 ਵਿਚ ਜਿਵੇਂ ਤੁਸੀਂ ਜਾਣਦੇ ਹੀ ਹੋ", ਚੂ ਨੇ ਆਖਿਆ, "ਸਨ ਯਾਤ-ਸੇਨ ਕਮਿਊਨਿਜ਼ਮ ਦੇ ਪ੍ਰਭਾਵ ਹੇਠ ਆਇਆ ਸੀ ਤੇ ਤਾਂ ਹੀ ਉਸ ਨੇ ਕੋ-ਮਿਨ-ਤਾਂਗ ਨੂੰ ਇਕ ਇਨਕਲਾਬੀ ਪਾਰਟੀ ਦੇ ਤੌਰ ਤੇ ਜਥੇਬੰਦ ਕੀਤਾ ਸੀ।"

"ਇਹ ਇਸ ਕਰਕੇ ਹੋਇਆ ਸੀ ਕਿਉਂਕਿ ਸਨਅਤੀ ਮਜ਼ਦੂਰ ਇਕ ਗਤੀਸ਼ੀਲ ਤਾਕਤ ਦਾ ਰੂਪ ਅਖ਼ਤਿਆਰ ਕਰ ਗਏ ਸਨ", ਹੂ ਸ਼ੀਹ ਨੇ ਕਿਹਾ। "ਤੇ ਦੋ ਸਾਲ ਪਹਿਲਾਂ ਸਥਾਪਿਤ ਹੋਈ ਕਮਿਊਨਿਜ਼ਮ ਪਾਰਟੀ ਨੇ ਵੱਖ ਵੱਖ ਸਨਅਤੀ ਕੇਂਦਰਾਂ ਵਿਚ ਮਜ਼ਦੂਰ ਯੂਨੀਅਨਾਂ ਜਥੇਬੰਦ ਕਰ ਲਈਆਂ ਸਨ। ਇਸ ਨੇ

ਮਜ਼ਦੂਰਾਂ ਨੂੰ ਟਰੇਡ ਯੂਨੀਅਨ ਸੰਘ ਵਿਚ ਸੰਗਠਿਤ ਕਰ ਲਿਆ ਸੀ ਅਤੇ ਕਮਿਊਨਿਸਟ ਪਾਰਟੀ ਨੇ ਖ਼ੁਸ਼ੀ ਨਾਲ ਹੀ, ਕੋ-ਮਿਨ-ਤੂੰਗ ਨਾਲ ਏਕਾ ਸਿਰਜ ਲਿਆ ਸੀ।"

"ਪਾਰਟੀ ਨੂੰ 1926 ਵਿਚ ਗ਼ੱਦਾਰਾਨਾ ਰਾਜ-ਪਲਟੇ ਰਾਹੀਂ ਦਬਾ ਦਿੱਤਾ ਗਿਆ ਸੀ", ਹੂ ਸ਼ੀਹ ਨੇ ਰੋਹ ਨਾਲ ਆਖਿਆ। "ਦਬਾਇਆ ਇਹਨੂੰ ਤਾਂ ਹੀ ਜਾ ਸਕਿਆ ਸੀ ਕਿਉਂਕਿ ਇਸ ਨੇ ਆਪਣੇ ਆਪ ਨੂੰ ਚੰਗੀ ਤਰ੍ਹਾਂ ਹਥਿਆਰਬੰਦ ਨਹੀਂ ਸੀ ਕੀਤਾ। ਭਵਿੱਖ ਵਿਚ ਇਹ ਅਜੇਹੀ ਗ਼ਲਤੀ ਕਦੇ ਨਹੀਂ ਕਰੇਗੀ।"

... ...

"ਮਲੂਕਿਆ", ਤੂੰਗ-ਲਿਆ-ਚੂੰਗ ਨੇ ਨਿਰਾਸ਼ਾਜਨਕ ਸੁਰ ਵਿਚ ਕਿਹਾ ਸੀ, "ਚੀਨ ਵਿਚ ਖ਼ਾਨਾਜੰਗੀ ਸ਼ੁਰੂ ਹੋਣ ਵਾਲੀ ਹੈ। ਹਜ਼ਾਰਾਂ ਜਾਨਾਂ ਜਾਣਗੀਆਂ। ਬੜੇ ਦੁੱਖਾਂ ਵਿਚੀਂ ਗੁਜ਼ਰਨਾ ਪਵੇਗਾ।"

"ਭਾਰਤ ਵਿਚ", ਮਹਾਤਮਾ ਗਾਂਧੀ ਨੇ ਆਜ਼ਾਦੀ ਦੀ ਪ੍ਰਾਪਤੀ ਲਈ ਅਹਿੰਸਕ ਢੰਗ ਅਪਣਾਇਆ ਹੈ, ਜਿਸ ਨੂੰ ਉਹ ਸਤਿਆਗ੍ਰਹਿ ਆਖਦਾ ਹੈ। ਕੀ ਇਹ ਜੰਗ ਦਾ ਬਦਲ ਨਹੀਂ ਜੇ ਹੋ ਸਕਦਾ?"

"ਉਸ ਨੇ ਇਸ ਤਰੀਕਾਕਾਰ ਦੀ ਕਾਫ਼ੀ ਕਾਮਯਾਬੀ ਨਾਲ ਦੱਖਣੀ ਅਫ਼ਰੀਕਾ ਵਿਚ ਵਰਤੋਂ ਕਰ ਕੇ ਦੇਖੀ ਹੋਈ ਹੈ", ਮਲੂਕੇ ਨੇ ਆਖਿਆ। "ਜੰਗ ਤੋਂ ਬਾਅਦ ਗੱਲ ਜ਼ਿਆਦਾ ਭਖ ਪਈ ਸੀ। ਸਰਕਾਰ ਨੇ ਬੜਾ ਜ਼ਾਲਮ ਰੁਖ਼ ਅਖ਼ਤਿਆਰ ਕਰ ਲਿਆ ਸੀ। ਲੋਕ ਸਮਝਦੇ ਸਨ ਕਿ ਸੰਤ ਸੀਜ਼ਰ ਵਿਰੁੱਧ ਉੱਠ ਖਲੋਇਆ ਹੈ। ਤੇ ਉਹਨਾਂ ਨੂੰ ਯਕੀਨ ਸੀ ਕਿ ਉਹਨਾਂ ਦੇ ਸੰਤ ਦੀ ਜਿੱਤ ਹੋਏਗੀ।"

"ਗਾਂਧੀ ਦਾ ਨਿਸ਼ਾਨਾ ਕੀ ਹੈ? ਤੇ ਪ੍ਰੋਗਰਾਮ ਕਿਹੜਾ?"

"ਗਾਂਧੀ ਦਾ ਨਿਸ਼ਾਨਾ ਸੱਚਮੁੱਚ ਹੀ ਬੜਾ ਉੱਚਾ ਹੈ। ਉਹ ਮਨੁੱਖ ਮਾਤਰ ਨੂੰ ਰਾਜਸੀ ਗ਼ੁਲਾਮੀ ਤੇ ਸੱਤਾ ਦ ਪਾਗਲਪਨ, ਆਰਥਿਕ ਲੁੱਟ ਖਸੁੱਟ ਦੀ ਇੱਛਾ, ਨਸਲੀ ਵਿਤਕਰੇ, ਧਾਰਮਿਕ ਕੱਟੜਤਾ, ਹਉਮੈਂ ਤੇ ਭੈ ਤੋਂ ਨਿਜਾਤ ਦੁਆਏਗਾ।"

"ਇਹ ਤਾਂ ਉਹਦਾ ਸੁਪਨਾ ਹੀ ਹੈ", ਲਿਆਂਗ-ਚੀ-ਚਾਓ ਨੇ ਆਖਿਆ। "ਉਹ ਤਾਂ ਸੁਰਗ ਨੂੰ ਧਰਤੀ 'ਤੇ ਉਤਾਰਨਾ ਚਾਹੁੰਦੈ।"

"ਪਰ ਉਹ ਆਪਣੇ ਪ੍ਰੋਗਰਾਮ ਨੂੰ ਬੜੀ ਵਿਵਹਾਰਕ ਕੁਸ਼ਲਤਾ ਨਾਲ ਉਲੀਕਦਾ ਤੇ ਨੇਪਰੇ ਚਾੜ੍ਹਦਾ", ਮਲੂਕੇ ਨੇ ਕਿਹਾ। "ਉਹ ਰਾਜਸੀ ਤੇ ਆਰਥਿਕ ਸਥਿਤੀ ਤੇ ਲੋਕਾਂ ਦੇ ਰੌਂ ਨੂੰ ਪੂਰੀ ਤਰ੍ਹਾਂ ਧਿਆਨ ਵਿਚ ਰੱਖਦਾ।"

"ਉਹਦੀ ਲੀਡਰੀ ਨੂੰ ਸਭ ਤੋਂ ਵੱਧ ਪ੍ਰਭਾਵਸ਼ਾਲੀ ਬਣਾਉਣ ਵਾਲੀ ਗੱਲ ਇਹ ਵੇ ਕਿ ਉਹ ਜੋ ਕਹਿੰਦਾ, ਖ਼ੁਦ ਉਹੀ ਜੀਉਂਦਾ ਵੀ ਹੈ।" ਮਲੂਕੇ ਨੇ ਕਿਹਾ।

"ਸਾਫ਼ ਹੈ ਕਿ ਗਾਂਧੀ ਦਾ ਫ਼ਲਸਫ਼ਾ ਤੇ ਤਰੀਕਾਕਾਰ ਮਾਰਕਸ ਨਾਲੋਂ ਬਹੁਤ ਵੱਖ ਹੈ", ਹੂ ਸ਼ੀਹ ਨੇ ਕਿਹਾ।

"ਹੈ ਵੀ ਤੇ ਨਹੀਂ ਵੀ।"

"ਜ਼ਾਹਿਰਾ ਭੇਦਾਂ ਦੇ ਬਾਵਜੂਦ ਉਹਨਾਂ ਵਿਚ ਬੜੀ ਸਾਂਝ ਹੈ। ਦੋਨੋਂ ਮਨੁੱਖੀ ਆਜ਼ਾਦੀ ਦੇ ਹੱਕ ਵਿਚ ਨੇ ਤੇ ਆਦਰਸ਼ ਸਮਾਜ ਸਿਰਜਣਾ ਲੋਚਦੇ ਨੇ। ਦੋਨਾਂ ਦਾ ਟੀਚਾ ਸੰਸਾਰ ਨੂੰ ਸਮਝਣਾ ਹੀ ਨਹੀਂ ਸਗੋਂ ਇਸ ਨੂੰ ਬਦਲਣਾ ਵੀ ਹੈ। ਦੋਨਾਂ ਦਾ ਦਾਅਵਾ ਹੈ ਕਿ ਵਿਸ਼ਵਾਸਾਂ ਨੂੰ ਸਿਰਫ ਅਮਲ ਦੀ ਕੁਠਾਲੀ ਵਿਚ ਪਾ ਕੇ ਪਰਖਿਆ ਜਾ ਸਕਦਾ ਹੈ।"

"ਪਰ ਮਾਰਕਸ ਨੇ ਦੁਨੀਆਂ ਨੂੰ ਇਕ ਵਿਧੀ ਦਿੱਤੀ ਹੈ, ਵਿਰੋਧ-ਵਿਕਾਸੀ ਪਦਾਰਥਵਾਦ ਦੀ ਵਿਧੀ।" ਹੂ ਸ਼ੀਹ ਨੇ ਕਿਹਾ, "ਇਹ ਸਾਨੂੰ ਸਮਾਜਕ ਤਬਦੀਲੀ ਦੀ ਤੋਰ ਦੀ ਬਾਹਿਰਮੁੱਖੀ ਸਮਝ ਦਿੰਦੀ ਹੈ। ਇਹਨੇ ਮਜ਼ਦੂਰ ਜਮਾਤ ਨੂੰ ਬੀਤੇ ਦੀ ਦਲਦਲ ਵਿਚੋਂ ਬਾਹਿਰ ਕੱਢ ਕੇ ਗਤੀਸ਼ੀਲ ਤਬਦੀਲੀ ਦੀ ਟੇਕ ਬਣਾਇਆ।"

"ਦੋਨੋਂ ਵਿਰੋਧ ਵਿਕਾਸੀ ਵਿਧੀ ਦੀ ਵਰਤੋਂ ਕਰਦੇ ਹਨ", ਮਲੂਕੇ ਨੇ ਆਖਿਆ, "ਪਰ ਦੋਹਾਂ ਵਿਚ ਬੁਨਿਆਦੀ ਮੱਤਭੇਦ ਹੈ।"

"ਮਾਰਕਸ ਆਪਣੇ ਤਰੀਕੇ ਨੂੰ ਬਾਹਿਰਮੁਖੀ ਆਖਦਾ ਹੈ ਕਿਉਂਕਿ ਇਹ ਸਮਾਜ ਵਿਚ ਵਾਪਰਦੀ ਪਦਾਰਥਕ ਤਬਦੀਲੀ, ਯਾਨੀ ਕਿ ਉਤਪਾਦਨ ਦੇ ਸਾਧਨਾਂ ਵਿਚ ਮਾਲਕੀ ਦੀ ਤਬਦੀਲੀ ਦੀ ਵਸਤੂਮੁਖੀ ਬਦਲੀ ਤੇ ਮਬਨੀ ਹੈ। ਜਦਕਿ ਗਾਂਧੀ ਦੇ ਵਿਰੋਧ ਵਿਕਾਸੀ ਤਰੀਕੇ ਨੂੰ ਅੰਤਰਮੁਖੀ ਕਿਹਾ ਜਾ ਸਕਦਾ ਹੈ ਕਿਉਂਕਿ ਇਹ ਮਨੁੱਖ ਦੇ ਮਨ ਵਿਚਲੇ ਵਿਚਾਰਾਂ ਦੀ ਪ੍ਰਗਤੀ 'ਤੇ ਆਧਾਰਿਤ ਹੈ।"

"ਅਤੇ ਇਸ ਦੇ ਸਿੱਟੇ ਵਜੋਂ ਹੋਰ ਨਿਖੇੜੇ ਪੈਦਾ ਹੁੰਦੇ ਹਨ", ਮਲੂਕੇ ਨੇ

ਕਿਹਾ, "ਮਾਰਕਸ ਨੇ ਆਪਣੇ ਤਰੀਕੇ ਨੂੰ ਵਿਸ਼ੇਸ਼ ਵਸਤੂ ਸਮੱਗਰੀ ਪ੍ਰਦਾਨ ਕੀਤੀ, ਜਿਸ ਨਾਲ ਇਹਦੀ ਸੰਰਚਨਾ (ਜਮਾਤੀ ਘੋਲ) ਅਤੇ ਵਿਰੋਧੀ ਵਿਕਾਸੀ ਅਮਲ ਦੀ ਸੇਧ (ਜਮਾਤ-ਰਹਿਤ ਸਮਾਜ) ਦੋਨੋਂ ਹੀ ਨਿਸ਼ਚਤ ਰੂਪ ਅਖ਼ਤਿਆਰ ਕਰ ਲੈਂਦੀਆਂ ਹਨ।"

"ਦੂਜੇ ਪਾਸੇ ਗਾਂਧੀ ਦੀ ਵਿਧੀ ਸੱਚ-ਸਿਰਜਕ ਅਮਲ ਹੈ। ਇਹ ਨਵੇਂ ਸੱਚ 'ਤੇ ਪੁੱਜਣ ਲਈ, ਸੰਮਤੀ ਦੇ ਖੇਤਰ ਨੂੰ ਵਿਕਸਿਤ (ਮੰਨ-ਮਾਨੀ ਤੇ ਅਹਿੰਸਕ ਘੋਲ ਚੁਆਰਾ) ਕਰਨ ਨੂੰ ਆਪਣਾ ਟੀਚਾ ਮਿਥਦਾ ਹੈ। ਇਸ ਨੂੰ ਸਥਿਤੀ ਅਨੁਕੂਲਨ ਕਿਹਾ ਜਾ ਸਕਦਾ ਹੈ, ਪਰ ਸਮਝੌਤਾ ਕਿਤਈ ਨਹੀਂ।"

"ਕੋਈ ਵੀ ਇਨਕਲਾਬ ਗਾਂਧੀ ਦੇ ਤਰੀਕੇ ਨਾਲ ਫਲੀਭੂਤ ਨਹੀਂ ਹੋਣ ਲੱਗਾ", ਹੂ ਸ਼ੀਹ ਨੇ ਦਾਅਵਾ ਕੀਤਾ। "ਅਤੇ ਇਨਕਲਾਬ ਲਈ ਧਰਮ ਤੇ ਪੁਰਾਤਨ ਦਰਸ਼ਨ ਦੁਆਰਾ ਪ੍ਰਵਾਨਿਤ ਹਾਨੀਕਾਰਕ ਸਮਾਜੀ ਰੀਤਾਂ ਤੇ ਰਵਾਇਤਾਂ ਦਾ ਫਸਤਾ ਵੱਢਣਾ ਲਾਜ਼ਮੀ ਹੁੰਦਾ ਹੈ।"

"ਇਹ ਤਾਂ ਸੱਚ ਹੈ", ਹੂ ਸ਼ੀਹ ਨੇ ਕਿਹਾ, "ਕਿ ਮਾਰਕਸ ਦੀ ਹਿੰਸਾ ਨਵੇਂ ਸਮਾਜੀ ਨਿਜ਼ਾਮ ਦੀ ਦਾਈ ਹੀ ਹੈ।"

"ਤੇ ਗਾਂਧੀ ਇਹ ਕੰਮ ਅਹਿੰਸਾ ਨੂੰ ਸੌਂਪਣਾ ਚਾਹੁੰਦੇ", ਮਲੂਕੇ ਨੇ ਆਖਿਆ।

"ਰਾਜਸੀ ਸੱਤਾ ਜਿੱਤਣ ਲਈ ਮਾਰਕਸ ਦੀ ਹਿੰਸਾ ਦੀ ਵਰਤੋਂ ਵੱਲ ਰਵੱਈਆ ਦੋ-ਅਰਥਾ ਹੈ", ਹੂ ਸ਼ੀਹ ਨੇ ਕਿਹਾ। "ਪਰ ਐਂਗਲਜ਼ ਨੇ ਇਹ ਗੱਲ ਸਪਸ਼ਟ ਕਰ ਦਿੱਤੀ ਸੀ ਕਿ ਪਹਿਲੀ ਗੋਲੀ ਬੁਰਜੂਆਜ਼ੀ ਹੀ ਦਾਗੇਗੀ—ਸਮਾਜਵਾਦ ਦੀ ਵਧਦੀ ਤਾਕਤ ਨੂੰ ਨਾ ਜਰਦਿਆਂ—ਇਸ ਦੇ ਜੁਆਬ ਵਿਚ ਮਾਰਕਸਵਾਦੀ ਕੀ ਕਰਨਗੇ, ਇਹ ਹਾਲਾਤ 'ਤੇ ਨਿਰਭਰ ਕਰੇਗਾ। ਉਹਨਾਂ ਲਈ ਇਸ ਬਾਰੇ ਦੁਸ਼ਮਣ ਨੂੰ ਅਗਾਊਂ ਖ਼ਬਰ ਦੇਣੀ ਜ਼ਰੂਰੀ ਨਹੀਂ।"

"ਪਰ ਜਿਹੜੇ ਲੋਕ ਸੱਤਾ ਦੇ ਜ਼ਾਲਮ ਰਾਜ ਦਾ ਹਿੰਸਕ ਇਨਕਲਾਬ ਰਾਹੀਂ ਸਫਾਇਆ ਕਰਦੇ ਹਨ, ਖ਼ੁਦ ਹਾਕਮ ਬਣ ਬਹਿੰਦੇ ਹਨ ਤੇ ਜਨਤਾ ਪਹਿਲਾਂ ਵਾਂਗ ਹੀ ਸੱਤਾ ਵਿਹੂਣੀ ਰਹਿ ਜਾਂਦੀ ਹੈ", ਤੁੰਗ-ਲਿਆਂਗ-ਚੂ ਨੇ ਕਿਹਾ। "ਇਨਕਲਾਬ ਵੀ ਅਜੀਬ ਚੱਕਰ-ਵਿਊ ਵਿਚ ਘੁੰਮਦੇ ਹਨ", ਪ੍ਰਯੋਗਵਾਦੀ ਲਿਆਂਗ ਚੀ ਚਾਓ ਨੇ

ਆਖਿਆ। "ਇਹ ਜ਼ਿਆਦਤੀ ਵਿਚ ਹੀ ਸ਼ੁਰੂ ਤੇ ਖ਼ਤਮ ਹੁੰਦੇ ਹਨ। ਇਨਕਲਾਬ ਬਾਹਰੀ ਸੰਸਥਾਵਾਂ ਨੂੰ ਤਾਂ ਭਾਵੇਂ ਖ਼ਤਮ ਕਰ ਦੇਣ, ਪਰ ਪੁਰਾਣੀਆਂ ਆਦਤਾਂ, ਵਿਚਾਰ ਤੇ ਭਾਵਨਾਵਾਂ ਬਰਕਰਾਰ ਰਹਿੰਦੀਆਂ ਨੇ। ਜੇ ਉਹ ਨਵੀਆਂ ਕਾਢਾਂ ਨੂੰ ਆਪਣੇ ਅੰਦਰ ਹੀ ਜਜ਼ਬ ਕਰ ਲੈਣ।"

47

ਸਮੁੰਦਰ ਫੇਰ ਸ਼ਾਂਤ ਤੇ ਅਸਮਾਨ ਸਾਫ਼ ਹੋ ਗਿਆ ਸੀ।

"ਗਰਮੀ ਹੋ ਰਹੀ ਹੈ", ਨੂਰੀ ਨੇ ਆਖਿਆ।

"ਇਹ ਜਾਪਾਨ ਦੇ ਪੂਰਬੀ ਤੱਟ ਤੋਂ ਫਿਲਪੀਨੀ ਟਾਪੂਆਂ ਰੁੱਖ ਚਲਣ ਵਾਲੀ ਨਿਮਨ-ਨਦੀ ਦੀ ਗਰਮ ਧਾਰਾ ਕਰ ਕੇ ਹੈ", ਮਲੂਕੇ ਨੇ ਵਕਾਲਤ ਕੀਤੀ।

"ਯੋਕੋਹਾਮਾ ਦੂਰ ਨਹੀਂ ਰਹਿ ਗਿਆ ਲੱਗਦਾ। ਅਕਾਸ਼ ਵਿਚ ਪਰਿੰਦੇ ਉੱਡਦੇ ਨਜ਼ਰ ਆਉਂਦੇ ਨੇ।"

"ਪਰਿੰਦੇ ਸਾਹਿਲ ਤੋਂ ਦੂਰ ਚਟਾਨੀ ਜਜ਼ੀਰਿਆਂ ਵਿਚ ਆਪਣੇ ਟਿਕਾਣੇ ਬਣਾ ਲੈਂਦੇ ਹਨ। ਸਾਨੂੰ ਪੱਤਣ 'ਤੇ ਲੱਗਣ ਲਈ ਹਾਲੇ ਇਕ ਦਿਨ ਹੋਰ ਲੱਗੇਗਾ।

"ਬਾਈ ਵਰ੍ਹੇ ਪਹਿਲਾਂ, ਮੈਂ ਯੋਕੋਹਾਮਾ ਵਿਖੇ ਸਾਂ", ਨੂਰੀ ਨੇ ਕਿਹਾ। "ਮੇਰੇ ਨਾਲ ਕੈਨੇਡਾ ਨੂੰ ਜਾਣ ਵਾਲੇ ਪੰਜਾਹ ਹੋਰ ਪੰਜਾਬੀ ਪਰਵਾਸੀ ਸਨ। ਇਹ ਉਦੋਂ ਹੀ ਬਹੁਤ ਵੱਡਾ ਵਪਾਰਕ ਕੇਂਦਰ ਬਣ ਗਿਆ ਸੀ। ਮੈਨੂੰ ਉੱਥੇ ਕੁਝ ਸਿੰਧੀ ਵਪਾਰੀ ਮਿਲੇ ਸਨ।"

"ਮੈਂ ਪੰਜ ਸਾਲ ਹੋਏ, ਉਥੇ ਫੇਰ ਗਿਆ ਸਾਂ। ਮੈਨੂੰ ਉੱਥੇ ਕਾਫ਼ੀ ਸਾਰੇ ਭਾਰਤੀ ਮਿਲੇ ਸਨ।"

"ਯੋਕੋਹਾਮਾ ਦੀ ਗ਼ਦਰ ਲਹਿਰ ਵਿਚ ਬੜੀ ਮਹਾਨ ਭੂਮਿਕਾ ਸੀ। ਇਥੇ ਹੀ ਇਕ ਪ੍ਰਸਿੱਧ ਗ਼ਦਰੀ ਨੇਤਾ, ਭਾਈ ਭਗਵਾਨ ਸਿੰਘ ਰਾਹੀਂ, ਕਾਮਾਗਾਟਾਮਾਰੂ ਦੇ ਮੁਸਾਫ਼ਿਰਾਂ ਨੂੰ ਉਹਨਾਂ ਦੀ ਵਾਪਸੀ ਵੇਲੇ ਗ਼ਦਰੀ ਸਾਹਿਤ ਤੇ ਅਸਲੇ ਦੇ ਭਰੇ ਦੋ

ਟਰੰਕ ਚਿੱਤੇ ਗਏ ਸਨ । ਇਥੋਂ ਹੀ ਯੋਕੋਹਾਮਾ ਯੂਨੀਵਰਸਿਟੀ ਵਿਚ ਉਰਦੂ ਤੇ ਫ਼ਾਰਸੀ ਦਾ ਪ੍ਰੋਫ਼ੈਸਰ ਰਹਿਮਤ ਉੱਲਾ ਕੈਲੀਫੋਰਨੀਆ ਨੂੰ ਗਿਆ ਸੀ। ਉਸ ਨੂੰ ਆਪਣੀ ਨੌਕਰੀ ਤੋਂ ਹੱਥ ਧੋਣੇ ਪਏ ਸਨ ਤੇ ਉਹ ਗ਼ਦਰ ਪਾਰਟੀ ਦਾ ਬੜਾ ਧੜੱਲੇਦਾਰ ਪ੍ਰਚਾਰਕ ਬਣ ਗਿਆ ਸੀ।"

ਨੌਂ ਦਿਨ ਸਮੁੰਦਰ ਵਿਚ ਰਹਿਣ ਮਗਰੋਂ 'ਐਂਪ੍ਰੈੱਸ ਆਫ਼ ਰਸ਼ੀਆ' ਨੇ ਯੋਕੋਹਾਮਾ ਦੀ ਬੰਦਰਗਾਹ 'ਤੇ ਜਾ ਕੇ ਲੰਗਰ ਸੁੱਟੇ ਸਨ। ਸਸਤੇ ਕਿਰਾਏ ਵਾਲੇ ਮੁਸਾਫ਼ਿਰ ਕੈਦੋਂ ਛੁੱਟੇ ਬੰਦੀਆਂ ਵਾਂਗ ਇਕਦਮ ਧਾ ਕੇ ਬਾਹਿਰ ਨਿਕਲ ਗਏ ਸਨ।

ਇਕ ਵਰ੍ਹਾਂ ਪਹਿਲਾਂ, ਯੋਕੋਹਾਮਾ, ਜੋ ਰੌਣਕ ਭਰਿਆ ਤੇ ਖ਼ਸ਼ਹਾਲ ਸ਼ਹਿਰ ਹੋਇਆ ਕਰਦਾ ਸੀ, ਹੁਣ ਮਲਬੇ ਦਾ ਹੀ ਇਕ ਢੇਰ ਬਣ ਕੇ ਰਹਿ ਗਿਆ ਸੀ। 1926 ਦੇ ਭੂਚਾਲ ਨਾਲ ਇਹ ਏਨਾ ਬੁਰੀ ਤਰ੍ਹਾਂ ਤਬਾਹ ਹੋ ਗਿਆ ਸੀ ਕਿ ਬੰਦੇ ਨੂੰ ਬਿਨਾਂ ਕਿਸੇ ਦਇਆ ਭਾਵ ਤੇ ਪਛਤਾਵੇ ਦੇ ਕੁਦਰਤ ਦੀ ਭਿਅੰਕਰ ਵਿਨਾਸ਼ਕਾਰ ਪਰਵਿਰਤੀ ਉੱਪਰ ਹੈਰਾਨੀ ਹੁੰਦੀ ਸੀ। ਆਤਮ ਵਿਸ਼ਵਾਸੀ ਤੇ ਅਡਿੱਗ ਇੱਛਾ-ਸ਼ਕਤੀ ਵਾਲੇ ਮਿਹਨਤੀ ਜਾਪਾਨੀਆਂ ਨੇ ਆਪਣੇ ਉੱਜੜੇ ਕਾਰੋਬਾਰ ਮੁੜ ਸ਼ੁਰੂ ਕਰ ਲਏ, ਛੋਟੀਆਂ ਛੋਟੀਆਂ ਲੱਕੜ ਦੀਆਂ ਦੁਕਾਨਾਂ ਫਿਰ ਖੜੀਆਂ ਕਰ ਲਈਆਂ ਸਨ। ਸਾਂਝੀ ਢੋ-ਢੁਆਈ ਦੀਆਂ ਸਹੂਲਤਾਂ ਦੀ ਅਣਹੋਂਦ ਕਾਰਨ, ਪਸੀਨੇ-ਪਸੀਨੇ ਹੋਏ, ਨੀਲੀਆਂ ਨਿੱਕਰਾਂ ਤੇ ਕੱਖਕਾਣ ਦੀਆਂ ਟੋਪੀਆਂ ਵਾਲੇ ਰਿਕਸ਼ਾ-ਵਾਹਕਾਂ ਦਾ ਧੰਦਾ ਵਾਹਵਾ ਚਲਦਾ ਪਿਆ ਸੀ। ਮਲੂਕਾ ਤੇ ਨੂਰੀ ਧੂੜ-ਅੱਟੇ ਰਾਹਾਂ ਤੇ ਪੈਦਲ ਚਲਦੇ ਰਹੇ ਸਨ। ਉਹਨਾਂ ਨੂੰ ਕੋਈ ਹਿੰਦੁਸਤਾਨੀ ਨਹੀਂ ਸੀ ਮਿਲਿਆ। ਮੁਸਾਫ਼ਰਾਂ ਦੀ ਖ਼ਰੀਦ 'ਚੋਂ ਕਮਿਸ਼ਨ ਲੈਣ ਵਾਲੇ ਇਕ ਲੰਕਾ ਨਿਵਾਸੀ ਦੁਬਲੇ ਜਿਹੇ ਦੁਭਾਸ਼ੀਏ ਨੇ ਉਹਨਾਂ ਨੂੰ ਪੁਰਾਣੇ ਮਲਬੇ 'ਚੋਂ ਉੱਸਰ ਰਹੇ ਨਵੇਂ ਸ਼ਹਿਰ ਦੀ ਉਸਾਰੀ ਦੇ ਸ਼ੁਰੂਆਤੀ ਨਿਸ਼ਾਨ ਵਿਖਾਏ ਸਨ।

"ਕੋਬੇ ਤੇ ਨਾਗਾਸਾਕੀ ਤੋਂ ਬਾਅਦ ਜਹਾਜ਼, ਪੂਰਬੀ ਚੀਨੀ ਸਾਗਰ ਵਿਚ ਦਾਖ਼ਲ ਹੋ ਜਾਏਗਾ", ਨੂਰੀ ਨੇ ਚੱਸਿਆ, "ਤੇ ਸ਼ਿੰਘਾਈ ਤੋਂ ਕਲਕੱਤੇ ਤੀਕ ਹਿੰਦ ਮਹਾਂਸਾਗਰ ਦੇ, ਹਾਂਗਕਾਂਗ, ਬੈਂਕਾਕ, ਕੁਆਲਾਲੰਪੁਰ, ਸਿੰਘਾਪੁਰ ਤੇ ਰੰਗੂਨ ਆਦਿ ਸਾਰੇ ਸ਼ਹਿਰਾਂ ਵਿਚ ਤੁਹਾਨੂੰ ਬਹੁਤ ਸਾਰੇ ਹਿੰਦੁਸਤਾਨੀ ਮਿਲਣਗੇ।"

"ਇਹ ਭਾਰਤ ਵਿਚ ਬਰਤਾਨਵੀ ਹਕੂਮਤ ਦਾ ਇਕ ਚੰਗਾ ਨਤੀਜਾ ਹੈ",

ਮਲੂਕੇ ਨੇ ਕਿਹਾ। "ਲੋਕਾਂ ਦੀ ਅਲਹਿਦਗੀ ਖ਼ਤਮ ਹੋ ਗਈ ਹੈ। ਭਾਰਤੀ ਪਰਵਾਸੀ ਕੈਨੇਡਾ ਤੇ ਨਿਊਜ਼ੀਲੈਂਡ ਜੇਹੇ ਬਰਤਾਨਵੀ ਗਣਤੰਤਰਾਂ ਤੇ ਲੰਕਾ, ਟ੍ਰਿਨੀਦਾਦ ਤੇ ਫੀਜੀ ਵਰਗੀਆਂ ਬਰਤਾਨਵੀ ਬਸਤੀਆਂ ਤੋਂ ਬਿਨਾਂ ਦੱਖਣ-ਪੂਰਬੀ ਅਫ਼ਰੀਕਾ ਦੇ ਕਈ ਹੋਰ ਮਕਬੂਜ਼ਾ ਦੇਸ਼ਾਂ ਵਿਚ ਜਾ ਸਕਦੇ ਸਨ।"

"ਸ਼ਾਹੀ ਗਣਤੰਤਰਾਂ ਵਿਚ ਤਾਂ ਇਹ ਗੱਲ ਉਦੋਂ ਤੀਕ ਹੀ ਠੀਕ ਸੀ, ਜਦ ਤੀਕ ਹਾਲੇ ਭਾਰਤੀ ਆਵਾਸੀਆਂ ਉੱਪਰ ਵਿਤਕਰੇ ਭਰੀਆਂ ਬੰਦਸ਼ਾਂ ਨਹੀਂ ਸਨ ਲੱਗੀਆਂ।"

"ਪਰ ਜੇ ਅਸੀਂ ਬਦੇਸ਼ੀ ਗ਼ੁਲਾਮੀ ਦਾ ਕੌੜਾ ਘੁੱਟ ਕਰ ਸਕੀਏ ਤਾਂ", ਮਲੂਕੇ ਨੇ ਆਖਿਆ, "ਅੰਗਰੇਜ਼ੀ ਜ਼ਬਾਨ ਦ ਗਿਆਨ ਨੂੰ ਵੀ ਬਰਤਾਨਵੀ ਹਕੂਮਤ ਦਾ ਦਰ-ਪਾ ਲਾਭ ਕਿਹਾ ਜਾ ਸਕਦਾ। ਇਸ ਨੇ ਸਾਡੇ ਲਈ ਯੂਰਪੀ ਵਿਚਾਰਾਂ ਦੇ ਬੂਹੇ ਖੋਲ੍ਹ ਦਿੱਤੇ ਨੇ। ਇਹਦੇ ਨਾਲ ਹੀ ਜਮਹੂਰੀ ਸਰਕਾਰ ਦੀ ਤਾਂਘ ਤੇ ਵਿਗਿਆਨਕ ਵਿਚਾਰਧਾਰਾ ਦੀਆਂ ਬਰਕਤਾਂ ਵੀ ਪ੍ਰਾਪਤ ਹੋਈਆਂ ਨੇ।"

"ਹਾਂ", ਨੂਰੀ ਨੇ ਆਖਿਆ, "ਰਾਜਾ ਰਾਮ ਮੋਹਨ ਰਾਇ ਵਰਜਿਤ ਸਾਗਰ ਨੂੰ ਪਾਰ ਕਰ ਕੇ, ਆਪਣੇ ਮਗਰ ਹਜ਼ਾਰਾਂ ਦਵਤਿਆਂ ਨੂੰ ਖਿਤਰ ਬਿਤਰ ਝਾਕਦੇ ਛੱਡ ਕੇ ਜਰਮੀ ਬੇਥਲ ਨੂੰ ਮਿਲਣ ਟੁਰ ਗਿਆ ਸੀ। ਤੇ ਅੱਜ ਕਲ੍ਹ ਦੇ ਭਾਰਤੀ ਵਿਦਵਾਨਾਂ ਨੂੰ ਯੂਰਪ ਤੇ ਏਸ਼ੀਆ ਓਨੇ ਹੀ ਜਾਣੇ-ਪਛਾਣੇ ਲਗਦੇ ਹਨ ਜਿੰਨੇ ਕਿ ਮੱਧਕਾਲ ਦੇ ਯੂਰਪੀ ਵਿਦਵਾਨਾਂ ਨੂੰ ਪੈਰਿਸ ਤੇ ਪਾਦੂਆ।"

"ਪਰ ਜ਼ਿਆਦਾ ਮਹੱਤਵਪੂਰਨ ਗੱਲ ਵਿਗਿਆਨਕ ਵਿਧੀ ਦੀ ਜਾਣਕਾਰੀ ਹੈ", ਮਲੂਕੇ ਨੇ ਕਿਹਾ। "ਇਹ ਸਾਨੂੰ ਆਪਣੀ ਪੁਰਾਤਨ ਪਰੰਪਰਾ ਅਨੁਸਾਰ ਹੀ ਸਭ ਕਾਸੇ ਨੂੰ ਦੇਖਣ ਦੀ ਥਾਂ, ਅੱਗੇ ਵਲ ਝਾਕਣ ਤੇ ਆਪਣੇ ਕੰਮਾਂ ਨੂੰ ਉਹਨਾਂ ਦੇ ਸਿੱਟਿਆਂ ਦੀ ਕਸੌਟੀ ਤੇ ਪਰਖਣ ਦੀ ਜਾਚ ਸਿਖਾਉਂਦੀ ਏ। ਇਹ ਸਦਾ ਹੀ ਤਲਾਸ਼ ਵਿਚ ਰਹਿੰਦੀ ਹੈ ਤੇ ਇਸ ਗੱਲ ਦਾ ਕਿਤਈ ਦਾਅਵਾ ਨਹੀਂ ਕਰਦੀ ਕਿ ਇਸ ਦੁਆਰਾ ਲੱਭਿਆ ਸੱਚ ਹੀ ਅੰਤਿਮ ਤੇ ਸਦੀਵੀ ਹੈ।"

"ਪਰ ਆਪਣੇ ਬੀਤੇ ਵਲ ਪਿਛਲ-ਝਾਤ ਤੋਂ ਸਾਨੂੰ ਵਿਸ਼ਵਾਸ ਤੇ ਹੌਸਲਾ ਮਿਲਦਾ ਹੈ", ਨੂਰੀ ਨੇ ਆਖਿਆ, "ਇਸ ਤੋਂ ਸਾਨੂੰ ਉਤਸ਼ਾਹ ਵੀ ਮਿਲਦਾ ਹੈ। ਇਸ ਤੋਂ ਬਿਨਾਂ ਸਾਡੇ ਮੁਲਕ ਉੱਪਰ ਯੂਰਪ ਦੀ ਜਿੱਤ ਨੇ ਸਾਨੂੰ ਮਨਾਂ ਦੀ ਗ਼ੁਲਾਮੀ ਵੀ ਦਿੱਤੀ ਏ।"

"ਇਕ ਮੁਸਲਮਾਨ ਦੇ ਤੌਰ ਤੇ ਮੈਨੂੰ ਆਪਣੇ ਮਾਜ਼ੀ ਤੇ ਫ਼ਖ਼ਰ ਹੈ", ਤੇ ਨੂਰੀ ਕਾਵਿਕ ਹੋ ਗਿਆ ਸੀ।

"ਪਹਿਲਿਆਂ ਵਿਚ ਇਸਲਾਮ ਦੀ ਚੜ੍ਹਤ ਵੇਲੇ ਚਮਕ ਦਮਕ ਵਾਲੀਆਂ ਸਲਤਨਤਾਂ ਇਹਦੇ ਪੈਰਾਂ ਵਿਚ ਢੇਰੀ ਹੁੰਦੀਆਂ ਰਹੀਆਂ ਨੇ। ਹਾਰੇ ਹੋਏ ਲੋਕ ਇਸ ਦੇ ਝੰਡੇ ਹੇਠ ਇਕੱਠੇ ਹੁੰਦੇ ਤੇ ਵਿਦਵਾਨ ਲੋਕ ਇਹਦੇ ਦਰਬਾਰਾਂ ਦੀ ਜ਼ੀਨਤ ਬਣਦੇ ਰਹੇ ਹਨ। ਇਹਦੇ ਸ਼ਾਇਰਾਂ ਨੇ ਜ਼ਿੰਦਗੀ ਨੂੰ ਕੋਮਲ ਅਦਾ ਬਖ਼ਸ਼ੀ ਤੇ ਮੁਸੱਵਰਾਂ ਨੇ ਬੇਮਿਸਾਲ ਖ਼ੂਬਸੂਰਤੀ। ਇਹਦੇ ਉਸਰੱਈਆਂ ਨੇ ਸਾਦਗੀ ਵਿਚ ਸ਼ਾਨ ਦਾ ਪਰਚਮ ਬੁਲੰਦ ਕੀਤਾ—ਮਸੀਤਾਂ ਚੁੱਪ ਦੁਆਵਾਂ ਵਾਂਗ ਅਸਮਾਨ ਵੱਲ ਉਤਾਂਹ ਉੱਠੀਆਂ, ਕਿਲ੍ਹੇ ਸੰਪੂਰਣਤਾ ਤੇ ਸੱਤਾ ਦੇ ਨਿਸ਼ਾਨ ਬਣੇ ਤੇ ਮਕਬਰਿਆਂ ਨੇ ਮੌਤ ਨੂੰ ਵੀ ਹੁਸਨ ਨਾਲ ਮਾਲਾਮਾਲ ਕਰ ਦਿੱਤਾ ਸੀ ਅਤੇ ਇਹਦੇ ਸੂਫ਼ੀ ਦਰਵੇਸ਼ਾਂ ਨੇ ਹਾਲ ਵਿਚ ਆ ਕੇ ਇਸ ਭੇਦ ਦਾ ਇਜ਼ਹਾਰ ਕੀਤਾ ਕਿ ਬੰਦੇ ਦੀ ਨਿਜਾਤ ਇਸ਼ਕ ਹਕੀਕੀ ਵਿਚ ਏ।"

"ਇਹ ਗੱਲਾਂ ਤਾਂ ਸੱਚਮੁੱਚ ਹੀ ਵਿਸਮਾਦਜਨਕ ਨੇ, ਨੂਰੀ ਪਰ ਕਈ ਸਦੀਆਂ ਤੀਕ ਇਸਲਾਮ ਦੀ ਹੋਣੀ ਮਾਂਦੀ ਹੀ ਪਈ ਰਹੀ। ਭਾਰਤ ਦੀ ਬਰਤਾਨੀਆਂ ਦੁਆਰਾ ਜਿੱਤ ਦੇ ਦੁੱਖ ਵਿਚ ਹੋਰ ਦੇਸ਼ਾਂ ਵਿਚ ਵੀ ਮੁਸਲਮਾਨ ਦਾ ਸਿਤਾਰਾ ਡੁੱਬਣ ਦੀ ਪੀੜਾ ਰਲਦੀ ਰਹੀ। ਡੱਚਾਂ ਨੇ ਇੰਡੋਨੇਸ਼ੀਆ ਹਥਿਆ ਲਿਆ, ਫ਼ਰਾਂਸੀਸੀਆਂ ਨੇ ਉੱਤਰੀ ਅਫ਼ਰੀਕਾ ਤੇ ਰੂਸੀਆਂ ਨੇ ਕੇਂਦਰੀ ਏਸ਼ੀਆ। ਤੇ ਇਸਲਾਮ ਦੇ ਬਾਗ਼ ਵਿਚ ਫੁੱਲ ਘੱਟ ਤੇ ਕੰਡੇ ਵਧੇਰੇ ਉੱਗੇ।"

"ਇਹ ਗੱਲ ਸੱਚੀਂ ਹੀ ਉਦਾਸੀ ਵਾਲੀ ਏ। ਪਰੰਤੂ ਕੁਰਾਨ ਸ਼ਰੀਫ਼ ਦਾ ਇਸਲਾਮ ਤਾਂ ਸਦਾ ਤੋਰ ਵਿਚ ਪਿਆ ਸਮਾਜ ਹੈ, ਭਾਵੇਂ ਅੱਜ ਕਲ੍ਹ ਇਸ ਦੀ ਰਾਜਸੀ-ਵਿਰੋਧਾਂ ਤੇ ਧਾਰਮਿਕ ਝਗੜਿਆਂ ਵਿਚ ਹਾਰ ਹੀ ਹੋਈ ਦਿਸ ਰਹੀ ਹੈ।"

"ਸਮੇਂ ਦੇ ਬੀਤਣ ਨਾਲ", ਮਲੂਕੇ ਨੇ ਆਖਿਆ, "ਇਸ ਸਾਦ-ਮੁਰਾਦੇ ਧਰਮ ਵਿਚ ਵਹਿਮਾਂ ਦਾ ਦਖ਼ਲ ਵਧਦਾ ਰਿਹਾ ਹੈ। ਕੱਟੜ-ਪੰਥ ਤਰਕਸ਼ੀਲ ਮਾਨਤਾਵਾਂ ਦਾ ਥਾਂ ਲੈਂਦਾ ਰਿਹਾ ਹੈ, ਤੇ ਹੁੜਮਤ ਨੇ ਜਗਿਆਸਾ ਦਾ ਗਲ ਘੁੱਟ ਦਿੱਤਾ ਹੈ।"

"ਸੱਚ!" ਪਰ ਇਹ ਗੱਲ ਚੇਤੇ ਰੱਖੀਂ ਕਿ ਕਮਿਊਨਿਜ਼ਮ ਦੀ ਚੜ੍ਹਤ ਤੋਂ

ਪਹਿਲਾਂ ਦੁਨੀਆਂ ਵਿਚ ਸਮਾਜਕ ਆਦਰਸ਼ਾਂ ਲਈ ਏਨੀ ਸ਼ਕਤੀ ਨਾਲ ਜੂਝਣ ਵਾਲੀ ਸਰਵ-ਪੱਖੀ ਵਿਚਾਰਧਾਰਾ ਕੋਈ ਵੇਖਣ ਵਿਚ ਨਹੀਂ ਸੀ ਆਈ।"

"ਹਾਂ", ਮਲੂਕੇ ਨੇ ਕਿਹਾ, "ਪਰ ਇਸਲਾਮ ਦੁਆਰਾ ਇੱਛਿਤ ਸਮਾਜਕ ਆਦਰਸ਼ਾਂ ਦੇ ਹਾਣ ਦੀ ਸਮਾਜਕ ਪ੍ਰਕਿਰਿਆ ਸਿਰਜਣ ਲਈ ਤੁਹਾਨੂੰ ਦਲੀਲ ਤੇ ਤਾਕਤ ਦੋਹਾਂ ਦੀ ਹੀ ਜ਼ਰੂਰਤ ਹੁੰਦੀ ਹੈ।"

"ਤੇ ਜਿੰਨਾ ਚਿਰ ਇਹ ਦੋਨੋਂ ਤੁਹਾਡੇ ਕੋਲ ਨਹੀਂ ਹੁੰਦੀਆਂ ਉੱਨਾ ਚਿਰ ਇਸਲਾਮ ਤੇ ਏਸ਼ੀਆ ਵਿਚਲੇ ਹੋਰ ਸਾਰੇ ਧਰਮਾਂ ਦੀਆਂ ਉੱਮਤਾਂ, ਪੱਛਮ ਦੇ ਦਾਬੇ ਹੇਠ ਹੀ ਰਹਿਣਗੀਆਂ। ਤੇ ਭਾਵੇਂ ਉੱਥੇ ਉਹਨਾਂ ਨੂੰ ਵਿਤਕਰਿਆਂ ਤੇ ਅਪਮਾਨਾਂ ਦੀਆਂ ਜ਼ਿੱਲਤਾਂ ਹੀ ਕਿਉਂ ਨਾ ਸਹਿਣੀਆਂ ਪੈਣ, ਆਪਣੇ ਦੇਸ਼ਾਂ ਦੀ ਗੁਰਬਤ ਤੇ ਭੁੱਖ ਤੋਂ ਛੁਟਕਾਰਾ ਪਾਉਣ ਲਈ ਉਹਨਾਂ ਨੂੰ ਵਧੇਰੇ ਖ਼ੁਸ਼ਹਾਲ ਦੇਸ਼ਾਂ ਵਲ ਝਾਕਣਾ ਹੀ ਪਵੇਗਾ।"

"ਪਰ ਭਾਰਤੀ ਪਰਵਾਸ ਦਾ ਕਾਰਨ ਮਹਿਜ਼ ਬੇਕਾਰੀ ਤੇ ਵਸੋਂ ਦੇ ਵਾਧੇ ਕਾਰਨ ਪੈਦਾ ਹੋਈ ਗੁਰਬਤ ਹੀ ਨਹੀਂ ਸੀ", ਨੂਰੀ ਨੇ ਆਖਿਆ, "ਇਹ ਬਰਤਾਨਵੀ ਸਲਤਨਤ ਦੀ ਲੋੜ ਵੀ ਸੀ।"

"ਬਰਤਾਨਵੀ ਸਲਤਨਤ ਸਮੁੰਦਰੋਂ ਪਾਰ ਫੈਲੀ ਹੋਈ ਸੀ। ਇਸ ਦੇ ਦੂਰ ਦੁਰਾਡੇ ਖਿੱਤਿਆਂ ਨੂੰ ਸਾਂਝੇ ਸੂਤਰ ਵਿਚ ਪ੍ਰੋਣ ਵਾਲੀ ਸ਼ਕਤੀ ਬਰਤਾਨਵੀ ਜਲ-ਸੈਨਾ ਸੀ, ਜਿਸ ਦੀ ਸਾਗਰਾਂ 'ਤੇ ਸਰਦਾਰੀ ਸੀ।"

"ਆਪਣੇ ਰਾਜ ਦੇ ਪ੍ਰਬੰਧ ਲਈ ਬਰਤਾਨਵੀ ਚੁਣੇ ਹੋਏ ਵਧੀਆ ਸਿਖਲਾਈ ਪ੍ਰਾਪਤ ਅਮਲੇ ਫੈਲੇ ਨੂੰ ਭੇਜਿਆ ਕਰਦੇ ਸਨ। ਪਰੰਤੂ ਉਹਨਾਂ ਦੀ ਗਿਣਤੀ ਥੋੜ੍ਹੀ ਹੋਣ ਕਰ ਕੇ ਉਹ ਸਥਾਨਕ-ਅਹਿਲਕਾਰਾਂ ਦੀ ਸ਼ਮੂਲੀਅਤ ਤੋਂ ਬਿਨਾਂ ਰਾਜ ਨਹੀਂ ਸਨ ਕਰ ਸਕਦੇ। ਸ਼ਾਹੀ ਬਸਤੀਆਂ ਤੇ ਦੱਖਣੀ-ਪੂਰਬੀ ਅਫ਼ਰੀਕਾ ਦੇ ਹੋਰ ਮਕਬੂਜ਼ਾਂ ਇਲਾਕਿਆਂ ਵਿਚ ਉਹ ਹੁਨਰੀ ਤੇ ਅਰਧ-ਹੁਨਰੀ ਕੰਮਾਂ ਤੇ ਹੇਠਲੀ ਪੱਧਰ ਦੇ ਪ੍ਰਸ਼ਾਸਕ ਲਈ ਭਾਰਤੀਆਂ ਨੂੰ ਭਰਤੀ ਕੀਤਾ ਕਰਦੇ ਸਨ। ਗੁਲਾਮੀ ਦੇ ਖ਼ਾਤਮੇ ਤੋਂ ਬਾਅਦ ਉਹ ਉਹਨਾਂ ਨੂੰ ਇਕਰਾਰੀ-ਕਿਰਤੀਆਂ ਦੇ ਤੌਰ ਤੇ ਭਰਤੀ ਕਰਨ ਲੱਗ ਪਏ ਸਨ।"

"ਹਾਂ", ਮਲੂਕੇ ਨੇ ਆਖਿਆ, "ਜਦ ਕੋਹਿ-ਨੂਰ ਬਰਤਾਨਵੀ ਤਾਜ

ਵਿਚਲਾ ਸੱਭ ਤੋਂ ਵੱਧ ਚਮਕਦਾਰ ਹੀਰਾ ਬਣ ਗਿਆ ਸੀ, ਭਾਰਤੀ ਵੀ ਬਰਤਾਨੀਆ ਤੇ ਹੋਰ ਥਾਂ ਵਿਦਿਆ ਪ੍ਰਾਪਤੀ ਤੇ ਵਪਾਰ ਆਦਿ ਲਈ ਬਾਹਰ ਜਾਣ ਲੱਗ ਪਏ ਸਨ। ਬਹੁਤ ਸਾਰੇ ਦੂਰ-ਦੁਰਾਡੀਆਂ ਬਸਤੀਆਂ ਵਿਚ ਬਰਤਾਨਵੀ ਹਿੱਤਾਂ ਦੀ ਰਾਖੀ ਲਈ ਚੌਕੀਦਾਰ, ਪੁਲਸੀਏ ਤੇ ਫ਼ੌਜੀ ਸਿਪਾਹੀਆਂ ਦੇ ਤੌਰ ਤੇ ਭਰਤੀ ਕਰ ਲਏ ਗਏ ਸਨ।"

"ਪਰੰਤੂ ਕੈਨੇਡਾ ਤੇ ਅਮਰੀਕਾ ਨੂੰ ਪਰਵਾਸੀ ਆਪਣੀ ਸੁਤੰਤਰ ਮਰਜ਼ੀ ਨਾਲ ਹੀ ਗਏ ਸਨ", ਨੂਰੀ ਨੇ ਆਖਿਆ।

"ਹਾਂ, ਇਹ ਗੱਲ ਵੀ ਵਿਸ਼ਵਾਸ ਯੋਗ ਨਹੀਂ ਜਾਪਦੀ ਕਿ ਇਹ ਸਾਦ-ਮੁਰਾਦੇ, ਤੇ ਪੰਜਾਬ ਦੇ ਦੂਰ-ਦਰਾਡੇ ਇਲਾਕਿਆਂ ਤੋਂ ਆਏ ਅਨਪੜ੍ਹ ਤੇ ਅੱਧ-ਪੜ੍ਹ ਲੋਕਾਂ ਨੇ ਬੜੀ ਬੇਮਿਸਾਲ ਬਹਾਦਰੀ ਨਾਲ ਆਪਣੇ ਦੇਸ਼ ਨੂੰ ਆਜ਼ਾਦ ਕਰਵਾਉਣ ਦਾ ਘੋਲ ਵਿੱਢ ਦਿੱਤਾ ਸੀ, ਜਦਕਿ ਬਾਹਿਰ ਦੇ ਸਭ ਹਾਲਾਤ ਉਹਨਾਂ ਦੇ ਵਿਰੋਧ ਵਿਚ ਜਾਂਦੇ ਪਾਏ ਸਨ।"

"ਹੋਰ ਮਲੂਕਿਆ, ਤੂੰ ਇੰਗਲੈਂਡ ਵਿਚ ਆਈ. ਸੀ. ਐਸ. ਦੇ ਇਮਤਿਹਾਨ ਪਾਸ ਕਰਨ ਵਾਲੇ ਸੋਹਲ ਹੁਸ਼ਿਆਰ ਮੁੰਡਿਆਂ ਤੋਂ ਤਾਂ ਇਨਕਲਾਬੀ ਬਣਨ ਦੀ ਆਸ ਨਹੀਂ ਕਰ ਸਕਦਾ। ਉਹਨਾਂ ਦੀ ਹਾਲਤ ਤਾਂ ਕੱਸਵੇਂ ਯੂਰਪੀ ਕਪੜਿਆਂ ਵਿਚ ਸ਼ਿੰਗਾਰੀਆਂ ਦੇਵਦਾਸੀਆਂ ਵਾਲੀ ਸੀ, ਜਿਨ੍ਹਾਂ ਨੂੰ ਆਪਣੇ ਗੋਰੇ ਸਾਹਿਬਾਂ ਨੂੰ ਰੀਝਾਉਣ ਹਿਤ ਉਹਨਾਂ ਦੇ ਇਸ਼ਾਰਿਆਂ 'ਤੇ ਨੱਚਣ ਦੀ ਹੀ ਸਿਖਲਾਈ ਦਿੱਤੀ ਗਈ ਸੀ। ਭਾਰਤ ਦੇ ਇਹਨਾਂ ਨਵੇਂ ਮਸੀਹਾਂ ਦੇ ਪੈਰ ਗਾਰੇ ਦੇ ਸਨ ਤੇ ਚਿਹਰਿਆਂ 'ਤੇ ਵਿਸਕੀ ਦੀ ਬੋਤਲ ਦੀ ਝੂਠੀ ਚਮਕ।"

"ਬਾਕੀ ਰਹੀ ਗੱਲ ਖ਼ੁਸ਼ਹਾਲ ਵਪਾਰੀਆਂ ਦੀ। ਕੀ ਤੂੰ ਕਦੇ ਅਮੀਰਾਂ ਨੂੰ ਉਸ ਨਿਜ਼ਾਮ ਵਿਰੁੱਧ ਬਗ਼ਾਵਤ ਕਰਦਿਆਂ ਡਿੱਠਾ, ਜਿਸ ਨੇ ਉਹਨਾਂ ਦੀਆਂ ਝੋਲੀਆਂ ਦੌਲਤ ਨਾਲ ਭਰੀਆਂ ਹੋਣ?"

"ਅਤੇ ਵਿਚਾਰੇ ਇਕਰਾਰੀ ਮਜ਼ਦੂਰਾਂ ਨੇ ਆਪਣੀ ਗਰਜ਼ ਦੇ ਮਾਰਿਆਂ ਨੇ ਆਪਣੀ ਗ਼ੁਲਾਮੀ ਦੇ ਦਸਤਾਵੇਜ਼ਾਂ 'ਤੇ ਆਪ ਹੀ ਦਸਤਖ਼ਤ ਕੀਤੇ ਹੋਏ ਹੁੰਦੇ ਹਨ।"

"ਪਰੰਤੂ ਬਗ਼ੈਰ ਕਿਸੇ ਦੀ ਸਹਾਇਤਾ ਤੋਂ ਅਮਰੀਕਾ ਤੇ ਕੈਨੇਡਾ ਵਿਚ ਆਏ ਪਰਵਾਸੀ ਕਾਠੀ ਮਿੱਟੀ ਦੇ ਬਣੇ ਹੋਏ ਸਨ। ਅੱਡਰੀ ਸਭਿਅਤਾ ਵਾਲੇ ਇਹਨਾਂ

ਦੁਰਾਡੇ ਦੇਸ਼ਾਂ ਨੂੰ ਆਉਣ ਲਈ ਲੰਮੇ ਸਮੁੰਦਰੀ ਸਫ਼ਰ ਝਾਗਣ ਦਾ ਜੇਰਾ ਕਰਨ ਵਾਲੇ ਇਹ ਬੰਦੇ ਬਹਾਦਰ ਹੀ ਹੋ ਸਕਦੇ ਸਨ। ਇਹ ਆਜ਼ਾਦ ਤਬੀਅਤ ਦੇ ਆਦਮੀ ਸਨ, ਕਿਉਂਕਿ ਉਹ ਆਪਣੀਆਂ ਜ਼ਮੀਨਾਂ 'ਤੇ ਕੰਮ ਕਰਨ ਵਾਲੇ ਮੁਦ-ਮਾਲਕ ਸਨ। ਉਹਨਾਂ ਨੂੰ ਆਪਣੇ ਪਿੰਡੀਂ ਤਬਾਦਲੇ ਚੌਰਾਨ ਸਫ਼ਰ ਵਿਚ ਵੇਖੀ ਗੋਰੀ ਰਜਮੈਂਟ ਦੇ ਸਿਪਾਹੀਆਂ ਸਾਹਮਣੇ ਕੋਈ ਹੀਣਤਾ-ਭਾਵ ਨਹੀਂ ਸੀ। ਉਹ ਤਾਂ ਉਹਨਾਂ ਤੇ ਸਗੋਂ ਫਾਹਸ਼ ਹੱਦ ਤੱਕ ਮਖ਼ੌਲੀਆ ਅਵਾਜ਼ੇ ਕੱਸਿਆ ਕਰਦੇ ਸਨ।"

"ਗਰਜ਼ਾਂ ਕਾਰਨ ਆਪਣੇ ਜੱਦੀ ਦੇਸ਼ ਤੋਂ ਟੁੱਟ ਕੇ ਆਏ ਲੋਕ, ਜਿਨ੍ਹਾਂ ਦੀ ਨਵੇਂ ਅਪਣਾਏ ਦੇਸ਼ ਦੀ ਸਥਾਨਕ ਵਸੋਂ ਵਿਚ ਹਾਲੇ ਜੜ੍ਹ ਨਹੀਂ ਸੀ ਲੱਗੀ, ਹਾਲੇ ਬੜੇ ਹੇਰਵੇ ਨਾਲ ਆਪਣੇ ਘਰ ਦੇ ਪੁਰਾਣੇ ਚੁੱਲੇ-ਚੌਂਕਿਆਂ ਨੂੰ ਹੀ ਚੇਤੇ ਕੀਤਾ ਕਰਦੇ ਸਨ। ਦੂਰੀ ਤੋਂ ਸਾਧਾਰਣ ਦ੍ਰਿਸ਼ ਤੇ ਜ਼ਿੰਦਗੀ ਦੀਆਂ ਆਮ ਜਿਹੀਆਂ ਖ਼ੁਸ਼ੀਆਂ ਵੀ ਵਧੇਰੇ ਸੁਹਾਉਣੀਆਂ ਲੱਗਣ ਲੱਗ ਪੈਂਦੀਆਂ ਨੇ।" ਮਲੂਕੇ ਨੇ ਆਖਿਆ।

"ਬੜੇ ਹੀ ਸੰਵੇਦਨਸ਼ੀਲ ਤੇ ਭਾਵਕ ਭਾਰਤੀ ਪਰਵਾਸੀਆਂ ਉੱਤੇ ਤਾਂ ਇਹ ਗੱਲ ਖ਼ਾਸ ਤੌਰ 'ਤੇ ਢੁੱਕਦੀ ਹੈ", ਨੂਰੀ ਨੇ ਆਖਿਆ।

"ਕੀ ਤੂੰ ਇਹਨਾਂ ਅਣਖੀਲੇ ਆਦਮੀਆਂ ਦੇ ਨਸਲੀ ਵਿਤਕਰੇ ਪ੍ਰਤੀ ਰਵੱਈਏ ਦੀ ਕੋਈ ਕਲਪਣਾ ਕਰ ਸਕਦੈਂ?"

"ਜੋ ਆਪਣੇ ਦੇਸ਼ ਅੰਦਰ ਗ਼ੁਲਾਮ ਹਨ ਉਹ ਵਿਦੇਸ਼ 'ਚੋਂ ਸਨਮਾਨ ਦੀ ਆਸ ਕਿਵੇਂ ਰੱਖ ਸਕਦੇ ਹਨ?"

"ਭਾਰਤ ਨੂੰ ਬਦੇਸ਼ੀ ਹਕੂਮਤ ਤੋਂ ਹਰ ਹੀਲੇ ਆਜ਼ਾਦ ਕਰਵਾਇਆ ਜਾਣਾ ਚਾਹੀਦਾ ਹੈ।"

"ਇਸ ਤਰ੍ਹਾਂ ਬਿਨਾਂ ਕਿਸੇ ਗਿਣਤੀ ਮਿਣਤੀ ਦੇ ਝੋੜ ਦੇ ਗ਼ਦਰ ਲਹਿਰ ਦਾ ਸੋਮਾ ਉਹਨਾਂ ਦੇ ਦਿਲਾਂ ਵਿਚਲੀ ਅਣਖ ਤੇ ਜੋਸ਼ ਵਿਚੋਂ ਹੀ ਫੁੱਟਿਆ ਸੀ।"

... ...

"ਅਸੀਂ ਛੇਤੀ ਹੀ ਚੀਨ ਦੀ ਆਰਥਿਕ ਰਾਜਧਾਨੀ, ਸ਼ਿੰਘਾਈ ਪਹੁੰਚਣ ਵਾਲੇ ਹਾਂ।"

"ਮਲੂਕਿਆ, ਤੂੰ ਉੱਥੇ ਕਿਸੇ ਨੂੰ ਜਾਣਦੈਂ?"

"ਹਾਂ, ਸਾਡੇ ਪਿੰਡ ਦੇ ਦੋ ਮੁੰਡੇ ਉੱਥੇ ਚੌਂਕੀਦਾਰਾ ਕਰਦੇ ਨੇ।"

"ਕਿੰਨੀ ਸ਼ਰਮ ਦੀ ਗੱਲ ਹੈ। ਸੂਰਬੀਰ ਸਿੱਖ, ਗੁਰੂ ਗੋਬਿੰਦ ਸਿੰਘ ਦੇ ਸ਼ੇਰ ਵਿਚਾਰੇ ਦੁਖੀ ਚੀਨਿਆਂ ਦੀ ਗੋਰਿਆਂ ਦੁਆਰਾ ਜਬਰੀ ਹਥਿਆਈ ਦੌਲਤ ਦੇ ਭਾੜੇ ਦੇ ਰਾਖੇ ਬਣੇ ਹੋਏ ਹਨ।"

"ਇਹ ਤਾਂ ਕੈਨੇਡਾ ਪੁੱਜਣ ਲਈ ਉਹਨਾਂ ਦਾ ਪਹਿਲਾ ਪੈਂਡਾ ਹੀ ਸੀ।"

"ਪਰ ਕੈਨੇਡਾ ਵਿਚ ਤਾਂ ਉਥੇ ਵਸੇਬਾਧਾਰੀ ਹੋਏ ਕੈਨੇਡੀਅਨਾਂ ਦੀਆਂ ਵਹੁਟੀਆਂ ਤੇ ਬੱਚਿਆਂ ਤੋਂ ਬਿਨਾਂ, ਸਿਰਫ਼ ਕਾਨੂੰਨੀ ਦਾਖ਼ਲਾ ਲੈਣ ਵਾਲੇ ਵਿਦਿਆਰਥੀ ਹੀ ਜਾ ਸਕਦੇ ਨੇ। ਤੇਰੇ ਬੇਲੀ ਵਿਦਿਆਰਥੀ ਨੇ?"

"ਨਹੀਂ, ਇਕ ਸੰਤਾ ਸਿੰਘ ਨੇ ਤਾਂ ਕਦੇ ਸਕੂਲ ਦਾ ਮੂੰਹ ਹੀ ਨਹੀਂ ਦੇਖਿਆ। ਉਹ ਤਾਂ ਪਿੰਡ ਦੇ ਪਾਲੀਆਂ ਦਾ ਮੋਹਰੀ ਹੁੰਦਾ ਸੀ। ਉਹਦੀ ਆਵਾਜ਼ ਬੜੀ ਚੰਗੀ ਸੀ। ਆਪਣੇ ਆੜੀਆਂ ਵਿਚ ਬੜਾ ਮਕਬੂਲ ਸੀ। ਦੂਜਾ ਬੂਟਾ ਸਿੰਘ ਦਸਾਂ ਸਾਲਾਂ ਦਾ ਹੋ ਕੇ ਪ੍ਰਾਇਮਰੀ ਸਕੂਲੇ ਪੜ੍ਹਨੇ ਪਿਆ ਸੀ ਪਰ ਅਗਾਂਹ ਨਹੀਂ ਸੀ ਪੜ੍ਹਿਆ।"

"ਮੈਂ ਹੈਰਾਨ ਹਾਂ ਕਿ ਤੁਹਾਡੇ ਪਿੰਡ ਵਿਚ ਸਕੂਲ ਹੈਗਾ ਸੀ।"

"ਹਾਂ, ਇਹ ਇੱਕੋ ਮਾਸਟਰ ਤੇ ਢੱਠੀ ਹੋਈ ਸਰਾਂ ਵਿਚ ਇੱਕੋ ਦਰਵਾਜ਼ੇ ਵਾਲਾ ਡਿਗੂੰ ਡਿਗੂੰ ਕਰਦਾ ਇੱਕੋ ਕਮਰੇ ਵਾਲਾ ਸਕੂਲ ਸੀ। ਇਹਦੀ ਪਹਿਲੀ ਜਮਾਤ ਵਿਚ ਪੰਜਾਂ ਪੰਜਾਂ ਵਰ੍ਹਿਆਂ ਤੇ ਕੁਝ ਵਡੇਰੀ ਉਮਰ ਦੇ ਮੁੰਡੇ ਸਨ, ਜਿਨ੍ਹਾਂ ਦੀ ਘਰਾਂ ਵਿਚ ਸਮਾਈ ਨਹੀਂ ਸੀ ਹੁੰਦੀ। ਹਾਂ ਉਹਨਾਂ ਸਾਡੇ ਅਗਿਆਤ ਜੇਹੇ ਪ੍ਰਾਇਮਰੀ ਸਕੂਲ ਲਈ ਜ਼ਿਲ੍ਹਾ ਟੂਰਨਾਮੈਂਟ ਵਿਚ ਇਨਾਮ ਵਧੇਰੇ ਜਿੱਤੇ ਸਨ।"

"ਪੜ੍ਹਾਈ ਉੱਥੇ ਕਿਹੋ ਜੇਹੀ ਸੀ?"

"ਅਸੀਂ ਖੁਰਧਰੇ ਜੇਹੇ ਤੱਪੜ ਜਾਂ ਚਿਟਾਈ ਉੱਪਰ ਬੈਠਦੇ ਹੁੰਦੇ ਸਾਂ। ਇਕ ਮੂਧੀ ਮਾਰੀ ਲੱਤ ਸਾਡਾ ਆਸਣ ਤੇ ਦੂਜੀ ਸਾਡਾ ਲਿਖਣ-ਮੇਜ਼ ਹੋਇਆ ਕਰਦਾ ਸੀ। ਤਵੇ ਦੀ ਕਾਲਖ ਵਿਚ ਕਿੱਕਰ ਦਾ ਗੂੰਦ ਘੋਲ ਕੇ ਸਿਆਹੀ ਬਣਾਇਆ ਕਰਦੇ ਸਾਂ ਤੇ ਨੜਿਆਂ ਦੀਆਂ ਕਲਮਾਂ ਘੜ ਕੇ ਲਿਖਿਆ ਕਰਦੇ ਸਾਂ। ਅਸੀਂ ਸਲੇਟ ਉੱਪਰ ਸੁਆਲ ਕੱਢਿਆ ਕਰਦੇ ਸਾਂ ਤੇ ਗਾਚਣੀ ਨਾਲ ਪੋਚੀ ਫੱਟੀ ਉੱਤੇ ਲਿਖਿਆ ਕਰਦੇ ਸਾਂ। ਸਕੂਲ ਦਾ ਸਭ ਤੋਂ ਵਧੀਆ ਸਮਾਂ, ਸਾਡੇ ਲਈ ਆਖ਼ਰੀ ਘੰਟੀ ਦਾ

ਹੋਇਆ ਕਰਦਾ ਸੀ, ਜਦੋਂ ਅਸੀਂ ਉੱਚੀ ਉੱਚੀ ਹੇਕਾਂ ਲਾ ਕੇ ਪਹਾੜੇ ਯਾਦ ਕੀਤਾ ਕਰਦੇ ਸਾਂ। ਸਾਡੀ ਵਾਜ ਸੁਣ ਕੇ ਦਰ ਕੋਲ ਖੜੇ ਖੋਤੇ ਵੀ ਕੰਨ ਖੜੇ ਕਰ ਲਿਆ ਕਰਦੇ ਸਨ। ਆਪਣੀਆਂ ਗੋਲ ਵੱਡੀਆਂ ਕਾਲੀਆਂ ਅੱਖਾਂ ਦੀ ਸਾਡੇ ਵਲ ਟਿਕ-ਟਿਕ ਲਾਈ, ਇਕ ਦੂਜੇ ਨਾਲ ਬਿੱਦ ਬਿੱਦ ਕੇ ਹਿਣਕਣਾ ਸ਼ੁਰੂ ਕਰ ਦਿੰਦੇ ਸਨ। ਸਾਨੂੰ ਹਿਸਾਬ ਬਹੁਤਾ ਨਹੀਂ ਸੀ ਆਇਆ ਪਰ ਅਸੀਂ ਖੋਤਿਆਂ ਨੂੰ ਹਰਾ ਕੇ ਚੁੱਪ ਜ਼ਰੂਰ ਕਰਾ ਦਿਆ ਕਰਦੇ ਸਾਂ।

... ...

ਸਵੇਰ ਦੀ ਤਿੱਖੀ ਚਮਕਦੀ ਧੁੱਪ ਵਿਚ ਸਾਗਰ ਕੰਢੇ ਉੱਸਰੀਆਂ ਸ਼ਿੰਘਾਈ ਦੀਆਂ ਖ਼ੂਬਸੂਰਤ ਇਮਾਰਤਾਂ ਦੂਰੋਂ ਹੀ ਨਜ਼ਰ ਆਉਣ ਲੱਗ ਪਈਆਂ ਸਨ। ਇਨ੍ਹਾਂ ਪ੍ਰਭਾਵਸ਼ਾਲੀ ਵਿਦੇਸ਼ੀ ਬੈਂਕਾਂ ਤੇ ਨਿਗਮਾਂ ਦੀਆਂ ਇਮਾਰਤਾਂ ਦੇ ਪਿੱਛੇ ਗ਼ਰੀਬ ਮਜ਼ਦੂਰਾਂ ਕਿਸਾਨਾਂ ਦਾ ਚੀਨ ਛੁਪਿਆ ਹੋਇਆ ਸੀ ਪਰ ਇਹ ਉਸ ਨੂੰ ਅੱਗਿਉਂ ਢੱਕ ਕੇ ਸ਼ਹਿਰ ਨੂੰ ਆਧੁਨਿਕ ਕੌਮਾਂਤਰੀ ਦਿੱਖ ਪ੍ਰਦਾਨ ਕਰਦੀਆਂ ਸਨ।

ਐਂਪ੍ਰੈਸ ਆਫ਼ ਰਸ਼ੀਆ ਨੇ ਬੜੀ ਫੁਰਤੀ ਤੇ ਸਧੀ ਹੋਈ ਗਤੀ ਨਾਲ ਸ਼ਿੰਘਾਈ ਦੀ ਬੰਦਰਗਾਹ 'ਤੇ ਲੰਗਰ ਜਾ ਸੁੱਟੇ ਸਨ। ਉੱਥੇ ਚਿੱਟੇ ਤੇ ਚੀਨੇ ਖ਼ੁਸ਼-ਆਮਦੀਦ ਕਹਿਣ ਵਾਲਿਆਂ ਦੀ ਭੀੜ ਜੁੜੀ ਹੋਈ ਸੀ। ਸਲੇਟੀ ਪੱਗਾਂ ਤੇ ਨੀਲੇ ਸੂਟਾਂ ਵਿਚ ਸਜੇ ਸੰਤਾ ਸਿੰਘ ਤੇ ਬੂਟਾ ਸਿੰਘ ਜਹਾਜ਼ ਦੇ ਜੰਗਲ ਨਾਲ ਢਾਸਣਾ ਲਾ ਕੇ ਖੜੇ ਮਲੂਕੇ ਤੇ ਨੂਰੀ ਦੋਹਾਂ ਵਲ ਬੜੇ ਜੋਸ਼ ਤੇ ਤਪਾਕ ਨਾਲ ਹੱਥ ਹਿਲਾ ਰਹੇ ਸਨ। ਜਦੋਂ ਉਹ ਜਹਾਜ਼ ਦੇ ਗਲਿਆਰੇ ਵਿਚ ਆਏ ਤਾਂ ਉਹਨਾਂ ਦੇ ਅੱਗਲਵਾਂਡੀ ਆਇਆ। ਉਹਨਾਂ ਦੋਹਾਂ ਵਲੋਂ ਘੁੱਟਵੀਆਂ ਜੱਫੀਆਂ ਤੇ ਉੱਚੀਆਂ ਸਲਾਮਾਂ ਨਾਲ ਭਰਵਾਂ ਸੁਆਗਤ ਕੀਤਾ ਗਿਆ। ਉਹਨਾਂ ਦੀ ਸਿਹਤ ਤੇ ਸਮੁੰਦਰੀ ਸਫ਼ਰ ਬਾਰੇ ਨਿੱਘੀ ਪੁੱਛ ਪੜਤਾਲ ਤੋਂ ਬਾਅਦ ਉਹ ਦੋਨੋਂ ਉਹਨਾਂ ਨੂੰ ਵਪਾਰੀ ਇਮਾਰਤਾਂ ਦੀ ਛਾਂ ਹੇਠ ਉਸਰੀ ਇਕ ਗੰਦੀ ਚੀਨੀ ਬਸਤੀ ਵਿਚ ਬਣੇ ਆਪਣੇ ਘਰ ਲੈ ਆਏ। ਰਾਹ ਵਿਚ ਉਹਨਾਂ ਨੇ ਅਮਰੀਕਨ ਤਮਾਕੂ ਕੰਪਨੀ ਤੇ ਲਾਇਡਜ਼ ਬੈਂਕ ਦੀਆਂ ਸ਼ਾਨਦਾਰ ਇਮਾਰਤਾਂ ਵਿਖਾਈਆਂ ਜਿਨ੍ਹਾਂ ਦੀ ਉਹ ਆਪਣੇ ਲੱਕਾਂ ਦੀਆਂ ਪੇਟੀਆਂ ਨਾਲ ਭਰੇ ਹੋਏ ਪਿਸਤੌਲ ਲਟਕਾ ਕੇ ਫ਼ਰਜ਼-ਵਸ ਚੌਂਕੀਦਾਰੀ ਕਰਦੇ ਸਨ, ਜਿਨ੍ਹਾਂ ਨੂੰ ਵੇਖ ਕੇ ਸ਼ਰਾਰਤੀ ਲੋਕਾਂ ਦੇ ਮਨ ਵਿਚ ਸਹਿਮ ਛਾ ਜਾਂਦਾ ਸੀ।

ਘਰ ਵਿਚ ਦੋ ਸੌਣ-ਕਮਰੇ ਤੇ ਇਕ ਸਾਂਝੀ ਬੈਠਕ ਨਾਲ ਜੁੜਵਾਂ ਖਾਣ ਕਮਰਾ ਸੀ। ਢਲੇ ਲੌਢੇ ਪਹਿਰ, ਉੱਥੇ ਦੋ ਹੋਰ ਕਾਫੀ ਬੁੱਢੇ ਚੌਂਕੀਦਾਰ ਘਰ ਆ ਗਏ ਸਨ, ਜਿਨ੍ਹਾਂ ਦੀ ਉਹਨਾਂ ਨਾਲ ਰਿਹਾਇਸ਼ ਸਾਂਝੀ ਸੀ।

ਉਹਨਾਂ ਚਾਰੇ ਜਣਿਆਂ ਵਿਚ ਕੈਨੇਡਾ ਬਾਰੇ ਸੁਆਲ ਪੁੱਛਣ ਦੀ ਬੜੀ ਕਾਹਲ ਸੀ।

"ਮਲੂਕਿਆ, ਤੁਹਾਨੂੰ ਆਪਣਾ ਮੁਲਕ ਕਿਹੋ ਜਿਹਾ ਲੱਗਾ", ਸੰਤਾ ਸਿੰਘ ਨੇ ਪੁੱਛਿਆ।

"ਸ਼ਾਨਦਾਰ! ਬੜਾ ਵੱਡੇ। ਕੁਦਰਤੀ ਦੌਲਤ ਦਾ ਕੋਈ ਸ਼ੁਮਾਰ ਨਹੀਂ। ਖੇਤੀ ਤੇ ਸਨਅਤ ਦੋਨੋਂ ਤੇਜ਼ੀ ਨਾਲ ਤਰੱਕੀ ਕਰ ਰਹੀਆਂ ਨੇ। ਬੜੀਆਂ ਸੰਭਾਵਨਾਵਾਂ ਵਾਲਾ ਮੁਲਕ ਐ।"

"ਆਪਣੇ ਲੋਕ ਉੱਥੇ ਕੀ ਕਰਦੇ ਨੇ?"

"ਬਹੁਤੇ ਲੱਕੜ-ਮਿੱਲਾਂ ਵਿਚ ਕੰਮ ਕਰਦੇ ਨੇ। ਕੁਝ ਆਪਣੀ ਖੇਤੀਬਾੜੀ ਵੀ ਕਰਦੇ ਨੇ।"

"ਜਦ ਉਹ ਗੁੜੇ ਕੈਨੇਡੀਅਨ ਸੂਟ ਪਾਏ ਤੇ ਚਮਕਦਾਰ ਰੰਗਾਂ ਵਾਲੀਆਂ ਜਾਪਾਨੀ ਪੱਗਾਂ ਬੰਨ੍ਹੀਂ ਘਰ ਪਰਤਦੇ ਨੇ ਤਾਂ ਹਰ ਕੋਈ ਉਹਨਾਂ ਨਾਲ ਰਸ਼ਕ ਕਰਦੈ। ਤੇ ਉਹਨਾਂ ਕੋਲ ਪੈਸੇ ਵੀ ਬੜੇ ਹੁੰਦੇ ਨੇ।"

"ਤੂੰ ਵੀ ਕਾਫੀ ਪੈਸੇ ਬਣਾਏ, ਮਲੂਕਿਆ?"

"ਨਹੀਂ, ਮੈਂ ਪੜ੍ਹਨਾ ਚਾਹੁੰਦਾ ਸਾਂ। ਮੈਂ ਗਰਮੀਆਂ ਵਿਚ ਜੋ ਕਮਾਉਂਦਾ, ਸਰਦੀਆਂ ਵਿਚ ਆਪਣੀ ਪੜ੍ਹਾਈ ਤੇ ਰਿਹਾਇਸ਼ ਆਦਿ 'ਤੇ ਖ਼ਰਚ ਕਰ ਦਿਆ ਕਰਦਾ ਸਾਂ।"

"ਪਿੰਡ ਵਿਚ, ਫੇਰ, ਤੇਰੀ ਤਾਂ ਕੋਈ ਇੱਜ਼ਤ ਨਹੀਂ ਕਰਨ ਲੱਗਾ। ਸਾਰੇ ਪੈਸੇ ਨੂੰ ਹੀ ਸਲਾਮਾਂ ਕਰਦੇ ਨੇ। ਤੇ ਉਹ ਗਾਲੜੀ ਵੀ ਬੜੇ ਹੁੰਦੇ ਨੇ। ਕਹਿਣਗੇ ਕਿ ਇਹ ਏਨੇ ਚਿਰ ਬਾਅਦ ਖ਼ਾਲੀ ਗੀਝੇ ਲਟਕਾਈ ਡੰਡੇ ਵਜਾਉਂਦਾ ਕਿਵੇਂ ਪਰਤ ਆਇਆ? ਕੋਈ ਕਹੇਗਾ ਮੁੰਡੇ ਖੁੰਡੇ ਸੁਹਣੀਆਂ ਕੁੜੀਆਂ ਦੇ ਠਰਕੀ ਹੁੰਦੇ ਨੇ। ਇਹ ਉਹਨਾਂ ਨੂੰ ਖ਼ੁਸ਼ ਕਰਨ ਲਈ ਹੀ ਘੌਨਾ-ਮੌਨਾ ਹੋ ਗਿਐ ਹੋਣੈ।"

"ਮਲੂਕਿਆ ਪੜ੍ਹਾਈ ਦਾ ਕੀ ਫ਼ਾਇਦਾ?" ਬੂਟਾ ਸਿੰਘ ਨੇ ਪੁੱਛਿਆ।

ਕਿਤਾਬਾਂ ਨਾਲ ਮੱਥਾ ਮਾਰਦਿਆ ਵਰ੍ਹੇ ਬੀਤ ਜਾਂਦੇ ਨੇ। ਘਰ ਦੇ ਪੈਸਿਆਂ ਦਾ ਉਜਾੜਾ ਵੱਧ, ਉੱਤੋਂ ਸਿਹਤ ਦਾ ਨਾਸ ਤੇ ਝੁੱਗੇ 'ਚੋਂ ਮਿਲਦੀ ਹੈ ਹਨੇਰਿਆਂ ਬੰਦ ਕਮਰਿਆਂ ਵਿਚ ਘੱਟ ਤਨਖਾਹ ਤੇ ਸਰਕਾਰੀ ਕਲਰਕੀ।"

"ਤੈਨੂੰ ਯਾਦ ਨਹੀਂ, ਅਕਬਰ ਇਲਾਹਾਬਾਦੀ ਨੇ ਪੜ੍ਹਾਈ ਬਾਰੇ ਕੀ ਕਿਹਾ ਸੀ ?

ਕਿਆ ਕਹੂੰ ਯਾਰ ਕਿਆ ਕਾਰੇ ਨਾਮਯਾਨ ਕਰ ਗਏ
ਬੀ. ਏ. ਹੁਏ, ਨੌਕਰ ਬਨੇ, ਪੈਨਸ਼ਨ ਮਿਲੀ, ਫਿਰ ਮਰ ਗਏ।

ਸਾਰਿਆਂ ਵਿਚਕਾਰ ਹਾਸੜ ਮਚ ਗਿਆ। ਬੂਟੇ ਨੂੰ ਮਸਾਲੇਦਾਰ ਉਰਦੂ ਸ਼ਿਅਰ ਸੁਣਾ ਕੇ ਯਾਰਾਂ ਦਾ ਚਿੱਤ ਪਰਚਾਉਣ ਦਾ ਸ਼ੌਕ ਸੀ।

"ਮੈਂ ਕੈਨੇਡਾ ਦੇ ਜੰਗਲਾਂ ਵਿਚ ਫੱਟੇ ਧੂਹਣੇ ਹੀ ਪਸੰਦ ਕਰਾਂਗਾ।" ਉਸ ਨੇ ਖ਼ੁਸ਼ੀ ਨਾਲ ਉਮਲਦਿਆਂ ਆਖਿਆ।

"ਬੜਾ ਔਖਾ ਕੰਮ ਹੈ।"

"ਜਿੰਨਾ ਮਰਜ਼ੀ ਔਖਾ ਹੈ। ਇਸ ਕੁੱਤੇ-ਕੰਮ ਨਾਲੋਂ ਤਾਂ ਚੰਗਾ ਹੀ ਹੋਏਗਾ।"

"ਤੂੰ ਮੇਰੀ ਕੈਨੇਡਾ ਜਾਣ 'ਚ ਕੋਈ ਮੱਦਤ ਨਹੀਂ ਕਰ ਸਕਦਾ ?"

"ਤੈਨੂੰ ਸਿਰਫ਼ ਕਾਨੂੰਨੀ ਵਿਦਿਆਰਥੀ ਦੇ ਤੌਰ ਤੇ ਹੀ ਜਾਣ ਦੀ ਖੁੱਲ੍ਹ ਮਿਲ ਸਕਦੀ ਐ।"

"ਤੂੰ ਮੈਨੂੰ ਉੱਥੇ ਕਿਸੇ ਦਾ ਮੁਤਬੰਨਾ ਨਹੀਂ ਬਣਾ ਸਕਦਾ ?"

"ਇਸ ਲੰਮੇ ਦਾਹੜੇ ਨਾਲ ਆਪਣੇ ਆਪ ਨੂੰ ਸੋਲ੍ਹਾਂ ਤੋਂ ਘੱਟ ਉਮਰ ਦਾ ਕਿਵੇਂ ਸਿੱਧ ਕਰੇਂਗਾ, ਭਾਈ।"

"ਦਾਹੜੀ ਤਾ ਮੈਂ ਮੁਨਾ ਦੂੰ।"

"ਸੰਤਾ ਸਿਹਾਂ ਚੋ ਬੋਲੀਆਂ ਸੁਣਾ ਦੇ। ਜ਼ਰਾ ਪੁਰਾਣੇ ਵੇਲਿਆਂ ਦੀ ਯਾਦ ਹੀ ਤਾਜ਼ਾ ਹੋ ਜਾਊ।"

"ਬੋਲੀਆਂ ਤਾਂ ਮਲੂਕਿਆ ਪਿਆਰਿਆ ਖ਼ੁਸ਼ੀ ਨਾਲ ਡੁਲ੍ਹਦੇ ਦਿਲ ਦਾ ਵਹਾਅ ਹੁੰਦੀਆਂ ਨੇ। ਪਿੰਡ ਦੀ ਸੱਥ ਹੋਏ, ਠੰਢੀ ਮਿੱਠੀ ਵਾ ਵਗਦੀ ਹੋਏ, ਡੰਗਰ ਮੱਛਰੇ ਹੋਏ ਹੋਣ, ਪਰਿੰਦੇ ਚਹਿਕਦੇ ਹੋਣ, ਰੁੰਡ-ਮੁੰਡ ਦਰੱਖ਼ਤਾਂ 'ਤੇ ਬੱਦਲਵਾਈ ਹੋਈ ਹੋਈ ਹੋਵੇ ਤਾਂ ਬਿਨੇ-ਕਹੇ ਗਾਉਣ ਨੂੰ ਹੀ ਜੀਅ ਮਚਲ ਪੈਂਦੈ।"

"ਪਰ ਇੱਥੇ ਤਾਂ ਗੱਲਾਂ ਹੀ ਹੋਰ ਨੇ।" ਉਹਨੂੰ ਆਪਣੀ ਚੋਣ ਦਾ ਪਛਤਾਵਾ ਸੀ। "ਇੱਥੇ ਤਾਂ ਅਸੀਂ ਅਲਸੇਸ਼ੀਅਨ ਕੁੱਤਿਆਂ ਵਾਂਗ, ਖੁਲ੍ਹੇ ਮੂੰਹੀਂ ਤੇ ਅੱਡੀਆਂ ਅੱਖਾਂ ਨਾਲ ਦਿਓ ਕੱਦ ਨਿਰਜਿੰਦ ਇਮਾਰਤਾਂ ਦੇ ਅੱਗੇ ਪਿੱਛੇ ਹੀ ਭੌਂਦੇ ਰਹਿੰਦੇ ਹਾਂ। ਤੂੰ ਵਰ੍ਹਾ ਭਰ ਇਹ ਕੁੱਤੇ-ਭਕਾਈ ਕਰ ਕੇ ਦੇਖ ਤੇ ਫੇਰ ਦੇਖੀਂ ਗਾਉਣ ਨਿਕਲਦਾ ?"

... ...

ਘਰ ਵਿਚਲੇ ਦੋਨੋਂ ਬਿਰਧ ਚੌਕੀਦਾਰ ਬੜੇ ਸਿਆਸਤ-ਪਸੰਦ ਸਨ।

ਨਿਹਾਲ ਸਿੰਘ ਨੇ ਕਿਹਾ ਸੀ, "ਸਾਨੂੰ ਕਾਮਾਗਾਟਾਮਾਰੂ ਦੇ ਉਦਾਸ ਇਤਿਹਾਸ ਦਾ ਪਤੈ। ਉਸ ਦੇ 370 ਵਿਚੋਂ 111 ਮੁਸਾਫ਼ਿਰ ਸ਼ਿੰਘਾਈ ਤੋਂ ਹੀ ਸਨ। ਕਈ ਕੈਨੇਡਾ ਨੂੰ ਜਾਣ ਲਈ ਆਪਣੀ ਵਾਰੀ ਉਡੀਕਦੇ ਇੱਥੇ ਹੀ ਰਹਿ ਗਏ ਸਨ। ਜਦੋਂ ਸਾਰੇ ਮੁਸਾਫ਼ਿਰਾਂ ਨਾਲ ਲੱਦਿਆ ਜਹਾਜ਼ ਪਿਛਾਂਹ ਮੋੜ ਦਿੱਤਾ ਗਿਆ ਸੀ ਤਾਂ ਸਾਨੂੰ ਬੜਾ ਦੁੱਖ ਹੋਇਆ ਸੀ।"

"ਇਤਿਹਾਸ ਵਿਚ ਪਹਿਲੀ ਵਾਰ ਸਲਤਨਤ ਦੇ ਇਕ ਹਿੱਸੇ ਵਿਚ ਰਹਿੰਦੇ ਲੋਕਾਂ ਨੂੰ ਦੂਜੇ ਹਿੱਸੇ ਵਿਚ ਜਾਣੋਂ ਵਰਜਿਆ ਗਿਆ ਸੀ।" ਰੱਖਾ ਸਿੰਘ ਨੇ ਕਿਹਾ।

"ਸਭ ਤੋਂ ਵੱਧ ਹੈਰਾਨੀ ਦੀ ਗੱਲ ਇਹ", ਨਿਹਾਲ ਸਿੰਘ ਨੇ ਗੁਸੈਲਾ ਹੋ ਕੇ ਕਿਹਾ ਸੀ, "ਕਿ ਇਨ੍ਹਾਂ ਵਿਚੋਂ ਕਈਆਂ ਨੇ ਸ਼ਾਹੀ ਫ਼ੌਜ ਵਿਚ ਨੌਕਰੀਆਂ ਕੀਤੀਆਂ ਹੋਈਆਂ ਸਨ।"

ਦੋਨੋਂ ਬੰਦੇ ਕਈ ਵਰ੍ਹੇ ਪਹਿਰੇਦਾਰੀ ਕਰਨ ਕਰ ਕੇ ਗੱਲਾਂ ਕਰਦੇ ਏਧਰ ਉਧਰ ਗੇੜੇ ਕੱਢਣ ਦੇ ਆਦੀ ਹੋ ਗਏ ਸਨ ਜਿਵੇਂ ਅਰਸਤੂ ਆਪਣੀ ਅਕਾਡਮੀ ਵਿਚ ਕਰਿਆ ਕਰਦਾ ਸੀ।

"ਗਦਰ ਪਾਰਟੀ ਨੂੰ ਸਾਡੇ ਮਨ ਅੰਦਰ ਭਾਰਤ ਸਰਕਾਰ ਵਿਰੁੱਧ ਨਫ਼ਰਤ ਪੈਦਾ ਕਰਨ ਲਈ ਬਹੁਤਾ ਤਰੱਦਦ ਨਹੀਂ ਸੀ ਕਰਨਾ ਪਿਆ।" ਰੱਖਾ ਸਿੰਘ ਨੇ ਆਖਿਆ।

"ਕਿੰਨੇ ਦੁੱਖ ਦੀ ਗੱਲ ਹੈ ਕਿ ਦੇਸ਼ ਨੂੰ ਆਜ਼ਾਦ ਕਰਾਉਣ ਵਾਲੀ ਇਹਦੀ ਬੀਰ ਗਾਥਾ ਅਕਾਰਥ ਹੀ ਗਈ ਸੀ।"

"ਹਿੰਦੁਸਤਾਨ ਇਨਕਲਾਬੀ ਘੋਲ ਲਈ ਤਿਆਰ ਹੀ ਨਹੀਂ ਸੀ", ਨੂਰੀ ਨੇ ਆਖਿਆ।

"ਨੌਜੁਆਨ ਪੰਜਾਬੀ ਤਾਂ ਖ਼ੁਸ਼ੀ ਖ਼ੁਸ਼ੀ ਭਰਤੀ ਹੋ ਰਹੇ ਸਨ। ਕਾਂਗਰਸ ਨੇ ਜੰਗ ਦੀ ਹਮਾਇਤ ਕੀਤੀ ਸੀ। ਮਹਾਤਮਾ ਗਾਂਧੀ ਨੇ ਖ਼ੁਦ ਡਾਕਟਰੀ ਸੇਵਾ ਲਈ ਪੇਸ਼ਕਸ਼ ਕੀਤੀ ਸੀ। ਸਭ ਤੋਂ ਵੱਧ ਸਿਤਮ ਦੀ ਗੱਲ ਇਹ ਕਿ ਸਿੱਖਾਂ ਦੀ ਸਭ ਤੋਂ ਵੱਧ ਪ੍ਰਭਾਵਸ਼ਾਲੀ ਰਾਜਸੀ ਜਮਾਤ, ਚੀਫ਼ ਖ਼ਾਲਸਾ ਦੀਵਾਨ ਨੇ ਤਾਜ ਪ੍ਰਤੀ ਵਫ਼ਾਦਾਰੀ ਦਾ ਹੀ ਦਮ ਨਹੀਂ ਸੀ ਭਰਿਆ, ਸਗੋਂ ਕਈ ਮਹੱਤਵਪੂਰਨ ਸਿੱਖ ਗੁਰਦੁਆਰਿਆਂ ਦੇ ਗ੍ਰੰਥੀਆਂ ਵਲੋਂ ਗ਼ਦਰੀਆਂ ਵਿਰੁੱਧ ਪਤਿਤ ਹੋਣ ਦਾ ਹੁਕਮਨਾਮਾ ਵੀ ਜਾਰੀ ਕਰਵਾਇਆ ਸੀ। ਤੇ ਸਰਕਾਰ ਦੀ ਖ਼ੁਫ਼ੀਆ ਏਜੰਸੀ ਹਰ ਵੇਲੇ ਬੜੀ ਮੁਸਤੈਦੀ ਨਾਲ ਗ਼ਦਰੀਆਂ ਦਾ ਪਿੱਛਾ ਕਰਦੀ ਰਹੀ ਸੀ।"

"ਦੂਜੇ ਪਾਸੇ ਗ਼ਦਰੀ ਬਗ਼ਾਵਤ ਹਾਲੇ ਸੀ ਵੀ ਕੱਚੀ। ਕਿਉਂਕਿ ਪਾਰਟੀ ਨੇ ਯੁੱਧ-ਵੇਲੇ ਦੀ ਸਥਿਤੀ ਤੋਂ ਲਾਭ ਲੈਣ ਦਾ ਫ਼ੈਸਲਾ ਕਰ ਲਿਆ ਸੀ, ਇਸ ਲਈ ਇਸ ਨੂੰ ਇਸ ਮਹਾਨ ਕਾਰਜ ਲਈ ਲੋੜੀਂਦੀ ਤਿਆਰੀ ਕਰਨ ਲਈ ਪੂਰਾ ਵਕਤ ਨਹੀਂ ਸੀ ਮਿਲਿਆ।"

"ਗ਼ਦਰ ਲਹਿਰ ਕੁਚਲ ਦਿੱਤੀ ਗਈ ਸੀ", ਉਸ ਨੇ ਬੜੀ ਉਦਾਸੀ ਨਾਲ ਸਵੀਕਾਰ ਕੀਤਾ ਸੀ, "145 ਸੂਰਬੀਰਾਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਸੀ। 306 ਨੂੰ ਉਮਰ ਕੈਦ ਹੋਈ ਸੀ ਤੇ 77 ਨੂੰ ਵੱਖ ਵੱਖ ਮਿਆਦ ਲਈ ਜੇਲ੍ਹਾਂ ਵਿਚ ਡੱਕਿਆ ਗਿਆ ਸੀ, ਪਰ ਇਹ ਲਹਿਰ ਖ਼ਤਮ ਨਹੀਂ ਸੀ ਕੀਤੀ ਜਾ ਸਕੀ। ਇਸ ਨੇ ਆਪਣੇ ਜੋਸ਼ੀਲੇ ਜਜ਼ਬਾਤੀ ਰਾਸ਼ਟਰਵਾਦ ਨੂੰ ਤਰਕਸ਼ੀਲ ਤੇ ਵਿਧੀਵਤ ਮਾਰਕਸਵਾਦ ਵਿਚ ਤਬਦੀਲ ਕਰ ਲਿਆ ਸੀ।"

... ...

"ਮਲੂਕਿਆ, ਹਾਂਗਕਾਂਗ ਵਿਚ ਬੋਲਣ ਲੱਗਾ ਜ਼ਰਾ ਸੁਚੇਤ ਰਹੀਂ।" ਸੰਤਾ ਸਿੰਘ ਨੇ ਉਹਨੂੰ ਖ਼ਬਰਦਾਰ ਕਰਦਿਆਂ ਕਿਹਾ ਸੀ, "ਇਹ ਟਾਪੂ ਭਾਰਤ ਸਮੇਤ ਆਪਣੀਆਂ ਸਭਨਾਂ ਬਸਤੀਆਂ 'ਤੇ ਤਿੱਖੀ ਨਜ਼ਰ ਰੱਖਣ ਵਾਲਾ ਪੂਰੀ ਤਰ੍ਹਾਂ ਲੈਸ ਬਰਤਾਨਵੀ ਅੱਡਾ ਹੈ।"

"ਇਹਦੀ ਕਿਲ੍ਹੇਬੰਦੀ ਵੀ ਪੂਰੀ ਹੋਈ ਹੋਈ ਹੈ। ਕੋਈ ਗੱਲ ਵੀ ਸਬੱਬ ਲਈ ਨਹੀਂ ਛੱਡੀ ਹੋਈ", ਨਿਹਾਲ ਸਿੰਘ ਨੇ ਆਖਿਆ, "ਬਰਤਾਨਵੀ ਦਫ਼ਤਰਾਂ ਤੇ ਰਿਹਾਇਸ਼ਗਾਹਾਂ ਦੀ ਰਾਖੀ ਲਈ ਹਜ਼ਾਰਾਂ ਭਾਰਤੀ ਚੌਕੀਦਾਰ ਤਾਇਨਾਤ ਕੀਤੇ

ਹੋਏ ਨੇ। ਉਹਨਾਂ ਦੇ ਉਪਰ ਪੁਲਸ ਹੈ, ਬਹੁਤ ਕਰ ਕੇ ਭਾਰਤੀ, ਪਰ ਬਰਤਾਨਵੀ ਅਫ਼ਸਰਾਂ ਦੀ ਕਮਾਨ ਹੇਠ। ਇਸ ਤੋਂ ਬਿਨਾਂ ਚੋ ਭਾਰਤੀ ਰਜਮੈਂਟਾਂ ਵੀ ਨੇ। ਸਭ ਤੋਂ ਉੱਪਰ ਹਰ ਚੀਜ਼ 'ਤੇ ਬਾਜ਼ ਵਰਗੀ ਨਜ਼ਰ ਰੱਖਣ ਲਈ ਬਰਤਾਨਵੀ ਰਜਮੈਂਟ ਵੀ ਹੈ।"

"ਜਿਵੇਂ ਤੂੰ ਜਾਣਦਾ ਹੀ ਏਂ", ਰੱਖਾ ਸਿੰਘ ਨੇ ਕਿਹਾ ਸੀ, "ਹਿੰਦ ਮਹਾਂ ਸਾਗਰੋਂ ਪਾਰ ਜਾਣ ਤੇ ਓਧਰੋਂ ਪਰਤਣ ਵਾਲੇ ਸਾਰੇ ਭਾਰਤੀਆਂ ਨੂੰ ਹਾਂਗਕਾਂਗ ਜਹਾਜ਼ ਬਦਲਣਾ ਹੀ ਪੈਂਦੈ। ਉਹਨਾਂ ਨੂੰ ਹਾਂਗਕਾਂਗ ਦੇ ਸਦਰ ਥਾਣੇ ਪੇਸ਼ ਹੋਣਾ ਪੈਂਦਾ ਤੇ ਉਹਨਾਂ ਦੀ ਸਰਕਾਰ ਪ੍ਰਤੀ ਵਫ਼ਾਦਾਰੀ ਨੂੰ ਯਕੀਨੀ ਬਣਾਉਣ ਲਈ ਪੂਰੀ ਪੁੱਛ-ਗਿਛ ਕੀਤੀ ਜਾਂਦੀ ਹੈ।"

"ਤੇਨੂੰ ਪਤਾ ਹੀ ਹੈ ਆਪਣੇ ਪਿੰਡ ਵਾਲਾ ਕਿਰਪਾ ਸਿੰਘ ਕੋਲੂਮ ਵਾਲੀ ਸਿੱਖ ਰਜਮੈਂਟ ਵਿਚ ਸੂਬੇਦਾਰ ਹੈ। ਉਹ ਤੇਰੀ ਪੂਰੀ ਮਦਦ ਕਰੂ।" ਸੰਤਾ ਸਿੰਘ ਨੇ ਕਿਹਾ ਸੀ।

48

ਵੈਨਕੂਵਰ ਤੋਂ ਚਾਲੇ ਪਾਉਣ ਤੋਂ ਅਠਾਰਾਂ ਦਿਨ ਬਾਅਦ ਐਂਪ੍ਰੈਸ ਆਫ਼ ਰਸ਼ੀਆ ਨੇ ਹਾਂਗਕਾਂਗ ਟਾਪੂ ਨੂੰ ਮੁੱਖ ਭੂਮੀ ਤੋਂ ਨਿਖੇੜਨ ਵਾਲੇ ਜਲ ਡਮਰੂ ਦੇ ਅੱਧ ਵਿਚਕਾਰ ਲੰਗਰ ਆ ਸੁੱਟੇ।

ਸਵੇਰ ਧੁਪੀਲੀ, ਕੌਸੀ ਤੇ ਹੁੰਮਸ ਭਰੀ ਸੀ। ਸਾਵੇ ਪਰਬਤਾਂ 'ਤੇ ਮੰਡਲਾ ਰਹੇ ਥੋੜ੍ਹੇ ਜਹੇ ਫੰਬਦਾਰ ਬੱਦਲਾਂ ਤੋਂ ਬਿਨਾਂ ਅੰਬਰ ਬਿਲਕੁਲ ਸਾਫ਼-ਨੀਲਾ ਸੀ।

ਸੁਰੱਖਿਅਤ ਬੰਦਰਗਾਹ ਵਿਚ ਕੰਮ ਦੀ ਚਹਿਲ ਪਹਿਲ ਸੀ। ਛੋਟੀਆਂ ਛੋਟੀਆਂ ਕਿਸ਼ਤੀਆਂ ਦੇ ਦਰਮਿਆਨ ਘਿਰੇ ਕਈ ਵੱਡੇ ਸਮੁੰਦਰੀ ਜਹਾਜ਼ਾਂ ਨੇ ਪੂਰੀ ਸ਼ਾਨ ਨਾਲ ਡੇਰੇ ਲਾਏ ਹੋਏ ਸਨ। ਬੁੱਢ-ਪੁਰਾਣੀਆਂ ਠਣਕੀਆਂ ਬੇੜੀਆਂ, ਸੋਹਣੀਆਂ ਚਿੱਟੀਆਂ ਨੌਕਾਵਾਂ, ਗਸ਼ਤੀ ਬੇੜੀਆਂ, ਹੰਸਾਂ ਵਰਗੀਆਂ ਬਾਦਬਾਨੀ ਕਿਸ਼ਤੀਆਂ ਤੇ

ਚਪਟੇ ਪੇਂਦਿਆਂ ਵਾਲੇ ਛੋਟੇ ਜਹਾਜ਼ ਆਪੋ ਆਪਣੀ ਰਫ਼ਤਾਰ ਨਾਲ ਇਧਰ ਉਧਰ ਜਾ ਰਹੇ ਸਨ। ਮਾਹੌਲ ਵਿਚ ਲਾਦੂ ਕ੍ਰੇਨਾਂ ਦਾ ਖੜਕਾ, ਗਸ਼ਤੀ ਕਿਸ਼ਤੀਆਂ ਦੀ ਗੂੰਜ, ਉੱਚੀਆਂ ਮਨੁੱਖੀ ਆਵਾਜ਼ਾਂ ਦੇ ਨਾਲ ਭੁੱਖੇ ਪੰਛੀਆਂ ਦੇ ਚੀਕ-ਚਿਹਾੜੇ ਦਾ ਸ਼ੋਰ ਘੁਲਿਆ ਹੋਇਆ ਸੀ।

ਪੌੜੀ ਲੱਗੀ ਇਕ ਸ਼ਾਨਦਾਰ ਬੇੜੀ ਐਂਪ੍ਰੈਸ ਆਫ਼ ਰਸ਼ੀਆ ਨਾਲ ਆ ਕੇ ਜੁੜੀ ਤੇ ਚੰਗੀ ਤਰ੍ਹਾਂ ਧੋਤੇ ਪ੍ਰੈਸ ਕੀਤੇ ਹੁਨਾਲੇ ਸੂਟ ਪਹਿਨੇ ਉੱਚੇ ਦਰਜੇ ਦੇ ਮੁਸਾਫ਼ਰਾਂ ਨੂੰ ਸਮੇਟ ਕੇ ਔਹ ਗਈ, ਔਹ ਗਈ ਹੋ ਗਈ।

ਸਸਤੇ ਦਰਜੇ ਦੇ ਮੁਸਾਫ਼ਿਰ ਆਪੋ ਆਪਣੇ ਸਮਾਨ ਸਮੇਟੀ ਡੈੱਕ ਉੱਤੇ ਇਕੱਠੇ ਹੋ ਕੇ ਮਜ਼ਬੂਤ ਕਾਠੀ ਵਾਲੀਆਂ ਤਾਂਬੇ ਰੰਗੀਆਂ ਚੀਨਣਾਂ ਨਾਲ ਭਾੜੇ ਦੀ ਸੌਦੇਬਾਜ਼ੀ ਕਰ ਰਹੇ ਹਨ, ਜੋ ਮੁਸਾਫ਼ਿਰਾਂ ਦੀ ਢੋ-ਢੁਆਈ ਲਈ ਹਾਊਸ-ਬੋਟਾਂ ਲੈ ਕੇ ਆਈਆਂ ਹੋਈਆਂ ਸਨ। ਉਨ੍ਹਾਂ ਵਿਚੋਂ ਕੁਝ ਪੈਂਟਾਂ-ਫਤੂਹੀਆਂ ਪਾਈ, ਜਿਨ੍ਹਾਂ ਨੇ ਆਪਣੇ ਵਾਲਾਂ ਨੂੰ ਬੜੀ ਖ਼ੂਬਸੂਰਤੀ ਨਾਲ ਜੂੜਿਆਂ ਵਿਚ ਸਮੇਟਿਆ ਹੋਇਆ ਸੀ, ਨੰਗੇ ਪੈਰੀਂ ਡੈੱਕ 'ਤੇ ਆ ਚੜ੍ਹੀਆਂ ਸਨ। ਉਹ ਮੁਸਾਫ਼ਿਰਾਂ ਦੇ ਸਾਮਾਨ ਨੂੰ ਲੰਮੇ ਲੰਮੇ ਰੱਸਿਆਂ ਨਾਲ ਬੰਨ੍ਹ ਕੇ, ਬੜੀ ਕਾਰੀਗਰੀ ਨਾਲ ਜਹਾਜ਼ ਦੇ ਜੰਗਲੇ ਦੇ ਉੱਪਰ ਦੀ ਆਪੋ ਆਪਣੀਆਂ ਹਾਊਸ ਬੋਟਾਂ ਵਿਚ ਲਮਕਾ ਰਹੀਆਂ ਸਨ ਤੇ ਲਦਾਈ ਤੋਂ ਬਾਅਦ ਬੜੇ ਆਰਾਮ ਨਾਲ ਮੁਸਾਫ਼ਿਰਾਂ ਨੂੰ ਉਨ੍ਹਾਂ ਦੇ ਟਿਕਾਣਿਆਂ ਦੇ ਨੇੜੇ ਤੋਂ ਨੇੜੇ ਪਹੁੰਚਾਉਣ ਲਈ ਆਪਣੀਆਂ ਬੇੜੀਆਂ ਨੂੰ ਚੱਪੂ ਚਲਾ ਕੇ ਪਾਣੀ ਵਿਚ ਠੇਲ੍ਹ ਰਹੀਆਂ ਸਨ।

ਥੋੜ੍ਹਾ ਚਿਰ ਬਾਅਦ ਸਲੂਕਾ ਤੇ ਨੂਰੀ ਗੁਰਦੁਆਰੇ ਪੁੱਜ ਗਏ ਸਨ, ਜੋ ਚੂਰ ਸ਼ਾਂਤ ਮਹਾਂ ਸਾਗਰੀ ਦੇਸ਼ਾਂ ਨੂੰ ਜਾ ਰਹੇ ਜਾਂ ਉਥੋਂ ਆ ਰਹੇ ਭਾਰਤੀ ਮੁਸਾਫ਼ਿਰਾਂ ਲਈ ਸੁਖਾਵੀਂ ਠਾਹਰ ਸੀ ਕਿਉਂਕਿ ਉਨ੍ਹਾਂ ਸਾਰਿਆਂ ਨੂੰ ਹਾਂਗਕਾਂਗ ਤੋਂ ਜਹਾਜ਼ ਬਦਲਣੇ ਪੈਂਦੇ ਹੁੰਦੇ ਸਨ। ਇਨ੍ਹਾਂ ਵਿਚੋਂ ਬਹੁਤੇ ਮੁਸਾਫ਼ਿਰਾਂ ਨੇ ਆਪਣੇ ਸਫ਼ਰ ਦੇ ਦੂਜੇ ਪੰਧ ਲਈ ਸੀਟਾਂ ਅਗਾਊਂ ਰਾਖਵੀਆਂ ਨਹੀਂ ਸਨ ਕਰਵਾਈਆਂ ਹੋਈਆਂ ਹੁੰਦੀਆਂ, ਇਸ ਲਈ ਕਈ ਵਾਰ ਉਨ੍ਹਾਂ ਨੂੰ ਕਾਫ਼ੀ ਲੰਮੇ ਸਮੇਂ ਲਈ ਉਡੀਕ ਕਰਨੀ ਪੈਂਦੀ ਹੁੰਦੀ ਸੀ। ਗੁਰਦਵਾਰੇ ਵਿਚ ਉਨ੍ਹਾਂ ਨੂੰ ਮੁਫ਼ਤ ਰਿਹਾਇਸ਼ ਤੇ ਲੰਗਰ ਦੀ ਸੁਵਿਧਾ ਮਿਲ ਜਾਇਆ ਕਰਦੀ ਸੀ।

... ...

ਪੁਲਿਸ ਦੇ ਸਦਰ ਮੁਕਾਮ ਤੇ ਰਜਿਸਟਰੇਸ਼ਨ ਵੇਲੇ ਕੋਈ ਦਿੱਕਤ ਨਹੀਂ ਸੀ ਆਈ। ਬੀਤੇ ਦੌਰਾਨ ਇਨਕਲਾਬੀ ਸਰਗਰਮੀਆਂ ਬਾਰੇ ਕੋਈ ਸੁਆਲ ਨਹੀਂ ਸਨ ਪੁੱਛੇ ਗਏ ਤੇ ਨਾ ਹੀ ਭਵਿੱਖ ਦੇ ਸੰਭਵ ਸ਼ਰਾਰਤੀ ਇਰਾਦਿਆਂ ਬਾਰੇ ਕੋਈ ਪੁੱਛ-ਗਿੱਛ ਕੀਤੀ ਗਈ ਸੀ।

"ਆਪਣੇ ਚੰਗੇ ਭਾਗ ਹੀ ਸਮਝੋ ਕਿ ਤੁਹਾਡਾ ਚਚੇਰਾ ਭਾਈ ਸੂਬੇਦਾਰ ਕਿਰਪਾ ਸਿੰਘ ਇੱਥੇ ਹੈ ਵੇ।" ਨੂਰੀ ਨੇ ਆਖਿਆ ਸੀ। "ਭਾਰਤ ਸਰਕਾਰ ਦੇ ਦਫ਼ਤਰਾਂ ਵਿਚ ਕੋਈ ਕੰਮ ਵੱਢੀ, ਸਿਫ਼ਾਰਿਸ਼ ਤੇ ਦੇਰੀ ਤੋਂ ਬਿਨਾਂ ਕਦੇ ਨਹੀਂ ਜੇ ਹੁੰਦਾ।"

ਜਹਾਜ਼ ਦੇ ਜੰਗਲੇਦਾਰ ਕੁਆਰਟਰਾਂ ਵਿਚ ਅਠਾਰਾਂ ਦਿਨ ਹੁਬੜੇ ਰਹਿਣ ਤੋਂ ਬਾਅਦ ਹਾਂਗਕਾਂਗ ਵਿਚ ਵਿਕਟੋਰੀਆਂ ਦੀਆਂ ਪੱਕੀਆਂ ਸੜਕਾਂ 'ਤੇ ਟਹਿਲਣ ਦਾ ਆਪਣਾ ਹੀ ਮਜ਼ਾ ਸੀ। ਜਲ-ਸੀਮਾ ਦੇ ਨਾਲੋ ਨਾਲ ਇਸ ਲੰਮੀ ਗਲੀ ਉੱਤੇ ਸਾਰੀਆਂ ਵਿਦੇਸ਼ੀ ਬੈਂਕਾਂ, ਨਿਗਮਾਂ, ਜਹਾਜ਼ੀ ਤੇ ਬੀਮਾ ਕੰਪਨੀਆਂ ਦੇ ਬੜੇ ਖੁੱਲ੍ਹੇ ਡੁੱਲ੍ਹੇ ਤੇ ਹਵਾਦਾਰ ਦਫ਼ਤਰ ਸਨ।

ਰਤਾ ਕੁ ਅਗਾਂਹ ਇਸ ਗਲੀ ਦੇ ਸਮਾਨਾਂਤਰ ਬੜੀ ਸਜ ਧਜ ਵਾਲੀ ਮਹਿਰਾਬਦਾਰ ਬੀਹੀ ਸੀ, ਜਿਸ ਵਿਚ ਚੀਨੇ ਤੇ ਹੋਰ ਬਦੇਸ਼ੀ ਵਪਾਰੀਆਂ ਕੋਲੋਂ, ਜੋ ਚਾਹੋ, ਹਰ ਸ਼ੈਅ ਮਿਲ ਜਾਂਦੀ ਸੀ। ਇਸ ਦੇ ਲੰਬਕੋਨੀ ਰੁਖ਼ ਉੱਤੇ ਉਹ ਪੌੜਦਾਰ, ਲੰਬੀਆਂ ਭੀੜੀਆਂ ਗਲੀਆਂ ਸਨ, ਜਿਨ੍ਹਾਂ ਦੇ ਘੁਰਨਿਆਂ ਵਰਗੇ ਤੁਸੇ ਹੋਏ ਕੁਆਟਰਾਂ ਵਿਚ ਹੁਬੜੀ ਹੋਈ ਹਾਨ ਦੀ ਸੰਤਾਨ ਰਹਿੰਦੀ ਸੀ। ਹਰ ਘਰ ਵਿਚ ਵਲੰਘਣੀਆਂ 'ਤੇ ਕੱਪੜੇ ਟੰਗੇ ਮਿਲਦੇ ਸਨ ਤੇ ਨੰਗ-ਧੜੰਗੇ ਬੱਚੇ ਬਾਹਰ ਖੇਡ ਰਹੇ ਸਨ।

ਧੁੱਪੇ ਲੰਮੀ ਸੈਰ ਕਰਨ ਬਾਅਦ ਗੁਰਦੁਆਰੇ ਵੱਲ ਵਾਪਿਸ ਮੁੜਨ ਵੇਲੇ ਨੂਰੀ ਨੂੰ ਦਮੇ ਦੀ ਕਾਫ਼ੀ ਗੰਭੀਰ ਸ਼ਿਕਾਇਤ ਹੋ ਗਈ ਸੀ। ਦਮੇ ਦੇ ਦੌਰੇ ਕੁਝ ਵਧੇਰੇ ਹੀ ਲੰਮੇ ਤੇ ਲਗਾਤਾਰ ਹੋ ਰਹੇ ਸਨ ਤੇ ਉਹਨੂੰ ਸਾਹ ਬੜੀ ਮੁਸ਼ਕਿਲ ਨਾਲ ਆ ਰਿਹਾ ਸੀ।

"ਰਿਕਸ਼ਾ ਕਰ ਲਈਏ ਨੂਰੀ!" ਮਲੂਕੇ ਨੇ ਆਖਿਆ।

"ਨੰਗੇ ਪੈਰੀਂ ਇਕ ਕਮਜ਼ੋਰ ਚੀਨੀ ਮਜ਼ਦੂਰ ਤਪਦੀਆਂ ਪੱਕੀਆਂ ਸੜਕਾਂ 'ਤੇ ਸੋਹਣੀਆਂ ਪੁਸ਼ਾਕਾਂ ਵਾਲੇ ਹੱਟੇ ਕੱਟੇ ਵਿਦੇਸ਼ੀ ਨੂੰ ਧੂੰਹਦੇ—ਮੈਨੂੰ ਇਹ ਦ੍ਰਿਸ਼ ਚੰਗਾ!

ਨਹੀਂ ਲੱਗਦਾ। ਇਹ ਤਾਂ ਬੰਦੇ ਦੀ ਬੰਦੇ 'ਤੇ ਸੁਆਰੀ ਕਰਨ ਵਾਲੀ ਹੀ ਗੱਲ ਹੋ ਜਾਂਦੀ ਹੈ—ਬੜੀ ਭਿਆਨਕ ਤੇ ਗ਼ੈਰ ਕੁਦਰਤੀ।"

ਮਲੂਕੇ ਨੇ ਨੂਰੀ ਦਾ ਹੱਥ ਆਪਣੇ ਮੋਢੇ 'ਤੇ ਧਰ ਲਿਆ ਤੇ ਅੱਧ ਕੁ ਮੀਲ ਹੋਰ ਉਹ ਹੌਲੀ ਹੌਲੀ ਚੜ੍ਹਾਈ ਚੜ੍ਹਦੇ ਗਏ। ਮੋੜ 'ਤੇ ਜਿੱਥੋਂ ਇਕ ਸੜਕ ਉਚੇਰੀ ਪਰਬਤਾਂ ਲਈ ਪਾਟਦੀ ਸੀ ਉਹਨਾਂ ਨੇ ਇਕ ਚਿੱਟਾ, ਹਦਵਾਣੇ ਵਾਂਗ ਗੋਲ ਲਾਲ-ਮੂੰਹਾਂ, ਜਿਹਦੀਆਂ ਅੱਖਾਂ ਤੇ ਨੱਕ ਬਾਰੀਕ ਝੀਥਾਂ ਜੇਹੀਆਂ ਵਰਗੇ ਸਨ, ਉਹਨਾਂ, ਪਾਲਕੀ ਤੇ ਸੁਆਰ ਹੋਇਆ ਵੇਖਿਆ। ਨੇੜੇ ਹੀ ਚਾਰ ਅੱਧਖੜ ਪਸੀਨੇ ਨਾਲ ਲੱਥ ਲੱਥ ਚੀਨੇ ਬੈਠੇ ਆਪਣੀਆਂ ਫੂਸ ਦੀਆਂ ਟੋਪੀਆਂ ਨਾਲ ਹਵਾ ਝੱਲ ਰਹੇ ਸਨ। ਉਹ ਸਭ ਪੈਰੋਂ ਵਾਹਣੇ ਸਨ।

"ਇਹੋ ਵਿਚਾਰੇ", ਸਾਹੋ ਸਾਹੀ ਹੋਏ ਨੂਰੀ ਨੇ ਆਖਿਆ, "ਰਤਾ ਭਰ ਦਮ ਲੈਣ ਮਗਰੋਂ ਇਸ ਖ਼ੁਸ਼ਹਾਲ ਗੋਰੇ ਨੂੰ, ਵਲੇਵੇਂਦਾਰ ਤਿੱਖੀਆਂ ਚੜ੍ਹਾਈਦਾਰ ਸੜਕਾਂ ਕੱਢਦੇ ਹੋਏ, ਉੱਚੇ ਪਹਾੜਾਂ ਦੀ ਟੀਸੀ ਨੂੰ ਪਧਰਾ ਕੇ ਬਣਾਏ ਇਹਦੇ ਚਿੱਟੇ ਜਾਂ ਗੁਲਾਬੀ ਬੰਗਲੇ ਤੀਕ ਢੋਕੇ ਲੈ ਕੇ ਜਾਣਗੇ।"

ਕਿਪਲਿੰਗ ਆਪਣੀਆਂ ਲਿਖਤਾਂ ਵਿਚ ਚਿੱਟੇ ਆਦਮੀ ਦੇ ਕਿਹੜੇ ਭਾਗ ਦੀ ਗੱਲ ਕਰਦਾ ਸੀ? ਮਲੂਕੇ ਦੇ ਮਨ ਵਿਚ ਰਹਿ ਰਹਿ ਕੇ ਵਿੰਗੀਆਂ ਟੇਢੀਆਂ ਵਿਚਾਰਾਂ ਆ ਰਹੀਆਂ ਸਨ।

... ...

ਹਾਂਗਕਾਂਗ ਖੜ੍ਹੇ ਜਹਾਜ਼ ਵਰਗਾ ਸੀ। ਲੋਕ ਇੱਥੇ ਹਰ ਦਿਸ਼ਾ ਤੋਂ ਆਉਂਦੇ ਤੇ ਕੁਝ ਦੇਰ ਲਈ ਰੁਕ ਕੇ ਆਪੋ ਆਪਣੇ ਰਾਹੀਂ ਪੈ ਜਾਂਦੇ ਸਨ। ਸਰਕਾਰੀ, ਪ੍ਰਬੰਧਕ, ਵੱਡੀਆਂ ਕੰਪਨੀਆਂ ਦੇ ਕਰਿੰਦੇ, ਚੁਸਤ ਵਪਾਰੀ, ਚੁੱਪ-ਚਪੀਤੇ ਚੌਕੀਦਾਰ, ਖਾਕੀ ਵਰਦੀ ਪਹਿਨੀ ਸਿਪਾਹੀ ਤੇ ਬੇਪ੍ਰਵਾਹ ਮਲਾਹ—ਸਾਰੇ ਇੱਥੇ ਸ਼ਿਕਾਰ ਕਰ ਕੇ ਉੱਡ ਜਾਣ ਵਾਲੇ ਪਰਿੰਦਿਆਂ ਵਰਗੇ ਹੀ ਸਨ। ਹਾਂਗਕਾਂਗ ਉਹਨਾਂ ਦਾ ਘਰ ਨਹੀਂ ਕੇਵਲ ਅਨੰਦ-ਮੰਗਲਾਚਾਰ ਜਾਂ ਰੁਪਏ ਕਮਾਉਣ ਖ਼ਰਚਣ ਦਾ ਹੀ ਅੱਡਾ ਸੀ।

ਹਾਂਗਕਾਂਗ ਦੀ ਵਸੋਂ ਦੇ ਮਕਾਨ ਵੀ ਕਿਸੇ ਵਧੀਆ ਜਹਾਜ਼ ਦੇ ਡੈੱਕਾਂ ਵਾਂਗ, ਉਤਰਾਈ ਰੁੱਖ ਦਰਜੇਵਾਰ ਹੀ ਬਣੇ ਹੋਏ ਸਨ। ਪਹਾੜਾਂ ਦੇ ਸਿਖਰ 'ਤੇ ਹਾਕਮ ਨਸਲ ਦੇ ਲੋਕਾਂ ਲਈ ਬੜੀ ਠਾਠ ਬਾਠ ਵਾਲੇ ਘਰ ਬਣੇ ਹੋਏ ਸਨ। ਉਹਨਾਂ ਤੋਂ

ਹੇਠ ਰਤਾ ਕੁ ਵਿੱਥ ਪਾ ਕੇ ਚੀਨ ਵਿਚ ਮੰਡਲਾਉਂਦੇ ਕਮਿਊਨਿਜ਼ਮ ਦੇ ਭੂਤ ਤੋਂ ਸ਼ਿੰਘਾਈ 'ਚੋਂ ਡਰ ਕੇ ਆਏ ਧਨੀ ਚੀਨਿਆਂ ਦੇ ਵਿਲਾਸੀ ਘਰ ਸਨ। ਉਸ ਤੋਂ ਹੇਠ ਉਹ ਚੀਨੇ ਤੇ ਵਿਦੇਸ਼ੀ ਵਪਾਰੀ ਰਹਿੰਦੇ ਸਨ, ਜੋ ਹਰੀਆਂ ਘਾਟੀਆਂ ਦੇ ਖਿੱਚ-ਪਾਊ ਮਹੌਲ ਵਿਚ ਦਾਖ਼ਲ ਹੋਣ ਦੀ ਚੂਹੇ-ਚੌੜ ਵਿਚ ਪਏ ਹੋਏ ਸਨ। ਹੇਠਾਂ ਸਸਤੇ ਭਾੜੇ ਦੇ ਜਹਾਜ਼ੀ ਮੁਸਾਫਿਰਾਂ ਵਾਂਗ ਗ਼ਰੀਬ ਆਦਿਵਾਸੀ ਡੁੱਡਾਂ ਵਿਚ ਡੱਕੇ ਚੂਹਿਆਂ ਵਾਲੀ ਮੰਦਹਾਲੀ ਭਰੀ ਜੂਨ ਭੋਗ ਰਹੇ ਸਨ।

ਹਾਂਗਕਾਂਗ ਸੈਲਾਨੀਆਂ ਦਾ ਬਹਿਸ਼ਤ ਸੀ। ਦੁਨੀਆਂ ਦੇ ਕੋਨੇ ਕੋਨੇ ਤੋਂ ਆਏ ਇਹ ਲੋਕ, ਮਹਿਰਾਬਾਦਾਰ ਪਗਡੰਡੀਆਂ ਤੇ ਟਹਿਲਦੇ, ਰੰਗ-ਬਰੰਗੀਆਂ ਚੀਜ਼ਾਂ ਵੱਲ ਭਰੀਆਂ ਨੁਮਾਇਸ਼ੀ ਬਾਰੀਆਂ ਦੀ ਤੋਤਾ-ਚਸ਼ਮੀ ਕਰਦੇ ਆਮ ਨਜ਼ਰ ਆਉਂਦੇ ਸਨ। ਇਥੇ ਉਨ੍ਹਾਂ ਨੂੰ ਕਸੀਦਾ ਕੀਤੀ ਚੀਨੀ ਸਿਲਕ, ਬਨਾਰਸੀ ਜ਼ਰੀ, ਸਕਾਟਲੈਂਡ ਦੇ ਉੱਨੀ ਕੱਪੜੇ, ਬਰਸਲਜ਼ ਦੇ ਹੀਰੇ ਤੇ ਸਵਿਟਜ਼ਰਲੈਂਡ ਦੀਆਂ ਘੜੀਆਂ, ਪੈਰਿਸ ਦੇ ਅਤਰ ਫਲੇਲ, ਜਾਪਾਨੀ ਕੈਮਰੇ, ਅਮਰੀਕਾ ਦੀਆਂ ਬਿਜਲਈ ਵਸਤਾਂ ਯਾਨੀ ਕਿ ਦੁਨੀਆਂ ਭਰ ਦੀਆਂ ਨਾਯਾਬ ਚੀਜ਼ਾਂ ਮਿਲ ਜਾਇਆ ਕਰਦੀਆਂ ਸਨ।

ਕਿਤੇ ਤੰਗ ਸਿਲਕੀ ਪੁਸ਼ਾਕਾਂ ਵਿਚ ਮੜ੍ਹੀਆਂ, ਮੁੜ੍ਹਕੋ ਮੁੜ੍ਹਕੀ ਹੋਈਆਂ, ਨਕਲੀ ਜੂੜਿਆਂ ਵਾਲੀਆਂ ਚੀਨੀ ਔਰਤਾਂ ਪੈਰਿਸ ਤੇ ਨਿਊਯਾਰਕ ਤੋਂ ਆਈਆਂ ਸੌਂਦਰਯ-ਵਸਤਾਂ ਦੀਆਂ ਚੱਕ-ਥੱਲ ਕਰ ਰਹੀਆਂ ਉੱਚੀ ਉੱਚੀ ਗੱਲਾਂ ਕਰੀ ਜਾਂਦੀਆਂ। ਕਿਤੇ ਨੰਗੇ ਮੋਢਿਆਂ ਵਾਲੀਆਂ ਸੂਤੀ-ਬੰਡੀਆਂ ਪਹਿਨੀ ਅਮਰੀਕਨ ਔਰਤਾਂ ਦਾ ਝੁਰਮਟ ਆਪੋ ਆਪਣੇ ਗਲਿਆਰਿਆਂ ਦੇ ਰੰਗ-ਮੰਚ ਦੇ ਪੱਥਰ ਜੜ੍ਹੇ, ਹਾਥੀ ਲੱਭਣ ਲਈ ਸੌਦੇਬਾਜ਼ੀ ਵਿਚ ਮਸ਼ਗੂਲ ਦਿਸਦਾ। ਠੰਢੇ ਸੂਟਾਂ ਵਿਚ ਸਜੇ ਉਹਨਾਂ ਦੇ ਪਤੀ ਬਟੂਏ ਖੋਲ੍ਹਣ ਲਈ ਤਿਆਰ ਉਹਨਾਂ ਦੇ ਪਿੱਛੇ ਚੁੱਪ-ਚਾਪ ਖੜੇ ਹੁੰਦੇ।

ਇਕ ਛੋਟੇ ਜੇਹੇ ਸਟੋਰ ਵਿਚ ਜਿਸ ਦੇ ਬੂਹੇ 'ਤੇ ਰੋਅਬ-ਦਾਬ ਵਾਲਾ ਸਿੱਖ ਚੌਕੀਦਾਰ ਤਾਇਨਾਤ ਸੀ, ਚਿੱਟੀਆਂ ਰੇਸ਼ਮੀ ਸਾੜ੍ਹੀਆਂ ਵਿਚ ਸਜੀਆਂ ਨਕਲੀ ਕਾਲੇ ਵਾਲਾਂ ਵਾਲੀਆਂ ਮੋਟੀਆਂ ਤਾਜ਼ੀਆਂ ਸਿੰਧਣਾਂ ਸੋਨੇ ਦੇ ਭਾਰੇ ਗਹਿਣਿਆਂ ਦੀ ਸੌਦੇਬਾਜ਼ੀ ਕਰਦੀਆਂ ਸਨ, ਉਹਨਾਂ ਦੀਆਂ ਬਾਹਾਂ ਪਹਿਲੋਂ ਹੀ ਭਾਰੀਆਂ ਭਾਰੀਆਂ ਸੋਨੇ ਦੀਆਂ ਚੂੜੀਆਂ ਨਾਲ ਲੱਦੀਆਂ ਹੋਈਆਂ ਹੁੰਦੀਆਂ ਸਨ।

... ...

ਨੂਰੀ ਦਾ ਦਮਾਂ ਬਹੁਤਾ ਹੀ ਵਿਗੜ ਗਿਆ ਸੀ। ਉਹਨੂੰ ਔਖੇ ਸਾਹ ਲੈਂਦਿਆਂ ਵੇਖ ਕੇ ਬੜਾ ਦੁੱਖ ਹੁੰਦਾ ਸੀ। ਸੂਬੇਦਾਰ ਕਿਰਪਾ ਸਿੰਘ ਦੀ ਸਹਾਇਤਾ ਨਾਲ ਮਲੂਕੇ ਨੇ ਇਕ ਫੇਫੜਿਆਂ ਦੇ ਮਾਹਿਰ ਚੀਨੀ ਡਾਕਟਰ ਦਾ ਪਤਾ ਕੀਤਾ। ਉਸ ਨੇ ਨੂਰੀ ਦੇ ਹਸਪਤਾਲ ਵਿਚ ਦਾਖ਼ਲੇ ਦਾ ਬੰਦੋਬਸਤ ਕਰ ਦਿੱਤਾ ਸੀ।

ਉਹਦੇ ਨਾਲੋਂ ਵਿਛੜਨਾ ਔਖਾ ਜਿਹਾ ਲੱਗ ਰਿਹਾ ਸੀ। ਉਹ ਬੜਾ ਰੌਸ਼ਨ-ਚਿੱਤ ਤੇ ਖ਼ੁਸ਼-ਮਿਜ਼ਾਜ਼ ਸਾਥੀ ਸੀ ਜੋ ਆਪਣੀ ਮੰਦੀ ਸਿਹਤ ਦੇ ਬਾਵਜੂਦ ਖਿੜਿਆ ਹੀ ਰਹਿੰਦਾ ਸੀ। ਉਹਨੂੰ ਇਸ ਗੱਲ ਵਿਚ ਪੱਕਾ ਯਕੀਨ ਸੀ ਕਿ ਮਨੁੱਖਤਾ ਹਰ ਹੀਲੇ ਅਮਨ ਤੇ ਨਿਆਂ ਦੇ ਆਪਣੇ ਟੀਚੇ ਵਲ ਅੱਗੇ ਵੱਧਦੀ ਹੀ ਜਾ ਰਹੀ ਹੈ, ਰਫ਼ਤਾਰ ਭਾਵੇਂ ਇਦੀ ਬਹੁਤੀ ਤੇਜ਼ ਨਹੀਂ।

"ਮਲੂਕਿਆ ਚੱਲ ਮੇਰੇ ਨਾਲ", ਕਿਰਪਾ ਸਿੰਘ ਨੇ ਬੜੇ ਹੰਮੇ ਨਾਲ ਆਖਿਆ, "ਕੁਝ ਦਿਨ ਮੇਰੇ ਨਾਲ ਕੋਲੂਮ ਦੀਆਂ ਫੌਜੀ-ਬਾਰਕਾਂ ਵਿਚ ਡੇਰਾ ਲਾ ਲੈ, ਐਵੇਂ ਇਕੱਲਿਆਂ ਉਦਾਸ ਰਹਿਣ ਦਾ ਕੋਈ ਮਤਲਬ ਨਹੀਂ।"

ਉਹ ਗੁਰਦੁਆਰੇ ਤੋਂ ਬੰਦਰਗਾਹ ਵਲ ਚੱਲ ਪਏ, ਜਿੱਥੇ ਹਾਂਗਕਾਂਗ ਤੋਂ ਕੋਲੂਮ ਵਿਚਕਾਰ ਚਪਟੇ ਪੇਂਦਿਆਂ ਵਾਲੀਆਂ ਬੇੜੀਆਂ ਆ ਜਾ ਰਹੀਆਂ ਸਨ। ਰਾਹ ਵਿਚ ਕਿਰਪਾ ਸਿੰਘ ਨੇ ਵੱਖ ਵੱਖ ਮਹੱਤਵਪੂਰਨ ਅੱਡਿਆਂ ਤੇ ਥਾਹਾਂ ਦਾ ਫ਼ੌਜੀ ਢੰਗ ਨਾਲ ਬੜਾ ਮਠਾਰ ਮਠਾਰ ਕੇ ਵੇਰਵਾ ਦੱਸਿਆ ਸੀ।

ਟਿਕਟ-ਘਰ ਕੋਲ ਰੁਕ ਕੇ ਉਸ ਨੇ ਮਲੂਕੇ ਨੂੰ ਦੱਸਿਆ ਕਿ ਫ਼ੌਜੀ ਅਫ਼ਸਰਾਂ ਲਈ ਜਹਾਜ਼ਾਂ ਦੇ ਪਹਿਲੇ ਦਰਜੇ ਵਿਚ ਸਫ਼ਰ ਕਰਨਾ ਜ਼ਰੂਰੀ ਸੀ—ਆਦਿਵਾਸੀਆਂ ਵਿਚਕਾਰ ਸ਼ਾਹੀ ਵਕਾਰ ਬਰਕਰਾਰ ਰੱਖਣ ਲਈ।

"ਇਸ ਨਾਲ ਤੇਰੀ ਮਜ਼ਦੂਰ ਜਮਾਤ ਲਈ ਮੁਹੱਬਤ ਨੂੰ ਬੜੀ ਠੇਸ ਨਹੀਂ ਲੱਗਣ ਲੱਗੀ", ਉਸ ਨੇ ਸ਼ਰਾਰਤ ਨਾਲ ਕਿਹਾ ਸੀ।

"ਬਿਲਕੁਲ ਨਹੀਂ, ਫ਼ੌਜ ਨੂੰ ਔਖੀ ਘੜੀ ਪੂਰੀ ਮੁਸਤੈਦੀ ਨਾਲ ਆਪਣਾ ਫ਼ਰਜ਼ ਪੂਰਾ ਕਰਨਾ ਚਾਹੀਦਾ।"

ਕੋਲੂਮ ਉੱਜੜੀ ਜਿਹੀ ਦਿੱਖ ਵਾਲੀ ਥਾਂ ਸੀ। ਜਲਧਾਰਾ ਦੀ ਰੌਣਕ ਭਰੀ ਗਲੀ ਦੇ ਜ਼ਰਾ ਉੱਪਰ ਵਲ, ਜਿਸ ਵਿਚ ਰੋਜ਼ਮੱਰਾ ਦੀਆਂ ਜ਼ਰੂਰੀ ਚੀਜ਼ਾਂ ਸਾਦ ਮੁਰਾਦੇ ਜਿਹੇ ਸਟੋਰਾਂ ਵਿਚ ਵਿਕਦੀਆਂ ਸਨ, ਇਕ ਲਾਲ ਇੱਟਾਂ ਵਾਲੀ ਲੰਮੀ

ਚੌੜੀ ਇਮਾਰਤ ਸੀ। ਇਹੀ ਸਨ ਫ਼ੌਜੀ ਬੈਰਕਾਂ। ਉਸ ਤੋਂ ਪਾਰ ਬੰਜਰ ਪਹਾੜੀਆਂ ਉੱਪਰ ਬੱਕਰੀਆਂ ਹਰੇ-ਭੂਰੇ ਜਿਹੇ ਘਾਹ ਨੂੰ ਮੂੰਹ ਮਾਰ ਰਹੀਆਂ ਸਨ। ਭੀੜੀ-ਗੰਦੀ ਜਿਹੀ ਗਲੀ ਦੇ ਦੋਨੀਂ ਪਾਸੀਂ ਮਿਟਿਆਲੀ ਜਿਹੀ ਲੱਕੜ ਦੇ ਘਰਾਂ ਦੇ ਝੁਰਮਟ ਵਿਚ ਚੀਨੀ ਮਜ਼ਦੂਰ ਰਹਿੰਦੇ ਸਨ, ਜਿੱਥੇ ਅੱਧੜਵੰਜੇ ਜਿਹੇ ਕੱਪੜੇ ਪਾਈ ਬੱਚਿਆਂ ਦੇ ਨਾਲ ਹੀ ਕਮਜ਼ੋਰ ਜਿਹੇ ਚੂਚੇ ਚੋਗਾ ਲੱਭਣ ਲਈ ਚੁੰਝਾਂ ਮਾਰਦੇ ਫਿਰਦੇ ਸਨ। ਔਰਤਾਂ ਚੂਰੋਂ ਟੂਟੀ ਤੋਂ ਪੀਣ ਵਾਲਾ ਪਾਣੀ ਢੋ ਰਹੀਆਂ ਸਨ। ਕੋਲੂਮ ਇਕ ਤਰ੍ਹਾਂ ਨਾਲ ਪੁਰਾਤਨ ਚੀਨੀ ਮੁੱਖ ਭੂਮੀ 'ਤੇ ਖ਼ੁਸ਼ਹਾਲ ਹਾਂਗਕਾਂਗ ਦੇ ਦਰਮਿਆਨ ਅਵੇਸਲੀ ਜਿਹੀ ਸੰਪਰਕ-ਬਸਤੀ ਦੀ ਨਿਆਈਂ ਸੀ।

ਲਹਿਰੀਏਦਾਰ ਸਮੁੰਦਰ ਤੇ ਚਮਕ ਤਰੌਂਕਦੀ ਸੂਰਜ ਦੀ ਲਾਲ ਟਿੱਕੀ ਲੋਪ ਹੋ ਰਹੀ ਸੀ। ਕਿਰਪਾ ਸਿੰਘ ਨੇ ਮਲੂਕੇ ਨੂੰ ਬੈਰਕਾਂ ਦੇ ਮਹਿਮਾਨ-ਘਰ ਵਿਚ ਲੈ ਆਂਦਾ। ਛੇਤੀ ਹੀ ਵਿਸਕੀ ਦੀਆਂ ਬੋਤਲਾਂ, ਸੋਡੇ ਤੇ ਮਸਾਲੇਦਾਰ ਭਾਰਤੀ ਸਲੂਣਿਆਂ ਨਾਲ ਭਰੀ ਪਿੱਤਲ ਦੀ ਟਰੇ ਲੈ ਕੇ ਬਹਿਰਾ ਹਾਜ਼ਰ ਹੋ ਗਿਆ ਸੀ।

"ਕੀ ਲਏਂਗਾ ਮਲੂਕਿਆ", ਕਿਰਪਾ ਸਿੰਘ ਨੇ ਪੁੱਛਿਆ।

"ਵਿਸਕੀ ਨਹੀਂ, ਸੋਡੇ ਦੇ ਗਲਾਸ ਨਾਲ ਹੀ ਕੰਮ ਚੱਲ ਜਾਏਗਾ।"

"ਤੂੰ ਸਿਆਣੇਂ। ਹਾਲੇ ਵਿਦਿਆਰਥੀ ਜੂ ਹੋਇਆ। ਪਰ ਹੈਂ ਤੂੰ ਮੋਕਲੇ ਹੱਡ-ਪੈਰਾਂ ਵਾਲਾ, ਮਜ਼ਬੂਤ। ਫ਼ੌਜੀ ਅਫ਼ਸਰ ਤੂੰ ਬਹੁਤ ਬਾਂਕਾ ਬਣੇਗਾ।"

"ਸ਼ੁਕਰੀਆ, ਪਰ ਸੈਨਾ ਮੇਰੀ ਪਸੰਦ ਨਹੀਂ।"

"ਸਾਨੂੰ ਤੇਰੀਆਂ ਕੈਨੇਡਾ ਵਾਲੀਆਂ ਸਰਗਰਮੀਆਂ ਦੀ ਸੋਅ ਮਿਲਦੀ ਰਹੀ ਹੈ। ਗ਼ਦਰੀਆਂ ਦੀ ਬਗ਼ਾਵਤ ਮਗਰੋਂ ਭਾਰਤੀ ਸਰਕਾਰ ਸ਼ਾਂਤ ਮਹਾਂਸਾਗਰ ਸਾਹਿਲ 'ਤੇ ਉੱਤਰੀ ਅਮਰੀਕਾ ਤੋਂ ਆਉਣ ਵਾਲੇ ਪੰਜਾਬੀ ਪਰਵਾਸੀਆਂ ਉੱਪਰ ਬੜੀ ਤਿੱਖੀ ਨਜ਼ਰ ਰੱਖ ਰਹੀ ਹੈ।"

"ਇਹ ਤਾਂ ਜ਼ਾਹਿਰ ਹੀ ਹੈ।"

"ਮੈਨੂੰ ਲੱਗਦਾ ਕਿ ਤੂੰ ਬੜਾ ਤਕੜਾ ਬੁਲਾਰਾ ਬਣ ਗਿਐਂ।"

"ਕੈਨੇਡਾ ਵਿਚ ਸਾਡੇ ਬਹੁਤੇ ਲੋਕ ਅਨਪੜ੍ਹ ਹਨ। ਇਸ ਲਈ ਮੈਨੂੰ ਗਾਹੇ ਬਗਾਹੇ ਉਹਨਾਂ ਵਲੋਂ ਬੋਲਣਾ ਪੈਂਦਾ ਰਿਹਾ ਹੈ।"

"ਪਰ ਮਲੂਕਿਆ ਮੈਨੂੰ ਆਸ ਹੈ ਕਿ ਹਿੰਦੁਸਤਾਨ ਵਿਚ ਤਕਰੀਰਾਂ ਕਰਨੋਂ

ਤੂੰ ਵਾਹ ਲਗਦੀ ਗੁਰੇਜ਼ ਹੀ ਕਰੇਂਗਾ। ਉੱਥੇ ਮਾੜੇ ਮੋਟੇ ਬਿਆਨਾਂ ਕਰ ਕੇ ਹੀ ਅਫ਼ਸਰ ਲੋਕ ਤੇਨੂੰ ਵਖਤ 'ਚ ਪਾ ਸਕਦੇ ਨੇ। ਇਕ ਅੱਧ ਰੁਪਏ ਜਾਂ ਆਪਣੀ ਨੌਕਰੀ ਪੱਕੀ ਕਰਨ ਲਈ, ਸਰਕਾਰੀ ਸੂਹੀਏ ਤੇਰੀ ਮਾੜੀ ਜਿਹੀ ਗੱਲ ਨੂੰ ਹੀ ਵਧਾ ਚੜ੍ਹਾ ਕੇ ਬਾਗ਼ੀਆਨਾ ਭੜਕਾਹਟ ਦਾ ਰੂਪ ਦੇ ਕੇ ਪੇਸ਼ ਕਰ ਸਕਦੇ ਨੇ। ਆਪਣੇ ਪਿੰਡ ਵਾਲੇ ਸੁਕੜੇ ਜਿਹੇ ਫਰਿਆਮ ਸਿੰਘ ਤੋਂ ਬਚੀਂ। ਉਸ ਨੇ ਤੇਨੂੰ ਵਿਸ਼ਵਾਸ 'ਚ ਲੈ ਕੇ ਗੱਲੀਂ ਬਾਤੀਂ ਵਰਗਲਾਉਣੋਂ ਬਾਜ਼ ਨਹੀਂ ਆਉਣਾ।"

"ਤੂੰ ਥੋੜ੍ਹਾ ਚਿਰ ਪਹਿਲਾਂ ਹੀ ਮੁਲਕ 'ਚ ਛੁੱਟੀ ਕੱਟ ਕੇ ਆਇਐਂ। ਕੀ ਹਾਲ ਹੈ ਪਿੰਡ ਦਾ?"

"ਪਿੰਡ ਬਹੁਤਾ ਨਹੀਂ ਬਦਲਿਆ। ਜ਼ਿਲ੍ਹਾ ਹੁਸ਼ਿਆਰਪੁਰ ਮੁਕੱਦਮੇਬਾਜ਼ੀ ਲਈ ਬੜਾ ਬਦਨਾਮ ਹੋ ਗਿਆ। ਵੱਟ-ਬੰਨੇ ਜਾਂ ਹੱਦਬੰਦੀਆਂ ਦੀ ਨਿਸ਼ਾਨਦੇਹੀ ਤੋਂ ਹੀ ਮੂੰਹਾਰ ਝਗੜੇ ਹੋ ਜਾਂਦੇ ਨੇ। ਤੇ ਇਹ ਲੂਤੀਬਾਜ਼ ਰੁਪਈਆ ਧੇਲੀ ਲੈ ਕੇ ਹੀ ਕਚਹਿਰੀ ਵਿਚ ਝੂਠੀ ਗਵਾਹੀ ਦੇਣ ਲਈ ਤਿਆਰ ਰਹਿੰਦਾ।"

"ਪਰ ਕੈਨੇਡੀਅਨ ਅਖ਼ਬਾਰਾਂ ਵਿਚ ਤਾਂ ਦੇਸ਼ ਅੰਦਰਲੀ ਰਾਜਸੀ ਬੇਚੈਨੀ ਬਾਰੇ ਵੀ ਬੜੀਆਂ ਖ਼ਬਰਾਂ ਛਪਦੀਆਂ ਰਹੀਆਂ ਨੇ।"

"ਹਾਂ, ਖੇਤੀ ਜਿਣਸਾਂ ਦੀਆਂ ਕੀਮਤਾਂ ਡਿਗਣ ਤੇ ਕਾਲਜਾਂ ਵਿਚ ਪੜ੍ਹੇ-ਲਿਖਿਆਂ ਦੀ ਬੇ-ਰੁਜ਼ਗਾਰੀ ਕਾਰਨ ਕਾਫ਼ੀ ਰਾਜਸੀ ਬੇਚੈਨੀ ਫੈਲਦੀ ਰਹੀ ਹੈ। ਵੱਖ ਵੱਖ ਸ਼ਹਿਰਾਂ ਵਿਚ ਕਈ ਸਾਜ਼ਿਸ਼ਾਂ ਦੇ ਮੁਕੱਦਮੇ ਵੀ ਚੱਲ ਰਹੇ ਨੇ।"

"ਪਰ ਕੋਈ ਵੀ ਸਰਕਾਰ ਪਿੰਡਾਂ ਦੀ ਭਿਆਨਕ ਗ਼ਰੀਬੀ ਦੂਰ ਕਰ ਕੇ ਉਹਨਾਂ ਦੀ ਹਾਲਤ ਨੂੰ ਸੁਧਾਰਨ ਲਈ ਕੀ ਕਰ ਸਕਦੀ ਹੈ? ਲੋਕ ਪੁਰਾਣੇ ਘਸੇ-ਪਿੱਟੇ ਰੀਤੀ-ਰਿਵਾਜ ਛੱਡਣ ਲਈ ਹੀ ਤਿਆਰ ਨਹੀਂ। ਉਹ ਹਾਸੋਹੀਣੇ ਵਹਿਮਾਂ-ਭਰਮਾਂ ਦੇ ਗਧੀਗੇੜਾਂ ਵਿਚ ਫਸੇ ਪਏ ਹਨ। ਛੋਟੇ ਛੋਟੇ ਝਗੜੇ ਤੇ ਵਧਵੀਆਂ ਗੱਪਾਂ ਹੀ ਉਹਨਾਂ ਦੇ ਜੀ-ਪਰਚਾਵੇ ਹਨ। ਆਲੇ-ਦੁਆਲੇ ਦੀ ਗੰਦਗੀ ਉਹਨਾਂ ਨੂੰ ਪੁਹੰਦੀ ਹੀ ਨਹੀਂ। ਸਰਕਾਰ ਕੀ ਕਰੇ?"

"ਲੋਕਾਂ ਨੂੰ ਪੜ੍ਹਾਵੇ!"

ਬਹਿਰਾ ਰਾਤ ਦਾ ਖਾਣਾ ਪਰੋਸ ਗਿਆ—ਦੋ ਕੋਲੇ ਤਰੀਦਾਰ ਮੀਟ, ਮਸਾਲੇਦਾਰ ਸਬਜ਼ੀਆਂ, ਦਾਲ ਦੀਆਂ ਕੋਲੀਆਂ, ਮੱਖਣ ਨਾਲ ਚੋਪੜੀਆਂ ਗਰਮ ਰੋਟੀਆਂ

ਦਾ ਛਾਬਾ ਤੇ ਕਈ ਤਰ੍ਹਾਂ ਦੇ ਮਿਰਚ ਮਸਾਲੇ।

"ਫ਼ੌਜ ਇਹੋ ਜਿਹਾ ਭੋਜਨ ਖਾਂਦੀ ਹੈ?"

"ਨਹੀਂ! ਆਪਣੇ ਸੱਗਾ-ਰੱਤੇ ਮਹਿਮਾਨਾਂ ਨੂੰ ਖੁਆਂਦੀ ਹੈ।"

... ...

ਜਾਪਾਨੀ ਭਾਰ-ਵਾਹਕ ਜਹਾਜ਼ ਹਿੰਦ ਮਹਾਂਸਾਗਰ ਵਿੱਚੀਂ ਭਾਰਤੀ ਪਰਵਾਸੀਆਂ ਨੂੰ ਹਾਂਗਕਾਂਗ ਤੋਂ ਕਲਕੱਤੇ ਜਾਣ ਲਈ ਆਮ ਵਰਤੇ ਜਾਂਦੇ ਹਨ। ਕਿਰਾਏ ਸਸਤੇ ਸਨ। ਭਾਵੇਂ ਸਮੁੰਦਰੀ ਲਹਿਰਾਂ ਤੇ ਉਹ ਡੱਟਾਂ ਵਾਂਗ ਡੋਲਦੇ ਰਹਿੰਦੇ ਸਨ, ਪਰ ਡੁੱਬਦੇ ਕਦੀ ਨਹੀਂ ਸਨ ਸੁਣੇ। ਡੈੱਕ, ਜਿੱਥੇ ਸਮਾਨ ਨਹੀਂ ਸੀ ਲੱਦਿਆ ਜਾ ਸਕਦਾ, ਚੀਨੇ ਮੁਸਾਫ਼ਰਾਂ ਨਾਲ ਭਰੇ ਪਏ ਹੁੰਦੇ ਸਨ। ਉਹ ਉੱਥੇ ਹੀ ਲੱਕੜੀ ਦੇ ਸਿਰਹਾਣੇ ਲੈ ਕੇ ਪਤਲੀਆਂ ਪਤਲੀਆਂ ਚਿਟਾਈਆਂ ਉੱਤੇ ਸੌਂ ਜਾਇਆ ਕਰਦੇ ਸਨ। ਉਹਨਾਂ ਦੇ ਟਾਕਰੇ ਤੇ ਮੰਜੀਆਂ ਵਾਲੇ ਪੰਜਾਬੀ 'ਡੀਲਕਸ' ਸਫ਼ਰ ਕਰਦੇ ਸਨ ਤੇ ਜਦ ਮਲਾਹਾਂ ਨੇ ਫੱਟੇ ਸਾਫ ਕਰਨੇ ਹੁੰਦੇ ਸਨ ਤਾਂ ਉਹ ਇਹਨਾਂ ਉੱਪਰ ਆਪਣਾ ਸਾਮਾਨ ਟਿਕਾ ਦਿਆ ਕਰਦੇ ਸਨ।

ਮਲੂਕਾ, ਜਿਸ ਜਾਪਾਨੀ ਜਹਾਜ਼ 'ਤੇ ਚੜ੍ਹਿਆ ਉਹਨਾਂ ਵਿਚ ਮੁਸਾਫ਼ਿਰ ਸਿਰਫ ਇਕ ਹੀ ਸੀ। ਚੀਨੀਆਂ ਦੇ ਬਾਈਕਾਟ ਕਾਰਨ ਇਸ ਵਿਚ ਸਾਮਾਨ ਵੀ ਨਹੀਂ ਸੀ ਲੱਦਿਆ ਗਿਆ। ਤੇ ਜਿਹੜਾ ਜਾਪਾਨੀ ਖਾਣਾ ਉਹਨੂੰ ਮਿਲਦਾ ਸੀ—ਚੌਲ ਤੇ ਰੁੱਖੀ ਜਿਹੀ ਮੱਛੀ—ਉਹ ਤਾਂ ਬੱਸ ਉਹਦੀ ਸਹਿਣਸ਼ੀਲਤਾ ਦਾ ਇਮਤਿਹਾਨ ਹੀ ਸੀ।

ਖ਼ਾਲੀ ਜਹਾਜ਼, ਸ਼ਾਂਤ ਸਮੁੰਦਰ 'ਤੇ ਵੀ ਸੱਚਮੁੱਚ ਡੱਟ ਵਾਂਗ ਹੀ ਡੋਲਦਾ ਸੀ। ਚੰਗੇ ਮੌਸਮ ਚੌਰਾਨ ਮਲੂਕਾ ਪੁਲ ਹੇਠ ਛਾਵੇਂ ਰਹਿਣ ਲਈ ਆਪਣੀ ਮੰਜੀ ਇਧਰ ਉਧਰ ਹੀ ਕਰਦਾ ਰਹਿੰਦਾ ਸੀ। ਝੱਖੜ ਵਾਲੀ ਰਾਤ ਉਹਨੂੰ ਇਸ ਦੇ ਹਨੇਰੇ ਖ਼ਾਲੀ ਦਲਾਨ ਵਿਚ ਸੌਣਾ ਪੈਂਦਾ ਸੀ। ਉਸ ਉੱਪਰ ਭੁੱਖੇ ਚੂਹਿਆਂ ਦੀਆਂ ਡਾਰਾਂ ਖੇਡ-ਗੱਡੀ ਦੇ ਡੱਬਿਆਂ ਵਾਂਗ ਦੁੜੰਗੇ ਮਾਰਦੀਆਂ ਫਿਰਦੀਆਂ ਰਹਿੰਦੀਆਂ ਸਨ। ਉਹਨੂੰ ਮੋਟੇ ਤਾਜ਼ੇ ਚੂਹਿਆਂ ਦੇ ਹਮਲਿਆਂ ਤੋਂ ਬਚਣ ਲਈ ਆਪਣੇ ਹੱਥ ਵਿਚ ਸੋਟੀ ਰੱਖਣੀ ਪੈਂਦੀ ਸੀ।

ਚੰਗੇ ਭਾਗੀਂ ਸਿੰਘਾਪੁਰੋਂ ਕਾਫ਼ੀ ਚੀਨੀ ਤੇ ਪੰਜ ਪੰਜਾਬੀ ਮੁਸਾਫ਼ਿਰ ਵੀ ਜਹਾਜ਼

ਵਿਚ ਚੜ੍ਹ ਗਏ ਸਨ । ਉਹਨੂੰ ਵਾਹਵਾ ਸਾਥ ਮਿਲ ਗਿਆ ਸੀ । ਉਨ੍ਹਾਂ ਵਿਚੋਂ ਤਿੰਨ ਚੰਗੇ ਹੱਟੇ-ਕੱਟੇ ਗੱਭਰੂ ਸਨ ਜੋ ਪੰਜਾਂ ਮਹੀਨਿਆਂ ਦੀ ਬੰਦਰਗਾਹ ਦੀ ਬੇਕਾਰੀ ਤੋਂ ਅੱਕ ਕੇ ਘਰੀਂ ਪਰਤ ਰਹੇ ਸਨ। ਦੂਜੇ ਦੋ ਤੀਨਸਤਸੀਨ ਤੋਂ ਸਨ। ਇਕ ਹਾਜੀ ਸੀ ਤੇ ਦੂਜਾ ਬਰਤਾਨਵੀ ਮਿਲਟਰੀ ਕੈਨਟੀਨ ਦਾ ਠੇਕੇਦਾਰ। ਮਲੂਕੇ ਦਾ ਉਹਨਾਂ ਨਾਲ ਸੋਹਣਾ ਜੀ ਪਰਚ ਗਿਆ ਸੀ। ਉਹ ਇਕੱਠੇ ਰੋਟੀ ਖਾਂਦੇ ਤੇ ਪੰਜਾਬੀ ਗੀਤ ਗਾਉਣ ਤੇ ਬਾਤਾਂ ਪਾ ਪਾਕੇ ਚੰਗੀ ਰੌਣਕ ਲਾ ਰੱਖਦੇ ਸਨ।

ਹਾਜੀ ਨੇ ਮਲੂਕੇ ਨੂੰ ਕੁਝ ਚਿੱਠੀਆਂ ਲਿਖਣ ਲਈ ਕਿਹਾ। ਇਹ ਜਾਣੀ ਪਛਾਣੀ ਸੇਵਾ, ਉਹ ਬ੍ਰਿਟਿਸ਼ ਕੋਲੰਬੀਆ ਦੀ ਲੱਕੜ ਮਿੱਲ ਦੇ ਆਪਣੇ ਅਨਪੜ੍ਹ ਸਾਥੀਆਂ ਲਈ ਕਰਨ ਦਾ ਆਦੀ ਹੀ ਸੀ। ਪਰ ਇਕ ਫਰਕ ਜ਼ਰੂਰ ਸੀ। ਪੰਜਾਬੀ ਮਜ਼ਦੂਰ ਆਪਣੇ ਟੱਬਰਾਂ ਲਈ ਪਿਆਰ ਨਾਲ ਭਰੀਆਂ ਸਾਦ-ਮੁਰਾਦੀਆਂ ਚਿੱਠੀਆਂ ਲਿਖਵਾਉਂਦੇ ਹੁੰਦੇ ਸਨ, ਜਿਨ੍ਹਾਂ ਵਿਚ ਉਨ੍ਹਾਂ ਦੀ ਸੁੱਖ-ਸਾਂਦ ਦੀ ਗਹਿਰੀ ਚਿੰਤਾ, ਵੱਧ ਫੁੱਲ ਰਹੇ ਬੱਚਿਆਂ ਦੀਆਂ ਮਿੱਠੀਆਂ ਯਾਦਾਂ ਤੇ ਉਨ੍ਹਾਂ ਨੂੰ ਮੁੜ ਮਿਲਣ ਦੀ ਸਿੱਕ ਹੁੰਦੀ ਸੀ।

ਹਾਜੀ ਉਸ ਤੋਂ ਬਰਤਾਨਵੀ ਫ਼ੌਜੀ ਸਾਹਿਬਾਂ, ਕਪਤਾਨਾਂ, ਕਰਨਲਾਂ ਤੋਂ ਪੈਸੇ ਕਮਾਉਣ ਲਈ, ਠੇਕੇ ਮੰਗਣ ਲਈ ਲੋਲ੍ਹਕੜੀਆਂ ਲੈਂਦੇ ਖ਼ਤ ਲਿਖਵਾਉਂਦਾ ਹੁੰਦਾ ਸੀ। ਇਹ "ਹਜ਼ੂਰ ਮਾਈ ਬਾਪਾਂ" ਵਾਲੀਆਂ ਚਿੱਠੀਆਂ 'ਚੋਂ ਮਲੂਕੇ ਨੂੰ ਗੁਲਾਮੀ ਦੀ ਕੁਰਹਿਤ ਭਰੀ ਸੜ੍ਹਿਆਂਦ ਆਉਂਦੀ ਹੁੰਦੀ ਸੀ।

"ਹਾਜੀ ਸਾਹਿਬ", ਉਸ ਨੇ ਕਿਹਾ ਸੀ, "ਮੈਂ ਅਜਿਹੇ ਹਾੜ੍ਹਿਆਂ ਵਾਲੇ ਖ਼ਤ ਨਹੀਂ ਲਿਖ ਸਕਦਾ। ਇਕ ਮੋਮਨ, ਜਿਹਨੇ ਮੱਕੇ ਦਾ ਹੱਜ ਕੀਤਾ ਹੋਏ, ਆਪਣੇ ਆਪ ਨੂੰ ਏਨਾ ਕਿਵੇਂ ਗਿਰਾ ਸਕਦਾ ਹੈ?"

"ਮਲੂਕਿਆ, ਲੋੜ ਬੰਦੇ ਤੋਂ ਕੀ ਨਹੀਂ ਕਰਾਉਂਦੀ। ਮੇਰੀਆਂ ਦੋ ਬੀਵੀਆਂ ਤੇ ਸੱਤ ਬੱਚੇ ਨੇ। ਤਿੰਨਾਂ ਵਿਆਹੀਆਂ ਹੋਈਆਂ ਭੈਣਾਂ ਦੇ ਵੱਡੇ-ਵੱਡੇ ਟੱਬਰ ਨੇ। ਸਾਰਿਆਂ ਦਾ ਖ਼ਿਆਲ ਮੈਨੂੰ ਹੀ ਰੱਖਣਾ ਪੈਂਦਾ। ਇਸ ਕੰਮ ਲਈ ਮੈਨੂੰ ਲੋੜ ਪਵੇ ਤਾਂ ਭੀਖ ਵੀ ਮੰਗ ਸਕਦਾਂ। ਸਾਹਿਬ ਮੇਰੀ ਮਦਦ ਕਰਨ ਦੇ ਸਮਰਥ ਹਨ।"

ਮਲੂਕੇ ਨੂੰ ਤਿੰਨ ਮਹੀਨੇ ਬੇਕਾਰ ਰਹਿ ਕੇ ਘਰ ਪਰਤ ਰਹੇ ਨਰੋਏ ਪੰਜਾਬੀਆਂ ਤੇ ਵੱਡੇ ਟੱਬਰ ਦੀਆਂ ਜ਼ਿੰਮੇਵਾਰੀਆਂ ਦੇ ਭਾਰ ਹੇਠ ਦੱਬੇ ਹਾਜੀ ਤੋਂ ਗੁਰਬਤ

ਦੀਆਂ ਮਜਬੂਰੀਆਂ ਦਾ ਦੁੱਖ-ਭਰਿਆ ਗਿਆਨ ਹਾਸਿਲ ਹੋਇਆ ।

"ਮਲੂਕਿਆ, ਇਹ ਚਿੱਠੀਆਂ ਲਿਖਣ ਨਾਲ ਤੇਰੇ ਸਨਮਾਨ ਨੂੰ ਠੇਸ ਨਹੀਂ ਲੱਗਣੀ ਚਾਹੀਦੀ । ਤੂੰ ਤਾਂ ਉਹੋ ਲਿਖਣਾ ਜੋ ਮੈਂ ਕਹਿਣਾ । ਤੂੰ ਤਾਂ ਇਕ ਦਿਆਲੂ ਦੋਸਤ ਦੇ ਤੌਰ ਤੇ, ਇਕ ਲੋੜਵੰਦ ਦੀ ਮਦਦ ਹੀ ਕਰਨੀ ਹੈ।"

ਹਾਜੀ ਦੇ ਕਹਿਣ ਅਨੁਸਾਰ ਮਲੂਕਾ ਖ਼ਤ ਲਿਖਣ ਲਈ ਮੰਨ ਗਿਆ। ਉਹਦੇ ਦੁੱਖਾਂ ਦੇ ਵੇਰਵੇ, ਮਿਹਰਬਾਨੀਆਂ ਲਈ ਸਾਹਿਬ ਲੋਕਾਂ ਦਾ ਧੰਨਵਾਦ ਤੇ ਹੋਣ ਵਾਲੀਆਂ ਮੇਹਰਾਂ ਦਾ ਅਗਾਊਂ ਸ਼ੁਕਰੀਆ। ਇਸ ਕੰਮ ਨੇ ਉਹਨੂੰ ਕਾਫੀ ਉਦਾਸ ਕੀਤਾ ਸੀ ।

... ...

ਹੁਗਲੀ ਦੇ ਦਹਾਨੇ ਤੇ ਬਜਬਜ ਦੇ ਘਾਟ ਤੋਂ ਕੁਝ ਮੀਲ ਦੂਰ ਜਿੱਥੇ ਜਹਾਜ਼ ਨੇ ਲੰਗਰ ਸੁੱਟਣੇ ਸਨ, ਭਾਰਤੀ ਆਵਾਸ ਅਧਿਕਾਰੀ ਤੇ ਚਾਰ ਸਿਪਾਹੀ, ਜਹਾਜ਼ ਉੱਪਰ ਆ ਧਮਕੇ ।

ਮਧਰੇ ਕੱਦ ਤੇ ਸਖ਼ਤ-ਸੁਭਾਉ ਵਾਲੇ ਆਵਾਸ ਅਧਿਕਾਰੀ ਨੇ ਰੇਸ਼ਮੀ ਧਾਗੀਆਂ ਵਾਲੇ ਲਾਲ ਕੁੱਲੇ ਉੱਪਰ ਤਹਿਆਂ ਕਰ ਕੇ ਸੁਆਰ ਕੇ ਬੰਨ੍ਹੀ ਮਾਵੇਦਾਰ ਪਗੜੀ ਸਜਾਈ ਹੋਈ ਸੀ ਜਿਸ ਦਾ ਤੁਰਲਾ ਚਿੱਟੇ ਕਬੂਤਰ ਵਾਂਗ ਮੇਲ੍ਹ ਰਿਹਾ ਸੀ ।

ਉਸ ਨੇ ਆਪਣੇ ਸੱਜੇ ਹੱਥ ਦੀਆਂ ਨਾਖੁਨ ਤਰਾਸ਼ ਉਂਗਲਾਂ ਕਤਰੀਆਂ ਮੁੱਛਾਂ 'ਤੇ ਫੇਰਦਿਆਂ ਆਪਣੀ ਪੁੱਛਗਿੱਛ ਸ਼ੁਰੂ ਕੀਤੀ ।

"ਆਪਣਾ ਪਾਸਪੋਰਟ ਦਿਖਾ ।"

ਉਸ ਨੇ ਆਪਣੀ ਉਂਗਲ 'ਤੇ ਲਬ ਲਾ ਕੇ ਪਾਸਪੋਰਟ ਦੇ ਪੰਨੇ ਪਰਤੇ ।

"ਧਾਮੀ ਸਾਹਿਬ ਓਂ ਤੁਸੀਂ, ਮਲੂਕ ਸਿੰਘ ਧਾਮੀ ।"

"ਜੀ ।"

"ਸ਼ਰਾਰਤੀ ਕੁਨਬਾ, ਸਰਕਾਰ ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਧਾਮੀਆਂ ਨੇ ਕਾਫ਼ੀ ਜ਼ਿੱਚ ਕੀਤਾ ਹੋਇਆ। ਉਹ ਹਰ ਸਰਕਾਰ-ਵਿਰੋਧੀ ਮੁਹਿੰਮ ਦੇ ਮੋਹਰੀ ਹੁੰਦੇ ਨੇ ।"

"ਤੁਸੀਂ ਲੋਕ ਬੜੇ ਦੂਰ ਦੂਰ ਤੱਕ ਫੈਲੇ ਹੋਏ ਹੋ । ਕਾਫੀ ਸਾਰੇ ਧਾਮੀ, ਕੈਨੇਡਾ, ਅਮਰੀਕਾ, ਆਸਟਰੇਲੀਆ ਤੇ ਹਿੰਦੁਸਤਾਨ ਦੇ ਕਈ ਭਾਗਾਂ ਤੋਂ ਬਿਨਾਂ ਹੋਰ ਦੇਸ਼ਾਂ ਵਿਚ ਵੀ ਪਹੁੰਚੇ ਹੋਏ ਨੇ। ਖੇਤੀ ਤੋਂ ਬਿਨਾਂ ਕਈ ਹੋਰ ਧੰਦੇ ਕਰਦੇ

ਨੇ। ਇਹ ਭਾਰਤੀ ਫ਼ੌਜ—ਤੋਪਖ਼ਾਨੇ ਤੇ ਘੋੜ ਸਵਾਰੀ ਰਜਮੈਂਟਾਂ ਵਿਚ ਅਫ਼ਸਰ ਨੇ। ਇਹਨਾਂ ਵਿਚ ਕਈ ਲੇਖਕ, ਵਪਾਰੀ ਤੇ ਹੋਰ ਤਰ੍ਹਾਂ ਤਰ੍ਹਾਂ ਦੇ ਧੰਦਿਆਂ ਵਿਚ ਨੇ। ਸ਼ਿਮਲੇ ਨੇੜੇ ਦੀ ਛੋਟੀ ਜਿਹੀ ਇਕ ਰਿਆਸਤ ਧਾਮੀਆਂ ਦਾ ਹੁਕਮਰਾਨ ਰਾਜਕੁਮਾਰ ਵੀ ਧਾਮੀ ਵੇ।"

"ਤੂੰ ਕੈਨੇਡਾ ਵਿਚ ਕੀ ਕਰਦਾਂ?"

"ਪੜ੍ਹਦਾ ਹੁੰਦਾ ਸੀ।"

"ਗ਼ਦਰ ਲਹਿਰ ਬਾਰੇ ਕੁਝ ਜਾਣਦਾਂ?"

"ਹਾਂ ਓਹੀ, ਜੋ ਅਖ਼ਬਾਰਾਂ ਵਿਚ ਛਪਦਾ ਰਿਹਾ।"

"ਹਿੰਦੁਸਤਾਨ ਵਿਚ ਕੀ ਕਰਨ ਦੀ ਸਲਾਹ ਹੈ?"

"ਪੜ੍ਹਨ ਦਾ ਹੀ ਖ਼ਿਆਲ ਹੈ।"

ਹਾਜੀ ਖ਼ੁਦਾ ਬਖ਼ਸ਼ ਨੇ ਅਫ਼ਸਰ ਨੂੰ ਇਕ ਬੰਦ ਲਿਫ਼ਾਫ਼ਾ ਦਿੱਤਾ, "ਤੁਹਾਡਾ ਨਜ਼ਰਾਨਾ, ਖਾਨ ਸਾਹਿਬ", ਉਸ ਨੇ ਹਲੀਮੀ ਨਾਲ ਆਖਿਆ।

"ਜਨਾਬ, ਮਲੂਕਾ ਬੜਾ ਚੰਗਾ ਮੁੰਡਾ, ਆਹਲਾ ਤਾਲੀਮ ਯਾਫ਼ਤਾ।" ਉਸ ਨੇ ਤਰਲੇ ਭਰੀ ਪਰ ਮਜ਼ਬੂਤ ਸੁਰ ਵਿਚ ਕਿਹਾ।

"ਮਲੂਕਿਆ, ਆਪਣੇ ਪਿੰਡ ਪਹੁੰਚ ਕੇ ਹੁਸ਼ਿਆਰਪੁਰ ਦੇ ਥਾਣੇ ਜ਼ਰੂਰ ਹਾਜ਼ਰੀ ਲੁਆਈਂ।" ਆਵਾਸ ਅਫ਼ਸਰ ਨੇ ਤਾਕੀਦ ਕੀਤੀ।

ਆਵਾਸੀ ਪੁੱਛਗਿੱਛ ਮੁੱਕ ਗਈ ਸੀ।

ਹੁਣ ਅੱਧੀਆਂ ਬਾਹਾਂ ਵਾਲੀ ਕਮੀਜ਼ ਤੇ ਖ਼ਾਕੀ ਪੈਂਟ ਵਾਲੇ ਲੰਮੇ ਗੁੱਸੇ ਖੋਰ ਜਿਹੇ ਚਿੱਸਦੇ ਕਰ ਅਧਿਕਾਰੀ ਦੀ ਮਲੂਕੇ ਨੂੰ ਸੁਆਲ ਪੁੱਛਣ ਦੀ ਵਾਰੀ ਸੀ। ਉਹ ਆਪਣੇ ਖਹੁਰੇ ਨਕਸ਼ਾਂ, ਘਰੋੜ ਕੇ ਮੁੰਨੇ ਵਾਲਾਂ ਤੇ ਪੱਠੇਦਾਰ ਬਾਜ਼ੂਆਂ ਨਾਲ ਸਰਕਾਰੀ ਕਰਮਚਾਰੀ ਤੋਂ ਵੱਧ ਕਿਸੇ ਝਟਕਈ ਦਾ ਸਹਾਇਕ ਦਿਸਦਾ ਸੀ।

"ਕੋਈ ਕਰ ਲੱਗਣ ਵਾਲੀ ਚੀਜ਼।"

"ਕੋਈ ਨਹੀਂ।"

"ਸੂਟਕੇਸ ਖੋਲ੍ਹ।"

ਉਸ ਨੇ ਸੂਟਕੇਸ ਨੂੰ ਤਹਿ ਤੱਕ ਜਾਚਣ ਲਈ ਮਲੂਕੇ ਦੇ ਸਾਰੇ ਕੱਪੜੇ ਬੜੀ ਲਾ-ਪ੍ਰਵਾਹੀ ਨਾਲ ਉਲਟ ਪਲਟ ਕੇ ਦੇਖੇ।

"ਲੋਹੇ ਦੇ ਟਰੰਕ 'ਚ ਕੀ ਹੈ।"

"ਸਿਰਫ਼ ਕਿਤਾਬਾਂ।"

"ਦਿਖਾ ਤਾਂ ਤੂੰ ਕਿਹੋ ਜਿਹੀਆਂ ਕਿਤਾਬਾਂ ਪੜ੍ਹਦਾ ਰਿਹਾਂ।"

ਉਸ ਨੇ ਕਿਤਾਬਾਂ ਇਵੇਂ ਜਾਚੀਆਂ ਜਿਵੇਂ ਰਾਜ-ਮਿਸਤਰੀ ਇੱਟਾਂ ਨੂੰ ਪਲਟ ਕੇ ਜਾਚੇ। ਐਮਰਸਨ ਤੇ ਰੂਸੋ ਉਹਨੇ ਫੱਫਿਆਂ 'ਤੇ ਖਿਲਾਰ ਚਿੱਤੇ। ਅਫਲਾਤੂਨ ਤੇ ਟੌਮ ਪੇਨ ਦੀ ਵੀ ਇਹ ਦੁਰਦਸ਼ਾ ਹੋਈ। ਪਰ ਵੀ. ਡੀ. ਸਵਰਕਰ ਦੀ "ਭਾਰਤ ਦੀ ਜੰਗਿ ਆਜ਼ਾਦੀ" ਦੀ ਲਾਲ ਜਿਲਦ ਦੇਖ ਕੇ ਉਹਦੀਆਂ ਬੁਝੀਆਂ ਹੋਈਆਂ ਅੱਖਾਂ ਵਿਚ ਚਮਕ ਆ ਗਈ।

"ਤੈਨੂੰ ਪਤਾ ਨਹੀਂ, ਇਹ ਇਨਕਲਾਬੀ ਕਿਤਾਬ ਹਿੰਦੁਸਤਾਨ ਵਿਚ ਜ਼ਬਤ ਹੋਈ ਹੋਈ ਏ।"

"ਨਹੀਂ।"

ਉਸ ਨੇ ਸਿਪਾਹੀਆਂ ਨੂੰ ਇਹ ਕਿਤਾਬ ਜ਼ਬਤ ਕਰ ਲੈਣ ਦਾ ਹੁਕਮ ਦਿੱਤਾ।

ਇਸ ਤੋਂ ਮਗਰੋਂ ਲਾਲ ਜਿਲਦ ਵਾਲੀ ਹਰ ਕਿਤਾਬ ਉਹਨੂੰ ਭਾਰਤ ਸਰਕਾਰ ਵਿਰੁੱਧ ਬਗ਼ਾਵਤੀ ਦਸਤਾਵੇਜ਼ ਨਜ਼ਰ ਆ ਰਹੀ ਸੀ। ਜਰਮਨ ਤੇ ਫ਼ਰਾਂਸੀਸੀ ਬੋਲੀ ਦੀਆਂ ਕੁਝ ਮੁੱਢਲੀਆਂ ਕਿਤਾਬਾਂ ਦੇ ਅੱਖਰ ਉਹ ਉਠਾਲ ਤੱਕ ਨਹੀਂ ਸੀ ਸਕਦਾ। ਉਹਨੇ ਉਹ ਵੀ ਜ਼ਬਤ ਕਰ ਲਈਆਂ। ਕੌਣ ਜਾਣੇ ਇਹਨਾਂ ਵਿਚ ਵੀ ਇਨਕਲਾਬੀ ਵਿਚਾਰ ਹੀ ਸੁਲਗ ਰਹੇ ਹੋਣ।

ਮਲੂਕੇ ਨੇ ਬੁਰੀ ਤਰ੍ਹਾਂ ਮਧੋਲੇ ਕੱਪੜੇ ਮੁੜ ਸੂਟਕੇਸ ਵਿਚ ਸੰਭਾਲੇ। ਬਹੁਤ ਸਾਰੀਆਂ ਕਿਤਾਬਾਂ ਦੀ ਜ਼ਬਤਸ਼ੁਦਗੀ ਤੋਂ ਬਾਅਦ, ਟਰੰਕ ਪਹਿਲਾਂ ਨਾਲੋਂ ਕਾਫ਼ੀ ਹੌਲਾ ਹੋ ਗਿਆ ਸੀ।

49

ਜਲੰਧਰ ਤੋਂ ਨਿੱਕੀ ਬਰਾਂਚ-ਲਾਈਨ ਤੇ ਭੱਜਦੀ ਗੱਡੀ ਹੁਸ਼ਿਆਰਪੁਰ ਜਾ ਕੇ ਆਪਣੇ ਅਖ਼ੀਰੀ ਸਟੇਸ਼ਨ 'ਤੇ ਰੁਕ ਗਈ। ਪੱਤਝੜ ਰੁੱਤ ਦੀ ਧੁਪੀਲੀ ਸਵੇਰ ਵਿਚ ਨ੍ਹਾਤਾ ਧੋਤਾ ਪੱਕੀਆਂ ਲਾਲ ਇੱਟਾਂ ਨਾਲ ਬਣਿਆ ਇਹ ਸਟੇਸ਼ਨ, ਜਿਸ ਦੀਆਂ ਕੰਧਾਂ ਹਲਕੇ ਅਸਮਾਨੀ ਰੰਗ ਦੇ ਫੁੱਲਾਂ ਵਾਲੀ ਹਰੀ ਵੇਲ ਨਾਲ ਢੱਕੀਆਂ ਹੋਈਆਂ ਸਨ, ਬੜਾ ਲੁਭਾਉਣਾ ਲੱਗ ਰਿਹਾ ਸੀ।

ਮੁਸਾਫ਼ਿਰਾਂ ਦੇ ਬਜ਼ਰੀਦਾਰ ਪਲੇਟਫ਼ਾਰਮ 'ਤੇ ਉੱਤਰਨ ਸਾਰ ਹੀ ਕਈ ਟਾਂਗਿਆਂ ਵਾਲੇ ਸਵਾਰੀਆਂ ਦੀ ਭਾਲ ਵਿਚ ਉਹਨਾਂ ਦੇ ਦੁਆਲੇ ਜੁੜ ਗਏ। ਮੁਸ਼ਕੀ-ਰੰਗ ਦੀ ਕਮੀਜ਼ ਤੇ ਗੂੜ੍ਹੀ ਹਰੀ ਪੱਗ ਵਾਲੇ ਇਕ ਮੁਸਲਮਾਨ ਕੋਚਵਾਨ ਦੀਆਂ ਅੱਖਾਂ, ਪਰਦੇਸੀ ਸਵਾਰੀ 'ਤੇ ਜੰਮ ਗਈਆਂ। ਉਹ ਧਾ ਕੇ ਮਲੂਕੇ ਕੋਲ ਆਇਆ।

"ਕਿੱਥੇ ਜਾਓਗੇ, ਜਨਾਬ ?"

"ਪਿੱਪਲਾਂ ਵਾਲਾ ?"

"ਨੇੜੇ ਹੀ ਏ, ਜਨਾਬ। ਮੇਰਾ ਲਾਖਾ ਕੋਤਲ ਵਰਗਾ ਘੋੜਾ, ਪਾਣੀ ਵਾਂਗ ਲਹਿਰਦਾ ਜਾਊ, ਜਨਾਬ।"

"ਭਾੜਾ ਕਿੰਨਾ ?"

"ਤੁਹਾਨੂੰ ਨਾਲ ਬਹਾਉਣਾ ਹੀ, ਸਾਡੇ ਲਈ ਫ਼ਖ਼ਰ ਵਾਲੀ ਗੱਲ ਹੈ। ਤੁਹਾਡੇ ਵਰਗੀ ਸਵਾਰੀ ਰੋਜ਼ ਨਹੀਂ ਥਿਆਉਂਦੀ।"

ਕੋਚਵਾਨ ਨੇ ਮਲੂਕੇ ਦਾ ਸਮਾਨ ਅਗਲੇ ਪਾਸੇ ਲੱਦ ਲਿਆ ਤੇ ਬੜੇ ਉਦਾਰ-ਭਾਵ ਨਾਲ ਇਸ਼ਾਰਾ ਕਰਦਾ ਬੋਲਿਆ, "ਤੁਸੀਂ ਪਿੱਛੇ ਸੌਖੇ ਰਹੋਗੇ, ਜਨਾਬ।"

"ਉਸ ਨੇ ਪੋਲੇ ਜਿਹੇ ਲਗਾਮ ਖਿੱਚੀ ਤੇ ਆਪਣੇ ਚੁਸਤ ਜਾਨਵਰ ਨੂੰ ਬੜੇ ਲਾਡ ਨਾਲ ਬੋਲਿਆ, "ਚੱਲ ਬੇਟਾ, ਚੱਲ।"

ਝੱਟ ਮਗਰੋਂ ਟਾਂਗੇ ਨੇ ਸੱਜੇ ਪਾਸੇ ਮੋੜਾ ਕੱਟਿਆ ਤੇ ਘੋੜਾ ਦੁੜਕੀ ਚਾਲੇ ਪੈ ਗਿਆ।

"ਸਰਕਾਰੀ ਹਾਈ ਸਕੂਲ ਦੇ ਵਾਗਲੇ ਕੋਲ ਜਾ ਕੇ ਘੋੜਾ ਜ਼ਰਾ ਹੌਲੀ ਕਰ ਲਈਂ।" ਮਲੂਕੇ ਨੇ ਇਲਤਜਾ ਕੀਤੀ।

ਸੱਤ ਸਾਲ ਪਹਿਲਾਂ ਮਹਾਤਮਾ ਗਾਂਧੀ ਜਦੋਂ ਹੁਸ਼ਿਆਰਪੁਰ ਆਇਆ ਸੀ ਤਾਂ ਉਹਨੇ ਬਰਤਾਨਵੀ ਰਾਜ ਵਿਰੁੱਧ ਆਪਣੀ ਨਾ-ਮਿਲਵਰਤੋਂ ਦੀ ਲਹਿਰ ਤਿੱਖੀ ਕਰਨ ਲਈ, ਵਿਦਿਆਰਥੀਆਂ ਤੋਂ ਆਪਣੀ ਹਮਾਇਤ ਦੀ ਮੰਗ ਕੀਤੀ ਸੀ। ਮਲੂਕਾ ਉਸ ਹੜਤਾਲ ਦਾ ਮੋਹਰੀ ਸੀ। ਨਾਬਰੀ ਦੇ ਉਹ ਦਿਨ ਬੀਤ ਗਏ ਲਗਦੇ ਸਨ। ਉਸ ਸੋਹਣੀ ਸਵੇਰੇ ਸਾਫ਼ ਕੱਪੜੇ ਤੇ, ਗੁੜ੍ਹੀਆਂ ਅਸਮਾਨੀ, ਲਾਲ ਸੂਹੀਆਂ-ਪੀਲੀਆਂ, ਗੁਲਾਬੀ, ਲਾਜਵਰੀ ਤੇ ਬਦਾਮੀ ਰੰਗ ਦੀਆਂ ਭਾਂਤ ਸੁਭਾਂਤੀਆਂ ਪੱਗਾਂ ਬੰਨ੍ਹੀ ਸਕੂਲ ਵਿਚ ਹੱਸਦੇ ਮੇਲ੍ਹਦੇ, ਠੱਠਾ ਮਸ਼ਕਰੀ ਤੇ ਖਰਮਸਤੀਆਂ ਕਰਦੇ ਮੁੰਡੇ ਸਕੂਲ ਵਿਚ ਦਾਖ਼ਲ ਹੋ ਰਹੇ ਸਨ। ਕੱਚੇ ਰਾਹ 'ਤੇ ਧੁਰਾਂ ਦੁਆਲੇ ਭਾਰੇ ਪਹੀਆਂ ਵਾਲੇ ਬਿਨ-ਬਾਂਗੇ ਚੀਕਦੇ ਗੱਡੇ, ਮੱਝਾਂ ਗਾਵਾਂ, ਖੋਤੇ ਖੱਚਰਾਂ, ਨਕੇਲ-ਬੱਧੇ ਝੂਲ ਝੂਲ ਕੇ ਤੁਰਦੇ ਊਠਾਂ ਦੀਆਂ ਡਾਰਾਂ ਸਨ। ਘੋੜਾ ਬੜੀ ਮੁਸਤੈਦੀ ਨਾਲ ਟਾਂਗੇ ਨੂੰ ਇਨ੍ਹਾਂ ਸਭਨਾਂ ਨਾਲ ਖਹਿਣ ਤੋਂ ਬਚਾ ਕੇ, ਏਬੀਏ ਪਿਆ ਹੋਇਆ ਸੀ। ਰੰਗ ਬਰੰਗੇ ਦੁਪੱਟੇ ਲਈ, ਨਿਆਣਿਆਂ ਨੂੰ ਉਂਗਲੀ ਲਾ ਕੇ ਸ਼ਹਿਰ ਸੌਦਾ-ਸੂਤ ਲੈਣ ਜਾ ਰਹੀਆਂ ਤੀਵੀਆਂ ਦੇ ਟੋਲੇ ਕੋਲ ਦੀ ਲੰਘਦਾ, ਉਹ ਆਪੇ ਹੌਲੀ ਚਾਲੇ ਹੋ ਗਿਆ ਸੀ।

ਟਾਂਗਾ ਰਾਹ ਵਿਚ ਇਕ ਵੱਡੇ ਸਾਰੇ ਪਿੱਪਲ ਦੇ ਦਰਖ਼ਤ ਹੇਠ ਜਾ ਕੇ ਰੁਕ ਗਿਆ ਸੀ। ਪਿੱਪਲ ਦੇ ਚੌੜੇ ਲੰਮੀਆਂ ਡੰਡੀਆਂ ਵਾਲੇ ਪੀਲੇ ਪੱਤੇ ਹਵਾ ਦੀ ਛੂਹ ਨਾਲ ਫੜਕ ਰਹੇ ਸਨ। ਕੁਝ ਪੱਤੇ ਜਾਟਾਂ ਵਾਲੇ ਚਿੱਟ-ਦਾੜ੍ਹੀਏ, ਹਿਰਨ ਦੀ ਖੱਲ 'ਤੇ ਚੌਂਕੜੀ ਜਮਾਈ ਬੈਠੇ ਸਾਧ ਦੇ ਦੁਆਲੇ ਖਿੰਡੇ ਹੋਏ ਸਨ। ਉਹ ਆਪਣੀ ਆਤਮਾ ਦੇ ਰਹੱਸ ਦੀ ਤਲਾਸ਼ ਵਿਚ ਧਿਆਨ ਲਾਈ ਬੈਠਾ ਸੀ। ਉਹ ਐਨ ਉਸੇ ਥਾਂ 'ਤੇ ਬੈਠਾ ਹੋਇਆ ਸੀ ਜਿਥੋਂ ਸੱਤ ਸਾਲ ਪਹਿਲਾਂ ਮਸਤਾਨੀਆਂ ਅੱਖਾਂ, ਮੋਢੇ 'ਤੇ ਪਲਮਦੇ ਲੰਮੇ ਕਾਲੇ ਸ਼ਾਹ ਘੁੰਗਰਾਲੇ ਵਾਲਾਂ ਵਾਲਾ ਜੁਆਨ ਸਾਧ ਸਮਾਧੀ ਲਾ ਕੇ ਬੈਠਾ ਹੁੰਦਾ ਸੀ ਤੇ ਅਖ਼ੀਰ ਇਕ ਦਿਨ ਉਹ ਹਾਥੀ-ਦੰਦ ਦੇ ਜੜਾਊ ਕਾਰੀਗਰ ਦੀ ਖ਼ੂਬਸੂਰਤ ਵਹੁਟੀ ਨੂੰ ਖਿਸਕਾ ਕੇ, ਕਿੱਧਰੇ ਪੱਤਰਾ ਵਾਚ ਗਿਆ ਸੀ।

ਨਾਲ ਦੇ ਖੂਹ 'ਤੇ ਪਾਣੀ ਭਰਦੀਆਂ ਮੁਟਿਆਰਾਂ ਧੌਣਾਂ ਸਿੱਧੀਆਂ ਕਰ ਕੇ ਟਾਂਗੇ ਦੀ ਸਵਾਰੀ ਨੂੰ ਬੜੇ ਗਹੁ ਨਾਲ ਵੇਖਣ ਲੱਗ ਪਈਆਂ ਸਨ। ਮਲੂਕਾ ਨਾ

ਉਹਨਾਂ ਤੇ ਨਾ ਹੀ ਨਾਲ ਦੇ ਮੈਦਾਨ ਵਿਚ ਵਾਲੀਵਾਲ ਖੇਡਦੇ ਮੁੰਡਿਆਂ ਵਿਚੋਂ ਹੀ ਕਿਸੇ ਦੀ ਪਛਾਣ ਵਿਚ ਆਇਆ ਸੀ। ਪਰ ਉਹਦੇ ਪੁਰਾਣੇ ਜਮਾਤੀ ਬੀਰੂ ਰਾਮ ਤੇ ਦੇਵ ਰਾਜ, ਜੋ ਆਪਣੇ ਪਿਉਆਂ ਨਾਲ ਹੱਟੀਆਂ 'ਤੇ ਹੱਥ ਵਟਾਉਣ ਲੱਗ ਪਏ ਸਨ, ਉਹਨੂੰ ਧਾ ਗਲਵੱਕੜੀ ਪਾ ਕੇ ਮਿਲੇ ਸਨ।

"ਮਲੂਕਿਆ, ਤੇਰਾ ਸਫਾ-ਚੱਟ ਮੂੰਹ ਦੇਖ ਕੇ ਪਿੰਡ ਦੇ ਬੁੜੇ ਕਹਿਣਗੇ ਕਿ ਤੂੰ ਤਾਂ ਤੀਵੀਂ ਲਗਦੈਂ।" ਬੀਰੂ ਰਾਮ ਨੇ ਕਿਹਾ ਸੀ।

"ਤੇ ਜਦੋਂ ਤੂੰ ਉਨ੍ਹਾਂ 'ਚ ਰਿਹਾ ਤਾਂ ਤੈਨੂੰ ਆਪਣੇ ਆਪ ਨੂੰ ਵੀ ਇਵੇਂ ਹੀ ਲੱਗਣ ਲੱਗ ਪੈਣਾਂ।"

ਮਲੂਕੇ ਦੀ ਮਾਂ, ਸਾਹੋ ਸਾਹ ਹੋਈ ਉੱਥੇ ਅੱਪੜੀ ਸੀ। ਉਹਨੇ ਮਾਤਰੀ ਮੋਹ ਨਾਲ ਮੂੰਹੋਂ ਮੂੰਹ ਭਰ ਕੇ ਉਹਨੂੰ ਆਪਣੀ ਨਿੱਘੀ ਗਲਵੱਕੜੀ ਵਿਚ ਘੁੱਟ ਲਿਆ ਸੀ। ਉਹ ਕੈਨੇਡਾ ਵਿਚ ਆਪਣੀ ਮਾਂ ਦੇ ਪਿਆਰ ਨੂੰ ਤਰਸ ਹੀ ਤਾਂ ਗਿਆ ਸੀ। ਪਰ ਉਹਦੀ ਆਤਮਾ ਸਦਾ ਉਹਦੇ ਅੰਗ-ਸੰਗ ਰਹੀ ਸੀ। ਕੱਲੇ ਕਾਰੇ ਨੂੰ, ਉੱਥੇ ਉਹਦੀ ਯਾਦ ਦੀ ਸੰਗਤ ਦਾ ਵੀ ਅਜੀਬ ਜਿਹਾ ਆਸਰਾ ਸੀ। ਭੀੜ ਵਿਚ ਉਹਦੀ ਯਾਦ ਉਹਦੇ ਲਈ ਸੁਰੱਖਿਆਕਾਰੀ ਕਵਚ ਦਾ ਕੰਮ ਦੇਂਦੀ ਸੀ। ਪਰ ਏਨੇ ਲੰਮੇ ਵਿਛੋੜੇ ਤੋਂ ਮਗਰੋਂ ਉਹਦੇ ਕੋਸੇ ਸਾਹਾਂ ਤੇ ਕੰਬਦੀ ਦੇਹ ਦੇ ਨਿੱਘ ਦਾ ਆਨੰਦ ਤਾਂ ਬਿਆਨ ਤੋਂ ਹੀ ਬਾਹਿਰਾ ਸੀ।

"ਤੈਨੂੰ ਜੱਫੀ 'ਚ ਲੈ ਕੇ ਤਾਂ ਮੈਨੂੰ ਸਾਰਾ ਜਹਾਨ ਮਿਲ ਗਿਆ ਲਗਦੈ ਡੱਡਿਆ", ਇਹ ਕਹਿੰਦਿਆਂ ਉਹਦੇ ਕੂਲੇ ਬੋਲ ਲਰਜ਼ ਗਏ ਸਨ।

ਇਕੱਠੇ, ਭੀੜੀ ਵਲ ਖਾਂਦੀ ਗਲੀ 'ਚੀਂ ਤੁਰ ਕੇ, ਉਹ ਆਪਣੇ ਘਰ ਗਏ ਸਨ। ਰਾਹ ਵਿਚ ਖੁੱਲ੍ਹੇ ਬੂਹਿਆਂ ਵਿਚ ਖੜੀਆਂ ਤਰੀਮਤਾਂ ਲਾਇਕ ਪੁੱਤ ਨੂੰ ਜੀ ਭਰ ਕੇ ਦੇਖਦੀਆਂ ਫੁਸਫੁਸਾ ਰਹੀਆਂ ਸਨ, "ਮਾਂ ਦੀਆਂ ਅਰਜ਼ੋਈਆਂ ਵਰ ਲੈ ਆਈਆਂ ਨੇ, ਅੱਜ ਸ਼ੁਕਰ ਹੈ, ਮਹਾਰਾਜ ਦਾ।"

ਮਲੂਕਾ ਮੁੱਢ-ਕਦੀਮੀਂ ਰਸਮ ਅਨੁਸਾਰ ਆਪਣੇ ਜੱਦੀ-ਪੁਸ਼ਤੀ ਘਰ ਵਿਚ ਦਾਖ਼ਲ ਹੋਇਆ ਸੀ। ਪਿੰਡ ਦੇ ਤੇਲੀ ਨੇ ਬੂਹੇ ਦੀਆਂ ਚੌਹਾਂ ਮੁੱਖਾਂ 'ਤੇ ਤੇਲ ਚੋਇਆ ਸੀ। ਝੀਰ ਕੁੰਭ ਕਰਨ ਲਈ ਪਾਣੀ ਦੇ ਘੜੇ ਸਮੇਤ ਦਰਾਂ ਵਿਚ ਖੜਾ ਹੋਇਆ ਸੀ ਤੇ ਮੁੱਲਾਂ-ਮਿਰਾਸੀ ਦੀ ਸੋਹਣੀ ਤੀਵੀਂ ਢੋਲਕੀ ਲੈ ਕੇ ਖ਼ੁਸ਼ੀ-ਭਿੱਜੇ

ਪ੍ਰਸ਼ੰਸਾ ਦੇ ਗੀਤ ਗਾਉਣ ਆ ਹਾਜ਼ਿਰ ਹੋਈ ਸੀ।

ਘਰ ਅੱਖ ਦੇ ਫੋਰ ਵਿਚ ਮਲੂਕੇ ਨੂੰ ਮਿਲਣ ਆਏ ਗੁਆਂਢੀਆਂ, ਮਿੱਤਰਾਂ ਤੇ ਸੰਬੰਧੀਆਂ ਦੀ ਭੀੜ ਜਮ੍ਹਾਂ ਹੋ ਗਈ ਸੀ। ਉਹਦੀ ਮਾਂ ਨੇ ਇਸ ਸ਼ਗਨਾਂ ਭਰੇ ਮੌਕੇ ਦਾ ਜਸ਼ਨ ਮਨਾਉਣ ਲਈ ਹੁਸ਼ਿਆਰਪੁਰੋਂ ਮਠਿਆਈਆਂ ਲਿਆਉਣ ਲਈ ਬਾਈਸਾਈਕਲਾਂ 'ਤੇ ਮੁੰਡੇ ਭੇਜ ਦਿੱਤੇ।

... ...

ਮਲੂਕਾ ਪਿੰਡ ਦੇ ਗਿਆਨੀ, ਧਿਆਨੀ, ਚਾਚੇ ਬਿਲਾਸੇ ਨੂੰ ਮਿਲਣ ਗਿਆ। ਉਹਦੇ ਮਨ ਵਿੱਚ ਚਾਚੇ ਦੀ ਤੀਖਣ ਬੁੱਧ, ਵਿਅੰਗ, ਸਿਆਣਪ ਤੇ ਗ਼ੈਰ-ਦਕਿਆਨੂਸੀ ਖ਼ਿਆਲਾਂ ਦੀ ਬੜੀ ਕਦਰ ਸੀ, ਜਿਨ੍ਹਾਂ ਨੂੰ ਉਹ ਬਿਨਾਂ ਕਿਸੇ ਰੱਖ-ਰਖਾਅ ਦੇ ਨਿਡਰ ਹੋ ਕੇ ਪ੍ਰਗਟ ਕਰਨ ਦਾ ਆਦੀ ਸੀ। ਉਸ ਦਾ ਦਿਲ ਉਦਾਰ ਸੀ ਤੇ ਵੱਡੀਆਂ ਵੱਡੀਆਂ ਲਿਸ਼ਕਦਾਰ ਅੱਖਾਂ। ਉਹਦੇ ਬੁੱਲ੍ਹਾਂ 'ਤੇ ਖੇਡ ਰਹੀ ਦਇਆਵਾਨ ਮੁਸਕਰਾਹਟ ਵੱਡੇ ਵੱਡੇ ਨਾਢੂ ਖ਼ਾਨਾਂ ਦੇ ਢੰਗ ਤੇ ਦੰਭ ਵਿਰੁੱਧ ਵੱਢੀਆਂ ਚੂੰਢੀਆਂ ਨੂੰ ਰਤਾ ਕੁ ਲਿਆਂ ਕਰ ਦਿੰਦੀ ਸੀ। ਉਹ ਆਪਣੀ ਘੁਮੱਕੜ ਜੁਆਨੀ ਬਾਰੇ ਮੌਨ ਧਾਰੀ ਰੱਖਦਾ ਸੀ ਪਰੰਤੂ ਉਸ ਬਾਰੇ ਇਹ ਖ਼ਿਆਲ ਕੀਤਾ ਜਾਂਦਾ ਸੀ ਕਿ ਉਹ ਸੰਦੇਹਵਾਦੀਆਂ ਦੀ ਇਕ ਟੋਲੀ ਨਾਲ ਘੁੰਮਦਾ ਰਿਹਾ ਸੀ, ਜੋ ਗਿਆਨ ਰਾਹੀਂ ਹੀ ਮੁਕਤੀ ਪ੍ਰਾਪਤ ਕਰਨ ਦੇ ਵਿਸ਼ਵਾਸੀ ਸਨ।

"ਚਾਚਾ ਬਿਲਾਸਿਆ, ਮੈਂ ਤੁਹਾਡੀ ਆਸ਼ੀਰਵਾਦ ਲੈਣ ਆਇਆਂ।" ਬੁੱਢੇ ਚਾਚੇ ਨੇ ਆਪਣੇ ਰਤਾ ਕੁ ਝੁਰੜਾ ਗਏ ਹੱਥ ਨਾਲ ਮਲੂਕੇ ਦਾ ਸਿਰ ਬੜੇ ਪਿਆਰ ਨਾਲ ਪਲੋਸ ਦਿੱਤਾ ਸੀ।

"ਬਹਿ ਜਾ ਪੁੱਤ। ਤੂੰ ਬੜੀ ਦੇਰ ਬਾਹਿਰ ਰਿਹੈਂ। ਲੋਕ ਕਹਿੰਦੇ ਹੁੰਦੇ ਸਨ ਕਿ ਤੂੰ ਹੁਣ ਕਦੇ ਨਹੀਂ ਮੁੜਦਾ ਕਿਉਂਕਿ ਤੂੰ ਆਪਣਾ ਧਰਮ ਤਿਆਗ ਕੇ ਸਾਨੂੰ ਪੂਰੀ ਤਰ੍ਹਾਂ ਭੁੱਲ ਵਿੱਸਰ ਗਿਆ ਹੋਣਾਂ।"

"ਚਾਚਾ ਬਿਲਾਸਿਆ ਮੈਂ ਤੁਹਾਨੂੰ ਕਿਵੇਂ ਭੁੱਲ ਸਕਦਾਂ, ਜਿਨ੍ਹਾਂ ਨੇ ਮੈਨੂੰ ਨਿੱਕੇ ਹੁੰਦੇ ਨੂੰ ਏਨੇ ਪਿਆਰ ਨਾਲ ਪਾਲਿਆ।"

"ਤੂੰ ਸੱਚੀਂ ਬਦਲ ਬੜਾ ਗਿਆਂ। ਸਰੀਰੋਂ ਤਕੜਾ ਹੋ ਗਿਆਂ, ਮੈਨੂੰ ਵਿਸ਼ਵਾਸ ਹੈ ਕਿ ਮਨੋਂ ਵੀ ਜ਼ਰੂਰ ਮਜ਼ਬੂਤ ਹੋਇਆ ਹੋਵੇਂਗਾ।"

"ਚਾਚਾ ਪਿੰਡ 'ਚ ਤਾਂ ਹੁਣ ਪੱਕੀਆਂ ਇੱਟਾਂ ਵਾਲਾ ਪ੍ਰਾਇਮਰੀ ਸਕੂਲ ਬਣ ਗਿਆ ।"

"ਹਾਂ, ਢੱਠੀ ਸਰਾਂ ਵਿਚ ਤੁਹਾਡੇ ਪਹਿਲਾਂ ਵਾਲੇ ਇਕ-ਕਮਰੇ ਵਾਲੇ ਸਕੂਲ ਨਾਲੋਂ ਤਾਂ ਸੋਹਣਾ ਹੋ ਗਿਆ, ਉਹਦੀਆਂ ਢੱਠੀਆਂ ਤਾਕੀਆਂ ਵਿਚੀਂ ਤਾਂ ਤੁਹਾਡੀਆਂ ਮੁਹਾਰਨੀਆਂ ਦਾ ਭੇਦ ਪਾਉਣ ਲਈ ਖੋਤੇ ਖੱਚਰਾਂ ਹੀ ਆਪਣੀਆਂ ਬੂਥੀਆਂ ਤੁੰਨੀ ਰੱਖਦੇ ਹੁੰਦੇ ਸਨ ।"

"ਚਾਚਾ, ਕੁਝ ਹੋਰ ਬਦਲਿਆ ਹੋਵੇ ?"

"ਨਹੀਂ ਪੁੱਤ ! ਪਿੰਡ ਦੇ ਲੋਕ ਜਦੋਂ ਔਖੇ ਕੰਮ ਤੋਂ ਵਿਹਲੇ ਹੁੰਦੇ ਹਨ ਤਾਂ ਨਿੱਕੀਆਂ ਨਿੱਕੀਆਂ ਗੱਲਾਂ ਤੋਂ ਲੜਾਈਆਂ ਝਗੜਿਆਂ ਵਿਚ ਉਲਝੇ ਰਹਿੰਦੇ ਹਨ । ਮੈਨੂੰ ਲਗਦੈ ਉਹ ਸਦੀਆਂ ਤੋਂ ਇਹੀ ਕੁਝ ਕਰਦੇ ਆ ਰਹੇ ਹਨ । ਇਸ ਦਾ ਇੱਕੋ ਇਕ ਚੰਗਾ ਸਿੱਟਾ ਇਹੀ ਨਿਕਲਿਆ ਜਾਪਿਆ ਕਿ ਜਦੋਂ ਮਹਾਨ ਸਿਕੰਦਰ ਨੇ ਆਪਣੀ ਲਾਲਚੀ ਯੂਨਾਨੀ ਸੈਨਾ ਨਾਲ ਲੁੱਟ-ਖੋਹ ਲਈ ਸਾਡੇ 'ਤੇ ਧਾਵਾ ਬੋਲਿਆ ਸੀ ਤਾਂ ਬਹਾਦਰ ਪੰਜਾਬੀ ਏਨੇ ਜੋਸ਼ ਨਾਲ ਉਸ ਵਿਰੁੱਧ ਜੂਝੇ ਸਨ ਕਿ ਉਸ ਮਕਦੂਨੀਆਂ ਦੇ ਸ਼ੁਦਾਈ ਨੇ ਆਪਣੇ ਘਰ ਮੁੜਨ ਵਿਚ ਹੀ ਸਿਆਣਪ ਸਮਝੀ ਸੀ । ਤੇ ਵਾਪਿਸ ਜਾਂਦਾ ਮੂਰਖ ਆਦਮੀ ਸ਼ਰਾਬ ਵਿਚ ਗਰਕ ਹੋ ਕੇ ਹੀ ਮੁੱਕ ਗਿਆ ਸੀ । ਇਹੀ ਸਾਡੇ ਲਈ ਪੁੱਤਰਾ ਆਪਣੇ ਵਡੇਰਿਆਂ ਦੀ ਸ਼ਾਨ ਵਾਲੀ ਗੱਲ ਹੈ ।"

"ਚਾਚਾ ਬਿਲਾਸਿਆ, ਤੂੰ ਵੀ ਨਹੀਂ ਬਹੁਤਾ ਬਦਲਿਆ ਲਗਦਾ ।"

"ਸਾਡੇ ਲਈ ਸਭ ਤੋਂ ਵੱਡੀ ਬਦਲੀ ਬੱਸ ਰੁੱਤਾਂ ਦੀ ਬਦਲੀ ਹੀ ਹੈ", ਉਸ ਨੇ ਆਪਣੀ ਗੱਲ ਜਾਰੀ ਰੱਖੀ, "ਇਹਦੇ ਵਿਚ ਪਈ ਖਲਬਲੀ ਹੀ ਸਾਡੇ ਲਈ ਫਿਕਰ ਵਾਲੀ ਗੱਲ ਹੁੰਦੀ ਹੈ, ਖਾਸ ਕਰ ਗਰਮੀਆਂ ਵਿਚ, ਜਦੋਂ ਸੂਰਜ ਤੇਜ਼ ਚਮਕਦਾ ਹੈ, ਤੱਤੀਆਂ ਲੋਆਂ ਚਲਦੀਆਂ ਹਨ ਤੇ ਤੇਜ਼ ਹਵਾਵਾਂ ਨਾਲ ਉੱਡਿਆ ਘੱਟਾ ਸਾਡੇ ਮੂੰਹਾਂ 'ਤੇ ਪੈਂਦਾ ਹੈ । ਔੜ ਦਾ ਭੌਅ ਸਾਨੂੰ ਵਹਿਮੀ ਬਣਾ ਦਿੰਦਾ ਹੈ ਤੇ ਉਸ ਤੋਂ ਡਰਦੇ ਅਸੀਂ ਹਰ ਝੂਠੀ ਆਸ ਬਨ੍ਹਾਉਣ ਵਾਲੇ ਕਰਨੀ ਵਾਲੇ ਢੋਂਗੀਆਂ ਦੇ ਮਗਰ ਲੱਗ ਜਾਂਦੇ ਹਾਂ ।"

"ਪਿਛਲੇ ਹੁਨਾਲੇ ਜਦੋਂ ਕਈ ਹਫ਼ਤੇ ਅਸਮਾਨ ਵਿਚ ਕੋਈ ਬਦਲੀ ਤਕ

ਨਜ਼ਰ ਨਹੀਂ ਸੀ ਆਈ ਤਾਂ ਅੱਧ-ਢੱਠੇ ਮੰਦਰ ਦੇ ਪੁਜਾਰੀਆਂ ਨੇ ਦੇਵੀ ਦੇ ਮੰਦਰ ਚੁਆਲੇ ਦੀ ਪਰਕਰਮਾ ਵਿਚ ਪਾਣੀ ਦਾ ਛਿੜਕਾ ਕਰਨ ਲਈ ਲੋਕਾਂ ਨੂੰ ਪ੍ਰੇਰ ਲਿਆ ਸੀ ਤਾਂਕਿ ਉੱਪਰ ਵਾਲੇ ਦੇ ਮਨ ਮੀਂਹ ਵਰ੍ਹਾਉਣ ਦੀ ਮੇਹਰ ਪੈ ਜਾਏ। ਉਹਨੇ ਉਨ੍ਹਾਂ ਨੂੰ ਇਹ ਭਰੋਸਾ ਚੁਆਇਆ ਸੀ ਕਿ ਜਦੋਂ ਦੇਵੀ ਦੇ ਅੱਧ-ਨੰਗੇ ਪੱਟਾਂ ਉੱਪਰ ਉਤਲੇ ਰੁੱਖ ਰੱਖੀਆਂ ਪੈਰਾਂ ਦੀਆਂ ਤਲੀਆਂ ਨੂੰ ਪਾਣੀ ਛੂਹ ਜਾਏਗਾ, ਤਾਂ ਮੀਂਹ ਵਰ੍ਹ ਪਏਗਾ। ਬੜੇ ਜੋਸ਼ ਨਾਲ ਪਿੰਡ ਵਾਲਿਆਂ ਨੇ ਨਾਲ ਵਾਲਾ ਅੱਧਾ ਛੱਪੜ ਖ਼ਾਲੀ ਕਰ ਮਾਰਿਆ ਸੀ, ਜਿੱਥੇ ਵਿਚਾਰੇ ਥਿਆਏ ਡੰਗਰ ਪਾਣੀ ਪੀਆ ਕਰਦੇ ਸਨ ਤੇ ਤੱਤਾ ਮਿਟਿਆਲਾ ਪਾਣੀ ਉਹਨਾਂ ਦੇਵੀ ਦੀ ਉੱਭਰਵੀਂ ਧੌਣੀ ਤੱਕ ਪਹੁੰਚਦਾ ਕਰ ਦਿੱਤਾ ਸੀ।"

"ਤੇ ਸੱਚੀਂ ਦੇਵੀ ਦੀ ਮਿਹਰ ਤੇ ਪਿੰਡ ਵਾਲਿਆਂ ਦੇ ਭਰਮ ਦੀ ਪੁਸ਼ਟੀ ਲਈ ਰਾਤ ਨੂੰ ਮੋਹਲੇਧਾਰ ਮੀਂਹ ਵਰ੍ਹਨ ਲਗ ਪਿਆ ਸੀ।"

"ਪਰ ਪੁੱਤ ਮੈਂ ਤੈਨੂੰ ਪੁੱਛਦਾਂ, ਕਿ ਕੀ ਜਦ ਕਦੇ ਵੀ ਉਹ ਦੇਵੀ ਦ ਕਮਲ ਆਸਣ ਦੀ ਸਿੰਜਾਈ ਕਰਨਗੇ, ਮੀਂਹ ਸਦਾ ਹੀ ਵਰ੍ਹ ਪਿਆ ਕਰੇਗਾ?"

... ...

ਕੈਨੇਡਾ ਵਿਚ ਮਲ੍ਹਕੇ ਨੇ ਨਾ ਕਦੇ ਕੋਈ ਲੰਡਰ-ਲਟੋਰ ਕੁੱਤੇ ਹੀ ਵੇਖੇ ਸਨ ਜੋ ਜਦ ਜੀ ਚਾਹੇ ਘਰਾਂ ਵਿਚ ਆ ਜਾ ਸਕਣ ਤੇ ਨਾ ਹੀ ਹੱਟੇ-ਕੱਟੇ ਆਦਮੀ ਜਿਨ੍ਹਾਂ ਨੇ ਭੀਖ ਮੰਗਣ ਨੂੰ ਹੀ ਆਦਰ ਯੋਗ ਕਿੱਤੇ ਦਾ ਰੂਪ ਦਿੱਤਾ ਹੋਇਆ ਹੋਵੇ। ਪਰ ਪਿੱਪਲਾਂ ਵਾਲੇ ਦੇ ਘਰਾਂ ਦੇ ਦਰਵਾਜ਼ੇ ਇਹਨਾਂ ਲਈ ਸਦਾ-ਖੁਲ੍ਹੇ ਰਹਿੰਦੇ ਸਨ ਕਿਉਂਕਿ ਉਹਨਾਂ ਦਾ ਕਦੀਮੀ ਵਿਸ਼ਵਾਸ ਸੀ ਕਿ ਘਰਾਂ ਦੇ ਬੂਹੇ ਕੇਵਲ ਮਰ-ਮੁੱਕ ਗਿਆਂ ਦੇ ਹੀ ਬੰਦ ਹੋਇਆ ਕਰਦੇ ਹਨ। ਅਤੇ ਇਸ ਜੱਦੀ-ਪੁਸ਼ਤੀ ਪ੍ਰਾਹੁਣਚਾਰੀ ਦੀ ਭਾਵਨਾ ਦਾ ਸਭ ਤੋਂ ਵਧੇਰੇ ਲਾਭ ਕੁੱਤੇ ਤੇ ਮੰਗਤੇ ਹੀ ਉਠਾਂ-ਇਆ ਕਰਦੇ ਸਨ। ਇਹਨਾਂ ਦੋਹਾਂ ਵਿਚਕਾਰ ਕਾਫੀ ਡੂੰਘੀ ਸਾਂਝ ਸੀ। ਦੋਨੋਂ ਹੀ ਬੜੇ ਗਹਿਰੇ ਆਤਮ ਵਿਸ਼ਵਾਸ ਨਾਲ ਆਪਣਾ ਵਿਹਲਪੁਣੇ ਦਾ ਹੱਕ ਬੜੀ ਢੀਠ-ਤਾਈ ਨਾਲ ਜਤਾਉਂਦੇ ਵੇਖਣ ਵਿਚ ਆਉਂਦੇ ਸਨ। ਦੋਨਾਂ ਵਿਚ ਬੜਾ ਸਬਰ ਸੀ ਤੇ ਦ੍ਰਿੜ੍ਹਤਾ ਵੀ। ਆਪਣਾ ਧੰਦਾ ਚਲਦਾ ਰੱਖਣ ਵਿਚ ਇਹਨਾਂ ਦੀ ਹੁਸ਼ਿਆਰੀ ਤੇ ਕਾਰੀਗਰੀ ਬੇ-ਮਿਸਾਲ ਸੀ।

ਪਰ ਇਹਨਾਂ ਵਿਚਕਾਰ ਫਰਕ ਵੀ ਬੜਾ ਨਿੱਖੜਵਾਂ ਸੀ । ਕੁੱਤਿਆਂ ਦੀਆਂ ਅੱਖਾਂ ਵਿਚ ਹਲੀਮੀ-ਭਰੀ ਚੁੱਪ ਤੇ ਮਿੰਨਤਦਾਰੀ ਦਾ ਅਹਿਸਾਸ ਹੁੰਦਾ ਸੀ ਜਦਕਿ ਮੰਗਤੇ ਬੜੇ ਚਤੁਰ ਅਭਿਨੇਤਾਵਾਂ ਵਾਂਗ ਰੰਗ-ਬਰੰਗੀਆਂ ਅਲਖਾਂ ਜਗਾਉਂਦੇ ਤੇ ਤਰ੍ਹਾਂ ਤਰ੍ਹਾਂ ਦੀਆਂ ਅਸੀਸਾਂ ਦੀ ਬੁਛਾੜ ਲਾਉਂਦੇ ਵੇਖਣ ਵਿਚ ਆਉਂਦੇ ਸਨ। ਦੁਰਕਾਰੇ ਜਾਣ ਦੀ ਸੂਰਤ ਵਿਚ ਕੁੱਤੇ ਤਾਂ ਪੂਛ ਦਬਾ ਕੇ ਖਿਸਕ ਜਾਂਦੇ ਸਨ ਪਰ ਮੰਗਤੇ ਦੁਰਾਸੀਸ ਦੀ ਝੜੀ ਲਾਉਂਦੇ ਸਨ ਤੇ ਉਹਨਾਂ ਦੀਆਂ ਭ੍ਰਿਸ਼ਟ ਤੱਕਣੀਆਂ ਵਿਚ ਅਜੀਬ ਜਿਹੀ ਟੁਣੇਹਾਰੀ ਚਮਕ ਹੁੰਦੀ ਸੀ ।

"ਚਾਚਾ ਖਿਲਾਸਿਆ", ਮਲੂਕੇ ਨੇ ਪੁੱਛਿਆ ਸੀ, "ਕੀ ਆਪਣੇ ਘਰਾਂ ਨੂੰ ਇਹਨਾਂ ਮਕਾਰ ਮੰਗਤਿਆਂ ਤੇ ਕੁੱਤਿਆਂ ਦੇ ਹਮਲਿਆਂ ਤੋਂ ਬਚਾਉਣ ਲਈ ਕੋਈ ਚਾਰਾ ਨਹੀਂ ਕੀਤਾ ਜਾ ਸਕਦਾ ?"

"ਨਹੀਂ ਕੋਈ ਖ਼ਾਸ ਨਹੀਂ, ਪੁੱਤਰਾ ।"

"ਕੁੱਤਿਆਂ ਨੂੰ ਤਾਂ ਜ਼ਹਿਰ ਵੀ ਦਿੱਤੀ ਜਾ ਸਕਦੀ ਹੈ ਪਰ ਮੰਗਤਿਆਂ ਨੂੰ ਕਿਤਈ ਨਹੀਂ । ਕਿਉਂਕਿ ਸਾਡੇ ਸਭਿਆਚਾਰ ਨੇ ਉਹਨਾਂ ਨੂੰ ਡੂੰਘੀ ਪਵਿੱਤਰਤਾ ਦੇ ਇਹਸਾਸ ਨਾਲ ਵਰੋਸਾਇਆ ਹੋਇਆ ਹੈ । ਸਾਧ, ਤੂੰ ਜਾਣਦਾ ਹੀ ਹੈਂ, ਸਾਡੀ ਸਭਿਅਤਾ ਅਨੁਸਾਰ ਆਤਮ-ਪ੍ਰਤੀਤੀ ਲਈ ਸਾਧਨਾ ਕਰਨ ਵਾਲੇ ਲੋਕ ਹੁੰਦੇ ਹਨ। ਇਸ ਸਾਧਨਾ ਨੂੰ ਹੀ ਜ਼ਿੰਦਗੀ ਦਾ ਅੰਤਿਮ ਟੀਚਾ ਹੋਣ ਦਾ ਗੌਰਵ ਹਾਸਿਲ ਹੈ। ਮਿਸਾਲ ਦੇ ਤੌਰ ਤੇ ਬੁੱਧ ਨੇ ਆਪਣਾ ਤਖ਼ਤਨਸ਼ੀਨੀ ਦਾ ਹੱਕ ਛੱਡ ਦਿੱਤਾ ਸੀ। ਉਸ ਨੇ ਆਪਣੀ ਬੀਵੀ ਤੇ ਬੱਚੇ ਨੂੰ ਤਿਆਗ ਕੇ ਭਗਵੇਂ ਕੱਪੜੇ ਪਾ ਲਏ ਸਨ ਤੇ ਉਹ ਹੱਥ ਵਿਚ ਕਾਸਾ ਫੜੀ ਅਨਾਦੀ ਗਿਆਨ ਦੀ ਤਲਾਸ਼ ਲਈ ਅਗਿਆਤ ਰਾਹਾਂ ਤੇ ਤੁਰ ਗਿਆ ਸੀ।"

"ਮੁਸਲਮਾਨ ਆਪਣੇ ਮੰਗਤਿਆਂ ਨੂੰ ਫ਼ਕੀਰ ਤੇ ਦਰਵੇਸ਼ ਆਖਦੇ ਨੇ। ਉਨ੍ਹਾਂ ਨੂੰ ਤਲਿੱਸਮੀ ਤਾਕਤਾਂ ਹਾਸਿਲ ਹੋਈਆਂ ਸਮਝੀਆਂ ਜਾਂਦੀਆਂ ਹਨ । ਸਿੱਟੇ ਵਜੋਂ ਉਹਨਾਂ ਨੂੰ ਨਿਉਂਦੇ ਖਿਲਾਉਣ ਨੂੰ ਪੁੰਨ ਸਮਝਿਆ ਜਾਂਦਾ ਹੈ ।"

"ਪੁੱਤਰਾ, ਸਾਧਾਂ ਤੇ ਫ਼ਕੀਰਾਂ ਨੂੰ, ਭਾਰਤ ਵਿਚ ਹੋਰ ਸਭਨਾਂ ਨਾਲੋਂ ਵਧੇਰੇ ਸੁਤੰਤਰਤਾ ਤੇ ਸਤਕਾਰ ਹਾਸਿਲ ਹੈ। ਉਹ ਸੰਤਾਂ ਵਾਲੇ ਲੰਮੇ ਚੋਗੇ ਪਾਉਣ ਜਾਂ ਮਹਾਤਮਾਵਾਂ ਵਾਂਗ ਲੰਗੋਟੀਆਂ ਪਾਈ ਫਿਰਨ। ਉਹ ਤਾਂ ਹਵਾ ਦੀ ਲੰਗੋਟੀ ਪਾਈ,

ਜੇ ਚਾਹੁਣ ਤਾਂ ਪਿੰਡੇ ਤੇ ਮਲੀ ਭਬੂਤੀ ਨੂੰ ਹੀ ਆਪਣੀ ਪੁਸ਼ਾਕ ਸਮਝੀ ਫਿਰਨ।"

"ਤੇ ਇਹਨਾਂ ਦੀ ਪ੍ਰਤਿਸ਼ਠਾ ਏਨੀ ਉੱਚੀ ਹੈ ਕਿ ਇਹਨਾਂ ਨੂੰ ਸਿਰਦਰਦ ਤੋਂ ਲੈ ਕੇ ਝੋਲੇ ਤੱਕ ਹਰ ਬੀਮਾਰੀ ਦਾ ਇਲਾਜ ਕਰ ਸਕਣ ਵਾਲੀਆਂ ਰਿਧੀਆਂ ਸਿੱਧੀਆਂ ਦੇ ਮਾਲਿਕ ਮੰਨਿਆ ਜਾਂਦਾ ਹੈ। ਸੰਤਾਨ ਜਾਂ ਪੁੱਤਰਾਂ ਦੀ ਤਲਾਸ਼ ਵਿਚ ਤੀਵੀਆਂ ਇਹਨਾਂ ਦੀ ਅਸ਼ੀਰਵਾਦ ਲੈਣ ਲਈ ਮਗਰ ਮਗਰ ਭੱਜੀਆਂ ਫਿਰਦੀਆਂ ਨੇ। ਜਦੋਂ ਉਹਨਾਂ ਦੇ ਘਰੀਂ ਬੱਚੇ ਜਨਮਦੇ ਹਨ ਤਾਂ ਲੋਕੀਂ ਇਹ ਘੁਸਰ ਮੁਸਰ ਕਰਦੇ ਫਿਰਦੇ ਨੇ ਕਿ ਮੁੰਡੇ ਦਾ ਮੁੜੰਗਾ ਉਹਨਾਂ ਦੇ ਪਿਉਆਂ ਨਾਲੋਂ ਸਾਧਾਂ ਨਾਲ ਜ਼ਿਆਦਾ ਮਿਲਦਾ ਹੈ। ਇਸ ਤਰ੍ਹਾਂ ਉਹਨਾਂ ਦੀਆਂ ਰਿਧੀਆਂ ਸਿਧੀਆਂ ਦਾ ਰੁਅਬ ਹੋਰ ਵੀ ਵਧੇਰੇ ਪੈ ਜਾਂਦਾ ਹੈ।"

... ...

ਕੈਨੇਡਿਓਂ ਆਏ ਭਾਰਤੀ ਪਰਵਾਸੀਆਂ ਦੇ ਆਪਣੇ ਪਿੱਛੇ ਨਾਲ ਸੰਬੰਧ ਕੁਝ ਸੂਰਤਾਂ ਵਿਚ ਪਹਿਲਾਂ ਨਾਲੋਂ ਵੀ ਵਧੇਰੇ ਪੱਕੇ ਪੀਢੇ ਹੋ ਗਏ ਸਨ। ਇਕ ਤਾਂ ਉਹ ਅੰਗਰੇਜ਼ੀ ਵਿਚ ਗੱਲ ਨਾ ਕਰ ਸਕਣ ਕਾਰਨ ਸਥਾਨਕ ਵਸੋਂ ਨਾਲ ਘੁਲ ਮਿਲ ਨਹੀਂ ਸਨ ਸਕਦੇ। ਕੰਮਾਂ 'ਤੇ ਉਹਨਾਂ ਨਾਲ ਵਿਤਕਰਾ ਹੁੰਦਾ ਸੀ। ਪਰਿਵਾਰਕ ਨਿੱਘ ਤੇ ਸਾਂਝ ਦੀ ਲੋੜ ਪੂਰੀ ਕਰਨ ਲਈ ਉਹ ਟੋਲੀਆਂ ਬਣਾ ਕੇ ਸਹਿਕਾਰੀ ਕੁੱਕ ਹਾਊਸਾਂ ਵਿਚ ਰਹਿਣ ਮਜਬੂਰ ਹੁੰਦੇ ਸਨ। ਇਹਨਾਂ ਲੋਕਾਂ ਨੂੰ ਹੋਰ ਵੀ ਨਿੱਖਰਵੇਂ ਰੂਪ ਵਿਚ ਨਿਆਰੇ ਤੇ ਇਕ ਦੂਜੇ ਨਾਲ ਡੂੰਘੇ ਤੌਰ 'ਤੇ ਜੋੜਨ ਵਿਚ ਗਦਰ ਲਹਿਰ ਦੇ ਪ੍ਰਭਾਵ ਦਾ ਵੀ ਖ਼ਾਸ ਹੱਥ ਸੀ। ਇਸ ਨੇ ਇਹਨਾਂ ਦੀਆਂ ਰੀਝਾਂ ਨੂੰ ਸੀਖ ਕੇ ਤੇ ਉਹਨਾਂ ਦੇ ਦਿਲਾਂ ਨੂੰ ਵੱਡੀਆਂ ਚੁਨੌਤੀਆਂ ਦਾ ਸਾਹਮਣਾ ਕਰਨ ਦੀ ਸਮਰੱਥਾ ਬਖ਼ਸ਼ੀ ਸੀ। ਉਹਨਾਂ ਨੂੰ ਆਪਣੀ ਲਹਿਰ ਦੇ ਦੋਖੀਆਂ ਨਾਲ ਬੜੀ ਨਫ਼ਰਤ ਸੀ ਤੇ ਉਹ ਗੱਦਾਰਾਂ ਨੂੰ ਸਬਕ ਸਿਖਾਉਣਾ ਹਰ ਤਰ੍ਹਾਂ ਉਚਿਤ ਤੇ ਅਵੱਸ਼ਕ ਸਮਝਿਆ ਕਰਦੇ ਸਨ।

ਉਹਨਾਂ ਵਿਚੋਂ ਕਈ, ਖ਼ਾਸ ਕਰ ਜਿਨ੍ਹਾਂ ਨੇ ਫ਼ਰੇਜ਼ਰ ਨਦੀ ਵਾਲੀ ਲੱਕੜ-ਮਿੱਲ ਵਿਚ ਮਲੂਕੇ ਦੇ ਨਾਲ ਕੰਮ ਕੀਤਾ ਸੀ, ਉਸ ਨੂੰ ਆਪਣੀਆਂ ਪੁਰਾਣੀਆਂ ਯਾਦਾਂ ਤਾਜ਼ੀਆਂ ਕਰਨ ਲਈ ਉਚੇਚੇ ਦੂਰੋਂ ਨੇੜਿਓਂ ਚਲ ਕੇ ਮਿਲਣ ਆਏ ਸਨ। ਆਮ ਕਰਕੇ ਉਹ ਪੈਦਲ ਜਾਂ ਘੋੜਿਆਂ 'ਤੇ ਚੜ੍ਹ ਕੇ ਆਇਆ ਕਰਦੇ ਸਨ। ਦੂਰ-

ਦੁਰਾਡੇ ਰਹਿਣ ਵਾਲੇ ਕਈ ਬੰਦੇ ਡੂੰਘੀ ਰਾਤ ਪਈ ਉਠਾਂ ਦੀ ਸਵਾਰੀ ਕਰ ਕੇ ਆਏ ਸਨ। ਮਿੱਟੀ ਘੱਟੇ ਤੋਂ ਬਚਣ ਲਈ ਉਹਨਾਂ ਨੇ ਖੱਦਰ ਦੇ ਪਰਨਿਆਂ ਦੇ ਮਫੇੜ ਮਾਰੇ ਹੋਏ ਹੁੰਦੇ ਸਨ। ਪੁਲਿਸ ਦੇ ਸੂਹੀਆਂ ਨੂੰ ਉਨ੍ਹਾਂ ਨੂੰ ਵੇਖ ਕੇ ਸ਼ੱਕ ਹੁੰਦੀ ਸੀ। ਕੁਝ ਜ਼ਿਆਦਾ ਹੀ ਗਾਲੜੀ ਲੋਕ, ਮਲੂਕੇ ਦੀ ਮਾਂ ਨੂੰ ਗੱਲਾਂ ਵਿਚ ਉਲਝਾ ਕੇ ਆਪਣੀ ਉਹਨਾਂ ਬਾਰੇ ਜਿਗਿਆਸਾ ਨੂੰ ਸ਼ਾਂਤ ਕਰਨ ਦੇ ਆਹਰ ਵਿਚ ਲੱਗੇ ਰਹਿੰਦੇ ਹਨ।

"ਚਾਚੀ ਜੀ, ਤੁਸੀਂ ਕਿੰਨੇ ਭਾਗਾਂ ਵਾਲੇ ਹੋ। ਤੁਹਾਨੂੰ ਪੁੱਤਰ ਵੀ ਮੁੜ ਮਿਲ ਗਿਆ ਹੈ ਤੇ ਦੌਲਤ ਵੀ", ਕੋਈ ਆਖਦਾ।

"ਮੇਰਾ ਪੁੱਤਰ ਹੀ ਮੇਰੀ ਦੌਲਤ ਹੈ", ਉਹ ਤੁਰਤ ਮੋੜਵਾਂ ਉੱਤਰ ਦਿਆ ਕਰਦੀ ਹੁੰਦੀ ਸੀ।

"ਲੋਕ ਬੜੀ ਬੜੀ ਦੂਰੋਂ ਉਹਨੂੰ ਮਿਲਣ ਆਉਂਦੇ ਨੇ।"

"ਮੇਰਾ ਪੁੱਤਰ ਪਰਦੇਸਾਂ ਵਿਚ ਉਹਨਾਂ ਦੇ ਨਾਲ ਜੂ ਰਿਹਾ।"

"ਕੋਈ ਹੋਰ ਬੜੀ ਚਿੰਤਾ ਦਾ ਪ੍ਰਭਾਵ ਪਾ ਕੇ ਆਖਦਾ, "ਚਾਚੀ, ਮੈਂ ਪਿੰਡ ਦੁਆਲੇ ਕੁਝ ਪੁਲਸੀਏ ਭਾਉਂਦੇ ਵੇਖੇ ਨੇ। ਕਿਤੇ ਉਹ ਮਲੂਕੇ ਨੂੰ ਮਿਲਣ ਆਏ ਪਰਦੇਸੀਆਂ ਦਾ ਹੀ ਪਿੱਛਾ ਨਾ ਕਰਦੇ ਹੋਣ।"

"ਐਵੇਂ ਬਟੇਰੇ ਜਾਂ ਸਹੇ ਫੜਨ ਆਏ ਹੋਣਗੇ।" ਉਹ ਬੜੀ ਲਾਪਰਵਾਹੀ ਨਾਲ ਆਖਦੀ। "ਜਾਂ ਫਿਰ ਉਹ ਗੱਪੀਆਂ ਦੀਆਂ ਲੂਤਰ ਲੂਤਰ ਕਰਨ ਵਾਲੀਆਂ ਜੀਭਾਂ ਨੂੰ ਖਾਜਾ ਦੇਣ ਆਏ ਹੋਣਗੇ।" ਉਹਤੇ ਬੋਲਾਂ ਵਿਚ ਤੁਰਸ਼ੀ ਆ ਜਾਂਦੀ ਸੀ।

... ...

ਇਕ ਦਿਨ ਵਰਿਆਮ ਸਿੰਘ ਸਵੇਰੇ ਸਵੇਰੇ ਸਰਕਾਰੀ ਅਫ਼ਸਰਾਂ ਤੋਂ ਕੋਈ ਸਿਫ਼ਾਰਸ਼ੀ ਚਿੱਠੀਆਂ ਲੈ ਕੇ ਆਇਆ।

"ਮਲੂਕਿਆ, ਮੇਰੀਆਂ ਕੁਝ ਚਿੱਠੀਆਂ ਲਿਖ ਦਏਂਗਾ ਅੰਗਰੇਜ਼ੀ ਵਿਚ?" ਉਸ ਨੇ ਬੜੀ ਹਲੀਮੀ ਨਾਲ ਪੁੱਛਿਆ।

"ਕਿੱਦਾਂ ਦੀਆਂ ਚਿੱਠੀਆਂ?"

"ਆ ਜ਼ਰਾ ਇਹਨਾਂ ਸਿਫ਼ਾਰਸ਼ਾਂ, ਸਰਕਾਰ ਲਈ ਕੀਤੀਆਂ ਮੇਰੀਆਂ ਸੇਵਾਵਾਂ ਦੇ ਬਦਲੇ ਵਿਚ ਮਿਲੇ ਪਰਵਾਨਿਆਂ 'ਤੇ ਨਜ਼ਰ ਮਾਰ ਲਾ।"

ਉਹਨੇ ਬੜੇ ਸ਼ਾਣ ਨਾਲ ਮਲੂਕੇ ਨੂੰ ਮੁੜ ਮੁੜ ਤਹਿ ਕੀਤੇ ਪਾਟਣ ਨੂੰ ਆਏ ਕਈ ਕਾਗਜ਼ ਥਮ੍ਹਾ ਦਿੱਤੇ।

"ਮੈਨੂੰ ਆਪਣੀਆਂ ਸੇਵਾਵਾਂ ਬਦਲੇ ਕੁਰਸੀ ਮਿਲਣੀ ਚਾਹੀਦੀ ਆ।"

"ਤੂੰ ਕੁਰਸੀ ਆਪਣੇ ਲਈ ਮੁੱਲ ਨਹੀਂ ਲੈ ਸਕਦਾ?"

"ਮਲੂਕੇ ਜੀ ਇਹ ਉਹ ਕੁਰਸੀ ਨਹੀਂ, ਮੈਨੂੰ ਤਾਂ ਕੁਰਸੀ ਨਸ਼ੀਨੀ ਦਾ ਖ਼ਿਤਾਬ ਚਾਹੀਦੈ, ਜੋ ਸਰਕਾਰੀ ਅਫ਼ਸਰਾਂ ਦੇ ਦੌਰਿਆਂ ਵੇਲੇ ਉਹਨਾਂ ਦੇ ਨਾਲ ਕੁਰਸੀ 'ਤੇ ਬੈਠਣ ਦਾ ਹੱਕਦਾਰ ਬਣਾਉਂਦਾ।"

"ਮੈਂ ਇਹੋ ਜਿਹੀਆਂ ਭਿੱਖ ਮੰਗਣੀਆਂ ਦਰਖਾਸਤਾਂ ਨਹੀਂ ਲਿਖ ਸਕਦਾ।" ਉਹਨੇ ਹੱਥ ਝਟਕ ਕੇ ਕਾਗ਼ਜ਼ਾਂ ਦਾ ਪੁਲੰਦਾ ਵਰਿਆਮ ਸਿੰਘ ਨੂੰ ਵਾਪਿਸ ਕਰਦਿਆਂ ਆਖਿਆ।

ਦੂਜੇ ਦਿਨ, ਨਾਲ ਦੇ ਪਿੰਡੋਂ, ਦੂਰ ਦੀ ਰਿਸ਼ਤੇਦਾਰੀ 'ਚੋਂ ਭਰਾ ਲਗਦਾ, ਗੁਰਮੀਤ ਸਿੰਘ, ਡੂੰਘੀ ਰਾਤ ਪਈ, ਉਹਨਾਂ ਦੇ ਘਰ ਆਇਆ। ਕੱਕੀ ਕੁੰਡਲਦਾਰ ਦਾੜ੍ਹੀ ਤੇ ਮੋਟੀਆਂ ਮੋਟੀਆਂ ਸ਼ਰੀਫ਼ਾਨਾਂ ਅੱਖਾਂ ਵਾਲਾ ਗੁਰਮੀਤ ਸਿੰਘ ਜ਼ਰਾ ਘਬਰਾਇਆ ਹੋਇਆ ਲਗਦਾ ਸੀ।

"ਭਰਾ ਮਲੂਕਿਆ ਇਸ ਸੁਕੜੇ ਜਿਹੇ ਜ਼ਹਿਰੀ ਸੱਪ, ਵਰਿਆਮ ਸਿੰਘ ਨੂੰ ਆਪਣੇ ਘਰ ਨਾ ਵੜਨ ਦਿਆ ਕਰ", ਉਸ ਨੇ ਬੜੇ ਗੁੱਸੇ ਨਾਲ ਆਖਿਆ। "ਉਹ ਕਈ ਬਹਾਦਰ ਦੇਸ਼ਭਗਤਾਂ ਦੇ ਦੁੱਖਾਂ ਦਾ ਜ਼ਿਮੇਂਵਾਰ ਵੇ", ਉਸ ਨੇ ਆਲੇ ਦੁਆਲੇ ਬੜੇ ਧਿਆਨ ਨਾਲ ਝਾਕ ਕੇ ਆਖਿਆ।

"ਉਹਨੂੰ ਪਰਚੀ ਮਿਲ ਰਹੀ ਹੈ।"

ਪਰਚੀ ਇਕ ਸੰਖੇਪ ਜਿਹੇ ਰੁੱਕੇ ਨੂੰ ਕਿਹਾ ਜਾਂਦਾ ਸੀ, "ਆਪਣੇ ਚਾਲੇ ਸੁਧਾਰ ਲਾ ਨਹੀਂ ਤਾਂ ਖਮਿਆਜ਼ਾ ਭੁਗਤਣ ਲਈ ਤਿਆਰ ਹੋ ਜਾ।" ਬਬਰ ਅਕਾਲੀ ਗ਼ੱਦਾਰਾਂ ਨੂੰ ਇਹੋ ਜਿਹੀਆਂ ਚਿਤਾਉਣੀਆਂ ਭੇਜਿਆ ਕਰਦੇ ਸਨ। ਅਕਾਲੀ ਦਲ ਮਹੰਤਾਂ ਦੇ ਕਬਜ਼ੇ 'ਚੋਂ ਗੁਰਦੁਆਰਿਆਂ ਦਾ ਪ੍ਰਬੰਧ ਵਾਪਿਸ ਲੈ ਕੇ ਸਿੱਖ ਸੰਗਤਾਂ ਨੂੰ ਸੌਂਪਣ ਲਈ ਮੈਦਾਨ ਵਿਚ ਨਿੱਤਰਿਆ ਹੋਇਆ ਸੀ। ਮਹੰਤ ਗੁਰਦੁਆਰਿਆਂ ਦੀ ਵਰਤੋਂ ਆਪਣੀ ਜਾਇਦਾਦ ਵਾਂਗ ਹੀ ਕਰਨ ਲੱਗ ਪਏ ਸਨ। ਇਸ ਸੰਤਵ ਦੀ ਪੂਰਤੀ ਲਈ ਉਹਨਾਂ ਨੇ ਕਈ ਗੁਰਦੁਆਰਿਆਂ ਵਿਚ ਸ਼ਾਂਤਮਈ ਮੋਰਚੇ ਲਾਏ ਸਨ।

ਸ਼ਬਦ ਗਾਉਂਦੇ ਜਾਂਦੇ ਅਕਾਲੀਆਂ ਦੇ ਕਈ ਜੱਥਿਆਂ ਉੱਪਰ ਪੁਲਿਸ ਨੇ ਬੜਾ ਅੰਨ੍ਹਾ ਤਸ਼ੱਦਦ ਕੀਤਾ ਸੀ। ਇਸ ਤੋਂ ਗੁੱਸਾ ਖਾ ਕੇ ਕਈ ਸਾਬਕਾ ਫ਼ੌਜੀਆਂ ਤੇ ਗ਼ਦਰੀਆਂ ਨੇ ਰਲ ਕੇ ਪਿੰਡਾਂ ਵਿਚ ਕਈ ਛਾਪਾਮਾਰ ਜੱਥੇ ਬਣਾ ਲਏ ਸਨ। ਉਹ ਆਪਣੀ ਜੱਥੇਬੰਦੀ ਨੂੰ ਬਬਰ ਅਕਾਲੀ ਆਖਦੇ ਸਨ, ਜਿਸ ਦੇ ਮੈਂਬਰ ਗੱਦਾਰਾਂ ਨੂੰ ਸੋਧਣ ਜਾਂ ਉਹਨਾਂ ਨੂੰ ਗੱਡੀ ਚਾੜ੍ਹਨ ਲਈ ਕਾਹਲੇ ਪਏ ਹੋਏ ਸਨ।

ਮਲੂਕੇ ਨੂੰ ਗੁਰਮੀਤ ਦੇ ਜੋਸ਼ 'ਤੇ ਹੈਰਾਨੀ ਹੋਈ।

"ਗੁਰਮੀਤ, ਤੂੰ ਵੀ ਬਬਰਾਂ ਵਿਚ ਸ਼ਾਮਿਲ ਹੋ ਗਿਆ।"

"ਹੋਰ ਮੈਂ ਕੀ ਕਰਦਾ। ਮੇਰਾ ਬੜਾ ਭਰਾ ਮੰਗਲ ਸਿੰਘ ਗੁਰੂ ਕੇ ਬਾਗ਼ ਵਾਲੇ ਮੋਰਚੇ ਦੇ ਅਕਾਲੀ ਜੱਥੇ ਦਾ ਮੈਂਬਰ ਸੀ। ਪੁਲਿਸ ਨੇ ਉਹਨੂੰ ਏਨੀ ਬੇਰਹਿਮੀ ਨਾਲ ਕੁੱਟਿਆ ਕਿ ਉਹ ਅਧਮੋਇਆ ਹੋ ਕੇ ਘਰ ਪੁੱਜਾ ਸੀ। ਹਫ਼ਤੇ ਦੇ ਅੰਦਰ ਹੀ ਉਹ ਦਮ ਤੋੜ ਗਿਆ ਸੀ।"

ਗੁਰਮੀਤ ਦੀਆਂ ਅੱਖਾਂ ਹੰਝੂਆਂ ਨਾਲ ਤਰ ਸਨ। ਉਹ ਭਰੀ ਪੀਤੀ ਹਾਲਤ ਵਿਚ ਉੱਥੋਂ ਉੱਠ ਕੇ ਚਲਿਆ ਗਿਆ ਸੀ।

"ਏਦਾਂ ਹੀ ਦਹਿਸ਼ਤਗਰਦ ਬਣਦੇ ਹਨ", ਮਲੂਕੇ ਨੇ ਆਪਣੇ ਮਨ ਵਿਚ ਹੀ ਆਖਿਆ ਸੀ।

... ...

ਹਿੰਦੁਸਤਾਨ ਰਾਜਸੀ ਤੌਰ 'ਤੇ ਪਹਿਲਾਂ ਨਾਲੋਂ ਵੱਧ ਸਾਵਧਾਨ ਸੀ ਤੇ ਇਹ ਤਬਦੀਲੀ ਰਫ਼ਤਾਰ ਫੜ ਰਹੀ ਸੀ।

ਜਨਤਾ ਆਪਣੀ ਕਦੀਮੀਂ ਨੀਂਦ 'ਚੋਂ ਜਾਗ ਕੇ, ਆਪਣੀਆਂ ਅੱਧ-ਖੁਲ੍ਹੀਆਂ ਅੱਖਾਂ ਮਲ ਰਹੀ ਸੀ। ਲੋਕਾਂ ਦੇ ਹੱਡ ਮੋਕਲੇ ਹੋ ਰਹੇ ਸਨ। ਉਹਨਾਂ ਨੂੰ ਆਪਣੀ ਤਾਕਤ ਦਾ ਇਹਸਾਸ ਹੋ ਰਿਹਾ ਸੀ। ਜਨ-ਜਾਗ੍ਰਿਤੀ ਦੀ ਇਹ ਲਹਿਰ ਬੜੀ ਉਤਸ਼ਾਹ ਜਨਕ ਸੀ।

ਉਹ ਵੇਲੇ ਵਿਹਾ ਚੁੱਕੇ ਸਨ, ਜਦ ਭਾਰਤੀ ਕੌਮੀ ਕਾਂਗਰਸ ਦੇ ਨੇਤਾ ਵੱਡੇ ਦਿਨਾਂ ਦੀਆਂ ਛੁੱਟੀਆਂ ਵਿਚ ਸਾਹਿਬ ਲੋਕਾਂ ਵਾਲੀਆਂ ਪੁਸ਼ਾਕਾਂ ਪਹਿਨੀ ਉਨ੍ਹਾਂ ਦੀ ਹੀ ਬੋਲੀ ਬੋਲਿਆ ਕਰਦੇ 'ਮਹਾਰਾਜ ਅਧੀਰਾਜ' ਦੀ ਸਿਹਤ ਦੇ ਜਾਮ ਪੀ ਕੇ ਸਰਕਾਰੀ ਰਿਆਇਤਾਂ ਲਈ ਉਹਨਾਂ ਦੇ ਗੁਣ ਗਾਇਆ ਕਰਦੇ ਸਨ, ਬਰਕ ਤੇ

ਬ੍ਰਾਈਟ ਦੇ ਹਵਾਲਿਆਂ ਨਾਲ ਹੋਰ ਰਿਆਇਤਾਂ ਦੀ ਭੀਖ ਮੰਗ ਕੇ, ਫਿਰ ਅਗਲੇ ਮੌਸਮ ਦੇ ਆਉਣ ਤਕ ਖਿੰਡ-ਪੁੰਡ ਜਾਇਆ ਕਰਦੇ ਸਨ।

ਇਸ ਦੇ ਉਲਟ ਕਾਂਗਰਸ ਦੇ ਨਵੇਂ ਨੇਤਾ, ਧੁੱਪ ਤੇ ਮਿੱਟੀ ਘੱਟੇ ਨੂੰ ਚੀਰਦੇ ਪਿੰਡਾਂ ਵਿਚ ਫਿਰ ਫਿਰ ਕੇ ਕਿਸਾਨਾਂ ਦੀ ਆਪਣੀ ਜ਼ਬਾਨ ਵਿਚ ਉਨ੍ਹਾਂ ਨੂੰ ਸੁਖ਼ਾਤਬ ਹੋ ਕੇ ਉਹਨਾਂ ਨੂੰ ਆਪਣੀ ਹਾਲਤ ਸੁਧਾਰਨ ਲਈ ਆਪਣੀਆਂ ਜੱਥੇਬੰਦੀਆਂ ਬਣਾਉਣ ਦੀ ਪ੍ਰੇਰਨਾ ਦਿਆ ਕਰਦੇ ਸਨ।

ਹਿੰਦੁਸਤਾਨ ਉਥਲ-ਪੁਥਲ ਦੇ ਦੌਰ ਵਿਚੋਂ ਲੰਘ ਰਿਹਾ ਸੀ। ਦੋਂਹ ਨੌਜੁਆਨਾਂ ਨੇ ਸਰਕਾਰੀ ਤਸ਼ੱਦਦ ਵਿਰੁੱਧ ਆਪਣਾ ਰੋਹ ਪ੍ਰਗਟ ਕਰਨ ਲਈ ਦਿੱਲੀ ਦੀ ਸੰਸਦੀ ਅਸੈਂਬਲੀ ਵਿਚ ਬੰਬ ਸੁੱਟਿਆ ਸੀ।

ਮਜ਼ਦੂਰਾਂ ਕਿਸਾਨਾਂ ਦੀਆਂ ਜੱਥੇਬੰਦੀਆਂ ਜ਼ੋਰ ਫੜ ਰਹੀਆਂ ਸਨ। ਬੰਬਈ ਦੇ ਕੱਪੜਾ-ਮਜ਼ਦੂਰਾਂ ਨੇ ਆਪਣੀਆਂ ਉਜ਼ਰਤਾਂ ਦੇ ਵਾਧੇ ਲਈ ਹੜਤਾਲ ਕੀਤੀ ਸੀ ਤੇ ਬਰਦੌਲੀ ਦੇ ਕਿਸਾਨ ਜ਼ਮੀਨ ਦੇ ਮਾਲੀਏ ਵਿਚ ਹੋਏ 25 ਫ਼ੀਸਦੀ ਵਾਧੇ ਨੂੰ ਅਦਾ ਕਰਨ ਤੋਂ ਇਨਕਾਰੀ ਹੋ ਗਏ ਸਨ। ਛੇਆਂ ਮਹੀਨਿਆਂ ਦੇ ਲੰਮੇ ਘੋਲ ਤੋਂ ਬਾਅਦ ਦੋਨੋਂ ਸੰਗ੍ਰਾਮ ਵਿਜਈ ਹੋ ਗਏ ਸਨ।

ਗ਼ਦਰ ਪਾਰਟੀ ਨੇ ਭਾਰਤ ਨਾਲ ਆਪਣਾ ਸੰਪਰਕ ਬਰਕਰਾਰ ਰੱਖਣ ਲਈ ਭਾਰਤ ਵਿਚ ਆਪਣਾ ਇਕ ਕੇਂਦਰ ਕਾਇਮ ਕੀਤਾ ਹੋਇਆ ਸੀ। ਮਜ਼ਦੂਰਾਂ ਤੇ ਕਿਸਾਨਾਂ ਨੂੰ ਜੱਥੇਬੰਦ ਕਰਨ ਲਈ, ਉਹ ਰੂਸ ਤੋਂ ਸਿਖਲਾਈ ਲੈ ਕੇ ਆਏ ਭਾਰਤੀ ਇਨਕਲਾਬੀਆਂ ਨੂੰ ਲਗਾਤਾਰ ਦੇਸ਼ ਵਿਚ ਭੇਜਦੇ ਰਹੇ ਸਨ।

ਗ਼ਦਰ ਪਾਰਟੀ ਦੇ ਇਕ ਪ੍ਰਸਿੱਧ ਨੇਤਾ, ਸੰਤੋਖ ਸਿੰਘ ਨੇ ਅੰਮ੍ਰਿਤਸਰ ਤੋਂ ਇਕ ਮਾਰਕਸੀ-ਲੈਨਿਨਵਾਦੀ ਮਾਸਿਕ ਪੱਤਰ 'ਕਿਰਤੀ' ਪ੍ਰਕਾਸ਼ਤ ਕਰਨਾ ਸ਼ੁਰੂ ਕਰ ਦਿੱਤਾ ਸੀ।

ਵੱਖ ਵੱਖ ਸ਼ਹਿਰਾਂ ਵਿਚ ਕਈ ਸਿਆਸੀ ਮੁਕੱਦਮੇ ਚੱਲ ਰਹੇ ਸਨ। ਇਹਨਾਂ ਵਿਚੋਂ ਇਕ, ਮੇਰਠ ਸਾਜ਼ਿਸ਼ ਕੇਸ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਕਰ ਗਿਆ ਸੀ। ਇਹ ਮੁਕੱਦਮਾ 32 ਕਮਿਊਨਿਸਟ ਤੇ ਯੂਨੀਅਨਿਸਟਾਂ ਦੇ ਵਿਰੁੱਧ ਸਾਢੇ ਚਾਰ ਸਾਲ ਚੱਲਦਾ ਰਿਹਾ ਸੀ, ਜਿਸ ਵਿਚ ਤਿੰਨ ਅੰਗਰੇਜ਼ ਵੀ ਧਰੀਕੇ ਜਾ ਰਹੇ ਸਨ ਤੇ ਇਸ ਦੇ ਅੱਧ-ਵਿਚਕਾਰ ਹੀ ਸ਼ਾਹੀ ਵਕੀਲ ਦਮ ਤੋੜ ਗਿਆ ਸੀ।

... ...

ਮੱਧ-ਕਾਲੀਨ ਨਿਰੰਕੁਸ਼ ਭਾਰਤੀ ਰਿਆਸਤਾਂ ਵਿਚ ਵੀ ਲੋਕਾਂ ਨੇ ਆਪਣੇ ਸ਼ਹਿਰੀ ਹੱਕ ਹਾਸਲ ਕਰਨ ਲਈ ਰਿਆਸਤੀ ਜਨ-ਜੱਥੇਬੰਦੀਆਂ ਕਾਇਮ ਕਰ ਲਈਆਂ ਸਨ। ਇਸ ਦੇ ਉਲਟ 563 "ਮਹਾਰਾਜ ਅਧੀਰਾਜਾਂ" ਨੇ ਆਪਣੇ ਵਿਸ਼ੇਸ਼ ਉੱਚ ਅਧਿਕਾਰਾਂ, ਬੇਪਨਾਹ ਦੌਲਤ ਤੇ ਵਿਲਾਸੀ ਐਸ਼-ਇਸ਼ਰਤ ਵਾਲੀ ਤਰਜ਼ੇ-ਜ਼ਿੰਦਗੀ ਦੀ ਨਿਰੰਤਰਤਾ ਲਈ 'ਚੈਂਬਰ ਆਫ਼ ਪ੍ਰਿੰਸਿਜ਼' ਦੀ ਰਚਨਾ ਕਰ ਲਈ ਸੀ।

"ਮਹਾਰਾਜੇ ਮੂਰਖਾਂ ਦੇ ਸੁਪਨ-ਸੰਸਾਰ ਵਿਚ ਰਹਿੰਦੇ ਪਏ ਨੇ", ਮਲੂਕੇ ਦੇ ਇਕ ਪੁਰਾਣੇ ਹਮ-ਜਮਾਤੀ, ਅਮਰ ਨਾਥ ਜੋ ਪੱਕਾ ਕੌਮਪ੍ਰਸਤ ਸੀ, ਨੇ ਇਕ ਦਿਨ ਆਖਿਆ ਸੀ। "ਬਦੇਸ਼ੀ ਹਮਲੇ ਜਾਂ ਅੰਦਰੂਨੀ ਬਗ਼ਾਵਤ ਵਿਰੁੱਧ ਬਰਤਾਨਵੀ ਸੁਰੱਖਿਆ ਪ੍ਰਾਪਤ ਕਰਨ ਵਾਲੇ ਇਹਨਾਂ ਮਹਾਰਾਜਿਆਂ ਵਿਚ ਪਰਜੀਵੀਆਂ ਵਾਲੇ ਅਸੀਲਪੁਣੇ ਦੀਆਂ ਸਾਰੀਆਂ ਹੀ ਕਮਜ਼ੋਰੀਆਂ ਨੇ।"

"ਮਹਾਰਾਜਿਆਂ ਤੇ ਬਰਤਾਨਵੀ ਸਰਕਾਰ ਨੂੰ ਇਕ ਦੂਜੇ ਦੀ ਲੋੜ ਹੈ", ਇਕ ਸਥਾਨਕ ਕਮਿਊਨਿਸਟ ਆਗੂ ਹੰਸਰਾਜ ਨੇ ਕਿਹਾ ਸੀ।

"ਭਾਰਤ ਦੇ ਨਕਸ਼ੇ ਪੁਰ ਸਰਸਰੀ ਜਿਹੀ ਨਿਗਾਹ ਮਾਰਨ ਨਾਲ ਹੀ ਇਸ ਗੱਲ ਦੀ ਚੰਗੀ ਤਰ੍ਹਾਂ ਸਮਝ ਪੈ ਸਕਦੀ ਹੈ। ਬਰਤਾਨਵੀ ਖੇਤਰ ਦੇ ਲਾਲ ਸਾਗਰ ਵਿਚ ਸ਼ਾਹੀ ਰਿਆਸਤਾਂ ਪੀਲੇ ਕੈਦਖਾਨੇ ਵਾਂਗ ਪੱਸਰੀਆਂ ਫਸੀਆਂ ਪਈਆਂ ਹਨ। ਗਿਲਗਿਤ ਤੋਂ ਕੰਨਿਆਂ ਕੁਮਾਰੀ ਤੱਕ ਹਵਾਈ ਝਾਤ ਮਾਰਨ ਵੇਲੇ ਤੁਹਾਨੂੰ ਬਰਤਾਨਵੀ ਭਾਰਤ ਦੇ ਨਗਿਣੇਣੇ ਜੇਹੇ ਖੇਤਰ ਉੱਪਰ ਦੀ ਹੀ ਗੁਜ਼ਰਨਾ ਪੈਂਦਾ ਹੈ। 1857 ਦੇ ਗ਼ਦਰ ਦੀ ਚੁਹਰਾਈ ਦੀ ਸੂਰਤ ਵਿਚ ਇਹ ਰਿਆਸਤਾਂ ਅੰਗਰੇਜ਼ਾਂ ਨੂੰ ਸ਼ਾਨਦਾਰ ਸੁਰੱਖਿਆਕਾਰੀ ਗੜ੍ਹ ਮੁਹੱਈਆ ਕਰ ਸਕਦੀਆਂ ਨੇ।"

"ਹਾਂ, ਏਸੇ ਕਰ ਕੇ ਤਾਂ ਸ਼ਾਹੀ ਰਿਆਸਤਾਂ ਵਿਚ ਬਰਤਾਨਵੀ ਹਿੱਤਾਂ ਦੀ ਰਾਖੀ ਹਿਤ ਬਿਠਾਏ ਅੰਗਰੇਜ਼ ਰੈਜ਼ੀਡੈਂਟ ਉਹਨਾਂ ਦੇ ਅੰਦਰੂਨੀ ਮਾਮਲਿਆਂ ਵਿਚ ਕੋਈ ਦਖ਼ਲਅੰਦਾਜ਼ੀ ਨਹੀਂ ਕਰਦੇ।" ਅਮਰ ਨਾਥ ਨੇ ਆਪਣੀ ਸੰਮਤੀ ਪ੍ਰਗਟ ਕਰਦਿਆਂ ਕਿਹਾ ਸੀ।

"ਪਰ ਬਰਤਾਨਵੀ ਹਿੱਤਾਂ ਨੂੰ ਪ੍ਰਭਾਵਿਤ ਕਰਨ ਵਾਲੇ ਮਸਲਿਆਂ ਬਾਰੇ ਰੈਜ਼ੀਡੈਂਟ ਦੀ ਧੀਮੀਂ ਜੇਹੀ ਘੁਰ-ਘੁਰ ਵੀ ਰਿਆਸਤਾਂ ਲਈ ਗਰਜਵੀਂ ਦਹਾੜ ਦੇ ਤੁੱਲ ਹੁੰਦੀ ਹੈ।"

"ਨਕਸ਼ੇ ਨੂੰ ਧਿਆਨ ਨਾਲ ਦੇਖੋ ਤਾਂ ਜ਼ਾਹਿਰ ਹੋ ਜਾਏਗਾ ਕਿ ਰਿਆਸਤਾਂ ਤੇ ਬਰਤਾਨਵੀ ਭਾਰਤ ਵਿਚਕਾਰ ਦੀਆਂ ਸਰਹੱਦਾਂ ਅਸਲੋਂ ਹੀ ਜਾਅਲੀ ਨੇ। ਸਮੁੱਚੇ ਤੌਰ 'ਤੇ ਸਰਹੱਦਾਂ ਦੇ ਦੋਨੀਂ ਵੰਨੀ ਵਸਦੇ ਲੋਕਾਂ ਵਿਚ ਨਸਲ, ਧਰਮ ਤੇ ਸਭਿਆਚਾਰ ਦੀ ਡੂੰਘੀ ਸਾਂਝ ਹੈ। ਆਜ਼ਾਦ ਹਿੰਦੁਸਤਾਨ ਵਿਚ ਇਹ ਹੱਦਾਂ ਆਪੇ ਮਿਟ ਜਾਣੀਆਂ ਨੇ।"

... ...

ਭਾਰਤ ਦੇ ਲੰਮੇ ਇਤਿਹਾਸ ਵਿਚ ਮਜ਼ਦੂਰਾਂ ਕਿਸਾਨਾਂ ਨੂੰ ਆਪਣੇ ਹਿੱਤਾਂ ਦੀ ਰਾਖੀ ਲਈ ਜੱਥੇਬੰਦ ਹੁੰਦਿਆਂ ਵੇਖ ਕੇ ਮਲੂਕੇ ਦੇ ਮਨ ਵਿਚ ਖ਼ੁਸ਼ੀ ਦੀ ਲਹਿਰ ਦੌੜ ਜਾਂਦੀ ਸੀ। ਪਰ ਲੋਕਾਂ ਦੇ ਦਿਲੋ-ਦਿਮਾਗ਼ ਨੂੰ ਧੂਹ ਪਾਉਣ ਵਾਲੀ ਭਾਰੂ-ਸ਼ਕਤੀ ਹਾਲੇ ਵੀ ਧਰਮ ਦੀ ਹੀ ਸੀ, ਜੋ ਉਹਨਾਂ ਨੂੰ ਬਿਨਾਂ ਕਿਸੇ ਨਾਬਰੀ ਦੇ ਜ਼ੁਲਮ ਤੇ ਤਸ਼ੱਦਦ ਨੂੰ ਚੁੱਪ-ਚਪੀਤੇ ਬਰਦਾਸ਼ਤ ਕਰਨ ਦੀ ਹੀ ਸਿੱਖਿਆ ਦਿੰਦਾ ਸੀ। ਭਾਰਤ ਵਿਚ ਦੇਵੀ-ਦੇਵਤਿਆਂ ਦੇ ਸ਼ਾਨਦਾਰ ਮੰਦਰ, ਮਹਾਰਾਜਿਆਂ ਦੇ ਵਿਲਾਸ ਮਹਿਲ, ਮੋਇਆਂ-ਮੁੱਕਿਆਂ ਦੇ ਝਿਲਮਲਾਉਂਦੇ ਮਕਬਰੇ ਤਾਂ ਸਨ ਪਰ ਜੀਉਂਦੇ ਰਹਿਣ ਲਈ ਅੰਨ ਪੈਦਾ ਕਰਨ ਵਾਲੇ ਇਹਦੇ ਮਿਹਨਤੀ ਕਿਸਾਨ ਹਾਲੇ ਵੀ ਬਦਨੁਮਾ ਝੁੱਗੀਆਂ ਵਿਚ ਹੀ ਆਪਣੀਆਂ ਜ਼ਿੰਦਗੀਆਂ ਬਸਰ ਕਰਨ ਲਈ ਮਜਬੂਰ ਸਨ। ਭਾਰਤ ਵਿਚ ਰਾਸ਼ਟਰਵਾਦ ਦੀ ਜਾਗ-ਲਾਉਣ ਵਾਲੀ ਨਵ-ਜਾਗ੍ਰਿਤੀ ਦੀਆਂ ਜੜ੍ਹਾਂ ਵੀ ਹਾਲੇ ਧਰਮ ਵਿਚ ਹੀ ਗੱਡੀਆਂ ਪਈਆਂ ਸਨ, ਜਿਸ ਦੇ ਫਲਸਰੂਪ ਕੌਮੀ ਉਭਾਰ ਦੇ ਮੱਠਾ ਪੈ ਜਾਣ ਦੇ ਤੁਰਤ ਬਾਅਦ ਫ਼ਿਰਕਾਪ੍ਰਸਤੀ ਦੀਆਂ ਕਰੂਰ ਤਾਕਤਾਂ ਫਿਰ ਪ੍ਰਗਟ ਹੋ ਕੇ ਜ਼ੋਰ ਫੜ ਲੈਂਦੀਆਂ ਸਨ। ਭਾਰਤ ਵਿਚ ਧਰਮ ਦੇ ਚੋਗੇ ਵਿਚ ਛੁਪੇ ਪਖੰਡ ਨੂੰ ਖਿੱਲੀ ਉਡਾ ਕੇ ਨਸ਼ਰ ਕਰਨ ਵਾਲੇ ਵਾਲਟੇਅਰ ਜੇਹੀ ਕੋਈ ਪ੍ਰਤਿਭਾ ਹਾਲੇ ਤਕ ਉਦੋਂ ਨਹੀਂ ਸੀ ਹੋਈ ਤੇ ਨਾ ਹੀ ਇਸ ਦੇ ਮਜ਼ਬੂਤ ਮੱਠਾਂ ਦੇ ਦੰਭ ਨੂੰ ਉਖਾੜਨ ਲਈ ਤਿੱਖੀ ਤਰਕਸ਼ੀਲ ਰੱਦਕਾਰੀ ਹਨੇਰੀ ਝੁਲਾਉਣ ਵਾਲਾ ਕੋਈ ਹੌਲਬਾਖ ਹੀ ਕਿਧਰੇ ਨਜ਼ਰ ਆਉਂਦਾ ਸੀ।

"ਜੇ ਤੁਸੀਂ ਮਾਰਕਸ ਵਾਂਗ ਇਸ ਮੱਤ ਦੇ ਵਿਸ਼ਵਾਸੀ ਹੋਵੋ ਕਿ ਧਰਮ ਲੋਕਾਂ ਦੀ ਅਫ਼ੀਮ ਹੁੰਦਾ ਹੈ", ਹੰਸਰਾਜ ਨੇ ਆਖਿਆ ਸੀ, "ਤਾਂ ਭਾਰਤੀਆਂ ਨਾਲੋਂ ਵੱਡਾ ਅਫ਼ੀਮਚੀ ਤੁਹਾਨੂੰ ਹੋਰ ਕਿੱਧਰੇ ਨਹੀਂ ਮਿਲੇਗਾ।"

"ਵੇਦਾਂ ਤੇ ਕੁਰਾਨ ਵਿਚ ਕਿੰਨੇ ਵੀ ਉੱਜਲੇ ਸੱਚ ਕਿਉਂ ਨਾ ਪ੍ਰਗਟ ਕੀਤੇ ਹੋਏ ਹੋਣ", ਉਸ ਨੇ ਆਖਿਆ ਸੀ, "ਪਰ ਧਰਮ ਨੇ ਆਮ ਲੋਕਾਂ ਨੂੰ ਜ਼ਿੰਦਗੀ ਦੇ ਸਭ ਦੁੱਖ-ਦਲਿੱਦਰਾਂ ਨੂੰ ਨਿਸੱਤੇ ਹੋ ਕੇ ਕਰਮ ਜਾਂ ਤਕਦੀਰ ਸਮਝ ਕੇ ਸਹਿ ਜਾਣ ਦੇ ਆਦੀ ਬਣਾ ਦਿੱਤਾ ਹੋਇਆ ਹੈ।"

"ਪਰ ਜੇ ਅਸੀਂ ਆਪਣੀਆਂ ਸਭਿਆਚਾਰਕ ਕੀਮਤਾਂ ਨੂੰ ਬਰਕਰਾਰ ਨ ਰੱਖੀਏ, ਤਾਂ", ਅਮਰ ਨਾਥ ਨੇ ਜੁਆਬ ਦਿੱਤਾ, "ਪੱਛਮ ਸਾਨੂੰ ਜ਼ੇਹਨੀ ਤੌਰ 'ਤੇ ਵੀ ਗ਼ੁਲਾਮ ਬਣਾ ਲਏਗਾ।"

"ਜਿਵੇਂ ਤੁਹਾਨੂੰ ਪਤਾ ਹੀ ਹੈ, ਭਾਰਤ ਵਿਚ ਬਰਤਾਨਵੀ ਪ੍ਰਭਾਵ ਦੇ ਮੁੱਢਲੇ ਦੌਰ ਵਿਚ ਭਾਰਤੀ ਬੁੱਧੀਜੀਵੀਆਂ ਨੇ ਜ਼ਿੰਦਗੀ ਦੇ ਹਰ ਖੇਤਰ ਵਿਚ ਉਹਨਾਂ ਦੇ ਪਿਛਲਗ ਹੋਣਾ ਸ਼ੁਰੂ ਕਰ ਦਿੱਤਾ ਸੀ। ਉਹ ਉਹਨਾਂ ਦੀ ਬੋਲੀ ਬੋਲਦੇ, ਨਕਲਚੀ ਪੁਸ਼ਾਕਾਂ ਪਹਿਨਦੇ ਅਤੇ ਉਹਨਾਂ ਵਾਂਗ ਹੀ ਆਪਣੇ ਦੰਦ ਸਾਫ਼ ਕਰਨ ਦੇ ਵਾਲ ਵਾਹੁਣ ਲੱਗ ਪਏ ਸਨ।"

"ਚੰਗੇ ਭਾਗੀਂ", ਉਹਨੇ ਆਪਣੀ ਗੱਲ ਜਾਰੀ ਰੱਖੀ, "ਸਾਡੇ ਸ਼ਾਇਰਾਂ ਨੇ ਆਪਣੇ ਵਿਅੰਗ ਦੀ ਚੋਭ ਨਾਲ ਉਹਨਾਂ ਦੀ ਖਿੱਲੀ ਉਡਾਉਣੀ ਸ਼ੁਰੂ ਕਰ ਦਿੱਤੀ ਸੀ। ਟੈਗੋਰ ਨੇ ਉਹਨਾਂ ਨੂੰ ਝਾੜ ਪਾਈ ਸੀ ਕਿ ਨਕਲਚੀ ਹੋਣ ਦਾ ਅਰਥ ਆਪਣੇ ਪਿੰਜਰ ਨੂੰ ਹੋਰਨਾਂ ਦੀ ਚਮੜੀ ਵਿਚ ਮੜ੍ਹਨ ਦੇ ਤੁੱਲ ਹੋਇਆ ਕਰਦਾ ਹੈ। ਇਸ ਤਰ੍ਹਾਂ ਚਮੜੀ ਤੇ ਹੱਡੀਆਂ ਵਿਚਕਾਰ ਇਕ ਸਦੀਵੀ ਕਸ਼ਮਕਸ਼ ਸ਼ੁਰੂ ਹੋ ਜਾਂਦੀ ਹੈ।"

ਇਸ ਦੇ ਸਿੱਟੇ ਵਜੋਂ ਹੀ ਹਿੰਦੁਸਤਾਨ ਵਿਚ ਪੁਨਰ-ਜਾਗ੍ਰਿਤੀ ਦਾ ਦੌਰ ਸ਼ੁਰੂ ਹੋਇਆ ਸੀ। ਪਰ ਇਹ ਯੂਰਪ ਜੇਹੀ ਪੁਨਰ-ਜਾਗ੍ਰਿਤੀ ਨਹੀਂ ਸੀ, ਜੋ ਚਾਨਣ ਲਈ ਪੁਰਾਣੇ ਯੂਨਾਨ ਦੀ ਟੇਕ ਲੈਂਦੀ ਤੇ ਜ਼ਿੰਦਗੀ ਦਾ ਜਸ਼ਨ ਮਨਾਉਣ ਦਾ ਸਨੇਹਾ ਦੇਂਦੀ ਸੀ। ਭਾਰਤ ਨੇ ਆਪਣੇ ਧਰਮ ਤੇ ਦਰਸ਼ਨ ਵਲ ਮੂੰਹ ਕੀਤਾ ਸੀ ਪਰੰਤੂ ਪੱਛਮ ਨਾਲ ਆਪਣੇ ਸੰਪਰਕ ਦੇ ਸਿੱਟੇ ਵਜੋਂ ਇਸ ਦੀ ਨਵੇਂ ਢੰਗ ਨਾਲ ਵਿਆਖਿਆ ਕਰਨ ਦਾ ਯਤਨ ਕੀਤਾ ਸੀ। ਸੁਆਮੀ ਦਇਆ ਨੰਦ ਨੇ ਹਿੰਦੂਆਂ ਨੂੰ ਵੇਦਾਂ ਦੀ ਅਛੋਹ ਤੇ ਕਦੀਮੀਂ ਪਵਿੱਤਰਤਾ ਵਲ ਮੋੜਾ ਪਾਉਣ ਦਾ ਸੁਨੇਹਾ ਦਿੱਤਾ ਸੀ। ਸੁਆਮੀ ਵਿਵੇਕਾਨੰਦ ਨੇ ਪੁਰਾਤਨ ਧਾਰਮਿਕ ਗ੍ਰੰਥਾਂ ਦੀ ਗਤੀਸ਼ੀਲ ਵਿਆਖਿਆ ਕੀਤੀ ਸੀ। ਮੁਸਲਮਾਨਾਂ ਤੇ ਸਿੱਖਾਂ ਨੇ ਵੀ ਇਹੋ ਰੁਝਾਨ ਅਪਣਾਇਆ ਸੀ। ਇਸ

ਦਾ ਇਕ ਸਿੱਟਾ ਤਾਂ ਇਹ ਹੋਇਆ ਕਿ ਰਾਸ਼ਟਰਵਾਦ ਸਾਡੀ ਕਲਾ ਤੇ ਸਾਹਿਤ ਉੱਪਰ ਵੀ ਹਾਵੀ ਹੋ ਗਿਆ ਸੀ । ਸ਼ੈਕਸਪੀਅਰ ਮਹਾਨ ਸੀ ਪਰ ਕਾਲੀ ਦਾਸ ਉਸ ਤੋਂ ਵੱਧ ਮਹਾਨ ਹੋ ਗਿਆ ਸੀ। ਵਰਡਜ਼ਵਰਥ ਤੇ ਸ਼ੈਲੇ ਉਤਕ੍ਰਿਸ਼ਟ ਸਨ ਪਰ ਇਕਬਾਲ ਤੇ ਟੈਗੋਰ ਲਾਸਾਨੀ ਬਣ ਗਏ ਸਨ। ਲੰਗੋਟੀ, ਗੀਤਾ ਦੇ ਰੂਹਾਨੀ ਸੰਦੇਸ਼ ਤੇ ਰਾਮਰਾਜ ਦੇ ਆਦਰਸ਼ ਵਾਲਾ ਮਹਾਤਮਾ ਗਾਂਧੀ ਇਸ ਦੌਰ ਦਾ ਆਦਰਸ਼ਕ-ਚਿੰਨ੍ਹ ਬਣ ਗਿਆ ਸੀ।

ਮਲੂਕੇ ਨੂੰ ਗੰਗਾ ਦੇ ਕਿਨਾਰਿਆਂ 'ਤੇ ਪੂਰਬ ਤੇ ਪੱਛਮ ਵਿਚਕਾਰਲੀ ਸਭਿਆਚਾਰਕ ਕਸ਼ਮਕਸ਼ ਨੇ ਆਪਣੇ ਵਲ ਆਕਰਸ਼ਿਤ ਕੀਤਾ ਸੀ। ਉਹ ਇਸ ਦੇ ਸਰੂਪ ਨੂੰ ਵਧੇਰੇ ਚੰਗੀ ਤਰ੍ਹਾਂ ਸਮਝਣਾ ਚਾਹੁੰਦਾ ਸੀ ਤੇ ਉਸ ਨੇ ਕਈ ਕਾਲਿਜਾਂ ਵਿਚ ਦਾਖ਼ਲਾ ਲੈਣ ਦੀ ਕੋਸ਼ਿਸ਼ ਕੀਤੀ ਸੀ। ਪਰ ਉਹਨੂੰ ਸਭ ਪਾਸਿਉਂ ਨਾਂਹ ਹੋਈ ਸੀ। ਉਹਦੀਆਂ ਕੈਨੇਡੀਅਨ ਸਨਅਦਾਂ ਕਿਸੇ ਵੀ ਪਰਵਾਨ ਨਾ ਕੀਤੀਆਂ। ਅਜੇਹੀ ਕੋਈ ਪੂਰਵ-ਰੀਤੀ ਜੂ ਨਹੀਂ ਸੀ।

ਉਸ ਨੇ ਕਿਸੇ ਤਰ੍ਹਾਂ ਬਨਾਰਸ ਹਿੰਦੂ ਯੂਨੀਵਰਸਿਟੀ ਦੇ ਉਪ ਕੁਲਪਤੀ ਪੰਡਿਤ ਮਦਨ ਮੋਹਨ ਮਾਲਵੀਆ ਦੇ ਨਾਂ ਇਕ ਤੁਆਰਫ਼ੀ ਖ਼ਤ ਦਾ ਜੁਗਾੜ ਬਣਾ ਲਿਆ। ਪੰਡਿਤ ਜੀ ਭਾਰਤੀ ਸੰਸਦੀ ਅਸੈਂਬਲੀ ਦੇ ਮੈਂਬਰ ਤੇ ਦਕਿਆਨੂਸੀ ਹਿੰਦੂਆਂ ਦੇ ਬੇਤਾਜ ਬਾਦਸ਼ਾਹ ਸਨ।

ਮਲੂਕਾ ਉਹਨਾਂ ਦੇ ਦਫ਼ਤਰ ਵਿਚ ਦਾਖ਼ਲ ਹੋਇਆ ਤਾਂ ਖੱਦਰ ਦਾ ਕੁਰਤਾ ਪਾਜਾਮੀ ਪਹਿਨੀ, ਪੰਡਿਤ ਜੀ ਆਪਣੀ ਸਵੇਰ ਵੇਲੇ ਦੀ ਕਸਰਤ ਵਿਚ ਮਗਨ ਸਨ। ਇਕ-ਡਾਲਰੀ ਘੜੀ ਉਹਨਾਂ ਦੇ ਸਾਹਮਣੇ ਵਾਲੇ ਮੇਜ਼ ਉੱਪਰ ਪਈ ਸੀ। ਮਧਰੇ-ਕੱਦ ਤੇ ਸੁਬਕ ਜੇਹੇ ਸਰੀਰ ਵਾਲੇ ਪੰਡਿਤ ਜੀ ਦਾ ਰੰਗ ਗੋਰਾ ਤੇ ਸਿਰ ਦੇ ਵਾਲ ਧੌਲੇ ਤੇ ਛੋਟੇ ਛੋਟੇ ਮੁੰਨੇ ਹੋਏ ਸਨ।

ਮਲੂਕਾ ਝੇਂਪ ਗਿਆ ਸੀ।

ਪੰਡਿਤ ਜੀ ਨੇ ਉਹਨੂੰ ਆਪਣੀਆਂ ਭੂਰੀਆਂ, ਚਮਕਦਾਰ ਦਇਆਵਾਨ ਅੱਖਾਂ ਨਾਲ ਨਿਹਾਰਿਆ।

"ਬੋਲੋ ਬੋਲੋ", ਉਹਨਾਂ ਆਪਣਾ ਪ੍ਰਾਣਾਯਾਮ ਜਾਰੀ ਰੱਖਿਆ ਹੋਇਆ ਸੀ।

"ਮੈਂ ਬਨਾਰਸ ਯੂਨੀਵਰਸਿਟੀ ਵਿਚ ਦਾਖ਼ਲ ਹੋਣਾ ਚਾਹੁਨਾਂ।"

"ਡਿਗਰੀ ਲਣ ਦੀ ਮਣਸ਼ਾ ਨਾਲ ?"

"ਨਹੀਂ ਜਨਾਬ ! ਮੈਂ ਆਪਣੇ ਸਭਿਆਚਾਰਕ ਵਿਰਸੇ ਬਾਰੇ ਹੋਰ ਵਧੇਰੇ ਜਾਨਣਾ ਚਾਹੁਨਾਂ।" ਉਹਨੇ ਹੋਰ ਯੂਨੀਵਰਸਿਟੀਆਂ ਵਿਚ ਪੇਸ਼ ਆਈਆਂ ਆਪਣੀਆਂ ਔਕੜਾਂ ਬਾਰੇ ਖੋਲ੍ਹ ਕੇ ਦੱਸਿਆ ਸੀ।

"ਇੱਥੇ ਤੁਹਾਨੂੰ ਕੋਈ ਮੁਸ਼ਕਲ ਨਹੀਂ ਆਉਣ ਲੱਗੀ", ਵਾਈਸ ਚਾਂਸਲਰ ਸਾਹਿਬ ਹੋਰਾਂ ਉਹਦਾ ਹੌਂਸਲਾ ਵਧਾਉਂਦਿਆਂ ਕਿਹਾ ਸੀ। "ਤੈਨੂੰ ਕਿਸੇ ਵਿਭਾਗ ਵਿਚ ਆਪਣਾ ਨਾਂ ਦਰਜ ਕਰਾਉਣ ਦੀ ਲੋੜ ਨਹੀਂ। ਤੂੰ ਇਕ 'ਫਿਰਤੂ' ਵਿਦਿਆਰਥੀ ਵਾਂਗ ਕੋਈ ਵੀ ਲੈਕਚਰ ਸੁਣ ਸਕਦਾਂ। ਇਸ ਲਈ ਲੋੜੀਂਦੇ ਪ੍ਰਬੰਧ ਕਰ ਦਿੱਤੇ ਜਾਣਗੇ।"

ਆਪਣੇ ਇਸ਼ਨਾਨ-ਘਾਟਾਂ ਲਈ ਮਸ਼ਹੂਰ, ਬਨਾਰਸ, ਹਿੰਦੂਆਂ ਦੇ ਸੱਤਾਂ ਪਵਿੱਤਰ ਸ਼ਹਿਰਾਂ ਵਿਚੋਂ ਇਕ ਹੈ। ਇਹ ਪੁਰਾਤਨ ਸਮਿਆਂ ਤੋਂ ਹੀ ਵਿਦਿਆ ਦਾ ਕੇਂਦਰ ਚਲਿਆ ਆ ਰਿਹਾ ਹੈ। ਵਿਸ਼ਾਲ ਮੈਦਾਨ ਵਿਚ ਉਸਰੀਆਂ ਯੂਨੀਵਰਸਿਟੀ ਦੀਆਂ ਇਮਾਰਤਾਂ ਬਹੁਤ ਪ੍ਰਭਾਵਸ਼ਾਲੀ ਸਨ। ਪਰ ਮਲੂਕੇ ਨੂੰ ਇਸ ਪਵਿੱਤਰ ਸ਼ਹਿਰ ਦੀ ਗ਼ਲਾਜ਼ਤ ਤੇ ਕਲਜੋਗੀ ਜਿਹੇ ਪੁਜਾਰੀਆਂ ਤੋਂ ਬੜੀ ਕਰਹਿਤ ਆਈ ਸੀ। ਉਹਨੂੰ ਇਸ ਗੱਲ ਦੀ ਬੜੀ ਹੈਰਾਨੀ ਹੁੰਦੀ ਸੀ ਕਿ ਯੂਨੀਵਰਸਿਟੀ ਦੀ ਇਮਾਰਤ ਵਿਚ ਗੁਟੂਕਦੇ ਕਬੂਤਰਾਂ ਦੀਆਂ ਹੋੜ੍ਹਾਂ, ਗਾਈਆਂ ਤੇ ਸਾਧਾਂ ਨੂੰ ਤਾਂ ਹਰ ਤਰ੍ਹਾਂ ਦੀ ਸਹੂਲਤ ਤੇ ਆਜ਼ਾਦੀ ਸੀ, ਜਦਕਿ ਯੂਨੀਵਰਸਿਟੀ ਦੇ ਨਾਲ ਲਗਦੇ ਖੇਤਾਂ ਵਿਚ ਲਹੂ-ਪਸੀਨਾ ਇਕ ਕਰਦੇ ਕਿਸਾਨ ਜ਼ਿੱਲਤ ਭਰੀ ਜ਼ਿੰਦਗੀ ਬਸਰ ਕਰ ਰਹੇ ਸਨ।

ਇਥੇ ਮਲੂਕੇ ਨੇ ਪੂਰਬ ਤੇ ਪੱਛਮ ਵਿਚਕਾਰ ਦੇ ਸਭਿਆਚਾਰ ਸੰਬੰਧਾਂ ਬਾਰੇ ਕਈ ਭਰਪੂਰ ਭਾਸ਼ਣ ਸੁਣੇ ਸਨ। ਕਈ ਵਾਰ ਵਾਈਸ ਚਾਂਸਲਰ ਹੋਰਾਂ ਖ਼ੁਦ ਪੁਰਾਤਨ ਭਾਰਤ ਦੀ ਰੂਹਾਨੀ ਸ਼ਾਨ ਬਾਰੇ ਤਕਰੀਰਾਂ ਕਰਦਿਆਂ ਇਹ ਕਿਹਾ ਸੀ ਕਿ ਇਸ ਦੇ ਪ੍ਰਭਾਵ ਨੂੰ ਮਾਪ ਸਕਣਾ ਸਹਿਲ ਨਹੀਂ ਕਿਉਂਕਿ ਇਹ ਤਰੇਲ ਪੈਣ ਵਾਂਗ ਅਦਿੱਸ ਤੇ ਬਸੰਤ ਦੀ ਰੂਹ ਵਾਂਗ ਵਿਆਪਕ ਹੋ ਸਕਦਾ ਸੀ।

ਪ੍ਰੋਫੈਸਰ ਮਿਤ੍ਰਾ ਨੇ ਇਸ ਗੱਲ ਦੀ ਵਿਆਖਿਆ ਕੀਤੀ ਸੀ ਕਿ ਸਤ੍ਰਾਰਵੀਂ ਤੇ ਅਠਾਰ੍ਹਵੀਂ ਸਦੀ ਦੇ ਯੂਰਪ ਦਾ ਭਾਰਤੀ ਵਿਚਾਰਧਾਰਾ ਪ੍ਰਤੀ ਹੁੰਘਾਰਾ ਬੜੀ ਤਤਪਰਤਾ ਵਾਲਾ ਨਹੀਂ ਸੀ। ਉਸ ਵੇਲੇ ਦੀ ਯੂਰਪੀ ਸੋਚ ਆਪਣੇ ਦ੍ਰਿਸ਼ਟੀਕੋਣ

ਵਜੋਂ ਹਿਸਾਬੀ-ਕਿਤਾਬੀ ਅਤੇ ਆਪਣੇ ਸੁਭਾਓ ਵਲੋਂ ਤਰਕਸ਼ੀਲ ਤੇ ਮਕਾਨਕੀ ਹੋਣ ਕਾਰਨ, ਪੂਰਬੀ ਕਲਪਣਾ ਦੀਆਂ ਉਡਾਣਾਂ ਤੇ ਅਨੁਭਵੀ ਚੇਤਨਾ ਦੇ ਸਾਖਿਆਤਕਾਰਾਂ ਪ੍ਰਤੀ ਸੰਚੇਹ ਦੀ ਧਾਰਨੀ ਸੀ।

ਪਰ ਉਨ੍ਹੀਵੀਂ ਸਦੀ ਵਿਚ ਤਬਦੀਲੀ ਆਈ ਸੀ। ਭੌਤਿਕ ਵਿਗਿਆਨ ਦੇ ਪ੍ਰਮਾਣੂਵਾਦ ਨੇ ਪ੍ਰਕ੍ਰਿਤਕ ਵਿਗਿਆਨ ਦੇ ਆਂਗਿਕਤਾਵਾਦ ਨੂੰ ਥਾਂ ਦੇ ਦਿੱਤੀ ਸੀ। ਇਸ ਦੌਰ ਵਿਚ ਰੂਹਾਨੀ ਪ੍ਰਵਿਰਤੀ ਨੂੰ ਦਿੱਵ-ਸਥਾਨ ਪ੍ਰਾਪਤ ਹੋ ਗਿਆ ਸੀ। ਇਹ ਬਲੇਕ ਤੇ ਵਰਡਜ਼ਵਰਥ ਦਾ ਜ਼ਮਾਨਾ ਸੀ।

"ਸਿੱਟੇ ਵਜੋਂ" ਉਨ੍ਹਾਂ ਆਪਣੀ ਗੱਲ ਜਾਰੀ ਰੱਖਦਿਆਂ ਕਿਹਾ ਸੀ, "ਕਈ ਪੱਛਮੀ ਵਿਦਵਾਨਾਂ ਨੇ ਭਾਰਤੀ ਸਨਾਤਨੀ ਗ੍ਰੰਥਾਂ ਦਾ ਮੁਤਾਲਿਆ ਸ਼ੁਰੂ ਕਰ ਦਿੱਤਾ ਸੀ। ਔਕਸਫੋਰਡ ਵਿਚ ਮੈਕਸਮੂਲਰ, ਬਰਲਿਨ ਵਿਚ ਸੌਪ ਤੇ ਪੈਰਿਸ ਵਿਚ ਬਰਨੌਫ ਇਸ ਪਿੜ ਵਿਚ ਨਿੱਤਰ ਕੇ ਸਾਹਮਣੇ ਆ ਗਏ ਸਨ। ਚਾਰਲਸ ਵਿਲਕਿਨਜ਼ ਨੇ ਭਗਵਦ ਗੀਤਾ ਦਾ ਅਨੁਵਾਦ ਕੀਤਾ ਸੀ ਅਤੇ ਸਰ ਵਿਲੀਅਮ ਜੋਨਜ਼ ਨੇ ਮਨੂ ਸਿਮ੍ਰਿਤੀ ਪ੍ਰਕਾਸ਼ਿਤ ਕੀਤੀ ਸੀ।

ਉਨ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਸੀ ਕਿ "ਹੈਨਰੀ ਥੋਮਸ ਕੋਲਬਰੁੱਕ ਦੇ ਵੇਦਾਂਤ ਬਾਰੇ ਨਿਬੰਧ ਤੇ ਐਡਵਿਨ ਐਰਨਾਲਡ ਦੀ ਬੁੱਧ ਦੀ ਖ਼ੂਬਸੂਰਤ ਪੇਸ਼ਕਾਰੀ ਨੂੰ ਬਰਤਾਨੀਆ ਵਿਚ ਬਹੁਤ ਸਾਰੇ ਪ੍ਰਸ਼ੰਸਕ ਪ੍ਰਾਪਤ ਹੋਏ ਸਨ।"

"ਪੱਛਮੀ ਸਾਹਿਤ ਦੇ ਇਕ ਮਹਾਨ ਵਿਦਵਾਨ ਪ੍ਰੋਫੈਸਰ ਗੌਡਬੋਲ ਦਾ ਦਾਅਵਾ ਸੀ ਕਿ "ਸ਼ੋਪਨਹਾਰ ਭਾਰਤੀ ਵਿਚਾਰਧਾਰਾ ਦਾ ਮਹਾਨ ਪ੍ਰਸ਼ੰਸਕ ਸੀ ਅਤੇ ਉਹਨੂੰ ਇਸ ਗੱਲ ਦੀ ਪ੍ਰਤੀਤੀ ਹੋ ਗਈ ਸੀ ਕਿ ਮਾਇਆ ਦਾ ਭਾਰਤੀ ਸੰਕਲਪ ਭਰਮ ਨਹੀਂ ਸਗੋਂ ਚਾਨਣ ਦਾ ਸੰਕਲਪ ਸੀ। ਆਦਮੀ ਵਿਰੋਧੀ ਇੱਛਾਵਾਂ ਵਿਚ ਘਿਰਿਆ ਆਪਣੀ ਜ਼ਿੰਦਗੀ ਸ਼ੁਰੂ ਕਰਦਾ ਹੈ ਅਤੇ ਜਦੋਂ ਉਹਨੂੰ ਗਿਆਨ ਹੋ ਜਾਂਦਾ ਹੈ ਤਦ ਇਹ ਉਸ ਨੂੰ ਗੁਜ਼ਰਨਹਾਰ ਸਾਏ ਜਾਪਣ ਲੱਗ ਪੈਂਦੇ ਹਨ।"

"ਕੀਟਸ ਨੇ ਇਹ ਆਖਦਿਆਂ ਕਿ ਜੀਵਨ ਰੂਹ-ਰਚਨਾ ਦਾ ਹੀ ਪਰਦਾ ਹੈ, ਇਸੇ ਵਿਚਾਰ ਦੀ ਪੁਸ਼ਟੀ ਕੀਤੀ ਸੀ।"

"ਵਰਡਜ਼ਵਰਥ ਨੇ ਵੀ ਬਤੌਰ ਵੇਦਾਂਤੀ ਹੀ ਸਾਨੂੰ ਇਹ ਯਾਦਹਾਨੀ ਕਰਵਾਈ ਸੀ ਕਿ ਸਾਡਾ ਜੀਵਨ ਨਿੰਦਰਾ ਤੇ ਇਸ ਭੁਲੇਵੇਂ ਦੀ ਨਿਆਈ ਹੀ ਹੈ ਕਿ ਸਾਡੀ

ਆਤਮਾ ਬੜੀ ਦੂਰ-ਪਾਰੋਂ ਅਵਤ੍ਰਿਤ ਹੋਈ ਹੈ।"

ਸ਼ੈਲੇ ਨੇ ਵੀ ਆਪਣੇ 'ਆਦੋਨਾਇਸ ਵਿਚ' ਭਾਰਤੀ ਦਰਸ਼ਨ ਦਾ ਹੀ ਇਕ ਬੁਨਿਆਦੀ ਸੰਕਲਪ ਪੇਸ਼ ਕੀਤਾ ਹੈ :

"ਏਕ ਕਾਇਮ ਦਾਇਮ ਹੈ ਸਦਾ
ਅਨੇਕ ਬੀਤ ਬਦਲ ਜਾਂਦੇ ਨੇ
ਅੰਬਰ ਦਾ ਚਾਨਣ ਸਲਾਮਤ ਹੈ ਸਦਾ
ਧਰਤੀ ਦੇ ਸਾਏ ਉਡ ਜਾਂਦੇ ਨੇ।"

ਅਤੇ ਅੰਤ ਵਿਚ ਆਦੋਨਾਇਸ ਮਰਦਾ ਨਹੀਂ ਸਗੋਂ ਉਹ ਤਾਂ ਕੇਵਲ "ਜੀਵਨ ਦੇ ਸੁਪਨੇ 'ਚੋਂ ਜਾਗਦਾ ਹੀ ਹੈ।"

ਜਦੋਂ ਮਲੂਕਾ ਪੰਡਿਤ ਜੀ ਦੀ ਮੇਹਰਬਾਨੀ ਲਈ ਉਹਨਾਂ ਦਾ ਸ਼ੁਕਰੀਆ ਅਦਾ ਕਰਨ ਗਿਆ ਤਾਂ ਉਸ ਨੇ ਉਹਨਾਂ ਨੂੰ ਪੱਛਮ ਯਾਤਰਾ ਦੀ ਦਾਅਵਤ ਦਿੱਤੀ ਸੀ।

ਪੰਡਿਤ ਜੀ ਨੇ ਆਖਿਆ ਸੀ, "ਮੈਂ ਹੀਗਲ ਨੂੰ ਮਿਲਣ ਲਈ ਸਮੁੰਦਰ ਪਾਰ ਕਰ ਸਕਦਾ ਸੀ, ਕਿਉਂਕਿ ਉਹ ਕਿਸੇ ਵੇਦਾਂਤਕ ਰਿਸ਼ੀ ਦਾ ਹੀ ਅਵਤਾਰ ਸੀ।"

"ਹੀਗਲ ਨੇ ਪ੍ਰੋਕਲਸ ਤੋਂ ਬੜਾ ਕੁਝ ਲਿਆ ਸੀ, ਜਿਸ ਦੇ ਵਿਚਾਰ ਖ਼ੁਦ ਪੂਰਬ ਤੇ ਪੱਛਮ ਦਾ ਮਿਸ਼ਰਣ ਸਨ। ਪਰ ਮੇਰਾ ਖ਼ਿਆਲ ਹੈ ਕਿ ਉਹਦਾ ਭਾਰਤੀ ਵਿਚਾਰਧਾਰਾ ਨਾਲ ਸਿੱਧਾ ਸੰਪਰਕ ਵੀ ਸੀ। ਹੀਗਲ ਦਾ ਨਿਰਪੇਖ ਦਾ ਸਿਧਾਂਤ ਵੇਦਾਂਤ ਦੇ 'ਸਰਵ ਏਕਮ' ਦੇ ਸੰਕਲਪ ਦਾ ਹੀ ਜਰਮਨ ਰੂਪਾਂਤਰ ਹੈ", ਉਹਨਾਂ ਆਖਿਆ ਸੀ।

50

"ਮਲੂਕਿਆ, ਛੇਤੀ ਹੀ ਲਾਹੌਰ ਵਿਚ ਭਾਰਤੀ ਕੌਮੀ ਕਾਂਗਰਸ ਦਾ ਅਗਲਾ ਇਜਲਾਸ ਹੋ ਰਿਹੈ। ਕੈਨੇਡੇ ਨੂੰ ਮੁੜਨ ਤੋਂ ਪਹਿਲਾਂ ਇਜਲਾਸ ਜ਼ਰੂਰ ਵੇਖ ਕੇ ਜਾਈਂ। ਤੈਨੂੰ ਉੱਥੇ ਦੇਸ਼ ਦੀਆਂ ਹੋਰ ਰਾਜਸੀ ਜੱਥੇਬੰਦੀਆਂ ਦੇ ਆਗੂ ਵੀ ਮਿਲ

ਜਾਣਗੇ", ਇਕ ਦਿਨ ਲਛਮਣ ਸਿੰਘ ਨੇ ਤਾਕੀਦ ਕੀਤੀ ਸੀ।

"ਤੂੰ ਜਾਣਦੈਂ ਆਪਣੇ ਕੈਨੇਡੇ ਵਿਚ ਰਹਿੰਦੇ ਲੋਕ ਸਿਆਸੀ ਤੌਰ 'ਤੇ ਬੜੇ ਚੇਤੰਨ ਨੇ। ਤੈਨੂੰ ਉਹਨਾਂ ਦੇ ਸੁਆਲਾਂ ਦੇ ਜੁਆਬ ਦੇਣ ਲਈ ਤਿਆਰ ਹੋ ਕੇ ਜਾਣਾ ਚਾਹੀਦੈ।" ਉਹਨੇ ਅਗਾਂਹ ਆਖਿਆ ਸੀ।

ਛੋਟੇ ਜਿਹੇ ਕੱਦ ਦਾ, ਸੂਝਵਾਨ ਤੇ ਮੇਹਨਤੀ ਆਦਮੀ ਸੀ ਲਛਮਣ ਸਿੰਘ। ਉਹ 1906 ਵਿਚ ਦੱਸਵੀਂ ਪਾਸ ਕਰ ਕੇ ਕੈਨੇਡਾ ਗਿਆ ਸੀ। ਝੱਟ ਮਗਰੋਂ ਹੀ ਉਸ ਨੇ ਅਲਬਰਨੀ ਦੀ ਬੰਦਰਗਾਹ 'ਤੇ ਕੋਈ ਛੋਟੀ ਜਿਹੀ ਲੱਕੜ ਮਿੱਲ ਸ਼ੁਰੂ ਕਰ ਕੇ ਵਾਹਵਾ ਸੋਹਣੇ ਪੈਸੇ ਕਮਾਏ ਸਨ। ਸਾਲ ਕੁ ਪਹਿਲਾਂ, ਉਹ ਕੈਨੇਡਿਓਂ ਮੁੜਿਆ ਸੀ। ਉਹਨੇ ਆਪਣੇ ਪਿੰਡ ਖੁਰਦਪੁਰ, ਜੋ ਪ੍ਰਸਿੱਧ ਗ਼ਦਰੀ ਆਗੂ ਭਾਈ ਬਲਵੰਤ ਸਿੰਘ ਦੇ ਜਨਮ ਸਥਾਨ ਦੇ ਤੌਰ 'ਤੇ ਪ੍ਰਸਿੱਧ ਸੀ, ਵਿਚ ਬੜਾ ਖੁੱਲ੍ਹਾ-ਡੁੱਲ੍ਹਾ ਚੌ-ਮੰਜ਼ਲਾ ਘਰ ਛੱਤਿਆ ਹੋਇਆ ਸੀ। ਇਹ ਘਰ ਕੈਨੇਡਾ ਤੋਂ ਪਰਤੇ ਪਰਵਾਸੀਆਂ ਦੇ ਮੇਲ-ਗੇਲ ਦਾ ਪ੍ਰਮੁੱਖ ਕੇਂਦਰ ਸੀ।

"ਦਸਾਂ ਸਾਲਾਂ ਬਾਅਦ ਕਾਂਗਰਸ ਫੇਰ ਪੰਜਾਬ ਵਲ ਮੋੜਾ ਪਾ ਰਹੀ ਹੈ। ਤੈਨੂੰ ਜੱਲ੍ਹਿਆਂ ਵਾਲੇ ਬਾਗ਼ ਦੇ ਸਾਕੇ ਤੋਂ ਬਾਅਦ, ਕਾਂਗਰਸ ਦਾ ਅੰਮ੍ਰਿਤਸਰ ਵਿਚ ਹੋਇਆ ਬੜਾ ਭਾਰਾ ਅਜਲਾਸ ਚੇਤੇ ਹੀ ਹੋਣਾ। ਅਗਲਾ ਸੈਸ਼ਨ ਹੋਰ ਵੀ ਬੜਾ ਮਹੱਤਵਪੂਰਨ ਹੋਣਾ। ਜਵਾਹਰ ਲਾਲ ਨਹਿਰੂ ਇਸ ਇਜਲਾਸ ਦਾ ਪ੍ਰਧਾਨ ਹੋਵੇਗਾ', ਹਜ਼ਾਰਾ ਸਿੰਘ ਨੇ ਆਖਿਆ ਸੀ।

"ਤੈਨੂੰ ਦੂਸਰੀਆਂ ਵਧੇਰੇ ਗਰਮ-ਖਿਆਲੀ ਤੇ ਇਨਕਲਾਬੀ ਰਾਜਸੀ ਜੱਥੇਬੰਦੀਆਂ ਦੇ ਆਗੂਆਂ ਨਾਲ ਵੀ ਮੁਲਾਕਾਤ ਕਰਨੀ ਚਾਹੀਦੀ ਏ, ਮਲੂਕਿਆ। ਨੌਜੁਆਨਾਂ ਦੀ ਇਕ ਜੁਝਾਰੂ ਜੱਥੇਬੰਦੀ ਹੈ। ਨੌਜੁਆਨ ਭਾਰਤ ਸਭਾ, ਜਿਹਦਾ ਆਗੂ, ਭਗਤ ਸਿੰਘ ਆਪਣੇ ਕਈ ਸਾਥੀਆਂ ਸਮੇਤ, ਲਾਹੌਰ ਜੇਲ੍ਹ ਵਿਚ ਨਜ਼ਰਬੰਦ ਹੈ। ਚਾਰ ਵਰ੍ਹੇ ਪਹਿਲਾਂ ਰਸਮੀ ਤੌਰ ਤੇ ਸਥਾਪਿਤ ਹੋਈ ਕਮਿਊਨਿਸਟ ਪਾਰਟੀ ਦਾ ਅਸਰ ਵੀ ਬੜੀ ਤੇਜ਼ੀ ਨਾਲ ਵਧ ਰਿਹੈ", ਦੀਵਾਨ ਸਿੰਘ ਨੇ ਦੱਸਿਆ ਸੀ।

... ...

ਪੰਜਾਬ ਵਿਚ ਗੂੜ੍ਹੇ ਰੰਗਾਂ ਵਾਲੀ ਪਤਝੜ ਮੁੱਕ ਚੁੱਕੀ ਸੀ। ਠੰਢੀਆਂ ਰਾਤਾਂ ਵਾਲਾ ਸਿਆਲ ਸ਼ੁਰੂ ਹੋ ਚੁੱਕਾ ਸੀ। ਸਵੇਰੇ ਨਵੀਂ ਕਣਕ ਦੀਆਂ ਕੋਰੇ-ਜੰਮੀਆਂ

ਕਰੂੰਬਲਾਂ ਸੂਰਜ ਦੀ ਧੁੱਪ ਵਿਚ ਦਮਕਦੀਆਂ ਹੁੰਦੀਆਂ ਸਨ। ਰਾਜਸੀ ਇਕੱਠ ਕਰਨ ਲਈ ਇਹ ਰੁੱਤ ਸਭ ਤੋਂ ਵੱਧ ਢੁੱਕਵੀਂ ਸੀ।

ਲਛਮਣ ਸਿੰਘ ਤੇ ਮਲੂਕੇ ਨੇ ਇਕੱਠਿਆਂ ਦਿੱਲੀ, ਲਾਹੌਰ, ਅੰਮ੍ਰਿਤਸਰ, ਅਲਾਹਾਬਾਦ ਤੇ ਉੱਤਰੀ ਭਾਰਤ ਦੇ ਰਾਜਨੀਤਕ ਦਿਲਚਸਪੀ ਵਾਲੇ ਹੋਰ ਸ਼ਹਿਰਾਂ ਦੀ ਯਾਤਰਾ ਕਰਨ ਦਾ ਫ਼ੈਸਲਾ ਕੀਤਾ ਸੀ।

ਨੀਲੇ ਆਕਾਸ਼ ਵਿਚ ਚਮਕਦੇ ਸੂਰਜ ਦੀ ਰੌਸ਼ਨੀ ਵਿਚ, ਦਿਉ-ਕੱਦ ਸਾਮਰਾਜੀ ਸੱਤਾ ਦੇ ਪਹੀਏ ਦਾ ਧੁਰਾ, ਲਿਊਟਨ ਦਾ ਸ਼ਹਿਰ, ਦਿੱਲੀ ਬਹੁਤ ਖ਼ੂਬਸੂਰਤ ਲੱਗ ਰਿਹਾ ਸੀ। ਇਹਦੀ ਸੈਨਿਕ ਸ਼ਕਤੀ ਤੇ ਪ੍ਰਤਿਸ਼ਠਾ ਦਾ ਕੋਈ ਵਾਰ-ਫੇਰ ਨਹੀਂ ਸੀ। ਪਰ ਤਬਦੀਲੀ ਦੀਆਂ ਤਾਕਤਾਂ ਵੀ ਮੌਨਸੂਨ ਦੇ ਬੱਦਲਾਂ ਵਾਂਗ ਇਕੱਠੀਆਂ ਹੋ ਰਹੀਆਂ ਨਜ਼ਰ ਆ ਰਹੀਆਂ ਸਨ। ਮਲੂਕਾ ਤੇ ਲਛਮਣ ਸਿੰਘ ਕੇਂਦਰੀ ਸਕੱਤਰੇਤ ਦੇ ਦੋਨੋਂ ਖ਼ੂਬਸੂਰਤ ਤੇ ਇਕਸਾਰ ਬਲਾਕਾਂ ਦੇ ਵਿਚਕਾਰ ਖੜੇ ਸਨ। ਹਰ ਪਾਸੇ ਕਲਰਕਾਂ ਦੀ ਭਰਮਾਰ ਸੀ। ਦੂਰ ਤੀਕ ਵਿਸ਼ਾਲ ਹਰੇ ਲਾਅਨ ਫੈਲੇ ਹੋਏ ਸਨ। ਪੂਰਬ ਵਲ ਜੰਗ ਦੀ ਯਾਦਗਾਰ ਮਹਿਰਾਬ ਤੇ ਸ਼ਾਹੀ ਵਸਤਰਾਂ ਵਿਚ ਸੁਭਾਇਮਾਨ ਜਾਰਜ ਪੰਜਵੇਂ ਦਾ ਸੰਗਮਰਮਰ ਦਾ ਖ਼ੂਬਸੂਰਤ ਬੁੱਤ ਸੀ। ਉੱਤਰ ਵਿਚ ਸ਼ਾਨਦਾਰ ਥਮਲੇਦਾਰ ਪਰਕਰਮਾ ਵਾਲੀ ਸੰਸਦ ਭਵਨ ਦੀ ਗੋਲ ਇਮਾਰਤ ਸੀ। ਸਮੁੱਚੇ ਸੰਤੁਲਿਤ ਇਮਾਰਤ ਸਮੂਹ, ਜੋ ਨਮੂਨੇ ਤੇ ਰੰਗ ਵਿਚ ਭਾਰਤੀ ਤੇ ਨਕਸ਼ੇ ਦੀ ਵਿਉਂਤ ਵਿਚ ਅੰਗਰੇਜ਼ੀ ਸੀ, ਉੱਪਰ ਧੁਆਂਖੀ ਕਾਂਸੀ ਦੇ ਵੱਡੇ ਸਾਰੇ ਗੁੰਬਦ ਵਾਲਾ ਵਾਇਸਰਾਏ-ਨਿਵਾਸ ਛਾਇਆ ਹੋਇਆ ਸੀ।

ਭਾਰਤੀ ਵਿਧਾਨਕਾਰ ਬੜੀ ਸ਼ਾਂਤੀ ਨਾਲ ਅਰਧ ਗੋਲਾਕਾਰੀ ਚੈਂਬਰ ਵਿਚ ਸਜੇ ਹੋਏ ਸਨ—ਬਰਤਾਨਵੀ ਤੇ ਉਹਨਾਂ ਦੇ ਵਫ਼ਾਦਾਰ, ਸੱਜੇ, ਪੰਡਿਤ ਮੋਤੀ ਲਾਲ ਨਹਿਰੂ ਦੀ ਅਗਵਾਈ ਵਿਚ ਖੱਦਰਧਾਰੀ ਸਵਰਾਜੀਏ ਖੱਬੇ ਵੰਨੇ ਬੈਠੇ ਸਨ ਅਤੇ ਦੋਹਾਂ ਦੇ ਵਿਚਕਾਰ, ਨਰਮ-ਖ਼ਿਆਲੀ ਵਿਦਵਤਾ ਭਰਪੂਰ ਉਦਾਰਵਾਦੀ ਤੇ ਆਪਣੇ ਸੁਤੰਤਰੀਆਂ ਨਾਲ ਤਿੱਖੇ ਨਕਸ਼ਾਂ ਵਾਲਾ ਜਿਨਾਹ ਆਪਣੇ ਸੈਵਿਲੇ ਰੋ ਸੂਟ ਵਿਚ ਸਜਿਆ ਬੈਠਾ ਸੀ। ਇਹਨਾਂ ਦੇ ਚੇਹਰਿਆਂ ਦੇ ਰੰਗ ਗੋਰੇ, ਕਣਕਵੰਨੇ ਤੇ ਸ਼ਾਹ ਕਾਲੇ, ਰਲੇ ਮਿਲੇ ਸਨ। ਉਹਨਾਂ ਦੀਆਂ ਤਕਰੀਰਾਂ ਦੇ ਬੋਲਾਂ ਵਿਚ ਉਹਨਾਂ ਦੀ ਆਪੋ ਆਪਣੀ ਮਾਤਭਾਸ਼ਾ ਦੀਆਂ ਉਚਾਰਣੀ-ਧੁਨੀਆਂ ਦੀ ਦਿਲਚਸਪ ਗੁੰਜਾਰ

ਜ਼ਾਹਿਰਾ ਤੌਰ 'ਤੇ ਸੁਣਾਈ ਦਿੰਦੀ ਸੀ।

ਪਾਰਲੀਮੈਂਟ, ਭਾਰਤ ਵਰਗੇ ਗ਼ਰੀਬ ਦੇਸ਼ ਲਈ ਇਕ ਮਹਿੰਗੇ ਖਿਡਾਉਣੇ ਦੀ ਨਿਆਈਂ ਸੀ। ਸੱਤਾ ਵਾਇਸਰਾਏ ਤੇ ਉਹਦੀ ਕਾਰਜਕਾਰਨੀ ਪਰਿਸ਼ਦ ਦੇ ਹੱਥਾਂ ਵਿਚ ਸੱਤਾ ਦੀ ਹੀ ਨਿਰੰਤਰਤਾ ਦੇ ਮਨੋਰਥ ਲਈ ਸੌਖ ਨਾਲ ਵਰਤੀ ਜਾਣ ਲਈ ਕੇਂਦਰਿਤ ਸੀ। ਪਾਰਲੀਮੈਂਟ ਦੇ ਭਾਰਤੀ ਮੈਂਬਰ ਆਪਣੇ ਭਾਸ਼ਣਾਂ ਵਿਚ ਤੱਤ ਦੀ ਘਾਟ ਨੂੰ ਅੰਗਰੇਜ਼ੀ ਵਿਚ ਕੀਤੀਆਂ ਵਹਾਚਾਰ ਤਕਰੀਰਾਂ ਦੇ ਮੁਲੰਮੇ ਨਾਲ ਹੀ ਪੂਰਾ ਕਰਨ ਦੇ ਆਦੀ ਹੋ ਚੁੱਕੇ ਸਨ।

ਉਹਨਾਂ ਦੀਆਂ ਗੱਲਾਂ ਤੇ ਤੁੱਛ ਜੇਹੀਆਂ ਹੀ ਹੁੰਦੀਆਂ ਸਨ ਪਰੰਤੂ ਉਹਨਾਂ ਦੇ ਬੋਲਣ ਦਾ ਢੰਗ ਏਨਾ ਚੰਗਾ ਹੁੰਦਾ ਸੀ ਕਿ ਇਸ ਨਾਲ ਉਹਨਾਂ ਨੂੰ ਸਰਦੀ ਦੀ ਰੁੱਤ ਵਿਚ ਕੁਝ ਨਿੱਘ ਦਾ ਇਹਸਾਸ ਜ਼ਰੂਰ ਹੁੰਦਾ ਹੋਵੇਗਾ। ਅਜਿਹੇ ਮਾਹੌਲ ਤੋਂ ਅੱਕ ਕੇ ਹੀ ਭਗਤ ਸਿੰਘ ਤੇ ਬੀ. ਕੇ. ਦੱਤ ਨੇ ਅਸੈਂਬਲੀ ਦੀ ਗੈਲਰੀ ਵਿਚੋਂ ਇਸ ਵਿਸ਼ਵਾਸ ਨਾਲ ਉਹਨਾਂ ਦੇ ਵਿਚਕਾਰ ਬੰਬ ਦਾ ਧਮਾਕਾ ਕੀਤਾ ਸੀ ਕਿ ਸ਼ਾਇਦ ਇਸ ਤਰ੍ਹਾਂ ਕਰਨ ਨਾਲ ਉਹਨਾਂ ਦੇ ਬੋਲੇ ਕੰਨਾਂ ਤੀਕ ਬਾਹਿਰ ਪੈਂਦੇ ਆਜ਼ਾਦੀ ਲਈ ਸ਼ੋਰ ਦੀ ਆਵਾਜ਼ ਪੁੱਜ ਸਕੇ। ਪਰ ਚੰਡੀ ਵਿਧਾਨ ਸਭਾ ਦੇ ਮੈਂਬਰਾਂ ਦੀ ਨਿਰਾਰਥਕ, ਆਮ ਫਹਿਮ, ਘੱਸੀ-ਪਿੱਟੀ ਤੇ ਹੌਂਸਲਾ ਢਾਊ ਕਾਰਵਾਈ ਜਿਉਂ ਦੀ ਤਿਉਂ ਜਾਰੀ ਰਹੀ, ਜਿਸ ਦਾ ਲਾਭ ਸਿਰਫ਼ ਉਹਨਾਂ ਤੀਕ ਸੀਮਿਤ ਹੀ ਸੀ।

ਮਲੂਕਾ ਤੇ ਲਛਮਣ ਸਿੰਘ ਲਿਉਟਨ ਦੀ ਦਿੱਲੀ ਦੇ ਕਿਨਾਰੇ ਹੋ ਰਹੇ ਜੋਸ਼ੀਲੇ ਦੇਸ਼ਭਗਤਾਂ ਦੇ ਇਕ ਜਲਸੇ ਵਿਚ ਗਏ। ਵਕਤਾਵਾਂ ਦਾ ਤਾਂਤਾ ਸਰਕਾਰੀ ਅਨਿਆਂ ਤੇ ਤਸ਼ੱਦਦ ਦੀ ਮੁਜ਼ੱਮਤ ਵਹਾਓਦਾਰ ਹਿੰਦੀ ਤੇ ਉਰਦੂ ਵਿਚ ਕੀਤੀਆਂ ਜਾ ਰਹੀਆਂ ਤਕਰੀਰਾਂ ਦੁਆਰਾ ਕਰਦਾ ਚਲਾ ਜਾ ਰਿਹਾ ਸੀ। ਹਰ ਤਕਰੀਰ ਦੀ ਸਮਾਪਤੀ ਤੋਂ ਬਾਅਦ ਜਨਤਾ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਬੁਲੰਦ ਕਰ ਰਹੀ ਸੀ।

ਸੰਗੀਤਕ ਆਵਾਜ਼ ਵਾਲੇ ਲੰਮੇ ਪਤਲੇ ਤਰਲੋਕ ਚੰਦ ਦੇ ਭਾਸ਼ਣ ਦਾ ਅੰਦਾਜ਼ ਬੜਾ ਨਾਟਕੀ ਸੀ। ਉਸ ਨੇ ਮਿੱਟੀ ਦੀ ਮੁੱਠ ਭਰ ਕੇ ਆਪਣੀ ਪਤਲੀ ਬਾਂਹ ਬੁਲੰਦ ਕੀਤੀ ਤੇ ਕਿਹਾ, "ਇਹ ਮਿੱਟੀ ਦਿੱਲੀ 'ਤੇ ਹਕੂਮਤ ਕਰਨ ਵਾਲੇ ਸ਼ਕਤੀਸ਼ਾਲੀ ਸਹਿਨਸ਼ਾਹ ਦੀ ਸ਼ਾਨ ਨਾਲੋਂ ਕਿਤੇ ਵਧੇਰੇ ਹੰਢਣਸਾਰ ਹੈ। ਤਖ਼ਤ-ਇ-ਤਾਊਸ ਦੀ ਸ਼ਾਨ ਕਿੱਥੇ ਗਈ? ਕਿੱਥੇ ਗਈ ਮਹਾਨ ਮੁਗ਼ਲਾਂ ਦੀ ਭੜਕੀਲੀ

ਆਭਾ ? ਉਹਨਾਂ ਦੀਆਂ ਹੰਕਾਰੀ ਯਾਦਗਾਰਾਂ ਕਬਰਸਤਾਨਾਂ ਵਿਚ ਖੜੋਤੇ ਮਕਬਰਿਆਂ ਤੋਂ ਬਿਨਾਂ ਹੋਰ ਕੀ ਨੇ ? ਉਹ ਸਾਰੇ ਦੇ ਸਾਰੇ ਕਿਤੇ ਨਹੀਂ ਰਹੇ । ਰਹਿਣਗੇ ਇਹ ਅੰਗਰੇਜ਼ ਵੀ ਨਹੀਂ । ਮੈਂ ਇਹ ਮਿੱਟੀ ਦੀ ਮੁੱਠ ਉਹਨਾਂ ਸਭਨਾਂ ਬੁਜ਼ਦਿਲਾਂ ਦੇ ਮੂੰਹਾਂ ਉੱਪਰ ਸੁੱਟਦਾ ਹਾਂ, ਜਿਨ੍ਹਾਂ ਵਿਚ ਭਾਰਤ ਦੀ ਆਜ਼ਾਦੀ ਲਈ ਨਿੱਤਰ ਕੇ ਜੂਝਣ ਦੀ ਹਿੰਮਤ ਨਹੀਂ ।

"ਲਾਅਣਤ, ਲਾਅਣਤ", ਭੀੜ ਕੂਕੀ ।

ਇਕ ਗਾਂਧੀਵਾਦੀ ਰਾਮ ਲਾਲ ਨੇ ਬੜੀ ਆਤਮ ਵਿਸ਼ਵਾਸੀ ਸੁਰ ਵਿਚ ਕਿਹਾ ਸੀ, "ਬਰਤਾਨੀਆਂ ਤੋਂ ਨਿਜਾਤ ਪਾਉਣ ਲਈ ਤੁਹਾਨੂੰ ਹਿੰਸਾ ਦੀ ਵਰਤੋਂ ਕਰਨ ਦੀ ਲੋੜ ਨਹੀਂ ।"

"ਤੁਸੀਂ ਸਿਰਫ਼ ਉਹਨਾਂ ਤੋਂ ਪੂਰੀ ਕਿਨਾਰਾਕਸ਼ੀ ਹੀ ਕਰਨੀ ਹੈ । ਉਹ ਤੁਹਾਡੇ ਉੱਪਰ ਤੁਹਾਡੀ ਸਹਾਇਤਾ ਤੇ ਤੁਹਾਡੇ ਸਹਿਯੋਗ ਨਾਲ ਹੀ ਹਕੂਮਤ ਕਰਦੇ ਹਨ । ਤੁਹਾਥੋਂ ਬਿਨਾਂ ਉਹ ਇੱਥੇ ਇਕ ਹਫ਼ਤੇ ਭਰ ਲਈ ਵੀ ਟਿਕ ਨਹੀਂ ਸਕਦੇ ।"

"ਇਹ ਤੁਹਾਡੇ ਉਤੋਂ ਹੀ ਆਪਣੀ ਹਰ ਲੋੜ ਦੀ ਪੂਰਤੀ ਲਈ ਨਿਰਭਰ ਕਰਦੇ ਨੇ । ਤੁਸੀਂ ਹੀ ਉਹਨਾਂ ਦਾ ਖਾਣਾ ਪਕਾਉਂਦੇ ਹੋ, ਕੱਪੜੇ ਧੋਂਦੇ ਹੋ, ਗੱਡੀਆਂ ਚਲਾਉਂਦੇ ਹੋ ਤੇ ਤੁਸੀਂ ਹੀ ਉਹਨਾਂ ਦੇ ਘਰਾਂ ਦਾ ਚੌਂਕੀਦਾਰਾ ਕਰਦੇ ਹੋ । ਤੁਸੀਂ ਇਹ ਸਭ ਕੁਝ ਕਰਨਾ ਬੰਦ ਕਰ ਦਿਉ ਤੇ ਫਿਰ ਦੇਖੋ ਨਤੀਜਾ ਕੀ ਨਿਕਲਦਾ ਹੈ ।"

ਵਾਤਾਵਰਣ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰਿਆਂ ਨਾਲ ਗੂੰਜ ਰਿਹਾ ਸੀ ।

... ...

ਆਜ਼ਾਦੀ ਦੀ ਲਹਿਰ ਵਿਚ ਸ਼ਾਮਿਲ ਹੋਣ ਦਾ ਸਭ ਤੋਂ ਵੱਧ ਸ਼ਕਤੀਸ਼ਾਲੀ ਸੁਨੇਹਾ ਦੇਸ਼ ਭਰ ਦੀਆਂ ਜੇਲ੍ਹਾਂ ਤੇ ਭਾਰਤ ਸਰਕਾਰ ਦੇ ਕਾਨੂੰਨ ਦੀਆਂ ਕਚਹਿਰੀਆਂ ਵਿਚੋਂ ਆ ਰਿਹਾ ਸੀ ।

ਲਾਹੌਰ ਜੇਲ੍ਹ ਵਿਚ ਡੱਕੇ ਕਾਕੋਰੀ ਕੇਸ ਦੇ ਆਪਣੇ ਸਾਥੀ ਕੈਦੀਆਂ ਸਮੇਤ ਨਾਮਵਰ ਕਵੀ ਰਾਮ ਪ੍ਰਸਾਦ ਬਿਸਮਿਲ, ਕਚਹਿਰੀ ਵਿਚ ਆਪਣੀ ਖ਼ੂਬਸੂਰਤ ਗ਼ਜ਼ਲ ਝੂਮ ਝੂਮ ਕੇ ਗਾਉਂਦਾ ਆ ਰਿਹਾ ਸੀ । ਉਸ ਦੀ ਗ਼ਜ਼ਲ ਦੀ ਸਥਾਈ ਸੀ :

ਸ਼ਹੀਦ ਕੀ ਜੋ ਮੌਤ ਹੈ, ਵੂਹ ਕੌਮ ਕੀ ਹਯਾਤ ਹੈ ।

ਭਗਤ ਸਿੰਘ ਤੇ ਉਹਦੇ ਸਾਥੀ ਵੀ ਕੌਮੀ ਆਜ਼ਾਦੀ ਲਈ ਆਤਮ ਬਲੀਦਾਨ ਦੀ ਸ਼ਾਨ ਦੇ ਗੀਤਾਂ ਦੀਆਂ ਗੁੰਜਾਰਾਂ ਛੱਡਦੇ ਅਦਾਲਤ ਵਿਚ ਦਾਖ਼ਲ ਹੋਏ ਸਨ। ਸਕੂਲਾਂ ਦੇ ਮੁੰਡੇ ਹੱਥਾਂ ਵਿਚ ਭਗਤ ਸਿੰਘ ਦੀਆਂ ਤਸਵੀਰਾਂ ਫੜੀ ਸਾਰੇ ਉੱਤਰੀ ਭਾਰਤ ਵਿਚ ਮਤਵਾਲੇ ਹੋਏ ਇਹੋ ਜਿਹੇ ਗੀਤ ਗਾਉਂਦੇ ਫਿਰਦੇ ਸਨ।

ਮੁਲਜ਼ਿਮ ਭਗਤ ਸਿੰਘ ਤੇ ਉਹਦੇ ਸਾਥੀਆਂ ਨੇ ਭਿਆਨਕ ਜੇਲ੍ਹ-ਹਾਲਤਾਂ ਵਿਰੁੱਧ ਰੋਸ ਵਜੋਂ ਲੰਮੀ ਭੁੱਖ ਹੜਤਾਲ ਕੀਤੀ ਸੀ। ਅਖ਼ਬਾਰਾਂ ਉਨ੍ਹਾਂ ਦੇ ਕਸ਼ਟਾਂ ਦੇ ਵੇਰਵੇ ਰੋਜ਼ ਛਾਪਦੀਆਂ ਸਨ। ਉਹਨਾਂ ਦਾ ਇਕ ਸਾਥੀ ਆਪਣੀ ਭੁੱਖ-ਹੜਤਾਲ ਦੇ ਇਕਾਹਠਵੇਂ ਦਿਨ ਜੇਲ੍ਹ ਅੰਦਰ ਹੀ ਦਮ ਤੋੜ ਗਿਆ ਸੀ। ਜਦੋਂ ਉਹਦੇ ਰਿਸ਼ਤੇਦਾਰ ਉਹਦੀ ਅਰਥੀ ਉਠਾਈ ਸ਼ਮਸ਼ਾਨ ਭੂਮੀ ਵੱਲ ਜਾ ਰਹੇ ਸਨ ਤਾਂ ਲੋਕ ਇਕ-ਸੁਰ ਹੋ ਕੇ ਆਖ ਰਹੇ ਸਨ : 'ਇਹ ਸਾਮਰਾਜਵਾਦ ਦਾ ਜਨਾਜ਼ਾ ਜਾ ਰਿਹਾ ਹੈ।'

ਮੇਰਠ ਸਾਜ਼ਿਸ਼ ਕੇਸ ਦੇ ਸਾਰੇ ਕੈਦੀ ਚੰਗੇ ਪੜ੍ਹੇ ਲਿਖੇ ਬੰਦੇ ਤੇ ਸੋਹਣੇ ਬੁਲਾਰੇ ਸਨ। ਉਹਨਾਂ ਨੇ ਸਾਢ ਚਾਰ ਵਰ੍ਹੇ ਕਚਹਿਰੀ ਨੂੰ ਭਾਰਤ ਵਿਚ ਸਾਮਰਾਜਵਾਦ ਦੀ ਨੀਤੀ ਦੀ ਮੁਜ਼ੱਮਤ ਤੇ ਸਮਾਜਵਾਦ ਦਾ ਪਰਚਮ ਬੁਲੰਦ ਕਰਨ ਲਈ ਪ੍ਰਚਾਰ ਦਾ ਅਖਾੜਾ ਬਣਾ ਧਰਿਆ ਸੀ। ਉਹਨਾਂ ਨੂੰ ਆਪਣੇ ਮਕਸਦ ਵਿਚ ਸਫਲਤਾ ਹੋਈ ਸੀ। ਕਈ ਦੇਸ਼ਾਂ ਦੀਆਂ ਮਜ਼ਦੂਰ ਜਥੇਬੰਦੀਆਂ ਨੇ ਉਨ੍ਹਾਂ ਨਾਲ ਆਪਣੀ ਯਕਜਹਿਤੀ ਦੀ ਭਾਵਨਾ ਪ੍ਰਗਟ ਕੀਤੀ ਸੀ।

... ...

ਲਾਹੌਰ ਦੇ ਰੌਣਕ ਭਰੇ ਸ਼ਹਿਰ ਨੇ, ਭਾਰਤੀ ਰਾਸ਼ਟਰੀ ਕਾਂਗਰਸ ਦੇ 49ਵੇਂ ਪ੍ਰਧਾਨ, ਪੰਡਿਤ ਜਵਾਹਰ ਲਾਲ ਨਹਿਰੂ ਦਾ ਸ਼ਾਨਦਾਰ ਸੁਆਗਤ ਕੀਤਾ ਸੀ। ਉਹ ਵਿਸ਼ਾਲ ਜਲੂਸ ਦੀ ਅਗਵਾਈ ਕਰਦੇ ਚਿੱਟੇ ਘੋੜੇ 'ਤੇ ਸਵਾਰ ਸੀ ਤੇ ਛੱਜਿਆਂ 'ਤੇ ਖੜੇ ਲੋਕਾਂ ਦੇ ਹਜੂਮ ਵਲੋਂ ਉਸ ਉੱਪਰ ਗੁਲਾਬ ਦੇ ਫੁੱਲਾਂ ਦੀਆਂ ਪੱਤੀਆਂ ਦਾ ਮੀਂਹ ਵਰ੍ਹਾਇਆ ਜਾ ਰਿਹਾ ਸੀ।

ਰਾਵੀ ਦੇ ਕਿਨਾਰੇ ਵਸਿਆ ਕਾਂਗਰਸ ਨਗਰ, ਤੰਬੂਆਂ ਦੀ ਇਕ ਵਿਸ਼ਾਲ ਬਸਤੀ ਸੀ। ਮਲ੍ਹੇ ਤੇ ਲਛਮਣ ਸਿੰਘ ਨੇ ਵੀ ਇਕ ਸਾਦਾ ਜਿਹਾ ਤੰਬੂ ਕਿਰਾਏ 'ਤੇ ਲਿਆ ਸੀ ਜੋ ਕਮਿਊਨਿਸਟ ਪਾਰਟੀ ਦੇ ਵੱਡੇ ਸਾਰੇ ਸ਼ਾਮਿਆਨੇ ਦੇ ਨਾਲ ਵਾਲਾ ਹੀ ਸੀ। ਦੋਹਾਂ ਦੇ ਵਿਚਕਾਰ ਦਾਤੀ ਹਥੌੜੇ ਵਾਲਾ ਉੱਚਾ ਲਾਲ ਝੰਡਾ ਲਹਿਰਾ ਰਿਹਾ ਸੀ।

ਕਾਂਗਰਸ ਨਗਰ ਦੇ ਮਾਹੌਲ ਵਿਚ ਜੋਸ਼ ਠਾਠਾਂ ਮਾਰ ਰਿਹਾ ਸੀ। ਇਸ ਵਿਚੋਂ ਆਸ਼ਾ ਤੇ ਖ਼ੁਸ਼ੀ ਦੀਆਂ ਫੁਹਾਰਾਂ ਉੱਠ ਰਹੀਆਂ ਪ੍ਰਤੀਤ ਹੁੰਦੀਆਂ ਸਨ। ਸਵੇਰੇ ਕੇਸਰੀ ਸਾੜ੍ਹੀਆਂ ਵਿਚ ਸਜੀਆਂ ਮੁਟਿਆਰ ਕੁੜੀਆਂ ਕੌਮੀ ਤਰਾਨੇ ਗਾਉਂਦੀਆਂ ਪਿੰਡ ਦੁਆਲੇ ਪ੍ਰਭਾਤ ਫੇਰੀ ਦਿੰਦੀਆਂ ਹੁੰਦੀਆਂ ਸਨ। ਲਾਸਾਨੀ ਉਤਸ਼ਾਹ ਨਾਲ ਕਾਂਗਰਸ ਦਾ ਤਿਰੰਗਾ ਝੰਡਾ ਝੁਲਾਇਆ ਗਿਆ ਸੀ। ਸਵੈਮ-ਸੇਵਕ-ਕੋਰ ਦੇ ਜਨਰਲ ਕਮਾਂਡਿੰਗ ਅਫ਼ਸਰ ਨੇ ਧੂਈ ਤਲਵਾਰ ਨਾਲ ਝੰਡੇ ਨੂੰ ਸਲਾਮੀ ਦਿੱਤੀ ਸੀ।

ਛੋਟੇ ਛੋਟੇ ਮੁੰਡਿਆਂ ਦੀਆਂ ਟੋਲੀਆਂ ਇਕ ਇਨਕਲਾਬੀ ਉਰਦੂ ਲੇਖਕ ਛਬੀਲ ਦਾਸ ਦੇ ਆਜ਼ਾਦੀ ਦੇ ਹੱਕ ਵਿਚ ਉਕਸਾਊ ਕਿਤਾਬਚੇ ਉੱਚੀ ਉੱਚੀ ਹੋਕੇ ਦੇ ਕੇ ਵੇਚ ਰਹੀਆਂ ਸਨ। ਕੁਝ ਮੁੰਡੇ ਕਨ੍ਹਈਆ ਲਾਲ ਗਾਬਾ ਦੀ ਕਿਤਾਬ **ਅੰਕਲ ਸ਼ੈਮ** ਦੇ ਉੱਚੀ ਉੱਚੀ ਹੋਕੇ ਦੇ ਰਹੇ ਸਨ—ਅੰਕਲ ਸ਼ੈਮ ਦੇ ਨਗਨ ਦਰਸ਼ਨ ਦਾ ਸਿਰਫ਼ ਇਕ ਰੁਪਈਆ। ਇਹ ਕਿਤਾਬ ਮਿਸ ਮਿਓ ਦੀ 'ਮਦਰ ਇੰਡੀਆ' ਦਾ ਮੂੰਹ-ਤੋੜ ਜਵਾਬ ਸੀ।

ਇਸ ਤੋਂ ਪਹਿਲਾਂ ਮਲੂਕਾ ਕਦੇ ਵੀ ਮਹਾਨ ਉਤਸ਼ਾਹ ਨਾਲ ਲਬਰੇਜ਼ ਤੇ ਆਪਣੇ ਆਦਰਸ਼ ਲਈ ਮਰ ਮਿਟਣ ਲਈ ਤਿਆਰ ਏਨੇ ਲਾਇਕ ਤੇ ਸੁਪ੍ਰਸਿੱਧ ਬੰਦਿਆਂ ਨੂੰ ਕਦੇ ਨਹੀਂ ਸੀ ਮਿਲਿਆ। ਉਹ ਮਹਾਤਮਾ ਗਾਂਧੀ ਦੀਆਂ ਕੁਝ ਪ੍ਰਭਾਤ-ਸਭਾਵਾਂ ਵਿਚ ਵੀ ਸ਼ਾਮਿਲ ਹੋਇਆ ਸੀ, ਜਿਨ੍ਹਾਂ ਵਿਚ ਕਈ ਕੌਮੀ ਨੇਤਾ ਜ਼ਿੰਦਗੀ ਦੇ ਵੱਖ ਵੱਖ ਪਹਿਲੂਆਂ ਬਾਰੇ ਸਾਦ-ਮੁਰਾਦੇ ਸਦਾਚਾਰਕ ਉਪਦੇਸ਼ ਦਿਆ ਕਰਦੇ ਸਨ।

ਜਵਾਹਰ ਲਾਲ ਦੀ ਤਕਰੀਰ, ਕਾਂਗਰਸ ਦੇ ਹੁਣ ਤੀਕ ਦੇ ਪ੍ਰਵਾਨਿਤ ਪੈਂਤੜਿਆਂ ਨਾਲੋਂ ਇਕ ਇਨਕਲਾਬੀ ਤੋੜ-ਵਿਛੋੜਾ ਸੀ। ਇਸ ਦੀ ਬੋਲੀ ਸਾਦਾ ਪਰ ਜ਼ੋਰਦਾਰ ਸੀ। ਇਸ ਵਿਚ ਉਹਦੇ ਦਿਲ ਦੀ ਨਿੱਘੀ ਚਮਕ ਤੇ ਬੁੱਧੀ ਦੀ ਸਪਸ਼ਟਤਾ ਤੇ ਸੰਜਮ ਦਾ ਸੁੰਦਰ ਸੁਮੇਲ ਸੀ। ਕਾਂਗਰਸ ਦਾ ਆਦਰਸ਼ ਡੋਮੀਨੀਅਨ ਦਰਜੇ ਦੀ ਥਾਂ ਪੂਰਨ ਸਵਰਾਜ ਐਲਾਨਿਆ ਗਿਆ ਸੀ। ਇਸ ਦੀ ਪ੍ਰਾਪਤੀ ਕਾਂਗਰਸ ਦੇ ਵਿਧਾਨ ਅਨੁਸਾਰ 'ਸ਼ਾਂਤੀ ਪੂਰਵਕ ਤੇ ਉਚਿਤ' ਸ਼ਾਸਕਾਂ ਦੁਆਰਾ ਕੀਤੀ ਜਾਣੀ ਸੀ, ਪਰ ਇਸ ਗੱਲ ਵਿਚ ਨਹਿਰੂ ਨੇ ਇਹ ਵਾਧਾ ਕੀਤਾ ਸੀ ਕਿ ਉਹ ਸਾਧਨਾਂ ਦੇ ਸ਼ਾਂਤੀ ਪੂਰਵਕ ਹੋਣ ਦੀ ਕਾਮਨਾ ਕਰੇਗਾ ਤੇ ਉਚਿਤ ਇਹ ਸਦਾ ਹੋਣਗੇ ਹੀ। ਇਸ ਤੋਂ ਬਿਨਾਂ ਉਸ ਨੇ ਆਪਣੇ ਆਪ ਨੂੰ ਸਮਾਜਵਾਦੀ ਤੇ ਗਣਤੰਤਰੀ ਹੋਣ ਦੀ ਘੋਸਣਾ

ਵੀ ਕੀਤੀ ਸੀ। ਜਿੱਥੋਂ ਤੀਕ ਅਹਿੰਸਾ ਦਾ ਸੁਆਲ ਸੀ, ਉਹ ਇਸ ਮਸਲੇ ਨੂੰ ਮਹਾਤਮਾ ਗਾਂਧੀ ਦੇ ਸਦਾਚਾਰਕ ਆਧਾਰਾਂ ਦੀ ਥਾਂ ਅਮਲੀ ਆਧਾਰਾਂ 'ਤੇ ਪਰਖਣ ਨੂੰ ਤਰਜੀਹ ਦਿੰਦਾ ਸੀ। ਉਸ ਨੇ ਐਲਾਨ ਕੀਤਾ ਸੀ, ਹਿੰਸਾ ਬੁਰੀ ਚੀਜ਼ ਹੈ, ਪਰ ਇਸ ਤੋਂ ਵੀ ਵਧੇਰੇ ਬੁਰੀ ਹੈ ਗ਼ੁਲਾਮੀ।

... ...

ਮਲੂਕਾ ਤੇ ਲਛਮਣ ਸਿੰਘ ਉੱਤਰੀ ਅਮਰੀਕਾ ਦੇ ਸ਼ਾਂਤ ਮਹਾਂ ਸਾਗਰੀ ਤਟ 'ਤੇ ਵਸੀ ਉਸ ਭਾਰਤੀ ਬਰਾਦਰੀ ਦੇ ਪ੍ਰਤੀਨਿਧ ਸਨ, ਜਿਸ ਨੇ ਗ਼ਦਰ ਜਿਹੇ ਸ਼ਾਨਦਾਰ ਤੇ ਅਤਿਅੰਤ ਪ੍ਰਸੰਸਾਜਨਕ ਕ੍ਰਿਸ਼ਮੇ ਦੀ ਸਿਰਜਣਾ ਕੀਤੀ ਸੀ। ਉਨ੍ਹਾਂ ਦਾ ਸਭ ਤੋਂ ਵੱਧ ਸੁਆਗਤ ਨਾਲ ਵਾਲੇ ਖ਼ੇਮੇ ਵਿਚ ਹੋਇਆ ਸੀ।

"ਕਾਂਗਰਸ ਨੇ ਸੰਪੂਰਨ ਆਜ਼ਾਦੀ ਨੂੰ ਆਪਣਾ ਟੀਚਾ ਮਿਥਿਆ ਹੈ।" ਫ਼ਿਰੋਜ਼ਦੀਨ ਮਨਸੂਰ ਨੇ ਕਿਹਾ ਸੀ, "ਵਧੀਆ ਪਰ ਇਸ ਦੀ ਪੂਰਤੀ ਲਈ ਅਮਲੀ ਕਾਰਜ-ਯੋਜਨਾ ਕਿੱਥੇ ਵੇ?"

"ਗਾਂਧੀ ਇਸ ਦੀ ਰੱਬ ਨਾਲ ਸਲਾਹ ਕਰ ਕੇ ਰੂਪ-ਰੇਖਾ ਤਿਆਰ ਕਰੇਗਾ।" ਹੀਰਾ ਸਿੰਘ ਨੇ ਠਹਾਕਾ ਲਾਇਆ ਸੀ।

"ਕਾਂਗਰਸ ਭਾਂਤ-ਸੁਭਾਂਤੇ ਹਿਤਾਂ ਦਾ ਮਿਲਗੋਭਾ ਹੈ", ਮੋਹਨ ਲਾਲ ਨੇ ਕਿਹਾ ਸੀ। "ਇਸ ਵਿਚ ਜਗੀਰੂ ਜ਼ਿਮੀਂਦਾਰ, ਧਨੀ ਸਨਅਤਕਾਰ, ਜੋਸ਼ੀਲੇ ਕੌਮਪ੍ਰਸਤ ਤੇ ਵਧੀਆ ਤਰਬੀਅਤ ਵਾਲੇ ਸੋਸ਼ਲਿਸਟ ਸ਼ਾਮਿਲ ਨੇ। ਇਸ ਦੇ ਸਰਵੁੱਚੇ ਨਿਸ਼ਾਨੇ, ਇਸ ਦੇ ਸਰਵ-ਨੀਵੇਂ ਤਬਕਿਆਂ ਵਿਚੋਂ ਹੀ ਸਰਬੁਲੰਦ ਹੋ ਸਕਦੇ ਨੇ।"

"ਇਹਨਾਂ ਨੇ ਗੱਲਾਂ ਤਾਂ ਸਮਾਜਕ ਨਿਆਂ ਤੇ ਬਰਾਬਰੀ ਦੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਨੇ", ਗੰਗਾ ਪ੍ਰਸਾਦ ਨੇ ਆਖਿਆ ਸੀ। "ਪਰ ਹਿੰਦੂ ਸਮਾਜ ਖੜਾ ਹੀ ਨਾ-ਬਰਾਬਰੀ ਦੀਆਂ ਨੀਂਹਾਂ 'ਤੇ ਵੇ ਅਤੇ ਬਹੁਤ ਸਾਰੇ ਕਾਂਗਰਸੀਆਂ ਲਈ ਸਮਾਜਕ ਨਿਆਂ ਦਾ ਅਰਥ ਸਨਅਤ ਅਤੇ ਜ਼ਮੀਨ ਤੇ ਕੰਮਾਂ ਵਿਚ ਪਿੱਛਰਵਾਦ ਦੀ ਪ੍ਰਵਿਰਤੀ ਹੀ ਹੈ।"

"ਹਾਂ", ਮਨਸੂਰ ਨੇ ਆਖਿਆ, "ਗਾਂਧੀ ਅਮਾਨਤਧਾਰਤਾ ਦੇ ਸਿਧਾਂਤ ਦਾ ਧਾਰਨੀ ਹੈ, ਜਿਸ ਦਾ ਅਰਥ ਹੈ ਕਿ ਭਲੇ ਜਾਂ ਬੁਰੇ ਲਈ ਸ਼ਕਤੀ ਖ਼ੁਦ-ਨਿਯੁਕਤ ਅਮਾਨਤੀ-ਮੁਖਤਿਆਰਾਂ ਦੇ ਹੱਥਾਂ ਵਿਚ ਹੀ ਕੇਂਦਰਿਤ ਰਹੇਗੀ।"

"ਨੌਜੁਆਨ ਗਾਂਧੀ ਦਾ ਆਦਰਸ਼, ਤਾਲਸਤਾਇ ਦੇ ਅਸ਼ਾਨਤਧਾਰਤਾ ਦੇ ਸਿਧਾਂਤ ਵਿਚ ਹੀ ਸੀ", ਹੀਰਾ ਸਿੰਘ ਨੇ ਆਖਿਆ।

"ਉਹ ਸਿਖਰੋਂ ਮਸੀਹੀ ਗੁਣਾਂ 'ਤੇ ਆਧਾਰਿਤ ਰਹਿਤਲ ਵਾਲੀ ਸਵੈ-ਇੱਛਾ ਨਾਲ ਆਰੰਭ ਕਰ ਕੇ, ਇਨਕਲਾਬ ਦੇ ਹੇਠੋਂ ਸ਼ੁਰੂ ਹੋਕੇ ਜੋਸ਼ੀਲਾ ਤੇ ਹਿੰਸਕ ਰੂਪ ਅਖ਼ਤਿਆਰ ਕਰ ਜਾਣ ਦਾ ਵਿਰੋਧੀ ਸੀ। ਪਰ ਬਿਰਧ ਅਵਸਥਾ ਵਿਚ ਆਪਣੀ ਮੌਤ ਵੇਲੇ, ਉਹ ਬੜਾ ਨਿਰਾਸ ਆਦਮੀ ਸੀ।"

"ਹਾਂ, ਨਿਰੀ ਠੱਗੀ", ਮਨਸੂਰ ਨੇ ਕਿਹਾ ਸੀ, "ਬੁੱਢਾ ਹੋ ਕੇ ਉਸ ਨੇ ਵਧੀਆ ਨਾਵਲ ਲਿਖਣ ਦੀ ਥਾਂ ਜੁੱਤੀਆਂ ਗੰਢਣੀਆਂ ਸ਼ੁਰੂ ਕਰ ਦਿੱਤੀਆਂ ਸਨ। ਉਹ ਚੰਭੀ ਪ੍ਰਚਾਰ ਪਾਣੀ ਦਾ ਕਰਦਾ ਸੀ ਤੇ ਪੀਂਦਾ ਸ਼ਰਾਬ ਰਿਹਾ ਸੀ।"

"ਇਸ ਪੜਾਓ ਤੇ", ਲਛਮਣ ਸਿੰਘ ਨੇ ਆਖਿਆ ਸੀ, "ਭਾਰਤ ਅਜ਼ਾਦੀ ਦੀ ਲੜਾਈ ਲੜ ਰਿਹੈ। ਇਸ ਵੇਲੇ ਸਮਾਜਕ ਨਿਆਂ ਦਾ ਸੁਆਲ ਖੜਾ ਕਰਨ ਨਾਲ ਸਿਆਸੀ ਘੋਲ ਖੇਰੂੰ ਖੇਰੂੰ ਹੋ ਜਾਣ ਦਾ ਡਰ ਹੈ।"

"ਕਿਤਈ ਨਹੀਂ", ਮਨਸੂਰ ਨੇ ਆਖਿਆ। "ਆਜ਼ਾਦੀ ਦੀ ਲੜਾਈ ਜਿੱਤਣ ਲਈ ਇਨਕਲਾਬੀ ਮਜ਼ਦੂਰ ਜਮਾਤ ਤੇ ਕਿਰਸਾਣੀ ਦੀ ਹਮਾਇਤ ਦੀ ਜ਼ਰੂਰਤ ਹੈ। ਉਹ ਵਧੇਰੇ ਲਖਪਤੀ ਪੈਦਾ ਕਰਨ ਵਾਲੇ ਭਾਰਤ ਲਈ ਕਿਉਂ ਜੂਝਣਗੇ, ਜਿੱਥੇ ਜ਼ਿਮੀਂਦਾਰ ਕਿਸਾਨਾਂ ਦੀ ਪੈਦਾਵਾਰ ਹੜੱਪ ਕਰਦੇ ਰਹਿਣਗੇ?"

"ਦੌਲਤ ਮਜ਼ਦੂਰਾਂ ਤੇ ਕਿਸਾਨਾਂ ਦੀ ਹੁੰਦੀ ਹੈ, ਜੋ ਇਸ ਨੂੰ ਪੈਦਾ ਕਰਦੇ ਨੇ", ਹੀਰਾ ਸਿੰਘ ਨੇ ਜ਼ੋਰ ਦੇ ਕੇ ਆਖਿਆ ਸੀ। "ਨਵੇਂ ਨਿਜ਼ਾਮ ਵਿਚ ਉਹਨਾਂ ਨੂੰ ਹੀ ਇਹਦੇ ਸੁੱਖ ਮਾਨਣ ਦੀ ਸੁਤੰਤਰਤਾ ਹੋਣੀ ਚਾਹੀਦੀ ਏ।"

... ...

ਪੰਜਾਬ ਦੇ ਪਿੰਡਾਂ ਵਿਚ ਅਖ਼ਬਾਰਾਂ ਦੀ ਮਦਦ ਤੋਂ ਬਿਨਾਂ ਹੀ ਖ਼ਬਰਾਂ ਬੜੀ ਤੇਜ਼ੀ ਨਾਲ ਫੈਲ ਜਾਂਦੀਆਂ ਸਨ।

ਦੂਰ-ਦੁਰਾਡੇ ਪਿੰਡਾਂ ਵਿਚ ਵਸਦੇ ਪੁਰਾਣੇ ਪਰਵਾਸੀ ਦੋਸਤਾਂ ਨੂੰ ਸੋਅ ਮਿਲ ਗਈ ਸੀ ਕਿ ਮਲੂਕਾ ਵਾਪਿਸ ਕੈਨੇਡਾ ਜਾ ਰਿਹਾ। ਉਹ ਉਹਨੂੰ ਸ਼ੁਭ ਵਿਦਾਇਗੀ ਆਖਣ ਲਈ ਛੋਟੀਆਂ ਛੋਟੀਆਂ ਟੋਲੀਆਂ ਵਿਚ ਪੁੱਜਣੇ ਸ਼ੁਰੂ ਹੋ ਗਏ ਸਨ।

ਸਭ ਬਿਰਧ ਹੋ ਗਏ ਸਨ। ਉਹਨਾਂ ਦੇ ਖ਼ੂਬਸੂਰਤ ਦਾੜ੍ਹੇ ਭਾਵੇਂ ਸਫ਼ੇਦ ਹੋ

ਗਏ ਸਨ, ਪਰ ਉਹਨਾਂ ਦੀ ਚਾਲ ਵਿਚ ਹਾਲੇ ਵੀ ਮੜਕ ਤੇ ਅੱਖਾਂ ਵਿਚ ਜੁਆਨੀ ਵਾਲੀ ਚਮਕ ਬਰਕਰਾਰ ਸੀ।

ਕਿਸੇ ਕੋਲ ਬ੍ਰਿਟਿਸ਼ ਕੋਲੰਬੀਆ ਵਿਚ ਵਸਦੇ ਦੋਸਤ ਲਈ ਕੋਈ ਜ਼ਰੂਰੀ ਸੁਨੇਹਾ ਸੀ ਤੇ ਕਿਸੇ ਨੂੰ ਨਿਕਟਵਰਤੀ ਸੰਬੰਧੀ ਤੋਂ ਥੋੜ੍ਹੀ ਜੇਹੀ ਆਰਥਿਕ ਸਹਾਇਤਾ ਦੀ ਜ਼ਰੂਰਤ ਸੀ। ਉਹ ਬੜੇ ਮੋਹਵੰਤ ਹੋ ਕੇ ਮਲੂਕੇ ਨਾਲ ਬਗਲਗੀਰ ਹੋਏ। ਕਈਆਂ ਦੀਆਂ ਅੱਖਾਂ ਵਿਚ ਉਦਾਸੀ ਸੀ। ਕੌਣ ਜਾਣੇ, ਸ਼ਾਇਦ ਇਹ ਮੇਲਾ ਅਖ਼ੀਰੀ ਹੀ ਹੋਏ।

ਇਹਨਾਂ ਵਿਚ ਸਭ ਤੋਂ ਵੱਧ ਦੁੱਖ ਵਾਲੀ ਗੱਲ ਇਹ ਸੀ ਕਿ ਇਹ ਸਾਰੇ ਭਾਰਤ ਦੀ ਆਜ਼ਾਦੀ ਲਈ ਗ਼ਦਰੀ ਸੂਰਬੀਰਾਂ ਦੀਆਂ ਬੇਮਿਸਾਲ ਕੁਰਬਾਨੀਆਂ ਦੇ ਪ੍ਰਸ਼ੰਸਕ ਸਨ। ਪਰ ਇਹਨਾਂ ਬਹਾਦਰ ਗ਼ਦਰੀ ਸ਼ਹੀਦਾਂ ਦੇ ਪਰਵਾਰ ਭਾਰਤ ਵਿਚ ਗ਼ਰੀਬੀ ਦੀ ਹਾਲਤ ਵਿਚ ਦਿਨ ਕਟੀ ਕਰਨ ਲਈ ਮਜਬੂਰ ਸਨ।

"ਮਲੂਕਿਆ", ਸ਼ਾਮ ਸਿੰਘ ਨੇ ਬੜੇ ਭਰੇ ਦਿਲ ਨਾਲ ਕਿਹਾ ਸੀ, "ਵਾਪਿਸ ਜਾ ਕੇ ਤੂੰ ਵੈਨਕੂਵਰ ਵਾਲੇ ਗੁਰਦੁਆਰੇ ਵਿਚ ਇਹਨਾਂ ਦੀ ਆਰਥਿਕ ਮਦਦ ਲਈ ਜ਼ੋਰਦਾਰ ਅਪੀਲ ਕਰੀਂ।".

"ਹਾਂ ਮਲੂਕਿਆ", ਦਲੀਪ ਸਿੰਘ ਨੇ ਤਾਕੀਦ ਕੀਤੀ ਸੀ, "ਪੂਰਾ ਟਿੱਲ ਲਾ ਕੇ ਜਜ਼ਬਾਤ ਦਾ ਹੜ੍ਹ ਵਹਾ ਦਈਂ। ਆਖੀਂ ਕਿ ਭਾਰਤ ਦੇ ਬਹਾਦਰ ਤੇ ਸਵਰਗੀ ਸਪੂਤਾਂ ਨੇ ਆਪਣੇ ਮੁਲਕ ਦੀ ਆਜ਼ਾਦੀ ਲਈ ਜਾਨਾਂ ਨਿਛਾਵਰ ਕੀਤੀਆਂ ਸਨ। ਅਤੇ ਤੁਹਾਨੂੰ ਕੈਨੇਡਾ ਵਿਚ ਖ਼ੁਸ਼ਹਾਲ ਜ਼ਿੰਦਗੀ ਬਹਾਲ ਕਰਨ ਵਾਲਿਆਂ ਨੂੰ ਉਹਨਾਂ ਦੇ ਪਰਵਾਰਾਂ ਦੀ ਸਹਾਇਤਾ ਲਈ ਕੁੱਛ ਛਿੱਲੜ ਦੇਣ ਦੀ ਬੇਨਤੀ ਕੀਤੀ ਜਾਂਦੀ ਹੈ।"

"ਉਹਨਾਂ ਨੂੰ ਤਿੰਨ ਬਾਰਸੂਖ਼ ਬੰਦਿਆਂ ਦੀ ਕਮੇਟੀ ਬਣਾਉਣ ਨੂੰ ਆਖੀਂ", ਜਵਾਲਾ ਸਿੰਘ ਨੇ ਆਖਿਆ ਸੀ, "ਜੋ ਫਰੇਜ਼ਰ ਦੀ ਲੱਕੜ ਮਿੱਲ ਦੇ ਕੁੱਕ ਹਾਊਸ ਵਿਚ ਵਸਦੇ ਕਾਮਿਆਂ ਅਤੇ ਕਾਮਲੂਪਸ ਤੇ ਕੇਲੋਵਨਾ ਦੇ ਕਿਸਾਨਾਂ ਵਿਚਕਾਰ ਇਸ ਸ਼ੁਭ ਕੰਮ ਲਈ ਪ੍ਰਚਾਰ ਕਰੇ। ਇਹ ਜ਼ਰੂਰੀ ਸਨੇਹਾ ਸਾਰੇ ਭਲੇ ਆਦਮੀਆਂ ਤਕ ਪੁੱਜਦਾ ਕਰਿਓ, ਭਾਈ, ਮਲੂਕਿਆ।"

... ...

ਮਲੂਕੇ ਦੀ ਜੁਦਾਈ ਦਾ ਦਿਨ ਨੇੜੇ ਆਉਣ 'ਤੇ ਰਿਸ਼ਤੇਦਾਰ ਤੇ ਪਿੰਡ ਦੇ

ਚੋਸਤ ਬਹੁਤੇ ਹੀ ਜਜ਼ਬਾਤੀ ਹੋ ਰਹੇ ਸਨ। ਉਹਨਾਂ ਨੂੰ ਅਲਵਿਦਾ ਆਖਣੀ ਸਹਿਲ ਨਹੀਂ ਸੀ, ਪਰ ਮਾਂ ਨਾਲੋਂ ਜੁਦਾ ਹੋਣਾ ਤਾਂ ਮਲੂਕੇ ਲਈ ਅਸਲੋਂ ਹੀ ਮੁਹਾਲ ਹੋ ਗਿਆ ਸੀ।

ਉਹ ਸੰਤ-ਸੁਭਾਅ ਵਾਲੀ ਔਰਤ ਸੀ—ਜ਼ਿੰਦਗੀ ਦੀਆਂ ਖ਼ੁਸ਼ੀਆਂ ਗ਼ਮੀਆਂ ਦਾ ਸਾਬਤ ਕਦਮ ਹੋਕੇ ਸਾਹਮਣਾ ਕਰਨ ਵਾਲੀ। ਐਵੇਂ ਬੁਸਕਣਾ ਉਹਦੀ ਵਾਦੀ ਨਹੀਂ ਸੀ।

"ਮੈਂ ਤੇਰੀ ਕੈਨੇਡਿਓਂ ਵਾਪਸੀ ਨੂੰ ਵਰ੍ਹਿਆਂ-ਬੱਧੀ ਉਡੀਕਦੀ ਰਹੀ। ਚੁਗਲਖ਼ੋਰ ਤੇਰੇ ਬਾਰੇ ਮੂੰਹ-ਆਈਆਂ ਗੱਲਾਂ ਕਰਦੇ ਰਹੇ। ਕਹਿੰਦੇ ਹੁੰਦੇ, 'ਤੇਂ ਨਹੀਂ ਮੁੜਨਾ'। ਜਦ ਤੂੰ ਆਇਆ ਮੇਰੇ ਕਾਲਜੇ ਠੰਢ ਪੈ ਗਈ, ਵਿਹੜਾ ਖ਼ੁਸ਼ੀਆਂ ਨਾਲ ਭਰ ਗਿਆ।"

"ਤੇਰੇ ਨਾਲ ਘਰ ਕਿੰਨਾ ਭਰਿਆ ਭਰਿਆ ਲਗਦਾ ਸੀ। ਤੇ ਹੁਣ ਤੂੰ ਫੇਰ ਜਾਣ ਦੀਆਂ ਸਲਾਹਾਂ ਕਰੀ ਬੈਠਾਂ।"

"ਮਾਂ, ਮੈਂ ਆਪਣੀ ਪੜ੍ਹਾਈ ਪੂਰੀ ਕਰਨ ਚੱਲਿਆਂ।"

"ਫੇਰ ਕਦ ਮੇਲੇ ਹੋਣਗੇ, ਪੁੱਤ।"

"ਮਾਂ, ਛੇਤੀ।"

"ਪੁੱਤ ਕੀ ਬਣਨਾ ਤੈਂ ਏਨਾ ਪੜ੍ਹ ਕੇ।"

"ਹਾਲੇ ਕੀ ਪਤਾ।"

"ਪੁੱਤ, ਕਦੇ ਸਰਕਾਰੀ ਅਫ਼ਸਰ ਨਾ ਬਣੀਂ। ਇਹ ਤਾਂ ਨਿਰੇ ਜੋਕਾਂ ਦੇ ਕੁੱਜੇ ਹੁੰਦੇ ਨੇ। ਗ਼ਰੀਬਾਂ ਦਾ ਲਹੂ ਚੂਸਦੇ ਨੇ। ਉੱਚੇ ਹੁੱਦਿਆਂ ਵਾਲਿਆਂ ਸੌਂਹੇ ਪੂਛਾਂ ਹਿਲਾਉਂਦੇ ਨੇ ਤੇ ਤਮ੍ਹਾਤੜਾਂ ਨੂੰ ਅੱਡੀਆਂ ਹੇਠ ਮਿੱਧਦੇ ਫਿਰਦੇ ਨੇ। ਸਾਨੂੰ ਤਾਂ ਇਹਨਾਂ ਤੋਂ ਬੜਾ ਡਰ ਲਗਦਾ, ਬੜੀ ਓ ਕੁਰਹਿਤ ਆਉਂਦੀ ਆ।"

"ਨਹੀਂ ਬਣਦਾ ਮਾਂ, ਤੇਰੇ ਨਾਲ ਪੱਕਾ ਬਚਨ ਰਿਹਾ, ਸਰਕਾਰੀ ਅਫ਼ਸਰ ਮੈਂ ਕਦੈਂਤ ਨਹੀਂ ਬਣਦਾ।"

"ਗ਼ਰੀਬ ਗ਼ੁਰਬੇ ਦੀ ਸੇਵਾ ਕਰਨੀ ਸਿੱਖੀਂ, ਪੁੱਤ। ਇਹਨਾਂ ਨੂੰ ਪੜ੍ਹਿਆਂ-ਲਿਖਿਆਂ ਦੀ ਮੱਦਤ ਦੀ ਲੋੜ ਹੁੰਦੀ ਆ।"

"ਚੰਗਾ ਮਾਂ।"

ਚੁੱਪ-ਚਾਪ, ਉਦਾਸ ਮਲੂਕਾ, ਮਾਂ ਦੀ ਲੰਮੀ, ਨਿੱਘੀ ਮਮਤਾ ਭਰੀ ਗਲਵੱਕੜੀ 'ਚੋਂ ਮਸਾਂ ਹੀ ਜੁਦਾ ਹੋਇਆ। ਗਲਵੱਕੜੀ, ਜਿਸ ਵਿਚ ਅਣਬੋਲੀਆਂ ਅਸ਼ੀਰਵਾਦਾਂ ਦੀ ਝੜੀ ਸੀ।

51

ਮਲੂਕਾ ਮਾਰਚ 1930 ਦੇ ਸ਼ੁਰੂ ਵਿਚ ਵੈਨਕੂਵਰ ਪਹੁੰਚ ਗਿਆ ਸੀ। ਫਰੇਜ਼ਰ ਕੰਢੇ ਸੜੀ ਡੋਮੀਨੀਅਨ ਲੱਕੜ ਮਿੱਲ ਵਾਲੇ ਦੋ ਪੁਰਾਣੇ ਦੋਸਤਾਂ ਨੇ ਉਹਨੂੰ ਫਾਰਸ ਕਰੀਕ ਦੇ ਕੰਢੇ ਆਪਣੇ ਕੰਮ ਦੇ ਅੱਡੇ ਦੇ ਨੇੜੇ ਬਣੇ ਕੁੱਕ-ਹਾਊਸ ਵਿਚ ਰਹਿਣ ਲਈ ਪੇਸ਼ਕਸ਼ ਕੀਤੀ ਸੀ। ਇਸ ਵੱਡੇ ਸਾਰੇ ਪੁਰਾਣੇ ਘਰ ਦੀ ਛੱਤ ਤੇ ਪਾਸੇ ਦੀਆਂ ਕੰਧਾਂ ਦਾਖੀ ਫ਼ੋਟੋਆਂ ਨਾਲ ਢਕੀਆਂ ਹੋਈਆਂ ਸਨ। ਇਹ ਕਰੀਕ ਦੇ ਸੱਜੇ ਕੰਢੇ ਢਲਵਾਨ 'ਤੇ ਬਣੀ ਸੰਘਣੀ ਵਸੋਂ ਵਾਲੀ ਗੰਦੀ ਜੇਹੀ ਬਸਤੀ ਵਿਚ ਵਾਕਿਆ ਸੀ। ਨੇੜੇ ਹੀ ਕਈ ਹੋਰ ਆਰਾ-ਮਿੱਲਾਂ ਵੀ ਸਨ। ਕੁਝ ਦੂਜੇ ਪਾਰ ਸਨ ਤੇ ਅਗਾਂਹ ਕੁਝ ਸਟੋਰਾਂ ਤੋਂ ਪਾਰ ਸ਼ਹਿਰ ਦੇ ਮੱਧ ਵਲ ਜਾਂਦੀ ਗਰੈਨਵਿਲ ਸਟਰੀਟ ਸੀ, ਜਿਸ ਵਿਚ ਵਧ ਰਹੀ ਖ਼ੁਸ਼ਹਾਲੀ ਦੇ ਚਿੰਨ੍ਹ ਉਜਾਗਰ ਹੋ ਰਹੇ ਸਨ।

ਇਥੇ ਕੰਮ ਤੋਂ ਬਿਨਾਂ ਉਸ ਰਸੋਈਏ ਦੀ ਸੰਗਤ ਵਿਚ ਬੈਠੇ ਰਹਿਣਾ ਉਦਾਸੀਜਨਕ ਗੱਲ ਸੀ, ਜੋ ਹਿੰਦੂ ਪੁਜਾਰੀਆਂ ਵਾਂਗ ਜਾਂ ਤਾਂ ਪੂਜਾ ਕਰਦਾ ਰਹਿੰਦਾ ਤੇ ਜਾਂ ਫੇਰ ਮੰਨੀਆਂ ਥੱਪਣ ਲੱਗਾ ਰਹਿੰਦਾ ਸੀ। ਜਨਮ ਵੇਲੇ ਤੋਂ ਹੀ ਇਸ ਮਾੜਕੂ ਜਿਹੇ ਦਾ ਨਾਂ ਘਰਦਿਆਂ ਨੇ ਗ਼ਰੀਬ ਸਿੰਘ ਰੱਖਿਆ ਸੀ ਪਰੰਤੂ ਪੰਜਾਬੀ ਕਾਮੇ ਉਸ ਨੂੰ ਪੁੱਠੇ ਅਰਥਾਂ ਵਾਲੇ ਨਿਹੰਗ ਬੋਲਿਆਂ ਅਨੁਸਾਰ ਦੌਲਤ ਸਿੰਘ ਆਖ ਕੇ ਵਧੇਰੇ ਖ਼ੁਸ਼ ਹੁੰਦੇ ਸਨ। ਇਸ ਦੁਬਲੇ ਪਤਲੇ ਜੇਹੇ ਆਦਮੀ ਦੀ ਕਰੜ-ਬਰੜੀ ਛਿਦਰੀ ਜੇਹੀ ਦਾੜ੍ਹੀ ਬੜੀ ਸੁਆਰ ਕੇ ਠੋਡੀ ਹੇਠ ਗੁੱਟੀ ਵਿਚ ਬੰਨੀ ਹੋਈ ਹੁੰਦੀ ਸੀ। ਦੌਲਤ ਸਿੰਘ ਗੱਲਬਾਤ ਵਿਚ ਭਾਵੇਂ ਕਿਰਸੀ ਸੀ ਪਰ ਮਲੂਕੇ ਨੂੰ ਵਾਧੂ ਦੁੱਧ-ਚੀਨੀ ਪਾ ਕੇ ਬਣਾਈ ਚਾਹ ਦੇ ਤਾਮਚੀਨੀ ਦੇ ਮੱਗ ਵਿਚ ਖ਼ੂਬ ਦਿਲ

ਖੋਲ੍ਹ ਕੇ ਗੱਫੇ ਲੁਆਉਂਦਾ ਸੀ।

ਮਲੂਕੇ ਸਾਹਮਣੇ ਚਾਹ ਦਾ ਅੱਧਾ ਮੱਗ ਭਰਿਆ ਹੋਇਆ ਹੁੰਦਾ ਤੇ ਉਹ ਹੇਠ ਕਰੀਕ 'ਤੇ ਉਸਰੇ ਸਨਅਤੀ ਸੁਰਗ ਉੱਪਰ ਨਿਗਾਹ ਮਾਰਦਾ। ਆਰਿਆਂ ਦੀ ਗੂੰਜ, ਚੇਨਾਂ ਦੀ ਛਣਕਾਰ ਤੇ ਰੋਲਰਾਂ ਦੀ ਖਾੜ ਖਾੜ ਦੇ ਮੇਲ ਨਾਲ ਲਗਾਤਾਰ ਉੱਚੇ ਸ਼ੋਰ ਦਾ ਮਾਹੌਲ ਬਣਿਆ ਰਹਿੰਦਾ ਸੀ। ਵੱਡੀਆਂ ਵੱਡੀਆਂ ਭੱਠੀਆਂ ਤੇ ਬਣੀਆਂ ਉੱਚੀਆਂ ਚਿਮਨੀਆਂ ਵਿਚੋਂ ਰੰਗ-ਬਰੰਗੇ ਧੂਏਂ ਦੇ ਕੁੰਡਲਦਾਰ ਗੁਬਾਰੇ, ਹਵਾ ਚੱਲਣ ਨਾਲ ਆਕਾਸ਼ ਵਿਚ ਮੇਲ੍ਹਦੇ ਦਿਖਾਈ ਦਿੰਦੇ ਰਹਿੰਦੇ ਸਨ। ਨਦੀ ਦਾ ਪਾਣੀ ਮੱਛੀਆਂ ਤੇ ਸੜੇ-ਗਲੇ ਸੱਕਾਂ, ਸੁਆਹ ਤੇ ਹੇਠਾਂ ਲੱਕੜ ਦਾ ਬੂਰਾ ਬੈਠ ਬੈਠ ਕੇ ਮੈਲਾ ਗੰਧਲਾ ਜਿਹਾ ਹੋਇਆ ਪਿਆ ਸੀ।

ਮਲੂਕੇ ਨੂੰ ਫਰੇਜ਼ਰ ਵਾਲੇ ਪੁਰਾਣੇ ਕੁੱਕ-ਹਾਊਸ ਦੀ ਬੜੀ ਹੇਰਵੇ ਭਰੀ ਯਾਦ ਆਈ—ਸਾਫ਼ ਸੁਥਰੀ ਹਵਾ ਵਾਲੀ ਖੁੱਲ੍ਹੀ ਥਾਂ, ਰੁੱਖਾਂ ਦੇ ਝੁੰਡਾਂ ਦੇ ਝੁੰਡ। ਕੇਲੇ ਤੇ ਭੋਜ ਪੱਤਰਾਂ ਦੇ ਰੁੱਖ ਹਾਲੇ ਵੀ ਕੰਢਿਆਂ 'ਤੇ ਆਪਣੀ ਪੂਰੀ ਹਰਿਆਲੀ ਸਮੇਤ ਸੁਭਾਇਮਾਨ ਸਨ। ਜਿੱਥੋਂ ਜੰਗਲ ਸਾਫ਼ ਕੀਤਾ ਗਿਆ ਸੀ ਉਥੇ ਰੁੱਖਾਂ ਦੇ ਸੁਨਹਿਰੇ ਮੁੱਢ ਚਿੱਸਦੇ ਪਏ ਸਨ। ਵਿਸ਼ਾਲ ਦਰਿਆ ਚੁੱਪ-ਚਾਪ ਅਦਿੱਖ ਜੇਹੀ ਗਤੀ ਨਾਲ ਵੱਗ ਰਿਹਾ ਸੀ, ਜਿਵੇਂ ਖ਼ੁਸ਼ੀ ਵੇਲੇ ਸਮਾਂ ਬੀਤ ਰਿਹਾ ਹੁੰਦਾ ਹੈ।

ਰਸੋਈਏ ਦੀ ਤਿੱਖੀ ਚੀਕਵੀਂ ਆਵਾਜ਼ ਨਾਲ ਮਲੂਕਾ ਆਪਣੀਆਂ ਸੁਪਨ-ਸੋਚਾਂ 'ਚੋਂ ਜਾਗਿਆ।

"ਮਲੂਕਿਆ, ਤੈਨੂੰ ਇਹ ਥਾਂ ਨਰਕ ਲਗਦਾ। ਪਰ ਨਰਕ ਹੈ ਨਹੀਂ। ਈਸਾਈ ਪਾਦਰੀ ਕਹਿੰਦਾ ਹੁੰਦਾ ਹੈ ਕਿ ਨਰਕ ਉਹ ਥਾਂ ਹੈ ਜਿੱਥੇ ਰੱਬ ਸੜ ਰਹੇ ਪਾਪੀਆਂ ਨੂੰ ਵੇਖ ਕੇ ਪ੍ਰਸੰਨ ਹੁੰਦਾ ਹੈ। ਪਰ ਅਸੀਂ ਇੱਥੇ ਜੀਉਂਦੇ ਜਾਗਦੇ ਹਾਂ, ਭਾਵੇਂ ਗੰਦੀ ਬਸਤੀ ਵਿਚ ਹੀ ਰਹਿੰਦੇ ਹਾਂ। ਅਸੀਂ ਇਥੇ ਰੱਬ ਦੀ ਰਜ਼ਾ ਅਨੁਸਾਰ ਆਪਣਾ ਲਹੂ ਪਸੀਨਾ ਇਕ ਕਰ ਕੇ ਆਪਣੀ ਰੋਟੀ ਕਮਾ ਰਹੇ ਹਾਂ। ਬਾਬੇ ਆਦਮ ਨੇ ਵਰਜਿਤ ਫਲ ਚੱਖਣ ਦਾ ਗੁਨਾਹ ਜ਼ੂ ਕੀਤਾ ਸੀ। ਅਸੀਂ ਸਾਰਾ ਦਿਨ ਮੁਸ਼ੱਕਤ ਕਰਦੇ ਹਾਂ, ਤਾਂ ਹੀ ਰਾਤ ਨੂੰ ਅਸੀਂ ਘੂਕ ਨੀਂਦੇ ਸੌਂਦੇ ਹਾਂ। ਕੀ ਇਹ ਸਾਡੇ ਅੰਬਰੀਂ ਵੱਸਦੇ ਰੱਬ ਤੇ ਉੱਚੇ ਪਰਬਤਾਂ 'ਤੇ ਬਣੇ ਬੰਗਲਿਆਂ ਵਿਚ ਰਹਿੰਦੇ ਮਿੱਲ-ਮਾਲਕਾਂ ਦੇ ਸ਼ੁਕਰਗੁਜ਼ਾਰ ਹੋਣ ਲਈ ਕਾਫ਼ੀ ਨਹੀਂ?"

ਮਲੂਕਾ ਹਾਲੇ ਰਸੋਈਏ ਦੀ ਹੈਰਾਨੀਜਨਕ ਟਿੱਪਣੀ ਦੇ ਪ੍ਰਭਾਵ ਤੋਂ ਸੰਭਲਿਆ ਨਹੀਂ ਸੀ ਕਿ ਉਸ ਨੇ ਅਗਲੀ ਗੱਲ ਆਖ ਦਿੱਤੀ, "ਅਹੁ ਦੇਖ, ਬਸੰਤ ਰੁੱਤ ਆ ਗਈ ਹੈ। ਗੁਆਂਢੀ ਦੇ ਵਿਹੜੇ ਦੇ ਮਧੋਲੇ ਜੇਹੇ ਘਾਹ ਵਿਚੋਂ ਦੂਦਲ ਦੇ ਫੁੱਲ ਝਾਤ ਝਾਤ ਕਰ ਰਹੇ ਹਨ।"

ਹਾਂ, ਬਸੰਤ ਸੱਚ-ਮੁੱਚ ਹੀ ਆ ਗਈ ਸੀ। ਠੰਡੀ ਸੀਤ ਮਿੱਟੀ ਵਿਚ ਦੱਬੀਆਂ ਜੜ੍ਹਾਂ ਤੇ ਗੰਢੀਆਂ ਨੂੰ ਵੀ ਇਸ ਦੀ ਆਮਦ ਦੇ ਹੁਲਾਰੇ ਦਾ ਇਹਸਾਸ ਹੋ ਰਿਹਾ ਸੀ।

ਧੁੰਦ, ਸੀਤ-ਪੌਣਾਂ, ਮੀਂਹ, ਬਰਫ਼ੀਲੀ, ਕਿਰਕ ਤੇ ਬਰਫ਼ਬਾਰੀ ਦੇ ਮਹੀਨਿਆਂ ਤੋਂ ਬਾਅਦ, ਆਪਣੀ ਕੁਲੀ ਤਾਜ਼ਗੀ ਸਮੇਤ ਆਈ ਖ਼ੁਸ਼ਨੁਮਾ ਬਸੰਤ ਨੇ ਵੈਨਕੂਵਰ ਸ਼ਹਿਰ ਨੂੰ ਆਪਣੀ ਲੁਭਾਇਣੀ ਖ਼ੂਬਸੂਰਤੀ ਵਿਚ ਗਲੇਫ ਲਿਆ ਸੀ। ਸਵੇਰ ਦੀ ਨਿੰਮ੍ਹੀ ਧੁੱਪ ਵਿਚ ਲਾਲ, ਪੀਲੇ ਤੇ ਕਿਰਮਚੀ ਗੁਲ-ਲਾਲਾ ਦੀਆਂ ਨੀਲੀਆਂ ਫੁਲਦਾਰ ਕਿਨਾਰੀਆਂ ਵਾਲੀਆਂ ਬੌਣੀਆਂ ਝਾੜੀਆਂ ਤੇ ਮਹਿਕ ਭਰੀਆਂ ਸਫ਼ੇਦ ਨਰਗਸਾਂ ਆਪਣੀ ਜੋਬਨ-ਮੱਤੀ ਸ਼ਾਨ ਨਾਲ ਹਰੇ ਕਚੂਰ ਵਿਹੜਿਆਂ 'ਚ ਲਹਿਰਾਉਣ ਲੱਗ ਪਈਆਂ ਸਨ। ਸੂਰਜ ਦੇ ਢਲਣ ਸਾਰ, ਲੰਮੀਆਂ ਪਤਲੀਆਂ ਡੰਡੀਆਂ ਤੇ ਹੁੰਦੇ ਗੁਲ-ਲਾਲਾ ਮੋਹਕ ਮੌਨ ਵਿਚ ਆਪਣੀਆਂ ਪੱਤੀਆਂ ਇਵੇਂ ਸਮੇਟ ਲੈਂਦੀਆਂ ਸਨ ਜਿਵੇਂ ਪ੍ਰਾਰਥਨਾ ਵਿਚ ਹੱਥ ਜੁੜੇ ਹੋਏ ਹੋਣ। ਛੇਤੀ ਹੀ ਸੋਸਨੀ, ਉਚੇ, ਬਦਾਮੀ, ਸਫ਼ੇਦ ਕੋਨ-ਫੁੱਲ ਪੌਣਾ ਨੂੰ ਆਪਣੀ ਮਿੱਠੀ ਮਹਿਕ ਦੀ ਭਰਪੂਰਤਾ ਨਾਲ ਸੁਗੰਧਿਤ ਕਰ ਦਿੰਦੇ ਸਨ। ਫਲਦਾਰ ਰੁੱਖ ਵੀ ਇਸ ਸ਼ਗਨਾਂ ਭਰੇ ਜਸ਼ਨ ਵਿਚ ਆਪਣੀ ਭਰਵੀਂ ਅਮੀਰੀ ਨਾਲ ਸ਼ਾਮਿਲ ਹੋਣ ਲੱਗ ਪਏ ਸਨ। ਸੇਬ ਦੇ ਰੁੱਖਾਂ ਦੀਆਂ ਸੰਘਣੀਆਂ ਸ਼ਾਖ਼ਾਂ ਵਿਚ ਕਿਨਾਰਿਆਂ ਤੇ ਸੂਹੀ ਭਾਅ ਮਾਰਦੇ ਚਿੱਟੇ ਫੁੱਲ ਟਹਿਕਣ ਲੱਗ ਪਏ ਸਨ। ਮਿੱਠੀ ਮਿੱਠੀ ਮਹਿਕ ਨਾਲ ਨਸ਼ਿਆਏ ਅਲੂਚੇ ਸਫ਼ੇਦ ਛਤਰੀਆਂ ਸਮਾਨ ਹੀ ਬਣ ਗਏ ਸਨ ਤੇ ਆੜੂ ਦੇ ਦਰਖ਼ਤਾਂ ਦੀਆਂ ਕਤਾਰਾਂ ਛੋਟੇ ਛੋਟੇ ਗੁਲਾਬੀ ਫੁੱਲਾਂ ਨਾਲ ਚਮਕਣ ਲੱਗ ਪਈਆਂ ਸਨ।

ਜਿੱਥੇ ਕੁਦਰਤ ਦਾ ਚਿਹਰਾ ਖ਼ੁਸ਼ੀਆਂ ਨਾਲ ਖਿੜਿਆ ਪਿਆ ਸੀ, ਉੱਥੇ ਮਨੁੱਖਾਂ ਦੇ ਮੂੰਹ ਚਿੰਤਾ ਤੇ ਭੌਅ ਨਾਲ ਧੁਆਂਖੇ ਗਏ ਸਨ। 1929 ਦੀ ਪਤਝੜ ਵਿਚ ਨਿਊਯਾਰਕ ਦੀ ਸੱਟਾ-ਮੰਡੀ ਚੌਫਾਲ ਢਹਿ ਪਈ ਸੀ। ਅਮਰੀਕਨ ਜਿਸ

ਲੱਛਮੀ ਦੀ ਏਨੀ ਸ਼ਰਧਾ ਨਾਲ ਪੂਜਾ ਕਰਿਆ ਕਰਦੇ ਸਨ, ਹੁਣ ਇਸ ਦੇ ਮੂੰਹ-ਭਾਰ ਡਿੱਗ ਜਾਣ ਮਗਰੋਂ ਹੈਰਾਨੀ ਨਾਲ ਡੌਰ ਭੌਰ ਹੋ ਗਏ ਸਨ। ਇਹ ਸਦਮਾ ਇਸ ਕਰਕੇ ਹੋਰ ਵੀ ਵਧੇਰੇ ਗਹਿਰਾ ਹੋ ਗਿਆ ਸੀ ਕਿਉਂਕਿ ਹਾਲੇ ਨੌਂ ਮਹੀਨੇ ਪਹਿਲਾਂ ਹੀ ਪ੍ਰਧਾਨ ਕੂਲਿਜ ਨੇ ਆਪਣੇ ਦੇਸ਼-ਵਾਸੀਆਂ ਨੂੰ ਇਹ ਯਕੀਨ ਚੁਆਇਆ ਸੀ ਕਿ ਉਹ 'ਆਪਣੇ ਵਰਤਮਾਨ ਪ੍ਰਤੀ ਸੰਤੁਸ਼ਟਤਾ ਅਤੇ ਭਵਿੱਖ ਪ੍ਰਤੀ ਆਸ਼ਾਵਾਦ' ਦਾ ਰਵੱਈਆ ਬੇਖਟਕ ਹੋ ਕੇ ਅਪਣਾ ਸਕਦੇ ਸਨ।

ਅਰਥ-ਵਿਵਸਥਾ ਦੇ ਧੜੰਮਚਾਰੇ ਡਿੱਗਣ ਤੋਂ ਮਗਰੋਂ ਮੰਦਵਾੜੇ ਵਾਲੀ ਹਾਲਤ ਪੈਦਾ ਹੋ ਗਈ ਸੀ, ਜਿਸ ਨੂੰ ਅਰਥ ਵਿਗਿਆਨੀ ਆਪਣੀ ਖ਼ੁਸ਼ਫ਼ਹਿਮੀ ਕਾਰਨ ਹੀ ਮੋੜੇ ਦਾ ਨਾਂ ਦੇ ਰਹੇ ਸਨ। ਲੱਛਮੀ-ਦੇਵੀ ਦੀ ਤੀਮਾਰਦਾਰੀ ਵਿਚ ਜੁਟੇ ਇਹ ਤਬੀਬ ਇਸ ਸੰਕਟ ਦੇ ਅੱਡ ਅੱਡ ਕਾਰਨ ਦੱਸ ਕੇ ਉਹਦੇ ਰੋਗ ਦੇ ਵੱਖ ਵੱਖ ਉਪਾਓ ਸੁਝਾ ਰਹੇ ਸਨ। ਇਨ੍ਹਾਂ ਵਿਚੋਂ ਸਭ ਤੋਂ ਵੱਧ ਚਤੁਰ ਸਿਆਣੇ ਨੇ ਇਹ ਕਿਹਾ ਸੀ ਕਿ ਜੇ ਇਹ ਮੰਦਵਾੜਾ ਪੰਜ ਸਾਲ ਪਹਿਲਾਂ ਜਾਂ ਪੰਜ ਸਾਲ ਬਾਅਦ ਵਿਚ ਵਾਪਰਿਆ ਹੁੰਦਾ ਤਾਂ ਇਸ ਦੀ ਰੋਕਥਾਮ ਹੋ ਸਕਦੀ ਸੀ ਪਰ 1929 ਵਿਚ ਗ੍ਰਹਿ-ਦਸ਼ਾ ਸਭ ਤੋਂ ਭਿਆਨਕ ਹੋਣ ਕਾਰਨ ਇਹ ਰੋਗ ਫ਼ਿਲਹਾਲ ਅਸਾਧ ਰੂਪ ਧਾਰਨ ਕਰਦਾ ਲਗ ਰਿਹਾ ਸੀ। ਮਲੂਕਾ ਅਰਥ-ਵਿਗਿਆਨੀ ਤਾਂ ਨਹੀਂ ਸੀ, ਪਰ ਉਹਦਾ ਯਕੀਨ ਸੀ ਕਿ ਹਰ ਹੀਲੇ ਅਮਰੀਕਨਾਂ ਦੀ ਬਿਨਾਂ ਕਿਸੇ ਕੋਸ਼ਿਸ਼ ਘੱਟ ਤੋਂ ਘੱਟ ਸਮੇਂ ਵਿਚ ਵੱਧ ਤੋਂ ਵੱਧ ਅਮੀਰ ਹੋਣ ਦੀ ਕਾਹਲ ਵਿਚੋਂ ਹੀ ਪੈਦਾ ਹੋਇਆ ਸੀ।

ਲੰਢੇ ਪਹਿਰ ਲੰਮੇ ਹੁੰਦਿਆਂ ਪਰਛਾਵੇਂ ਵਾਂਗ ਇਸ ਮੰਦਵਾੜੇ ਦਾ ਸਾਇਆ ਕੈਨੇਡਾ ਤੱਕ ਵੀ ਪੁੱਜ ਗਿਆ ਸੀ ਕਿਉਂਕਿ ਉੱਤਰੀ ਅਮਰੀਕੀ ਮਹਾਂਦੀਪੀ ਦੇਸ਼ਾਂ ਵਿਚਕਾਰ ਇਤਿਹਾਸ, ਸਰਕਾਰ ਦੇ ਰੂਪ ਅਤੇ ਪੌਣ-ਪਾਣੀ ਦੇ ਕਾਫ਼ੀ ਸਾਰੇ ਫ਼ਰਕਾਂ ਦੇ ਬਾਵਜੂਦ ਬੜਾ ਕੁਝ ਸਾਂਝਾ ਸੀ। ਕੈਨੇਡਾ ਉੱਪਰ ਅਮਰੀਕੀ ਪ੍ਰੈਸ, ਰੇਡੀਓ, ਫ਼ਿਲਮਾਂ, ਫ਼ੈਸ਼ਨਾਂ ਆਦਿ ਦਾ ਬਹੁਤ ਅਸਰ ਸੀ। ਭਾਵੇਂ ਕੈਨੇਡਾ ਨੇ ਅਮਰੀਕਾ ਵਾਂਗ ਪੂੰਜੀਵਾਦੀ ਨਿੱਜਵਾਦ ਨੂੰ ਓਨੀ ਸ਼ਿੱਦਤ ਨਾਲ ਨਹੀਂ ਸੀ ਅਪਣਾਇਆ, ਫਿਰ ਵੀ ਇਨ੍ਹਾਂ ਦੋਹਾਂ ਦੇਸ਼ਾਂ ਵਿਚਕਾਰ ਬੜੀ ਗਹਿਰੀ ਆਰਥਿਕ ਸਮਾਨਤਾ ਸੀ। ਕਿੰਗ ਸਟਰੀਟ ਤੇ ਸੇਂਟ ਜੇਮਜ਼ ਸਟਰੀਟ ਦੋਨੋਂ ਹੀ ਝੱਟ ਵਾਲ ਸਟਰੀਟ ਵਿਚ ਝੁੱਲੀਆਂ ਪੌਣਾਂ ਦੀ ਲਪੇਟ ਵਿਚ ਆ ਜਾਂਦੀਆਂ ਸਨ। ਤੇ ਕੈਨੇਡਾ ਦਾ 'ਬੜਾ ਵਪਾਰੀ' ਵੀ ਅਮਰੀਕਾ ਵਾਂਗ ਬੜੇ ਜੋਸ਼ ਤੇ ਸ਼ਰਧਾ ਭਾਵ ਨਾਲ ਇਸੇ ਵਿਸ਼ਵਾਸ ਦਾ ਧਾਰਨੀ ਸੀ

ਕਿ 'ਲਖਪਤੀ' ਹੀ ਰੱਬ ਦੀ ਸਭ ਤੋਂ ਵੱਧ ਸ਼ਾਨਦਾਰ ਰਚਨਾ ਹੋਇਆ ਕਰਦੇ ਨੇ। ਦੋਹਾਂ ਦੇਸ਼ਾਂ ਵਿਚ ਮਜ਼ਦੂਰਾਂ ਉੱਤੇ ਮੰਦਵਾੜੇ ਦਾ ਤੁਰਤ ਪ੍ਰਭਾਵ ਇਹ ਹੋਇਆ ਸੀ ਕਿ ਉਨ੍ਹਾਂ ਵਿਚਕਾਰ ਬੇਕਾਰੀ ਵੱਧ ਗਈ ਸੀ।

ਇਕ ਦਿਨ ਲਾਂਗਰੀ ਨੇ ਬੜੇ ਵਿਅੰਗ ਨਾਲ ਆਖਿਆ ਸੀ, "ਮਲੂਕਿਆ, ਹੁਣ ਤੈਨੂੰ ਮੇਰੀ ਖ਼ੁਸ਼ਕ ਸੰਗਤ ਵਿਚ ਨਹੀਂ ਰਹਿਣਾ ਪਵੇਗਾ।" ਤੇ ਉਸ ਨੇ ਰਤਾ ਕੁ ਰੁਕ ਕੇ ਬੜੀ ਤਸੱਲੀ ਨਾਲ ਆਖਿਆ ਸੀ, "ਡੋਮੀਨੀਅਨ ਮਿੱਲ ਵਾਲੇ ਤੇਰੇ ਮਿੱਤਰ ਨੰਦ ਸਿੰਘ ਨੇ ਤੇਰੇ ਲਈ ਕੰਮ ਲੱਭ ਲਿਆ ਹੈ।"

"ਤੈਨੂੰ ਕਿਵੇਂ ਪਤੈ?"

"ਕੰਮ ਲੱਭਣਾ ਅੱਜ ਕਲ੍ਹ ਵੱਡੀ ਸਾਰੀ ਮੱਛੀ ਫੜਨ ਦੇ ਹੀ ਤੁੱਲ ਹੈ। ਇਸ ਲਈ ਤੁਹਾਡੇ ਕੋਲ ਮੋਟਾ ਸਾਰਾ ਕੁਣਕਾ ਤੇ ਮਜ਼ਬੂਤ ਡੋਰ ਹੋਣੀ ਚਾਹੀਦੀ ਹੈ। ਕੱਲ੍ਹ ਰਾਤੀਂ ਉਹ ਮਾਲਿਕ ਦੇ ਘਰ, ਉਹਦੇ ਲਈ ਵਿਸਕੀ ਦੀ ਬੋਤਲ ਤੇ ਉਹਦੀ ਤੀਵੀਂ ਲਈ ਚਾਕਲੇਟਾਂ ਦਾ ਡੱਬਾ ਲੈ ਕੇ ਗਿਆ ਸੀ। ਨੌਕਰੀ ਤਰ ਕੇ ਸਤਹ ਦੇ ਉੱਪਰ ਆ ਗਈ ਸੀ।"

"ਕਿੱਦਾਂ ਦੀ ਨੌਕਰੀ?"

"ਤੈਨੂੰ ਫੱਟਿਆਂ ਦੇ ਉੱਚੇ ਉੱਚੇ ਅੰਬਾਰਾਂ ਉੱਪਰ ਬਾਂਦਰ ਵਾਂਗ ਟਪੂਸੀਆਂ ਮਾਰਨੀਆਂ ਪਿਆ ਕਰਨਗੀਆਂ। ਨਦੀ ਦੇ ਕੰਢੇ 'ਤੇ ਥਾਂ ਦੀ ਕਮੀ ਹੈ, ਇਸ ਲਈ ਫੱਟਿਆਂ ਦੇ ਢੇਰ ਕੁਝ ਜ਼ਿਆਦਾ ਉੱਚੇ ਲਾਉਣੇ ਪੈਂਦੇ ਨੇ। ਆਪਣੀ ਪਿਛਲੀ ਨੌਕਰੀ ਦੌਰਾਨ ਤੂੰ ਫੱਟਿਆਂ ਦੇ ਟਾਲ ਤੋਂ ਡਿੱਗ ਕੇ ਬਾਂਹ ਤੁੜਾਈ ਸੀ। ਜੇ ਇਸ ਵਾਰ ਡਿਗਿਆ ਤਾਂ ਧੌਣ ਤੁੜਾਏਂਗਾ।" ਉਸ ਨੇ ਸ਼ਰਾਰਤ ਨਾਲ ਆਖਿਆ ਸੀ।

ਮਲੂਕੇ ਨੂੰ ਕੰਮ ਮਿਲਣ ਦੀ ਖ਼ੁਸ਼ੀ ਸੀ—ਕੰਮ ਭਾਵੇਂ ਕਿੰਨਾ ਔਖਾ ਤੇ ਖ਼ਤਰਨਾਕ ਕਿਉਂ ਨਾ ਹੋਵੇ।

... ...

ਵੈਨਕੂਵਰ ਦੇ ਗੁਰਦੁਆਰੇ ਦੇ ਗਰੰਥੀ ਨੱਥਾ ਸਿੰਘ ਨੇ ਫ਼ਰੇਜ਼ਰ, ਬੁੱਰਾਲਡ ਇਨਲੈੱਟ ਤੇ ਹੋਰ ਕਈ ਦੂਰ ਦੁਰਾਡੇ ਥਾਹੀਂ—ਕੈਲੋਵਨਾ, ਕਾਮਲੂਪਸ, ਪ੍ਰਿੰਸ ਜਾਰਜ ਤੇ ਓਸ਼ਨ ਫਾਲ—ਗੱਲ ਕੀ ਜਿੱਥੇ ਕਿੱਥੇ ਵੀ ਪੰਜਾਬੀ ਰਹਿੰਦੇ ਸਨ, ਇਕ ਗਸ਼ਤੀ ਚਿੱਠੀ ਭੇਜ ਦਿੱਤੀ ਸੀ। ਇਸ ਵਿਚ ਇਹ ਐਲਾਨ ਕੀਤਾ ਗਿਆ ਸੀ ਕਿ

ਦੇਸੋਂ ਹੁਣੇ ਪਰਤਿਆ ਮਲੂਕਾ ਅਪ੍ਰੈਲ ਦੇ ਦੂਜੇ ਐਤਵਾਰ ਦੇ ਲੌਂਢੇ ਪਹਿਰ ਵੈਨਕੂਵਰ ਗੁਰਦੁਆਰੇ ਦੇ ਵੱਡੇ ਭੌਰੇ ਵਿਚ **ਭਾਰਤ ਦੇ ਸੁਤੰਤਰਤਾ-ਸੰਗਰਾਮ** ਬਾਰੇ ਇਕ ਤਕਰੀਰ ਕਰੇਗਾ।

ਲੋਕ ਦੂਰ ਦੁਰਾਡੇ ਥਾਵਾਂ ਤੋਂ ਵਹੀਰਾਂ ਘੱਤ ਕੇ ਆਏ ਸਨ। ਗੰਡਾ ਸਿੰਘ ਤੇ ਤਾਰਾ ਸਿੰਘ, ਜਿਨ੍ਹਾਂ ਦੀਆਂ ਧਰਮ ਬਾਰੇ ਅੱਡੋ ਅੱਡ ਧਾਰਨਾਵਾਂ ਸਨ, ਦੋਵੇਂ ਇਕੱਠੇ ਪ੍ਰਿੰਸ ਜਾਰਜ ਤੋਂ ਆਏ ਸਨ, ਕਿਉਂਕਿ ਦੋਨਾਂ ਦੀ ਹੀ ਭਾਰਤ ਦੇ ਸੁਤੰਤਰਤਾ ਸੰਗਰਾਮ ਵਿਚ ਬਰਾਬਰ ਦੀ ਦਿਲਚਸਪੀ ਸੀ। ਉਹ ਦੋਨੋਂ ਕੁਇਨੈਲ ਤੀਕ ਇਕ ਪੁਰਾਣੀ ਟੈਕਸੀ ਵਿਚ ਆਏ ਸਨ। ਕੁਇਨੈਲ ਫ਼ਰੇਜ਼ਰ ਦੇ ਕੰਢੇ ਪੰਝੀ ਕੁ ਘਰਾਂ ਵਾਲਾ ਪਿੰਡ ਹੈ, ਜਿੱਥੇ ਇਕ ਅਣਗੌਲਿਆ ਜਿਹਾ ਚੀਨੀ ਰੈਸਟੋਰੈਂਟ ਵੀ ਹੈ, ਜਿੱਥੇ 'ਕਿਰਾਏ ਲਈ ਖ਼ਾਲੀ ਕਮਰਿਆਂ' ਦੇ ਇਸ਼ਤਿਹਾਰ ਲੱਗੇ ਹੋਏ ਹੁੰਦੇ ਹਨ। ਉੱਥੋਂ ਉਹ ਵੈਨਕੂਵਰ ਤੱਕ ਪੀ. ਜੀ. ਈ. ਦੀ ਛੋਟੀ ਜਿਹੀ ਰੇਲ ਗੱਡੀ ਰਾਹੀਂ ਆਏ ਸਨ, ਜੋ ਰਾਹ ਵਿਚ ਆਉਣ ਵਾਲੇ ਹਰ ਨਿੱਕੇ ਨਿੱਕੇ ਪਰ ਖ਼ੂਬਸੂਰਤ ਸਟੇਸ਼ਨ 'ਤੇ ਰੁਕਦੀ ਆਈ ਸੀ। ਉਨ੍ਹਾਂ ਨੂੰ ਇਹ ਸਫ਼ਰ ਬੜਾ ਸੋਹਣਾ ਲੱਗਾ ਸੀ।

ਭਾਵੇਂ ਗੰਡਾ ਸਿੰਘ ਤੇ ਭਾਈ ਤਾਰਾ ਸਿੰਘ ਦੋਨੋਂ ਪੱਕੇ ਦੇਸ਼ ਭਗਤ ਸਨ ਅਤੇ ਬੇਮਿਸਾਲ ਹੌਸਲੇ ਤੇ ਸ਼ਾਨਦਾਰ ਕੁਰਬਾਨੀਆਂ ਵਾਲੀ 1914 ਵਿਚ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਚਲਾਈ ਮਾਅਰਕਾਖ਼ੇਜ਼ ਗ਼ਦਰ ਲਹਿਰ ਦੇ ਪ੍ਰਸ਼ੰਸਕ ਸਨ ਫਿਰ ਵੀ ਧਰਮ, ਵਿਸ਼ੇਸ਼ ਕਰ ਰਹਿਤਨਾਮੇ ਬਾਰੇ ਉਨ੍ਹਾਂ ਦੇ ਡੂੰਘੇ ਮੱਤਭੇਦ ਸਨ।

ਗੰਡਾ ਸਿੰਘ ਧਰਮ ਨੂੰ ਪ੍ਰਤਿਗਾਮੀ ਸੰਸਥਾ ਸਮਝਦਾ ਸੀ ਜੋ ਸਦਾ ਹੀ ਲੁਟੀਂਦੇ ਲੋਕਾਂ ਨੂੰ ਸੁਰਗ ਦਾ ਝੂਠਾ ਲਾਰਾ ਦੇ ਕੇ ਆਪਣੀਆਂ ਜੇਬਾਂ ਕਟਾਉਣ ਦੀ ਦਲਦਲ ਵਿਚ ਫਸਾ ਕੇ ਸਦਾ ਸੁਆਰਥੀ ਹਿੱਤਾਂ ਦੇ ਹੱਕ ਵਿਚ ਭੁਗਤ ਜਾਂਦੀ ਰਹੀ ਹੈ। ਉਸਨੂੰ ਉਹਨਾਂ ਧਨੀ ਸਿੱਖ ਜ਼ਿੰਮੀਂਦਾਰਾਂ ਤੇ ਸਨਅਤਕਾਰਾਂ ਨਾਲ ਖ਼ਾਸ ਤੌਰ 'ਤੇ ਨਫ਼ਰਤ ਸੀ, ਜਿਨ੍ਹਾਂ ਨੇ ਮਹੱਤਵਪੂਰਨ ਸਿੱਖ ਗੁਰਦੁਆਰਿਆਂ ਦੇ ਗ੍ਰੰਥੀਆਂ ਤੋਂ ਗ਼ਦਰੀਆਂ ਨੂੰ ਗ਼ੱਦਾਰ ਤੇ ਪਤਿਤ ਹੋਣ ਦਾ ਫਤਵਾ ਜਾਰੀ ਕਰਵਾਇਆ ਸੀ।

ਦੂਜੇ ਪਾਸੇ ਭਾਈ ਤਾਰਾ ਸਿੰਘ ਦਾ ਇਹ ਮੱਤ ਸੀ ਕਿ ਇਨ੍ਹਾਂ ਧਨੀ ਸਿੱਖਾਂ ਦਾ ਇਹ ਕੁਕਰਮ ਗੁਰੂਆਂ ਦਵਾਰਾ ਸੁਝਾਏ ਸੱਚੇ ਮਾਰਗ ਦੀ ਸਰਾਸਰ ਉਲੰਘਣਾ ਸੀ, ਜੋ ਧਰਤੀ ਉੱਪਰ ਸ਼ਾਂਤੀ ਤੇ ਨਿਆਂ ਸਥਾਪਿਤ ਕਰਨ ਦਾ ਸੁਨੇਹਾ ਦਿੰਦੇ ਰਹੇ

ਸਨ। ਉਹ ਆਪਣੇ ਪੈਰੋਕਾਰਾਂ ਨੂੰ ਇਹ ਸਿੱਖਿਆ ਦਿੰਦੇ ਆਏ ਸਨ ਕਿ ਮੌਤ ਗੁਲਾਮੀ ਨਾਲੋਂ ਚੰਗੇਰੀ ਹੁੰਦੀ ਹੈ ਅਤੇ ਦਸਵੇਂ ਗੁਰੂ ਗੋਬਿੰਦ ਸਿੰਘ ਹੋਰਾਂ ਔਰੰਗਜ਼ੇਬ ਨੂੰ ਲਿਖੇ ਖ਼ਤ ਵਿਚ ਇਹ ਗੱਲ ਵਾਜ਼ਿਆ ਕਰ ਦਿੱਤੀ ਸੀ ਕਿ ਜਦੋਂ ਹੋਰ ਸਾਰੇ ਹੀਲੇ ਮੁੱਕ ਜਾਣ ਤਾਂ ਤਲਵਾਰ ਸੂਤ ਲੈਣੀ ਹੀ ਹੱਕ ਬਜਾਨਬ ਹੁੰਦੀ ਹੈ।

ਦੋਹਾਂ 'ਚ ਇਕ ਹੋਰ ਡੂੰਘਾ ਦਾਰਸ਼ਨਿਕ ਮੱਤ-ਭੇਦ ਵੀ ਸੀ। ਇਹ ਰੂਹ ਤੇ ਰੂਪ ਵਿਚਕਾਰ ਅੰਤਰ-ਸੰਬੰਧ ਦੇ ਮਸਲੇ ਬਾਰੇ ਸੀ। ਦੋਨੋਂ ਇਸ ਗੱਲੇ ਤਾਂ ਸਹਿਮਤ ਸਨ ਕਿ ਰੂਹ ਆਪਣੇ ਵਿਕਾਸ ਦੀਆਂ ਲੋੜਾਂ ਤੇ ਵਿਆਪਕ ਹਾਲਾਤ ਦੇ ਅਨੁਕੂਲ ਢੁਕਵਾਂ ਰੂਪ ਧਾਰਨ ਕਰ ਲੈਂਦੀ ਹੈ। ਸਿੱਖਾਂ ਦੇ ਚੱਸਵੇਂ ਤੇ ਅੰਤਮ ਗੁਰੂ, ਗੋਬਿੰਦ ਸਿੰਘ ਹੋਰੀਂ ਨਿਸੱਤੇ ਤੇ ਉੱਤਰ-ਪੱਛਮ ਤੋਂ ਆਏ ਮੁਸਲਮਾਨਾਂ ਦੇ ਤਾਬੜਤੋੜ ਹਮਲਿਆਂ ਸਾਹਮਣੇ ਹਾਰੇ ਹਿੰਦੂਆਂ ਨੂੰ ਨਿਡਰ ਯੋਧੇ ਬਣਾ ਕੇ ਉਨ੍ਹਾਂ ਦਾ ਮੁੱਢੋਂ-ਸੁੱਢੋਂ ਕਾਇਆ ਕਲਪ ਕਰਨਾ ਲੋੜਦੇ ਸਨ। ਉਹ ਲੇਲਿਆਂ ਨੂੰ ਸ਼ੀਂਹ ਤੇ ਨਿਤਾਣੀਆਂ ਚਿੜੀਆਂ ਨੂੰ ਬਾਜ਼ ਬਣਾਉਣਾ ਲੋਚਦੇ ਸਨ। ਇਹ ਕਾਰਜ ਉਹਨਾਂ ਅਨੰਦਪੁਰ ਸਾਹਿਬ ਵਿਖੇ ਆਪਣੀਆਂ ਸੰਗਤਾਂ ਨੂੰ ਖੰਡਧਾਰ ਪਹੁਲ ਛਕਾ ਕੇ ਇਸ ਕਦਰ ਨੇਪਰੇ ਚਾੜ੍ਹਿਆ ਕਿ ਉਹਨਾਂ ਵਿਚ ਜੁਝਾਰੂ ਸੂਰਬੀਰਾਂ ਦੀ ਨਵੀਂ ਰੂਹ ਫੂਕੀ ਗਈ ਸੀ। ਪੰਜ ਕਕਾਰ ਧਾਰਨ ਕਰ ਕੇ ਉਨ੍ਹਾਂ ਦਾ ਅਜਿਹਾ ਕਾਇਆ ਕਲਪ ਹੋਇਆ ਕਿ ਉਹ ਦੁਸ਼ਮਣ ਵਿਰੁੱਧ ਜੂਝਣ ਲਈ ਤਿਆਰ-ਬਰ-ਤਿਆਰ ਹੋ ਗਏ ਸਨ। ਭਾਈ ਤਾਰਾ ਸਿੰਘ ਲਈ ਇਹ ਨਵਾਂ ਰੂਪ ਸਭਨਾਂ ਹਾਲਤਾਂ ਅਧੀਨ ਸਦੀਵੀ ਲੋੜ ਸੀ ਤਾਕਿ ਰੂਹ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸੁਝਾਏ ਮਾਰਗ 'ਤੇ ਸਦਾ ਉੱਨਤੀਸ਼ੀਲ ਰਹਿਣ ਲਈ ਤੱਤਪਰ ਰਹਿ ਸਕੇ। ਦੂਜੇ ਪਾਸੇ ਗੰਡਾ ਸਿੰਘ ਦਾ ਇਹ ਵਿਸ਼ਵਾਸ ਸੀ ਕਿ ਸਮਾਂ ਹੁਣ ਬਦਲ ਗਿਆ ਹੈ। ਸਿੱਖਾਂ ਨੂੰ ਵੱਖਰੇ ਸਮਾਜ ਵਿਚ ਪਰਦੇਸੀਂ ਵੱਸਣਾ ਪੈ ਰਿਹਾ ਹੈ। ਇਸ ਦੇ ਅਨੁਕੂਲ ਰੂਪ ਵਿਚ ਥੋੜ੍ਹੀ ਬਹੁਤ ਬਦਲੀ ਕੀਤੀ ਜਾਣੀ ਵਾਜਬ ਹੈ।

... ...

ਐਤਵਾਰ ਦੇ ਇਕੱਠ ਵਿਚ ਲੋਕ ਦੂਰੋਂ ਦੂਰੋਂ ਵਹੀਰਾਂ ਘੱਤ ਕੇ ਆਏ ਸਨ। ਹਾਲ ਖਚਾ ਖੱਚ ਭਰਿਆ ਪਿਆ ਸੀ।

ਦੋਂਹ ਨੌਜੁਆਨਾਂ ਨੇ ਗ਼ਦਰ ਪਾਰਟੀ ਦੇ ਪ੍ਰਤਿਭਾਵਾਨ ਆਗੂਆਂ ਦੁਆਰਾ ਲਿਖੀ ਤੇ ਦੋਂਹ ਜਿਲਦਾਂ ਵਿਚ ਛਪੀ ਗ਼ਦਰ ਦੀ ਗੂੰਜ ਵਿਚੋਂ ਦਿਲ ਨੂੰ ਧੂਹ ਪਾਉਣ ਵਾਲੀਆਂ ਨਜ਼ਮਾਂ ਸੁਣਾਈਆਂ। ਇਕ ਹੋਰ ਗੱਭਰੂ ਨੇ ਬੜੀ ਮਿੱਠੀ ਆਵਾਜ਼ ਵਿਚ

ਤਰੱਨਮ ਨਾਲ ਆਪਣੀਆਂ ਕੁਝ ਕਵਿਤਾਵਾਂ ਪੇਸ਼ ਕੀਤੀਆਂ, ਜੋ ਇਸ ਮੌਕੇ ਲਈ ਉਚੇਚੇ ਤੌਰ ਤੇ ਲਿਖੀਆਂ ਗਈਆਂ ਸਨ।

ਮਗਰੋਂ ਨੱਥਾ ਸਿੰਘ ਨੇ ਸਟੇਜ 'ਤੇ ਆ ਕੇ ਆਖਿਆ ਸੀ, "ਮਲੂਕਾ ਤੁਹਾਡੇ ਲਈ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ। ਉਹ ਬਚਪਨ ਤੋਂ ਸਾਡੇ ਵਿਚਕਾਰ ਹੀ ਪਲਿਆ ਹੈ। ਸਾਡਾ ਅਟੁੱਟ ਅੰਗ ਹੀ ਬਣ ਗਿਆ ਹੈ। ਉਹਨੇ ਬੜੀ ਗਹਿਰੀ ਦਿਲਚਸਪੀ ਨਾਲ ਸਾਨੂੰ ਕੈਨੇਡਾ ਵਿਚ ਦਰਪੇਸ਼ ਔਕੜਾਂ ਦਾ ਮੁਤਾਲਿਆ ਕੀਤਾ ਹੈ। ਉਹਨੇ 1914 ਵਿਚ ਦੇਸ਼ ਦੀ ਆਜ਼ਾਦੀ ਲਈ ਕੀਤੇ ਗ਼ਦਰੀ ਸੂਰਬੀਰਾਂ ਦੇ ਬਹਾਦਰਾਨਾ ਘੋਲ ਦਾ ਵੀ ਡੂੰਘੀ ਪ੍ਰਸ਼ੰਸਾ ਦੀ ਭਾਵਨਾ ਨਾਲ ਅਧਿਐਨ ਕੀਤਾ ਹੈ। ਉਦੋਂ ਆਪਣੇ ਆਪ ਨੂੰ ਖੱਬੀ ਖਾਨ ਕਹਾਉਣ ਵਾਲੇ ਭਾਰਤੀ ਆਗੂ ਬਰਤਾਨੀਆ ਅੱਗੇ ਹਾਲੇ ਡੰਡੌਤ ਹੀ ਕੀਤਾ ਕਰਦੇ ਸਨ। ਇਸ ਗੱਲ ਨੂੰ ਵਾਪਰਿਆਂ ਸੋਲਾਂ ਵਰ੍ਹੇ ਬੀਤ ਗਏ ਹਨ। ਗ਼ਦਰੀਆਂ ਦੀਆਂ ਬੇਮਿਸਾਲ ਕੁਰਬਾਨੀਆਂ ਕੀ ਰੰਗ ਲਿਆਈਆਂ ਹਨ—ਮੈਨੂੰ ਯਕੀਨ ਹੈ ਤੁਸੀਂ ਇਹ ਜਾਨਣ ਲਈ ਬੜੇ ਉਤਾਵਲੇ ਹੋਵੋਗੇ।"

"ਭਾਰਤ ਬਦਲ ਗਿਆ ਹੈ, ਅਤੇ ਇਹ ਤਬਦੀਲੀ ਤੇਜ਼ ਰਫ਼ਤਾਰ ਨਾਲ ਹੋ ਰਹੀ ਹੈ", ਮਲੂਕੇ ਨੇ ਆਪਣੀ ਗੱਲ ਸ਼ੁਰੂ ਕੀਤੀ। "ਸੁਤੰਤਰਤਾ ਦੇ ਜਿਸ ਪਹੁ-ਫੁਟਾਲੇ ਲਈ, ਗ਼ਦਰੀ ਏਨੀ ਦ੍ਰਿੜਤਾ ਨਾਲ ਜੂਝੇ ਸਨ, ਉਸ ਦੀਆਂ ਕਿਰਨਾਂ ਸਪਸ਼ਟ ਤੌਰ ਤੇ ਚਮਕਦੀ ਧੁੱਪ ਦਾ ਰੂਪ ਅਖ਼ਤਿਆਰ ਕਰ ਗਈਆਂ ਨੇ।"

"ਅਸੀਂ ਆਪਣੇ ਸੂਰਬੀਰ ਨਾਇਕਾਂ ਨੂੰ ਇਸ ਲਈ ਮੁਹੱਬਤ ਕਰਦੇ ਹਾਂ, ਕਿਉਂਕਿ ਉਹ ਸਾਡੇ ਦਿਲ ਅੰਦਰਲੀਆਂ ਰੀਝਾਂ ਨੂੰ ਹੀ ਜ਼ੁਬਾਨ ਦੇਣ ਵਾਲੇ ਹੁੰਦੇ ਨੇ। ਅਸੀਂ ਉਹਨਾਂ ਨੂੰ ਇਸ ਕਰ ਕੇ ਪੂਜਦੇ ਹਾਂ, ਕਿਉਂਕਿ ਉਹ ਸਾਨੂੰ ਆਪਣੀ ਮਹੱਤਤਾ ਦਾ ਇਹਸਾਸ ਕਰਵਾਉਂਦੇ ਨੇ ਤੇ ਸਾਡੀਆਂ ਜ਼ਮੀਰਾਂ ਨੂੰ ਕੂੜੇ ਡਰਾਂ ਤੇ ਆਪੂੰ-ਸਿਰਜੀਆਂ ਸੀਮਾਵਾਂ ਤੋਂ ਸੁਤੰਤਰ ਕਰਦੇ ਨੇ।"

"ਜ਼ਿੰਦਗੀ ਨੂੰ ਇਕ ਮਕਸਦ, ਇਕ ਆਦਰਸ਼ ਦੀ ਜ਼ਰੂਰਤ ਹੁੰਦੀ ਹੈ। ਇਸ ਦੀ ਪੂਰਤੀ ਲਈ ਕੀਤੇ ਜਾਣ ਵਾਲੇ ਯਤਨ ਹੀ ਇਹਨੂੰ ਹੋਰ ਮਜ਼ਬੂਤ ਕਰਦੇ ਨੇ। ਗ਼ਦਰੀਆਂ ਨੇ ਸਾਡੇ ਸਾਹਮਣੇ ਪ੍ਰਭੁਤਾਧਾਰੀ ਸਮਾਜਵਾਦੀ ਗਣਤੰਤਰੀ ਭਾਰਤ ਦੀ ਸਿਰਜਣਾ ਦਾ ਮਹਾਨ ਆਦਰਸ਼ ਰੱਖਿਆ ਸੀ। ਤੇ ਉਹਨਾਂ ਨੇ ਬੇਮਿਸਾਲ ਢੰਗ ਨਾਲ, ਭੈ ਦੀ ਛੱਟ ਲਾਹ ਕੇ, ਆਪਣੀ ਇੱਛਾ-ਸਕਤੀ ਨੂੰ ਸੀਖ ਕੇ ਆਪਣੇ ਆਪ

ਨੂੰ ਪ੍ਰਭਾਵਸ਼ਾਲੀ ਢੰਗ ਨਾਲ ਜਥੇਬੰਦ ਕਰ ਕੇ, ਉਚੋਂ ਤੀਕ ਸੰਗਰਾਮ ਜਾਰੀ ਰੱਖਣ ਦੀ ਸਿੱਖਿਆ ਦਿੱਤੀ, ਜਦੋਂ ਤੀਕ ਇਹ ਮਨੋਰਥ ਪੂਰਾ ਨਾ ਹੋ ਜਾਏ।"

"ਤੁਸੀਂ ਸਭਨਾਂ ਦੇ ਇਸ ਮਨੋਰਥ ਦੀ ਪੂਰਤੀ ਲਈ ਆਪੋ ਆਪਣੇ ਸਾਧਨਾਂ ਤੇ ਵਿੱਤ ਅਨੁਸਾਰ ਹਿੱਸਾ ਪਾਇਆ ਹੈ। ਤੁਸੀਂ ਪੰਜਾਬ ਦੇ ਪਿੰਡਾਂ ਵਿਚ ਸਕੂਲ ਖੋਲ੍ਹਣ, ਆਪਣੇ ਆਦਰਸ਼ਾਂ ਦੀ ਪੂਰਤੀ ਲਈ ਸਹਾਇਕ ਪਰਚੇ ਚਲਾਉਣ ਅਤੇ ਮਜ਼ਦੂਰਾਂ ਕਿਸਾਨਾਂ ਦੀਆਂ ਜਥੇਬੰਦੀਆਂ ਦੀ ਮਜ਼ਬੂਤੀ ਲਈ, ਦਿਲ ਖੋਲ੍ਹ ਕੇ ਆਰਥਿਕ ਸਹਿਯੋਗ ਦਿੰਦੇ ਰਹੇ ਹੋ।

"ਪਰ ਮੈਨੂੰ ਇਕ ਗੱਲ ਦੀ ਸਮਝ ਨਹੀਂ ਆਉਂਦੀ ਕਿ ਤੁਸੀਂ ਕੈਦ-ਕੋਠੜੀਆਂ ਵਿਚ ਬੰਦ ਜਾਂ ਫ਼ਾਂਸੀਆਂ ਦੇ ਰੱਸੇ ਚੁੰਮਣ ਵਾਲੇ ਆਪਣੇ ਸੂਰਬੀਰ ਨਾਇਕਾਂ ਦੇ ਪਰਿਵਾਰਾਂ ਦੀ ਹਾਲਤ ਵਲੋਂ, ਹੁਣ ਤੀਕ ਕਿਉਂ ਅਵੇਸਲੇ ਰਹੇ ਹੋ। ਉਹ ਵੀ ਤੁਹਾਡੇ ਵਾਂਗ ਹੀ ਥੁੜੇ-ਟੁੱਟੇ ਪਰਿਵਾਰਾਂ ਵਿਚੋਂ ਇਥੇ ਆਏ ਸਨ। ਉਹ ਕਿਸੇ ਵਡੇਰੇ ਮਕਸਦ ਲਈ ਕੁਰਬਾਨ ਹੋ ਗਏ। ਤੇ ਪਰਿਵਾਰ ਦੇ ਕਮਾਊ ਜੀਅ ਦੇ ਟੁਰ ਜਾਣ ਬਾਅਦ ਮਗਰਲਿਆਂ ਨੂੰ ਜਿਸ ਗੁਰਬਤ ਤੇ ਦੁੱਖ ਵਿੱਚੋਂ ਗੁਜ਼ਰਨਾ ਪੈਂਦਾ ਹੈ, ਉਹ ਕਿਸੇ ਵਿਆਖਿਆ ਦਾ ਮੁਥਾਜ ਨਹੀਂ।

"ਬੱਸ ਮੈਂ ਤੁਹਾਨੂੰ ਸਿਰਫ਼ ਇਹ ਅਪੀਲ ਕਰ ਕੇ ਹੀ ਆਪਣੀ ਗੱਲ ਖ਼ਤਮ ਕਰ ਦੇਣੀ ਹੈ ਕਿ, ਸਾਡੇ ਨਾਇਕ, ਜੋ ਸਾਡੇ ਖ਼ਾਤਰ ਹੀ ਸੂਲੀਆਂ 'ਤੇ ਚੜ੍ਹੇ ਹਨ, ਉਹਨਾਂ ਦੇ ਪਰਿਵਾਰਾਂ ਦੀ ਸਹਾਇਤਾ ਲਈ, ਜੋ ਤਿਲਫੁਲ ਵੀ ਦੇ ਸਕਦੇ ਹੋ, ਜ਼ਰੂਰ ਦੇਵੋ।"

... ...

ਭਾਈ ਤਾਰਾ ਸਿੰਘ ਨੇ ਉੱਠ ਕੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸੇਵਾ ਤੇ ਕੁਰਬਾਨੀ ਹੀ, ਸਿੱਖ ਧਰਮ ਅਨੁਸਾਰ, ਸਭ ਤੋਂ ਬੜੇ ਪੁੰਨ ਹਨ। ਉਸ ਨੇ ਗੁਰੂ ਗੋਬਿੰਦ ਸਿੰਘ ਹੋਰਾਂ ਦੀ ਮਿਸਾਲ ਦਿੱਤੀ, ਜਿਨ੍ਹਾਂ ਦੇ ਪਿਤਾ ਤੇ ਚਾਰੇ ਸਾਹਿਬਜ਼ਾਦੇ ਹੀ ਖ਼ਾਲਸੇ ਅਰਥਾਤ ਜਮਹੂਰੀ ਸਿੱਖ ਭਾਈਚਾਰੇ ਦੀ ਸਥਾਪਤੀ ਲਈ ਜੂਝਦੇ ਸ਼ਹੀਦੀਆਂ ਪਾ ਗਏ ਸਨ।

ਉਸ ਨੇ ਜਜ਼ਬੇ-ਰੁੱਧੀ ਆਵਾਜ਼ ਵਿਚ ਕਿਹਾ, "ਮੈਂ ਗੁਰੂ ਦੇ ਨਾਂ 'ਤੇ ਤੁਹਾਨੂੰ ਉਨ੍ਹਾਂ ਦੇ ਟੱਬਰਾਂ ਦੀ ਭਲਾਈ ਲਈ ਕੁਝ ਨਾ ਕੁਝ ਦਾਨ ਕਰਨ ਦੀ ਅਪੀਲ ਕਰਦਾ ਹਾਂ, ਜੋ ਆਪਣੀ ਜਾਨ ਤਕ ਵੀ ਸਾਡੇ ਸਭਨਾਂ ਲਈ ਕੁਰਬਾਨ ਕਰ ਗਏ ਹਨ।"

ਗੰਡਾ ਸਿੰਘ ਹੋਰਾਂ ਇਹ ਆਖਿਆ, "ਸਾਡੇ ਸੂਰਬੀਰਾਂ ਦੇ ਲੋੜਵੰਦ ਪਰਿਵਾਰਾਂ ਨੂੰ ਫੌਰੀ ਮਦਦ ਦੀ ਜ਼ਰੂਰਤ ਹੈ । ਪਰ ਸਾਨੂੰ ਏਨੀ ਸ਼ਕਤੀਸ਼ਾਲੀ ਸਲਤਨਤ ਨਾਲ ਲੋਹਾ ਲੈਣ ਵਾਲੇ ਦੇਸ਼ਭਗਤਾਂ ਦੀਆਂ ਕੁਰਬਾਨੀਆਂ ਦੀ ਪ੍ਰਸ਼ੰਸਾ ਵਜੋਂ ਕੋਈ ਹੋਰ ਪਾਇਦਾਰ ਕੰਮ ਵੀ ਕਰਨਾ ਚਾਹੀਦਾ ਹੈ ।"

"ਮੈਂ ਇਹ ਤਜਵੀਜ਼ ਪੇਸ਼ ਕਰਦਾ ਹਾਂ ਕਿ ਪੰਜਾਬ ਵਿਚ ਕਿਸੇ ਜਰਵੇਂ ਥਾਂ 'ਤੇ ਇਹਨਾਂ ਸ਼ਹੀਦਾਂ ਦੇ ਸਨਮਾਨ ਵਜੋਂ ਕੋਈ ਢੁੱਕਵੀਂ ਯਾਦਗਾਰ ਬਣਾਉਣੀ ਚਾਹੀਦੀ ਹੈ । ਇਸ ਵਿਚ ਇਕ ਵੱਡਾ ਕਾਨਫਰੰਸ ਹਾਲ, ਵਧੀਆ ਲਾਇਬਰੇਰੀ ਅਤੇ ਪੜ੍ਹਨ ਤੇ ਮੀਟਿੰਗਾਂ ਕਰਨ ਲਈ ਚੰਗੇ ਕਮਰੇ ਹੋਣੇ ਚਾਹੀਦੇ ਹਨ ।

... ...

ਹਾਜ਼ਿਰ ਸੱਜਣਾਂ ਨੇ ਭਰਵਾਂ ਹੁੰਗਾਰਾ ਦਿੱਤਾ । ਨੱਥਾ ਸਿੰਘ, ਭਾਈ ਤਾਰਾ ਸਿੰਘ ਤੇ ਗੰਡਾ ਸਿੰਘ ਹੋਰਾਂ ਦੀ ਸ਼ਮੂਲੀਅਤ ਵਾਲੀ ਇਕ ਕਮੇਟੀ ਕਾਇਮ ਕੀਤੀ ਗਈ, ਜਿਸ ਦੇ ਜ਼ਿੰਮੇ ਦੂਰ-ਦੁਰਾਡੇ ਰਹਿੰਦੇ ਪੰਜਾਬੀਆਂ ਤੋਂ ਫੰਡ ਇਕੱਠਾ ਕਰਨ ਲਈ ਪ੍ਰਚਾਰ ਮੁਹਿੰਮ ਵਿੱਢਣ ਦਾ ਕੰਮ ਲਾਇਆ ਗਿਆ ।

52

"ਮਲੂਕਿਆ, ਫੇਰ ਤੋੜ-ਵਿਛੋੜੇ ਕਰਨ ਲੱਗਾਂ ?" ਨੱਥਾ ਸਿੰਘ ਨੇ ਉਦਾਸ ਹੋ ਕੇ ਪੁੱਛਿਆ । "ਸਾਨੂੰ ਹੁਣ ਤੇਰੀ ਪਹਿਲਾਂ ਨਾਲੋਂ ਵੀ ਵੱਧ ਲੋੜ ਆ । ਪਰ ਤੇਰੇ ਪੈਰਾਂ 'ਚ ਪਤਾ ਨਹੀਂ ਕਿਹੋ ਜਿਹਾ ਚੱਕਰ ਹੈ ।"

"ਨਹੀਂ, ਪੈਰ-ਚੱਕਰ ਨਹੀਂ, ਮਿੱਤਰਾ । ਮੈਂ ਤਾਂ ਅਲਬਰਟਾ ਯੂਨੀਵਰਸਿਟੀ 'ਚ ਪੜ੍ਹਨ ਜਾਣਾਂ । ਐਡਮੰਟਨ ਕਿਹੜਾ ਦੂਰ ਹੈ ? ਹੋਰ ਪੜ੍ਹਾਂਗਾ ਤਾਂ ਭਾਈਚਾਰੇ ਦੀ ਵਧੇਰੇ ਚੰਗੀ ਤਰ੍ਹਾਂ ਸੇਵਾ ਕਰ ਸਕਾਂਗਾ ।"

"ਤੂੰ ਉਥੇ ਕੱਲਾ ਹੀ ਹਿੰਦੁਸਤਾਨੀ ਹੋਣਾਂ", ਉਹਨੇ ਮਲੂਕੇ ਨੂੰ ਚੇਤੇ ਕਰਾਇਆ । "ਬੜਾ ਕੱਲਾ-ਕਾਰਾ ਮਹਿਸੂਸ ਕਰੇਂਗਾ । ਇਥੇ ਦੇ ਭਾਈਚਾਰੇ ਵਿਚ ਤੇਰੇ ਲਈ ਟੱਬਰ ਵਾਲਾ ਮੋਹ-ਪਿਆਰ ਹੈ ।"

ਮਲੂਕੇ ਨੂੰ ਇਸ ਗੱਲ ਦਾ ਪੂਰਾ ਇਹਸਾਸ ਸੀ। ਯੂਨੀਵਰਸਿਟੀ ਦੀ ਰਿਹਾਇਸ਼ ਹੁਣ ਉਹਦੇ ਵਿੱਤੋਂ ਬਾਹਿਰ ਹੋ ਗਈ ਸੀ। ਉਹਨੂੰ ਹੁਣ ਸਸਤਾ ਜਿਹਾ ਕਮਰਾ ਕਿਰਾਏ ਤੇ ਲੈ ਕੇ ਕੱਲੇ ਨੂੰ ਹੀ ਰਹਿਣਾ ਪੈਣਾ ਸੀ।

"ਕੁਝ ਪੰਜਾਬੀ ਐਡਮੰਟਨ ਦੇ ਉੱਤਰ ਵਿਚ ਚਿਸੌਮ ਵਾਲੀ ਲੱਕੜ ਮਿੱਲ ਵਿਚ ਕੰਮ ਕਰਦੇ ਨੇ", ਨੱਥਾ ਸਿੰਘ ਨੇ ਆਪਣੀ ਗੱਲ ਜਾਰੀ ਰੱਖੀ। ਉਹ ਮਲੂਕੇ ਨੂੰ ਕੁਝ ਮੁਫੀਦ ਸੰਪਰਕ ਪ੍ਰਦਾਨ ਕਰਨੇ ਚਾਹੁੰਦਾ ਸੀ। "ਦੋ ਪਰਵਾਰ ਕੈਲਗਰੀ ਦੇ ਬਸੀਮੇ 'ਤੇ ਹੀ ਰਹਿੰਦੇ ਹਨ। ਸੂਰ ਪਾਲਦੇ ਨੇ ਉਹ। ਕੰਮ ਤਾਂ ਗੰਦਾ ਹੀ ਹੈ। ਸੂਰਾਂ ਦੇ ਖਾਜੇ ਲਈ ਹੋਟਲਾਂ ਤੋਂ ਜੂਠ ਕੱਠੀ ਕਰਨੀ ਪੈਂਦੀ ਵਾ, ਪਰ ਕਮਾਈ ਉਹਨਾਂ ਨੂੰ ਵਾਹਵਾ ਹੋ ਜਾਂਦੀ ਵਾ।"

'ਕੈਲਗਰੀ' ਸ਼ਬਦ ਨੇ ਮਲੂਕੇ ਦੇ ਮਨ ਵਿਚ ਖ਼ੂਬਸੂਰਤ ਯਾਦਾਂ ਦਾ ਝੁਰਮਟ ਪਾ ਦਿੱਤਾ ਤੇ ਉਹਦਾ ਮਨ ਅੰਦਰ ਹੀ ਅੰਦਰ ਮਸੋਸ ਕੇ ਰਹਿ ਗਿਆ ਸੀ।

"ਉਹ ਤੇਰੇ ਬਾਰੇ ਜਾਣਦੇ ਨੇ", ਨੱਥਾ ਸਿੰਘ ਨੇ ਉਹਦੀਆਂ ਅੱਖਾਂ ਵਿਚ ਉਦਾਸੀ ਦੇ ਡੋਰੇ ਭਾਂਪਦਿਆਂ ਕਿਹਾ, "ਝਿਜਕੀ ਨਾ ਮਿਲਣੋਂ।"

— ... ...

ਲੰਮੇ-ਝੰਮੇ-ਚੁਸਤ ਤੱਕਣੀ ਤੇ ਨਿੱਕੀ ਜਿਹੀ ਧੌਲੀ ਦਾੜ੍ਹੀ ਤੇ ਕਾਲੀ ਪੱਗ ਵਾਲੇ ਹਰਨਾਮ ਸਿੰਘ ਦਾ ਕੰਮ ਸੋਹਣਾ ਚਲਦਾ ਸੀ। ਕਈ ਵਰ੍ਹੇ ਉਹ ਇਕੱਲਾ ਰਿਹਾ ਸੀ ਕਿਉਂਕਿ ਜੰਗ ਤੋਂ ਬਾਅਦ ਕੈਨੇਡੀਅਨ ਸਰਕਾਰ ਨੇ ਭਾਰਤੀ ਪਰਵਾਸੀਆਂ ਉੱਤੇ ਆਪਣੇ ਪਰਵਾਰ ਮੰਗਵਾਉਣ ਤੇ ਮਨਾਹੀ ਲਾ ਦਿੱਤੀ ਸੀ। ਇਕੱਲ ਵਿਚ ਮਿਹਨਤ ਮੁਸ਼ੱਕਤ ਹੀ ਉਹਦਾ ਸਭ ਤੋਂ ਵੱਧ ਵਫ਼ਾਦਾਰ ਸਾਥ ਬਣ ਗਈ ਸੀ। ਇਥੋਂ ਤੱਕ ਕਿ ਉਹਨੂੰ ਆਪਣੀ ਨੀਲੀ ਡਾਂਗਰੀ ਤੋਂ ਬਿਨਾਂ ਹੋਰ ਕਿਸੇ ਪੁਸ਼ਾਕ ਦੀ ਸੁਧ ਬੁਧ ਹੀ ਵਿਸਰ ਗਈ ਜਾਪਦੀ ਸੀ। ਉਹਦੀ ਮਿਹਨਤ ਵਰ ਵੀ ਬੜੀ ਆਈ ਸੀ। ਜੰਗ ਦੌਰਾਨ ਸੂਰ ਦੇ ਮਾਸ ਦੀਆਂ ਕੀਮਤਾਂ ਵਧ ਗਈਆਂ ਸਨ ਤੇ ਉਹਨੇ ਬੜੇ ਸਸਤੇ ਭਾਅ ਕਾਫ਼ੀ ਸਾਰੀ ਕਣਕ ਬੀਜਣ ਵਾਲੀ ਜ਼ਮੀਨ ਮੁੱਲ ਲੈ ਲਈ ਸੀ। ਹੁਣ ਉਹ ਭਾਰਤੋਂ ਆਏ ਆਪਣੇ ਪੁੱਤਰ ਤੇ ਖ਼ੂਬਸੂਰਤ ਪਤਨੀ ਨਾਲ ਸੁਹਣੇ ਸੁੱਖ ਦੀ ਜ਼ਿੰਦਗੀ ਬਤੀਤ ਕਰ ਰਿਹਾ ਸੀ।

ਇਸ ਪਰਿਵਾਰ ਨੇ ਮਲੂਕੇ ਦੀ ਪੈਰ-ਚਕਿਤਸਕ ਡਾ: ਟੀ. ਐਚ. ਸਮਾਈਥ ਨਾਲ ਜਾਣ-ਪਛਾਣ ਕਰਾਈ ਸੀ। ਉਹ ਸੀ ਤਾਂ ਕਾਲੀ-ਗੋਰੀ ਦੋਗਲੀ ਨਸਲ ਦਾ

ਪਰ ਉਹਦਾ ਪੇਸ਼ਾਵਰਾਨਾ ਕਾਰਡ ਉਹਨੂੰ 'ਸਾਬਕਾ ਬਰਤਾਨਵੀ ਭਾਰਤ' ਤੋਂ ਦਰਸਾਉਂਦਾ ਸੀ। ਸਾਫ਼ ਹੈ ਕਿ ਉਸ ਨੇ ਆਪਣੇ ਆਪ ਨੂੰ ਭਾਰਤੀ ਦਰਸਾਉਣ ਲਈ ਇਹਨਾਂ ਚੋਨਾਂ ਪੰਜਾਬੀ ਪਰਿਵਾਰਾਂ ਨਾਲ ਕਾਫੀ ਨੇੜ ਦਾ ਮੇਲਜੋਲ ਰੱਖਿਆ ਹੋਇਆ ਸੀ।

ਡਾ: ਸਮਾਈਬ ਮਲੂਕੇ ਨੂੰ ਬੜੇ ਨਿੱਘ ਨਾਲ ਮਿਲਿਆ ਸੀ। ਉਹਨੇ ਉਸ ਤੋਂ ਭਾਰਤ ਦੇ ਸੁਤੰਤਰਤਾ ਸੰਗਰਾਮ ਬਾਰੇ ਪੁੱਛਿਆ ਸੀ ਤੇ ਮਹਾਤਮਾ ਗਾਂਧੀ ਦੀ ਬੜੀ ਸਿਫ਼ਤ ਸਲਾਹ ਕੀਤੀ ਸੀ। ਉਹਨੇ ਅਸਪਸ਼ਟ ਜੇਹੇ ਢੰਗ ਨਾਲ ਭਾਰਤੀ ਫ਼ਲਸਫ਼ੇ ਬਾਰੇ ਕੁਝ ਚਲਾਊ ਜੇਹੀਆਂ ਗੱਲਾਂ ਵੀ ਕੀਤੀਆਂ ਸਨ ਪਰੰਤੂ ਨਾਵਾਂ ਤੇ ਥਾਵਾਂ ਦਾ ਉਚਾਰਣ ਕਰਨ ਵੇਲੇ ਉਹਦਾ ਵਿਦੇਸ਼ੀ ਕੰਠ ਉਹਦਾ ਪੂਰੀ ਤਰ੍ਹਾਂ ਸਾਥ ਨਹੀਂ ਸੀ ਦੇ ਰਿਹਾ।

ਉਹ ਮਲੂਕੇ ਵਲ ਬੜਾ ਮਿੱਤਰ-ਭਾਵੀ ਸੀ ਤੇ ਉਸ ਨਾਲ ਸੰਪਰਕ ਬਣਾਈ ਰੱਖਣ ਦਾ ਇੱਛਕ ਸੀ। "ਐਡਮੰਟਨ ਜਾ ਕੇ ਚਿੱਠੀ ਲਿਖੀਂ", ਉਹਨੇ ਤਾਕੀਦ ਕੀਤੀ ਸੀ। "ਆਪਣੀ ਪੜ੍ਹਾਈ ਬਾਰੇ ਵੀ ਪਤਾ ਦਈਂ।"

"ਤਕਦੀਰ ਸਾਥ ਦੇਵੇ ਤੇਰਾ", ਉਹਨੇ ਵਿਛੜਨ ਲੱਗੇ ਨੇ ਕਿਹਾ ਸੀ, "ਜੇ ਤੈਨੂੰ ਕੋਈ ਔਖ ਨਾ ਹੋਵੇ ਤਾਂ ਛੁੱਟੀਆਂ ਜ਼ਰੂਰ ਮੇਰੇ ਕੋਲ ਕੱਟਣ ਆਵੀਂ।"

... ...

ਭਾਰਤ ਫੇਰੀ ਤੋਂ ਬਾਅਦ, ਮਲੂਕੇ ਨੂੰ ਦੋਹਾਂ ਅਰਧ-ਗੋਲਿਆਂ ਵਿਚ ਵਸੇ ਸੰਸਾਰ ਨੂੰ ਹੋਰ ਚੰਗੀ ਤਰ੍ਹਾਂ ਨਾਲ ਸਮਝਣ ਦੀ ਲੋੜ ਵਧੇਰੇ ਸ਼ਿੱਦਤ ਨਾਲ ਮਹਿਸੂਸ ਹੋ ਰਹੀ ਸੀ। ਇਹ ਗੱਲ ਲੰਮੇ ਸਮੇਂ ਲਈ ਨੇਮ-ਬੱਧ ਅਧਿਅਨ ਤੇ ਆਪਣੇ ਦੁਆਲੇ ਜੂਝਦੇ, ਭੇ-ਗ੍ਰਸੇ ਲੋਕਾਂ ਦੀ ਘੋਖ ਪੜਤਾਲ ਤੋਂ ਬਿਨਾਂ ਸੰਭਵ ਨਹੀਂ ਸੀ ਹੋ ਸਕਦੀ।

ਉਹਨੂੰ ਭਾਰਤ ਦੀ ਆਜ਼ਾਦੀ ਵਿਚ ਚਲ ਰਹੀਆਂ ਰਾਜਸੀ ਲਹਿਰਾਂ ਤੋਂ ਬੜੀ ਪ੍ਰੇਰਨਾ ਮਿਲੀ ਸੀ, ਉਹਦੇ ਮਨ ਉੱਪਰ ਉੱਚੇ ਆਦਰਸ਼ਾਂ ਵਾਲੇ ਸਿਆਣੇ ਨੇਤਾਵਾਂ ਨਾਲ ਮਿਲਣੀਆਂ ਦੇ ਪ੍ਰਭਾਵ ਸਥਾਈ ਤੌਰ ਤੇ ਉੱਕਰੇ ਗਏ ਸਨ। ਸਿੱਟੇ ਵਜੋਂ ਉਹਦੀ ਪੜ੍ਹਨ ਦੀ ਰੀਝ ਭਰੀ ਲਗਨ ਹੋਰ ਵੀ ਦੂਣ-ਸਵਾਈ ਹੋ ਗਈ ਸੀ।

... ...

ਐਡਮੰਟਨ ਵਿਚ ਰਿਹਾਇਸ਼ ਲਈ ਕਮਰੇ ਦੀ ਤਲਾਸ਼ ਵੇਲੇ ਉਸ ਨੂੰ ਕੈਨੇਡਾ ਵਿਚਲੇ ਨਸਲੀ-ਇਮਤਿਆਜ਼ ਦੇ ਮਸਲੇ ਨਾਲ ਵੀ ਦੋ-ਚਾਰ ਹੋਣਾ ਪਿਆ ਸੀ।

ਸ਼ਹਿਰਾਂ ਵਿਚ ਭਾਰਤੀ ਵਸੋਂ ਤਾਂ ਭਾਵੇਂ ਕੋਈ ਨਹੀਂ ਸੀ ਪਰੰਤੂ ਉੱਤਰੀ ਐਡਮੰਟਨ ਦੇ ਖ਼ੁਸ਼ਹਾਲ ਇਲਾਕੇ ਤੋਂ ਪਾਰ ਹਬਸ਼ੀਆਂ ਦੀ ਇਕ ਛੋਟੀ ਜੇਹੀ ਗੰਦੀ ਬਸਤੀ ਹੈ ਸੀ । ਹੁਨਾਲੇ ਦੀ ਚਿਲਕਦੀ ਧੁੱਪ ਵਿਚ ਲੰਮਾ ਸਮਾਂ ਕੰਮ ਕਰਨ ਦੇ ਸਿੱਟੇ ਵਜੋਂ ਮਲੂਕੇ ਦੇ ਕਣਕ-ਵੰਨੇ ਰੰਗ ਉੱਪਰ ਕਾਲੋਂ ਫਿਰ ਗਈ ਸੀ। ਜਦੋਂ ਉਹ ਕਿਤੇ ਕਿਰਾਏ ਲਈ ਕਮਰਾ ਲੱਭਣ ਜਾਂਦਾ ਤਾਂ ਮਾਲਿਕ ਉਹਨੂੰ 'ਖ਼ਾਲੀ ਨਹੀਂ' ਕਹਿ ਕੇ ਛਿਛਕੇਰ ਦਿਆ ਕਰਦੇ ਸਨ ਭਾਵੇਂ ਬਾਰੀਆਂ ਵਿਚ 'ਕਿਰਾਏ ਲਈ ਖ਼ਾਲੀ' ਦੀਆਂ ਫੱਟੀਆਂ ਉਹਦਾ ਮੂੰਹ ਚਿੜਾ ਰਹੀਆਂ ਹੁੰਦੀਆਂ ਸਨ । ਆਪਣੇ ਝੂਠ ਦੀ ਸ਼ਰਮਿੰਦਗੀ ਨੂੰ ਲੁਕੌਣ ਲਈ ਉਹ ਬੜੀ ਕਾਹਲੀ ਨਾਲ ਧੜਾਕ ਦੇਣੀ ਬੂਹੇ ਬੰਦ ਕਰ ਲਿਆ ਕਰਦੇ ਸਨ । ਇਹਨਾਂ ਨਮੋਸ਼ੀਆਂ ਦੇ ਬਾਵਜੂਦ ਉਸ ਨੇ ਆਪਣੀ ਤਲਾਸ਼ ਜਾਰੀ ਰੱਖੀ । ਇਕ ਤਾਂ ਕਮਰੇ ਦੀ ਜ਼ਰੂਰਤ ਹੀ ਬੜੀ ਬੁਨਿਆਦੀ ਸੀ ਤੇ ਦੂਜੇ ਉਹ ਉਸ ਜਮਹੂਰੀ ਈਸਾਈ ਦੇਸ਼ ਵਿਚਲੇ ਨਸਲੀ-ਸੰਬੰਧਾਂ ਬਾਰੇ ਸਿੱਧਾ ਅਨੁਭਵ ਪ੍ਰਾਪਤ ਕਰਨਾ ਚਾਹੁੰਦਾ ਸੀ, ਜਿਥੇ ਬਹੁਤੇ ਯੂਰਪੀ ਗੋਰੇ ਪਰਵਾਸੀ ਤੇ ਉਹਨਾਂ ਦੇ ਉਤਰਾਧਿਕਾਰੀ ਹੀ ਵਸੇ ਹੋਏ ਸਨ ।

ਮਾਨਵ-ਵਿਗਿਆਨੀਆਂ ਨੇ ਨਸਲੀ ਅਧਿਐਨ ਦੇ ਆਧਾਰ 'ਤੇ ਅਤੇ ਵਿਦਵਾਨ ਇਤਿਹਾਸਕਾਰਾਂ ਇਹ ਸਿੱਟਾ ਕੱਢਿਆ ਸੀ ਕਿ ਮਿਸਰ, ਭਾਰਤ, ਫਾਰਸ, ਚੀਨ ਤੇ ਅਰਬ ਵਿਚ ਮਹਾਨ ਤੇ ਸ਼ਾਨਦਾਰ ਗੋਰ-ਗੋਰੀਆਂ ਸਭਿਅਤਾਵਾਂ ਵਿਦਮਾਨ ਸਨ। ਫਿਰ ਵੀ ਇਹ ਬੜੀ ਹੈਰਾਨੀ ਦੀ ਗੱਲ ਸੀ ਕਿ ਨਸਲੀ-ਸੰਬੰਧਾਂ ਦਾ ਸੁਆਲ ਕੇਵਲ ਚਮੜੀ ਦੇ ਰੰਗ ਤੀਕ ਹੀ ਸੀਮਿਤ ਹੋ ਕੇ ਰਹਿ ਗਿਆ ਸੀ, ਜੋ ਆਮ ਤੌਰ ਤੇ ਤਿੱਖੀ ਚਮਕਦੀ ਧੁੱਪ ਦਾ ਹੀ ਸਿੱਟਾ ਹੋਇਆ ਕਰਦਾ ਹੈ। 17ਵੀਂ ਸਦੀ ਦੇ ਆਰੰਭ ਤੋਂ ਬਾਅਦ ਨਿੱਕੀਆਂ ਨਿੱਕੀਆਂ ਗੋਰੀਆਂ ਯੂਰਪੀ ਕੌਮਾਂ ਨੇ ਬਹੁਤ ਸਾਰੇ ਗੋਰ-ਗੋਰੇ ਸੰਸਾਰ ਨੂੰ ਆਪਣੇ ਅਧੀਨ ਕਰ ਲਿਆ ਸੀ ਤੇ ਚੀਨ ਵਰਗੇ ਕੁਝ ਦੇਸ਼ਾਂ ਨੂੰ ਆਪਣੇ ਅਸਿੱਧੇ ਗ਼ਲਬੇ ਹੇਠ ਲੈ ਆਂਦਾ ਹੋਇਆ ਸੀ। ਫਿੱਟੇ ਹੋਏ ਵਿਜਈ, ਪ੍ਰਾਜਿਤ ਲੋਕਾਂ ਨੂੰ ਨਫ਼ਰਤ ਦੀ ਨਿਗਾਹ ਨਾਲ ਦੇਖਦੇ, ਉਹਨਾਂ ਦੀਆਂ ਕਮਜ਼ੋਰੀਆਂ ਤੋਂ ਨਾਜਾਇਜ਼ ਲਾਭ ਉਠਾਉਂਦੇ, ਉਹਨਾਂ ਦੇ ਸਭਿਆਚਾਰ ਵਿਰਸੇ ਨਾਲ ਅਣ-ਗਹਿਲੀ ਵਰਤਦੇ ਤੇ ਉਹਨਾਂ ਦੀ ਰਹਿਤਲ ਨੂੰ ਹਕਾਰਤ ਨਾਲ ਵੇਖਦੇ ਧੁਰ-ਅੰਦਰੋਂ ਉਹਨਾਂ ਤੋਂ ਡਰੇ ਹੋਏ ਵੀ ਸਨ ਕਿਉਂਕਿ ਸਭ ਚੀਜ਼ਾਂ ਬਦਲਣਹਾਰ ਹਨ ਤੇ ਵੇਲਾ

ਪਾ ਕੇ ਕਮਜ਼ੋਰ ਸ਼ਕਤੀਸ਼ਾਲੀ ਵੀ ਹੋ ਜਾਇਆ ਕਰਦੇ ਨੇ । ਵਿਜਈਆਂ ਤੇ ਪ੍ਰਾਜਿਤਾਂ ਵਿਚਕਾਰ ਤਣਿਆ ਰੰਗ-ਪਰਦਾ, ਆਪਸੀ ਸੂਝ ਦੇ ਰਾਹ ਵਿਚ ਰੁਕਾਵਟ ਪਾਉਂਦਾ ਅਤੇ ਸ਼ੱਕ, ਡਰ ਤੇ ਘਿਰਣਾ ਪੈਦਾ ਕਰਨ ਦਾ ਵੱਡਾ ਕਾਰਨ ਬਣਿਆ ਹੋਇਆ ਸੀ । ਜੁਜ਼ਵੀ ਤੌਰ ਤੇ ਇਹ ਉਨ੍ਹਾਂ ਦੀ ਰਾਜਸੀ ਸੰਗਠਨਾਂ, ਤਕਨੀਕੀ ਤਰੱਕੀ ਤੇ ਯੁੱਧ ਕਲਾ ਵਿਚ ਉਹਨਾਂ ਦੀ ਉੱਤਮਤਾ ਦਾ ਜ਼ਾਹਿਰਾ ਪ੍ਰਮਾਣ ਬਣਕੇ, ਹਾਕਮਾਂ ਦੇ ਹਿਤਾਂ ਦੀ ਇਕ ਤਰ੍ਹਾਂ ਨਾਲ ਸੇਵਾ ਵੀ ਕਰਦਾ ਸੀ । ਇਸ ਨਾਲ ਉਹਨਾਂ ਦੀ ਸੱਤਾ ਦੀ ਅੰਨ੍ਹੀ ਹਵਸ ਨੂੰ ਪੱਠੇ ਪੈਂਦੇ ਸਨ ।

ਪਰ ਨਿਤਾਣੇ ਲੋਕਾਂ ਉੱਪਰ ਜਿੱਤ ਤੇ ਉਹਨਾਂ ਦੀ ਲੁੱਟ-ਖਸੁੱਟ ਉੱਤੇ ਉੱਸਰੇ ਆਪਣੀ ਸ਼ਾਨ ਵਿਚ ਚਾਂਬਲ ਭਰੇ ਇਸ ਵਿਸਵਾਸ ਦਾ ਉਹਨਾਂ ਦੁਆਰਾ ਪ੍ਰਚਾਰਿਤ ਧਰਮ ਦੇ ਦਇਆ, ਤਰਸ, ਅਮਨ ਤੇ ਪਿਆਰ ਦੇ ਸੁਨੇਹਿਆਂ ਨਾਲ ਕਿਵੇਂ ਤਾਲਮੇਲ ਬੈਠਦਾ ਸੀ ? ਪਰ ਇਹ ਸ਼ਰਮਸਾਰੀ ਭਰਿਆ ਸੁਆਲ ਸ਼ਾਇਦ ਲੰਮਾ ਸਮਾਂ ਪਹਿਲਾਂ ਉਦੋਂ ਹੀ ਨਜਿੱਠਿਆ ਜਾ ਚੁਕਾ ਸੀ ਜਦੋਂ ਸ਼ਾਹ ਕੌਨਸਤੈਂਤੀਨ ਨੇ ਆਪਣੀ ਸਲਤਨਤ ਦੇ ਪੂਰਬੀ ਭਾਗ ਵਿਚ ਈਸਾਈਅਤ ਦੇ ਤੇਜ਼ ਵਿਕਾਸ ਤੋਂ ਪ੍ਰਭਾਵਿਤ ਹੋ ਕੇ ਇਸ ਨੂੰ ਨਿੱਘੀ ਕੂਟਨੀਤਕ ਗਲਵੱਕੜੀ ਪਾ ਲਈ ਸੀ। ਧਰਮ-ਵਿਦਿਆ ਦੇ ਵਾਕ-ਛਲ ਦੇ ਬਲਬੂਤੇ ਹੀ, ਉਸ ਨੇ ਨੌਜੁਆਨ ਈਸਾਈ ਕਿਸਾਨਾਂ ਨੂੰ ਆਪਣੀ ਫ਼ੌਜ ਵਿਚ ਭਰਤੀ ਕਰ ਲਿਆ ਸੀ, ਭਾਵੇਂ ਈਸਾਈਅਤ ਦੀ ਦੀਖਿਆ ਉਹਨੇ ਅੰਤਿਮ ਸੁਆਸਾਂ ਵੇਲੇ ਹੀ ਗ੍ਰਹਿਣ ਕੀਤੀ ਸੀ । ਇਸ ਗਿਣੀ ਮਿੱਥੀ ਲਾਲਚੀ ਸ਼ਾਹੀ ਗਲਵੱਕੜੀ ਤੋਂ ਬਾਅਦ ਈਸਾਈ ਮਤ ਦੀ ਕਦੀਮੀ ਪਵਿੱਤਰਤਾ ਕਦੇ ਬਹਾਲ ਨਹੀਂ ਸੀ ਹੋ ਸਕੀ ।

ਯੂਰਪੀ ਕੌਮਾਂ ਦੁਆਰਾ ਗ਼ੈਰ-ਗੋਰੀਆਂ ਕੌਮਾਂ ਦੀ ਆਧੁਨਿਕ ਜਿੱਤ ਦੀਆਂ ਮੁਹਿੰਮਾਂ ਵਿਚ ਈਸਾਈਅਤ ਨੇ ਉਹਨਾਂ ਦੀ ਅਗਵਾਨੂੰ-ਦਸਤਿਆਂ ਵਾਂਗ ਹੀ ਸੇਵਾ ਕੀਤੀ ਸੀ । ਇਹ ਅਗਿਆਤ ਦੇਸ਼ਾਂ ਦੇ ਲੋਕਾਂ ਬਾਰੇ ਉਹਨਾਂ ਨੂੰ ਲਾਭਕਾਰੀ ਜਾਣ-ਕਾਰੀ ਮੁਹੱਈਆ ਕਰਦੀ, ਇਹਨਾਂ ਕਬੀਲਿਆਂ ਜਾਂ ਕੌਮਾਂ ਦੀ ਲੁੱਟ-ਖਸੁੱਟ ਨੂੰ ਸਦਾਚਾਰਕ ਥੰਮ੍ਹਣੇ ਦਿੰਦੀ ਤੇ ਸਾਦ-ਮੁਰਾਦੇ ਲੋਕਾਂ ਨੂੰ ਸਦੀਵੀ ਆਨੰਦ ਤੇ ਅੰਬਰੋਂ ਪਾਰ ਸ਼ਾਨਦਾਰ ਸੰਸਾਰ ਦੇ ਲਾਰੇ ਲਾ ਕੇ ਉਹਨਾਂ ਨੂੰ ਭੁਚਲਾਉਣ ਵਿਚ ਮਦਦਗਾਰ ਹੁੰਦੀ ਰਹੀ ਹੈ। ਇਹ ਅਸਲ ਵਿਚ ਯੂਰਪੀ ਸਾਮਰਾਜਵਾਦ ਦਾ ਸਦਾਚਾਰਕ ਵਿਭਾਗ ਹੀ ਬਣ ਗਈ ਸੀ । ... ...

110 ਨੰਬਰ ਗਲੀ ਦੀ ਇਕ ਪੁਰਾਣੀ ਜਿਹੀ ਦੋ-ਮੰਜ਼ਲੀ ਇਮਾਰਤ ਵਿਚ ਮਲੂਕੇ ਨੂੰ ਇਕ ਕਮਰਾ ਸਸਤੇ ਜਿਹੇ ਕਰਾਏ 'ਤੇ ਆਖ਼ਰ ਨੂੰ ਮਿਲ ਹੀ ਗਿਆ ਸੀ। ਇਸ ਦੀ ਦੇਖ-ਰੇਖ ਇਕ ਬਿਰਧ ਥੀਓਸੋਫਿਸਟ ਦੰਪਤੀ ਦੇ ਹੱਥ ਸੀ। ਉਹਨੂੰ ਇਹ ਜਾਣ ਕੇ ਖ਼ੁਸ਼ੀ ਹੋਈ ਸੀ। ਥੀਓਸੋਫੀ ਦੁਆਰਾ ਵੇਦਾਂਤ ਦੇ ਡੂੰਘੇ ਸਨਮਾਨ ਦੇ ਫਲ-ਸਰੂਪ, ਇਹ ਦੰਪਤੀ ਨਸਲੀ ਇਮਤਿਆਜ਼ ਤੋਂ ਉੱਪਰ ਉਠਿਆ ਹੋਇਆ ਸੀ। ਮਲੂਕੇ ਦੇ ਨਾਲ ਵਾਲਾ ਕਮਰਾ ਇਕ ਹਬਸ਼ੀ ਤੇ ਉਹਦੀ ਪਤਨੀ ਕੋਲ ਸੀ।

ਪ੍ਰਵੇਸ਼-ਦੁਆਰ ਦੇ ਨਾਲ ਵਾਲੀ ਛੋਟੀ ਜਿਹੀ ਬੈਠਕ ਵਿਚ, ਉਦਾਸ ਜਿਹੀ ਦਿੱਖ ਵਾਲੇ, ਮੰਲੇ ਪੁਰਾਣੇ ਕੱਪੜੇ ਪਹਿਨੀ ਬੇਕਾਰ ਅੱਧਖੜ ਜਿਹੇ ਬੰਦੇ ਬੈਠੇ ਤਮਾਕੂ ਚੱਬਦੇ ਗੱਲਾਂ ਕਰਦੇ ਰਹਿੰਦੇ ਹੁੰਦੇ ਸਨ ਅਤੇ ਜਦ ਕਦੇ ਪਾਉਡਰ-ਫਲੇਲ ਲਾਈ ਜ਼ਰਾ ਸਫਿਆਨੇ ਰੰਗ ਦੀ ਸੁਹਣੀ ਮੁਟਿਆਰ ਹਬਸ਼ਣ ਨਿੱਕੇ ਨਿੱਕੇ ਕਦਮ ਭਰਦੀ ਉਹਨਾਂ ਕੋਲ ਦੀ ਲੰਘਦੀ ਤਾਂ ਉਹਨਾਂ ਦੀਆਂ ਅੱਖਾਂ ਕਾਮੀ ਚਮਕ ਦੀ ਖ਼ੁਸ਼ੀ ਨਾਲ ਖ਼ੁਮਾਰੀਆਂ ਜਾਂਦੀਆਂ ਤੇ ਉਹ ਬੁੱਲ੍ਹ ਘੁੱਟ ਆਹਾਂ ਭਰ ਕੇ ਆਪਣੀ ਹਸਰਤ ਦਾ ਇਜ਼ਹਾਰ ਕਰਿਆ ਕਰਦੇ ਸਨ।

ਬਾਹਿਰ ਗਲੀਆਂ ਵਿਚ ਬੇਨੂਰ ਜੁਆਨ ਮੁੰਡੇ ਆਪਣੀ ਸਿਗਰਟ ਵੇਲਣ ਲਈ, ਪੀ ਕੇ ਸੁੱਟੇ ਟੋਟੇ ਕੱਠੇ ਕਰਦੇ ਰਹਿੰਦੇ ਸਨ ਤੇ ਰਾਹਗੀਰਾਂ ਸਾਹਮਣੇ ਹੱਥ ਫੈਲਾ ਕੇ 'ਦਾਈਮ ਮਿਸਟਰ, ਦਾਈਮ ਮਿਸਟਰ' ਦੇ ਵਾਸਤੇ ਪਾਉਂਦੇ ਦਿਖਾਈ ਦਿੰਦੇ ਹੁੰਦੇ ਸਨ। ਉਹ ਮਾਲ-ਗੱਡੀਆਂ ਵਿਚ ਚੜ੍ਹ ਕੇ ਪਤਾ ਨਹੀਂ ਕਿਧਰੋਂ ਆਉਂਦੇ ਤੇ ਨੌਕਰੀ ਦੀ ਨਿਸਫਲ ਤਲਾਸ਼ ਵਿਚ ਥੱਕ ਹਾਰ ਕੇ ਮਾਲ-ਗੱਡੀਆਂ ਰਾਹੀਂ ਹੀ ਹੋਰ ਕਿਧਰੇ ਚਾਲੇ ਪਾ ਦਿੰਦੇ ਸਨ।

ਮਲੂਕੇ ਨੇ ਗੁਰਬਤ ਤਾਂ ਭਾਰਤ ਵਿਚ ਵੀ ਬਥੇਰੀ ਦੇਖੀ ਸੀ। ਪਰ ਨਵੀਂ ਦੁਨੀਆਂ ਵਿਚ ਇਹਦੀ ਪੀੜ ਬਹੁਤੀ ਗਹਿਰੀ ਸੀ। ਇੱਥੇ ਬੰਦੇ ਭੋਜਨ ਨਹੀਂ, ਸਗੋਂ ਪੈਸੇ ਦੀ ਕਮੀ ਕਰ ਕੇ ਭੁੱਖੇ ਰਹਿੰਦੇ ਸਨ ਅਤੇ ਕਾਰਖ਼ਾਨੇ ਕਿਰਤੀਆਂ ਜਾਂ ਕੱਚੇ ਮਾਲ ਨਹੀਂ, ਸਗੋਂ ਮੁਨਾਫ਼ੇ ਦੀ ਕਮੀ ਕਾਰਨ ਬੰਦ ਹੋ ਰਹੀਆਂ ਸਨ। ਕੀ ਏਨੇ ਵਿਸ਼ਾਲ ਫਸੀਲਿਆਂ, ਉੱਨਤ ਤਕਨਾਲੋਜੀ ਵਾਲਾ ਸਰਮਾਏਦਾਰੀ ਨਿਜ਼ਾਮ ਅਮੀਰ ਦੀ ਮੁਨਾਫ਼ੇ ਲਈ ਅਮਿਤ ਭੁੱਖ ਮਿਟਾਉਣ ਤੇ ਗ਼ਰੀਬਾਂ ਦੇ ਕਸ਼ਟ ਨਿਵਾਰਨ ਦੇ ਦੋਹਾਂ ਹੀ ਕੰਮਾਂ ਵਿਚ ਅਸਫਲ ਹੋ ਗਿਆ ਸੀ?

... ...

ਮਲੂਕਾ ਆਰਟਸ ਕੋਰਸ ਦੇ ਤੀਜੇ ਵਰ੍ਹੇ ਵਿਚ ਦਾਖ਼ਲ ਹੋ ਗਿਆ ਸੀ। ਉਹਨੂੰ ਇਹ ਜਾਣ ਕੇ ਬੜੀ ਖ਼ੁਸ਼ੀ ਹੋਈ ਸੀ ਕਿ ਉਹਦੇ ਦੋਸਤ ਟੌਮ ਸਵੀਨੀ ਨੇ ਪਹਿਲੋਂ ਹੀ ਕਾਨੂੰਨ ਵਿਭਾਗ ਵਿਚ ਦਾਖ਼ਲਾ ਲਿਆ ਹੋਇਆ ਸੀ ਤੇ ਉਹਨੇ ਐਥਾਬਾਸਕਾ ਹਾਲ ਵਿਚ ਕਮਰਾ ਲਿਆ ਹੋਇਆ ਸੀ।

"ਤੇਨੂੰ ਮਿਲ ਕੇ ਬੜੀ ਖ਼ੁਸ਼ੀ ਹੋਈ, ਦੋਸਤ! ਮੈਨੂੰ ਇਕੱਲੇ ਰਹਿ ਜਾਣ ਤੋਂ ਬੜਾ ਭੈਅ ਆਉਂਦਾ ਸੀ।" ਮਲੂਕੇ ਨੇ ਉਹਦੇ ਕਮਰੇ ਵਿਚ ਦਾਖ਼ਲ ਹੋਣ ਸਾਰ ਕਿਹਾ, "ਤੇਰੀ ਸੰਗਤ ਬੜੀ ਪ੍ਰੇਰਨਾਦਾਇਕ ਹੈ।"

"ਤੇਨੂੰ ਮਿਲ ਕੇ ਬੜੀ ਖ਼ੁਸ਼ੀ ਹੋਈ, ਮਲੂਕਿਆ। ਬਹਿ ਕੇ ਦੱਸ, ਕੀ ਕਰਦਾ ਰਿਹੈਂ, ਪਿਛਲੇ ਦਿਨੀਂ।"

"ਡੇਢ ਕੁ ਵਰ੍ਹਾ ਹਿੰਦੁਸਤਾਨ ਰਿਹਾਂ, ਮਾਰਚ ਵਿਚ ਹੀ ਮੁੜਿਆਂ।"

"ਮਲੂਕਿਆ, ਸੱਚੋ ਸੱਚ ਦੱਸ ਕਿ ਉਹ ਲੂਣ ਬਣਾਉਣ ਵਾਲੀ ਸ਼ਰਾਰਤ ਕਿਤੇ ਤੂੰ ਹੀ ਤੇ ਨਹੀਂ ਸ਼ੁਰੂ ਕਰਕੇ ਏਧਰ ਨੂੰ ਭੱਜਾ।"

"ਜਦੋਂ ਮੈਂ ਆਇਆਂ ਉਦੋਂ ਤਾਂ ਪੂਰੀ ਸ਼ਾਂਤੀ ਸੀ ਹਿੰਦੁਸਤਾਨ ਵਿਚ।"

ਮਹਾਤਮਾ ਗਾਂਧੀ ਨੇ 6 ਅਪ੍ਰੈਲ ਨੂੰ ਨਮਕ-ਕਾਨੂੰਨ ਭੰਗ ਕਰਕੇ ਆਪਣੀ ਸ਼ਹਿਰੀ-ਨਾ-ਫੁਰਮਾਨੀ ਦੀ ਲਹਿਰ ਸ਼ੁਰੂ ਕੀਤੀ ਸੀ। ਲੂਣ ਅਮੀਰਾਂ, ਗ਼ਰੀਬਾਂ ਲਈ ਹੀ ਨਹੀਂ, ਸਗੋਂ ਪਸ਼ੂਆਂ ਦੀ ਉਨ੍ਹਾਂ ਤੋਂ ਵੀ ਵੱਧ ਲੋੜ ਹੈ। ਸੀ ਇਹ ਸਰਕਾਰੀ ਇਜਾਰੇ ਹੇਠ। ਮਹਾਤਮਾ ਨੇ ਸਮੁੰਦਰੀ ਪਾਣੀ ਤੋਂ ਲੂਣ ਬਣਾਉਣ ਲਈ ਆਪਣੇ ਬਾਜ਼ਾਬਤਾ ਪੈਰੋਕਾਰਾਂ ਦੀ ਮਦਦ ਨਾਲ ਸਾਬਰਮਤੀ ਆਸ਼ਰਮ ਤੋਂ ਡੰਡੀ ਤੱਕ ਦੀ ਯਾਤਰਾ ਸ਼ੁਰੂ ਕੀਤੀ ਸੀ। ਵਾਇਸਰਾਇ ਲਾਰਡ ਇਰਵਨ ਨੇ ਪਹਿਲਾਂ ਤਾਂ ਉਹਨੂੰ ਇਹ ਸਮਝ ਕੇ ਲੰਮੀ ਖੁੱਲ੍ਹ ਦੇ ਛੱਡੀ ਸੀ ਕਿ ਇਹ ਮੂਰਖਤਾ ਮਖ਼ੌਲ ਵਿਚ ਹੀ ਮੁੱਕ ਜਾਏਗੀ, ਪਰ ਸਿੱਟਾ ਇਹਦੇ ਉਲਟ ਨਿਕਲਿਆ ਸੀ। ਹਜ਼ਾਰਾਂ ਨਰ-ਨਾਰੀਆਂ ਨੇ ਨਾਜਾਇਜ਼ ਲੂਣ ਬਣਾਉਣਾ ਸ਼ੁਰੂ ਕਰ ਦਿੱਤਾ ਸੀ। ਹਲਕੀ ਕਿਸਮ ਦੇ ਬਾਵਜੂਦ ਜਨਤਕ ਨੀਲਾਮੀ ਵਿਚ ਇਹ ਬੜੇ ਮਹਿੰਗੇ ਭਾਅ ਵਿਕਣ ਲੱਗ ਪਿਆ ਸੀ।

ਹਜ਼ਾਰਾਂ ਬੰਦਿਆਂ ਨੂੰ ਕੈਦ ਹੋਈ। ਪਰ ਲੋਕਾਂ ਦਾ ਤਾਂਤੇ ਮਗਰ ਅਮੁੱਕ ਤਾਂਤਾ ਲੱਗਿਆ ਰਹਿੰਦਾ ਸੀ।

"ਹਾਂ" ਟਾਮ ਨੇ ਆਖਿਆ, "ਕੈਨੇਡੀਅਨ ਅਖ਼ਬਾਰਾਂ ਵਿਚ ਇਸ ਬਾਰੇ

ਕਾਫੀ ਖ਼ਬਰਾਂ ਛਪੀਆਂ ਨੇ । ਇਹ ਸਮਾਚਾਰ ਵੀ ਛਪਿਆ ਸੀ ਕਿ ਅੰਤ ਲਾਰਡ ਇਰਵਨ ਨੂੰ ਮਹਾਤਮਾ ਨੂੰ ਰਿਹਾ ਕਰ ਕੇ ਗੱਲਬਾਤ ਲਈ ਸੱਦਣਾ ਪਿਆ ਸੀ । ਚਾਹ-ਵੇਲੇ ਦੀ ਤਫ਼ਰੀਹ ਦੌਰਾਨ ਵਾਇਸਰਾਇ ਨੇ ਪੁੱਛਿਆ ਸੀ, 'ਤੇਨੂੰ ਕਿਵੇਂ ਲੱਗਾ ਸੀ, ਮਿਸਟਰ ਗਾਂਧੀ' ।"

"ਸਾਦਾ, ਜਨਾਬ" ਗਾਂਧੀ ਨੇ ਮੁਸਕਰਾਕੇ ਉੱਤਰ ਦਿੱਤਾ ਸੀ, "ਉਸ ਗ਼ੈਰ-ਕਾਨੂੰਨੀ ਲੂਣ ਦੀ ਇਕ ਚੁਟਕੀ ਪਾ ਕੇ ਦੇਖੋ ।"

... ...

ਇਮਤਿਹਾਨ ਮੁੱਕਣ ਸਾਰ ਮਲੂਕੇ ਨੇ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਕੰਮ ਕਰਨ ਲਈ ਚਿਸ਼ੌਮ ਵਾਲੀ ਗੱਡੀ ਫੜ ਲਈ । ਪਿਛਲੇ ਤਿੰਨ ਸਾਲਾਂ ਤੋਂ ਉਹ ਇਵੇਂ ਹੀ ਕਰਦਾ ਆ ਰਿਹਾ ਸੀ ।

ਚਿਸ਼ੌਮ ਆਰਾ-ਮਿੱਲ ਨਦੀ ਕਿਨਾਰੇ ਖੱਡੇ ਵਾਲੀ ਥਾਂ ਨੇੜੇ ਸੀ । ਗਰਮੀਆਂ ਨੂੰ ਇਹ ਦਿਨ-ਰਾਤ ਚੱਲਦੀ । ਚੌਂਹ ਸ਼ਿਫ਼ਟਾਂ ਵਿਚ ਕੋਈ 120,000 ਫੁੱਟ ਫੱਟਿਆਂ ਦੀ ਚਿਰਾਈ ਕੀਤੀ ਜਾਂਦੀ ਸੀ । ਖੰਭੇ ਨੂੰ ਵਾਧੂ ਫੱਟਿਆਂ ਤੇ ਲੱਕੜ ਦੇ ਬੂਰੇ ਨਾਲ ਭਰਕੇ ਬਣਾਇਆ ਇਹਦਾ ਟਾਲ ਲਾਉਣ ਵਾਲਾ ਆਂਗਣ ਬੜਾ ਛੋਟਾ ਸੀ । ਰਾਤ ਨੂੰ ਬਿਜਲੀ ਦੀ ਰੌਸ਼ਨੀ ਵਿਚ ਫੱਟਿਆਂ ਦੇ ਥੜ੍ਹੇ ਲਾਉਣ ਦਾ ਕੰਮ ਕਾਫੀ ਔਖਾ ਤੇ ਮਹਿੰਗਾ ਪੈਂਦਾ ਸੀ ।

ਪੰਜਾਬੀ ਮਜ਼ਦੂਰਾਂ ਦੀਆਂ ਤਿੰਨਾਂ ਟੋਲੀਆਂ ਨੇ ਫੱਟੇ ਚਿਣਨ ਦਾ ਇਹ ਕੰਮ 30 ਸੈਂਟ ਫੀ ਹਜ਼ਾਰ ਬੋਰਡ ਫੁੱਟ ਦੇ ਹਿਸਾਬ ਨਾਲ ਲਿਆ ਹੋਇਆ ਸੀ । ਉਹ ਇਕ ਛੋਟੇ ਜਿਹੇ ਕੁੱਕ-ਹਾਊਸ ਵਿਚ ਰਹਿੰਦੇ ਸਨ, ਜਿਸ ਨੂੰ ਅੱਧ ਵਿਚਕਾਰੋਂ ਵੰਡ ਕੇ ਇਕ ਪਾਸੇ ਰਸੋਈ ਤੇ ਦੂਜੇ ਪਾਸੇ ਰਹਿਣ ਸੌਣ ਲਈ ਘਰ ਬਣਾਇਆ ਹੋਇਆ ਸੀ ਜਿਸ ਵਿਚ ਕਮਰੇ ਨੂੰ ਨਿੱਘਾ ਕਰਨ ਲਈ ਲੋਹੇ ਦਾ ਬੜਾ ਭਾਰੀ ਅੰਗੀਠਾ ਸੀ । ਖਾਣਾ ਪਕਾਉਣ ਲਈ ਇਕ ਰਸੋਈਆ ਸੀ ਅਤੇ ਆਪਣਾ ਰਸਦ ਪਾਣੀ ਉਹ ਮਿੱਲ ਮਾਲਕ ਦੇ ਮਹਿੰਗੇ ਲਹੂ-ਚੂਸਵੇਂ ਸਟੋਰ ਦੀ ਮਾਰ ਤੋਂ ਬਚਣ ਲਈ, ਡਾਕ-ਗੱਡੀ ਰਾਹੀਂ, ਐਡਮੰਟਨ ਤੋਂ ਮੰਗਵਾਇਆ ਕਰਦੇ ਸਨ । ਉਹ ਤੜਕੇ ਤਿੰਨ ਵਜੇ ਹੀ ਕੰਮ 'ਤੇ ਲੱਗ ਜਾਇਆ ਕਰਦੇ ਸਨ ।

ਜੋਖਮ ਭਰਿਆ ਕੰਮ ਸਾਹਮਣੇ ਹੋਣ ਦੇ ਬਾਵਜੂਦ, ਮਲੂਕੇ ਨੂੰ ਰਾਤ ਦੀ

ਵਿਆਪਕਤਾ 'ਚੋਂ ਫੁੱਟ ਰਹੀ ਪਹੁ ਦਾ ਦੀਦਾਰ ਲੁਭਾਉਣਾ ਲਗਦਾ ਹੁੰਦਾ ਸੀ। ਰੌਸ਼ਨੀ, ਜਿਵੇਂ ਰਾਤ ਦੇ ਹਨੇਰੇ ਵਿਚ ਲੁਕੀ ਪੋਲੇ ਪੋਲੇ ਪੈਰੀਂ ਬਾਹਿਰ ਆ ਰਹੀ ਹੋਵੇ। ਪਹਿਲਾਂ ਪੂਰਬੀ ਦੁਮੇਲ ਵਿਚੋਂ ਇਕ ਪੀਲੀ ਜਿਹੀ ਚਮਕ ਉੱਠਦੀ ਤੇ ਫੇਰ ਲੋਅ ਦੀਆਂ ਧੁੰਦਲਾਈਆਂ ਜੇਹੀਆਂ ਕਿਰਨਾਂ ਡਰਾਉਣੀ ਅਪਾਰਦਰਸ਼ਤਾ ਵਿਚ ਖੁੱਭਣੀਆਂ ਸ਼ੁਰੂ ਕਰ ਦਿੰਦੀਆਂ। ਰਾਤ ਕੰਬ ਜਾਂਦੀ। ਛੇਤੀ ਹੀ ਅੰਬਰ ਵਿਚ ਚਾਨਣ ਧੂੜਿਆ ਜਾਂਦਾ ਅਤੇ ਕੋਨੀਫਰ ਦਾ ਸੁੱਤ-ਉਣੀਂਦਾ ਮੌਨ ਵਣ ਵਿਸ਼ਾਲ ਗੂੜ੍ਹੀ ਹਰੀ ਮਘੋਰੇਦਾਰ ਚਾਦਰ ਦਾ ਰੂਪ ਅਖ਼ਤਿਆਰ ਕਰਨਾ ਸ਼ੁਰੂ ਕਰ ਦਿੰਦਾ। ਹੈਵਾਨ ਆਪਣੇ ਘੁਰਨਿਆਂ 'ਚੋਂ ਹਿੱਲਦੇ ਤੇ ਆਪਣੇ ਸ਼ਿਕਾਰ ਦੀ ਤਲਾਸ਼ ਵਿਚ ਚੁੰਗੀਆਂ ਭਰਨ ਲੱਗ ਪੈਂਦੇ। ਸਲੇਟੀ ਆਕਾਸ਼ ਵਿਚ ਪੰਛੀਆਂ ਦੇ ਪਰ ਫੜਫੜ ਉਂਦੇ। ਹਰੇ ਘਾਹ ਦੀਆਂ ਧਲੀਆਂ 'ਤੇ ਨਿੱਕੇ ਨਿੱਕੇ ਜੰਗਲੀ ਫੁੱਲ ਆਪਣੇ ਰੰਗ-ਬਰੰਗੇ ਸਿਰ ਉਤਾਂਹ ਚੁੱਕਣ ਲੱਗ ਪੈਂਦੇ। ਕਈ ਵਾਰ ਉੱਤਰੀ-ਦੁਮੇਲ ਤੇ ਉਸ਼ੋਰ ਦੀ ਰਹੱਸਮਈ ਜੋਤ ਅਜੇਹੇ ਆਸਾਧਾਰਣ ਅਨੰਦ ਦੀਆਂ ਤਰੰਗਾਂ ਛੇੜਦੀ, ਜੋ ਸਮਝੋਂ-ਬਾਹਰੀ ਹੈ।

... ...

ਬੇਅੰਤ ਵਸੀਲਿਆਂ ਵਾਲੇ ਮੁਲਕ ਵਿਚ ਵੀ ਵੱਧ ਰਹੀ ਗ਼ਰੀਬੀ ਤੇ ਬੇਕਾਰੀ ਤੋਂ ਉਦਾਸ ਤੇ ਭੈਭੀਤ ਮਲੂਕਾ, ਕਿਤਾਬਾਂ ਦੀ ਸ਼ਰਨ ਲੈਂਦਾ। ਪੰਜਾਂ ਮਹੀਨਿਆਂ ਦੀ ਪਿੱਠ-ਤੋੜਵੀਂ ਮੁਸ਼ੱਕਤ, ਸਖ਼ਤ ਫੱਟਿਆਂ, ਗਲੀਜ਼ ਭੂੰਡਾਂ-ਭਮੱਕੜਾਂ, ਪਸੀਨੇ ਭਰੇ ਕਪੜਿਆਂ ਤੋਂ ਬਾਅਦ ਸਾਫ਼-ਚਾਦਰਾਂ ਤੇ ਲੇਟ ਕੇ ਸ਼ੈਲੇ ਜਾਂ ਟੈਗੋਰ, ਬਰਾਊਨਿੰਗ ਜਾਂ ਇਕਬਾਲ ਦੀ ਸ਼ਾਇਰੀ ਪੜ੍ਹਨੀ ਤੇ ਰੌਸ਼ਨ ਦਿਮਾਗ਼ ਪ੍ਰੋਫੈਸਰਾਂ ਤੋਂ ਪੜ੍ਹਨਾ ਸੱਚਮੁੱਚ ਹੀ ਸੁਰਗ ਦੇ ਝੂਟਿਆਂ ਸਮਾਨ ਹੁੰਦਾ ਸੀ।

ਸਨਿੱਚਰਵਾਰ ਨੂੰ ਐਡਮੰਟਨ ਦੀ ਮੰਡੀ ਬੜਾ ਹੀ ਉਦਾਸ ਜਿਹਾ ਦ੍ਰਿਸ਼ ਪੇਸ਼ ਕਰਨ ਵਾਲੀ ਹੁੰਦੀ ਸੀ। ਪਾਟੇ-ਪੁਰਾਣੇ ਊਨੀ ਕਪੜਿਆਂ ਵਿਚ ਲਿਪਟੇ ਆਦਮੀ ਤੇ ਔਰਤਾਂ, ਗੁਆਂਢੀ ਪਿੰਡਾਂ ਤੋਂ ਮਰੀਅਲ ਤੇ ਹੱਡਲ ਜੇਹੇ ਘੋੜਿਆਂ ਵਾਲੀਆਂ ਗੱਡੀਆਂ ਵਿਚ ਸਬਜ਼ੀਆਂ ਵੇਚਣ ਆਇਆ ਕਰਦੇ ਸਨ—ਪਤਗੋਭੀ ਦੇ ਪੀਲੇ ਫੁੱਲ, ਸ਼ਲਗਮ, ਚਕੰਦਰ, ਗਾਜਰਾਂ ਤੇ ਆਲੂ ਤੇ ਬਾਲਣ ਦੀਆਂ ਨਿੱਕੀਆਂ ਨਿੱਕੀਆਂ ਗੰਢੜੀਆਂ। ਆਮ ਤੌਰ 'ਤੇ ਐਤਵਾਰ ਦੇ ਲੌਂਢੇ ਪਹਿਰ ਕਾਮਰੇਡ ਲੇਕਮੈਨ

ਪੁਰਾਣਾ ਨੀਲਾ ਸੂਟ ਪਾਈ ਬਕਸੇ ਉੱਪਰ ਖੜ੍ਹ ਕੇ ਸਰਮਾਏਦਾਰੀ ਦੇ ਭੇੜਾਂ ਦੀ ਨਿੰਦਾ ਕਰਦਾ ਤੇ ਆਪਣੀ ਉੱਚੀ ਆਵਾਜ਼ ਵਿਚ ਬੜੇ ਜੋਸ਼ ਨਾਲ ਇਸ ਗੱਲ ਦੀ ਪੁਸ਼ਟੀ ਕਰਦਾ ਹੁੰਦਾ ਸੀ ਕਿ ਕੇਵਲ ਮਾਰਕਸੀ ਸਮਾਜਵਾਦ ਹੀ ਧਰਤੀ ਤੋਂ ਮਨੁੱਖ ਸਿਰਜੀ ਗੁਰਬਤ ਦੇ ਨੁਕਸ ਮਿਟਾ ਕੇ ਇਥੇ ਅਮਨ, ਖ਼ੁਸ਼ਹਾਲੀ ਤੇ ਸਭ ਲਈ ਨਿਆਂ ਵਾਲੀ ਦੁਨੀਆਂ ਸਿਰਜ ਸਕਦਾ ਹੈ।

... ...

"ਇਸ ਭਿਆਨਕ ਮੰਦਵਾੜੇ ਦਾ ਕੋਈ ਦਾਰੂ ਨਹੀਂ, ਟੌਮ?" ਮਲੂਕਾ ਪੁੱਛਦਾ।

"ਹਾਂ, ਹੈ" ਟੌਮ ਵਿਅੰਗ ਭਰੀ ਮੁਸਕਾਨ ਨਾਲ ਆਖਦਾ, "ਦਾਰੂ ਹੈ, ਜੰਗ।"

"ਪਿਛਲੇ ਮੰਦਵਾੜੇ ਦਾ ਇਲਾਜ ਪਿਛਲੀ ਜੰਗ ਨੇ ਕੀਤਾ ਸੀ" ਉਹ ਵਿਆਖਿਆ ਕਰਦਾ। "ਪਰ ਕੀਮਤ ਬੜੀ ਭਾਰੀ ਤਾਰਨੀ ਪਈ ਸੀ। ਸਾਨੂੰ 50,000 ਕੈਨੇਡੀਅਨ ਫ੍ਰਾਂਸ ਵਿਚ ਦਫਨਾਉਣੇ ਪਏ ਸਨ। ਤੇ ਦੇਸ਼ ਵਿਚ ਸਾਨੂੰ ਲਾਲਚੀ ਕਰੋੜਪਤੀਆਂ ਦੇ ਅਰਬਪਤੀ ਬਣਨ ਦਾ ਤਮੀਹਾ ਝਲਣਾ ਪਿਆ ਸੀ।

"ਵਰਤਮਾਨ ਸੰਕਟ ਬਹੁਤਾ ਗਹਿਰਾ ਹੈ", ਉਸ ਨੇ ਜ਼ੋਰ ਦੇ ਕੇ ਆਖਿਆ, "ਇਸ ਲਈ ਅਗਲੇਰੀ ਜੰਗ ਪਹਿਲਾਂ ਨਾਲੋਂ ਵੱਡੀ ਤੇ ਵਧੇਰੇ ਜਾਬਰ ਹੋਵੇਗੀ।"

"ਕੀ ਮਨੁੱਖਤਾ ਦੇ ਇਸ ਪ੍ਰਪੰਚੀ ਕਤਲ ਤੇ ਸਦੀਆਂ ਦੀ ਮੇਹਨਤ ਨਾਲ ਹਾਸਿਲ ਕੀਤੀਆਂ ਪ੍ਰਾਪਤੀਆਂ ਦੀ ਵਹਿਸ਼ੀਆਨਾ ਤਬਾਹੀ ਦਾ ਹੋਰ ਕੋਈ ਬਦਲ ਨਹੀਂ?" ਮਲੂਕੇ ਨੇ ਪੁੱਛਿਆ।

"ਨਹੀਂ, ਸੱਚੀਂ ਹੈ ਨਹੀਂ" ਉਹਨੇ ਆਪਣਾ ਸਿਰ ਹਿਲਾਇਆ। "ਹਾਂ, ਤਰੀਕੇ ਦੀ ਸੋਧ ਸੰਭਵ ਹੈ। ਵੱਡੇ ਵੱਡੇ ਸੌਦਾਗਰ, ਜੇ ਉਹਨਾਂ ਕੋਲ ਸਮਾਜਕ ਚੇਤਨਾ ਹੋਏ, ਅੰਧ ਮਹਾਂਸਾਗਰ ਵਿਚ ਲੜੀ ਜਾਣ ਵਾਲੀ ਲੜਾਈ ਨੂੰ ਸਥਾਈ ਜੰਗ ਦਾ ਰੂਪ ਦੇਣ ਦਾ ਪ੍ਰਬੰਧ ਕਰ ਸਕਦੇ ਹਨ ਤੇ ਇਸ ਦੀ ਤੀਖਣਤਾ ਨੂੰ ਨੇਮਬੱਧ ਕਰ ਕੇ, ਤਬਾਹੀ ਨੂੰ ਉਸ ਸੀਮਾ ਅੰਦਰ ਰੱਖ ਸਕਦੇ ਹਨ ਜੋ ਸਨਅਤ ਦੇ ਪਹੀਏ ਘੁੰਮਦ ਰੱਖਣ ਲਈ ਜ਼ਰੂਰੀ ਹੋਏ।

ਜਦੋਂ ਟੌਮ ਵਿਅੰਗ ਦੇ ਰੌਂ ਵਿਚ ਹੁੰਦਾ ਸੀ ਤਾਂ ਉਸ ਦੀਆਂ ਨਾਸਾਂ ਜ਼ਰਾ

ਫਰਕਣ ਲੱਗ ਪੈਂਦੀਆਂ ਸਨ, ਉਸ ਦੀ ਜੀਭ ਜ਼ਰਾ ਤੁਰਸ਼ ਹੋ ਜਾਂਦੀ ਸੀ ਤੇ ਮੋਟੀਆਂ ਕਾਲੀਆਂ ਅੱਖਾਂ ਵਿਚ ਇਕ ਸ਼ਰਾਰਤੀ ਜੇਹੀ ਚਮਕ ਆ ਜਾਇਆ ਕਰਦੀ ਸੀ।

"ਹਰ ਚੋਣ ਦੇ ਮੌਕੇ" ਉਸ ਨੇ ਬੜੀ ਤੁਰਸ਼ੀ ਨਾਲ ਆਖਿਆ, "ਧਾਨੂੰ ਦੇ ਮੁਕਾਬਲੇ ਦੀਆਂ ਪਾਰਟੀਆਂ ਇਹ ਦੱਸਦੀਆਂ ਹਨ ਕਿ ਅਸੀਂ ਇਕ ਸੁਤੰਤਰ ਜਮਹੂਰੀ ਦੇਸ਼ ਹਾਂ ਤੇ ਸਾਡੀ ਸਰਕਾਰ ਲੋਕਾਂ ਦੀ ਸਰਕਾਰ ਹੈ।"

"ਸਰਕਾਰ ਤਾਂ ਭਾਵੇਂ ਲੋਕਾਂ ਦੀ ਪਈ ਹੋਵੇ, ਪਰ ਇਸ ਨੂੰ ਚਲਾਉਂਦੇ ਜ਼ਰੂਰ ਬੜੇ ਵਪਾਰੀ, ਬੜੇ ਵਪਾਰ ਦੇ ਹਿੱਤਾਂ ਵਿਚ ਹੀ ਨੇ।"

"ਇਹਨਾਂ ਦੋਹਾਂ ਪਾਰਟੀਆਂ ਦੇ ਪ੍ਰੋਗਰਾਮਾਂ ਵਿਚ ਕੋਈ ਮਹੱਤਵਪੂਰਨ ਅੰਤਰ ਨਹੀਂ। ਪਰ ਇਹਨਾਂ ਦੇ ਨੇਤਾਵਾਂ ਨੂੰ ਉਹਨਾਂ ਦੇ ਉੱਘੇ ਲਛਣਾਂ ਅਨੁਸਾਰ ਵੱਖਰਿਆਇਆ ਜ਼ਰੂਰ ਜਾ ਸਕਦਾ ਹੈ। ਕਨਜ਼ਰਵੇਟਿਵਾਂ ਦਾ ਲੀਡਰ ਆਰ. ਬੀ. ਬੈਨੇਟ ਅਭਿਮਾਨੀ ਤੇ ਤੜਕ-ਭੜਕ ਵਾਲਾ ਹੈ। ਉਹਨਾਂ ਕੋਲ ਕਹਿਣ ਯੋਗ ਸਾਰਥਿਕ ਗੱਲ ਕੋਈ ਨਹੀਂ ਹੁੰਦੀ ਪਰ ਉਹ ਕਹਵੇਗਾ ਇਵੇਂ ਜਿਵੇਂ ਉਹਦਾ ਮਨੋਰਥ ਮੋਇਆਂ ਨੂੰ ਜ਼ਿੰਦਾ ਕਰਨਾ ਹੋਵੇ। ਜਦੋਂ ਉਹਦੇ ਸਾਹਮਣੇ ਕੋਈ ਸਮੱਸਿਆ ਹੋਵੇ ਤਾਂ ਆਪਣੀ ਹੀ ਹਵਾ ਦੇ ਘੋੜੇ ਚੜ੍ਹੀ ਹਉਮੈ ਨਾਲ ਮਸ਼ਵਰਾ ਕਰਦਾ ਹੈ ਤੇ ਭਾਸ਼ਣੀ ਅਸਪਸ਼ਟਤਾ ਵਿਚ ਲਪੇਟ ਕੇ ਆਪਣਾ ਸੁਨੇਹਾ ਦਿੰਦਾ ਹੈ। ਦੂਜੇ ਪਾਸੇ ਲਿਬਰਲਾਂ ਦਾ ਸਦਾ ਬਹਾਰ ਗੱਟੂ ਜੇਹਾ ਨੇਤਾ ਧੀਵਾਂ ਪਰ ਸ਼ੈਤਾਨ ਹੈ। ਪਹਿਲ-ਕਦਮੀ ਉਹਦੇ ਵਿਚ ਨਾਂ-ਮਾਤਰ ਵੀ ਨਹੀਂ। ਜਦੋਂ ਉਹਨੂੰ ਕੋਈ ਔਖ ਹੋਵੇ ਤਾਂ ਉਹ ਆਪਣੇ ਪੂਰਵਜਾਂ ਨਾਲ ਹਨੇਰੇ ਕਮਰੇ ਵਿਚ ਮਸ਼ਵਰਾ ਕਰਦਾ ਹੈ ਤੇ ਉੱਪਰੋਂ ਉਹਨੂੰ ਜੋ ਸਨੇਹਾ ਉੱਤਰਦਾ ਹੈ, ਉਸ ਨਾਲ ਉਹ ਆਪਣੇ ਸਰੋਤਿਆਂ ਨੂੰ ਸਲਾਹ ਦਿੰਦਾ ਹੈ।

"ਪਰ ਬੈਨੇਟ ਤੇ ਕਿੰਗ ਲੀਨ ਦੋਨੋਂ ਆਪਣੀਆਂ ਆਜ਼ਮੂਦਾ ਲਾਹੇਵੰਦੀਆਂ ਆਦਤਾਂ ਅਨੁਸਾਰ ਉਸੇ ਦਿਸ਼ਾ ਵਿਚ ਘੁੰਮਦੇ ਸਨ, ਜਿਸ ਵਿਚ ਉਹ ਧਨ-ਕੁਬੇਰ ਚਾਹੁਣ ਜੋ ਉਹਨਾਂ ਦੀ ਪਾਰਟੀ ਦੀ ਚੋਣ-ਮੁਹਿੰਮ ਵਿਚ ਸਭ ਤੋਂ ਵੱਧ ਚੰਦਾ ਦਿੰਦੇ ਸਨ।"

"ਤੁਹਾਡਾ ਇਸ ਦੇਸ਼ ਵਿਚ ਉਠ ਰਹੀ ਤੀਜੀ ਤਾਕਤ ਬਾਰੇ ਕੀ ਖ਼ਿਆਲ ਹੈ?" ਮਲੂਕੇ ਨੇ ਪੁੱਛਿਆ। "ਕੈਨੇਡੀਅਨ ਸਮਾਜਵਾਦੀ ਸੰਘ ਨੇ ਚੇਗੀਨਾ ਵਿਚ

ਹੋਏ ਆਪਣੇ ਪਹਿਲੇ ਸੈਸ਼ਨ ਵਿਚ ਫੇਬੀਅਨ ਸੋਸਾਇਟੀ ਦੀਆਂ ਲੀਹਾਂ 'ਤੇ ਸਮਾਜ-ਵਾਦੀ ਵਿਉਂਤਬੰਦੀ ਦਾ ਪ੍ਰੋਗਰਾਮ ਅਪਣਾਇਆ ਸੀ...ਇਹਦਾ ਪ੍ਰੋਗਰਾਮ ਤੈਨੂੰ ਪਤਾ ਹੀ ਹੈ, ਦੇਸ਼ ਦੀਆਂ ਸਮਾਜਕ ਤੇ ਆਰਥਿਕ ਸਮੱਸਿਆਵਾਂ ਦੀ ਮੁੜ-ਸਰੰਚਨਾ ਲਈ ਬਣਾਈ ਖੋਜ ਕਮੇਟੀ ਦੇ ਵਿਸਤ੍ਰਿਤ ਅਧਿਐਨ ਦੇ ਆਧਾਰ 'ਤੇ ਤਿਆਰ ਕੀਤਾ ਗਿਆ ਸੀ ।[1]"

"ਇਹ ਪ੍ਰੋਗਰਾਮ ਹੈ ਤਾਂ ਬੜਾ ਆਸ ਬੰਨ੍ਹਾਉਣ ਵਾਲਾ", ਟੌਮ ਨੇ ਆਪਣੀ ਸਹਿਮਤੀ ਪ੍ਰਗਟ ਕੀਤੀ ਸੀ । "ਪਰ ਇਸ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਕਾਫ਼ੀ ਲੰਮਾ ਸਮਾਂ ਲੱਗੇਗਾ ਕਿਉਂਕਿ ਇਸ ਦੇਸ਼ ਦੇ ਲੋਕਾਂ ਨੂੰ ਅੰਨ੍ਹੇਵਾਹ ਵਿਅਕਤੀਵਾਦ ਦੇ ਇਸ ਨੇਮ ਵਿਚ ਯਕੀਨ ਕਰਨਾ ਸਿਖਾਇਆ ਗਿਆ ਹੈ ਕਿ ਸਾਰੇ ਹੀ ਜੇ ਮੇਹਨਤ ਕਰਨ ਤੇ ਰੱਬ 'ਤੇ ਭਰੋਸਾ ਰੱਖਣ, ਤਾਂ ਉਹ ਲੱਖਪਤੀ ਬਣ ਸਕਦੇ ਹਨ ।

"ਇਸੇ ਸਮੇਂ ਦੌਰਾਨ" ਟੌਮ ਨੇ ਅਗਾਂਹ ਆਖਿਆ ਕਿ "ਕੈਲਗਰੀ ਦੇ ਇਕ ਸਕੂਲ ਅਧਿਆਪਕ, ਬਿੱਗ ਬਿੱਲ ਅਬਰਹਾਰਤ ਨੇ ਇਹ ਖੋਜ ਕੀਤੀ ਹੈ ਕਿ ਰਸਹੀਨ ਅਧਿਆਪਨ ਦੇ ਕਾਰਜ ਨਾਲੋਂ ਅੰਜੀਲੀ ਭਵਿੱਖ-ਬਾਣੀਆਂ ਸਦਾਚਾਰਕ ਤੇ ਆਰਥਿਕ ਤੌਰ 'ਤੇ ਬੰਦੇ ਨੂੰ ਕਿਤੇ ਵਧੇਰੇ ਉੱਚਾ ਉਠਾ ਸਕਦੀਆਂ ਨੇ ।"

"ਉਹ ਮੇਜਰ ਡਗਲਿਸ ਦੇ ਸਮਾਜਕ ਸ਼ਾਖ਼ ਦੇ ਅਧ-ਸਮਝੇ ਤੇ ਅਣਪਚ ਕਚਰੇ ਜੇਹੇ ਸਿਧਾਂਤਾਂ ਦਾ ਡੇਨੀਅਲ ਦੇ ਗ੍ਰੰਥ ਨਾਲ ਰਲਾ ਕੇ ਮਿਲਗੋਭਾ ਜੇਹਾ ਪੇਸ਼ ਕਰਦਾ ਹੈ ਤੇ ਗ਼ਰੀਬੀ-ਮਾਰੇ ਮੈਦਾਨਾਂ ਦੇ ਕਿਸਾਨਾਂ ਨੂੰ ਬਾਜ਼ਾਰੀ ਨੀਮ-ਹਕੀਮਾਂ ਵਾਂਗ ਪ੍ਰੇਰਿਤ ਕਰਨ ਦੀ ਕੋਸ਼ਿਸ਼ ਕਰਦਾ ਹੋਇਆ ਆਖਦਾ ਹੈ ।

"ਦੁੱਖਾਂ ਦੇ ਭਾਰਾਂ ਨਾਲ ਲੱਦਿਓ, ਮੇਰੇ ਕੋਲ ਆਓ", ਉਹ ਭਵਿੱਖਬਾਣੀ ਅੰਜੀਲ ਸੰਸਥਾ ਦੇ ਰੇਡੀਓ ਤੋਂ ਸ਼ੋਰ ਪਾਉਂਦਾ ਹੈ, "ਮੈਂ ਤੁਹਾਨੂੰ ਮਹੀਨੇ ਦੇ 25 ਡਾਲਰ ਦੇਵਾਂਗਾ ।"

"ਲਾਈਲੱਗਪੁਣਾ, ਮੇਰੇ ਦੋਸਤ, ਬੜਾ ਪੁਰਾਣਾ ਹੈ ਤੇ ਤਰਕਸ਼ੀਲ ਸੋਚ ਹਾਲੇ ਨਵੀਂ ਹੈ । ਅਬਰਹਾਰਤ ਸਫ਼ਲਤਾ ਦੀ ਘਸੀ-ਪਿੱਟੀ ਸ਼ਾਹਰਾਹ 'ਤੇ ਪਿਆ

---

1. ਇਹ ਪ੍ਰੋਗਰਾਮ, ਕੈਨੇਡਾ ਲਈ ਸਮਾਜਕ ਵਿਉਂਤਬੰਦੀ, ਥਾਮਸਨ ਨੈਲਸਨ ਐਂਡ ਸਨਜ਼ ਲਿਮਟਿਡ ਦੁਆਰਾ, ਟੋਰੰਟੋ ਵਿਖੇ 1935 ਵਿਚ ਪ੍ਰਕਾਸ਼ਿਤ ਕੀਤਾ ਗਿਆ ਸੀ ।

ਹੋਇਆ ਹੈ", ਟੌਮ ਨੇ ਹੌਕਾ ਲੈ ਕੇ ਸਿੱਟਾ ਕੱਢਿਆ ਸੀ।

... ...

ਅਗਲੀ ਬਸੰਤ ਰੁੱਤੇ ਟੌਮ ਨੂੰ ਐਲ. ਐਲ. ਬੀ. ਤੇ ਮਲੂਕੇ ਨੂੰ ਐਮ. ਏ. ਦੀ ਡਿਗਰੀ ਮਿਲ ਜਾਣੀ ਸੀ। ਦੋਹਾਂ ਵਿਚਕਾਰ ਫ਼ਰਕ ਸੀ, ਟੌਮ ਨੇ ਨਿਸ਼ਚਿਤ ਪੇਸ਼ਾ ਅਪਣਾ ਲਿਆ ਸੀ, ਮਲੂਕੇ ਨੇ ਅਜੇਹਾ ਨਹੀਂ ਸੀ ਕੀਤਾ।

"ਮਲੂਕਿਆ" ਟੌਮ ਨੇ ਆਖਿਆ ਸੀ, "ਆਮ ਵਿਦਿਆ ਪ੍ਰਸ਼ੰਸਾ ਯੋਗ ਚੀਜ਼ ਹੈ ਤੇ ਤੇਰਾ ਅੰਗਰੇਜ਼ੀ ਸਾਹਿਤ ਲਈ ਸ਼ੌਕ ਵੀ ਕਦਰ ਕਰਨ ਯੋਗ ਹੈ। ਪਰ ਤੈਨੂੰ ਕੋਈ ਕਿੱਤਾ ਜ਼ਰੂਰ ਅਪਣਾਉਣਾ ਚਾਹੀਦਾ ਹੈ, ਇਸ ਤਰ੍ਹਾਂ ਤੂੰ ਆਰਥਿਕ ਤੌਰ ਤੇ ਸੁਤੰਤਰ ਹੋਕੇ ਵਧੇਰੇ ਆਜ਼ਾਦੀ ਨਾਲ ਲਿਖ ਤੇ ਬੋਲ ਸਕਦਾ ਹੈਂ।"

ਮਲੂਕਾ ਇਸ ਤੱਥ ਨੂੰ ਸਵੀਕਾਰ ਕਰਦਾ ਸੀ। ਪਰ ਉਹ ਕਿਹਾ ਧੰਦਾ ਅਪਣਾਵੇ ? ਇਸ ਬਾਰੇ ਉਹ ਅਸਪਸ਼ਟ ਸੀ।

ਉਸ ਨੇ ਆਪਣੀ ਵਿਦਿਆ ਦੇ ਦਾਇਰੇ ਦਾ ਹਵਾਲਾ ਦੇਕੇ ਜਵਾਹਰ ਲਾਲ ਨੂੰ ਲਿਖੇ ਖ਼ਤ ਵਿਚ ਇਹ ਪੁੱਛਿਆ ਸੀ ਕਿ ਉਹਨੂੰ ਭਾਰਤ ਲਈ ਲਾਹੇਵੰਦਾ ਤੇ ਉਸਾਰੂ ਕੰਮ ਕਰਨ ਲਈ ਆਪਣੀ ਅਗਲੇਰੀ ਪੜ੍ਹਾਈ ਕਿਹੜੀਆਂ ਲੀਹਾਂ 'ਤੇ ਕਰਨੀ ਚਾਹੀਦੀ ਸੀ। ਨਹਿਰੂ ਨੇ ਜੁਆਬ ਦਿੱਤਾ ਸੀ ਕਿ ਸੁਤੰਤਰਤਾ ਤੋਂ ਬਾਅਦ ਦੇ, ਭਾਰਤ ਨੂੰ ਜਮਹੂਰੀ ਸਮਾਜਵਾਦੀ ਗਣਤੰਤਰ ਦੀਆਂ ਲੋੜਾਂ ਦੇ ਅਨੁਕੂਲ ਵਿਦਿਆ ਦਾ ਨਵਾਂ ਕਾਰਜ-ਕ੍ਰਮ ਵਿਕਸਿਤ ਕਰਨਾ ਪਵੇਗਾ। ਉਹਨੇ ਇਸ ਗੱਲ ਦਾ ਜ਼ਿਕਰ ਕੀਤਾ ਸੀ ਕਿ ਪ੍ਰੋਫ਼ੈਸਰ ਜਾਹਨ ਡਿਊਈ ਦੇ ਵਿਦਿਅਕ ਫ਼ਲਸਫ਼ੇ ਤੇ ਸ਼ਿਕਾਗੋ ਵਿਚ ਉਹਦੇ ਪ੍ਰਯੋਗਸ਼ੀਲ ਕੰਮ ਦਾ ਮੁਤਾਲਿਆ ਬੜਾ ਲਾਹੇਵੰਦਾ ਰਹੇਗਾ।

ਸਿੱਟੇ ਵਜੋਂ ਮਲੂਕੇ ਨੇ ਅਲਬਰਟਾ ਯੂਨੀਵਰਸਿਟੀ ਵਿਚ ਹਾਈ ਸਕੂਲ ਅਧਿਆਪਕ ਸਿਖਲਾਈ ਕੋਰਸ ਕਰਨ ਦਾ ਫ਼ੈਸਲਾ ਕੀਤਾ ਸੀ। ਉਸ ਨੇ ਪ੍ਰੋਫ਼ੈਸਰ ਬ੍ਰਾਡਸ ਦੁਆਰਾ ਪੜ੍ਹਾਇਆ ਜਾਂਦਾ ਰਿਚਰਡਸਨ ਤੋਂ ਥਾਮਸ ਹਾਰਡੀ ਤਕ ਅੰਗਰੇਜ਼ੀ ਨਾਵਲ ਦਾ ਕਾਫ਼ੀ ਕਠਨ ਕੋਰਸ ਵੀ ਲੈਣਾ ਸੀ, ਜਿਸ ਬਾਰੇ ਉਹ ਪਹਿਲਾਂ ਇਸ ਕਰਕੇ ਝਿਜਕਦਾ ਰਿਹਾ ਸੀ ਕਿ ਉਹਦੀ ਉੱਚੀ ਉੱਚੀ ਪੜ੍ਹਨ ਦੀ ਬਚਪਨ ਦੀ ਸਿਖਲਾਈ ਕਾਰਨ ਉਹਦੇ ਪੜ੍ਹਨ ਦੀ ਗਤੀ ਮੁਕਾਬਲਤਨ ਬਹੁਤ ਧੀਮੀਂ ਸੀ।

ਡਾ: ਸਮਾਈਥ ਦੀ ਆਪਣੇ ਕੋਲ ਛੁੱਟੀਆਂ ਬਿਤਾਉਣ ਦੀ ਦਾਅਵਤ ਹਾਲੇ ਜਿਉਂ ਦੀ ਤਿਉਂ ਕਾਇਮ ਸੀ। ਉਹਦਾ ਖ਼ਿਆਲ ਸੀ ਕਿ ਉਹ ਇਸ ਲੰਮੀ ਛੁੱਟੀ ਦੌਰਾਨ 19ਵੀਂ ਸਦੀ ਦੇ ਕੁਝ ਬਹੁਤ ਲੰਮੇ ਅੰਗਰੇਜ਼ੀ ਨਾਵਲਾਂ ਦਾ ਵੀ ਅਧਿਐਨ ਕਰ ਸਕੇਗਾ।

53

ਕੈਲਗਰੀ ! ਮਲੂਕੇ ਦੀਆਂ ਖ਼ੂਬਸੂਰਤ ਯਾਦਾਂ ਤੇ ਧੁਆਂਖੀਆਂ ਆਸਾਂ ਦਾ ਸ਼ਹਿਰ।

ਮਲੂਕਾ ਇਸ ਛੋਟੇ ਜਹੇ ਸ਼ਾਂਤ ਸ਼ਹਿਰ ਪੁੱਜਾ ਜੋ ਵਿਸ਼ਾਲ ਪੱਧਰੇ ਮੈਦਾਨਾਂ ਤੇ ਖੁਰਧਰੀ ਉੱਚੀਆਂ ਚਟਾਨਾਂ ਦਾ ਸੰਗਮ ਹੈ—ਉਹਦੀ ਆਪਣੀ ਤਕਦੀਰ ਵਰਗਾ। ਉਹਦੇ ਸੂਟਕੇਸ ਵਿਚ ਕੱਪੜੇ ਘੱਟ ਤੇ ਕਿਤਾਬਾਂ ਵਧੇਰੇ ਤੇ ਸਿਰ ਵਿਚ ਸਾਦਗੀ ਵੱਧ ਤੇ ਸਿਆਣਪ ਘੱਟ।

ਸਤੰਬਰ ਦੀ ਸ਼ੁਰੂਆਤ ਸੀ। ਗਰਮੀਆਂ ਦਾ ਅਸਰ ਹਾਲੇ ਬਾਕੀ ਸੀ। ਦੁਪਹਿਰ ਨੂੰ ਗਰਮੀ ਹੋ ਜਾਂਦੀ ਸੀ ਪਰ ਇਕ ਸੰਘਣੇ ਛਾਂਦਾਰ ਰੁੱਖ ਤੇ ਕੱਲਾ ਕਾਰਾ ਪੀਲਾ ਪੱਤਾ ਅੱਧਖੜ ਆਦਮੀ ਦੀ ਦਾੜ੍ਹੀ ਵਿਚ ਧੌਲੇ ਵਾਂਗ ਇਸ ਗੱਲ ਦੀ ਯਾਦ ਚੁਆਉਂਦਾ ਪ੍ਰਤੀਤ ਹੁੰਦਾ ਸੀ ਕਿ ਪੱਤਝੜ ਦੇ ਦਿਨ ਹੁਣ ਬਹੁਤੀ ਦੂਰ ਨਹੀਂ।

ਡਾ: ਸਮਾਈਥ ਨੇ ਮਲੂਕੇ ਨੂੰ ਹਾਰਦਿਕ 'ਜੀ ਆਇਆਂ' ਆਖਿਆ ਸੀ। "ਮੈਂ ਤੇਰੀ ਆਮਦ ਨੂੰ ਤਿੰਨ ਵਰ੍ਹੇ ਉਡੀਕਦਾ ਰਿਹਾ ਹਾਂ", ਆਪਣੇ ਘਰ ਦਾ ਦਰਵਾਜ਼ਾ ਖੋਲ੍ਹਦਿਆਂ ਉਮਾਹ ਨਾਲ ਆਖਿਆ ਸੀ।

"ਇਹਨੂੰ ਆਪਣਾ ਹੀ ਘਰ ਸਮਝੀਂ।" ਉਸ ਨੇ ਬੱਤੀ ਜਗਾਈ ਤੇ ਵਾਰੀ-ਰਹਿਤ ਪ੍ਰਵੇਸ਼ ਦੁਆਰ ਵਿਚ ਪਏ ਸੋਫੇ ਵਲ ਇਸ਼ਾਰਾ ਕਰਦਿਆਂ ਕਿਹਾ, "ਤੂੰ ਇਥੇ ਸੌਇਆਂ ਕਰੀਂ।"

ਡਾ: ਸਮਾਈਥ ਸੀ. ਪੀ. ਆਰ. ਸਟੇਸ਼ਨ ਦੇ ਨੇੜੇ ਹੀ, ਇਕ ਪੱਥਰ ਦੀ ਬਣੀ ਇਮਾਰਤ ਵਿਚ ਰਹਿੰਦਾ ਸੀ। ਉਸ ਨੇ ਇਸ ਇਮਾਰਤ ਦੀ ਲੰਬਾਈ ਰੁੱਖ ਪਹਿਲੀ ਮੰਜ਼ਿਲ ਦੇ ਦੋ ਕੁਆਰਟਰ ਕਿਰਾਏ 'ਤੇ ਲਏ ਹੋਏ ਸਨ। ਇਕ ਵਿਚ ਉਹਦਾ ਦਫ਼ਤਰ ਸੀ ਤੇ ਦੂਜੇ ਵਿਚ ਰਿਹਾਇਸ਼। ਕੇਵਲ ਦੋਹੇ ਕਮਰਿਆਂ, ਉਹਦੇ ਦਫ਼ਤਰ ਤੇ ਸੌਣ-ਕਮਰੇ ਵਿਚ ਹੀ ਸੂਰਜ ਦੀ ਰੌਸ਼ਨੀ ਪੈਂਦੀ ਸੀ, ਜੋ ਇਮਾਰਤ ਦੇ ਸਾਹਮਣੇ ਚੌਰਸ ਖੂਹੀ ਵਲ ਖੁੱਲ੍ਹਦੇ ਸਨ। ਮਲੂਕੇ ਨੂੰ ਸੌਣ ਕਮਰੇ ਨੂੰ ਆਪਣੀ ਪੜ੍ਹਾਈ ਲਿਖਾਈ ਲਈ ਵਰਤਣ ਦੀ ਖੁੱਲ੍ਹ ਸੀ। ਉਹਨੂੰ ਛੇਤੀ ਪਤਾ ਲੱਗ ਗਿਆ ਸੀ ਕਿ ਚੌਹਾਂ ਕਮਰਿਆਂ ਦੇ ਵਿਚਕਾਰ ਗੂੜੇ ਹਰੇ ਪਰਦਿਆਂ ਨਾਲ ਢੱਕਿਆ ਇਕ ਲਾਂਘਾ ਸੀ।

ਡਾ: ਸਮਾਈਥ ਦਾ ਦਿਲ ਬੜਾ ਉਦਾਰ ਸੀ। ਉਹ ਰਸੋਈਆ ਵੀ ਬੜਾ ਸ਼ਾਨਦਾਰ ਸੀ ਤੇ ਇਹ ਗੱਲ ਬੜੇ ਚਾਅ ਨਾਲ ਦੱਸਿਆ ਕਰਦਾ ਸੀ ਕਿ ਇਹ ਹੁਨਰ ਉਸ ਨੇ ਆਪਣੀ ਮਾਂ ਕੋਲੋਂ ਸਿੱਖਿਆ ਸੀ। ਉਹ ਖੂਰਾਂ ਦਾ ਡਾਕਟਰ ਵੀ ਬੜਾ ਚੰਗਾ ਸੀ। ਇਹ ਗੱਲ ਉਹਦੀ ਵਿਸ਼ਾਲ ਗਾਹਕੀ ਤੋਂ ਪ੍ਰਤੱਖ ਹੋ ਜਾਂਦੀ ਸੀ। ਫੇਰ ਵੀ ਉਹ ਸੀ ਬੜਾ ਇਕੱਲਖੋਰਾ। ਕਾਫ਼ੀ ਸਮੇਂ ਤੋਂ ਕੱਲਾ ਕਾਰਾ ਹੀ ਰਹਿ ਰਿਹਾ ਸੀ। ਉਹਨੇ ਕਦੇ ਆਪਣੇ ਬੀਤੇ ਬਾਰੇ ਕੋਈ ਗੱਲ ਨਹੀਂ ਸੀ ਕੀਤੀ ਤੇ ਮਲੂਕੇ ਨੇ ਵੀ ਉਹਨੂੰ ਕਦੇ ਨਿੱਜੀ ਸੁਆਲ ਨਹੀਂ ਸਨ ਪੁੱਛੇ। ਕਦੇ ਕਦੇ ਉਹ ਵਿੱਨੀਪੈੱਗ ਦੀ ਇਕ ਔਰਤ ਬਾਰੇ ਗੱਲ ਕਰਿਆ ਕਰਦਾ ਸੀ। "ਮੈਨੂੰ ਉਸ ਨਾਲ ਵਿਆਹ ਕਰਵਾ ਲੈਣਾ ਚਾਹੀਦਾ ਸੀ।" ਇਹ ਕਹਿੰਦਿਆਂ ਉਹਦੇ ਬੋਲਾਂ ਵਿਚ ਵਿਸ਼ਵਾਸ ਨਾਲੋਂ ਝਿਜਕ ਤੇ ਸ਼ੱਕ ਵਧੇਰੇ ਹੁੰਦੀ ਸੀ।

"ਮਲੂਕਿਆ ਤੇਰਾ ਇਸ ਬਾਰੇ ਕੀ ਖ਼ਿਆਲ ਹੈ।"

"ਹਵਾ ਤੇ ਆਦਮ ਦਾ ਸੁੰਦਰ ਸਹਿਯੋਗ, ਗੱਲ ਤਾਂ ਬਹੁਤ ਵਧੀਆ ਹੈ।"

... ...

ਇਕ ਦਿਨ ਲੌਢੇ ਪਹਿਰ ਮਲੂਕਾ ਡਾਕਟਰ ਦੇ ਸੌਣ-ਕਮਰੇ ਵਿਚ ਇਕ ਕਹਾਣੀ ਲਿਖਣ ਵਿਚ ਰੁੱਝਾ ਹੋਇਆ ਸੀ। ਇਕ ਸਰਸਰਾਹਟ ਦੀ ਆਵਾਜ਼ ਤੋਂ ਬਾਅਦ ਪਰਦਾ ਖੁਲ੍ਹਿਆ। ਇਕ ਮੱਧਰੇ ਕੱਦ ਦੀ ਨਰੋਈ ਜਿਹੀ ਔਰਤ ਕਮਰੇ ਵਿਚ ਵਾਕਫ਼ਾਂ ਵਾਂਗ ਸਹਿਜ ਸੁਭਾਵਕ ਢੰਗ ਨਾਲ ਦਾਖ਼ਲ ਹੋਈ। ਉਹਨੇ ਭਰਵੀਂ

ਮੇਕ-ਅੱਪ ਕੀਤਾ ਹੋਇਆ ਸੀ ।

"ਹੈਲੋ", ਉਹਨੇ ਰਤਾ ਕੁ ਭਾਰੀ ਆਵਾਜ਼ ਵਿਚ ਹੈਰਾਨੀ ਨਾਲ ਕਿਹਾ ।

"ਹੈਲੋ", ਡੌਰ-ਭੌਰ ਹੋਏ ਮਲੂਕੇ ਨੇ ਉੱਤਰ ਦਿੱਤਾ ।

"ਕੀ ਕਰ ਰਿਹਾ ਸੋਹਣਾ-ਸੁਨੱਖਾ ਮੁੰਡਾ ?"

"ਕਹਾਣੀ ਲਿਖਣ ਦੀ ਕੋਸ਼ਿਸ਼ ਕਰ ਰਿਹਾਂ ।"

"ਲੇਖਕ ਵੇਂ ਤੂੰ ?"

"ਨਹੀਂ, ਬਣਨ ਦੀ ਕੋਸ਼ਿਸ਼ ਵਿਚ ਹਾਂ ।"

"ਮੈਂ ਤੇਨੂੰ ਇਕ ਸੱਚੀ ਕਹਾਣੀ ਦੀ ਬੜੀ ਸੋਹਣੀ ਸਮੱਗਰੀ ਦੇ ਸਕਦੀ ਆਂ", ਉਸ ਨੇ ਪੇਸ਼ਕਸ਼ ਕੀਤੀ ।

"ਜਿਹੜੀ ਮੇਰੇ ਨਾਲ ਬੀਤੀ ਹੈ, ਉਹਨੂੰ ਸੁਣ ਕੇ ਮੁਰਦੇ ਵੀ ਜਾਗ ਸਕਦੇ ਨੇਂ ।"

"ਮੈਂ ਬੜੇ ਆਦਮੀ ਦੇਖੇ ਨੇ—ਬੁੱਢੇ, ਜੁਆਨ, ਪਤਲੇ ਤੇ ਮੋਟੇ। ਇਕੱਲ-ਮਾਰੇ ਬੰਦੇ ਜੋ ਸੰਗਤ ਲਈ ਤੁਹਾਡੇ ਨਾਲ ਚਿਪਕ ਜਾਂਦੇ ਨੇ। ਤਪਦੀਆਂ ਨਸਾਂ ਵਾਲੇ ਬੰਦੇ ਤੁਹਾਡੇ ਨਾਲ ਗੁੱਥਾ-ਮੁੱਥਾ ਹੋ ਕੇ ਸ਼ਾਂਤ ਹੋਣ ਲਈ ਤਤਪਰ। ਨਿਰੋਲ-ਗੁਸੈਲੇ ਬੰਦੇ ਜੋ ਤੁਹਾਨੂੰ ਐਵੇਂ ਹੀ ਕੁੱਟਣ ਦਾ ਬਹਾਨਾ ਲੱਭ ਲੈਣ। ਅਤੇ ਨਿਸੱਤੇ ਨਿਤਾਣੇ ਜੋ ਤੁਹਾਥੋਂ ਇਵੇਂ ਆਸਰਾ ਲੱਭਣ ਜਿਵੇਂ ਬੱਚੇ ਮਾਂ ਦੀ ਛਾਤੀ ਚੋਂ ।"

"ਉਹਦੇ ਸਪਸ਼ਟ ਇਕਬਾਲ ਤੋਂ ਹੈਰਾਨ ਹੋ ਕੇ ਮਲੂਕੇ ਨੇ ਪੁੱਛਿਆ, "ਤੇਰਾ ਇਥੇ ਆਉਣਾ ਜਾਣਾ ਆਮ ਹੈ ?"

"ਹਾਂ, ਹਾਂ। ਡਾਕਟਰ ਵਿਚਾਰਾ ਕੱਲਾ-ਕਾਰਾ ਜੂ ਹੋਇਆ। ਇਹਨੂੰ ਚੜਗਿੱਲੀ ਮਚਾਉਣੀ ਚੰਗੀ ਲੱਗਦੀ ਹੈ ।"

"ਚੜਗਿੱਲੀ ਕੀ ?"

"ਬੱਸ ਇਹੀ ਦਾਰੂ ਪੀਣੀ, ਬੁੱਲੇ ਵੱਢਣੇ, ਇਕ ਦੂਜੇ ਦੀ ਚੇਹ ਨਿੱਘੀ ਕਰਨੀ। ਇਹ ਕੋਈ ਖ਼ਾਸ ਮਸਲਾ ਨਹੀਂ। ਡਾਕਟਰ ਬੜਾ ਸ਼ਰੀਫ਼ ਆਦਮੀ ਹੈ। ਇਹਦਾ ਫਿਊਜ਼ ਕਾਫ਼ੀ ਦੇਰ ਦਾ ਉੱਡ ਚੁੱਕਾ ।"

... ...

ਐਤਵਾਰ ਸਵੇਰੇ ਘੰਟੀ ਵੱਜੀ । ਮਲੂਕੇ ਨੇ ਦਰਵਾਜ਼ਾ ਖੋਲ੍ਹਿਆ। ਇਕ

ਲੰਮੀ ਝੰਮੀ ਖ਼ੂਬਸੂਰਤ ਮੁਟਿਆਰ ਕਮਰੇ ਵਿਚ ਜੋਤੂਆਂ ਵਾਂਗ ਦਾਖ਼ਲ ਹੋਈ। ਉਹਦੀਆਂ ਅੱਖਾਂ ਮੋਟੀਆਂ ਤੇ ਵਾਲ ਸੰਘਣੇ ਸ਼ਾਹ-ਕਾਲੇ ਸਨ।

ਡਾਕਟਰ ਉਹਨੂੰ ਮਿਲ ਕੇ ਬੜਾ ਖ਼ੁਸ਼ ਹੋਇਆ ਸੀ।

"ਤੈਨੂੰ ਇਹ ਹਾਲੀਵੁਡ ਦੀਆਂ ਐਕਟਰੈਸਾਂ ਵਰਗੀ ਨਹੀਂ ਲੱਗਦੀ ?" ਉਸ ਨੇ ਮਲੂਕੇ ਨੂੰ ਹੱਥ ਦੇ ਮਾਣ-ਮੱਤੇ ਇਸ਼ਾਰੇ ਨਾਲ ਪੁੱਛਿਆ। ਮਲੂਕੇ ਨੇ ਆਪਣੇ ਭਰਵੱਟੇ ਉਠਾ ਕੇ ਆਪਣੀ ਸਹਿਮਤੀ ਪ੍ਰਗਟ ਕੀਤੀ।

ਸੁਆਣੀ ਨੇ ਇਹ ਗੱਲ ਬੜੇ ਮਾਣ ਨਾਲ ਦੱਸੀ ਕਿ ਬੰਦੇ ਕਿਵੇਂ ਉਹਦੇ ਮਗਰ ਮਗਰ ਫਿਰਦੇ ਨੇ। "ਇਕ ਵਪਾਰੀ ਹੈ। ਮੈਂ ਦੇਰ ਰਾਤ ਇਕ ਰੈਸਟੋਰੈਂਟ ਵਿਚ ਆਪਣਾ ਕੰਮ ਮੁਕਾ ਕੇ ਨਿਕਲਦੀ ਹਾਂ ਤਾਂ ਉਹ ਬਾਹਿਰ ਖੜਾ ਹੁੰਦਾ।"

"ਇਕ ਬੇਕਾਰ ਡਰਾਈਵਰ ਘੰਟਿਆਂ ਬੱਧੀ ਸੂਪ ਦਾ ਬਾਊਲ ਸਾਹਮਣੇ ਰੱਖ ਕੇ ਮੈਨੂੰ ਵਿਹੰਦਾ ਰਹਿੰਦਾ, ਅੱਖਾਂ ਨਾਲ ਹੀ ਖਾਣ ਦੀ ਨੀਅਤ ਨਾਲ।"

"ਪਰ ਮੇਰਾ ਸਭ ਤੋਂ ਵੱਧ ਪੱਕਾ ਚਾਹਵਾਨ ਇਕ ਛੋਟਾ ਜਿਹਾ ਚੀਨੀ ਹੈ, ਜੋ ਮੇਰੇ ਨਾਲ ਰਸੋਈ ਵਿਚ ਭਾਂਡੇ ਮਾਂਜਦੈ", ਉਸ ਨੇ ਜੋਤੂ ਭਾਵ ਨਾਲ ਦੱਸਿਆ।

"ਆਪਣੀ ਉਲਾਭੀ ਪੁਸ਼ਾਕ ਵਿਚ ਤੂੰ ਬੜੀ ਸੁਹਣੀ ਲੱਗਦੀ ਏਂ", ਡਾਕਟਰ ਨੇ ਆਪਣਾ ਸੱਜਾ ਹੱਥ ਉਹਦੇ ਲੱਕ ਦੁਆਲੇ ਵਲ ਕੇ ਤੇ ਖੱਬੇ ਹੱਥ ਨਾਲ ਉਹਦੀਆਂ ਜ਼ੁਲਫ਼ਾਂ ਸੁਆਰਦਿਆਂ ਆਖਿਆ।

"ਮੈਂ ਤੈਨੂੰ ਇਕ ਹੋਰ ਡਰੈੱਸ ਲੈ ਕੇ ਦਿਆਂਗਾ, ਚੋਣ ਤੂੰ ਆਪਣੀ ਮਰਜ਼ੀ ਦੀ ਕਰ ਲਈਂ", ਉਸ ਨੇ ਆਖਿਆ।

... ...

"ਮਲੂਕਿਆ ਆਪਣੀ ਪੱਗ ਮੇਰੇ ਬੰਨ੍ਹੇਂਗਾ ?" ਡਾਕਟਰ ਨੇ ਇਕ ਐਤਵਾਰ ਲੌਢੇ ਪਹਿਰ ਪੁੱਛਿਆ, "ਫੇਰ ਆਪਾਂ ਬੋ-ਰਿਵਰ ਵਿਚ ਸੇਂਟ ਜਾਰਜ ਦੇ ਟਾਪੂ 'ਤੇ ਟਹਿਲਣ ਚੱਲਾਂਗੇ।"

ਮਲੂਕੇ ਨੇ ਡਾਕਟਰ ਦੇ ਸਿਰ 'ਤੇ ਅਸਮਾਨੀ ਪੱਗ ਬੰਨ੍ਹੀ। ਭਾਵੇਂ ਆਪਣੇ ਵਲੋਂ ਉਸ ਨੇ ਕੋਈ ਕਸਰ ਬਾਕੀ ਨਹੀਂ ਸੀ ਛੱਡੀ ਕਿ ਇਹ ਕੁਦਰਤੀ ਲੱਗੇ, ਫਿਰ ਵੀ ਉਹਦਾ ਮੀਜ਼ਬਾਨ ਪੱਗ ਬੰਨ੍ਹ ਕੇ ਮੇਲੇ ਵਾਲਾ ਮਸਖ਼ਰਾ ਜਿਹਾ ਹੀ ਲੱਗਦਾ ਸੀ।

ਰਾਹ ਵਿਚ ਡਾਕਟਰ ਇਕ ਛੋਟੇ ਜਿਹੇ ਘਰ ਰੁਕਿਆ। ਇਕ ਕੋਮਲ-ਨੈਣੀ,

ਸ਼ੁਸ਼ਨੁਮਾ ਦਿੱਖ ਵਾਲੀ ਨਰੋਈ ਸੁਆਣੀ, ਇਕੱਲੀ ਬੈਠੀ ਕੁਵੇਲੇ ਜਿਹੇ ਦੁਪਹਿਰ ਦਾ ਖਾਣਾ ਖਾ ਰਹੀ ਸੀ। ਦੇਖਣ ਨੂੰ ਉਹ ਕੰਮੋਂ-ਟੁੱਟੀ ਵਿਧਵਾ ਜਾਪਦੀ ਸੀ।

"ਡਾਕਟਰ, ਬੱਸ ਮੈਂ ਖਾਣਾ ਖਾ ਕੇ ਹੁਣੇ ਤੁਹਾਡੇ ਨਾਲ ਚੱਲਦੀ ਹਾਂ।" ਉਸ ਨੇ ਬੜੇ ਤਰਸ-ਭਾਵ ਨਾਲ ਆਖਿਆ।

"ਕੋਈ ਨੀ, ਤੂੰ ਆਰਾਮ ਨਾਲ ਰੋਟੀ ਖਾਹ, ਮੈਂ ਫੇਰ ਆ ਜਾਵਾਂਗਾ।"

ਲੱਗਦਾ ਸੀ ਕਿ ਆਪਣੀ ਵਸੋਂ ਅਨੁਸਾਰ, ਦੂਜੇ ਸ਼ਹਿਰਾਂ ਦੇ ਟਾਕਰੇ 'ਤੇ ਕੈਲਗਰੀ ਵਿਚ ਬੇਰੁਜ਼ਗਾਰੀ ਦਾ ਕਹਿਰ ਕੁਝ ਜ਼ਿਆਦਾ ਹੀ ਸੀ। ਇਹ ਇਕ ਤਰ੍ਹਾਂ ਨਾਲ ਡੰਡੇ ਵਜਾਉਂਦੇ ਲੰਮੀ ਮੰਜ਼ਲ 'ਤੇ ਪਏ ਬੰਦਿਆਂ ਦਾ ਆਰਜ਼ੀ ਟਿਕਾਣਾ ਵੀ ਸੀ, ਜਿਨ੍ਹਾਂ ਨੇ ਅਗਾਹ ਵਿੱਨੀ ਪੈਗ ਜਾਂ ਵੈਨਕੂਵਰ ਨੂੰ ਜਾਣਾ ਹੁੰਦਾ ਸੀ। ਐਲਵੋ ਤੇ ਬੋਅ ਦਰਿਆ ਦੇ ਸੰਗਮ 'ਤੇ ਇਨ੍ਹਾਂ ਫਿਰਤੂ ਬੇਰੁਜ਼ਗਾਰਾਂ ਦੀ ਇਕ ਅੱਧ-ਢੱਠੀ ਜਿਹੀ ਬਸਤੀ ਸੀ। ਇੱਥੇ ਇੱਧਰੋਂ ਉੱਧਰੋਂ ਸੁੱਟ ਪਾਈਆਂ ਚੀਜ਼ਾਂ ਇਕੱਠੀਆਂ ਕਰਕੇ ਬਣਾਈਆਂ ਜਰਜਰੀਆਂ ਜਿਹੀਆਂ ਝੌਂਪੜੀਆਂ ਵਿਚ ਲੱਕੜਹਾਰੇ ਰਹਿੰਦੇ ਸਨ। ਕਈਆਂ ਨੇ ਕੰਧਰਾਂ ਪੁੱਟ ਕੇ ਵੀ ਆਪਣੇ ਰਿਹਾਇਸ਼ੀ ਟਿਕਾਣੇ ਬਣਾਏ ਹੋਏ ਸਨ। ਕਈ ਚਿੱਬ-ਖੜਿੱਬੀਆਂ ਬਾਟੀਆਂ ਵਿਚ ਕੱਚੇ ਫਲ ਉਬਾਲ ਕੇ ਹੀ ਆਪਣੇ ਪੇਟ ਭਰਨ 'ਤੇ ਮਜਬੂਰ ਸਨ। ਕੁਝ ਸਫ਼ਾਈ ਪਸੰਦ ਲੋਕ ਨੰਗੇ ਬੈਠੇ ਸਨ, ਕਿਉਂਕਿ ਉਨ੍ਹਾਂ ਨੇ ਆਪਣੀਆਂ ਕਮੀਜ਼ਾਂ ਦਰਿਆ ਵਿਚ ਧੋ ਕੇ ਧੁੱਪੇ ਸੁਕਣੀਆਂ ਪਾਈਆਂ ਹੋਈਆਂ ਸਨ। ... ...

ਡਾ: ਸਮਾਈਥ ਪਿਅੱਕੜ ਸੀ। ਕੰਮ ਦੇ ਦਿਨ ਤਾਂ ਉਹਦਾ ਪੀਣਾ ਜ਼ਰਾ ਸੰਜਮ ਵਿਚ ਹੀ ਰਹਿੰਦਾ ਸੀ ਤਾਕਿ ਕੰਮ ਵੀ ਚੰਗੀ ਤਰ੍ਹਾਂ ਕੀਤਾ ਜਾ ਸਕੇ, ਪਰ ਸਨਿਚਰਵਾਰ ਦੀ ਰਾਤ ਨੂੰ ਸੱਚਮੁੱਚ ਹੀ ਕੋਈ ਹੱਦ-ਬੰਨਾ ਨਹੀਂ ਸੀ ਰਹਿੰਦਾ।

ਰਾਤ ਦੇ ਖਾਣੇ ਤੋਂ ਬਾਅਦ ਮਲੂਕਾ ਮੁਖ ਬਾਜ਼ਾਰ ਵਿਚ ਚੀਜ਼ਾਂ ਤੇ ਬੰਦਿਆਂ ਦੀ ਰੌਣਕ ਦੇਖਣ ਲਈ ਚਹਿਲਕਦਮੀ ਕਰਨ ਜਾਇਆ ਕਰਦਾ ਸੀ। ਕੁਝ ਬੰਦਿਆਂ ਦੀਆਂ ਪੁਸ਼ਾਕਾਂ ਸੋਹਣੀਆਂ ਹੁੰਦੀਆਂ ਸਨ। ਉਹ ਜ਼ਰੂਰ ਹੀ ਧਨੀ ਜਾਂ ਬਾਰੁਜ਼ਗਾਰ ਹੋਣਗੇ। ਕੁਝ ਅੱਧਖੜ ਆਦਮੀ ਅੱਧੋਰਾਣੇ ਕੱਪੜਿਆਂ ਵਿਚ ਹੀ ਆਪਣੇ ਪੈਰ ਘਰੀਕਦੇ ਨਜ਼ਰ ਆਉਂਦੇ ਹੁੰਦੇ ਸਨ। ਨੌਜੁਆਨ, ਜਿਨ੍ਹਾਂ ਦੇ ਚਿਹਰੇ 'ਤੇ ਜੁਆਨੀ ਦੀ ਕੋਈ ਰੌਣਕ ਨਹੀਂ ਸੀ ਹੁੰਦੀ, ਸਸਤੇ ਭਾਅ ਦੀਆਂ ਦੁਕਾਨਾਂ ਦੀਆਂ ਖਿੜਕੀਆਂ

ਵਿਚ ਹੀ ਬੜੀ ਹਿਰਸ ਨਾਲ ਝਾਕਦੇ ਦੀਂਹਦੇ ਹੁੰਦੇ ਸਨ।

"ਮਲੂਕਿਆ, ਜ਼ਰਾ ਮੇਰੀ ਉਡੀਕ ਕਰੀਂ।" ਇਹ ਕਹਿ ਕੇ ਡਾਕਟਰ ਆਪ ਇਕ ਅੱਧ-ਚਾਨਣੇ ਜਿਹੇ ਘਰ ਜਾ ਵੜਿਆ। "ਮੈਂ ਆਪਣੀ ਫ਼ੀਸ ਉਗਰਾਹੁਣੀ ਹੈ।" ਹਰ ਫ਼ੀਸ-ਉਗਰਾਹੀ ਮੁਹਿੰਮ ਤੋਂ ਬਾਅਦ ਉਹਦੀ ਚਾਲ ਵਧੇਰੇ ਮਸਤਾਨੀ ਹੋ ਜਾਇਆ ਕਰਦੀ ਸੀ।

ਮੁੱਖ ਬਾਜ਼ਾਰ ਵਿਚ ਵਾਪਿਸ ਆ ਕੇ ਉਹ ਕਹਿੰਦਾ ਹੁੰਦਾ ਸੀ, "ਮੈਨੂੰ ਸੰਭਾਲੀਂ ਜ਼ਰਾ ਮਲੂਕਿਆ।" ਤੇ ਦੋਨੋਂ ਵਿਆਹੁਤਾ ਜੋੜੇ ਵਾਂਗ ਕੜਿੰਗੀ ਪਾਈ ਘਰ ਪੁੱਜਦੇ ਸਨ। ਡਾ: ਸਮਾਈਥ ਦੇ ਪੈਰ ਲੜਖੜਾ ਰਹੇ ਹੁੰਦੇ ਤੇ ਅੱਖਾਂ ਲਾਲ ਤੇ ਉਹਦੇ ਮੂੰਹ 'ਚੋਂ ਕਈ ਵਾਰ ਝੱਗ ਵੱਗ ਰਹੀ ਹੁੰਦੀ ਸੀ।

ਡਾਕਟਰ ਦੇ ਦਾਰੂ ਤੇ ਔਰਤਾ ਨਾਲ ਸੰਬੰਧ ਆਮ ਵਰਗੇ ਨਹੀਂ ਸਨ। ਲੱਗਦਾ ਸੀ ਕਿ ਦਾਰੂ ਵਿਚ ਉਹ ਕੋਈ ਬਹੁਤ ਨਾਖ਼ੁਸ਼ਗਵਾਰ ਯਾਦ ਡੋਬਣੀ ਚਾਹੁੰਦਾ ਵੇ। ਉਹ ਆਪਣੇ ਸ਼ਨਾਖ਼ਤ ਬਾਰੇ ਲੋਕਾਂ ਨੂੰ ਤਾਂ ਧੋਖਾ ਦੇ ਸਕਦਾ ਸੀ, ਪਰ ਆਪਣੇ ਆਪ ਨੂੰ ਨਹੀਂ। ਔਰਤਾਂ ਤੋਂ ਜਿਵੇਂ ਉਹ ਕੋਈ ਬਦਲਾ ਲੈ ਰਿਹਾ ਹੋਵੇ। ਕੁਝ ਗਹਿਰੀਆਂ, ਨਮੋਸ਼ੀਆਂ, ਨਸਲੀ-ਉਜਰ, "ਗੋਰਿਆਂ" ਵਲੋਂ ਹੋਈਆਂ ਦੁਖਦਾਈ ਬੇਅਦਬੀਆਂ ਦੀ ਪੀੜ ਹਾਲੇ ਵੀ ਉਹਦੇ ਸੀਨੇ ਨੂੰ ਜਲਾਅ ਰਹੀ ਸੀ ਤੇ ਸ਼ਾਇਦ ਗੋਰੀਆਂ ਔਰਤਾਂ ਨੂੰ ਹੇਠ ਪਾ ਕੇ ਹੀ, ਉਹ ਕੋਈ ਬਦਲਾ ਲੈਣ ਦੀ ਕੋਸ਼ਿਸ਼ ਕਰ ਰਿਹਾ ਸੀ।

... ...

ਏਲੀ ਮਾਰਗੋਲਿਸ ਲੰਮਾ ਪਤਲਾ ਆਦਮੀ ਸੀ। ਉਹਦੇ ਅੰਡੇਨੁਮਾ ਗੰਜੇ ਹੋ ਰਹੇ ਸਿਰ ਦੇ ਸਿਖਰ 'ਤੇ ਹਲਕੇ ਭੂਰੇ ਵਾਲ ਉੱਡਦੇ ਰਹਿੰਦੇ ਸਨ। ਬੋਲਣ ਤੋਂ ਪਹਿਲੇ ਉਹਨੂੰ ਆਪਣੇ ਨੱਕ ਦੀ ਘੋੜੀ ਉੱਪਰ ਆਪਣੀ ਸਟੀਲ ਦੀ ਐਨਕ ਦਾ ਫਰੇਮ ਸੁਤ ਕਰਨ ਦੀ ਵਾਦੀ ਸੀ।

"ਸ਼ੁੱਭ ਪ੍ਰਭਾਤ ਮਲੂਕਿਆ", ਉਹਨੇ ਸਲਾਮ ਬੁਲਾਈ। "ਇਸ ਸੋਹਣੇ ਦਿਨ ਕੀ ਪੜ੍ਹੇਂਗਾ? ਨੇਸ਼ਨ, ਰੀਪਬਲਿਕ ਜਾਂ ਕੈਲਗਰੀ ਅਲਬਰਟਨ?"

"ਅੱਜ ਸਿਰਫ਼ ਕੈਲਗਰੀ ਅਲਬਰਟਨ।!"

"ਨੇਸ਼ਨ ਤੇ ਰੀਪਬਲਿਕ ਵੀ ਲੈ ਲਾ, ਏਨਾ ਚੰਗਾ ਗਾਹਕ ਏਂ ਤੂੰ ਮੇਰਾ।"

ਏਲੀ ਮਾਰਗੌਲਿਸ ਦੀ ਅਲਬਰਟਾ ਕਾਰਨਰ ਦੇ ਲਾਗੇ ਹੀ ਇਕ ਨਿੱਕੀ ਜਿਹੀ ਦੁਕਾਨ ਸੀ। ਉਹ ਅਖ਼ਬਾਰਾਂ, ਰਸਾਲੇ, ਪੇਪਰਬੈਕ ਕਿਤਾਬਾਂ ਤੇ ਸਟੇਸ਼ਨਰੀ ਵੇਚਿਆ ਕਰਦਾ ਸੀ। ਉਹਨੂੰ ਚਲੰਤ ਮਾਮਲਿਆਂ ਦੀ ਚੰਗੀ ਸੋਝੀ ਸੀ ਤੇ ਉਹ ਭਾਰਤ ਬਾਰੇ ਗੱਲਾਂ ਕਰਨ ਦਾ ਸ਼ੌਕੀਨ ਸੀ।

"ਭਾਰਤ ਵਿਚ ਖਪਤਕਾਰੀ ਚੀਜ਼ਾਂ ਦੀ ਕਮੀ ਕਰਕੇ ਗ਼ਰੀਬੀ ਹੈ", ਉਹ ਆਖਦਾ, "ਅਤੇ ਕੈਨੇਡੇ ਇਹਨਾਂ ਦੀ ਬਹੁਤਾਤ ਵਿਚ ਵੀ ਗ਼ਰੀਬ ਹੈ। ਤੇਰਾ ਇਸ ਬਾਰੇ ਕੀ ਖ਼ਿਆਲ ਹੈ ਮਲੂਕਿਆ?"

"ਮੈਥੋਂ ਨਹੀਂ ਇਹ ਗੁੱਥੀ ਸੁਲਝਦੀ।"

"ਕੁਝ ਦੋਸਤ ਮੇਰੇ ਅੱਡੇ 'ਤੇ ਹਰ ਸ਼ੁਕਰਵਾਰ ਸ਼ਾਮ ਨੂੰ ਵਿਚਾਰ-ਵਟਾਂਦਰੇ ਲਈ ਜੁੜਦੇ ਹੁੰਦੇ ਨੇ। ਉਹ ਤੈਨੂੰ ਮਿਲ ਕੇ ਖ਼ੁਸ਼ ਹੋਣਗੇ। ਆਏਂਗਾ?"

"ਜ਼ਰੂਰ।"

... ...

ਉਹ ਕਾਫ਼ੀ ਉਤਸ਼ਾਹੀ ਮੁੰਡਿਆਂ ਦਾ ਜਥਾ ਸੀ।

"ਭਾਰਤ ਨੂੰ ਆਜ਼ਾਦ ਹੋਣ ਨੂੰ ਕਿੰਨਾ ਚਿਰ ਲੱਗੇਗਾ?" ਸਕੂਲ ਅਧਿਆਪਕ ਟੌਮ ਹਿੱਲ ਨੇ ਪੁੱਛਿਆ।

"ਕਾਫ਼ੀ", ਮਲੂਕੇ ਨੇ ਆਖਿਆ। "ਭਾਰਤੀ ਰਾਸ਼ਟਰੀ ਕਾਂਗਰਸ ਨੇ ਹਾਲੇ ਚਾਰ ਸਾਲ ਪਹਿਲਾਂ ਆਜ਼ਾਦੀ ਦਾ ਮਤਾ ਪਾਸ ਕੀਤਾ। ਤੇ ਭਾਰਤ ਵਰਗੇ ਵਿਸ਼ਾਲ, ਵੰਨ-ਸੁਵੰਨੇ ਦੇਸ਼ ਨੂੰ ਆਪਣੀ ਆਜ਼ਾਦੀ ਦੇ ਘੋਲ ਲਈ ਤਿਆਰੀ ਵਿਚ ਕਾਫ਼ੀ ਵਕਤ ਲਗੇਗਾ। ਇਸ ਤੋਂ ਬਾਅਦ ਭਾਰਤ ਨੂੰ ਆਪਣਾ ਬਸਤੀਵਾਦੀ ਅਰਥਚਾਰਾ ਬਦਲ ਕੇ ਇਸ ਨੂੰ ਠੋਸ ਸਨਅਤੀ ਆਧਾਰ ਪ੍ਰਦਾਨ ਕਰਨ ਲਈ ਲੋੜੀਂਦਾ ਸਾਜ਼-ਸਾਮਾਨ ਜੁਟਾਉਣਾ ਪਵੇਗਾ।"

"ਮਲੂਕਿਆ, ਅਰਥਚਾਰਾ ਕੈਨੇਡਾ ਦਾ ਵੀ ਬਸਤੀਵਾਦੀ ਹੀ ਹੈ।" ਟੌਮ ਹਿੱਲ ਨੇ ਆਖਿਆ। ਇਹਦਾ ਮਾਲੀਆ ਬਹੁਤਾ ਅਨਾਜ, ਗੁੱਦੇ, ਕਾਗ਼ਜ਼ ਤੇ ਧਾਤਾਂ ਦੀ ਬਰਾਮਦ ਤੋਂ ਹੀ ਇਕੱਠਾ ਹੁੰਦਾ ਹੈ। 40 ਫ਼ੀਸਦੀ ਬਰਾਮਦ ਨੂੰ ਕੱਲਾ ਚਾਚਾ ਸੈਮ ਹੀ ਹੜੱਪ ਜਾਂਦੈ ਤੇ ਉਤੋਂ ਬਿੱਜ ਇਹ ਕਿ ਇਹਨੇ ਵਪਾਰਕ-ਕਰ ਬੜੇ ਵਧਾ ਦਿੱਤੇ ਨੇ।"

"ਕਣਕ ਸਾਡੀ ਸਭ ਤੋਂ ਮਹੱਤਵਪੂਰਣ ਬਰਾਮਦ ਹੈ ਤੇ ਸੰਸਾਰ ਮੰਡੀ ਵਿਚ ਇਹਦੀ ਭਰਮਾਰ ਏਨੀ ਹੈ ਕਿ 1928 ਦੀ ਫ਼ਸਲ ਵੀ 1929 ਤੀਕ ਪੂਰੀ ਨਹੀਂ ਸੀ ਵਿਕੀ ਤੇ ਉੱਤੋਂ ਭਾਅ ਸੀ 1.60 ਡਾਲਰ ਫ਼ੀ ਪੀਪਾ। 1932 ਵਿਚ ਇਹ ਭਾਅ ਡਿੱਗ ਕੇ 38 ਸੈਂਟ ਫ਼ੀ ਪੀਪਾ ਰਹਿ ਗਿਆ।"

"ਉੱਤੋਂ ਬਿੱਜ ਪੈ ਗਈ ਔੜ ਦੀ", ਕਾਰਲ ਵੀਰਬੈਗਨ ਨੇ ਕਿਹਾ, "ਸਿੱਟੇ ਵਜੋਂ ਬਹੁਤ ਸਾਰੇ ਮੈਦਾਨੀ ਇਲਾਕੇ ਭਾਂ ਘੱਟੇ ਦੇ ਘਰ ਹੀ ਬਣ ਕੇ ਰਹਿ ਗਏ ਸਨ।"

"ਕਿਸਾਨਾਂ ਨੇ ਚੀਜ਼ਾਂ ਖ਼ਰੀਦਣੀਆਂ ਛੱਡ ਦਿੱਤੀਆਂ ਸਨ। ਉਹਨਾਂ ਕੋਲ ਪੈਸੇ ਹੀ ਨਹੀਂ ਸਨ। ਕਾਰਖ਼ਾਨੇ ਬੰਦ ਹੋ ਗਏ। ਸਾਰੇ ਦੇਸ਼ ਵਿਚ ਬੇਕਾਰ ਤੇ ਬੇਨੂਰ ਆਦਮੀਆਂ ਦੀਆਂ ਹੇੜਾਂ ਡੰਡੇ ਵਜਾਉਂਦੀਆਂ ਫਿਰਦੀਆਂ ਸਨ।"

"ਮੈਦਾਨੀ ਇਲਾਕੇ ਜਿਹੋ ਜਿਹੇ ਹੋਣ, ਉਹੋ ਜਿਹਾ ਹੀ ਕੈਨੇਡਾ ਹੁੰਦੇ।" ਟੌਮ ਹਿੱਲ ਨੇ ਕਿਹਾ।

"ਕੀ ਸਰਕਾਰ ਵਿਹਲਿਆਂ ਨੂੰ ਰੋਟੀ ਦੇਣ ਦੀ ਥਾਂ ਨੌਕਰੀਆਂ ਪੈਦਾ ਕਰਨ ਲਈ ਕੋਈ ਕਦਮ ਨਹੀਂ ਚੁੱਕ ਸਕਦੀ?" ਮਲੂਕੇ ਨੇ ਪੁੱਛਿਆ।

"ਕੈਲਗਰੀ ਦਾ ਮੋਟਾ ਬਿੱਲਾ, ਪ੍ਰਧਾਨ ਮੰਤਰੀ ਆਰ. ਬੀ. ਬੈਨਟ ਧਨ ਕੁਬੇਰਾਂ ਦਾ ਖ਼ੁਸ਼ਹਾਲ ਵਕੀਲ ਹੈ। ਉਹਨੂੰ ਬੇਰੁਜ਼ਗਾਰਾਂ ਦੇ ਦੁੱਖ ਦਾ ਕੋਈ ਦਰਦ ਨਹੀਂ। 1935 ਵਿਚ ਉਹਦਾ ਬਿਸਤਰਾ ਗੋਲ ਹੋ ਜਾਏਗਾ। ਉਹਨੂੰ 'ਬੈਨਟ ਵੈਗਨਾਂ' ਲਈ ਹੀ ਚੇਤੇ ਕੀਤਾ ਜਾਇਆ ਕਰਗਾ।"

"ਬੈਨਟ ਵੈਗਨ ਕੀ ਹੈ?" ਮਲੂਕੇ ਨੇ ਪੁੱਛਿਆ।

"ਵੀਹਵਿਆਂ ਵਿਚ", ਏਲੀ ਨੇ ਵਜ਼ਾਹਤ ਕੀਤੀ, "ਕਿਸਾਨਾਂ ਨੇ ਮਹਿੰਗੀਆਂ ਕਾਰਾਂ ਖ਼ਰੀਦੀਆਂ ਸਨ। ਵੀਹਵਿਆਂ ਵਿਚ ਉਹ ਗ਼ਰੀਬੀ ਕਾਰਨ ਗੈਸ ਖ਼ਰੀਦਣ ਤੇ ਕਾਰਾਂ ਦੀ ਮੁਰੰਮਤ ਕਰਾਉਣ ਜੋਗੇ ਵੀ ਨਾ ਰਹੇ। ਕੁਝ ਇਕ ਨੇ ਉਹਨਾਂ ਦੇ ਇੰਜਨ ਤੇ ਅਗਲੇ ਸ਼ੀਸ਼ੇ ਲਾਹ ਕੇ ਉਹਨਾਂ ਨੂੰ ਲੱਕੜ ਦੇ ਜੰਗਲੇ ਬੰਨ੍ਹ ਲਏ ਹਨ। ਉਹਨਾਂ ਮੋਹਰੇ ਘੋੜੇ ਜੋੜ ਕੇ ਉਹ ਪੰਜ ਮੀਲ ਫ਼ੀ ਘੰਟੇ ਦੀ ਰਫ਼ਤਾਰ ਨਾਲ ਪੰਧ ਮੁਕਾਉਂਦੇ ਹੁੰਦੇ ਸਨ।"

"ਮੰਦਵਾੜੇ ਕਾਰਨ ਨੌਜੁਆਨਾਂ ਦੀਆਂ ਜ਼ਿੰਦਗੀਆਂ ਤਬਾਹ ਹੋ ਰਹੀਆਂ ਨੇ", ਟੌਮ ਹਿੱਲ ਨੇ ਆਖਿਆ, "ਇਹ ਉਹਨਾਂ ਨੂੰ ਖਿੜਨ ਤੋਂ ਪਹਿਲਾਂ ਹੀ ਤਬਾਹ ਕਰ ਰਿਹੈ।"

"ਸੁਟਿਆਰ ਕੁੜੀਆਂ ਦੀ ਹਾਲਤ ਤਾਂ ਹੋਰ ਵੀ ਮੰਦੀ ਹੈ।" ਏਲੀ ਨੇ ਕਿਹਾ, "ਉਹ ਘਰ ਛੱਡ ਕੇ ਸ਼ਹਿਰੀਂ ਨੌਕਰੀਆਂ ਲੱਭਣ ਆਉਂਦੀਆਂ। ਉਥੇ ਪਹਿਲਾਂ ਹੀ ਬੇਕਾਰਾਂ ਦੀ ਭੀੜ ਹੁੰਦੀ ਏ। ਉਹ ਵਿਚਾਰੀਆਂ ਕਿਧਰ ਜਾਣ।"

"ਇਹ ਤਾਂ ਹਨੇਰੇ ਵਰਾਂਡਿਆਂ 'ਚ ਬੈਠੇ ਪੇਸ਼ਾਵਰ ਦੱਲੇ ਹੀ ਦੱਸ ਸਕਦੇ ਨੇ ਕਿ ਉਹਨਾਂ ਨਾਲ ਕੀ ਬੀਤਦੀ ਏ", ਟੌਮ ਹਿੱਲ ਨੇ ਕਿਹਾ, "ਉਹ ਵੀ ਵਿਹਲੇ ਹੀ ਹੋ ਗਏ ਨੇ। ਉਹਨਾਂ ਨੂੰ ਇਹ ਸ਼ਕਾਇਤ ਹੈ ਕਿ ਕੁੜੀਆਂ ਤਾਂ ਰੋਟੀ ਬਦਲੇ ਹੀ ਬੰਦਿਆਂ ਨਾਲ ਤੁਰਨ ਨੂੰ ਤਿਆਰ ਹੋ ਜਾਂਦੀਆਂ।"

ਕਾਫ਼ੀ ਚਿਰ ਮਗਰੋਂ ਉਹ ਘਰੋ ਘਰੀ ਗਏ। ਮਲੂਕਾ ਬੜਾ ਉਦਾਸ ਤੇ ਨਿੰਮੋਝੂਣਾ ਸੀ।

ਕੈਲਗਰੀ ਨੇ ਤਾਂ ਉਹਦੇ ਲਈ ਡੌਰਿਸ ਮਿਚਲ ਨਾਲ ਸੁਭਾਗਾ ਮਿਲਣ-ਸਥਾਨ ਬਣਨਾ ਸੀ ਜਿੱਥੇ ਬਹਿਸ਼ਤੀ ਖੁਸ਼ੀਆਂ ਦੀਆਂ ਯਾਦਾਂ ਨੇ ਸਦਾਬਹਾਰ ਫੁੱਲਾਂ ਵਾਂਗ ਮੁੜ ਮਹਿਕਣਾ ਸੀ।

"ਕੀ ਉਹ ਕਿਤੇ ਏਥੇ ਹੀ ਨੇੜੇ ਤੇੜੇ ਤਾਂ ਨਹੀਂ? ਅਸੰਭਵ!"

ਮੰਦਵਾੜੇ ਨੇ ਲੋਕਾਂ ਨੂੰ ਖਦੇੜ ਕੇ ਦੂਰ ਦੁਰਾਡੇ ਖਿੰਡਾ ਦਿੱਤਾ ਸੀ। ਉਹ ਭੁੱਖ ਤੋਂ ਬਚਣ ਲਈ ਕਿਤੇ ਜਾ ਕੇ ਕੁਝ ਵੀ ਕਰਨ ਲਈ ਤਿਆਰ ਸਨ।

ਉਹਦਾ ਮਨ ਅੰਦਰ ਰੁਖ ਹੋ ਤੁਰਿਆ ਤੇ ਉਹਦੀ ਚਾਲ ਮੱਧਮ ਪੈ ਗਈ। ਚਿੰਤਾ ਨਾਲ ਭਿਆਨਕ ਖ਼ਿਆਲਾਂ ਦਾ ਘੇਰਾ ਪੈ ਗਿਆ। ਉਹ ਇਹਨਾਂ ਨੂੰ ਚਹਿਰੀਲੇ ਸੱਪਾਂ ਵਾਂਗ ਵਗਾਹ ਕੇ ਸੁੱਟਣ ਦੀ ਕੋਸ਼ਿਸ਼ ਕਰਦਾ ਰਿਹਾ।

ਉਹਨੂੰ ਪਹਿਲੇ ਦਿਨ ਦੇ ਆਨੰਦ ਦੀ ਯਾਦ ਆਈ—ਛੋਟੀ ਜਿਹੀ ਝੁੱਗੀ, ਫ਼ਰੇਜ਼ਰ ਦੇ ਕੰਢੇ, ਮੱਧਮ ਜਿਹੇ ਲੈਂਪ ਦੀ ਲੋਅ, ਮੋਹਰਬੰਦ ਭੇਦ ਲੈ ਕੇ ਸਮੁੰਦਰ ਵੱਲ ਆਰਾਮ ਨਾਲ ਵੱਗ ਰਿਹਾ ਦਰਿਆ, ਜ਼ਿੰਦਗੀ ਦੀ ਬਦਸੂਰਤੀ ਤੇ ਪੀੜਾ ਨੂੰ ਛੁਪਾ ਲੈਣ ਵਾਲੀ ਹਨੇਰੀ ਰਾਤ, ਪਿਆਰ ਨਾਲ ਭਰੇ ਦਿਲ ਨੂੰ ਸੁਪਨਿਆਂ ਨਾਲ ਰੌਸ਼ਨ ਕਰਨ ਲਈ ਟਿਮਟਿਮਾਂਦੇ ਤਾਰਿਆਂ ਦੀ ਕਾਫ਼ੀ ਰੌਸ਼ਨੀ, ਉਹਦਾ ਤੇ ਡੌਰਿਸ ਦਾ ਮੇਲ, ਤਨ ਮਨ ਦੀ ਇਕਮਿੱਕਤਾ—ਖੁਸ਼ੀਆਂ ਦੇ ਜੁਆਰਭਾਟੇ ਵਿਚ ਵਹਿੰਦੇ ਉਹ ਧਰਤੀ ਤੋਂ ਕਿਤੇ ਦੂਰ, ਬਹੁਤ ਦੂਰ ਚਲੇ ਜਾਂਦੇ ਹੁੰਦੇ ਸਨ।

ਮਲੂਕੇ ਨੂੰ ਦੂਰ ਬਿਜਲੀ ਦੇ ਖੰਬੇ ਕੋਲ ਕਿਸੇ ਦਾ ਝਉਲਾ ਜਿਹਾ ਪਿਆ—

ਚਿੱਟੇ ਬਲਾਊਜ਼ ਉੱਤੇ ਪਲ੍ਹਮਦੇ ਲੰਮੇ ਕਾਲੇ ਕੇਸਾਂ ਦੀ ਚਮਕ। ਇਕ ਪਰਛਾਵਾਂ ਜਿਹਾ ਕੋਨੇ ਵਲ ਮੋੜ ਕੱਟ ਕੇ ਛਪਨ-ਛੋਤ ਹੋ ਗਿਆ।

ਕਿਤੇ ਡੌਰਿਸ ਹੀ ਨਾ ਹੋਵੇ। ਅਸੰਭਵ! ਐਵੇਂ ਥੱਕੇ-ਹਾਰੇ ਜੁਆਨ ਦਿਲ ਦੀ ਕਲਪਣਾ ਚੋਂ ਪੈਦਾ ਹੋਇਆ ਪਰੇਤ।

ਉਹ ਸਾਰੀ ਰਾਤ ਸੋਫੇ ਉੱਤੇ ਉੱਸਲਵੱਟੇ ਲੈਂਦਾ ਆਪਣੇ ਦੇਖੇ, ਸੁਣੇ ਤੇ ਕਲਪੇ ਦ੍ਰਿਸ਼ਾਂ ਬਾਰੇ ਸੋਚਦਾ ਕਲਵਲ ਹੁੰਦਾ ਰਿਹਾ।

... ...

ਇਕ ਦਿਨ ਲੰਚੇ ਪਹਿਰ ਆਪਣੇ ਕਮਰੇ ਵਿਚ ਬੈਠਾ ਮਲੂਕਾ ਬਿਜਲੀ ਦੀ ਰੌਸ਼ਨੀ ਵਿਚ ਪੜ੍ਹ ਰਿਹਾ ਸੀ। ਘੰਟੀ ਵੱਜੀ ਤੇ ਬੜੇ ਅਸਾਧਾਰਣ ਜਿਹੇ ਮਹਿਮਾਨ ਦੀ ਆਮਦ ਦੇ ਨਾਲ ਹੀ ਕੋਈ ਮੱਧਮ ਜਿਹੀ ਸਹਿਕ ਕਮਰੇ ਅੰਦਰ ਪ੍ਰਵੇਸ਼ ਹੋਈ। ਉੱਚੇ ਕੱਦ, ਗੁੰਦਵੀਂ ਦੇਹ ਤੇ ਭਰਵੇਂ ਚਿਹਰੇ ਵਾਲੀ ਇਕ ਕੁੜੀ ਸੀ, ਜਿਹਦੇ ਸੰਘਣੇ ਕੱਕੇ ਵਾਲ ਮੋਢਿਆਂ ਉੱਤੇ ਝੂਲ ਰਹੇ ਸਨ। ਉਹਦੀਆਂ ਕਿਤੇ ਦੂਰ ਗਵਾਚੀਆਂ ਅੱਖਾਂ ਵਿਚ ਨਮ ਜਿਹੀ ਚਮਕ ਸੀ।

"ਮੈਨੂੰ ਡਾਕਟਰ ਤੋਂ ਪਤਾ ਲਗੇ ਕਿ ਤੂੰ ਅਲਬਰਟ ਯੂਨੀਵਰਸਿਟੀ ਵਿਚ ਪੜ੍ਹਦਾਂ।" ਉਹਨੇ ਭਰਵੀਂ ਆਵਾਜ਼ ਵਿਚ ਕਿਹਾ।

"ਹਾਂ।"

"ਫੇਰ ਤਾਂ ਆਪਾਂ ਇੱਕੋ ਸੰਸਥਾ ਦੇ ਹੋਏ। ਮੈਂ ਅੱਠ ਵਰ੍ਹੇ ਪਹਿਲਾਂ ਉੱਥੇ ਪੜ੍ਹਦੀ ਹੁੰਦੀ ਸਾਂ। ਮੈਂ ਪੈਬੀਨਾ ਹਾਲ ਵਿਚ ਚਾਰ ਸਾਲ ਵਾਹਵਾ ਸੋਹਣੇ ਬਿਤਾਏ ਸਨ।"

ਮਲੂਕਾ ਉਹਨੂੰ ਇਸ ਘਰ ਦੇਖ ਕੇ ਹੈਰਾਨ ਸੀ। ਉਹ ਇਸ ਲੰਪਟ ਜਿਹੇ ਬੰਦੇ ਦੇ ਘਰ ਕੀ ਲੈਣ ਆਈ ਸੀ? ਸੁਆਣੀ ਦੇ ਮਨ ਵਿਚ ਕੋਈ ਗੱਲ ਕਰਨ ਦੀ ਕਾਹਲ ਜਾਪਦੀ ਸੀ।

"ਮੇਰਾ ਨਾਂ ਈਡਿਥ ਹੈਮਿਲਟਨ ਵੇ। ਮੈਨੂੰ ਪਤਾ ਲੱਗਾ ਤੇਰਾ ਨਾਂ ਮਲੂਕਾ ਹੈ। ਸੱਚੀਂ ਬੜਾ ਸੋਹਣਾ ਨਾਂ ਏ ਤੇਰਾ।"

"ਕੀ ਪੜ੍ਹਦਾ ਏਂ?" ਉਸ ਨੇ ਪੁੱਛਿਆ।

"ਫੀਲਡਿੰਗ ਦਾ ਟੌਮ ਜੋਨਜ਼।"

"ਅੱਛਾ ! ਟੌਮ ਜੋਨਜ਼, ਕਿਆ ਆਦਮੀ ਸੀ, ਸੋਹਣਾ, ਬੇਪ੍ਰਵਾਹ, ਉਮਲ੍ਹ ਉਮਲ੍ਹ ਪੈਂਦਾ ।"

"ਉਹ ਖ਼ੁਸ਼ੀ ਤੇ ਤਾਕਤ ਨਾਲ ਏਦਾਂ ਮੂੰਹੋਂ ਮੂੰਹ ਭਰਿਆ ਪਿਆ ਸੀ", ਉਸ ਨੇ ਹਸਰਤ ਨਾਲ ਆਖਿਆ, "ਕਿ ਉਹ ਆਪਣੇ ਦੁਆਲੇ ਦੀਆਂ ਔਰਤਾਂ ਨਾਲ ਸਾਂਝ ਪਾਉਣੋਂ ਨਹੀਂ ਸੀ ਰਹਿ ਸਕਦਾ । ਕਿਧਰੇ ਟੌਮ ਜੋਨਜ਼ ਏਥੇ ਮਿਲ ਜਾਏ ।" ਉਸ ਨੇ ਹਉਕਾ ਲਿਆ ।

ਮਲੂਕਾ ਉਹਦੀ ਆਵਾਜ਼ ਵਿਚਲੀ ਬੇਖਟਕ ਸਾਂਝ ਤੋਂ ਹੈਰਾਨ ਰਹਿ ਗਿਆ । ਉਹਨੂੰ ਉਹਦੀਆਂ ਅੱਖਾਂ ਵਿਚ ਕਿਸੇ ਅਧੂਰੀ ਤਮੰਨਾ ਦੀ ਲਿਸ਼ਕੋਰ ਦਿੱਸੀ ।

"ਕੈਲਗਰੀ ਵਿਚ ਤੂੰ ਆਪਣੇ ਆਪ ਨੂੰ ਮਸਰੂਫ਼ ਕਿਵੇਂ ਰੱਖਦਾਂ ?"

"ਮੈਂ ਵਿਆਹਿਆ ਹੋਇਆ ਵਾਂ । ਮੇਰਾ ਵਿਆਹ ਉਦੋਂ ਹੋਇਆ ਸੀ ਜਦੋਂ ਚਾਨਣੀਆਂ ਰਾਤਾਂ ਵਿਚ ਜੁਆਨ-ਸੁਪਨੇ ਬੇਮੁਹਾਰੇ ਹੁੰਦੇ ਨੇ ਅਤੇ ਅਸਲੀਅਤ ਇਹਨਾਂ ਨੂੰ ਛੇਤੀ ਹੀ ਖੇਰੂੰ ਖੇਰੂੰ ਕਰ ਚਿੰਦੀ ਏ ।"

"ਮੈਂ ਚਿੱਤ ਲਾਉਣ ਲਈ ਕੈਲਗਰੀ ਐਲਬਰਟਨ ਲਈ ਪੁਸਤਕਾਂ ਦੇ ਰੀਵੀਊ ਲਿਖਦੀ ਹਾਂ ।"

"ਇਹ ਤਾਂ ਬੜਾ ਦਿਲਚਸਪ ਕੰਮ ਹੋਏਗਾ ।"

"ਹਾਂ ਜੇ ਕਿਤਾਬਾਂ ਚੰਗੀਆਂ ਹੋਣ । ਪੈਸੇ ਭਾਵੇਂ ਇਹ ਬੜੇ ਥੋੜ੍ਹੇ ਦਿੰਦੇ ਨੇ । ਮੈਂ ਏਸ਼ੀਆ, ਖਾਸ ਕਰਕੇ ਭਾਰਤ ਬਾਰੇ ਕਿਤਾਬਾਂ ਦੇ ਰੀਵੀਊ ਲਿਖ ਕੇ ਬੜੀ ਖ਼ੁਸ਼ ਹੁੰਦੀ ਹਾਂ, ਪਰ ਇਹ ਕਿਤਾਬਾਂ ਕਦੀ ਕਦਾਈਂ ਮਿਲਦੀਆਂ ਨੇ ਤੇ ਉਹ ਵੀ ਸਿਰਫ਼ ਨਾਵਲ ।"

"ਭਾਰਤ ਬੜਾ ਰੂਹਾਨੀ ਦੇਸ਼ ਏ । ਮੈਨੂੰ ਬੜਾ ਚੰਗਾ ਲਗਦੈ । ਡਾਕਟਰ ਨੇ ਮੈਨੂੰ ਭਾਰਤੀ ਦਰਸ਼ਨ ਪੜ੍ਹਾਉਣ ਦਾ ਵਚਨ ਦਿੱਤਾ ਹੋਇਐ ।"

"ਇਸ ਲਈ ਤਾਂ ਬੜੇ ਕਠਨ ਜ਼ਿਹਨੀ ਜ਼ਾਬਤੇ ਦੀ ਲੋੜ ਹੈ ।" ਮਲੂਕੇ ਨੇ ਖ਼ੁਸ਼ਕ ਜਿਹੇ ਲਹਿਜ਼ੇ ਵਿਚ ਕਿਹਾ । "ਉਹਦੇ ਮਨ ਵਿਚ ਤੇਨੂੰ ਕਿਹੜਾ ਫ਼ਲਸਫ਼ਾ ਪੜ੍ਹਾਉਣ ਦੀ ਵਿਉਂਤ ਹੈ ?" ਉਸ ਨੇ ਸਨਕੀ ਜਿਹੀ ਮੁਸਕ੍ਰਾਹਟ ਨਾਲ ਪੁੱਛਿਆ ।

"ਕਹਿੰਦਾ ਸੀ ਕਿ ਕਿਸੇ ਸੌਖੀ ਜਿਹੀ ਗੱਲ ਤੋਂ ਸ਼ੁਰੂ ਕਰੇਗਾ ।" ਉਸਨੇ ਉੱਤਰ ਦਿੱਤਾ, "ਉਹਨੇ ਮੈਨੂੰ ਰੋਮਾਂ ਰੋਲਾਂ ਦੀ ਮਹਾਤਮਾ ਗਾਂਧੀ ਬਾਰੇ ਲਿਖੀ ਇਹ

ਕਿਤਾਬ ਚਿੱਤੀ ਸੀ। ਮੋੜਨ ਆਈ ਆਂ। ਤੇਰੇ ਕੋਲ ਛੱਡ ਜਾਂ ?"

"ਹਾਂ, ਰੋਮਾਂ ਰੋਲਾਂ ਬੜਾ ਵਿਗਿਆਨਕ ਆਦਮੀ ਹੈ ਤੇ ਲਿਖਦਾ ਵੀ ਬੜਾ ਸੋਹਣਾ।"

... ...

ਮਲੂਕੇ ਦੀ ਜ਼ਮੀਰ ਵਿਚ ਕਸ਼ਮਕਸ਼ ਸੀ। ਕੀ ਉਹਦਾ ਮੇਜ਼ਬਾਨ ਉਹਨੂੰ ਹੱਥ-ਠੋਕੇ ਦੇ ਤੌਰ 'ਤੇ ਹੀ ਤਾਂ ਨਹੀਂ ਵਰਤ ਰਿਹਾ ? ਇਸ ਵਿਚ ਬਹੁਤੀ ਸ਼ੱਕ ਦੀ ਗੁੰਜਾਇਸ਼ ਨਹੀਂ ਸੀ। ਇਹ ਤਾਂ ਬੜੇ ਅਪਮਾਨ ਦੀ ਗੱਲ ਸੀ।

ਉਹਨੂੰ ਭਾਰਤ 'ਤੇ ਫ਼ਖ਼ਰ ਸੀ, ਜਿਸਦੀ ਪੁਰਾਤਨ ਸ਼ਾਨ ਨੂੰ ਸੁਆਮੀ ਵਿਵੇਕਾਨੰਦ ਨੇ ਆਪਣੀ ਜ਼ੋਰਦਾਰ ਭਾਸ਼ਣ-ਕਲਾ ਰਾਹੀਂ ਵੇਦਾਂਤ ਬਾਰੇ ਜਾਣਕਾਰੀ ਦਿੰਦਿਆਂ ਉਜਾਗਰ ਕੀਤਾ ਸੀ ਤੇ ਮਹਾਤਮਾ ਗਾਂਧੀ ਦੇ ਗੀਤਾਂ ਤੋਂ ਪ੍ਰੇਰਨਾ ਲੈ ਕੇ ਭਾਰਤੀਆਂ ਨੂੰ ਅਹਿੰਸਾ ਦੁਆਰਾ ਆਜ਼ਾਦੀ ਪ੍ਰਾਪਤ ਕਰਨ ਦੇ ਰਾਹ 'ਤੇ ਪਾਇਆ ਸੀ। ਉਹਨੂੰ ਨਿੱਜੀ ਸੁਫ਼ਾਦ ਲਈ ਭਾਰਤ ਦੇ ਨਵੇਂ ਪ੍ਰਾਪਤ ਕੀਤੇ ਸਨਮਾਨ ਤੇ ਪ੍ਰਸਿੱਧੀ ਦੀ ਦੁਰ-ਵਰਤੋਂ ਕਰਨ ਵਾਲਿਆਂ ਨਾਲ ਨਫ਼ਰਤ ਸੀ—ਤੇ ਵਰਤੋਂ ਵੀ ਬੇਲਗਾਮ ਕਾਮ-ਭਾਵਨਾ ਦੀ ਸੰਤੁਸ਼ਟੀ ਲਈ !

ਜੰਗਲੀ ਸ਼ਕਤੀਆਂ ਨੂੰ ਸਿਧਾਉਣ ਲਈ, ਜੂਝ ਰਹੇ ਮੋਢੀ ਦੇਸ਼ ਕੈਨੇਡਾ ਦੇ ਲੋਕਾਂ ਕੋਲ ਸਮੇਂ ਦੀ ਘਾਟ ਸੀ ਤੇ ਦੂਰ ਦੁਰਾਡੇ ਦੇਸ਼ ਦੀ ਪੁਰਾਤਨ ਸਭਿਅਤਾ ਬਾਰੇ ਵਿਦਵਤਾ ਭਰਪੂਰ ਕਿਤਾਬਾਂ ਪੜ੍ਹਨ ਵਿਚ ਤਾਂ ਉਨ੍ਹਾਂ ਦੀ ਰੁਚੀ ਵੀ ਬਹੁਤੀ ਨਹੀਂ ਸੀ—ਭਾਵੇਂ ਇਸ ਸਭਿਅਤਾ ਦਾ ਕਲਾ, ਸਾਹਿਤ, ਦਰਸ਼ਨ ਤੇ ਧਰਮ ਦੇ ਖਿੜਾਂ ਵਿਚ ਉੱਘਾ ਯੋਗਦਾਨ ਸੀ। ਉਹ ਗਿਆਨ ਦੀ ਥਾਂ ਕੇਵਲ ਜੀ-ਪ੍ਰਚਾਵੇ ਲਈ ਹੀ ਪੜ੍ਹਦੇ ਸਨ। ਪ੍ਰਦੇਸੀ ਵਿਸਮਾਦ-ਭੂਮੀ 'ਚ ਬੇਪਨਾਹ ਅਮੀਰੀ ਵਾਲੇ ਮਹਾਰਾਜਿਆਂ ਦੀਆਂ ਕਹਾਣੀਆਂ ਉਹਨਾਂ ਨੂੰ ਅਜੀਬ ਜਿਹੀ ਤਸੱਲੀ ਦੇਂਦੀਆਂ ਸਨ। ਅਜੀਬ, ਰਹੱਸਮਈ ਤੇ ਮਿਥਿਹਾਸਕ ਭਾਰਤ ਦੇ ਸੂਲਾਂ ਤੇ ਪਏ ਨਾਂਗੇ ਫ਼ਕੀਰਾਂ, ਮਦਾਰੀਆਂ ਦੇ ਜਾਦੂਆਂ ਆਦਿ ਬਾਰੇ ਅਜੀਬੋ-ਗ਼ਰੀਬ ਕਹਾਣੀਆਂ ਉਹਨਾਂ ਦੀ ਉਤਸੁਕਤਾ ਨੂੰ ਸਾਣ 'ਤੇ ਚਾੜ੍ਹਦੀਆਂ ਸਨ। ਉਨ੍ਹਾਂ ਨੂੰ ਇਸ ਗੱਲ ਦਾ ਕੋਈ ਇਹਸਾਸ ਨਹੀਂ ਸੀ ਕਿ ਆਪਣੀ ਬੀਨ ਨਾਲ ਸੱਪ ਨੂੰ ਮੇਲ੍ਹਾਉਣ ਵਾਲੇ ਗ਼ਰੀਬ ਮਦਾਰੀ ਇਸ ਖ਼ਤਰਨਾਕ ਪੇਸ਼ੇ ਵਿਚ ਆਪਣਾ ਤੇ ਸੱਪਾਂ ਦਾ ਢਿੱਡ ਭਰਨ ਲਈ ਮਸਾਂ ਹੀ ਗੁਜ਼ਾਰੇ ਜੋਗੇ ਪੈਸੇ ਕਮਾ ਸਕਦੇ

ਸਨ। ਰੱਸੀ ਖੜੀ ਕਰਨ ਦੇ ਚ੍ਰਿਸ਼ਟੀ ਭਰਮ ਨੂੰ ਸਾਦ ਮੁਰਾਦੇ ਭਾਰਤੀ ਤਾਂ ਦੇਖ ਕੇ ਖੁਸ਼ ਹੋ ਜਾਂਦੇ ਸਨ, ਪਰ ਈਸਾਈ ਯੂਰਪ ਤਾਂ ਇਹਨੂੰ ਸ਼ੈਤਾਨ ਦਾ ਕਾਰਾ ਸਮਝ ਕੇ ਮਦਾਰੀ ਨੂੰ ਹੀ ਸੂਲੀ 'ਤੇ ਚਾੜ੍ਹ ਸਕਦਾ ਸੀ। ਇਸ ਗੱਲ ਦੀ ਸਿਫ਼ਤ ਕਰਨ ਵਾਲਾ ਕੋਈ ਨਹੀਂ ਸੀ ਕਿ ਹਿੰਦੂ ਲੋਕ ਸ਼ੈਤਾਨ ਤੋਂ ਬਿਨਾਂ ਹੀ ਬੜਾ ਸੋਹਣਾ ਜੀਉ ਰਹੇ ਸਨ, ਕਿਉਂਕਿ ਉਹਨਾਂ ਦਾ ਯਕੀਨ ਸੀ ਕਿ ਚੰਗਿਆਈ ਤੇ ਬੁਰਿਆਈ ਦੀਆਂ ਤਾਕਤਾਂ ਆਦਮੀ ਦੇ ਆਪਣੇ ਅੰਦਰ ਹੀ ਨੇ।

ਅਮਰੀਕਾ ਤੇ ਕੈਨੇਡਾ ਵਿਚ ਅਮਿੱਟ ਰੂਹਾਨੀ ਭੁੱਖ ਵਾਲੇ ਬਹੁਤ ਥੋੜ੍ਹੇ ਲੋਕਾਂ ਦਾ ਇਹ ਵਿਸ਼ਵਾਸ ਸੀ ਕਿ ਭਾਰਤ ਵਿਚ ਉਹਦੇ ਆਮ ਹਿੱਸੇ ਨਾਲੋਂ ਸਿਆਣੇ ਬੰਦਿਆਂ ਦੀ ਗਿਣਤੀ ਕਿਤੇ ਵਧੇਰੇ ਸੀ। ਪਰ ਇਨ੍ਹਾਂ ਰਿਸ਼ੀਆਂ ਤੀਕ ਰਸਾਈ ਸੌਖੀ ਨਹੀਂ ਸੀ, ਕਿਉਂਕਿ ਉਹ ਨੰਗ-ਧੜੰਗੇ ਹਿਮਾਲੀਆ ਦੇ ਜੰਗਲਾਂ ਵਿਚ ਰਹਿੰਦੇ ਸਨ, ਕੰਦ-ਮੂਲ ਖਾ ਕੇ ਗੁਜ਼ਾਰਾ ਕਰਦੇ ਸਨ ਤੇ ਰਾਜ-ਯੋਗ ਦੀ ਉਤਕਰਸ਼ੀ ਅਧਿਆਤਮਿਕ ਸਾਧਨਾ ਕਰਨ ਵਿਚ ਹੀ ਵਿਅਸਤ ਰਹਿੰਦੇ ਹਨ।

... ...

ਮਲੂਕੇ ਨੇ ਕੈਲਗਰੀ ਦੀ ਲਾਇਬਰੇਰੀ ਵਿਚ ਜਾ ਕੇ ਪੜ੍ਹਨ ਦਾ ਮਨ ਬਣਾ ਲਿਆ। ਉਹਨੂੰ ਇਹ ਦੇਖ ਕੇ ਬੜੀ ਹੈਰਾਨੀ ਹੋਈ ਕਿ ਉਹਦੀ ਭਾਰਤ-ਪਿਆਰੀ ਸੰਸਥਾ-ਸਾਥਣ ਈਡਿਥ ਵੀ ਉਥੇ ਆਇਆ ਕਰਦੀ ਸੀ।

"ਮੈਂ ਇੱਥੇ ਹਵਾਲਿਆਂ ਦੀ ਪੁਸ਼ਟੀ ਲਈ ਆਮ ਆਉਂਦੀ ਰਹਿੰਦੀ ਹਾਂ।" ਉਸ ਨੇ ਮਲੂਕੇ ਨੂੰ ਦੱਸਿਆ। ਉਹਦੇ ਕੋਲ ਧਨ ਗੋਪਾਲ ਦੀ ਕਿਤਾਬ 'ਮੇਰੇ ਭਾਰਤ ਦਾ ਚਿਹਰਾ' ਸੀ। "ਇਹ ਕਿਤਾਬ ਬੜੀ ਸ਼ਾਨਦਾਰ ਹੈ।"

"ਹਾਂ" ਮਲੂਕੇ ਨੇ ਆਖਿਆ, "ਇਹ ਮੁੱਢਲੇ ਬੰਗਾਲੀ ਇਨਕਲਾਬੀਆਂ ਦੀ ਬੜੀ ਸੋਹਣੀ ਤਰ੍ਹਾਂ ਲਿਖੀ ਹੋਈ ਕਹਾਣੀ ਹੈ।"

ਉਹ ਭਾਰਤ ਬਾਰੇ ਕੁਝ ਸੁਆਲ ਪੁੱਛਣਾ ਚਾਹੁੰਦੀ ਸੀ ਤੇ ਉਹ ਲਾਇਬਰੇਰੀ ਦੀ ਨਿੱਕੀ ਜਿਹੀ ਪਾਰਕ ਵਿਚ ਡੱਠੇ ਗੂੜ੍ਹੇ ਹਰੇ ਰੰਗ ਦੇ ਬੰਚ 'ਤੇ ਜਾ ਬੈਠੇ ਸਨ। ਉਹਦੇ ਬਹੁਤ ਸੁਆਲ ਰਹੱਸਮਈ ਭਾਰਤ, ਇਹਦੇ ਮੰਦਰਾਂ ਤੇ ਆਸ਼ਰਮਾਂ ਬਾਰੇ ਹੀ ਸਨ। ਪੱਛਮ ਦੀ ਤਰਕਸ਼ੀਲ ਵਿਚਾਰਧਾਰਾ ਤੋਂ ਪ੍ਰਭਾਵਿਤ ਮਲੂਕੇ ਦਾ ਇਹ ਖ਼ਿਆਲ ਸੀ ਕਿ ਧਰਮ ਭਾਰਤ ਦੇ ਆਧੁਨਿਕੀਕਰਨ ਦੇ ਰਾਹ ਵਿਚ ਰੁਕਾਵਟ ਸੀ, ਜਿਸ ਦੀ

ਦੇਸ਼ ਚੋਂ ਭੁੱਖ ਤੇ ਗ਼ੁਰਬਤ ਨੂੰ ਦੂਰ ਕਰਨ ਲਈ ਬੜੀ ਹੀ ਲੋੜ ਸੀ।

"ਤਾਲਬਤ ਮੁੰਡੀ ਆਪਣੀ ਇਕ ਕਿਤਾਬ ਵਿਚ ਲਿਖਦਾ ਹੈ", ਈਡਿਥ ਨੇ ਆਖਿਆ ਸੀ, "ਭਾਰਤ ਵਿਚ ਯੋਗ ਦੇ ਸਾਧਕ ਅਸਾਧਾਰਣ ਸ਼ਕਤੀਆਂ ਪ੍ਰਾਪਤ ਕਰ ਸਕਦੇ ਨੇ। ਉਦਾਹਰਣ ਵਜੋਂ ਜਦੋਂ ਉਨ੍ਹਾਂ ਨੇ ਪਹਾੜਾਂ ਦੀਆਂ ਖੱਡਾਂ ਪਾਰ ਕਰਨੀਆਂ ਹੋਣ, ਅੱਖਾਂ ਮੀਟ, ਚੌਂਕੜੀ ਮਾਰ ਕੇ ਡੂੰਘੀ ਸਮਾਧੀ ਵਿਚ ਲੀਨ ਹੋ ਜਾਂਦੇ ਨੇ ਤੇ ਅੱਖ ਦੇ ਫੋਰ ਵਿਚ ਦੂਜੇ ਪਾਸੇ ਪੁੱਜ ਜਾਂਦੇ ਨੇ।"

ਮਲੂਕਾ ਉਹਦੀ ਸਾਦਗੀ ਤੇ ਹੈਰਾਨ ਸੀ ਤੇ ਥੋੜ੍ਹਾ ਜਿਹਾ ਖਿੱਝ ਵੀ ਗਿਆ ਸੀ, "ਕੀ ਇਸੇ ਕਰਕੇ ਭਾਰਤੀਆਂ ਨੇ ਖੱਡਾਂ 'ਤੇ ਕੋਈ ਪੁਲ ਨਹੀਂ ਬਣਾਏ?"

ਪਰ ਫਿਰ ਵੀ ਉਹ ਮਲੂਕੇ ਨੂੰ ਹਿੰਦੂ ਸੰਤ ਮਹਾਤਮਾਵਾਂ ਦੀਆਂ ਵਚਿੱਤਰ ਰਿਧੀਆਂ ਸਿਧੀਆਂ ਦੀਆਂ ਕਹਾਣੀਆਂ ਸੁਣਾਉਂਦੀ ਰਹੀ ਸੀ।

"ਮੈਨੂੰ ਇਹ ਵੀ ਪਤਾ ਲੱਗਾ ਹੈ", ਉਹਨੇ ਕਿਹਾ ਸੀ ਕਿ "ਤੰਤਰ-ਯੋਗ ਦੀ ਸਾਧਨਾ ਨਾਲ ਭਾਰਤੀਆਂ ਨੂੰ ਅਥਾਹ ਸ਼ਕਤੀ ਪ੍ਰਾਪਤ ਹੁੰਦੀ ਰਹੀ ਸੀ।"

ਮਲੂਕੇ ਨੂੰ ਖਿੱਝ ਚੜ੍ਹ ਰਹੀ ਸੀ। "ਚੰਗਾ ਹੁੰਦਾ" ਉਸ ਨੇ ਚਿੜ੍ਹ ਕੇ ਕਿਹਾ, "ਉਹਨਾਂ ਵਿਚ ਇਹ ਸ਼ਕਤੀ ਘੱਟ ਹੀ ਹੁੰਦੀ। ਹੁਣ ਦੇਸ਼ ਵਿਚ ਅੰਨ ਦੀ ਪੈਦਾਵਾਰ ਨਾਲੋਂ ਬੱਚੇ ਕਿਤੇ ਵੱਧ ਪੈਦਾ ਹੋ ਰਹੇ ਨੇ।"

ਕੁਝ ਦਿਨ ਮਗਰੋਂ ਈਡਿਥ ਨੇ ਲਾਇਬਰੇਰੀ ਦੇ ਨੇੜੇ ਦੇ ਰੈਸਤੋਰਾਂ ਵਿਚ ਚਾਹ ਪੀਣ ਦੀ ਦਾਅਵਤ ਦਿੱਤੀ।

ਰੀਵੀਊ ਹਿਤ ਪੜ੍ਹੇ ਜਾ ਰਹੇ ਨਾਵਲ ਬਾਰੇ ਮੁੱਢਲੀ ਜਿਹੀ ਗੱਲ ਬਾਤ ਤੋਂ ਬਾਅਦ ਉਸ ਨੇ ਮਲੂਕੇ ਦੀਆਂ ਅੱਖਾਂ ਵਿਚ ਸਿੱਧੀਆਂ ਅੱਖਾਂ ਗੱਡ ਕੇ ਆਖਿਆ, "ਮੈਂ ਤੈਨੂੰ ਇਹ ਦੱਸਣਾ ਚਾਹੁੰਦੀ ਹਾਂ ਕਿ ਮੈਂ ਤੈਨੂੰ ਮੁਹੱਬਤ ਕਰਦੀ ਹਾਂ।"

ਮਲੂਕਾ ਹੱਕਾ ਬੱਕਾ ਰਹਿ ਗਿਆ। "ਤੇਰੀ ਤਾਂ ਡਾਕਟਰ ਨਾਲ ਸਾਂਝ ਹੈ।" ਉਹਨੇ ਉਹਦੇ ਵੱਲ ਹੈਰਾਨੀ ਨਾਲ ਵੇਖਦਿਆਂ ਕਿਹਾ।

"ਓਹ!" ਉਹਨੇ ਆਖਿਆ, "ਉਹ ਕੁਛ ਨਹੀਂ।" ਉਸ ਨੇ ਆਪਣੀਆਂ ਉਂਗਲੀਆਂ ਝਟਕਦਿਆਂ ਆਖਦਿਆਂ, "ਬੱਸ ਏਵੇਂ ਦੀ ਹੈ। ਛਿਣ-ਭੰਗਰੀ ਜਿਹੀ ਅਵਧੀ ਵਾਲੀ।"

"ਪਰ" ਮਲੂਕੇ ਨੇ ਸ਼ਾਂਤ ਭਾਵ ਨਾਲ ਕਿਹਾ, "ਮੇਰਾ ਦਿਲ ਤਾਂ ਕੁਲੀ ਮੇਹਰ

ਤੇ ਭਰਪੂਰ ਪਿਆਰ ਨਾਲ ਪਹਿਲਾਂ ਹੀ ਏਨਾ ਭਰਿਆ ਪਿਐ ਕਿ ਇਸ ਵਿਚ ਹੋਰ ਕਿਸੇ ਸਮਾਈ ਦੀ ਗੁੰਜਾਇਸ਼ ਨਹੀਂ।"

ਇਸ ਜੁਆਬ ਨਾਲ ਉਦਾਸ ਚੁੱਪ ਛਾ ਗਈ।

ਇਸ ਪਰੇਸ਼ਾਨ ਜਿਹੀ ਮੁਲਾਕਾਤ ਤੋਂ ਬਾਅਦ ਮਲੂਕੇ ਨੂੰ ਕਈ ਗੁਲਾਬੀ ਚਿੱਠੀਆਂ ਮਿਲੀਆਂ। ਲਿਫਾਫੇ ਅੰਦਰਲੇ ਗੁਲਾਬੀ ਕਾਗ਼ਜ਼ ਦੇ ਖੱਬੇ ਕੋਨੇ 'ਤੇ ਤਿੰਨ ਸਾਵੀਆਂ ਪੱਤੀਆਂ ਵਾਲਾ ਸੁਹਾ ਗੁਲਾਬ ਹੁੰਦਾ ਸੀ, ਜਿਸ ਉਪਰ ਕੁਝ ਨਜ਼ਮਾਂ ਦੇ ਬੰਦ ਲਿਖੇ ਹੋਏ ਹੁੰਦੇ ਸਨ—ਕਦੇ ਰੂਪਰਟ ਦੀ ਕਿਸੇ ਭਖਵੀਂ ਪ੍ਰੇਮ-ਕਵਿਤਾ 'ਚੋਂ ਤੇ ਕਦੇ ਲਾਰੰਸ ਹੋਮ ਦੀਆਂ ਸਰੋਦੀ ਨਜ਼ਮਾਂ ਵਿਚੋਂ। ਕੁਝ ਵਿਚ ਬਸੰਤ ਦੀ ਖ਼ੁਸ਼ੀ ਦੀ ਧੜਕਣ ਹੁੰਦੀ ਤੇ ਦੂਜੀਆਂ ਵਿਚ ਕਿਸੇ ਵਿਯੋਗਣ ਦੇ ਹਉਕੇ। ਅਖ਼ੀਰ ਵਾਲੀ ਸਰੋਜਨੀ ਨੈਡੂ ਦੀ 'ਜਾਦੂ ਮਈ ਮੁਰਲੀ' ਵਿਚ ਆਤਮ-ਮੋਹਿਤ ਭਗਤੀ-ਭਾਵ ਵਾਲਾ ਸੁਨੇਹਾ ਸੀ :

ਮੇਰੀ ਸੁਹੱਬਤ
ਮੈਂ ਤੇਰੀ ਹਾਂ, ਇਕ ਫੁੱਲ ਵਾਂਗ
ਭਾਵੇਂ ਇਹਨੂੰ ਆਪਣੀ ਹਿੱਕ ਤੇ ਸਜਾ ਲਾ,
ਜਾਂ ਫਿਰ ਸੁੱਕੇ ਕਾਨੇ ਵਾਂਗ,
ਜਿਸ ਚਾਹੇਂ, ਅਗਨ ਵਿਚ ਜਲਾ ਲੈ।

ਕਈ ਹਫ਼ਤਿਆਂ ਦੀ ਚਿਲਕਵੀਂ ਧੁੱਪ ਦੇ ਬਾਅਦ ਪਿਆਰੀ ਧਰਤੀ ਪਾਣੀ ਲਈ ਸਹਿਕ ਗਈ ਸੀ। ਲੋਕ ਪੱਛਮੀ ਚੁਮੇਲ ਤੇ ਪਥਰੀਲੇ ਪਹਾੜਾਂ ਦੇ ਉੱਪਰ ਬੱਦਲਾਂ ਦੀ ਬਰੀਕ ਜਿਹੀ ਧੂੜ ਤਰਦੀ ਦੇਖ ਕੇ ਖ਼ੁਸ਼ ਹੋਏ ਸਨ। ਲੌਢੇ ਪਹਿਰ ਇਸ ਕਾਫ਼ਲੇ ਵਿਚ ਹੋਰ ਬੱਦਲ ਆ ਰਲੇ ਸਨ ਤੇ ਅਸਮਾਨ ਸ਼ਾਹ-ਕਾਲਾ ਹੋ ਗਿਆ ਸੀ। ਮਲੂਕੇ ਨੇ ਡਾਕਟਰ ਦੇ ਸੌਣ-ਕਮਰੇ ਵਿਚ ਜਾ ਕੇ ਪੜ੍ਹਨ ਦਾ ਮਨ ਬਣਾਇਆ। ਉਹਦੀ ਪਿੱਠ ਬਾਰੀ ਵੱਲ ਸੀ ਤੇ ਉਹ ਥੈਕਰੇ ਦੇ 'ਵੈਨਿਟੀ ਫ਼ੇਅਰ' ਵਿਚ ਗੁਆਚਾ ਹੋਇਆ ਸੀ।

ਥੈਕਰੇ ਕਲਕੱਤੇ ਵਿਚ ਜੰਮਿਆ ਇਕ ਐਂਗਲੋ-ਇੰਡੀਅਨ ਸੀ। 'ਵੈਨਿਟੀ ਫ਼ੇਅਰ' ਵਿਚ ਉਹ ਆਪਣੇ ਕਮਜ਼ੋਰ, ਘੁਮੰਡੀ, ਮੂਰਖ ਤੇ ਬਦਮਾਸ਼ ਜਿਹੇ ਪਾਤਰਾਂ ਨੂੰ ਇਕ ਪੁਤਲੀਬਾਜ਼ ਵਾਂਗ ਨਚਾਉਂਦਾ ਹੈ। ਉਹ ਨਰੋਈ ਇੱਛਾ-ਸ਼ਕਤੀ ਤੇ ਟਿਕਵੀਂ

ਕੋਸ਼ਿਸ਼ ਨਾਲ ਕਿਸੇ ਉਚੇਰੇ ਮੰਤਵ ਲਈ ਨਹੀਂ ਜੁੜਦੇ। ਇਸ ਦੇ ਉਲਟ ਉਹਨਾਂ ਨੂੰ ਹਰ ਪ੍ਰਕਾਰ ਦੀ ਤੁੱਛ ਛਿਣ ਭੰਗਰੀ ਤੇ ਓਪਰੀ ਚਮਕ ਦਮਕ ਵਾਲੀ ਹਰ ਖਿੱਚ ਆਪਣੇ ਵੱਲ ਖਿੱਚਦੀ ਹੈ। ਇਹ ਸੰਕਲਪ ਕਿ ਮਨੁੱਖ ਪੁਤਲੀਆਂ ਦੀ ਨਿਆਈਂ ਹਨ, ਬੁਲ੍ਹਾਂ ਨਾਲ, ਉਹ ਆਪਣੇ ਦਿਲ ਤੋਂ ਨਹੀਂ ਬੋਲਦੇ, ਸਗੋਂ ਮਕਾਨਕੀ ਢੰਗ ਨਾਲ ਉਹਨਾਂ ਨੂੰ ਕੋਈ ਅੰਬਾਰੀ ਸ਼ਕਤੀ ਨਚਾਈ ਫਿਰਦੀ ਹੈ, ਭਾਰਤ ਵਿਚ ਬੜਾ ਪੁਰਾਣਾ ਹੈ। ਉਹਨਾਂ ਨੂੰ ਕਿਸ ਸ਼ਕਤੀ ਨੇ ਘੜਿਆ? ਕਿਹੜਾ ਛੁਪਿਆ ਹੱਥ ਉਨ੍ਹਾਂ ਨੂੰ ਖਿਡਾਈ ਫਿਰਦਾ ਹੈ? ਬੇ-ਯਕੀਨੀ, ਜ਼ਾਲਿਮ ਹੋਣੀ, ਕਰਮਾਂ ਦਾ ਕਰੜਾ ਵਿਧਾਨ, ਜਾਂ ਫਿਰ ਸਿਰਫ਼ ਉਹਦੇ ਦੁਆਲੇ ਦੀਆਂ ਸਮਾਜੀ-ਆਰਥਿਕ ਤਾਕਤਾਂ? ਜੇ ਉਹ ਆਪਣੀ ਤਕਦੀਰ ਦੇ ਆਪ ਮਾਲਿਕ ਨਹੀਂ, ਉਹਨਾਂ ਦੀ ਸ਼ਖ਼ਸੀਅਤ ਉਹਨਾਂ ਦੇ ਆਪਣੇ ਵਿਚਾਰਾਂ, ਅਧੂਰੀਆਂ ਜਾਂ ਦੱਬੀਆਂ ਘੁੱਟੀਆਂ ਇੱਛਾਵਾਂ ਦਾ ਸਿੱਟਾ ਨਹੀਂ ਤਾਂ ਫਿਰ ਉਹਨਾਂ ਦੇ ਕਰਮਾਂ ਦਾ ਕੌਣ ਜ਼ਿਮੇਂਵਾਰ ਹੈ? ਜੇ ਭਾਂਡਾ ਚਿੱਬਾ ਹੋਵੇ, ਕਸੂਰ ਭਾਂਡੇ ਦਾ ਹੁੰਦਾ ਹੈ ਕਿ ਘੁਮਿਆਰ ਦਾ? ਕੀ ਸਾਨੂੰ ਕਮਜ਼ੋਰਾਂ ਪ੍ਰਤੀ ਹਮਦਰਦੀ, ਤਕੜਿਆਂ ਲਈ ਪ੍ਰਸ਼ੰਸਾ ਗੁਣਵੰਤਿਆਂ ਲਈ ਆਦਰ ਤੇ ਗੁਨਾਹਗਾਰਾਂ ਲਈ ਤਰਸ ਦੇ ਧਾਰਨੀ ਹੋਣਾ ਚਾਹੀਦਾ ਹੈ? ਪੁਤਲੀਬਾਜ਼ ਬੇਕਰੇ ਸਨਕੀ ਹੈ ਪਰ ਉਹਦੇ ਸਨਕਵਾਦ ਵਿਚ ਵੀ ਸਹਿਣਸ਼ੀਲਤਾ ਤੇ ਤਰਸ ਹੈ। ਕੀ ਬ੍ਰਾਊਨਿੰਗ ਦੇ ਪਿੱਪਾ ਦੇ ਇਸ ਸੁਖਾਵੇਂ ਵਿਸ਼ਵਾਸ ਨੂੰ ਮੰਨਣਾ ਜ਼ਿਆਦਾ ਚੰਗੇਰਾ ਨਹੀਂ ਕਿ "ਪਰਮਾਤਮਾ ਦੀਆਂ ਪੁਤਲੀਆਂ ਹਾਂ, ਅਸੀਂ ਸਾਰੇ, ਕੀ ਚੰਗੇ ਕੀ ਮੰਦੇ, ਉਹਦੇ ਲਈ ਕੋਈ ਫਾਡੀ ਜਾਂ ਮਿੱਦੀ ਦੁੱਗੀ ਨਹੀਂ।"

ਮਲੂਕੇ ਨੂੰ ਪਰਦੇ ਦੀ ਮੱਧਮ ਜਿਹੀ ਸਰਸਰਾਹਟ ਸੁਣੀ, ਪਰ ਉਹਦੀਆਂ ਅੱਖਾਂ 'ਵੈਨਿਟੀ ਫ਼ੇਅਰ' ਦੇ ਪੰਨੇ 'ਤੇ ਚਿਪਕੀਆਂ ਪਈਆਂ ਸਨ।

ਨਿੱਕੇ ਨਿੱਕੇ ਕਦਮਾਂ ਦੀ ਆਹਟ ਸੁਣ ਕੇ ਉਸ ਨਜ਼ਰ ਉਤਾਂਹ ਉਠਾਈ ਤੇ ਉਹ ਇਕ ਪਿੰਜਰ ਜਿਹੇ ਨੂੰ ਵੇਖ ਕੇ ਭਵੰਤਰ ਕੇ ਰਹਿ ਗਿਆ ਸੀ।

"ਕੀ ਇਹ ਮੁਮਕਿਨ ਹੋ ਸਕਦਾ ਸੀ ਕਿ ਡੌਰਿਸ ਮਿਚੇਲ ਉਹਦੇ ਸਾਹਮਣੇ ਖੜੀ ਸੀ? ਉਹਨਾਂ ਨੇ ਬੇਯਕੀਨੀਆਂ ਅੱਖਾਂ ਨਾਲ ਇਕ ਦੂਜੇ ਵੱਲ ਤਕਿਆ। ਛੇਤੀ ਹੀ ਅਵਿਸ਼ਵਾਸ ਦੀ ਥਾਂ ਤਿੱਖੀ ਪੀੜਾ ਤਾਰੀ ਹੋ ਗਈ।

ਵਰ੍ਹਿਆਂ ਬੱਧੀ ਮਲੂਕੇ ਨੇ ਉਹਨੂੰ ਕੇਲਗਰੀ ਮਿਲਣ ਦਾ ਸੁਪਨਾ ਆਪਣੀ

ਹਿੱਕ ਵਿਚ ਸੰਭਾਲੀ ਰਖਿਆ ਸੀ। ਵਰ੍ਹਿਆਂ ਬੱਧੀ ਇਕ ਨਾਯਾਬ ਫੁੱਲ ਦੀ ਮਹਿਕ ਵਾਂਗ ਉਹ ਉਸ ਦੇ ਦਿਲ ਵਿਚ ਸਮਾਈ ਰਹੀ ਸੀ। ਜਦੋਂ ਉਹ ਇਕੱਲਾ ਹੁੰਦਾ ਸੀ ਤਾਂ ਉਹਦੀ ਮਨਮੋਹਕ ਮੁਸਕ੍ਰਾਹਟ ਤੇ ਲਿਸ਼ਕਦੀਆਂ ਅੱਖਾਂ ਦੀ ਯਾਦ ਉਹਦੇ ਅੰਗ ਸੰਗ ਹੁੰਦੀ ਸੀ। ਜਦੋਂ ਉਹ ਨਿਰਾਸ ਹੁੰਦਾ ਤਾਂ ਉਹ ਆਸ ਦੀ ਕਿਰਨ ਵਾਂਗ ਉਹਦੇ ਖ਼ਿਆਲਾਂ ਵਿਚ ਵਸੀ ਰਹਿੰਦੀ ਸੀ।

ਤੇ ਹੁਣ ਬੀਤੇ ਦਾ ਇਹ ਖ਼ੁਸ਼ਗਵਾਰ ਬਿੰਬ ਉਹਦੀਆਂ ਅੱਖਾਂ ਦੇ ਸਾਹਮਣੇ ਹੀ ਢਹਿ-ਢੇਰੀ ਹੋ ਰਿਹਾ ਸੀ—ਪੀਲਾ, ਉਦਾਸ ਤੇ ਭਬੰਤਰਿਆ ਹੋਇਆ।

"ਮਲੂਕਿਆ, ਮੇਰੇ ਪਿਆਰੇ ਮਲੂਕਿਆ।" ਉਸ ਨੇ ਹੰਝੂ ਭਰੀਆਂ ਅੱਖਾਂ ਨਾਲ ਆਪਣੇ ਕੰਬਦੇ ਬੁੱਲ੍ਹ ਖੋਲ੍ਹੇ।

"ਡੌਰਿਸ! ਕਿਸ ਜ਼ਾਲਿਮ ਹੋਣੀ ਨੇ ਇਹ ਖੇਡ ਖੇਡੀ ਹੈ ਕਿ ਮੈਂ ਤੈਨੂੰ ਇਸ ਹਾਲ ਏਥੇ ਮਿਲਾਂ। ਇਹ ਕਲਪਣਾ ਤੋਂ ਬਾਹਿਰੀ ਗੱਲ ਹੈ।"

ਉਹ ਮੂਧੇ-ਮੂੰਹ ਮੰਜੇ ਦੇ ਕਿਨਾਰੇ ਢਹਿ ਪਈ। ਉਹਦੀ ਦੇਹ ਹੌਕਿਆਂ ਨਾਲ ਕੰਬ ਰਹੀ ਸੀ।

ਉਹ ਬਿਸਤਰੇ ਵੱਲ ਮੰਦ-ਸੁਪਨੇ ਵਿਚ ਬੌਂਦਲੇ ਹੋਏ ਬੰਦੇ ਵਾਂਗ ਗਿਆ। ਬੜੀ ਕੋਮਲਤਾ ਨਾਲ ਉਹਨੂੰ ਉਠਾਇਆ। ਉਹ ਤੇਜ਼ ਮੀਂਹ ਵਿਚ ਝੰਬੇ ਗਏ ਫੁੱਲ ਵਰਗੀ ਲੱਗਦੀ ਪਈ ਸੀ।

ਉਹਨੇ ਉਹਨੂੰ ਘੁੱਟ ਕੇ ਆਪਣੇ ਨਾਲ ਲਾਇਆ। ਉਹਦਾ ਸਿਰ ਮਲੂਕੇ ਦੇ ਮੋਢੇ 'ਤੇ ਝੁਕਿਆ ਪਿਆ ਸੀ। ਦਿਲ ਇਹ ਮੰਨਣ ਨੂੰ ਨਹੀਂ ਸੀ ਕਰਦਾ ਕਿ ਇਕ ਖ਼ੂਬਸੂਰਤ ਖ਼ਾਬ ਦਮ ਤੋੜ ਰਿਹਾ ਹੈ। ਕੀ ਇਹ ਮੁੜ ਕੇ ਸਜਿੰਦ ਨਹੀਂ ਸੀ ਹੋ ਸਕਦਾ?

"ਮੈਨੂੰ ਗਲਵੱਕੜੀ 'ਚ ਲੈ ਲਾ ਮਲੂਕਿਆ, ਘੁੱਟ ਕੇ। ਤੇਰੀ ਮੁਹੱਬਤ ਹੀ ਮੇਰੀ ਰੂਹ ਦੁਆਲੇ ਜੰਮੀ ਗੰਦਗੀ ਨੂੰ ਚੂਰ ਕਰ ਸਕਦੀ ਹੈ।"

ਮਲੂਕਾ ਚਾਹੁੰਦਾ ਸੀ ਕਿ ਉਹਦੇ ਵਿਚ ਏਨੀ ਸੱਤਿਆ ਹੋਏ। ਸੁਪਨੇ ਏਨੇ ਟੁੱਟਣਹਾਰੇ ਹੁੰਦੇ ਨੇ! ਕੀ ਕੋਈ ਟੁੱਟੇ ਸ਼ੀਸ਼ਿਆਂ ਨੂੰ ਚੁਣ ਜੋੜ ਕੇ ਫੇਰ ਸਾਬਤ-ਸਬੂਤ ਬਣਾ ਸਕਦਾ ਹੈ?

ਡੌਰਿਸ ਨੇ ਉਹਨੂੰ ਜੀਅ ਭਰ ਕੇ ਤੱਕਣ ਲਈ ਆਪਣਾ ਸਿਰ ਉਹਦੇ ਮੋਢਿਆਂ

ਤੋਂ ਚੁੱਕਿਆ। ਹੰਝੂ, ਉਹਦੇ ਡੂੰਘੇ ਸੋਗ ਦੇ ਨਿਸ਼ਾਨ ਉਹਦੀਆਂ ਗਲ੍ਹਾਂ ਪੁਰ ਛੱਡ ਗਏ ਨਜ਼ਰ ਆਉਂਦੇ ਸਨ।

"ਮੈਂ ਕਮਜ਼ੋਰ ਹਾਂ ਮਲੂਕਿਆ", ਉਹਨੇ ਕੰਬਦੀ ਆਵਾਜ਼ ਵਿਚ ਕਿਹਾ ਸੀ। "ਲੋੜ ਤੇ ਭੁੱਖ ਨੇ ਮੈਨੂੰ ਹੋਰ ਵੀ ਕਮਜ਼ੋਰ ਕਰ ਛੱਡਿਆ।"

"ਬੀਮਾਰ ਮਾਂ ਤੇ ਬੁੱਢੇ ਬਾਪ ਨੂੰ ਬੜੀ ਘਿਨਾਉਣੀ ਰੋਟੀ 'ਤੇ ਜੀਉਣਾ ਪਿਆ।"

"ਮੈਂ ਨੌਕਰੀ ਲੱਭੀ। ਕੁਝ ਹਫ਼ਤੇ ਵਿਨੀਪੈਗ ਵਿਕ੍ਰੇਤਾ-ਕੁੜੀ ਦਾ ਕੰਮ ਕੀਤਾ। ਮਹੀਨਾ ਕੁ ਰੇਗੀਨਾ ਦੇ ਇਕ ਰੈਸਤੋਰਾਂ ਵਿਚ ਬਹਿਰਾਗਿਰੀ ਕੀਤੀ।"

"ਇਕੱਲੀ ਜਾਨ, ਅਜਨਬੀਆਂ ਦੀ ਭੀੜ ਵਿਚ ਇਕੱਲੀ, ਹਰ ਕੋਈ ਲੋੜਵੰਦ ਆਪਣੇ ਆਪ ਤੱਕ ਹੀ ਸੀਮਿਤ। ਮੰਦਵਾੜੇ ਨੇ ਲੋਕਾਂ ਦਾ ਬੜਾ ਬੁਰਾ ਹਾਲ ਕੀਤਾ।"

"ਮੈਂ ਤੇਰੀ ਵਾਜ ਸੁਣਨ ਨੂੰ ਬੜੀ ਤਰਸਦੀ ਰਹੀ। ਮੇਰੇ ਹੱਥ ਤੇਰੇ ਵਾਲਾਂ 'ਤੇ ਫਿਰਨ ਨੂੰ ਸਹਿਕਦੇ ਰਹੇ। ਮੇਰਾ ਆਪਾ ਤੇਰੇ ਦੁਆਲੇ ਲਿਪਟ ਕੇ ਤਾਕਤ ਤੇ ਹੌਸਲਾ ਜੁਟਾਉਣ ਦਾ ਮੁਤਲਾਸ਼ੀ ਰਿਹਾ। ਪਰ ਤੂੰ ਦੂਰ ਸੀ, ਬਹੁਤ ਦੂਰ। ਮੈਂ ਤੈਨੂੰ ਗਲਵੱਕੜੀ ਪਾਉਣ ਲਈ ਬਾਹਾਂ ਪਸਾਰਦੀ ਤਾਂ ਮੇਰੀ ਬੁੱਕਲ ਸਿਰਫ਼ ਮੈਦਾਨਾਂ ਦੀ ਖ਼ੁਸ਼ਕ ਪੌਣ ਨਾਲ ਹੀ ਭਰਦੀ।"

ਮਲੂਕਾ ਬੁੱਤ-ਬਣੀ ਖਲੋਤਾ ਰਿਹਾ। ਦਿਮਾਗ਼ ਸੁੰਨ, ਦਿਲ ਪੀੜਾ ਨਾਲ ਭਰਿਆ ਹੋਇਆ। ਮਜਬੂਰ। ਉਹਨੂੰ ਦਰਦ ਦੀਆਂ ਕਸਕਾਂ ਨੇ ਘੇਰ ਲਿਆ। ਹੰਝੂ ਆਪ-ਮੁਹਾਰੇ ਉਹਦੀਆਂ ਅੱਖਾਂ 'ਚੋਂ ਵਹਿ ਤੁਰੇ।

"ਮੈਨੂੰ ਜਾਣ ਦੇ ਮਲੂਕਿਆ! ਬਸ ਜਾਣ ਤੋਂ ਪਹਿਲਾਂ ਇਕ ਵਾਰ ਮੇਰੇ ਹੋਠ ਚੁੰਮ ਲੈ। ਮੈਨੂੰ ਪਲ ਭਰ ਲਈ ਆਪਣੀ ਮਹਾਨ ਮੁਹੱਬਤ ਨਾਲ ਮਾਲਾ ਮਾਲ ਕਰ ਦੇ। ਮੈਂ ਇਹਨੂੰ ਟੁੱਟੇ ਖ਼ਾਬ ਵਾਂਗ ਆਪਣੇ ਦਿਲ ਵਿਚ ਸੰਭਾਲ ਕੇ ਰੱਖਣਾ ਚਾਹੁਨੀ ਆਂ, ਹੋਰ ਕੋਈ ਸੁਪਨਾ ਮੇਰੇ ਕੋਲ ਰਿਹਾ ਹੀ ਨਹੀਂ। ਇਹਦੇ ਆਸਰੇ ਮੈਂ ਉਜਾੜ ਬੀਆਬਾਨ ਵਰਗੀ ਜ਼ਿੰਦਗੀ ਦਾ ਸਾਹਮਣਾ ਕਰ ਸਕਾਂਗੀ, ਜਿੱਥੇ ਕੋਈ ਮੁਹੱਬਤ, ਕੋਈ ਦੋਸਤ, ਕੋਈ ਘਰ ਨਹੀਂ।"

... ...

ਸਾਰੀ ਰਾਤ ਮਲੂਕਾ ਆਪਣੇ ਭੀੜੇ ਜਿਹੇ ਮੰਜੇ 'ਤੇ ਪਾਸੇ ਵੱਟਦਾ ਰਿਹਾ। ਉਹਦੀਆਂ ਟੱਡੀਆਂ ਅੱਖਾਂ ਨ੍ਹੇਰੇ ਨੂੰ ਘੂਰਦੀਆਂ ਰਹੀਆਂ। ਉਹਦਾ ਮਨ ਰੌਸ਼ਨੀ ਲੱਭਦਾ ਰਿਹਾ। ਉਹਦਾ ਦਿਲ ਕਿਸੇ ਤਸੱਲੀ ਨਾਲ ਤਰਲੋਮੱਛੀ ਹੁੰਦਾ ਰਿਹਾ।

"ਪਿੰਡੋਂ ਵਿਛੜਨ ਲੱਗਿਆਂ ਤੈਨੂੰ ਚਾਚੇ ਬਿਲਾਸੇ ਨੇ ਕੀ ਕਿਹਾ ਸੀ?" ਉਹਨੇ ਆਪਣੇ ਆਪ ਨੂੰ ਪੁੱਛਿਆ।

"ਅਸੀਂ ਸਾਰੇ ਜ਼ਿੰਦਗੀ ਦੇ ਰਾਹ 'ਤੇ ਮੁਸਾਫ਼ਿਰ ਹਾਂ, ਪੁੱਤਰਾ! ਤੈਨੂੰ ਇਸ ਚੀਆਂ ਸਭ ਖ਼ੁਸ਼ੀਆਂ ਗ਼ਮੀਆਂ ਨੂੰ ਦਿਨ ਪਈ ਧੁੱਪ ਤੇ ਮੀਂਹ ਵਾਂਗ ਹੀ ਪਰਵਾਨ ਕਰਨਾ ਚਾਹੀਦੈ, ਪਰ ਤੈਨੂੰ ਆਪਣੇ ਸੁਪਨੇ ਜ਼ਰੂਰ ਸੰਭਾਲ ਕੇ ਰੱਖਣੇ ਚਾਹੀਦੇ ਨੇ। ਇਹੀ ਜ਼ਿੰਦਗੀ ਨੂੰ ਉਤਸ਼ਾਹ ਦੇਂਦੇ ਨੇ। ਪਰ ਜੇ ਕਿਸੇ ਸੁਪਨੇ ਦੀ ਮੌਤ ਹੋ ਜਾਏ ਤਾਂ ਸੜਕ ਕੰਢੇ ਕਿਸੇ ਰੁੱਖ ਦੀ ਛਾਵੇਂ ਦਮ ਲੈ ਲਈਂ, ਹੰਝੂ ਬਹਾ ਲਈਂ ਤੇ ਧਰਤੀ 'ਤੇ ਡਿੱਗੇ ਭੂਰੇ ਪੱਤਿਆਂ ਦੀ ਧੂਣੀ ਰਮਾ ਕੇ ਮੋਏ ਸੁਪਨੇ ਦਾ ਦਾਹ ਸੰਸਕਾਰ ਕਰ ਛੱਡੀਂ, ਪਰ ਬਚੇ ਸੁਪਨਿਆਂ ਨੂੰ ਜ਼ਰੂਰ ਸਾਂਭੀਂ, ਸੰਜੋਈਂ ਤੇ ਪੂਰੇ ਆਤਮ-ਵਿਸ਼ਵਾਸ ਨਾਲ ਮਜ਼ਬੂਤ ਪੁਲਾਂਘਾਂ ਭਰਦਾ ਜ਼ਿੰਦਗੀ ਦੇ ਰਾਹਾਂ 'ਤੇ ਮੁੜ ਚਾਲੇ ਪਾ ਦਈਂ।"

ਸਵੇਰੇ, ਮਲੂਕਾ ਕੈਲਗਰੀ ਤੋਂ ਐਡਮੰਟਨ ਨੂੰ ਰਵਾਨਾ ਹੋ ਗਿਆ।

"ਕਦੀ ਕਦਾਈਂ ਚਿੱਠੀ ਲਿਖਦਾ ਰਹੀਂ ਮਲੂਕਿਆ", ਚਾਚੇ ਬਿਲਾਸੇ ਨੇ ਉਹਦੇ ਮੱਥੇ 'ਤੇ ਵਿਦਾਇਗੀ ਚੁੰਮਣ ਦਿੰਦਿਆਂ ਕਿਹਾ ਸੀ।

"ਤੂੰ ਸਾਡਾ ਅੰਗ ਹੈਂ। ਸਾਨੂੰ ਭੁੱਲੀਂ ਨਾ।"

"ਤੂੰ ਬੜੀ ਦੂਰ ਦੂਰ ਤੱਕ ਸਫ਼ਰ ਕਰੇਂਗਾ ਪੁੱਤਰਾ", ਉਸ ਨੇ ਹੌਲੀ ਦੇਣੀ ਕਿਹਾ ਸੀ, "ਪਰ ਪਿੰਡ ਦੀ ਧੂੜ ਦੀ ਛੁਹ ਤੇਰੇ ਪੈਰਾਂ 'ਤੇ ਰਹੇਗੀ ਤੇ ਪਿੰਡ ਦੇ ਗੀਤ ਤੇਰੇ ਦਿਲ ਵਿਚ ਗੂੰਜਦੇ ਰਹਿਣਗੇ।"

"ਤੂੰ ਤਕੜਾ ਤੇ ਸਮਝਦਾਰ ਹੈਂ, ਪਰ ਹੈਂ ਤੂੰ ਬੜੇ ਹਠ ਵਾਲਾ ਤੇ ਨਾਲ ਹੀ ਜਜ਼ਬਾਤੀ ਵੀ।"

"ਦਿਲ ਦੀਆਂ ਖ਼ੁਸ਼ੀਆਂ ਬਹੁਤ ਨਸ਼ੀਲੀਆਂ ਹੋ ਸਕਦੀਆਂ ਨੇ, ਪਰ ਦਿਲ ਨੂੰ ਕਦੇ ਆਪਣੇ ਦਿਮਾਗ਼ 'ਤੇ ਹਕੂਮਤ ਨ ਕਰਨ ਦੇਈਂ।"

"ਤੂੰ ਜਿੱਥੇ ਵੀ ਜਾਏਂ, ਸਾਡਾ ਪਿਆਰ ਤੇਰੇ ਨਾਲ ਨਾਲ ਜਾਏਗਾ ਤੇ ਤੇਰੀ ਕਾਮਯਾਬੀ ਲਈ ਸਾਡੀਆਂ ਸ਼ੁੱਭ ਕਾਮਨਾਵਾਂ ਵੀ।"

ਵਰ੍ਹਿਆਂ ਬੱਧੀ ਮਲੂਕਾ ਆਪਣੇ ਕੰਮ ਤੇ ਪੜ੍ਹਾਈ ਵਿਚ ਇੰਨਾ ਖੁੱਭਾ ਰਿਹਾ ਸੀ ਕਿ ਉਸ ਤੋਂ ਚਾਚੇ ਬਿਲਾਸੇ ਨੂੰ ਚਿੱਠੀ ਨਹੀਂ ਸੀ ਪਈ, ਪਰ ਉਹਦੇ ਸ਼ਬਦ ਸਦਾ ਉਹਦੇ ਕੰਨਾਂ ਵਿਚ ਗੂੰਜਦੇ ਰਹੇ ਸਨ। ਜਦ ਕਦੇ ਵੀ ਕੋਈ ਸਮੱਸਿਆ ਉਹਨੂੰ ਘੇਰਦੀ, ਇਹ ਸ਼ਬਦ ਉਹਦੇ ਬੜੇ ਸਹਾਈ ਹੁੰਦੇ ਰਹੇ ਸਨ। ਉਹ ਇਕੱਲਾ ਜੰਗਲਾਂ 'ਚ ਟਹਿਲਦਾ ਵੀ ਕਈ ਵਾਰ ਇਹਨਾਂ ਨੂੰ ਚੇਤੇ ਕਰਦਾ। ਕਦੇ ਕਦੇ ਆਪਣੇ ਆਪ ਹੀ ਇਹਨਾਂ ਨੂੰ ਉੱਚੀ ਉੱਚੀ ਉਚਾਰਦਾ। ਕਦੇ ਉਹ ਅੱਧ-ਸੁੱਤਾ ਹੁੰਦਾ, ਤਾਂ ਇਹਨਾਂ ਦੀ ਫੁਸਰ ਫੁਸਰ ਉਹਦੇ ਕੰਨਾਂ ਵਿਚ ਸੁਣਾਈ ਦਿੰਦੀ।

54

ਟੁੱਟਾ ਹੋਇਆ ਸੁਪਨਾ ਪਤਝੜ ਵਿਚ ਝੜੇ ਪੱਤੇ ਦੇ ਵਾਂਗ ਚੁੱਪ ਚਾਪ ਧਰਤੀ ਵਿਚ ਹੀ ਸਮੋ ਜਾਣ ਵਾਂਗ ਨਾ ਤੇ ਚੁੱਪ ਚਾਪ ਵਿਦਾ ਹੋਇਆ ਤੇ ਨਾ ਹੀ ਸੁੱਕੇ ਪੱਤਿਆਂ ਦੀ ਧੂਣੀ ਬਾਲ ਕੇ ਮਲੂਕਾ ਇਸ ਦਾ ਦਾਹ-ਸੰਸਕਾਰ ਹੀ ਕਰ ਸਕਿਆ। ਇਹ ਲਮਕਦਾ ਤੇ ਸਹਿਕਦਾ ਰਿਹਾ। ਮਲੂਕੇ ਦੀਆਂ ਕੈਲਗਰੀ ਵਿਚ ਬਿਤਾਈਆਂ ਛੁੱਟੀਆਂ ਦੌਰਾਨ ਕੁਝ ਹੋਰ ਭਰਮ ਵੀ ਟੁੱਟੇ ਸਨ। ਉਹਨਾਂ ਦੀ ਹੀ ਪੀੜ ਹਾਲੇ ਏਨੀ ਤਿੱਖੀ ਸੀ ਕਿ ਕੋਈ ਹੋਰ ਨਵਾਂ ਸੁਪਨਾ ਪਾਲ ਸਕਣਾ ਸੰਭਵ ਨਹੀਂ ਸੀ ਜਾਪਦਾ।

ਪੈਸਿਆਂ ਦੀ ਕਮੀ ਕਾਰਨ ਮਲੂਕੇ ਨੇ ਯੂਨੀਵਰਸਿਟੀ ਤੋਂ ਤੁਰ ਕੇ ਆ ਸਕਣ ਦੀ ਹੀ ਵਿੱਥ 'ਤੇ ਦੱਖਣੀ ਐਡਮੰਟਨ ਵਿਚ ਇਕ ਸਸਤਾ ਜਿਹਾ ਕਮਰਾ ਕਰਾਏ 'ਤੇ ਲੈ ਲਿਆ। ਇਹ ਕਮਰਾ 109 ਸਟਰੀਟ ਵਾਲੇ ਪੈਟਰੋਲ ਪੰਪ ਦੇ ਨੇੜੇ ਕੱਲੇ-ਕਾਰੇ ਜਿਹੇ ਘਰ ਵਿਚ ਸੀ ਜੋ ਉੱਤਰੀ ਸਸਕੈਚਵਾਨ ਨਦੀ 'ਤੇ ਬਣੇ ਉੱਚੇ ਪੁਲ ਤੋਂ ਬਹੁਤਾ ਦੂਰ ਨਹੀਂ ਸੀ। ਇਸ ਦਾ ਮੱਧਮ ਜਿਹਾ ਰੋਗਨ ਬੁਰੀ ਤਰ੍ਹਾਂ ਉਤਰ ਰਿਹਾ ਸੀ ਜੋ ਬੱਤੀਆਂ ਬਣ ਬਣ ਘਾਹ ਨਾਲ ਕੱਜੀ ਇਸ ਦੀ ਨੀਂਹ ਦੁਆਲੇ ਹੀ ਖਿੰਡਿਆ ਪਿਆ ਸੀ। ਇਸ ਘਰ ਬਾਹਰਲੇ ਪੌੜੇ ਇੰਨੇ ਘਸੇ ਹੋਏ ਸਨ ਕਿ ਲਕੜੀ ਦੇ ਰੇਸ਼ੇ

ਸਾਫ਼ ਤੌਰ 'ਤੇ ਦਿੱਸਣ ਲੱਗ ਪਏ ਸਨ। ਘਰ ਅੰਦਰ ਫ਼ਰਸ਼ ਦੀ ਲਾਈਨੋ ਤਰੇੜੀ ਪਈ ਸੀ ਤੇ ਕਈ ਥਾਵਾਂ ਤੋਂ ਇਸ ਵਿਚ ਮਘੋਰੇ ਹੋਏ ਪਏ ਸਨ।

ਘਰ ਦੇ ਮਾਲਕ ਸ੍ਰੀ ਤੇ ਸ੍ਰੀਮਤੀ ਓਵਨ ਦਾ ਪਰਿਵਾਰ ਵੱਡਾ ਸੀ। ਦੋ ਸ਼ਰਮੀਲੀਆਂ ਮੁਟਿਆਰ ਕੁੜੀਆਂ, ਜਿਨ੍ਹਾਂ ਨੇ ਸੂਤ ਦੇ ਸਾਦਾ ਪਰ ਸਾਫ਼ ਸੁਥਰੇ ਕੱਪੜੇ ਪਾਏ ਹੋਏ ਹੁੰਦੇ ਸਨ, ਤਿੰਨ ਨਿੱਕੇ ਨਿੱਕੇ ਮੁੰਡੇ, ਜੋ ਅਣਧੋਤੇ ਜਿਹੇ ਹੇਠ ਦੇ ਕੱਪੜਿਆਂ ਵਿਚ ਹੀ ਏਧਰ ਓਧਰ ਦੁੜੰਗੇ ਮਾਰਦੇ ਫਿਰਦੇ ਹੁੰਦੇ ਸਨ ਅਤੇ ਅਗਲਾ ਬੱਚਾ ਹੋਣ ਵਾਲਾ ਸੀ। ਘਰ ਦਾ ਮਾਹੌਲ ਬੇਕਾਰੀ ਦੀ ਉਦਾਸੀ ਤੇ ਚਿੰਤਾ ਨਾਲ ਬੋਝਲ ਸੀ, ਪਰ ਮਿਹਨਤੀ, ਦਿਆਲੂ ਤੇ ਹੌਸਲੇ ਵਾਲੀ ਸੁਆਣੀ ਸ੍ਰੀਮਤੀ ਓਵਨ ਗੱਲ ਸਦਾ ਮੁਸਕ੍ਰਾ ਕੇ ਹੀ ਕਰਦੀ ਹੁੰਦੀ ਸੀ। ਰੋਜ਼ ਸਵੇਰੇ ਰਸੋਈ ਦੇ ਓਵਨ 'ਤੇ ਉਬਲਦੇ ਤੇਲ ਦੀ ਕੜਾਹੀ ਵਿਚ ਉਹ ਡੋ-ਨਟ ਤਲਦੀ ਤੇ ਉਹਦਾ ਪਤੀ ਹਰ ਲੌਂਢੇ ਪਹਿਰ ਦਰ-ਦਰ ਹੋਕਾ ਦੇ ਕੇ ਉਹਨਾਂ ਨੂੰ ਵੇਚ ਆਉਂਦਾ। ਹਫ਼ਤੇ ਦੇ ਅਖ਼ੀਰੀ ਦਿਨ ਉਹਨਾਂ ਦੀਆਂ ਧੀਆਂ ਵੀ ਉਹਨਾਂ ਦਾ ਹੱਥ ਵਟਾ ਦਿਆ ਕਰਦੀਆਂ ਸਨ। ਪਾਰਕਾਂ ਵਿਚ ਬੈਠੇ ਬੰਦੇ ਉਹਦੇ ਮਾਲ ਦੇ ਬਹੁਤੇ ਖ਼ਰੀਦਾਰ ਹੁੰਦੇ। ਮਲੂਕੇ ਦੇ ਹਰ ਮਹੀਨੇ ਯਕੀਨੀ ਤੌਰ 'ਤੇ ਮਿਲਣ ਵਾਲੇ ਅੱਠਾਂ ਡਾਲਰਾਂ ਦਾ ਓਵਨਾਂ ਨੂੰ ਬੜਾ ਆਸਰਾ ਸੀ।

ਮਲੂਕੇ ਦੇ ਕਮਰੇ ਵਿਚਲਾ ਮੰਜਾ ਪੁਰਾਣਾ ਸੀ। ਇਹਦੇ ਟੁੱਟੇ ਹੋਏ ਸਪਰਿੰਗਾਂ ਦੀਆਂ ਪੁਰਾਣੀਆਂ ਤਾਰਾਂ ਨਾਲ ਮੁਰੰਮਤ ਕੀਤੀ ਹੋਈ ਸੀ। ਇਕ ਮਿੱਟੀ ਦ ਤੇਲ ਦਾ ਸਟੋਵ ਸੀ। ਸੰਤਰਿਆਂ ਦੇ ਬਕਸੇ ਦੋ ਪਾਲਾਂ ਵਿਚ ਚਿਣ ਕੇ ਅਲਮਾਰੀ ਜਿਹੀ ਬਣਾਈ ਹੋਈ ਸੀ। ਇਕ ਛੋਟਾ ਜਿਹਾ ਮੇਜ਼ ਤੇ ਚਿਰਕੂੰ ਚਿਰਕੂੰ ਕਰਦੀ ਕੁਰਸੀ ਸੀ। ਸ੍ਰੀਮਤੀ ਓਵਨ ਮਲੂਕੇ ਦੀ ਰਿਹਾਇਸ਼ ਨੂੰ ਸੁਖਾਵੀਂ ਬਣਾਉਣ ਲਈ ਕਦੀ ਕਦੀ ਆਪਣੀ ਵੱਡੀ ਧੀ ਦੇ ਹੱਥ ਘਰ ਬਣਾਏ ਹੋਏ ਡੋ-ਨਟਾਂ ਦੀ ਪਲਟ ਜ਼ਰੂਰ ਭੇਜ ਦਿਆ ਕਰਦੀ ਸੀ।

... ...

ਅਲਬਰਟਾ ਯੂਨੀਵਰਸਿਟੀ ਦੇ ਸਿਖਿਆ ਵਿਭਾਗ ਦਾ ਮੁਖੀ ਡਾ: ਐਮ. ਈ. ਲਜ਼ੇਰੇਤੇ ਮਧਰਾ ਜਿਹਾ, ਨਰੋਆ ਤੇ ਅਣਥੱਕ ਬੰਦਾ ਸੀ। ਉਹਨੂੰ ਹਾਈ ਸਕੂਲ ਦੀ ਸਿਖਿਆ ਨਾਲ ਸਬੰਧਿਤ ਮਨੋਵਿਗਿਆਨਕ ਤੇ ਪ੍ਰਬੰਧਕੀ ਮਸਲਿਆਂ ਬਾਰੇ ਕਾਫ਼ੀ ਅਮਲੀ ਜਾਣਕਾਰੀ ਸੀ। ਮਹਿਕਮੇ ਵਿਚ ਕੋਰਸ ਵਿਚ ਵਿਦਿਅਕ ਮਨੋਵਿਗਿਆਨ

ਤੇ ਦਰਸ਼ਨ ਸ਼ਾਮਲ ਸੀ ਪਰ ਬਹੁਤਾ ਜ਼ੋਰ ਕੰਮ ਦੀ ਅਮਲੀ ਸਿਖਲਾਈ ਉੱਪਰ ਹੀ ਦਿੱਤਾ ਜਾਂਦਾ ਸੀ। ਇਸ ਲਈ ਸ਼ਹਿਰ ਦੇ ਸਕੂਲ ਵਿਚ ਕਿਸੇ ਯੋਗ ਤੇ ਸੁਸਿਖਿਅਤ ਅਧਿਆਪਕਾਂ ਦੀ ਨਿਗਰਾਨੀ ਹੇਠ ਸਿਖਿਆਰਥੀ ਮੁੰਡਿਆਂ ਨੂੰ ਪੜ੍ਹਾਇਆ ਕਰਦੇ ਸਨ। ਮੌਕੇ 'ਤੇ ਹੀ ਅਧਿਆਪਕ ਉਹਨਾਂ ਨੂੰ ਵਿਸ਼ੇਸ਼ ਮਜ਼ਮੂਨ ਦੀ ਪੜ੍ਹਾਈ ਲਈ ਵਰਤੀਆਂ ਜਾਂਦੀਆਂ ਵਿਸ਼ੇਸ਼ ਸਿਖਿਆ ਵਿਧੀਆਂ ਦੀ ਅਮਲੀ ਨੁਮਾਇਸ਼ ਵੀ ਪੇਸ਼ ਕਰਿਆ ਕਰਦੇ ਸਨ।

ਜਮਾਤ ਵਿਚ ਕੁਲ 25 ਗਰੈਜੂਏਟ ਸਿਖਿਆਰਥੀ ਸਨ, ਜਿਨ੍ਹਾਂ ਵਿਚ ਕੁਝ ਕਾਫ਼ੀ ਵਰ੍ਹੇ ਸਕੂਲਾਂ ਵਿਚ ਪੜ੍ਹਾਉਂਦੇ ਵੀ ਰਹੇ ਸਨ। ਇਹ ਸਾਰੇ ਯੋਗ ਤੇ ਬੜੀ ਪ੍ਰੇਰਨਾ ਤੇ ਲਗਨ ਨਾਲ ਕੰਮ ਕਰਦੇ ਸਨ। ਉਹਨਾਂ ਨੂੰ ਇਸ ਕੋਰਸ ਦੀ ਪੂਰਤੀ ਤੋਂ ਬਾਅਦ ਸੂਬੇ ਦੇ ਚੰਗੇ ਹਾਈ ਸਕੂਲਾਂ ਵਿਚ ਸੋਹਣੀਆਂ ਨੌਕਰੀਆਂ ਮਿਲ ਜਾਣ ਦੀ ਆਸ ਸੀ।

ਮਲੂਕੇ ਦੇ ਦੋ ਹਮਜਮਾਤੀ ਉਹਦੇ ਬਹੁਤ ਨੇੜੇ ਦੇ ਦੋਸਤ ਸਨ। ਉਹਨਾਂ ਵਿਚੋਂ ਇਕ ਲੰਮਾ, ਪਤਲਾ, ਤਿੱਖੀਆਂ ਕਾਲੀਆਂ ਅੱਖਾਂ ਵਾਲਾ ਬੁੱਧੀਜੀਵੀ ਕਿਸਮ ਦਾ ਬੰਦਾ ਮੈਕਡੌਨਲਡ ਸੀ। ਉਹਨੇ ਵਾਲ ਸਿੱਧੇ ਚੀਰ ਵਾਲੇ ਵਾਹੇ ਹੋਏ ਹੁੰਦੇ ਸਨ। ਖੁਲ੍ਹੇ ਖੁਲਾਸੇ ਤੇ ਮੂੰਹ-ਫੱਟ ਜਿਹੇ ਬੰਦੇ ਨੂੰ ਮਖ਼ੌਲ ਵੀ ਬੜੇ ਸੁੱਝਦੇ ਹੁੰਦੇ ਸਨ। ਉਹਨੇ ਮਲੂਕੇ ਨਾਲ ਕੁਝ ਅੰਗਰੇਜ਼ੀ ਦੇ ਕੋਰਸ ਵੀ ਲਏ ਹੋਏ ਸਨ। ਦੂਜੀ ਗੁਲਾਬੀ ਗਲ੍ਹਾਂ, ਤਿੱਖੇ ਨਕਸ਼ਾਂ, ਹਲਕੇ ਭੂਰੇ ਵਾਲਾਂ ਤੇ ਡੂੰਘੀ ਨਜ਼ਰ ਵਾਲੀ ਮਾਰਗਰੇਟ ਕਰੈਂਗ ਸੀ। ਉਹਨੇ ਬੀਤੇ ਵਰ੍ਹੇ ਚੌਰਾਨ ਬੀ.ਏ. ਤੋਂ ਬਿਨਾਂ ਵਕਾਲਤ ਦੀ ਡਿਗਰੀ ਵੀ ਪ੍ਰਾਪਤ ਕੀਤੀ ਸੀ। ਮਲੂਕੇ ਨੂੰ ਉਹ ਆਪਣੇ ਘਰ ਆਮ ਸੱਦਦੀ ਰਹਿੰਦੀ ਸੀ। ਉਹ ਉਹਦੇ ਪਿਤਾ ਤੋਂ ਬੜਾ ਹੀ ਮੁਤਾਸਰ ਹੋਇਆ ਸੀ। ਇਕ ਸੁਯੋਗ ਡਾਕਟਰ ਹੋਣ ਤੋਂ ਬਿਨਾਂ, ਉਹਨੂੰ ਸਮਾਜਕ ਤੇ ਰਾਜਨੀਤਕ ਮਸਲਿਆਂ ਬਾਰੇ ਵੀ ਬੜੀ ਵਿਸ਼ਾਲ ਦਿਲਚਸਪੀ ਸੀ। ਉਹਨੂੰ 'ਖੱਬੇ-ਪੱਖੀ' ਸਮਝਿਆ ਜਾਂਦਾ ਸੀ ਤੇ ਐਡਮੰਟਨ ਵਿਚੀਂ ਲੰਘਦੇ ਅਨੇਕਾਂ ਲੇਖਕ ਉਸ ਕੋਲ ਠਹਿਰ ਕੇ ਜਾਇਆ ਕਰਦੇ ਸਨ। ਇਹਨਾਂ ਵਿਚ ਪ੍ਰਸਿੱਧ ਅਮਰੀਕੀ ਸੋਸ਼ਲਿਸਟ ਸਕੌਟ ਨੀਅਰਿੰਗ ਵੀ ਸ਼ਾਮਿਲ ਸੀ, ਜਿਸ ਦੀ ਸੋਵੀਅਤ ਰੂਸ ਦੀ ਵਿਦਿਅਕ ਪ੍ਰਣਾਲੀ ਬਾਰੇ ਕਿਤਾਬ ਮਜ਼ਦੂਰ ਜਮਾਤ ਲਈ ਹਵਾਲਾ-ਪੁਸਤਕ ਦੀ ਹੈਸੀਅਤ ਧਾਰਨ ਕਰ ਚੁੱਕੀ ਸੀ।

... ...

"ਮਲੂਕਿਆ, ਤੂੰ ਇਹ ਕੋਰਸ ਕਿਹੜੀ ਖ਼ੁਸ਼ੀ 'ਚ ਲਿਆ ?" ਇਕ ਦਿਨ ਜੌਹਨ ਮੈਕਡਾਨਲਡ ਨੇ ਆਪਣੀ ਸੁਭਾਵਕ ਤੀਖਣਤਾ ਨਾਲ ਪੁੱਛਿਆ।

"ਇਕ ਸਾਲ ਤੁਹਾਡੀ ਹੋਰ ਸੰਗਤ ਖ਼ਾਤਿਰ ਹੀ।"

"ਇਹ ਤਾਂ ਤੇਰੀ ਮਿਹਰਬਾਨੀ। ਪਰ ਤੈਨੂੰ ਪਤਾ ਹੋਣਾ ਚਾਹੀਦਾ ਕਿ ਸੂਬੇ ਵਿਚ ਅਧਿਆਪਕਾਂ ਦੀਆਂ ਤਨਖ਼ਾਹਾਂ ਥੋੜ੍ਹੀਆਂ ਹਨ ਤੇ ਕੰਮ ਉਹਨਾਂ ਨੂੰ ਕਾਫ਼ੀ ਲੰਮਾ ਸਮਾਂ ਕਰਨਾ ਪੈਂਦੈ। ਸਭ ਤੋਂ ਮਾੜੀ ਗੱਲ ਇਹ ਕਿ ਦੂਰ-ਦੁਰਾਡੇ ਮੈਦਾਨੀ ਕਸਬਿਆਂ ਵਿਚ ਤੁਹਾਡਾ ਅਗਿਆਨੀ ਲੋਕਾਂ ਨਾਲ ਵਾਹ ਪੈਂਦੈ। ਤੂੰ ਇਹੋ ਜਿਹੇ ਪੰਗੇ 'ਚ ਪੈ ਕੇ ਕੀ ਲੈਣਾ।"

"ਹਾਂ ਮੈਨੂੰ ਮੇਰੇ ਚੋਸਤ ਟੈਮ ਸਵੀਨੀ, ਜਿਹਨੇ ਅਲਬਰਟਾ 'ਚ ਕਈ ਵਰ੍ਹੇ ਪੜ੍ਹਾਇਆ, ਨੇ ਨੌਕਰੀ ਲੱਭਣ ਗਏ ਕਈ ਅਧਿਆਪਕਾਂ ਨੂੰ ਦਰਪੇਸ਼ ਮਸਲਿਆਂ ਬਾਰੇ ਅਜੀਬੋ ਗ਼ਰੀਬ ਕਹਾਣੀਆਂ ਚੱਸੀਆਂ ਸਨ।"

"ਹਾਂ ਉਸ ਆਇਰਿਸ਼ ਨੂੰ ਕਹਾਣੀਆਂ ਪਾਉਣ ਦਾ ਸ਼ੌਕ ਹੈ। ਪਰ ਮੈਂ ਤੇਰੇ ਨਾਲ ਖਰੀਆਂ ਖਰੀਆਂ ਗੱਲਾਂ ਕਰਨੀਆਂ। ਕਿਸੇ ਕਸਬੇ ਦੀ ਸਕੂਲ ਦੀ ਕਮੇਟੀ ਨੇ ਕਿਸੇ ਪੰਜਾਬੀ ਸਿੱਖ, ਭਾਵੇਂ ਉਹ ਸਫਾਚੱਟ ਹੀ ਕਿਉਂ ਨਾ ਹੋਵੇ, ਨੂੰ ਆਪਣੇ ਬੱਚਿਆਂ ਦੇ ਅਧਿਆਪਕ ਦੇ ਤੌਰ 'ਤੇ ਪਰਵਾਨ ਨਹੀਂ ਕਰਨਾ। ਤੇ ਜਦੋਂ ਉਨ੍ਹਾਂ ਨੂੰ ਇਹ ਪਤਾ ਲੱਗਣਾ ਕਿ ਤੂੰ ਸਿਰਫ਼ ਗ਼ੈਰ-ਈਸਾਈ ਹੀ ਨਹੀਂ ਸਗੋਂ ਆਪਣੇ ਧਰਮ ਦਾ ਵੀ ਭਗੌੜਾ ਏਂ ਤਾਂ ਇਨ੍ਹਾਂ ਬਾਈਬਲ-ਭਗਤਾਂ ਨੂੰ ਤੇਰੇ ਸਿਰ 'ਤੇ ਸਿੰਗ ਉਗੇ ਦਿੱਸਣ ਲੱਗ ਪੈਣੇ ਨੇ।"

"ਮੈਕ, ਮੈਂ ਕੈਨੇਡਾ 'ਚ ਨੌਕਰੀ ਨਹੀਂ ਕਰਨੀ। ਮੈਂ ਭਾਰਤ ਪਰਤਣ ਤੋਂ ਪਹਿਲਾਂ ਅਮਰੀਕਾ ਵਿਚ ਵਿਦਿਅਕ ਫ਼ਿਲਾਸਫ਼ੀ ਤੇ ਪ੍ਰਬੰਧ ਦੀ ਉੱਚ ਸਿਖਿਆ ਲੈਣੀ ਹੈ। ਇਹ ਕੋਰਸ ਤਾਂ ਐਵੇਂ ਤਿਆਰੀ ਮਾਤਰ ਹੈ।"

"ਫਰ ਕੋਈ ਹਰਜ ਨਹੀਂ।" ਮੈਕ ਨੇ ਬੜੀ ਤਸੱਲੀ ਨਾਲ ਆਖਿਆ ਸੀ।

... ...

ਇਤਿਹਾਸ ਦਾ ਅਧਿਆਪਕ ਅਲੈਗਜ਼ੈਂਡਰ ਹਿਕਸ ਕਦੇ ਫ਼ੌਜ ਵਿਚ ਕਪਤਾਨ ਰਿਹਾ ਸੀ। ਉਹ ਇਕ ਦਿਨ ਜਮਾਤ ਵਿਚ ਆਪਣੇ ਮਜ਼ਮੂਨ ਦੀ ਪੜ੍ਹਾਈ ਦਾ ਨਮੂਨਾ ਪੇਸ਼ ਕਰਨ ਆਇਆ।

ਇਤਿਹਾਸ ਵਸਤੂ-ਨਿਰਪੱਖ ਹੋਕੇ ਹਾਲੇ ਲਿਖਿਆ ਹੀ ਨਹੀਂ ਗਿਆ। ਇਸ ਲਈ ਇਸ ਮਜ਼ਮੂਨ ਨੂੰ ਨਿਰਪੱਖਤਾ ਨਾਲ ਪੜ੍ਹਾ ਸਕਣਾ ਸੱਭ ਤੋਂ ਵੱਧ ਔਖਾ ਹੈ। ਚੰਗਾ ਇਤਿਹਾਸਕਾਰ ਕੇਵਲ ਬੀਤੇ ਦੀਆਂ ਘਟਨਾਵਾਂ ਦਾ ਵੇਰਵਾ ਹੀ ਨਹੀਂ ਦਿੰਦਾ, ਸਗੋਂ ਉਹ ਉਹਨਾਂ ਦੀ ਵਿਆਖਿਆ ਤੇ ਵਿਸ਼ਲੇਸ਼ਣ ਵੀ ਕਰਦਾ ਹੈ। ਇਸ ਕੰਮ ਨੂੰ ਬਾਹਿਰਮੁਖੀ ਹੋ ਕੇ ਕਰਨਾ ਸੌਖਾ ਨਹੀਂ ਕਿਉਂਕਿ ਇਤਿਹਾਸਕਾਰ ਦੀ ਸ਼ਖ਼ਸੀਅਤ ਤੇ ਉਹਦਾ ਰਵੱਈਆ ਉਹਦੀ ਵਿਆਖਿਆ ਉੱਪਰ ਆਪਣੀ ਰੰਗਤ ਚਾੜ੍ਹ ਦੇਂਦੇ ਨੇ।

ਇਸ ਤੋਂ ਬਿਨਾਂ ਲੇਖਕ ਦੇ ਫਲਸਫੇ ਨਾਲ ਇਤਿਹਾਸ ਦਾ ਲੇਖਨ ਵੀ ਬਦਲ ਜਾਂਦਾ ਹੈ। ਉਦਾਹਰਣ ਵਜੋਂ ਈਸਾਈ ਮੱਤ ਦੀ ਚੜ੍ਹਤ ਵੇਲੇ ਇਤਿਹਾਸਕਾਰਾਂ ਦਾ, ਰੱਬ ਦੇ ਸ਼ਹਿਰ ਦੇ ਸੰਤ ਅਗਸਤੀਨ ਵਾਂਗ ਵਿਸ਼ਵਾਸ ਸੀ ਕਿ ਦੁਨਿਆਵੀ ਘਟਨਾਵਾਂ ਰੱਬੀ ਭਾਣੇ ਦੇ ਅਧੀਨ ਵਾਪਰਦੀਆਂ ਹਨ। ਸਿੱਟੇ ਵਜੋਂ ਵੱਡੀਆਂ ਵੱਡੀਆਂ ਘਟਨਾਵਾਂ ਨੂੰ ਰੱਬੀ ਰਜ਼ਾ ਨਾਲ ਹੀ ਜੋੜਿਆ ਜਾਂਦਾ ਰਿਹਾ ਹੈ। ਦੂਜੇ ਪਾਸੇ ਕਿਸੇ ਮਾਰਕਸਵਾਦੀ ਲਈ ਇਤਿਹਾਸ ਬੁਨਿਆਦੀ ਤੌਰ ਤੇ ਪੈਦਾਵਾਰ ਦੀਆਂ ਵਿਧੀਆਂ ਤੇ ਇਹਦੇ ਵਸੀਲਿਆਂ ਉਪਰ ਮਾਲਿਕੀ ਦੇ ਫਲਸਰੂਪ ਹੋਂਦ ਵਿਚ ਆਈਆਂ ਜਮਾਤਾਂ ਦੇ ਆਪਸੀ ਘੋਲ ਦੀ ਕਹਾਣੀ ਹੈ। ਕਾਰਲਾਈਲ ਤੇ ਲਾਰਡ ਮੈਕਾਲੇ ਲਈ ਇਤਿਹਾਸ ਸਾਹਿਤ ਦੀ ਹੀ ਵਿਸ਼ੇਸ਼ ਸ਼ਾਖ ਸੀ। ਗਿਬਨਜ਼ ਅਨੁਸਾਰ ਇਸ ਵਿਚ ਮਨੁੱਖੀ ਤਰਕਹੀਨਤਾ ਕਾਫ਼ੀ ਮਹੱਤਵਪੂਰਨ ਭੂਮਿਕਾ ਅਦਾ ਕਰਦੀ ਹੈ। ਯੂਰਪ ਵਿਚ ਰਾਸ਼ਟਰਵਾਦ ਦੀ ਚੜ੍ਹਤ ਤੇ ਇਸਦੀ ਸਾਮਰਾਜਵਾਦ ਵਿਚ ਤਬਦੀਲੀ ਤੋਂ ਮਗਰੋਂ ਆਪਣੀ ਹੀ ਕੌਮ ਦੀ ਵਡਿਆਈ ਇਤਿਹਾਸ ਲੇਖਨ ਦੀ ਅਮੋੜ ਪ੍ਰੇਰਨਾ ਸ਼ਕਤੀ ਬਣ ਗਈ ਸੀ।

ਮਲੂਕੇ ਨੂੰ ਇਸ ਗੱਲ ਦੀ ਬੜੀ ਹੈਰਾਨੀ ਸੀ ਕਿ ਕੌਪਨ ਹਿੱਕਸ ਨੇ ਆਪਣੇ ਮਜ਼ਮੂਨ ਦੀ ਪੜ੍ਹਾਈ ਦੀ ਮਿਸਾਲ ਦੇਣ ਲਈ, ਸਾਮਰਾਜ ਅਧੀਨ ਭਾਰਤੀ ਇਤਿਹਾਸ ਦੇ ਇਕ ਪੰਨੇ ਦੀ ਚੋਣ ਕੀਤੀ ਸੀ ਲਾਰਡ ਮੈਕਾਲੇ ਵਾਂਗ, ਭਾਵੇਂ ਹਿੱਕਸ ਵਿਚ ਉਹਦੇ ਜੇਹੀ ਵਾਕ ਚਤੁਰਾਈ ਨਹੀਂ ਸੀ, ਉਸਨੇ ਭਾਰਤ ਦੀ ਹਰ ਚੀਜ਼ ਪ੍ਰਤੀ ਨਾ-ਪਸੰਦੀ ਜ਼ਾਹਿਰ ਕੀਤੀ ਸੀ ਤੇ ਬਰਤਾਨਵੀ ਹਕੂਮਤ ਨੂੰ ਦੇਸ਼ ਲਈ ਰੱਬੀ ਵਰਦਾਨ ਤੇ ਭਾਰਤ ਜਿਹੇ ਪਛੜੇ ਸਭਿਆਚਾਰ ਲਈ ਬੜੀ ਹੀ ਗੁਣਕਾਰੀ ਗੱਲ ਕਹਿਕੇ ਵਡਿਆਇਆ ਸੀ।

ਮਲੂਕੇ ਲਈ ਭਾਰਤੀ ਸਭਿਆਚਾਰ ਦੀ ਇਹ ਸਤੀਹਨ ਨਿੰਦਿਆ ਨੂੰ ਸਹਿਣਾ

ਸੌਖਾ ਨਹੀਂ ਸੀ।

"ਹਿਕਸ ਸਾਹਿਬ ਕੀ ਤੁਸੀਂ ਭਾਰਤ ਬਾਰੇ ਆਪਣੇ ਬਿਆਨ 'ਚ ਸਮੂਥਨ ਵਜੋਂ ਸੁਏਜ਼ ਤੋਂ ਪੂਰਬ ਦੇ ਕਿਸੇ ਅਧਿਕਾਰੀ ਵਿਦਵਾਨ ਦੀ ਲਿਖਤ ਵਿਚੋਂ ਕੋਈ ਹਵਾਲਾ ਦੇ ਸਕਦੇ ਹੋ ?"

"ਸੁਏਜ਼ ਤੋਂ ਪੂਰਬ ਦੇ ਕਿਸੇ ਵਿਦਵਾਨ ਦੇ ਹਵਾਲੇ ਦੀ ਕੋਈ ਲੋੜ ਨਹੀਂ।" ਮਿਸਟਰ ਹਿਕਸ ਨੇ ਹੁਕਮੀਆ ਲਹਿਜ਼ੇ ਵਿਚ ਜੁਆਬ ਦਿੱਤਾ ਸੀ। "ਬਰਤਾਨਵੀ ਇਤਿਹਾਸਕਾਰਾਂ ਉੱਤੇ ਹੀ ਪੂਰੀ ਟੇਕ ਰੱਖੀ ਜਾ ਸਕਦੀ ਹੈ।"

"ਉਸ ਸੂਰਤ ਵਿਚ ਜਨਾਬ, ਮੈਂ ਤੁਹਾਡੀਆਂ ਬੇਬਨਿਆਦ ਗੱਲਾਂ ਨਹੀਂ ਸੁਣ ਸਕਦਾ।" ਮਲੂਕ ਇਹ ਆਖ ਕੇ ਕਮਰੇ 'ਚੋਂ ਬਾਹਿਰ ਚਲਿਆ ਗਿਆ ਸੀ।

ਉਸ ਨੂੰ ਮਗਰੋਂ ਇਕ ਹਮਜਮਾਤੀ ਤੋਂ ਪਤਾ ਲੱਗਾ ਸੀ ਕਿ ਜਾਹਨ ਮੈਕਡੌਨਲਡ ਨੇ ਉਹਦਾ ਪੱਖ ਪੂਰਿਆ ਸੀ।

ਉਹਨੇ ਆਖਿਆ ਸੀ, "ਮੈਨੂੰ ਲਗਦੈ ਕਿ ਇਤਿਹਾਸ ਦੀ ਪੜ੍ਹਾਈ ਤੁਹਾਡੀ ਨੁਮਾਇਸ਼ੀ ਵਿਧੀ ਦੁਆਰਾ ਨਹੀਂ ਕਰਵਾਉਣੀ ਚਾਹੀਦੀ।"

"ਹਾਂ, ਜੇ ਤੁਹਾਡੀ ਮਨਸ਼ਾ ਮੇਰੇ ਮਿੱਤਰ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀ ਹੀ ਸੀ, ਤਾਂ ਉਹ ਤਾਂ ਚੰਗੀ ਤਰ੍ਹਾਂ ਪੂਰੀ ਹੋ ਗਈ ਹੀ ਸਮਝੋ।"

... ...

"ਮਲੂਕਿਆ, ਮੈਨੂੰ ਤੇਰੀ ਮਦਦ ਦੀ ਲੋੜ ਹੈ।" ਮਾਰਗਰੇਟ ਕ੍ਰੈਗ ਨੇ ਕਿਹਾ ਸੀ।

"ਕਾਹਦੀ ਮਦਦ ?"

"ਮੈਂ ਅਗਲੇ ਹਫ਼ਤੇ ਹੈਨਰੀ ਨਿਊਬੈਲ ਦਾ ਬੈਲਡ ਆਫ਼ ਜਾਹਨ ਨਿਕਲਸਨ ਪੜ੍ਹਾਉਣੈ।"

"ਇਸ ਸਾਦਾ ਜਿਹੇ ਬੈਲੇਡ ਨੂੰ ਪੜ੍ਹਾਉਣ ਦੀ ਤੈਨੂੰ ਕੋਈ ਖ਼ਾਸ ਚਿੰਤਾ ਨਹੀਂ ਹੋਣੀ ਚਾਹੀਦੀ।" ਮਲੂਕੇ ਨੇ ਉਹਨੂੰ ਯਕੀਨ ਦੁਆਇਆ। "ਤੂੰ ਨਾ ਤਾਂ ਸ਼ੈਲੇ ਦੀ 'ਪ੍ਰੋਮੀਥੀਅਸ ਅਨਬਾਊਂਡ' ਜਿਹੀ ਕੋਈ ਦਾਰਸ਼ਨਿਕ ਕਵਿਤਾ ਪੜ੍ਹਾ ਰਹੀ ਏਂ ਤੇ ਨਾ ਹੀ ਕੀਟਸ ਦੀ 'ਓਡ ਔਨ ਏ ਗਰੇਸ਼ੀਅਸ ਅਰਨ' ਜੋ ਸੁੰਦਰਤਾ ਤੇ ਸੱਚ ਨੂੰ ਇਕਰੂਪ ਕਰ ਦੇਂਦੀ ਏ।"

"ਤੂੰ ਤਾਂ ਇਕ ਸਿੱਧੜ ਜਿਹੀ ਦੇਸ਼-ਭਗਤੀ ਦੀ ਕਵਿਤਾ ਪੜ੍ਹਾਉਣੀ ਏਂ, ਜਿਹਦਾ ਤੁਕਾਂਤ ਚੰਗੀ ਤਰ੍ਹਾਂ ਮਿਲਦੈ ਤੇ ਇਹਦਾ ਮਨੋਰਥ ਵਿਜਈਆਂ ਦੀ ਹੈਂਕੜ ਨੂੰ ਪੱਠੇ ਪਾਉਣ ਤੋਂ ਬਿਨਾਂ ਹੋਰ ਕੋਈ ਨਹੀਂ। ਮੈਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ ਨਿਕਲਸਨ ਨੂੰ ਜੁੱਤੀ ਲਾਹ ਕੇ ਨੰਗੇ ਪੈਰੀਂ ਆਪਣੇ ਖ਼ੇਮੇ ਵਿਚ ਆਏ ਇਕ ਸਿੱਖ ਜਰਨੈਲ ਨੂੰ ਇਹ ਸਖ਼ਤ ਝਾੜ ਪਾਉਣ ਦੀ ਕੀ ਲੋੜ ਪੈ ਗਈ ਸੀ : "ਜਿੱਥੇ ਸਖ਼ਤ ਹੁਕਮ/ਚੇਤਾਵਨੀ ਹੀ ਸਰਵੋਤਮ ਹੁੰਦੀ ਹੈ।"

"ਇਹਦਾ ਸੰਬੰਧ ਤਾਂ ਉਸ ਭਾਰਤੀ ਰਵਾਇਤ ਨਾਲ ਹੈ ਜਿਸ ਅਨੁਸਾਰ ਪੂਜਾ-ਆਸਣ, ਉੱਚ-ਅਧਿਕਾਰੀ ਦੇ ਦਫ਼ਤਰ ਜਾਂ ਕਿਸੇ ਦੋਸਤ ਦੇ ਘਰ ਪਰਵੇਸ਼ ਕਰਨ ਵੇਲੇ ਸਨਮਾਨ ਵਜੋਂ ਹੀ ਆਉਣ ਵਾਲਾ ਆਪਣੀ ਜੁੱਤੀ ਬੂਹੇ ਤੋਂ ਬਾਹਿਰ ਲਾਹ ਦਿੰਦਾ ਹੈ।"

"ਤੂੰ ਮੈਨੂੰ ਇਸ ਘਟਨਾ ਦੇ ਇਤਿਹਾਸਕ ਪਿਛੋਕੜ ਬਾਰੇ ਕੁਝ ਜ਼ਰੂਰ ਦੱਸ।" ਮਾਰਗਰੇਟ ਨੇ ਪੁੱਛਿਆ ਸੀ।

"ਇਹ ਘਟਨਾ 1849 ਵਿਚ ਦੂਜੀ ਸਿੱਖ-ਅੰਗਰੇਜ਼ ਲੜਾਈ ਦੀ ਸਮਾਪਤੀ ਵੇਲੇ ਵਾਪਰੀ ਸੀ। ਦੋ ਭਿਆਨਕ ਯੁੱਧਾਂ ਤੋਂ ਬਾਅਦ ਸਿੱਖਾਂ ਦੀ ਤਾਕਤ ਖਿੰਡ ਗਈ ਸੀ। ਪੁਰਾਣੇ ਸਿੱਖ ਜੁਝਾਰੂਆਂ, ਜਿਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਕਮਾਨ ਹੇਠ ਕਈ ਸਫਲ ਲੜਾਈਆਂ ਲੜੀਆਂ ਸਨ, ਨੇ ਭਰੀਆਂ ਅੱਖਾਂ ਨਾਲ ਆਪਣੇ ਹਥਿਆਰ ਸੁੱਟ ਦਿੱਤੇ ਸਨ। ਮਹਾਰਾਜਾ ਦਲੀਪ ਸਿੰਘ, ਜੋ ਹਾਲੇ ਅਲ੍ਹੂਆਂ ਜਿਹਾ ਹੀ ਸੀ, ਨੇ ਕੋਹਿਨੂਰ ਹੀਰਾ ਅੰਗਰੇਜ਼ਾਂ ਨੂੰ ਦੇ ਦਿੱਤਾ ਸੀ, ਜੋ ਬਰਤਾਨਵੀ ਤਾਜ ਵਿਚ ਸਭ ਤੋਂ ਵੱਧ ਚਮਕਦਾਰ ਹੀਰੇ ਦੇ ਤੌਰ 'ਤੇ ਮੜ੍ਹਾ ਲਿਆ ਗਿਆ ਸੀ।"

"ਨਿਕਲਸਨ ਦਾ ਕਾਰਨਾਮਾ ਕਿੰਨੀ ਕੁ ਬਹਾਦਰੀ ਦਾ ਸੀ ?"

"ਉਸ ਨੇ 1841 ਵਿਚ ਗ਼ਜ਼ਨੀ ਦੀ ਸੁਰੱਖਿਆ ਵਿਚ ਮਦਦ ਕੀਤੀ ਸੀ ਤੇ ਦੂਜੀ ਸਿੱਖ-ਅੰਗਰੇਜ਼ ਲੜਾਈ ਵਿਚ ਉਹਦਾ ਕਾਫ਼ੀ ਸਰਗਰਮ ਹਿੱਸਾ ਸੀ। 1857 ਦੇ ਗ਼ਦਰ ਵੇਲੇ, ਜਿਹਨੂੰ ਹਿੰਦੁਸਤਾਨੀ ਆਜ਼ਾਦੀ ਦੀ ਪਹਿਲੀ ਲੜਾਈ ਕਹਿੰਦੇ ਨੇ, ਉਸ ਨੇ ਦਿੱਲੀ ਉੱਤੇ ਝੁੱਲਣ ਵਾਲੀ ਪਹਿਲੀ ਕੁਮਕ ਦੀ ਕਮਾਨ ਸੰਭਾਲੀ ਸੀ।"

"ਤੈਨੂੰ ਕੁਝ ਇਸ ਕਵਿਤਾ ਦੇ ਲੇਖਕ, ਹੈਨਰੀ ਨਿਊਬੋਲਟ ਬਾਰੇ ਵੀ ਕੁਝ

ਪਤੇ ?" ਮਾਰਗਰੇਟ ਨੇ ਪੁੱਛਿਆ ਸੀ।

"ਬਹੁਤਾ ਨਹੀਂ। ਉਸ ਨੇ ਬਰਤਾਨਵੀ ਮਲਾਹਾਂ ਤੇ ਸਿਪਾਹੀਆਂ ਦੀ ਸਿਫ਼ਤ-ਸਲਾਹ ਵਿਚ ਕੁਝ ਬੈਲਡ ਲਿਖੇ ਨੇ। ਉਹਦਾ ਸਭ ਤੋਂ ਵੱਧ ਪ੍ਰਸਿੱਧ ਸੰਗ੍ਰਹਿ ਹੈ, 'ਐਡਮੀਰਲ ਆਲਾ'। ਇਸ ਜਾਣਕਾਰੀ ਤੋਂ ਮਗਰੋਂ ਤੈਨੂੰ ਇਹ ਬੈਲਡ ਪੜ੍ਹਾਉਣ ਵਿਚ ਕੋਈ ਮੁਸ਼ਕਿਲ ਨਹੀਂ ਪੇਸ਼ ਆਉਣੀ ਚਾਹੀਦੀ।" ਮਲੂਕੇ ਨੇ ਆਪਣੇ ਵਲੋਂ ਗੱਲ ਮੁਕਦੀ ਕੀਤੀ ਸੀ।

"ਮੈਨੂੰ ਤਾਂ ਹਾਲੇ ਵੀ ਇਹ ਕੰਮ ਔਖਾ ਹੀ ਜਾਪਦੈ। ਤੇਰੇ ਲਈ ਇਹ ਬੜਾ ਸੌਖੈ। ਤੂੰ ਨਹੀਂ ਪੜ੍ਹਾ ਸਕਦਾ ? ਮੈਂ ਬਦਲੇ ਵਿਚ ਤੇਰਾ ਕੋਈ ਹੋਰ ਕੰਮ ਸੰਭਾਲ ਲਉਂ।"

"ਮਾਰਗਰੇਟ ਮੈਂ ਤੈਨੂੰ ਨਾਂਹ ਨਹੀਂ ਕਰ ਸਕਦਾ, ਪਰ ਇਹ ਗੱਲ ਤੈਨੂੰ ਜ਼ਰੂਰ ਮਹਿਸੂਸ ਕਰਨੀ ਚਾਹੀਦੀ ਹੈ ਕਿ ਇਹ ਬੈਲਡ ਇਕ ਸਿੱਖ ਦੀ ਅਣਖ ਨੂੰ ਬੜੀ ਠੇਸ ਪਹੁੰਚਾਉਂਦੇ। ਇਸ ਵਿਚ ਸਿੱਖਾਂ ਦੀ ਬਹਾਦਰੀ ਬਾਰੇ ਇਕ ਵੀ ਸ਼ਬਦ ਨਹੀਂ। ਭਾਵੇਂ ਉਹ ਹਾਰ ਤਾਂ ਗਏ ਸਨ ਪਰ ਲੜੇ ਬੜੀ ਬਹਾਦਰੀ ਨਾਲ ਸਨ। ਜਨਰਲ ਥੈਕਵੈਲ ਇਸ ਗੱਲ ਦਾ ਬੜੀ ਚੰਗੀ ਤਰ੍ਹਾਂ ਜ਼ਿਕਰ ਕਰਦਾ ਹੈ ਕਿ ਕਿਵੇਂ ਸਿੱਖ ਸਿਪਾਹੀ ਆਪਣੇ ਖੱਬੇ ਹੱਥਾਂ ਨਾਲ ਹਮਲਾਵਰਾਂ ਦੀਆਂ ਬੰਦੂਕਾਂ ਦੀਆਂ ਸੰਗੀਨਾਂ ਫੜਕੇ ਸੱਜੇ ਹੱਥ ਨਾਲ ਉਨ੍ਹਾਂ ਉੱਤੇ ਆਪਣੀਆਂ ਕਿਰਪਾਨਾਂ ਨਾਲ ਭਰਵੇਂ ਵਾਰ ਕਰਦੇ ਸਨ।"

... ...

ਅਗਲੇ ਹਫ਼ਤੇ ਮਲੂਕਾ ਉੱਚੇ ਪੁਲ ਉੱਪਰ ਦੀ ਉਸ ਸਕੂਲੇ ਗਿਆ, ਜਿੱਥੇ ਉਸ ਨੇ ਉਪ੍ਰੋਕਤ ਬੈਲਡ ਪੜ੍ਹਾਉਣਾ ਮੰਨ ਲਿਆ ਸੀ। ਦਿਨ ਸੀ ਤਾਂ ਧੁਪੀਲਾ, ਪਰ ਦਰਿਆ ਦੀ ਡੂੰਘੀ ਖੱਡ 'ਚੋਂ ਠੰਢੀ ਹਵਾ ਦੇ ਫੱਰਾਟੇ ਇੰਨੀ ਤੇਜ਼ੀ ਨਾਲ ਵਗ ਰਹੇ ਸਨ ਕਿ ਮਲੂਕੇ ਨੂੰ ਆਪਣਾ ਤਵਾਜ਼ਨ ਠੀਕ ਰੱਖਣ ਲਈ ਪੁਲ ਦੇ ਜੰਗਲਿਆਂ ਦਾ ਆਸਰਾ ਲੈਣਾ ਪਿਆ ਸੀ। ਰਾਤੀਂ ਤਾਜ਼ੀ ਬਰਫ਼ ਪਈ ਸੀ ਜੋ ਉਹਦੇ ਭਾਰੇ ਸਿਆਲੀ ਬੂਟਾਂ ਹੇਠ ਕਚਰ ਕਚਰ ਦੀ ਸੁਹਾਉਣੀ ਧੁਨ ਛੇੜ ਰਹੀ ਸੀ।

ਮਲੂਕਾ ਸੋਚਵਾਨ ਮੁਦਰਾ ਵਿਚ ਸੀ। ਇਹ ਕਿੰਨੀ ਅਜੀਬ ਤੇ ਅਸੁਭਾਵਕ ਗੱਲ ਸੀ ਕਿ ਪੰਜਾਬ ਵਿਚ ਜੰਮਿਆ ਇਕ ਅਣਖੀਲਾ ਯੁਵਕ ਸਿੱਖ ਵਿਦਿਆਰਥੀ

ਧਰਤੀ ਦੇ ਦੂਜੇ ਅਰਧ-ਗੋਲੇ ਵਿਚ ਵਾਕਿਆ ਇਕ ਸਕੂਲ ਵਿਚ ਅੰਗਰੇਜ਼ ਜਰਨੈਲ ਦੀ ਸਿਫ਼ਤ ਸਲਾਹ ਤੇ ਓਨੇ ਹੀ ਬਹਾਦਰ ਸਿੱਖ ਜਰਨੈਲ ਲਈ ਹੇਠੀ ਵਾਲੀ ਨਜ਼ਮ ਪੜ੍ਹਾਉਣ ਜਾ ਰਿਹਾ ਸੀ। ਇਹ ਤਾਂ ਇਕ ਸਿਖਾਂਦਰੂ ਅਧਿਆਪਕ ਦੇ ਤੌਰ 'ਤੇ ਉਹਦੇ ਫ਼ਰਜ਼ ਦਾ ਹਿੱਸਾ ਸੀ, ਉਹਨੇ ਆਪਣੇ ਆਪ ਨੂੰ ਤਸੱਲੀ ਦਿੱਤੀ। ਇਹ ਕੰਮ ਉਸ ਨੂੰ ਹਰ ਹੀਲੇ ਚੰਗੀ ਤਰ੍ਹਾਂ ਪੂਰਾ ਕਰਨਾ ਚਾਹੀਦਾ ਸੀ।

ਤਫ਼ਰੀਹ ਤੋਂ ਪਹਿਲੇ ਪੀਰੀਅਡ ਵਿਚ ਮਲੂਕੇ ਨੇ ਜਿਸ ਜਮਾਤ ਨੂੰ ਇਹ ਨਜ਼ਮ ਪੜ੍ਹਾਉਣੀ ਸੀ, ਉਹ ਸਕੂਲ ਦੀ ਮੁੱਖ ਇਮਾਰਤ ਦੇ ਨੇੜੇ ਹੀ ਬਣੇ ਲਕੜ ਦੇ ਕਮਰੇ ਵਿਚ ਬੈਠਦੀ ਸੀ। ਉਸ ਨੇ ਜਮਾਤ ਦੀ ਅੰਗਰੇਜ਼ੀ ਦੀ ਅਧਿਆਪਕਾ ਦੀ ਹਾਜ਼ਰੀ ਵਿਚ ਇਹ ਬੈਲਡ ਲੋੜੀਂਦੀ ਵਿਆਖਿਆ ਸਮੇਤ ਪੜ੍ਹਾਇਆ। ਵਿਦਿਆਰਥੀਆਂ ਵਲੋਂ ਕੋਈ ਸੁਆਲ ਨਹੀਂ ਸੀ ਪੁੱਛਿਆ ਗਿਆ ਤੇ ਅਧਿਆਪਕਾਂ ਨੇ ਵੀ ਆਪਣੀ ਤਸੱਲੀ ਪ੍ਰਗਟ ਕੀਤੀ ਸੀ। ਮਲੂਕੇ ਨੂੰ ਲੱਗਾ ਸੀ ਕਿ ਉਹਨੇ ਆਪਣਾ ਕੰਮ ਠੀਕ ਤਰ੍ਹਾਂ ਕੀਤਾ ਸੀ।

ਉਹਨੂੰ ਦੁਪਹਿਰੇ ਰੋਟੀ ਖਾਣ ਦੀ ਆਦਤ ਨਹੀਂ ਸੀ। ਇਸ ਲਈ ਉਹਨੇ ਇਸ ਨਿੱਘੇ ਕਮਰੇ ਅੰਦਰ ਰਹਿ ਕੇ ਹੀ ਕੁਝ ਦੇਰ ਪੜ੍ਹਨ ਦਾ ਮਨ ਬਣਾ ਲਿਆ ਸੀ। ਦੂਜੇ ਵੰਨੇ ਨੀਵੀਆਂ ਬਾਰੀ ਨਾਲ ਨਿਗਾਹ ਚਿਪਕਾਈ ਆਪਣੀ ਵੱਲ ਝਾਕਦੇ ਕੁਝ ਵਿਦਿਆਰਥੀਆਂ ਨੂੰ ਦੇਖ ਕੇ ਉਹਨੂੰ ਰਤਾ ਹੈਰਾਨੀ ਹੋਈ। ਉਹਨੇ ਸਿਰ ਉਤਾਂਹ ਚੁੱਕਿਆ ਤਾਂ ਖਿੱਲੀ ਪਾਉਂਦੇ ਮੁੰਡੇ ਗਾ ਰਹੇ ਸਨ, "ਨਿੱਗਰ, ਨਿੱਗਰ, ਪੁੱਲ ਦਾ ਟ੍ਰਿਗਰ।" ਹਬਸ਼ੀ ਹਬਸ਼ੀ ਅਖਵਾ ਆਪਣੀ ਖਿੱਲੀ ਉੱਡਦੀ ਵੇਖ ਕੇ, ਮਲੂਕੇ ਨੂੰ ਬੜੀ ਨਮੋਸ਼ੀ ਹੋਈ। ਪਰ ਕਿਸੇ ਅਣਸੁਖਾਵੀਂ ਘਟਨਾ ਤੋਂ ਬਚਣ ਲਈ, ਉਹ ਚੁੱਪ ਚਾਪ ਉੱਠ ਕੇ ਕਮਰੇ ਵਿਚੋਂ ਨਿਕਲ ਗਿਆ। ਬਹੁਤਾ ਚਿਰ ਬੇਚੈਨੀ ਭਰੇ ਖ਼ਿਆਲਾਂ ਨੇ ਉਸ ਦੇ ਮਨ ਵਿਚ ਖਲਬਲੀ ਮਚਾਈ ਰੱਖੀ।

... ...

ਹਫਤੇ ਦੇ ਅੰਤਲੇ ਦਿਨ ਮਲੂਕਾ ਮੁਫ਼ਤ ਜਾਂ ਕਿਸੇ ਸਸਤੇ ਜਿਹੇ ਜੀ-ਪ੍ਰਚਾਵੇ ਦੀ ਤਲਾਸ਼ ਕਰਦਾ ਹੁੰਦਾ ਸੀ।

ਸ਼ਾਮ ਵੇਲੇ ਉਸ ਨੇ ਇਕ ਵੱਡੀ ਸਾਰੀ ਇਮਾਰਤ ਦੇ ਪ੍ਰਵੇਸ਼ ਦੁਆਰ ਦੇ ਪਿੱਤਲ ਦੇ ਹੈਂਡਲ ਨਾਲ ਸੁਆਗਤ ਦੀ ਫੱਟੀ ਲਮਕਦੀ ਵੇਖੀ। ਉਹ ਅੰਦਰ ਜਾ ਕੇ

ਪਿਛਲੀ ਪਾਲ ਦੀ ਇਕ ਖ਼ਾਲੀ ਕੁਰਸੀ 'ਤੇ ਜਾ ਬੈਠਾ। ਛੇਤੀ ਉਹਨੂੰ ਪਤਾ ਲੱਗ ਗਿਆ ਕਿ ਇਹ ਕੋਈ ਧਾਰਮਿਕ ਸਭਾ ਸੀ। ਪਰ ਉਹਨੂੰ ਇਸ ਗੱਲ ਦੀ ਬੜੀ ਹੈਰਾਨੀ ਹੋਈ ਕਿ ਕਈ ਗੰਜੇ ਤੇ ਅਨਪੜ੍ਹ ਆਦਮੀ ਵਾਰੋ ਵਾਰੀ ਖੜ੍ਹ ਕੇ ਬੜੀ ਬੇਝਿਜਕਤਾ ਨਾਲ ਆਪੋ ਆਪਣੇ ਗੁਨਾਹਾਂ ਦਾ ਖੁਲ੍ਹੇ ਆਮ ਖ਼ੁਸ਼ੀ ਖ਼ੁਸ਼ੀ ਇਕਬਾਲ ਕਰ ਰਹੇ ਸਨ। ਅਸਲ ਵਿਚ ਉਹਨਾਂ ਨੂੰ ਆਪਣਾ ਗੁਨਾਹ ਮੰਨਣ ਨਾਲੋਂ ਨਾਲ ਦੀ ਧਿਰ ਦੀ ਪੱਤ ਲਾਹੁਣ ਵਿਚ ਜ਼ਿਆਦਾ ਖ਼ੁਸ਼ੀ ਮਹਿਸੂਸ ਹੁੰਦੀ ਜਾਪਦੀ ਸੀ।

ਇਸ ਸਭਾ ਦਾ ਪ੍ਰਧਾਨ ਲਮਕਦੇ ਜਿਹੇ ਚਿਹਰੇ ਵਾਲਾ ਗੰਜਾ ਆਦਮੀ ਸੀ। ਉਹਦੇ ਮੱਥੇ 'ਤੇ ਸਮਾਨਾਂਤਰ ਰੇਖਾਵਾਂ ਦੇ ਨਿਸ਼ਾਨ ਸਨ, ਜੋ ਸ਼ਾਇਦ ਵਾਰ ਵਾਰ ਭਰਵੱਟੇ ਉਤਾਂਹ ਚੁੱਕਣ ਕਰਕੇ ਜ਼ਰਾ ਵਧੇਰੇ ਹੀ ਡੂੰਘੇ ਹੋ ਗਏ ਭਾਸਦੇ ਸਨ। ਉਸ ਨੇ ਮਲੂਕੇ ਵੱਲ ਬੜੀ ਆਸ਼ਾ ਨਾਲ ਤੱਕਿਆ।

"ਹੁਣ, ਭੱਦਰ ਪੁਰਸ਼", ਉਸ ਨੇ ਬੜੀ ਭਰਵੀਂ ਆਵਾਜ਼ ਵਿਚ ਆਖਿਆ, "ਸਾਡਾ ਭਾਰਤ ਤੋਂ ਆਇਆ ਦੋਸਤ ਆਪਣੇ ਗੁਨਾਹਾਂ ਦਾ ਇਕਬਾਲ ਕਰੇਗਾ।" ਸਰੋਤੇ ਇਕ ਦਮ ਸਾਵਧਾਨ ਹੋ ਗਏ ਸਨ। ਉਹ ਪੱਕੇ ਰੰਗ ਵਾਲੇ ਇਕ ਸਿਹਤਮੰਦ ਨੌਜੁਆਨ ਨੂੰ ਵੇਖ ਕੇ ਖ਼ੁਸ਼ ਹੋਏ ਪ੍ਰਤੀਤ ਹੁੰਦੇ ਸਨ। ਉਹਨਾਂ ਨੂੰ ਜਿਸੇ 'ਗਰਮਾ ਗਰਮ ਮਸਾਲੇਦਾਰ' ਗੱਲ ਦੀ ਉਡੀਕ ਸੀ।

"ਮੇਰੇ ਕੋਲ ਇਕਬਾਲ ਕਰਨ ਨੂੰ ਕੁਝ ਵੀ ਨਹੀਂ।" ਮਲੂਕੇ ਨੇ ਘਬਰਾਏ ਹੋਏ ਖਿਡਾਰੀ ਵਾਂਗ ਆਖਿਆ, ਜਿਸ ਨੇ ਕਦੇ ਕੋਈ ਇਨਾਮ ਨਾ ਜਿੱਤਿਆ ਹੋਵੇ।

"ਤੂੰ ਕਦੇ ਕੋਈ ਗੁਨਾਹ ਨਹੀਂ ਕੀਤਾ?" ਸਭਾਪਤੀ ਨੇ ਬੇਵਿਸ਼ਵਾਸੀ ਜਿਹੀ ਨਾਲ ਪੁੱਛਿਆ।

"ਕਰਨਾ ਤੇ ਬੜੀ ਵਾਰ ਚਾਹਿਆ ਜਨਾਬ", ਮਲੂਕੇ ਨੇ ਮੰਨਿਆ, "ਪਰ ਕਦੇ ਮੌਕਾ ਨਹੀਂ ਮਿਲਿਆ।"

ਸਭਾਪਤੀ ਮੁਸਕ੍ਰਾਇਆ, ਜਿਵੇਂ ਉਹਨੂੰ ਇਹ ਹੌਸਲਾ ਦੇ ਰਿਹਾ ਹੋਵੇ ਕਿ ਇਸ ਇਕੱਤਰਤਾ ਵਿਚੋਂ ਪ੍ਰਾਪਤ ਕੀਤੇ ਤਜਰਬੇ ਕਰਕੇ, ਭਵਿੱਖ ਵਿਚ ਤੇਰੀ ਅਦਾਇਗੀ ਨਿਸ਼ਚੇ ਹੀ ਬਿਹਤਰ ਹੋਵੇਗੀ।

ਮਲੂਕੇ ਨੂੰ ਬਾਅਦ ਵਿਚ ਇਹ ਪਤਾ ਲੱਗਾ ਕਿ ਇਸ ਇਕੱਤਰਤਾ ਦੇ ਪਿੱਛੇ ਔਕਸਫ਼ੋਰਡ ਦਲ ਲਹਿਰ ਦੇ ਫ਼ਲਸਫ਼ੇ ਦੀ ਪ੍ਰੇਰਨਾ ਦਾ ਹੱਥ ਸੀ, ਜੋ ਬਾਅਦ ਵਿਚ

ਮੁੜ-ਸ਼ਕਤੀ-ਸਭਾ ਦੇ ਤੌਰ 'ਤੇ ਸੰਸਾਰ ਵਿਆਪੀ ਪ੍ਰਸਿੱਧੀ ਹਾਸਿਲ ਕਰ ਗਈ ਸੀ। ਇਸ ਦਾ ਸਦਰ ਮੁਕਾਮ ਸਵਿਟਜ਼ਰਲੈਂਡ ਦੀਆਂ ਪਹਾੜੀਆਂ ਵਿਚ ਸੀ।

... ...

ਬਹਾਰ ਰੁੱਤ ਵਿਚ ਸਿੱਖਿਆ ਕੋਰਸ ਦੀ ਸਮਾਪਤੀ ਵੇਲੇ ਵਿਦਿਆਰਥੀਆਂ ਨੂੰ ਪ੍ਰਮਾਣ-ਪੱਤਰ ਦੇ ਨਾਲ ਪ੍ਰੋਫੈਸਰ ਵਲੋਂ ਪ੍ਰਸੰਸਾ-ਪੱਤਰ ਵੀ ਮਿਲੇ। ਮਲੂਕੇ ਦੀ ਕਾਫ਼ੀ ਸਿਫ਼ਤ ਸਲਾਹ ਕੀਤੀ ਗਈ ਸੀ।

ਐਡਮੰਟਨ ਦੇ ਇਕ ਹਾਈ ਸਕੂਲ ਦੇ ਅਧਿਆਪਕ ਦੇ ਸੇਵਾ-ਮੁਕਤ ਹੋ ਜਾਣ ਕਾਰਨ ਉੱਥੇ ਇਕ ਅਸਾਮੀ ਖ਼ਾਲੀ ਪਈ ਸੀ।

"ਮਲੂਕਿਆ, ਤੂੰ ਕਿਉਂ ਨਹੀਂ ਦਰਖ਼ਾਸਤ ਦੇਂਦਾ।" ਮਾਰਗਰੇਟ ਕ੍ਰੈਂਗ ਨੇ ਬੜੇ ਹੰਮੇ ਨਾਲ ਕਿਹਾ ਸੀ। ਹੋਰ ਬਹੁਤ ਸਾਰੇ ਵਿਦਿਆਰਥੀਆਂ ਨਾਲੋਂ ਤੇਰੀ ਪੜ੍ਹਾਈ ਵੀ ਵਧੇਰੇ ਹੈ।"

"ਮਾਰਗਰੇਟ, ਮੈਂ ਹੋਰ ਪੜ੍ਹਨਾ ਚਾਹੁਨਾਂ। ਮੈਂ ਜਾਹਨ ਡੀਊਈ ਦੀ ਵਿਦਿਅਕ ਫ਼ਿਲਾਸਫ਼ੀ ਤੇ ਸ਼ਿਕਾਗੋ ਪ੍ਰਗਤੀਸ਼ੀਲ ਸਕੂਲ ਵਿਚ ਇਹਦੀ ਅਮਲੀ ਵਰਤੋਂ ਬਾਰੇ ਜਾਨਣਾ ਚਾਹੁਨਾਂ।"

"ਇਹ ਤੂੰ ਕੁਝ ਚਿਰ ਠਹਿਰ ਕੇ ਵੀ ਕਰ ਸਕਦੈਂ। ਤੇਰਾ ਆਪਣਾ ਅਮਲੀ ਤਜਰਬਾ ਇਸ ਕੰਮ ਵਿਚ ਤੇਰਾ ਹੋਰ ਵੀ ਸਹਾਈ ਹੋਵੇਗਾ।" ਉਸ ਨੇ ਜ਼ੋਰ ਦੇ ਕੇ ਆਖਿਆ ਸੀ।

"ਮੈਂ ਬਰਕਲੇ ਦੀ ਯੂਨੀਵਰਸਿਟੀ ਆਫ਼ ਕੈਲੀਫ਼ੋਰਨੀਆਂ ਦੇ ਸਿਖਿਆ ਵਿਭਾਗ ਵਿਚ ਦਾਖ਼ਲੇ ਲਈ ਪਹਿਲਾਂ ਹੀ ਅਰਜ਼ੀ ਭੇਜ ਬੈਠਾਂ।" ਮਲੂਕੇ ਨੇ ਆਖਿਆ।

"ਪਰ ਇਹਦੇ ਨਾਲ ਤੂੰ ਬੱਝ ਨਹੀਂ ਜਾਂਦਾ। ਦਾਖ਼ਲਾ ਤੂੰ ਅਟਕ ਕੇ ਵੀ ਲੈ ਸਕਦੈਂ। ਨਾਲੇ", ਉਸ ਨੇ ਆਪਣੀ ਗੱਲ ਜਾਰੀ ਰੱਖੀ, "ਮੇਰੇ ਪਾਪਾ ਬਹੁਤ ਚਾਹੁੰਦੇ ਨੇ ਕਿ ਤੂੰ ਅਰਜ਼ੀ ਭੇਜੇਂ। ਉਹ ਅਡਮੰਟਨ ਸਕੂਲ ਬੋਰਡ ਦੇ ਮੈਂਬਰ ਨੇ। ਕੁਝ ਹੋਰ ਮੈਂਬਰਾਂ ਨੂੰ ਵੀ ਤੇਰੇ ਹੱਕ 'ਚ ਵੋਟ ਪਾਉਣ ਲਈ ਮਨਾ ਸਕਦੇ ਨੇ।"

ਮਲੂਕੇ ਨੇ ਉਹਦੀ ਗੱਲ ਮੰਨ ਕੇ ਅਰਜ਼ੀ ਭੇਜ ਦਿੱਤੀ।

ਡਾ: ਕ੍ਰੈਂਗ ਤੇ ਉਹਦੇ ਦੋ ਚੋਸਤਾਂ ਨੇ ਮਲੂਕੇ ਦੇ ਹੱਕ ਵਿਚ ਵੋਟ ਪਾਈ। ਬਾਕੀ ਸਾਰਿਆਂ ਦੀ ਤਰਜੀਹੀ-ਸੂਚੀ ਵਿਚ ਉਹਦਾ ਨਾਂ ਸਭ ਤੋਂ ਅਖ਼ੀਰ 'ਤੇ ਸੀ।

ਮਾਰਗਰੇਟ ਕ੍ਰੋਰਾਂ ਨੇ ਇਕ ਸੋਸ਼ਲਿਸਟ ਰਸਾਲੇ 'ਦੀ ਪੀਪਲਜ਼ ਵੀਕਲੀ' ਵਿਚ ਮਲੂਕੇ ਬਾਰੇ ਇਕ ਲੇਖ ਲਿਖਿਆ, ਜਿਸ ਵਿਚ ਉਹਦੇ ਪੂਰਬ ਤੇ ਪੱਛਮ ਦੇ ਸਭਿਆਚਾਰ ਬਾਰੇ ਛਪੇ ਲੇਖਾਂ ਵਿਚੋਂ ਬਹੁਤ ਸਾਰੇ ਹਵਾਲੇ ਚਿੱਤੇ ਗਏ ਸਨ।

ਉਸ ਨੇ ਸਿੱਟਾ ਕੱਢਦਿਆਂ ਆਖਿਆ ਸੀ, "ਕਿੰਨੇ ਅਫ਼ਸੋਸ ਦੀ ਗੱਲ ਹੈ ਕਿ ਇਸ ਨੌਜੁਆਨ ਦੀ ਯੋਗਤਾ ਕਿਸੇ ਹੋਰ ਮੁਲਕ ਦੇ ਕੰਮ ਆਏਗੀ; ਉਸ ਸੂਬੇ ਵਿਚ ਨਹੀਂ, ਜਿੱਥੇ ਕਈ ਸਾਲਾਂ ਦੀ ਘਾਲਣਾ ਨਾਲ ਉਸ ਨੇ ਸ਼ਾਨਦਾਰ ਵਿਦਿਆ ਹਾਸਿਲ ਕੀਤੀ ਹੈ।"

55

ਮਲੂਕੇ ਦੇ ਸੈਲਾਨੀਆਂ ਦੀ ਖ਼ਾਬਗਾਹ ਕੈਲੀਫ਼ੋਰਨੀਆਂ ਲਈ ਚਾਅ ਤੇ ਬਰਕਲੇ ਯੂਨੀਵਰਸਿਟੀ ਵਿਚ ਦੇਸ-ਦੇਸਾਂਤਰਾਂ ਤੋਂ ਆਏ ਵਿਦਿਆਰਥੀਆਂ ਨਾਲ ਬੌਧਿਕ ਵਿਚਾਰ-ਵਟਾਂਦਰਾ ਕਰਨ ਦੇ ਉਤਸ਼ਾਹ ਉੱਤੇ ਸੌ ਘੜੇ ਪਾਣੀ ਪੈ ਗਿਆ ਸੀ ਜਦੋਂ ਵੈਨਕੂਵਰ ਸਥਿਤ ਅਮਰੀਕਨ ਆਵਾਸ ਦਫ਼ਤਰ ਦੇ ਅਧਿਕਾਰੀ ਨੇ ਉਹਨੂੰ ਇਹ ਗੱਲ ਦੱਸੀ ਸੀ ਕਿ 200 ਡਾਲਰ ਇਹਤਿਆਤੀ ਜ਼ਮਾਨਤ ਜਮ੍ਹਾਂ ਕਰਵਾਉਣ ਤੋਂ ਬਿਨਾਂ ਉਹ ਅਮਰੀਕਾ ਵਿਚ ਦਾਖ਼ਲ ਨਹੀਂ ਸੀ ਹੋ ਸਕਦਾ। ਇਹ ਰਕਮ ਬਿਲਕੁਲ ਬਦੇਸ਼ੀ ਵਿਦਿਆਰਥੀ ਦੇ ਤੌਰ 'ਤੇ ਪਹਿਲੀ ਛਿਮਾਹੀ ਵਿਚ ਜਮ੍ਹਾਂ ਕਰਵਾਈ ਜਾਣ ਵਾਲੀ ਫ਼ੀਸ ਦੇ ਬਰਾਬਰ ਸੀ, ਜਿਸ ਤੋਂ ਉਹਨੂੰ ਸਾਰੇ ਇਮਤਿਹਾਨਾਂ ਵਿਚ ਏ ਗਰੇਡ ਹਾਸਿਲ ਕਰਨ ਦੀ ਸੂਰਤ ਵਿਚ ਛੋਟ ਮਿਲ ਸਕਦੀ ਸੀ।

ਇਕ ਅੰਗਰੇਜ਼ ਦੋਸਤ ਹੈਰਲਡ ਰਿੱਲੀ ਜੋ ਆਪਣੀ ਪਤਨੀ ਸਮੇਤ ਐਡਮੰਟਨ ਤੋਂ ਮਲੂਕੇ ਦੇ ਨਾਲ ਹੀ ਉਸੇ ਯੂਨੀਵਰਸਿਟੀ ਵਿਚ ਦਾਖ਼ਲ ਹੋਣ ਲਈ ਆਇਆ ਸੀ, ਨੂੰ ਬਿਨਾਂ ਕਿਸੇ ਹੀਲ ਹੁੱਜਤ ਦੇ ਸੁਤੰਤਰਤਾ ਦੇ ਵਰਦਾਨ ਨਾਲ ਵਰੋਸਾਈ ਭੂਮੀ ਵਿਚ ਦਾਖ਼ਲ ਹੋਣ ਦਿੱਤਾ ਗਿਆ ਸੀ।

"ਮਲੂਕਿਆ, ਛੇਤੀ ਹੀ ਫੇਰ ਬਰਕਲੇ 'ਚ ਮੁਲਾਕਾਤ ਹੋਏਗੀ।" ਵਿਛੜਨ

ਵੇਲੇ ਛਿੱਥੇ ਜਿਹੇ ਪਏ ਹੈਰਲਡ ਨੇ ਆਖਿਆ ਸੀ।"

ਮਲੂਕਾ ਅੰਤਰ-ਧਿਆਨ ਹੋ ਗਿਆ ਸੀ।

ਉਹਨੇ ਆਪਣੇ ਆਪ ਨੂੰ ਯਾਦ ਦੁਆਇਆ ਕਿ ਉਹਦੇ ਨਾਲੋਂ ਕਿਤੇ ਵਡੇਰੇ ਆਦਮੀਆਂ ਨੂੰ ਧਰਤ ਦੇ ਇਸ ਸੁਅਰਗ ਵਿਚ ਪ੍ਰਵੇਸ਼ ਕਰਨ ਵੇਲੇ ਵਿਤਕਰੇ ਭਰੇ ਸਲੂਕ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ। ਮਹਾਂ ਕਵੀ ਰਵੀਂਦ੍ਰ ਨਾਥ ਠਾਕੁਰ ਨੂੰ ਬੜੀ ਗੁਸਤਾਖ਼ੀ ਨਾਲ ਉਹੀ ਵਿਸਤਰਿਤ ਸੁਆਲਨਾਮਾ ਭਰਨ ਲਈ ਆਖਿਆ ਗਿਆ ਸੀ ਜੋ ਇਸ ਦੇਸ਼ ਵਿਚ ਦਾਖ਼ਲ ਹੋਣ ਵੇਲੇ ਬ੍ਰਿਟਿਸ਼ ਕੋਲੰਬੀਆ ਦੇ ਕਿਸੇ ਵੀ ਸਿੱਖ ਲਕੜ-ਮਜ਼ਦੂਰ ਨੂੰ ਭਰਨਾ ਪੈਂਦਾ ਸੀ।

ਉਹਨੂੰ ਯਾਦ ਆਇਆ ਕਿ ਚੀਨੀ ਦੇਸ਼-ਨਿਕਾਲਾ ਕਾਨੂੰਨ ਪਾਸ ਕਰਨ ਤੋਂ ਚਾਰ ਵਰ੍ਹੇ ਮਗਰੋਂ ਹੀ ਅਮਰੀਕਾ ਦੀ ਸਰਕਾਰ ਨੇ ਸੁਤੰਤਰਤਾ ਦੇ ਬੁੱਤ ਦੀ ਨਕਾਬ-ਕੁਸ਼ਾਈ ਕੀਤੀ ਸੀ, ਜਿਸ ਉੱਤੇ ਇਹ ਸ਼ਬਦ ਉੱਕਰੇ ਹੋਏ ਹਨ :

ਮੈਨੂੰ ਸੌਂਪ ਦਿਓ,
ਆਪਣੇ ਥੱਕੇ ਮਾਂਦੇ ਗਰੀਬ ਜਨਸਮੂਹ,
ਜਿਨ੍ਹਾਂ ਦੇ ਮਨਾਂ ਵਿਚ ਸੁਤੰਤਰਤਾ ਨਾਲ ਸਾਹ ਲੈਣ ਦੀ ਤੜਪ ਹੈ।
ਆਪਣੇ ਖੌਲਦੇ ਤਲਛੱਟ ਦੀ ਮੈਲ ਵਾਂਗ,
ਮੇਰੇ ਕੋਲ ਭੇਜ ਦਿਓ,
ਉਹ ਬੇਘਰੇ ਭਉਂਚਲਦੇ ਹਜ਼ਾਰਹਾ ਲੋਕ
ਮੈਂ ਸੁਅਰਨ-ਦੁਆਰ ਦੇ ਕੋਲ,
ਉਨ੍ਹਾਂ ਦੀ ਉਡੀਕ ਵਿਚ ਮਿਸ਼ਾਲ ਫੜੀ ਖੜੀ ਹਾਂ।

ਆਹ! ਪਰ ਸੁਤੰਤਰਤਾ ਦੇ ਬੁੱਤ ਦਾ ਮੂੰਹ ਤਾਂਅੰਧ ਮਹਾਂ ਸਾਗਰ ਵੱਲ ਹੈ ਨਾਂਹ!

ਮਲੂਕੇ ਨੂੰ ਬਰਕਲੇ ਵਿਚ ਕਮਰਾ ਕਿਰਾਏ 'ਤੇ ਲੱਭਣ ਦੀ ਜ਼ਿੱਲਤ ਵਿੱਚੋਂ ਲਹੀਂ ਸੀ ਗੁਜ਼ਰਨਾ ਪਿਆ, ਕਿਉਂਕਿ ਨਿਊਯਾਰਕ ਵਿਚ ਮੌਲਿਕ 'ਇੰਡੀਆ ਹਾਊਸ' ਦੇ ਨਮੂਨੇ 'ਤੇ ਹੀ ਗ਼ਦਰ ਪਾਰਟੀ ਨੇ ਇੱਥੇ ਵੀ ਇਕ ਛੋਟਾ 'ਇੰਡੀਆ ਹਾਊਸ' ਬਣਾਇਆ ਹੋਇਆ ਸੀ। ਬਾਰ ਐਸੋਸੀਏਸ਼ਨ ਦੁਆਰਾ ਐਲਨ-ਬੇ 'ਤੇ ਬਣਾਈ ਇਸ ਇਮਾਰਤ ਤੋਂ ਯੂਨੀਵਰਸਿਟੀ ਨੂੰ ਤੁਰ ਕੇ ਹੀ ਜਾਇਆ ਜਾ ਸਕਦਾ ਸੀ। ਇੱਥੇ ਭਾਰਤੀ ਵਿਦਿਆਰਥੀਆਂ ਨੂੰ ਮੁਫ਼ਤ ਰਿਹਾਇਸ਼ ਦਿੱਤੀ ਜਾਂਦੀ ਸੀ। ਇਹ

ਇਕ ਪੁਰਾਣੀ ਅਣ-ਸੰਭਾਲੀ ਪਰ ਬੜੀ ਵੇਲੇ ਸਿਰ ਕੰਮ ਆਉਣ ਵਾਲੀ ਇਮਾਰਤ ਸੀ। ਇੱਥੇ ਪੰਜ ਵਿਦਿਆਰਥੀ ਰਹਿੰਦੇ ਸਨ ਜੋ ਆਮ ਤੌਰ 'ਤੇ ਸ਼ਾਮ ਦਾ ਖਾਣਾ ਵਾਰੋ ਵਾਰੀ ਬਣਾਇਆ ਕਰਦੇ ਸਨ। ਗ਼ਦਰ ਪਾਰਟੀ ਦਾ ਮੌਜੂਦਾ ਪ੍ਰਧਾਨ, ਦਲੀਪ ਸਿੰਘ ਫਾਲਾ, ਜੋ ਬੜੀ ਚੌੜੀ-ਚਿੱਘੀ ਕਾਠੀ ਵਾਲਾ ਮਨੁੱਖ ਸੀ, ਕਦੀ ਕਦਾਈਂ ਵਿਦਿਆਰਥੀਆਂ ਨੂੰ ਭਾਰਤ ਦੇ ਸੁਤੰਤਰਤਾ ਸੰਗਰਾਮ ਲਈ ਉਹਨਾਂ ਦੇ ਫ਼ਰਜ਼ ਦੀ ਯਾਦ ਦੁਆ ਉਣ ਲਈ ਫੇਰਾ ਮਾਰ ਜਾਇਆ ਕਰਦਾ ਸੀ। ਉਹਨਾਂ ਨੂੰ ਅਜਿਹੇ ਉਤਸ਼ਾਹੀ ਨੌਜੁਆਨਾਂ ਦੀ ਵੀ ਤਲਾਸ਼ ਹੁੰਦੀ ਸੀ, ਜੋ ਪਾਰਟੀ ਦੇ ਖ਼ਰਚੇ 'ਤੇ ਮਾਸਕੋ ਤੋਂ ਇਨਕਲਾਬੀ ਸਿਖਲਾਈ ਲੈ ਕੇ ਭਾਰਤ ਵਿਚ ਕੰਮ ਕਰਨ ਲਈ ਤਿਆਰ ਹੋਣ। ਉਹ ਵਿਦਿਆਰਥੀਆਂ ਨੂੰ 'ਗ਼ਦਰ' ਪੜ੍ਹਨ ਲਈ ਵੀ ਤਾਕੀਦ ਕਰਦਾ ਹੁੰਦਾ ਸੀ, ਜੋ ਹੁਣ ਭਾਗ ਸਿੰਘ ਦੀ ਸੰਪਾਦਨਾ ਹੇਠ ਨਿਕਲਣ ਵਾਲਾ ਪਤਲਾ ਜਿਹਾ ਮਾਸਿਕ ਪੱਤਰ ਹੀ ਬਣ ਕੇ ਰਹਿ ਗਿਆ ਸੀ। ਵਿਦਿਆਰਥੀ ਦੱਬੇ ਜਿਹੇ ਆਤਮ-ਉੱਤਮਤਾ ਦੇ ਭਰਮ ਨਾਲ ਨਸ਼ਿਆਏ ਹੱਸ ਕੇ 'ਹਾਂ' ਕਰ ਛੱਡਿਆ ਕਰਦੇ ਸਨ। ਪਾਰਟੀ ਦੀਆਂ ਇਨ-ਕਲਾਬੀ ਸਰਗਰਮੀਆਂ ਹੁਣ ਪੰਜਾਬ ਤੱਕ ਹੀ ਸੀਮਿਤ ਹੋ ਕੇ ਰਹਿ ਗਈਆਂ ਸਨ। ਪਾਰਟੀ ਦੇ ਆਮ ਕੰਮ, ਪਾਰਟੀ ਸਕੱਤਰ ਜੋਗਾ ਸਿੰਘ ਆਪਣੇ ਸਦਰ ਮੁਕਾਮ, ਯੁਗਾਂਤਰ ਆਸ਼ਰਮ, 5, ਵੁੱਡ ਸਟਰੀਟ, ਸਾਂਫ਼ਰਾਂਸਿਸਕੋ ਤੋਂ ਨੇਪਰੇ ਚਾੜ੍ਹਿਆ ਕਰਦਾ ਸੀ।

ਵਿਦੇਸ਼ਾਂ ਤੇ ਅਮਰੀਕਾ ਦੇ ਦੂਜੇ ਰਾਜਾਂ ਤੋਂ ਆਏ ਵਿਦਿਆਰਥੀਆਂ ਨੂੰ ਮਿਲਣ ਦੇ ਮਨੋਰਥ ਨਾਲ, ਮਲੂਕਾ ਸ਼ਾਨਦਾਰ ਦਿੱਖ ਵਾਲੇ ਅੰਤਰਰਾਸ਼ਟਰੀ ਹਾਊਸ ਦਾ ਸਹਿਯੋਗੀ ਮੈਂਬਰ ਬਣ ਗਿਆ ਸੀ।

ਯੂਨੀਵਰਸਿਟੀ ਦੇ ਵਿਸ਼ਾਲ ਕੈਂਪਸ, ਜਿਸ ਦੇ ਚਰਮਿਆਨ ਵਿਚ ਘੰਟਾ ਘਰ ਸੀ, ਚੀਨ, ਜਾਪਾਨ, ਫਿਲਪੀਨ, ਇੰਡੋਨੇਸ਼ੀਆ ਤੇ ਭਾਰਤ ਆਦਿ ਤੋਂ ਆਏ ਕਈ ਏਸ਼ੀਆਈ ਵਿਦਿਆਰਥੀਆਂ ਨੂੰ ਮਿਲਣ ਦਾ ਮੌਕਾ ਮਿਲ ਜਾਂਦਾ ਸੀ। ਕੁਝ ਹਬਸ਼ੀ ਵਿਦਿਆਰਥੀ ਆਪਣੀ ਅੱਡਰੀ ਦਿੱਖ ਕਾਰਨ ਦੂਰੋਂ ਹੀ ਪਛਾਣੇ ਜਾਂਦੇ ਸਨ। ਮਲੂਕੇ ਨੇ ਮਹਿਸੂਸ ਕੀਤਾ ਕਿ ਸ਼ਾਹ ਕਾਲੇ ਖ਼ੂਬਸੂਰਤ ਨੈਣਾਂ, ਇਕਸਾਰ ਚਿੱਟੇ ਦੰਦਾਂ ਤੇ ਧੁੱਪ ਨਾਲ ਲਿਸ਼ਕਦੀਆਂ ਸਿਆਹ ਕੁੰਡਲਦਾਰ ਜ਼ੁਲਫ਼ਾਂ ਵਾਲੀਆਂ ਲਚਕੀ-ਲੀਆਂ ਹਬਸ਼ੀ ਕੁੜੀਆਂ ਭਾਰਤੀ ਵਿਦਿਆਰਥੀਆਂ ਨਾਲ ਦੋਸਤੀ ਪਾਉਣ ਲਈ

ਬੜੀਆਂ ਤੱਤਪਰ ਨਜ਼ਰ ਆਉਂਦੀਆਂ ਸਨ ਪਰੰਤੂ ਉਹਨੂੰ ਇਹ ਭਾਂਪਦਿਆਂ ਸ਼ਰਮ-ਸਾਰੀ ਹੁੰਦੀ ਸੀ ਕਿ ਉਹਦੇ ਦੇਸ਼-ਭਾਈ ਕੁੜੀਆਂ ਤੋਂ ਇਸ ਕਰਕੇ ਝੇਂਪ ਜਾਂਦੇ ਸਨ ਕਿ ਮਤੇ ਉਹ ਵੀ ਕਾਲਿਆਂ ਨਾਲ ਚੰਬੜੀ ਨਸਲੀ ਹਿਕਾਰਤ ਦਾ ਹੀ ਨਾ ਸ਼ਿਕਾਰ ਹੋ ਜਾਣ। ਸਪਸ਼ਟ ਹੈ ਕਿ ਨਸਲਵਾਦ ਕੋਈ ਚਿੱਟੇ ਲੋਕਾਂ ਦੀ ਹੀ ਇਜਾਰੇਦਾਰੀ ਨਹੀਂ ਸੀ, ਭਾਵੇਂ ਉਹ ਇਸ ਦਾ ਬੜੀ ਗੁਸਤਾਖ਼ੀ ਸੱਤਾ-ਅਭਿਮਾਨ ਤੇ ਨੁਮਾਇਸ਼ੀ-ਭਾਵ ਨਾਲ ਅਭਿਆਸ ਕੀਤਾ ਕਰਦੇ ਸਨ। ਦੂਜੀਆਂ ਨਸਲਾਂ ਵੀ ਇਹਦਾ ਸ਼ਿਕਾਰ ਤਾਂ ਸਨ, ਪਰ ਗੋਰਿਆਂ ਦੀ ਜਨਮ-ਜਾਤ ਹਿਮਾਕਤ ਵਾਂਗ ਨਹੀਂ। ਨਿਤਾਣੇ ਕਈ ਵਾਰ ਆਪਣੀ ਕਮਜ਼ੋਰੀ ਕਰਕੇ ਹੀ ਭੁੱਲਾਂ ਕੀਤਾ ਕਰਦੇ ਨੇ।

ਮੰਦਵਾੜੇ ਦੇ ਫਲਸਰੂਪ ਉਪਜੀ ਗ਼ਰੀਬੀ ਦੇ ਚਿੰਨ੍ਹ ਇਸ ਵਿਸ਼ਾਲ ਅਮੀਰ ਦੇਸ਼ ਦੇ ਸ਼ਹਿਰ ਬਰਕਲੇ ਵਿਚ ਵੀ ਕਾਫ਼ੀ ਪਰਤੱਖ ਰੂਪ ਵਿਚ ਵੇਖੇ ਜਾ ਸਕਦੇ ਹਨ। ਕਈ ਵਿਦਿਆਰਥੀ ਦਸਾਂ ਸੈਂਟਾਂ ਦੇ ਡੋ-ਨਟ ਤੇ ਕਾਫ਼ੀ ਦੇ ਕੱਪ ਨਾਲ ਹੀ ਨਾਸ਼ਤਾ ਕਰਦੇ ਹੁੰਦੇ ਸਨ। ਦੁਪਹਿਰ ਦੇ ਖਾਣੇ ਲਈ ਮਾਲਟ ਨਾਲ ਸੰਘਣਾ ਕੀਤਾ ਮਿਲਕ-ਸ਼ੇਕ ਦਾ ਵੱਡਾ ਸਾਰਾ ਗਲਾਸ 12 ਸੈਂਟ ਦਾ ਆ ਜਾਂਦਾ ਸੀ।

... ...

ਵਿਦਿਆਰਥੀ ਬੜੇ ਸੁਖਾਵੇਂ ਮਾਹੌਲ ਵਿਚ ਬਹੁਤਾਤ ਦੇ ਵਿਚਕਾਰ ਇਸ ਵਿਆਪਕ ਗ਼ਰੀਬੀ ਦੇ ਕਾਰਨਾਂ ਤੇ ਇਲਾਜ ਬਾਰੇ ਤਿੱਖੇ ਵਿਚਾਰ-ਵਟਾਂਦਰੇ ਕੀਤਾ ਕਰਦੇ ਸਨ।

"ਅਬਰਾਹਮ ਲਿੰਕਨ ਦੇ ਲੋਕ-ਰਾਜ ਦੇ ਸੰਕਲਪ ਦਾ ਕੀ ਅਰਥ ਰਹਿ ਗਿਆ ਜਦ ਕਿ ਦੇਸ਼ ਉੱਤੇ ਹਕੂਮਤ ਉਹਨਾਂ ਵੱਡੀਆਂ ਬੈਂਕਾਂ, ਵੱਡੇ ਵੱਡੇ ਸਨਅਤਕਾਰਾਂ ਤੇ ਰੇਲਵਾਈ ਤੇ ਜਹਾਜ਼ੀ ਨਿਗਮਾਂ ਦੇ ਸ਼ਕਤੀਸ਼ਾਲੀ ਮੁਖੀਆਂ ਦੀ ਹੈ, ਜਿਨ੍ਹਾਂ ਨੂੰ ਆਪੋ ਆਪਣੇ ਸੁਆਰਥਾਂ ਦੀ ਆਪੋ ਧਾਪੀ ਪਈ ਹੋਈ ਹੈ?" ਇੰਜਨੀਅਰਿੰਗ ਦੇ ਵਿਦਿਆਰਥੀ ਗੌਰਡਨ ਕੇਬਿਲ ਨੇ ਪੁੱਛਿਆ ਜੋ ਪੱਕਾ ਸਮਾਜਵਾਦੀ ਸੀ।

ਉਹ ਇਸ ਟੋਲੀ ਦਾ ਆਗੂ-ਮੈਂਬਰ ਸੀ ਜਿਸ ਨੇ ਉਪਟੋਨ ਸਿੰਕਲੇਅਰ ਦੇ ਨਾਵਲ ਜੰਗਲ ਤੇ ਕਿੰਗ ਕੋਲ ਪੜ੍ਹੇ ਹੋਏ ਸਨ ਅਤੇ ਉਹ ਉਸ ਨਜ਼ਾਮ ਨੂੰ ਨਫ਼ਰਤ ਕਰਦੇ ਸਨ ਜੋ ਪੂੰਜੀਪਤੀਆਂ ਨੂੰ ਤਾਂ ਹੋਰ ਖ਼ੁਸ਼ਹਾਲ ਬਣਾਉਂਦਾ ਸੀ, ਪਰ ਚੋਲਤ ਦੇ ਅਸਲ ਸਿਰਜਕਾਂ ਦੀ ਮੰਦਹਾਲੀ ਵਿਚ ਹੀ ਵਾਧਾ ਕਰਦਾ ਸੀ। ਉਹ ਇਸ ਤੱਥ 'ਤੇ ਬੜੇ

ਉਤਸ਼ਾਹਿਤ ਹੋਏ ਸਨ ਜਦੋਂ 1935 ਵਿਚ ਰੀਪਬਲੀਕਨ ਉਮੀਦਵਾਰ ਮੇਰੀਅਮ ਦੇ ਵਿਰੁੱਧ ਇਹ ਵਿਦਵਾਨ ਤੇ ਮਾਨਵਵਾਦੀ ਲੇਖਕ ਗਵਰਨਰ ਦੀ ਆਸਾਮੀ ਲਈ ਚੋਣ-ਮੈਦਾਨ ਵਿਚ ਨਿੱਤਰਿਆ ਸੀ। ਗੌਰਡਨ ਕੈਬਿਲ ਉਹਦੀ ਮੁਹਿੰਮ ਵਿਚ ਸ਼ਾਮਿਲ ਹੋਣ ਲਈ ਆਪਣੀ ਪੜ੍ਹਾਈ ਵਲੋਂ ਵੀ ਜ਼ਰਾ ਅਵੇਸਲਾ ਹੋ ਗਿਆ ਸੀ।

"ਜੇ ਇਕ ਸਮਾਜਵਾਦੀ ਕੈਲੀਫੋਰਨੀਆ ਦਾ ਗਵਰਨਰ ਬਣ ਜਾਂਦਾ ਤਾਂ ਇਹ ਸੱਚਮੁੱਚ ਹੀ ਬੁਨਿਆਦੀ ਤਬਦੀਲੀ ਹੋਣੀ ਸੀ।" ਥੌਮਸ ਗਰੀਨ ਨੇ ਆਖਿਆ ਸੀ। "ਪਰ ਮੇਰਾ ਖ਼ਿਆਲ ਨਹੀਂ ਕਿ ਉਹ ਜਿੱਤ ਸਕਦੈ।" ਉਸ ਨੇ ਦੱਬੇ ਸੁਰ ਵਿਚ ਆਪਣੀ ਸ਼ੱਕ ਜ਼ਾਹਿਰ ਕੀਤੀ ਸੀ।

"ਤੇਰੀ ਸ਼ੱਕ ਦੀ ਬੁਨਿਆਦ ਕੀ ਹੈ?"

"ਮੈਨੂੰ ਲੱਗਦਾ ਹੈ ਕਿ ਜੇ ਉਹਨੇ 'ਧਰਮ ਦੇ ਲਾਭ' ਨਾ ਲਿਖੀ ਹੁੰਦੀ ਤਾਂ ਉਹ ਜਿੱਤ ਵੀ ਸਕਦਾ ਸੀ। ਇਸ ਵਿਚ ਉਸ ਨੇ ਧਰਮ ਤੇ ਵੱਡੇ ਸਨਅਤਕਾਰਾਂ ਵਿਚਕਾਰ ਭਿਆਲੀ ਦੀ ਭਰਪੂਰ ਖਿਲੀ ਉਡਾਈ ਸੀ।"

"ਅਮਰੀਕਾ ਵਿਚ ਕਿਸੇ ਵੀ ਉੱਚੇ ਅਹੁਦੇ ਲਈ ਚੁਣੇ ਜਾਣ ਦੇ ਖ਼ਾਹਿਸ਼ਮੰਦ ਲਈ ਇਹ ਗੰਭੀਰ ਗ਼ਲਤੀ ਸੀ।" ਮੈਲਵਿਨ ਕੋਹਨ ਨੇ ਆਪਣਾ ਮੱਤ ਪੇਸ਼ ਕੀਤਾ।

"ਕਾਮਯਾਬ ਹੋਣ ਲਈ ਉਹਨੂੰ ਰੱਬ ਨੂੰ ਆਪਣੇ ਪੱਖ ਵਿਚ ਰੱਖਣਾ ਚਾਹੀਦਾ ਸੀ", ਉਹਨੇ ਅਗਾਂਹ ਆਖਿਆ, "ਚੰਗਾ ਹੁੰਦਾ ਜੇ ਉਹ ਹਰ ਐਤਵਾਰ ਗਿਰਜੇ ਜਾਇਆ ਕਰਦਾ, ਉੱਥੇ ਆਪਣੀ ਹਾਜ਼ਰੀ ਲੜਕਾਉਂਦਾ। ਅਤੇ ਵਧੀਆ ਰਹਿੰਦਾ ਜੇ ਉਹ ਉਥੇ ਆਪਣੀਆਂ ਤਸਵੀਰਾਂ ਵੀ ਖਿਚਵਾਉਂਦਾ।"

"ਨਾਲੇ ਉਹਨੂੰ ਸੁਧਰੇ ਹੋਏ ਉਚਾਰਣ ਵਿਚ ਏਨੀ ਵਧੀਆ ਅੰਗਰੇਜ਼ੀ ਵਿਚ ਮਠਾਰ ਮਠਾਰ ਕੇ ਤਕਰੀਰਾਂ ਨਹੀਂ ਸਨ ਕਰਨੀਆਂ ਚਾਹੀਦੀਆਂ। ਇਸ ਤਰ੍ਹਾਂ ਆਮ ਲੋਕਾਂ ਨਾਲੋਂ ਬੰਦਾ ਵਿੱਥ ਤੇ ਜਾ ਖਲੋਂਦਾ ਹੈ।" ਥੌਮਸ ਗਰੀਕ ਨੇ ਕਿਹਾ ਸੀ।

ਅਸਲ ਵਿਚ ਸਿਨਕਲ੅ਅਰ ਤੇ ਮੇਰੀਅਮ ਵਿਚਕਾਰ ਦੀ ਲੜਾਈ ਇਕ ਸੂਝਵਾਨ ਮਾਨਵਵਾਦੀ ਆਦਰਸ਼ਵਾਦੀ ਅਤੇ ਦਿਓਕੱਦ ਤੇ ਚੰਗੀ ਤਰ੍ਹਾਂ ਬਾਂਗੀ ਹੋਈ ਮਸ਼ੀਨ ਵਿਚਕਾਰ ਲੜਾਈ ਦਾ ਰੂਪ ਧਾਰਨ ਕਰ ਗਈ ਸੀ। ਮਸ਼ੀਨ ਜਿੱਤ ਗਈ ਸੀ ਅਤੇ ਗੌਰਡਨ ਕੈਬਿਲ ਆਪਣੇ ਸਾਲਾਨਾ ਇਮਤਿਹਾਨ ਵਿਚ ਫ਼ੇਲ੍ਹ ਹੋ ਗਿਆ ਸੀ।

ਮੇਰੀਅਮ ਆਪਣੀ ਮੁਹਿੰਮ ਵਿਚ ਅਮਰੀਕਨ ਜਮਹੂਰੀਅਤ ਤੇ ਸਰਮਾਏਦਾਰੀ ਨਿਜ਼ਾਮ ਦੀਆਂ ਪ੍ਰਾਪਤੀਆਂ ਦੀ ਸ਼ਾਨ ਦੇ ਸੋਹਿਲੇ ਗਾਉਂਦਾ ਰਿਹਾ ਸੀ।

"ਕਿੰਨੀ ਬਕਵਾਸ ਸੀ।" ਸਮਾਜਕ-ਵਿਗਿਆਨ ਦੇ ਇਕ ਕਾਲੇ ਵਿਦਿਆਰਥੀ ਸੈਮ ਕਿੰਗਸਲੀ ਨੇ ਆਖਿਆ।

"ਅਮਰੀਕਨ ਜਮਹੂਰੀਅਤ" ਉਸ ਨੇ ਭਰਵੀਂ ਟਿੱਪਣੀ ਕੀਤੀ, "ਦੋਂਹ ਸਦੀਆਂ ਦੀ ਭਿਆਨਕ ਗ਼ੁਲਾਮਦਾਰੀ ਵਾਲੀਆਂ ਹਾਲਤਾਂ ਵਿਚ ਵਿਚਰਦੀ ਰਹੀ ਹੈ, ਮਗਰੋਂ ਇਕ ਸਦੀ ਇਸ ਉੱਪਰ 'ਜਿਮ ਕ੍ਰੋਮੀ' ਦਾ ਗ਼ਲਬਾ ਰਿਹਾ।"

ਨਾਰੀ ਅਧਿਕਾਰਾਂ ਦੀ ਨਰੋਈ ਹਿਮਾਇਤਣ ਸੈਲੀ ਨੇ ਦਾਅਵਾ ਕੀਤਾ ਕਿ "1787 ਦੇ ਅਮਰੀਕੀ ਵਿਧਾਨ ਨੇ ਕੁਲ ਵਸੋਂ ਦੇ ਅੱਧੋ ਨਾਲੋਂ ਵੱਧ ਭਾਗ, ਇਸਤਰੀਆਂ ਤੇ ਕਾਲੇ ਲੋਕਾਂ ਨੂੰ ਵੋਟ ਦੇਣ ਦੇ ਅਧਿਕਾਰ ਤੋਂ ਹੀ ਵਾਂਝੇ ਰਖਿਆ ਸੀ।" ਉਸ ਨੇ ਇਹ ਸਵੀਕਾਰ ਕੀਤਾ ਕਿ "ਸੁਪਰੀਮ ਕੋਰਟ ਦੇ ਫ਼ੈਸਲਿਆਂ ਨਾਲ ਇਹ ਵਿਤਕਰਾ ਹੌਲੀ ਹੌਲੀ ਮੁੱਕ ਗਿਆ ਸੀ। ਅਮਰੀਕਾ ਵਿਚ ਕਿਤੇ 1920 ਵਿਚ ਜਾ ਕੇ ਔਰਤਾਂ ਨੂੰ ਬਰਾਬਰ ਵੋਟ-ਅਧਿਕਾਰ ਪ੍ਰਾਪਤ ਹੋ ਸਕੇ ਸਨ।

... ...

ਭਾਰਤੀ ਵਿਦਿਆਰਥੀਆਂ ਦਾ ਅਮਰੀਕੀ ਸਭਿਆਚਾਰ ਵੱਲ ਰਵੱਈਆ ਮਿਲੀ ਜੁਲੀ ਜਹੀ ਕਿਸਮ ਦਾ ਸੀ। ਉਹ ਅਮਰੀਕੀ ਜੰਗਿ-ਆ ਜ਼ਾਦੀ ਅਤੇ ਜੈਫ਼ਰਸਨ ਤੇ ਥੌਮਸ ਪੇਨ ਦੀਆਂ ਲਿਖਤਾਂ ਦੇ ਪ੍ਰਸ਼ੰਸਕ ਪਰ ਇਸ ਨਿਜ਼ਾਮ ਦੀ ਤਾਬੜ ਤੋੜ ਪਦਾਰਥਕ ਹਾਬੜ ਦੇ ਨਿੰਦਕ ਸਨ। ਉਹ ਅਮਰੀਕਨਾਂ ਦੇ ਇਸ ਵਿਸ਼ਵਾਸ ਤੇ ਮੁਸਕੜੀਏਂ ਹੱਸਦੇ ਹੁੰਦੇ ਸਨ ਕਿ ਉਨ੍ਹਾਂ ਦੀ ਦੌਲਤ ਉਨ੍ਹਾਂ ਦੇ ਰੱਬ ਵਿਚ ਅਗਾਧ ਵਿਸ਼ਵਾਸ ਤੇ ਮਿਹਨਤ ਦਾ ਹੀ ਫਲ ਮਾਤਰ ਸੀ। ਨਾਲੇ ਅਮਰੀਕਾ ਵਿਚ ਪੜ੍ਹਨ ਆਏ ਵਿਦਿਆਰਥੀਆਂ ਦਾ ਸਮਾਜਕ ਪਿਛੋਕੜ ਤੇ ਰੀਝਾਂ ਇੰਗਲੈਂਡ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਨਾਲੋਂ ਵੱਖਰੀਆਂ ਸਨ। ਇਹ ਬਹੁਤੇ ਨਿਮਨ ਵਰਗ ਵਿਚੋਂ ਆਏ ਸਨ ਤੇ ਗਰਮੀਆਂ ਦੀਆਂ ਛੁੱਟੀਆਂ ਵਿਚ ਕੰਮ ਕਰਕੇ ਆਤਮ-ਨਿਰਭਰ ਹੋਣ ਦੇ ਚਾਹਵਾਨ ਸਨ। ਇਨ੍ਹਾਂ ਵਿਚੋਂ ਬਹੁਤੇ ਭਾਰਤ ਵਿਚ ਰਾਸ਼ਟਰਵਾਦੀ ਤਾਕਤਾਂ ਦੀ ਚੜ੍ਹਤ ਤੋਂ ਪ੍ਰਭਾਵਿਤ ਸਨ ਤੇ ਇਹਨਾਂ ਦੀ ਉੱਚ-ਤਨਖ਼ਾਹੀ ਭਾਰਤੀ ਨਾਗਰਿਕ ਸੇਵਾ ਦੇ ਅਧਿਕਾਰ ਪ੍ਰਾਪਤ ਮੈਂਬਰ ਬਣਨ ਦੀ ਕੋਈ ਰੀਝ ਨਹੀਂ ਸੀ ਜੋ ਨਾ ਭਾਰਤੀ, ਨਾ ਨਾਗਰਿਕ ਤੇ ਨਾ ਹੀ ਸੇਵਾ ਸੀ।

1833 ਵਿਚ ਮਲਕਾ ਵਿਕਟੋਰੀਆ ਨੇ ਇਹ ਐਲਾਨ ਕੀਤਾ ਸੀ ਕਿ ਉੱਚੀਆਂ ਸਰਕਾਰੀ ਆਸਾਮੀਆਂ ਤੇ ਨਿਯੁਕਤੀ ਵੇਲੇ ਭਾਰਤੀਆਂ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾਏਗਾ। ਸਿੱਟੇ ਵਜੋਂ ਧਨੀ ਭਾਰਤੀ ਪਰਿਵਾਰਾਂ ਦੇ ਬਹੁਤੇ ਯੁਵਕ ਇੰਗਲੈਂਡ ਪੜ੍ਹਨ ਜਾਣ ਲੱਗ ਪਏ ਸਨ। ਭਾਰਤ ਸਰਕਾਰ ਨੇ ਇਸ ਐਲਾਨ ਨੂੰ ਮਾਂਦਾ ਪਾਉਣ ਲਈ ਇਹ ਸ਼ਰਤਾਂ ਲਾ ਦਿੱਤੀਆਂ ਸਨ ਕਿ ਇਹਨਾਂ ਸੇਵਾਵਾਂ ਵਿਚ ਦਾਖ਼ਲੇ ਦਾ ਇਮਤਿਹਾਨ ਇੰਗਲੈਂਡ ਵਿਚ ਹੋਇਆ ਕਰੇਗਾ ਤੇ ਉਮੀਦਵਾਰਾਂ ਦੀ ਘੱਟੋ ਘੱਟ ਉਮਰ ਸਿਰਫ਼ 19 ਵਰ੍ਹੇ ਹੋਇਆ ਕਰੇਗੀ। ਵਫ਼ਾਦਾਰ ਭਾਰਤੀ ਆਗੂਆਂ ਦੇ ਰੋਸ ਦੇ ਫਲਸਰੂਪ ਘੱਟੋ ਘੱਟ ਉਮਰ 1892 ਵਿਚ 21-23 ਅਤੇ ਫੇਰ 1924 ਵਿਚ ਵਧਾ ਕੇ 22 ਤੋਂ 24 ਵਰ੍ਹੇ ਕਰ ਦਿੱਤੀ ਗਈ ਸੀ।

ਸਿੱਟੇ ਵਜੋਂ ਕਈ ਸਫਲ ਵਿਦਿਆਰਥੀਆਂ ਨੂੰ ਭਾਰਤ ਸਰਕਾਰ ਦੀਆਂ ਉੱਚੀਆਂ ਨੌਕਰੀਆਂ ਮਿਲ ਗਈਆਂ ਸਨ ਤੇ ਉਹ ਪੂਰੀ ਵਫ਼ਾਦਾਰੀ ਨਾਲ ਸਰਕਾਰ ਦੀ ਸੇਵਾ ਕਰਦੇ ਰਹੇ ਸਨ। ਪਰ ਕੁਝ ਇਕ ਨੇ ਭਾਰਤ ਵਿਚ ਬਰਤਾਨਵੀ ਹਕੂਮਤ ਦੇ ਹਿੱਤ ਪਾਲਣ ਵਾਲੀ ਇਸ ਵਿਦਿਅਕ ਪ੍ਰਣਾਲੀ ਦਾ ਡੱਟ ਕੇ ਵਿਰੋਧ ਕੀਤਾ ਸੀ। ਇਹਨਾਂ ਵਿਚੋਂ ਸਭ ਤੋਂ ਉੱਘਾ ਨਾਂ ਲਾਲਾ ਹਰਦਿਆਲ ਦਾ ਹੈ ਜੋ 1905 ਵਿਚ ਸਰਕਾਰੀ ਵਜ਼ੀਫ਼ੇ 'ਤੇ ਇੰਗਲੈਂਡ ਗਿਆ ਸੀ ਤੇ ਉਸ ਨੇ ਆਪਣੇ ਆਪ ਨੂੰ ਆਪਣੀ ਮਾਤਭੂਮੀ ਦੀ ਆਜ਼ਾਦੀ ਪ੍ਰਤੀ ਸਮਰਪਿਤ ਕਰਨ ਲਈ ਇਸ ਵਜ਼ੀਫ਼ੇ ਨੂੰ ਲੱਤ ਮਾਰ ਦਿੱਤੀ ਸੀ। ਥੋੜ੍ਹਾ ਚਿਰ ਭਾਰਤ ਵਿਚ ਰਹਿਣ ਮਗਰੋਂ ਉਹ ਯੂਰਪ ਪਰਤ ਆਇਆ ਸੀ। ਪੈਰਿਸ ਵਿਚ, ਜਿੱਥੇ ਮਾਦਾਮ ਦਾ ਕਾਮਾ ਅਤੇ ਕ੍ਰਿਸ਼ਨ ਵਰਮਾ ਜਿਹੇ ਕੁਝ ਭਾਰਤੀ ਦੇਸ਼ ਭਗਤਾਂ ਨੇ ਪਹਿਲੋਂ ਹੀ ਸ਼ਰਨ ਲਈ ਹੋਈ ਸੀ, ਉਹ ਪਰੂਦੋਂ, ਬਾਕੂਨਿਨ ਅਤੇ ਪ੍ਰਿੰਸ ਕ੍ਰੋਪਤਕਿਨ ਜਿਹੇ ਅਰਾਜਕਤਾਵਾਦੀਆਂ ਦੇ ਅਸਰ ਹੇਠ ਆ ਗਿਆ ਸੀ। 1911 ਵਿਚ ਉਹ ਅਮਰੀਕਾ ਆ ਕੇ ਸਾਓ ਮਾਲੋ ਦੀ ਲੇਲੈਂਡ ਯੂਨੀਵਰਸਿਟੀ ਵਿਚ ਭਾਰਤੀ ਦਰਸ਼ਨ ਤੇ ਸੰਸਕ੍ਰਿਤ ਦਾ ਪ੍ਰੋਫੈਸਰ ਲੱਗਾ ਰਿਹਾ ਸੀ। 1912 ਵਿਚ ਉਹ ਇਸ ਨੌਕਰੀ ਤੋਂ ਅਸਤੀਫ਼ਾ ਦੇ ਕੇ ਪੂਰੀ ਤਨਮਨਤਾ ਨਾਲ ਹਥਿਆਰਬੰਦ ਬਗ਼ਾਵਤ ਦਾ ਪਰਚਮ ਬੁਲੰਦ ਕਰਨ ਵਾਲੀ ਭਾਰਤੀ ਆਜ਼ਾਦੀ ਲਈ ਅਮਰੀਕਾ ਵਿਚ ਸੰਗਠਿਤ ਹੋਈ ਗ਼ਦਰ ਲਹਿਰ ਵਿਚ ਸ਼ਾਮਿਲ ਹੋ ਗਿਆ ਸੀ। ਇਸ ਸ਼ਾਨਦਾਰ ਬੁਲਾਰੇ ਨੇ ਕੇਵਲ ਪੰਜਾਬੀ ਕਾਮਿਆਂ ਹੀ ਨਹੀਂ, ਸਗੋਂ ਗੋਬਿੰਦ ਬਿਹਾਰੀ ਲਾਲ, ਭਾਈ ਪਰਮਾ

ਨੰਦ, ਡੀ ਚਿੰਚੀਆ ਤੇ ਕਰਤਾਰ ਸਿੰਘ ਸਰਾਭਾ ਵਰਗੇ ਜ਼ਹੀਨ ਭਾਰਤੀ ਵਿਦਿਆਰਥੀਆਂ ਦੇ ਮਨ ਵੀ ਮੋਹ ਲਏ ਸਨ, ਜਿਨ੍ਹਾਂ ਨੇ ਮਗਰੋਂ ਜਾ ਕੇ ਇਸ ਇਨਕਲਾਬੀ ਲਹਿਰ ਵਿਚ ਬੜੀ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਸੀ।

... ...

ਅਮਰੀਕੀ ਵਪਾਰੀਆਂ ਦੀ ਭਾਰਤ ਦੀ ਵਿਸ਼ਾਲ ਮੰਡੀ ਵਿਚ ਵੱਧ ਰਹੀ ਦਿਲਚਸਪੀ ਕਾਰਨ ਹੀ ਭਾਰਤੀ ਵਿਦਿਆਰਥੀਆਂ ਦੀ ਅਮਰੀਕਾ ਵਿਚ ਆਮਦ ਲਈ ਰਾਹ ਪੱਧਰਾ ਹੋਇਆ ਸੀ। ਬਰਤਾਨਵੀਆਂ ਦੀਆਂ ਭਾਰਤੀ ਮੰਡੀ ਵਿਚ ਧਸੀਆਂ ਡੂੰਘੀਆਂ ਮਜ਼ਬੂਤ ਜੜ੍ਹਾਂ ਤੇ ਉਹਨਾਂ ਦੇ ਦਲਾਲ ਭਾਰਤੀ ਵਪਾਰੀਆਂ ਦੀ ਬੇਰੁਖ਼ੀ ਕਾਰਨ ਉਹਨਾਂ ਨੂੰ ਬਹੁਤੀ ਕਾਮਯਾਬੀ ਨਹੀਂ ਸੀ ਮਿਲੀ। ਉਹਨਾਂ ਨੇ ਭਾਰਤੀ ਕੌਮ ਪ੍ਰਸਤਾਂ ਨਾਲ ਦੋਸਤੀ ਪਾਉਣੀ ਸ਼ੁਰੂ ਕਰ ਦਿੱਤੀ ਸੀ ਜਿਨ੍ਹਾਂ ਨੇ ਨਿਕਟ ਭਵਿੱਖ ਵਿਚ, ਉਹਨਾਂ ਦੇ ਵਿਸ਼ਵਾਸ ਅਨੁਸਾਰ, ਹਰ ਹੀਲੇ ਸੱਤਾ 'ਤੇ ਕਾਬਜ਼ ਹੋਣਾ ਹੀ ਸੀ। ਸਿੱਟੇ ਵਜੋਂ ਇਕ ਹਿੰਦ-ਅਮਰੀਕੀ ਸਭਾ ਕਾਇਮ ਕੀਤੀ ਸੀ, ਜਿਸ ਦੇ ਮੰਤਵਾਂ ਵਿਚ ਭਾਰਤ ਵਿਚ ਮਿਸ਼ਨਰੀ ਭੇਜਣੇ ਤੇ ਭਾਰਤੀ ਵਪਾਰੀਆਂ, ਦੇਸ਼ ਭਗਤਾਂ ਤੇ ਵਿਦਿਆਰਥੀਆਂ ਨੂੰ ਅਮਰੀਕਾ ਸੱਦਣਾ ਸ਼ਾਮਿਲ ਸੀ। ਜਦੋਂ ਵਸੀਲਿਆਂ ਦੀ ਘਾਟ ਕਰਕੇ ਨਿਊਯਾਰਕ ਵਿਚਲਾ ਇੰਡੀਆ ਹਾਊਸ ਬੰਦ ਕਰਨਾ ਪਿਆ ਸੀ ਤਾਂ ਬਹੁਤ ਸਾਰੇ ਕੌਮ ਪ੍ਰਸਤ ਆਪਣੀ ਉਦਰ-ਪੂਰਤੀ ਲਈ ਸ਼ਾਂਤ ਮਹਾਂਸਾਗਰੀ ਸਾਹਿਲ ਵੱਲ ਚਾਲੇ ਪਾ ਗਏ ਸਨ। ਇੱਥੇ ਜਿਸਮਾਨੀ ਕੰਮ ਆਸਾਨੀ ਨਾਲ ਹੀ ਮਿਲ ਜਾਇਆ ਕਰਦਾ ਸੀ। ਇਨ੍ਹਾਂ ਵਿਚੋਂ ਕੁਝ, ਤਾਰਕ ਨਾਥ ਦਾਸ, ਸੁਰਿੰਦਰਮੋਹਨ ਬੋਸ, ਰਾਮਨਾਥ ਪੁਰੀ ਤੇ ਠਾਕਰ ਦਾਸ ਪੁਰੀ ਗ਼ਦਰ ਲਹਿਰ ਦੇ ਜੁਝਾਰੂ ਮੈਂਬਰ ਬਣ ਗਏ ਸਨ।

ਪਹਿਲੀ ਆਲਮੀ ਜੰਗ ਤੋਂ ਬਾਅਦ ਬਹੁਤ ਸਾਰੇ ਭਾਰਤੀ ਵਿਦਿਆਰਥੀ ਅਮਰੀਕਾ ਆ ਗਏ ਸਨ ਤੇ 1935 ਤੱਕ ਸ਼ਾਇਦ ਹੀ ਕੋਈ ਅਜਿਹੀ ਯੂਨੀਵਰਸਿਟੀ ਹੋਵੇ, ਜਿੱਥੇ ਇਹਨਾਂ ਦੀ ਛੋਟੀ ਜਿਹੀ ਟੋਲੀ ਹਾਜ਼ਰ ਨਾ ਹੋਵੇ।

... ...

ਭਗਵਾਨ ਦਾਸ ਨੇ ਕੈਲੀਫੋਰਨੀਆ ਯੂਨੀਵਰਸਿਟੀ ਵਿਚ ਪ੍ਰੋਫੈਸਰ ਈ. ਓ. ਲਾਰੰਸ ਦੀ ਨਿਗਰਾਨੀ ਹੇਠ ਭੌਤਿਕ ਵਿਗਿਆਨ ਦੀ ਪੜ੍ਹਾਈ ਕੀਤੀ ਸੀ ਜਿਸ ਨੇ

1931 ਵਿਚ ਅਣੂੰ ਦੀ ਬਣਤਰ ਦੀ ਖੋਜ ਕਰਦਿਆਂ ਸਾਈਕਲੋਸਟ੍ਰਾਮ ਦੀ ਕਾਢ ਕੱਢੀ ਸੀ। ਉਹ ਪੱਕਾ ਕੌਮ ਪ੍ਰਸਤ ਤੇ ਪ੍ਰਾਚੀਨ ਭਾਰਤੀ ਸਭਿਆਚਾਰ ਦਾ ਜੋਸ਼ੀਲਾ ਮੁਦਈ ਸੀ। ਆਪਣੇ ਤਿੱਖੇ ਨੈਣ-ਨਕਸ਼ਾਂ, ਸੋਚਵਾਨ ਅੱਖਾਂ ਤੇ ਮੁੰਨੇ ਹੋਏ ਸਿਰ ਨਾਲ, ਉਹ ਅਮਰੀਕੀ ਸੂਟ ਵਿਚ ਸਜਿਆ ਸੰਨਿਆਸੀ ਲੱਗਦਾ ਹੁੰਦਾ ਸੀ।

ਭਗਵਾਨ ਦਾਸ ਭਾਰਤੀ-ਪੁਨਰ-ਜਾਗ੍ਰਿਤੀ ਦੀ ਪੈਦਾਵਾਰ ਸੀ ਜੋ ਯੂਰਪ ਵਿਚ ਵਾਪਰੀ ਪੁਨਰ-ਜਾਗ੍ਰਿਤੀ ਨਾਲੋਂ ਬਹੁਤ ਵੱਖਰੀ ਸੀ। ਯੂਰਪ ਨਵ-ਉਸਾਰੀ ਦੀ ਚਾਨਣ ਤੇ ਜੀਵਨ ਆਨੰਦ ਦੀ ਪ੍ਰਾਪਤੀ ਲਈ ਟੇਕ ਪ੍ਰਾਚੀਨ ਯੂਨਾਨ ਸੀ ਜਦ ਕਿ ਭਾਰਤੀ ਪੁਨਰ-ਜਾਗਰਣ ਨੇ ਆਪਣੇ ਧਾਰਮਿਕ ਤੇ ਦਾਰਸ਼ਨਿਕ ਵਿਰਸੇ ਵਲ ਮੋੜਾ ਪਾ ਕੇ ਇਸ ਦੀ ਯੂਰਪੀ ਪ੍ਰਭਾਵ ਅਧੀਨ ਨਵੀਂ ਵਿਆਖਿਆ ਕੀਤੀ ਸੀ।

ਭਗਵਾਨ ਦਾਸ ਦਾ ਮੱਤ ਸੀ ਕਿ "ਅਮਰੀਕੀ ਸਭਿਆਚਾਰ ਇਕ ਵਿਸ਼ਾਲ ਤੇ ਸਮ੍ਰਿਧ ਦੇਸ਼ ਵਿਚ ਯੂਰਪੀ ਵਿਰਸੇ ਦਾ ਹੀ ਖੁਸ਼ਹਾਲ ਪਸਾਰਾ ਹੈ। ਅਮ੍ਰੀਕਨਾਂ ਨੇ ਇਸ ਵਿਚ ਸੁਤੰਤਰਤਾ ਦੀ ਤਾਂਘ ਤੇ ਕਬਜ਼ ਦੀ ਇੱਛਾ-ਸ਼ਕਤੀ ਦਾ ਵਾਧਾ ਕੀਤਾ ਹੈ।"

ਦੋਹਾਂ ਨੇ ਮਿਲ ਕੇ ਉਹਨਾਂ ਨੂੰ ਅਮੀਰ ਤੇ ਸ਼ਕਤੀਸ਼ਾਲੀ ਬਣਾਇਆ ਸੀ। ਇਸ ਸ਼ਕਤੀ ਦਾ ਚਿੰਨ੍ਹ ਧਨ ਅਰਥਾਤ ਨਗਦ ਨਾਰਾਇਣ ਸੀ ਜਿਸ ਨੂੰ ਸੱਟਾ-ਮੰਡੀ ਵਿਚ ਲਾਭਕਾਰੀ ਦਿਸ਼ਾਵਾਂ ਵਿਚ ਪ੍ਰਵਾਹਿਤ ਕੀਤਾ ਜਾ ਸਕਦਾ ਸੀ।

"ਰੁਪਈਏ ਦੀ ਪੂਜਾ ਤਾਂ ਭਾਰਤ ਵਿਚ ਵੀ ਘੱਟ ਨਹੀਂ ਸੀ ਕੀਤੀ ਜਾਂਦੀ।" ਭਗਤ ਸਿੰਘ ਨੇ ਦਾਅਵਾ ਕੀਤਾ ਸੀ, "ਅਮੀਰ ਇਹਦੀ ਵਿਲਾਸੀ ਜੀਵਨ ਬਤੀਤ ਕਰਨ ਤੇ ਆਪਣੀ ਹੈਂਕੜ ਦੀ ਨੁਮਾਇਸ਼ ਲਾਉਣ ਲਈ ਪੂਜਾ ਕਰਦੇ ਨੇ ਤੇ ਗ਼ਰੀਬ ਉਹਨਾਂ ਨਾਲ ਹਸਦ ਕਰਦੇ ਹਨ।"

ਭਗਤ ਸਿੰਘ ਇੰਜਨੀਅਰਿੰਗ ਦਾ ਗਰੈਜੂਏਟ ਸੀ। ਸਾਲ ਭਰ ਬੇਕਾਰ ਰਹਿਣ ਮਗਰੋਂ ਅਖ਼ੀਰ ਉਸ ਨੂੰ ਓਕਲੈਂਡ ਦੇ ਲਿੱਬੀ-ਡੱਬਾਬੰਦ ਕਾਰਖ਼ਾਨੇ ਵਿਚ ਮਜ਼ਦੂਰੀ ਕਰਨ ਦਾ ਕੰਮ ਮਿਲ ਗਿਆ ਸੀ। ਉਹ ਮਧਰਾ, ਮਜ਼ਬੂਤ, ਚੁਸਤ ਤੇ ਗਤੀਸ਼ੀਲ ਮਨੁੱਖ ਸੀ। ਉਹਦਾ ਚੰਦ ਵਰਗਾ ਗੋਲ ਚਿਹਰਾ ਸੀ ਤੇ ਉਹਦੀ ਰੀਝ ਉਸ ਅਮ੍ਰੀਕਨ ਧਨ-ਕੁਬੇਰ ਜਿਹਾ ਬਣਨ ਦਾ ਸੀ, ਜੋ ਰੁਪਈਆਂ ਦੀਆਂ ਥਹੀਆਂ ਅਸਮਾਨ ਜਿੱਡੀਆਂ ਲਾਈ ਜਾਂਦਾ ਹੈ ਤੇ ਫੇਰ ਇਸ ਮੀਨਾਰ ਚੋ ਮਿਸਮਾਰ ਹੋ ਜਾਣ ਬਾਅਦ ਹੈਰਾਨ-

ਪਰੇਸ਼ਾਨ ਹੋਇਆ ਰਹਿੰਦਾ ਹੈ।

ਉਹ ਕਹਿੰਦਾ ਹੁੰਦਾ ਸੀ, "ਅਮਰੀਕੀ ਸਭਿਆਚਾਰ ਨੇ ਪਹਿਲੀ ਵਾਰ ਗ਼ਰੀਬੀ 'ਤੇ ਫ਼ਤਿਹ ਪਾਉਣ ਦੇ ਵਸੀਲੇ ਲੱਭੇ ਨੇ। ਭਾਰਤ ਨੂੰ ਗ਼ਰੀਬੀ ਤੋਂ ਨਿਜਾਤ ਪਾਉਣ ਲਈ ਹਰ ਹੀਲੇ ਅਮਰੀਕਾ ਦੇ ਨਕਸ਼ੇ-ਕਦਮ 'ਤੇ ਚੱਲਣਾ ਪਵੇਗਾ।"

"ਪਰ ਆਪਣੇ ਆਲੇ ਦੁਆਲੇ ਝਾਤ ਮਾਰਿਆਂ ਤੁਹਾਨੂੰ ਇੱਥੇ ਲੱਖਾਂ ਗ਼ਰੀਬ ਤੇ ਬੇਰੁਜ਼ਗਾਰ ਵੀ ਦਿਸ ਪੈਣਗੇ।" ਭਗਵਾਨ ਦਾਸ ਦਾ ਉੱਤਰ ਹੁੰਦਾ ਸੀ। "ਹੋਰ ਲੱਖਾਂ ਇਸੇ ਹੋਣੀ ਦੇ ਭੈਅ ਹੇਠ ਜ਼ਿੰਦਗੀਆਂ ਬਤੀਤ ਕਰਦੇ ਨੇ। ਸ਼ਕਤੀਸ਼ਾਲੀ ਅਮਰੀਕਨ ਮਸ਼ੀਨਾਂ ਵਰਤੋਂ ਲਈ ਨਹੀਂ, ਮੁਨਾਫ਼ੇ ਲਈ ਪੈਦਾਵਾਰ ਕਰਦੀਆਂ ਨੇ। ਮੁਨਾਫ਼ਾ ਨਹੀਂ ਤਾਂ ਪੈਦਾਵਾਰ ਵੀ ਕੋਈ ਨਹੀਂ।"

"ਸੁਧਰੇ ਹੋਏ ਆਰਥਿਕ ਨਿਜ਼ਾਮ ਦੀ ਸਥਾਪਤੀ ਲਈ ਵਿਗਿਆਨ ਤੇ ਤਕਨਾਲੋਜੀ ਦੀ ਤਰੱਕੀ ਦੇ ਰੂਬਰੂ", ਉਹ ਜ਼ੋਰ ਦੇ ਕੇ ਕਿਹਾ ਕਰਦਾ ਸੀ, "ਲੋਕ ਆਪਣੇ ਆਪ ਨੂੰ ਉੱਨਾ ਹੀ ਮਜਬੂਰ ਪਾਉਂਦੇ ਨੇ ਜਿੰਨਾ ਕਿ ਆਦਿ-ਮਾਨਵ ਕੁਦਰਤ ਦੀਆਂ ਰਹੱਸਮਈ ਕਰੂਰ ਤਾਕਤਾਂ ਦੇ ਸਾਹਮਣੇ ਬੇਵੱਸ ਸੀ।"

"ਅਮਰੀਕਨ ਪ੍ਰਯੋਗਸ਼ੀਲ ਨੇ", ਭਗਤ ਸਿੰਘ ਦਾ ਜੁਆਬ ਹੁੰਦਾ ਸੀ, "ਉਹ ਬੇਲਗਾਮ ਸਰਮਾਏਦਾਰੀ ਨੂੰ ਨੱਥ ਪਾਉਣ ਦੇ ਵਸੀਲੇ ਵੀ ਲੱਭ ਲੈਣਗੇ।"

"ਦੇਖਦੇ ਨਹੀਂ ਫ਼ਰੈਂਕਲਿਨ ਰੂਜ਼ਵੈਲਟ ਨੇ 1933 ਵਿਚ ਸੱਤਾ ਤੇ ਸਵਾਰ ਹੋਣ ਮਗਰੋਂ ਕੀ ਕੀਤਾ। ਉਹਦੇ ਸਾਹਮਣੇ ਮੂੰਹ ਟੱਡੀ ਖੜੀ ਬੇਰੁਜ਼ਗਾਰੀ, ਢਹਿ-ਢੇਰੀ ਹੋ ਰਹੇ ਬੈਂਕ ਤੇ ਵਪਾਰਕ ਅਦਾਰੇ ਸਨ। ਉਹਦੇ ਨਵੇਂ ਸੌਦੇ ਅਧੀਨ ਉਠਾਏ ਕਾਨੂੰਨਸਾਜ਼ੀ ਦੇ ਕਦਮਾਂ ਵਿਚ ਵਪਾਰਕ ਅਦਾਰਿਆਂ ਦੀ ਨੇਮਬੰਦੀ, ਬੈਂਕਾਂ ਤੇ ਮੁਦਰਾ ਤੇ ਜ਼ਾਬਤਾ, ਸਾਂਝੀ ਸੌਦੇਬਾਜ਼ੀ ਤੇ ਸਮਾਜਿਕ ਸੁਰੱਖਿਆ ਦੀਆਂ ਮਦਾਂ ਸ਼ਾਮਿਲ ਸਨ।"

"ਅਜਿਹੇ ਕਦਮ", ਉਹਦਾ ਦਾਅਵਾ ਸੀ, "ਲੋਕਾਂ ਦੇ ਲਾਭ ਲਈ ਉਨ੍ਹਾਂ ਦੀ ਆਪਣੀ ਜਮਹੂਰੀਅਤ ਸਾਜਣ ਲਈ ਕਾਰਗਰ ਸਾਬਤ ਹੋ ਸਕਦੇ ਸਨ।"

"ਮੁੱਢਲਾ ਸੁਆਲ", ਦੀਨਾ ਨਾਥ ਦਾ ਦਾਅਵਾ ਸੀ, "ਸਭਿਆਚਾਰ ਦੀ ਸੋਧ ਨਹੀਂ, ਸਗੋਂ ਇਸ ਦੇ ਮੰਤਵਾਂ ਤੇ ਆਦਰਸ਼ਾਂ ਦਾ ਹੁੰਦਾ ਹੈ।"

"ਪੱਛਮ ਦਾ ਆਦਰਸ਼ ਸ਼ਕਤੀ ਹੈ ਤੇ ਪੂਰਬ ਦਾ ਟੀਚਾ ਹੈ ਸੰਪੂਰਣਤਾ।

ਪਹਿਲਾ ਵਿਤਰੇਕ ਭਾਵੀ ਹੈ। ਉੱਤਮ ਸ਼ਕਤੀ ਦੂਜਿਆਂ ਨੂੰ ਵਿਰਵੇ ਰੱਖ ਕੇ ਹੀ ਕਾਇਮ ਰਹਿੰਦੀ ਹੈ। ਦੂਜਾ ਸ਼ਮੂਲੀਅਤ ਮੁਖੀ ਹੈ। ਇਸ ਵਿਚ ਸਭਨਾਂ ਨੂੰ ਆਪਣੀਆਂ ਪ੍ਰਾਪਤੀਆਂ ਵਿਚ ਭਾਈਵਾਲੀ ਦੀ ਦਾਅਵਤ ਹੁੰਦੀ ਹੈ।"

"ਅਤੇ ਬੰਦੇ ਦੀ ਸੰਪੂਰਨਤਾ ਇੱਛਾਵਾਂ ਦੇ ਬੇਲਗਾਮ ਪਸਾਰੇ ਤੇ ਉਹਨਾਂ ਦੀ ਪੂਰਤੀ ਲਈ ਵਸੀਲੇ ਲੱਭਣ ਦੀ ਹਾਬੜ ਵਿਚ ਨਹੀਂ ਹੋ ਸਕਦੀ।"

ਦੀਨਾ ਨਾਥ ਫ਼ਲਸਫ਼ੇ ਦਾ ਵਿਦਿਆਰਥੀ ਸੀ। ਇਸ ਪਤਲੇ, ਚੁੱਪ ਤੇ ਸ਼ਰੀਫ਼ ਆਦਮੀ ਦੀਆਂ ਚਮਕਦਾਰ ਅੱਖਾਂ ਦੂਰ ਭਵਿੱਖ ਵਿਚ ਧਸੀਆਂ ਜਾਪਦੀਆਂ ਸਨ, ਪਰ ਜਦੋਂ ਉਹ ਬੋਲਦਾ ਤਾਂ ਉਹਦੀ ਕੂਲੀ ਮਿੱਠੀ ਆਵਾਜ਼ ਦਿਲ ਨੂੰ ਛੂਹ ਕੇ ਨਵੇਂ ਵਿਚਾਰਾਂ ਦੇ ਬੂਹੇ ਖੋਲ੍ਹਦੀ ਪ੍ਰਤੀਤ ਹੁੰਦੀ ਸੀ।

"ਕੀ ਇਸ ਨਾਲ ਪੂਰਬ ਅਧਿਆਤਮਵਾਦੀ ਤੇ ਪੱਛਮ ਪਦਾਰਥਵਾਦੀ ਬਣ ਜਾਂਦਾ ਹੈ?" ਭਗਤ ਸਿੰਘ ਸੁਖਮਵਾਦੀ ਚਰਚਾ ਤੋਂ ਖਿਝ ਕੇ ਪੁੱਛਦਾ ਹੁੰਦਾ ਸੀ।

"ਹਾਂ", ਦੀਨਾ ਨਾਥ ਦਾ ਜੁਆਬ ਹੁੰਦਾ, "ਪੱਛਮ ਉਤਪਾਦਕ ਤੇ ਜਮ੍ਹਾਂਖੋਰ ਮਨੁੱਖ ਦਾ ਪੁਜਾਰੀ ਹੈ—ਸਫਲ ਆਦਮੀ ਦਾ, ਸੰਤ ਦਾ ਨਹੀਂ। ਇਹਦਾ ਮੰਤਵ ਸੁੱਖ ਆਰਾਮ ਹੈ। ਇਹਦਾ ਆਦਰਸ਼ ਸਮਾਜਕ-ਪ੍ਰਤਿਸ਼ਠਾ ਹੈ, ਆਤਮ-ਪ੍ਰਤੀਤੀ ਨਹੀਂ।"

"ਉਸ ਸਭਿਆਚਾਰ ਵਿਚ ਕਿਹੜੀ ਰੂਹਾਨੀਅਤ ਹੋ ਸਕਦੀ ਹੈ, ਜਿਸ ਦੇ ਲੋਕ ਪਦਾਰਥਕ ਥੁੜਾਂ ਦੀ ਜ਼ਿੱਲਤ ਭੋਗਣ ਲਈ ਮਜਬੂਰ, ਗੰਦੀਆਂ ਬਸਤੀਆਂ ਵਿਚ ਰਹਿੰਦੇ ਨੇ। ਕੀ ਉਹ ਇਸੇ ਲਈ ਬਾਲ-ਵਰੇਸੇ ਮਰ ਜਾਂਦੇ ਹਨ ਕਿ ਉਹ ਰੱਬ ਨੂੰ ਬਹੁਤੇ ਪਿਆਰੇ ਹੁੰਦੇ ਨੇ?"

"ਕੀ ਤੁਹਾਨੂੰ ਚੀਥੜਿਆਂ 'ਚ ਲਿਪਟੀ 'ਰਾਮ ਦੇ ਨਾਂ' 'ਤੇ ਭੀਖ ਮੰਗਦੀ ਉਹ ਬੁੱਢੀ ਮੰਗਤੀ ਵਿਚ ਕੋਈ ਰੂਹਾਨੀਅਤ ਨਜ਼ਰ ਆਉਂਦੀ ਹੈ, ਜਿਸ ਦੇ ਹਾਤ ਦੇ ਕੌਲ ਵਿਚ ਕੋਈ ਲਾਪ੍ਰਵਾਹ ਮੁਸਾਫ਼ਿਰ ਕੋਈ ਸਿੱਕਾ ਸੁੱਟ ਕੇ ਅਗਾਂਹ ਤੁਰਦਾ ਬਣਦਾ ਹੈ?"

"ਭਾਰਤੀ ਸੰਤਾਂ ਨੇ ਗ਼ੁਰਬਤ ਤੋਂ ਨਿਜਾਤ ਪਾਉਣ ਦਾ ਤਾਂ ਕੋਈ ਵਸੀਲਾ ਲੱਭਿਆ ਨਹੀਂ। ਉਹਨਾਂ ਦੇ ਸਿਰਾਂ ਦੁਆਲੇ ਚਾਨਣ ਦੇ ਚੱਕਰ ਇਕ ਨਿਪੁੰਸਕ ਜੇਹੀ ਸਿਮ੍ਰਤੀ ਹੀ ਹੁੰਦੇ ਨੇ।" ਉਹ ਸਨਕੀ ਸੁਰ ਵਿਚ ਆਖਦਾ, "ਦੂਜੇ ਪਾਸੇ ਅਮਰੀਕਾ

ਦੀ ਵਿਗਿਆਨਕ ਤੇ ਤਕਨੀਕੀ ਤਰੱਕੀ ਨੇ ਇਕ ਜਮਹੂਰੀ ਸਭਿਆਚਾਰ ਦੇ ਬੁਨਿਆਦੀ ਆਧਾਰ ਸਿਰਜੇ ਨੇ। ਇਹ ਤਨ, ਮਨ ਤੇ ਰੂਹ ਵਿਚਕਾਰ ਤਾਲ ਮੇਲ ਸਿਰਜ ਸਕਣ ਦੇ ਸਮਰੱਥ ਨੇ।"

"ਅਮਰੀਕੀ ਸਭਿਆਚਾਰ ਨੇ ਆਪਣੇ ਅੰਦਰ ਦੇ ਖੋਖਲੇਪਣ ਨੂੰ ਮਹਿਸੂਸ ਕਰਨਾ ਸ਼ੁਰੂ ਕਰ ਦਿੱਤੈ।" ਭਗਵਾਨ ਦਾਸ ਕਹਿੰਦਾ।

"ਆਪਣੀ ਆਤਮਾ ਦੀ ਤਲਾਸ਼ ਲਈ ਲੋਕ ਸਥਾਨਕ ਤੇ ਪੂਰਬੀ ਕਈ ਕਿਸਮ ਦੀਆਂ ਧਾਰਮਿਕ ਸੰਪ੍ਰਦਾਵਾਂ ਪ੍ਰਤੀ ਖਿਚੀਂਦੇ ਚਲੇ ਜਾ ਰਹੇ ਨੇ। ਉਹ ਆਪਣੀਆਂ ਖ਼ੁਸ਼ਹਾਲ ਪਰ ਖ਼ੁਸ਼ਕ ਜ਼ਿੰਦਗੀਆਂ ਵਿਚ ਰਹੱਸ ਮੋੜ ਲਿਆਉਣੇ ਚਾਹੁੰਦੇ ਨੇ। ਬੁੱਧੀਜੀਵੀ ਵੀ ਅਤਰਕਵਾਦ ਨੂੰ ਪਰਾਤਰਕਵਾਦ ਸਮਝ ਕੇ ਇਸੇ ਵਲ ਖਿੱਚੇ ਜਾ ਰਹੇ ਨੇ ਕਿਉਂਕਿ ਉਹ ਕੂੜੇ ਧਰਮ ਦੇ ਹਾਸੋਹੀਣੇ ਮਾਹੌਲ ਵਿਚ ਆਰਮ ਸਿਰਜਣ ਦੇ ਮੁਤਲਾਸ਼ੀ ਨੇ।" ... ...

ਯੂਰਪ ਵਿਚ ਅਠਾਰ੍ਹਵੀਂ ਸਦੀ ਦੀ ਸਮਾਪਤੀ ਦੇ ਸਮਿਆਂ ਤੋਂ ਵੇਦਾਂਤੀ ਤੇ ਬੋਧੀ ਚਿੰਤਕ ਸਿੰਜਰਨਾ ਸ਼ੁਰੂ ਹੋ ਗਿਆ ਸੀ ਅਤੇ 'ਪਰਾਆਤਮਾ' ਤੇ 'ਬ੍ਰਹਮ' ਨਾਮੀ ਨਿਬੰਧ ਤੇ ਨਿੱਕੀ ਜਿਹੀ ਕਵਿਤਾ ਦਾ ਅਮਰੀਕੀ ਕਰਤਾ ਰ. ਵ. ਐਮਰਸਨ ਇਸ ਦੇ ਮੁੱਢਲੇ ਪ੍ਰਸ਼ੰਸਕਾਂ ਵਿਚੋਂ ਸੀ।

ਪਰੰਤੂ ਭਾਰਤੀ ਦਾਰਸ਼ਨਿਕ ਵਿਚਾਰਾਂ ਨੂੰ ਲੋਕ-ਪ੍ਰਿਅ ਬਣਾਉਣ ਵਾਲਾ ਸੀ, ਸੁਆਮੀ ਵਿਵੇਕਾਨੰਦ।

1933 ਵਿਚ ਸ਼ਿਕਾਗੋ ਵਿਖੇ ਹੋਈ ਅੰਤਰਰਾਸ਼ਟਰੀ ਧਰਮ ਸਭਾ ਵਿਚ ਆਪਣੀ ਤਕਰੀਰ ਕਰਨ ਤੋਂ ਬਾਅਦ ਉਹਨੇ ਬੇਮਿਸਾਲ ਸ਼ਕਤੀ ਤੇ ਸ਼ਾਨਦਾਰ ਭਾਸ਼ਣ-ਪ੍ਰਬੀਨਤਾ ਨਾਲ ਵੇਦਾਂਤ ਦੇ ਕਈ ਪਹਿਲੂਆਂ ਦਾ ਪ੍ਰਭਾਵਸ਼ਾਲੀ ਪ੍ਰਚਾਰ ਕਰਨ ਲਈ ਦੂਰ-ਦੁਰਾਡੇ ਥਾਹਾਂ ਦੀ ਯਾਤਰਾ ਕੀਤੀ ਸੀ।

ਭਾਵੇਂ ਰਾਮ ਕਿਸ਼ਨ ਮੱਠ ਨੇ ਨਿਊਯਾਰਕ, ਸ਼ਿਕਾਗੋ ਤੇ ਸਾਨਫ਼ਰਾਂਸਿਸਕੋ ਵਿਖੇ ਵਿਦਵਾਨ ਸੁਆਮੀਆਂ ਦੀ ਨਿਗਰਾਨੀ ਹੇਠ ਆਪਣੇ ਤਿੰਨ ਮਹੱਤਵਪੂਰਨ ਕੇਂਦਰ ਕਾਇਮ ਕੀਤੇ ਸਨ, ਪਰੰਤੂ ਆਤਮ-ਪ੍ਰਤੀਤੀ ਦੀ ਨਿੱਤ ਵੱਧ ਰਹੀ ਮੰਗ ਦੀ ਪੂਰਤੀ ਲਈ ਕਈ ਥਾਂ ਭਾਂਤ-ਸੁਭਾਂਤੇ ਪਖੰਡੀ ਯੋਗੀਆਂ, ਅਖੌਤੀ ਗੁਰੂਆਂ, ਆਚਾਰੀਆਂ ਤੇ ਹੋਰ ਸੁਆਮੀਆਂ ਨੇ ਵੀ ਕਈ ਥਾਈਂ ਆਪੋ ਆਪਣੇ ਡੇਰੇ ਜਮਾ ਲਏ ਸਨ। ਇਹ

ਅਸਲ ਵਿਚ ਭਾਰਤ ਦੀ ਬੜੀ ਨਾਯਾਬ ਬਰਾਮਦ ਬਣ ਬੈਠੇ ਸਨ, ਭਾਵੇਂ ਇਨ੍ਹਾਂ ਵਿਚੋਂ ਕੁਝ ਤਾਂ ਭਾਰਤੀ ਸਨ ਵੀ ਨਹੀਂ। ਇਹਨਾਂ ਪਖੰਡੀਆਂ ਨੇ ਸੀਹੇ ਸੇਕ ਕੇ ਹੀ ਆਪਣੇ ਚਿਹਰੇ ਤਾਂਬੇ-ਰੰਗੇ ਕਰ ਲਏ ਸਨ, ਟੋਪਾਂ ਦੀ ਥਾਂ ਬੱਝੀਆਂ-ਬੰਨ੍ਹਾਈ ਪੈਚਦਾਰ ਪੱਗਾਂ ਧਾਰਨ ਕਰ ਲਈਆਂ ਸਨ ਤੇ ਧਾਰੀਦਾਰ ਸੂਟਾਂ ਦੀ ਥਾਂ ਧੌਣ ਤਕ ਲੱਗੇ ਬੀੜਿਆਂ ਵਾਲੀਆਂ ਅਚਕਨਾਂ ਪਹਿਨਕੇ ਪ੍ਰਭਾਵਸ਼ਾਲੀ ਪਿਛੇਤਰ ਆਨੰਦ ਲਗਾ ਕੇ ਵਧੀਆ ਭਾਰਤੀ ਨਾਂ ਧਾਰਨ ਕਰ ਲਏ ਸਨ। ਰਹੱਸਵਾਦੀ ਸ਼ਖ਼ਸੀਅਤਾਂ ਦੇ ਧਾਰਨੀ ਹੋਣ ਦਾ ਪ੍ਰਪੰਚ ਰਚ ਕੇ ਇਹ ਭੂਤ-ਭਵਿਖ ਦੇ ਰਹੱਸ ਖੋਲ੍ਹਣ ਦਾ ਦਮ ਭਰਦੇ ਅਤੇ ਆਪਣੇ ਪੈਰੋਕਾਰਾਂ ਦੀਆਂ ਬੈਂਕ-ਰਾਸ਼ੀਆਂ ਦੇ ਅਨੁਸਾਰ ਯੋਗ-ਸਾਧਨਾਂ ਕਰਵਾ ਕੇ, ਉਹਨਾਂ ਨੂੰ ਰਿਧੀਆਂ ਸਿਧੀਆਂ ਨਾਲ ਮਾਲਾ ਮਾਲ ਕਰਨ ਦੇ ਢਕਵੰਜ ਰਚਣ ਲੱਗ ਪਏ ਸਨ। ... ...

ਕੈਲੀਫੋਰਨੀਆ ਵਿਚ 1934-35 ਦਾ ਸਿਆਲ ਬਹੁਤ ਠੰਢਾ ਸੀ। ਹੋਰ ਬਹੁਤ ਸਾਰੀਆਂ ਇਮਾਰਤਾਂ ਵਾਂਗ ਬਰਕਲੇ ਦੇ ਇੰਡੀਆ ਹਾਊਸ ਨੂੰ ਨਿਘਿਆਉਣ ਦਾ ਵੀ ਕੋਈ ਬੰਦੋਬਸਤ ਨਹੀਂ ਸੀ। ਕੰਮ ਦੇ ਦਿਨੀਂ ਤਾਂ ਯੂਨੀਵਰਸਿਟੀ ਦੀ ਨਿੱਘੀ ਲਾਇਬਰੇਰੀ ਵਿਚ ਬੈਠ ਕੇ ਪੜ੍ਹਿਆ ਜਾ ਸਕਦਾ ਸੀ ਪਰ ਐਤਵਾਰ ਨੂੰ ਸਹਿਣ-ਸ਼ੀਲਤਾ ਦੀ ਕਠਨ ਪ੍ਰੀਖਿਆ ਹੁੰਦੀ ਸੀ।

"ਚਲੋ ਗਿਰਜੇ ਚਲੀਏ।" ਮਲੂਕੇ ਨੇ ਕਿਹਾ ਸੀ।

"ਕਾਠ ਮਾਰੋ ਗਿਰਜੇ ਨੂੰ।" ਭਗਤ ਸਿੰਘ ਨੇ ਜਵਾਬ ਦਿੱਤਾ ਸੀ, "ਤੇ ਨਾਲੇ ਆਦਿ-ਕਾਲੀ ਯਹੂਦੀ ਚਰਵਾਹਿਆਂ ਦੀਆਂ ਘਿਸੀਆਂ-ਪਿੱਟੀਆਂ ਬੇਸਿਰ ਪੈਰ ਕਥਾਵਾਂ ਸੁਣਾਉਣ ਵਾਲੇ ਪਾਦਰੀਆਂ ਨੂੰ।"

"ਇਹਦੇ ਨਾਲੋਂ ਤਾਂ ਬਿਸਤਰੇ 'ਚ ਲੇਟ ਕੇ ਪੰਜਾਬ ਦੇ ਧੁਪੀਲੇ ਸਿਆਲੂ ਦਿਨਾਂ ਦੇ ਸੁਪਨੇ ਲੈਣੇ ਹੀ ਚੰਗੇ ਨੇ।"

"ਇਵੇਂ ਤੈਨੂੰ ਨਿੱਘ ਤਾਂ ਨਹੀਂ ਆਉਣ ਲੱਗਾ।" ਦੀਨਾ ਨਾਥ ਨੇ ਟਿੱਪਣੀ ਕੀਤੀ।

"ਆਪਣਾ ਭਾਈਵੰਦ ਗੁਰਮੁਖ ਸਿੰਘ ਓਕਲੈਂਡ ਦੇ ਗਰਾਂਡ ਹੋਟਲ ਵਿਚ ਰੂਹਾਨੀ ਜਗਿਆਸੂਆਂ ਦੀ ਸਭਾ ਵਿਚ ਭਾਰਤੀ ਫ਼ਲਸਫ਼ੇ ਬਾਰੇ ਭਾਸ਼ਣ ਦੇ ਰਿਹੈ।" ਮਲੂਕੇ ਨੇ ਇਕ ਹੋਰ ਸੂਚਨਾ ਦਿੱਤੀ।

"ਆਹ ਦੇਖੋ ਰਤਾ।" ਉਸ ਨੇ ਬਦਾਮੀ ਆਰਟ ਪੇਪਰ ਦੀ ਦੋਵਰਕੀ 'ਤੇ ਇਕ ਦਿੱਵ-ਦਰਸ਼ਣੀ ਸ਼ੇਰ ਦੀ ਤਸਵੀਰ ਦਿਖਾਈ, ਜਿਸ ਦੀਆਂ ਵੱਡੀਆਂ ਵੱਡੀਆਂ ਸੁੰਦਰ ਅੱਖਾਂ, ਧੌਲੀ ਹੋ ਰਹੀ ਨੂਰਾਨੀ ਦਾੜ੍ਹੀ, ਅਸਮਾਨੀ ਪੱਗ ਤੇ ਹੱਥ ਦੀ ਉੱਚੀ ਉੱਗਲੀ ਰੂਹਾਨੀ ਉਚਾਈਆਂ ਵਲ ਸੰਕੇਤ ਕਰ ਰਹੀ ਸੀ।

ਫੋਟੋ ਦੇ ਹੇਠਾਂ ਮੋਟੇ ਕਾਲੇ ਅੱਖਰਾਂ ਵਿਚ ਲਿਖਿਆ ਹੋਇਆ ਸੀ : ਡਾ: ਗੁਰਮੁਖ ਸਿੰਘ ਭਗਤ, ਗਤੀਸ਼ੀਲ ਤੇ ਦੇਵੀ।"

"ਦੇਵੀ ਤੋਂ ਬਾਅਦ ਦੂਰ-ਫਿੱਟੇ ਮੂੰਹ ਵੀ ਲਿਖ ਲੈਂਦਾ ਤਾਂ ਵਧੀਆ ਰਹਿੰਦਾ। ਚਲੋ ਚਲੋ।" ਭਗਵਾਨ ਦਾਸ ਨੇ ਕਿਹਾ, "ਵਾਹਵਾ ਸ਼ੁਗਲ ਹੋ ਜਾਊ ਤੇ ਨਾਲੇ ਸ਼ਾਇਦ ਕੱਕੇ ਵਾਲਾਂ ਵਾਲੀ ਕਿਸੇ ਗੋਰੀ ਭਾਰਤ-ਪ੍ਰੇਮਣ ਦੇ ਹੀ ਦਰਸ਼ਣ ਦੀਦਾਰੇ ਹੋ ਜਾਣ।"

ਭਗਤ ਸਿੰਘ ਨੇ ਮੁਸਕ੍ਰਾਹਟ ਭਰੀ ਸੰਮਤੀ ਦੇ ਦਿੱਤੀ ਸੀ।

ਗੁਰਮੁਖ ਸਿੰਘ ਨੇ ਫੱਟੇ ਖਿੱਚਣ ਵਾਲੀ ਹੱਡ-ਭੰਨਵੀਂ ਮੁਸ਼ੱਕਤ 'ਚੋਂ ਨਿਕਲ ਕੇ ਉੱਚੇ ਰੂਹਾਨੀ ਮੰਡਲਾਂ ਵਾਲਾ ਮਰਤਬਾ ਹਾਸਲ ਕੀਤਾ ਸੀ। ਉਹ ਸਿਆਟਲ ਦੀ ਲੱਕੜ ਮਿੱਲ ਵਿਚ ਫੱਟੇ ਚਿਣਿਆ ਕਰਦਾ ਸੀ, ਪਰ ਮੈਟਰਿਕ ਪਾਸ ਹੋਣ ਕਾਰਣ ਉਹ ਆਪਣੇ ਆਪ ਨੂੰ ਹੋਰਾਂ ਨਾਲੋਂ ਉੱਚਾ ਸਮਝਿਆ ਕਰਦਾ ਸੀ, ਜੋ ਆਮ ਤੌਰ 'ਤੇ ਅਨਪੜ੍ਹ ਹੀ ਸਨ। ਜਦੋਂ ਰੂਹਾਨੀ ਜਗਿਆਸੂਆਂ ਦੀ ਸਭਾ ਨੇ ਉਹਨੂੰ ਆਪਣੇ ਧਰਮ ਬਾਰੇ ਤਕਰੀਰ ਕਰਨ ਦੀ ਦਾਅਵਤ ਦਿੱਤੀ ਸੀ ਤਾਂ ਉਹ ਜ਼ਰਾ ਝੇਂਪ ਜਿਹਾ ਗਿਆ ਸੀ ਕਿਉਂਕਿ ਅੰਗਰੇਜ਼ੀ ਉਹਨੂੰ ਗੁਲਾਬੀ ਜਿਹੀ ਹੀ ਆਉਂਦੀ ਸੀ ਤੇ ਵਿਆਕਰਣਕ ਸੂਝ ਵਲੋਂ ਉਹਦਾ ਹੱਥ ਵਾਹਵਾ ਹੀ ਤੰਗ ਸੀ।

"ਝਿਜਕ ਨਾ", ਪ੍ਰਧਾਨ ਨੇ ਉਹਦੀ ਹੌਸਲਾ ਅਫਜ਼ਾਈ ਕਰਦਿਆਂ ਆਖਿਆ ਸੀ, "ਤੇਰੇ ਵਿਚ ਸ਼ਰਧਾ ਭਾਵ ਹੈ। ਅਸਲੀ ਗੱਲ ਤਾਂ ਸੁਨੇਹੇ ਦੀ ਰੂਹ ਹੁੰਦੀ ਹੈ। ਪੂਰਬੀ ਸਿਆਣਪ ਦੇ ਜਗਿਆਸੂਆਂ ਦਾ ਵਿਸ਼ਾਲ ਮੰਡਲ ਦੇਖ ਕੇ ਲਫਜ਼ ਤੈਨੂੰ ਆਪ ਮੁਹਾਰੇ ਔੜਦੇ ਜਾਣਗੇ।"

ਗੁਰਮੁਖ ਸਿੰਘ ਸਹਿਮਤ ਹੋ ਗਿਆ ਸੀ। ਉਹਨੇ ਗੁਰੂ ਨਾਨਕ ਦੇਵ ਹੋਰਾਂ ਬਾਰੇ ਨਿੱਕੀ ਜੇਹੀ ਤਕਰੀਰ ਕੀਤੀ ਸੀ, ਜਿਸ ਨੂੰ ਵਾਹਵਾ ਪ੍ਰਸੰਸਾ ਮਿਲੀ ਸੀ।

"ਜਦ ਤੇਰੇ ਕੋਲ ਏਨੀ ਸਿਆਣਪ ਹੈ", ਇਕ ਅੱਧਖੜ ਜੇਹੀ ਸੁਆਣੀ

ਮਿਸਿਜ਼ ਗ੍ਰਾਹਮ ਨੇ ਕਿਹਾ ਸੀ, "ਤਾਂ ਤੂੰ ਲੱਕੜ-ਮਿੱਲ 'ਚ ਆਪਣਾ ਵਕਤ ਕਿਉਂ ਬਰਬਾਦ ਕਰਦਾਂ ?"

"ਤੂੰ ਤਾਂ ਲੋਕਾਂ ਦੀ ਰੂਹਾਨੀ ਮਦਦ ਲਈ ਬਣਿਆਂ।" ਉਸ ਨੇ ਬੜੇ ਨਿੱਘ ਨਾਲ ਹੱਥ ਮਿਲਾਉਂਦਿਆਂ ਕਿਹਾ ਸੀ।

ਗੁਰਮੁਖ ਸਿੰਘ ਨੇ ਕਈ ਹੋਰ ਸਰੋਤਾ ਮੰਡਲੀਆਂ ਵਿਚ ਵੀ ਆਪਣਾ ਇਹੋ ਭਾਸ਼ਨ ਵਾਹਵਾ ਘੁਕਾਇਆ ਸੀ। ਹੌਲੀ ਹੌਲੀ ਉਹ ਆਪਣੇ ਭਾਸ਼ਣਾਂ ਵਿਚ ਵਾਧਾ ਕਰਦਾ ਗਿਆ ਤੇ ਇਕ ਪੇਸ਼ਾਵਰ ਰੂਹਾਨੀ ਰਹਿਨੁਮਾ ਦੇ ਤੌਰ 'ਤੇ ਉਹਦੀ ਪੈਂਠ ਸੁਹਣੀ ਜੰਮ ਗਈ ਸੀ। ... ...

ਜਦੋਂ ਮਲੂਕਾ ਤੇ ਉਹਦੇ ਤਿੰਨ ਸਾਥੀ ਗਰਾਂਡ ਹੋਟਲ ਪੁੱਜੇ ਤਾਂ ਨਿੱਕਾ ਜੇਹਾ ਹਾਲ ਲਗਪਗ ਭਰਿਆ ਹੀ ਪਿਆ ਸੀ ਅਤੇ ਉਹ ਪਿਛਲੀਆਂ ਸੀਟਾਂ 'ਤੇ ਜਾ ਬੈਠੇ। ਸਰੋਤੇ ਖੁਸ਼ਹਾਲ ਲੋਕ ਦਿੱਸਦੇ ਸਨ, ਉਹਨਾਂ ਵਿਚ ਕਾਫ਼ੀ ਸਾਰੀਆਂ ਖੁਸ਼ਪੋਸ਼ ਔਰਤਾਂ ਵੀ ਬਿਰਾਜਮਾਨ ਸਨ। ਗੁਰਮੁਖ ਸਿੰਘ ਪੁਨਰ-ਜਨਮ ਬਾਰੇ ਬੋਲਿਆ ਸੀ।

"ਪੁਨਰ ਜਨਮ", ਉਹਨੇ ਆਖਿਆ ਸੀ, "ਦੀ ਬੁਨਿਆਦ ਕਰਮ ਹਨ, ਜਿਸ ਦਾ ਅਰਥ ਹੈ, ਤੁਸੀਂ ਜੋ ਬੀਜਦੇ ਹੋ, ਉਹੀ ਵੱਢਦੇ ਹੋ। ਤੁਸੀਂ ਪਹੁਲੀ ਬੀਜ ਕੇ ਗੁਲਾਬ ਦੇ ਫੁੱਲਾਂ ਦੀ ਆਸ ਨਹੀਂ ਕਰ ਸਕਦੇ।"

ਸਰੋਤੇ ਸੰਮਤੀ ਵਿਚ ਸਿਰ ਹਿਲਾ ਰਹੇ ਸਨ।

"ਕਰਮ ਤੁਹਾਡੇ ਚੰਗੇ ਮਾੜੇ ਵਿਚਾਰਾਂ, ਕੰਮਾਂ, ਇੱਛਾਵਾਂ ਤੇ ਸੁਪਨਿਆਂ ਦਾ ਸਿੱਟਾ ਹੁੰਦੇ ਨੇ। ਮੌਤ ਵੇਲੇ ਤੁਹਾਡੀ ਦੇਹ ਵਿਨਸਦੀ ਹੈ, ਪਰ ਆਤਮਾ ਨਹੀਂ। ਆਤਮਾ ਪੁਨਰ-ਜਨਮ ਰਾਹੀਂ ਤੁਹਾਡੇ ਕਰਮਾਂ ਨੂੰ ਪਹਿਲੇ ਤੋਂ ਅਗਲੇ ਜਨਮ ਤਕ ਲਿਜਾਣ ਦਾ ਵਾਹਨ ਬਣਦੀ ਹੈ। ਜਦੋਂ ਤੀਕ ਤੁਹਾਡੀ ਆਤਮਾ ਵਿਸ਼ਵ-ਵਿਆਪੀ ਆਤਮਾ ਵਿਚ ਲੀਨ ਨਹੀਂ ਹੋ ਜਾਂਦੀ, ਇਹ ਬੇਅੰਤ ਚੱਕਰ ਚਲਦਾ ਰਹਿੰਦਾ ਹੈ। ਇਹ ਲੀਨਤਾ ਹੀ ਮੋਕਸ਼ ਹੈ।"

"ਜੇ ਤੁਸੀਂ ਦੁਖੀ ਤੇ ਗ਼ਰੀਬ ਹੋ, ਇਸ ਲਈ ਦੂਜਿਆਂ ਨੂੰ ਕਸੂਰਵਾਰ ਨਾ ਠਹਿਰਾਓ। ਆਪਣੇ ਆਪ ਨੂੰ ਕਸੂਰਵਾਰ ਸਮਝੋ ਤੇ ਹੋਰ ਚੰਗੇਰੇ ਕਰਮ ਕਰਨ ਦੀ ਕੋਸ਼ਿਸ਼ ਕਰੋ। ਇਸ ਤਰ੍ਹਾਂ ਅਗਲੇ ਜਨਮ ਵਿਚ ਤੁਹਾਡੀ ਦਸ਼ਾ ਸੁਧਰ ਸਕਦੀ ਹੈ।

"ਜੇ ਅਮੀਰ ਸੁਖਦਾਈ ਜੀਵਨ ਬਸਰ ਕਰਦੇ ਹਨ, ਉਹਨਾਂ ਨਾਲ ਈਰਖਾ

ਨਾ ਕਰੋ। ਇਹ ਉਹਨਾਂ ਦਾ ਹੱਕ ਹੈ। ਉਹਨਾਂ ਦੇ ਕਰਮਾਂ ਦਾ ਫਲ ਹੈ।

"ਤੁਸੀਂ ਵਿਗਿਆਨਕ ਵਿਧੀ ਨਾਲ ਪੁਨਰ-ਜਨਮ ਦੇ ਸਿਧਾਂਤ ਨੂੰ ਸਿੱਧ ਨਹੀਂ ਕਰ ਸਕਦੇ। ਨਾ ਹੀ ਇਸ ਨੂੰ ਰੱਦ ਕਰ ਸਕਦੇ ਹੋ। ਪਰ ਜਦੋਂ ਤੁਹਾਨੂੰ ਇਹਦਾ ਅਨੁਭਵ ਹੋ ਜਾਏ ਤਾਂ ਹੋਰ ਕਿਸੇ ਸਬੂਤ ਦੀ ਲੋੜ ਨਹੀਂ ਰਹਿ ਜਾਂਦੀ।"

"ਮੈਨੂੰ ਇਸ ਗੱਲ ਦਾ ਗਿਆਨ ਹੈ, ਕਿਉਂਕਿ ਇਹ ਮੇਰਾ ਅਨੁਭਵ ਹੈ।"

"ਆਪਣੀ ਤਕਰੀਰ ਦੀ ਸਮਾਪਤੀ 'ਤੇ ਗੁਰਮੁਖ ਸਿੰਘ ਨੇ ਚੰਦਾ ਇਕੱਠਾ ਕਰਨ ਲਈ ਟੋਕਰੀ ਫੇਰੀ। ਦਰਮਿਆਨ ਦੇ ਲਾਘੇ ਵਿਚੋਂ ਅਗਾਂਹ ਜਾਣ ਤੋਂ ਪਹਿਲਾਂ ਉਸ ਨੇ ਇਹ ਐਲਾਨ ਕੀਤਾ : ਜੋ ਤੁਸੀਂ ਛਾਬੇ ਵਿਚ ਪਾਓਗੇ, ਉਹ ਤੁਹਾਡਾ ਧਨ ਨਹੀਂ। ਇਹ ਮੇਰਾ ਤੁਹਾਡੇ ਸਿਰ ਪਿਛਲੇ ਜਨਮ ਦਾ ਰਿਣ ਹੈ। ਤੁਹਾਨੂੰ ਉਹ ਰਿਣ ਚੁਕਾਉਣ ਦਾ ਮੌਕਾ ਹੱਥ ਲੱਗਾ ਹੈ। ਇਸ ਤੋਂ ਮੁਕਤ ਹੋਣ ਲਈ ਉਦਾਰਤਾ ਤੋਂ ਕੰਮ ਲਵੋ।" ... ...

"ਰੂਹ-ਹਿਲਾਊ ਵਿਖਿਆਨ ਲਈ ਮੁਬਾਰਕਾਂ।" ਭਗਤ ਸਿੰਘ ਨੇ ਵਿਅੰਗ ਨਾਲ ਆਖਿਆ।

"ਤੂੰ ਆਪਣੀ ਡਾਕਟਰੇਟ ਕਿੱਥੇ ਕੀਤੀ ਸੀ?"

"ਇਹ ਮੈਂ ਆਪਣੇ ਆਪ ਨੂੰ ਆਪੇ ਬਖ਼ਸ਼ੀ ਸੀ।" ਦੇਵੀ ਚੇਹਰੇ ਵਾਲੇ ਸ਼ੇਰ ਨੇ ਬਿਨਾਂ ਕਿਸੇ ਸੰਗ ਸ਼ਰਮ ਦੇ ਆਖਿਆ।

"ਇਹਦੇ ਨਾਲ ਕਿਸੇ ਨੂੰ ਕੋਈ ਦੁੱਖ ਨਹੀਂ ਹੁੰਦਾ।" ਉਸ ਨੇ ਬੜੀ ਤਸੱਲੀ ਨਾਲ ਆਖਿਆ, "ਅਤੇ ਮੇਰਾ ਵਕਾਰ ਚਰੂਰ ਬਣਦੈ।"

"ਜਿਸ ਢੰਗ ਨਾਲ ਤੂੰ ਕਰਮ-ਸਿਧਾਂਤ ਨੂੰ ਤੋੜ ਮਰੋੜ ਕੇ ਪੇਸ਼ ਕੀਤਾ, ਇਹ ਸ਼ਰਮਨਾਕ ਗੱਲ ਹੈ।" ਦੀਨਾ ਨਾਥ ਨੇ ਆਪਣੀ ਨਫ਼ਰਤ ਨੂੰ ਕਾਬੂ ਹੇਠ ਰੱਖਣ ਦੀ ਕੋਸ਼ਿਸ਼ ਕਰਦਿਆਂ ਕਿਹਾ। "ਇਹ ਕਾਰਨ ਤੇ ਪ੍ਰਭਾਵ 'ਤੇ ਆਧਾਰਿਤ ਗਤੀਸ਼ੀਲ ਫ਼ਲਸਫ਼ਾ ਹੈ। ਇਹਨੂੰ ਬੰਦੇ ਨੂੰ ਆਪਣਾ ਮਾਲਿਕ ਖ਼ੁਦ ਬਣਨ ਦਾ ਹੌਸਲਾ ਦੇਣਾ ਚਾਹੀਦੈ। ਤੇ ਤੂੰ ਇਹਨੂੰ ਅਮੀਰਾਂ ਦੀ ਦੌਲਤ ਤੇ ਗ਼ਰੀਬਾਂ ਦੀ ਜ਼ਿੱਲਤ ਨੂੰ ਹੱਕ-ਬਜਾਨਬ ਸਿੱਧ ਕਰਨ ਲਈ ਵਰਤਿਆ। ਤਾਂ ਹੀ ਤੇਰੀ ਬੈਂਤ ਦੀ ਟੋਕਰੀ ਡਾਲਰਾਂ ਨਾਲ ਭਰ ਗਈ।"

"ਲਾਈਲੱਗ ਗੋਰਿਆਂ ਨੂੰ ਲੁੱਟਣ ਲਈ ਇਸ ਸ਼ਾਨਦਾਰ ਦਰਸ਼ਨ ਦੀ ਵਰਤੋਂ

ਕਰਨੀ ਨਿਰਾ ਬਲੱਜਪੁਣਾ ਹੈ।" ਭਗਵਾਨ ਦਾਸ ਨੇ ਕਿਹਾ।

"ਠੀਕ ਹੈ।" ਗੁਰਮੁਖ ਸਿੰਘ ਨੇ ਸਰਸਰੀ ਜਿਹਾ ਜੁਆਬ ਦਿੱਤਾ, "ਇਹ ਗੋਰੇ ਵੀ ਸਾਨੂੰ ਦੋ ਸਦੀਆਂ ਲੁੱਟਦੇ ਰਹੇ ਨੇ, ਜੇ ਮੈਂ ਚਰਾ ਭਰ ਇਹਨਾਂ ਨੂੰ ਲੁੱਟ ਲਿਆ ਤਾਂ ਤੁਸੀਂ ਕਿਉਂ ਘਾਬਰਦੇ ਹੋ?" ... ...

ਮਲੂਕੇ ਨੇ ਐਡਮੰਟਨ ਦੇ ਸਿੱਖਿਆ ਵਿਭਾਗ ਵਿਚ ਜਿਹੜੇ ਕੋਰਸ ਪੜ੍ਹੇ ਸਨ, ਉਹ ਵਿਕਸਿਤ ਮਨੋਵਿਗਿਆਨ ਤੇ ਅੰਕੜਾ ਵਿਗਿਆਨ ਤੋਂ ਬਿਨਾਂ ਬਾਕੀ ਸਭ ਕੈਲੀਫੋਰਨੀਆ ਯੂਨੀਵਰਸਿਟੀ ਵਿਚ ਹਾਈ ਸਕੂਲ ਦੇ ਪ੍ਰਿੰਸੀਪਲਾਂ ਤੇ ਵਿਦਿਅਕ ਪ੍ਰਬੰਧਕ ਦੀ ਸਿਖਲਾਈ ਲਈ ਤਿਆਰੀ ਦੇ ਅਨੁਕੂਲ ਸਨ। ਪਰ ਇਮਤਿਹਾਨ ਦਾ ਤਰੀਕਾ ਮੁੱਖ ਤੌਰ 'ਤੇ 'ਵਸਤੂ-ਮੁਖੀ-ਪਰਖ' 'ਤੇ ਆਧਾਰਿਤ ਸੀ, ਜੋ ਗਿਆਨ ਨਾਲੋਂ ਵਧੇਰੇ ਸੂਚਨਾਵਾਂ ਦੀ ਮੰਗ ਕਰਦਾ ਸੀ। ਮਲੂਕਾ ਨਿਬੰਧਮੁਖੀ ਵਿਧੀ ਦਾ ਆਦੀ ਹੋਣ ਕਾਰਨ ਇਸ ਨੂੰ ਬਹੁਤ ਜ਼ਿਆਦਾ ਨਾ-ਪਸੰਦ ਕਰਦਾ ਸੀ। ਸਿੱਟੇ ਵਜੋਂ ਉਹ ਸਾਰੇ ਮਜ਼ਮੂਨਾਂ ਵਿਚੋਂ ਏ ਗਰੇਡ ਨਾ ਲੈ ਸਕਿਆ ਤੇ ਉਹਨੂੰ ਦੂਜੀ ਛਿਮਾਹੀ ਦੀ ਦੋ ਸੌ ਡਾਲਰ ਫੀਸ ਤਾਰਨੀ ਪੈਣੀ ਸੀ। ਇਸ ਦਾ ਅਰਥ ਇਹ ਸੀ ਕਿ ਰੋਟੀ ਲਈ ਉਹਨੂੰ ਕੰਮ ਦੀ ਤਲਾਸ਼ ਕਰਨੀ ਪੈਣੀ ਸੀ।

ਯੂਨੀਵਰਸਿਟੀ ਦੇ ਲਾਗੇ ਬਾਸਿਲ ਯੂਨਾਨੀ ਰੈਸਤੋਰਾਂ ਸੀ। ਉਹ ਮਧਰਾ, ਗਠੀਲਾ ਤੇ ਖ਼ੁਸ਼ ਰਹਿਣਾ ਬੰਦਾ ਸੀ।

"ਮੈਂ ਰੋਟੀ 'ਤੇ ਕੰਮ ਕਰਨ ਨੂੰ ਤਿਆਰ ਹਾਂ।" ਮਲੂਕੇ ਨੇ ਆਖਿਆ ਸੀ।

"ਤੂੰ ਪੜ੍ਹਿਆ ਲਿਖਿਆ ਯੁਵਕ ਏਂ, ਬਹਿਰਾਗੀਰੀ ਕਰਨੀ ਪਸੰਦ ਕਰੇਂਗਾ?"

"ਇਹ ਤਾਂ ਨਹੀਂ।"

"ਪਰ ਖਾਣੇ ਤੋਂ ਇਲਾਵਾ ਤੈਨੂੰ ਬਖ਼ਸ਼ੀਸ਼ ਵੀ ਮਿਲ ਜਾਇਆ ਕਰੇਗੀ।"

"ਇਹ ਮੈਨੂੰ ਪਤੈ, ਪਰ ਮੈਂ ਮੰਗਤਿਆਂ ਵਾਂਗ ਹੱਥ ਨਹੀਂ ਫੈਲਾ ਸਕਦਾ।"

"ਬੜਾ ਅਜੀਬ ਆਦਮੀ ਏਂ ਤੂੰ। ਭਾਂਡੇ ਮਾਂਜੇਂਗਾ?"

"ਹਾਂ।"

"ਚੰਗਾ ਇਕ ਘੰਟੇ ਦੇ ਕੰਮ ਬਦਲੇ ਤੈਨੂੰ ਖਾਣਾ ਮਿਲ ਜਾਇਆ ਕਰੇਗਾ।"

ਮਲੂਕੇ ਨੇ ਰੋਟੀ ਕਮਾਉਣ ਤੋਂ ਬਿਨਾਂ ਸੂਪ ਤਿਆਰ ਕਰਨ ਦੀ ਕਲਾ ਵੀ ਸਿਖ ਲਈ ਸੀ। ਇਸ ਤੋਂ ਮਗਰੋਂ ਉਹਨੂੰ ਸੂਪ ਕਦੇ ਮੁੱਲ ਨਹੀਂ ਲੈਣਾ ਪਿਆ ਸੀ।

... ...

ਅਕਾਦਮਿਕ ਵਰ੍ਹਾ ਮੁੱਕਣ ਮਗਰੋਂ ਮਲੂਕੇ ਨੇ ਵਾਪਿਸ ਕੈਨੇਡਾ ਆ ਕੇ ਟਰਾਂਟੋ ਯੂਨੀਵਰਸਿਟੀ ਵਿਖੇ ਆਪਣੀ ਪੀ. ਐਚ. ਡੀ. ਦੀ ਪੜ੍ਹਾਈ ਪੂਰੀ ਕਰਨ ਦਾ ਮਨ ਬਣਾ ਲਿਆ ਸੀ, ਪਰ ਇਸ ਤੋਂ ਪਹਿਲਾਂ ਉਹਨੂੰ ਪੈਸੇ ਜੋੜਨੇ ਪੈਣੇ ਸਨ।

ਵਧ ਰਹੀ ਬੇਕਾਰੀ ਦੇ ਬਾਵਜੂਦ ਉਹਨੂੰ ਮਾਰਸਵਿਲੇ ਨੇੜੇ ਦੇ ਬਾਗ਼ਾਂ ਵਿਚ ਮੌਸਮੀ ਕੰਮ ਲੱਭਣ ਵਿਚ ਕੋਈ ਦਿੱਕਤ ਨਹੀਂ ਸੀ ਪੇਸ਼ ਆਈ। ਪੰਜਾਬੀਆਂ ਦੀਆਂ ਟੋਲੀਆਂ ਖੇਤਾਂ ਵਿਚ ਕੰਮ ਕਰਦੀਆਂ ਸਨ ਜਾਂ ਬਾਗ਼ਾਂ ਵਿਚ। ਉਹ ਢਾਰਿਆਂ ਜਾਂ ਜ਼ਰਾ ਵਧੇਰੇ ਪਾਇਦਾਰ ਕੁਆਰਟਰਾਂ ਵਿਚ ਰਹਿੰਦੇ ਹੁੰਦੇ ਸਨ ਤੇ ਬ੍ਰਿਟਿਸ਼ ਕੋਲੰਬੀਆ ਦੀਆਂ ਲੱਕੜ-ਮਿੱਲਾਂ ਵਾਂਗ ਰਲ ਕੇ ਲੰਗਰ ਤਿਆਰ ਕਰਦੇ ਹੁੰਦੇ ਸਨ।

ਮਾਰਸਵਿਲੇ ਦੇ ਨੇੜੇ ਲਾਈਵ-ਓਕ ਵਿਖੇ ਮਲੂਕੇ ਨੂੰ ਆੜੂਆਂ ਦੇ ਰੁੱਖ ਛਿੱਦਰੇ ਕਰਨ ਦਾ ਕੰਮ ਮਿਲ ਗਿਆ ਤੇ ਉਹ ਇਹਦੇ ਨਾਲ ਰਲਦੇ ਮਿਲਦੇ ਹੋਰ ਨਿੱਕੇ-ਮੋਟੇ ਕੰਮ ਵੀ ਕਰਦਾ ਰਿਹਾ ਸੀ ਤੇ ਫੇਰ ਡੱਬੇ ਬੰਦ ਕਰਨ ਲਈ ਵੱਡੇ ਵੱਡੇ ਰੰਗ ਬਰੰਗੇ ਗੁੱਦੇਦਾਰ ਆੜੂ ਤੋੜਨ ਦੀ ਵਾਰੀ ਆ ਗਈ। ਇਹ ਬੜਾ ਔਖਾ ਕੰਮ ਸੀ। ਬਾਗ਼-ਮਾਲਿਕ ਨੇ ਆੜੂਆਂ ਦਾ ਭਾਰ ਵਧਾਉਣ ਲਈ ਬਾਗ਼ ਵਿਚ ਪਾਣੀ ਦਾ ਹੜ੍ਹ ਵਗਾ ਦਿੱਤਾ ਸੀ ਤੇ ਮੁੜ੍ਹਕੇ ਮੁੜ੍ਹਕਾ ਹੋਏ ਬੰਦੇ ਆਪਣੀਆਂ ਪੌੜੀਆਂ ਬਾਲਟੀਆਂ ਸੰਭਾਲੀ ਫਲ ਨੂੰ ਛੇਤੀਂ ਤੋਂ ਛੇਤੀਂ ਮੰਡੀ ਪਹੁੰਚਾਉਣ ਲਈ ਕਾਫ਼ੀ ਲੰਮਾ ਸਮਾਂ ਫਲ ਤੋੜਨ ਵਿਚ ਜੁਟੇ ਰਹਿੰਦੇ ਸਨ।

56

ਖ਼ੂਬਸੂਰਤ ਠਾਠ ਵਾਲੀਆਂ ਇਮਾਰਤਾਂ—ਹਾਰਟ ਭਵਨ, ਟ੍ਰਿਨਿਟੀ ਕਾਲਜ ਦੇ ਵਿਸ਼ਾਲ ਹਰੇ ਆਂਗਣ ਦੇ ਕਿਨਾਰੇ ਉਸਰੀ ਲਾਇਬਰੇਰੀ ਵਾਲੀ ਟਰਾਂਟੋ ਯੂਨੀਵਰਸਿਟੀ ਦਾ ਸ਼ਾਂਤ ਤੇ ਗੰਭੀਰ ਮਾਹੌਲ ਇੰਗਲੈਂਡ ਦੇ ਪੁਰਾਤਨ ਵਿਦਿਆ ਕੇਂਦਰਾਂ ਦੀ ਯਾਦ ਤਾਜ਼ਾ ਕਰਦਾ ਸੀ।

ਅਮਰੀਕਾ ਦੇ ਭੀੜ-ਭੜੱਕੇ ਵਾਲੇ ਸ਼ੋਰੀਲੇ ਸ਼ਹਿਰਾਂ ਦੇ ਟਾਕਰੇ 'ਤੇ ਟਰਾਂਟੋ

ਇਕ ਛੋਟਾ ਜਿਹਾ ਸ਼ਾਂਤ ਨਗਰ ਸੀ। ਆਪਣੀਆਂ ਸੰਜਮੀ ਕਦਰਾਂ ਲਈ ਪ੍ਰਸਿੱਧ ਹੋਣ ਕਾਰਨ ਇਸ ਨੂੰ 'ਬੀਬਾ ਟਰਾਂਟੋ' ਆਖਿਆ ਜਾਂਦਾ ਸੀ। ਇਸ ਦੇ ਕੇਂਦਰ ਵਿਚ ਬੈਂਕਾਂ, ਹੋਟਲਾਂ ਤੇ ਹੋਰ ਵਣਜੀ ਕੇਂਦਰਾਂ ਦੀਆਂ ਕਈ ਪ੍ਰਭਾਵਸ਼ਾਲੀ ਇਮਾਰਤਾਂ ਸਨ ਤੇ ਰਤਾ ਕੁ ਪਰੇਡੇ ਟਰਾਂਟੋ ਝੀਲ ਸੁਭਾਇਮਾਨ ਸੀ। ਇਸ ਦੀ ਛਿਦਰੀ ਜੇਹੀ ਵਸੋਂ ਸਭਨੀਂ ਪਾਸੀਂ ਫੈਲੀ ਹੋਈ ਸੀ। ਵਪਾਰਕ ਕੇਂਦਰ ਤੋਂ ਦੂਰ ਬਹੁਤ ਵਧੀਆ ਦਿੱਖ ਵਾਲੇ ਵੱਡੇ ਵੱਡੇ ਵਿਕਟੋਰੀਅਨ ਘਰ ਸਨ ਤੇ ਉਹਨਾਂ ਤੋਂ ਪਾਰ ਖ਼ੂਬਸੂਰਤ ਰਿਹਾਇਸ਼ੀ ਖੇਤਰ ਸੀ। ਪੂਰਬੀ ਕੈਨੇਡਾ ਵਿਚ ਸਥਿਤ ਹੋਣ ਦੇ ਬਾਵਜੂਦ ਟਰਾਂਟੋ ਅੰਗਰੇਜ਼ੀ ਭਾਸ਼ੀ ਕੈਨੇਡਾ ਦਾ ਬੌਧਿਕ ਤੇ ਵਪਾਰਕ ਕੇਂਦਰ ਬਣ ਗਿਆ ਸੀ।

ਮਲੂਕਾ 1935 ਵਿਚ ਬਲੈਟ ਸਟਰੀਟ ਵਿਚ ਵਾਕਿਆ ਓਂਤਾਰੀਓ ਕਾਲਜ ਆਫ਼ ਐਜੂਕੇਸ਼ਨ ਵਿਚ ਦਾਖ਼ਲ ਹੋਇਆ ਸੀ ਤੇ ਉਸ ਨੇ ਪ੍ਰੋਫੈਸਰ ਪੀਟਰ ਸੈਂਡੀਫੋਰਡ ਦੀ ਨਿਗਰਾਨੀ ਹੇਠ ਆਪਣੀ ਪੀ. ਐਚ. ਡੀ. ਦੇ ਜਿਸ ਖੋਜ ਵਿਸ਼ੇ ਦੀ ਚੋਣ ਕੀਤੀ ਸੀ, ਉਹ ਸੀ ਜਾਹਨ ਡੀਊਈ ਦਾ ਦਰਸ਼ਨ : ਭਾਰਤ ਲਈ ਇਸ ਦੀ ਸਾਰਥਿਕਤਾ।

ਮਲੂਕੇ ਨੇ ਕੰਮ-ਕਾਜੀ ਰੌਣਕ ਨਾਲ ਉਮਲ੍ਹਦੇ ਸ਼ਹਿਰ ਟਰਾਂਟੋ ਵਿਚ ਆਪਣੀ ਜ਼ਿੰਦਗੀ ਦੇ ਸੱਤ ਪ੍ਰੇਰਨਾ ਭਰੇ ਵਰ੍ਹੇ ਬਿਤਾਏ ਸਨ। ਉਸ ਨੂੰ ਇਸ ਸ਼ਹਿਰ ਨਾਲ ਡੂੰਘਾ ਮੋਹ ਹੋ ਗਿਆ ਸੀ। ਇੱਥੇ ਦੀ ਜ਼ਿੰਦਗੀ ਨੇ ਉਹਨੂੰ ਉਸ ਕੋਮਲ ਤਲ ਤੋਂ ਛੂਹਿਆ ਸੀ, ਜਿਸ ਸਾਹਵੇਂ ਭਾਸ਼ਾ ਅਬੋਲ ਹੁੰਦੀ ਹੋਈ ਵੀ ਆਪਣੀ ਆਤਮ-ਮੁਗਧਤਾ ਦੀ ਬੇਕਰਾਰੀ ਵਿਚ ਉਚਾਰ ਲਈ ਮਜਬਰ ਹੋ ਜਾਂਦੀ ਹੈ। ਪਹਿਲੇ ਚੋ ਵਰ੍ਹੇ ਡੂੰਘੇ ਅਧਿਐਨ ਨੂੰ ਸਮਰਪਿਤ ਸਨ ਤੇ ਸ਼ੋਧ-ਪ੍ਰਬੰਧ ਲਿਖਣ ਦਾ ਕੰਮ ਇਸ ਸਮੇਂ ਭਾਰੂ ਸੀ। ਅਗਲੇ ਪੰਜ ਵਰ੍ਹੇ ਉਹ ਇਕ ਲੇਖਕ, ਭਾਸ਼ਣਕਾਰ, ਕੈਨੇਡੀਅਨ ਬਰਾਡਕਾਸਟਿੰਗ ਕਾਰਪੋਰੇਸ਼ਨ ਦੇ ਬੁਲਾਰੇ ਤੇ ਟਰੇਡ ਯੂਨੀਅਨ ਜਥੇਬੰਦਕ ਦੇ ਤੌਰ 'ਤੇ ਕਈ ਕੰਮਾਂ ਵਿਚ ਮਸਰੂਫ਼ ਰਿਹਾ ਸੀ। ਕਾਫ਼ੀ ਲੰਮਾ ਸਮਾਂ ਉਹ ਨਵੇਂ ਸੰਸਾਰ-ਨਿਜ਼ਾਮ ਲਈ ਘੋਲ ਤੇ ਕਸ਼ਮਕਸ਼ ਵਿਚ ਸ਼ਰੀਕ ਰਿਹਾ ਸੀ ਤੇ ਉਸ ਨੇ ਬੜੀ ਸ਼ਿੱਦਤ ਨਾਲ ਇਸ ਦੀ ਪੂਰਤੀ ਦੀ ਕਾਮਨਾ ਕੀਤੀ ਸੀ। ਉਸ ਨੂੰ ਇਸ ਗੱਲ ਦਾ ਬੜਾ ਡੂੰਘਾ ਦੁੱਖ ਸੀ ਕਿ ਬੇਅੰਤ ਸੰਭਾਵਨਾਵਾਂ ਦੀ ਮੌਜੂਦਗੀ ਦੇ ਬਾਵਜੂਦ ਇਸ ਦੌਰ ਦੇ ਲੱਖਾਂ ਲੋਕ ਅਵਸਰ-ਵਿਹੂਣੇ ਰਹਿ ਜਾਣ ਲਈ ਮਜਬੂਰ ਸਨ। ਉਹਦੇ ਸਮਾਜਕ, ਰਾਜਸੀ ਤੇ ਆਰਥਿਕ ਵਿਚਾਰ ਹੁਣ ਪਰਪੱਕ ਹੋ ਕੇ ਮਜ਼ਬੂਤ ਮਾਨਤਾਵਾਂ ਬਣ ਗਏ ਸਨ ਤੇ ਉਹ ਇਹਨਾਂ

ਪ੍ਰਤੀ ਪੂਰੀ ਤਰ੍ਹਾਂ ਪ੍ਰਤਿਬੱਧ ਹੋ ਕੇ ਆਪਣੀਆਂ ਲਿਖਤਾਂ ਤੇ ਤਕਰੀਰਾਂ ਵਿਚ ਬੜੇ ਜ਼ੋਰ ਤੇ ਉਤਸ਼ਾਹ ਨਾਲ ਇਹਨਾਂ ਦਾ ਇਜ਼ਹਾਰ ਕਰਿਆ ਕਰਦਾ ਸੀ।

... ...

ਕਾਲਿਜ ਤੋਂ ਕੁਝ ਮਿੰਟਾਂ ਦੀ ਪੈਦਲ-ਚਾਲ ਦੀ ਵਿੱਥ ਤੇ ਹੈਰੂਨ ਸਟਰੀਟ ਵਿਚ ਮਲੂਕੇ ਨੂੰ ਲਾਲ-ਇੱਟਾਂ ਦੇ ਇਕ ਘਰ ਦੀ ਦੂਜੀ ਮੰਜ਼ਿਲ ਦੇ ਪਿਛਵਾੜੇ ਵਾਲਾ ਇਕ ਨਿਕਾ ਜਿਹਾ ਕਮਰਾ ਮਿਲ ਗਿਆ ਸੀ। ਇਸ ਦੇ ਤਿੰਨ ਚੌਥਾਈ ਹਿੱਸੇ ਵਿਚ ਇਕ ਮੰਜਾ, ਨਿੱਕਾ ਜਿਹਾ ਮੇਜ਼, ਢਿੱਲੀਆਂ ਚੂਲਾਂ ਵਾਲੀ ਕੁਰਸੀ ਤੇ ਇਕ ਬਿਜਲਈ ਤਵੇ ਦੀ ਵਿਵਸਥਾ ਸੀ। ਇਸਦੀ ਛੋਟੀ ਜਿਹੀ ਬਾਰੀ ਵਿਚੋਂ ਗੂੜ੍ਹੇ ਰੰਗ ਦੀਆਂ ਕਾਈ-ਜੰਮੀਆਂ ਸਲੇਟਾਂ ਵਾਲਾਂ ਛੱਤਾਂ ਦਾ ਲੰਮਾ ਸਿਲਸਿਲਾ ਨਜ਼ਰ ਆਉਂਦਾ ਸੀ। ਅੱਠ ਡਾਲਰ ਮਹੀਨੇ ਦਾ ਕਿਰਾਇਆ ਸੀ। ਕੁਝ ਮਹੀਨਿਆਂ ਵਿਚ ਹੀ ਮਾਲਕ-ਮਕਾਨ ਬਿੱਲ-ਮੈਟੇਲ ਉਹਦਾ ਚੰਗਾ ਦੋਸਤ ਬਣ ਗਿਆ ਸੀ।

"ਮਲੂਕਿਆ ਜੇ ਆਪਣਾ ਬਿਸਤਰਾ ਆਪ ਸੁਆਰ ਲਿਆ ਕਰੇਂ", ਬਿੱਲ ਨੇ ਮਿੱਠੀ ਮੁਸਕਰਾਹਟ ਨਾਲ ਕਿਹਾ ਸੀ, "ਤਾਂ ਮੈਂ ਤੇਰਾ ਕਿਰਾਇਆ ਘਟਾ ਕੇ ਮਹੀਨੇ ਦਾ ਛੇ ਡਾਲਰ ਕਰ ਸਕਦਾਂ।"

"ਸ਼ੁਕਰੀਆ ਮਿਸਟਰ ਮੈਟੇਲ।"

"ਗਲੀ ਦੇ ਦੂਜੇ ਬੰਨੇ ਇਕ ਛੋਟੀ ਜਿਹੀ ਕਰਿਆਨੇ ਦੀ ਦੁਕਾਨ ਹੈ ਜਿਥੋਂ ਤੂੰ ਮੀਟ ਤੋਂ ਬਿਨਾਂ ਜ਼ਰੂਰਤ ਦੀ ਹੋਰ ਹਰ ਸ਼ੈ ਲੈ ਸਕਨਾਂ। ਇਹ ਡੂੰਘੀ ਰਾਤ ਤੀਕ ਸਾਰਾ ਵਕਤ ਖੁੱਲ੍ਹੀ ਰਹਿੰਦੀ ਹੈ।"

"ਜੋਅ ਸਿਲਵਰਸਟੀਕ ਪੰਛੀਆਂ ਦੇ ਨਾਲ ਹੀ ਜਾਗ ਜਾਂਦਾ", ਮਿਸਟਰ ਮੈਟੇਲ ਨੇ ਅਗਾਂਹ ਆਖਿਆ ਸੀ, "ਤੇ ਆਪਣੀ ਕਾਲੀ-ਖਟਾਰਾ ਗੱਡੀ ਤਾਜ਼ਾ ਫਲ ਤੇ ਸਬਜ਼ੀਆਂ ਖਰੀਦਣ ਲਈ ਮੰਡੀ ਵੱਲ ਹੱਕ ਦਿੰਦੈ। ਤੈਨੂੰ ਉਸ ਤੋਂ ਵੱਧ ਤਾਜ਼ਾ ਤੇ ਸਵੱਲਾ ਮਾਲ ਹੋਰ ਕਿਤਿਓਂ ਨਹੀਂ ਮਿਲ ਸਕਦਾ।"

"ਇਹ ਤਾਂ ਬੜਾ ਲਾਹੇਵੰਦ ਸੌਦਾ ਰਹੇਗਾ।"

"ਤੇ ਜੇ ਤੇਰਾ ਕਦੇ ਕੁਝ ਬਾਹਰ ਖਾਣ ਨੂੰ ਮਨ ਕਰੇ ਤਾਂ ਅਗਲੀਆਂ ਚੌ ਗਲੀਆਂ ਵਿਚ 25 ਸੈਂਟਾਂ ਵਿਚ ਤਿੰਨ-ਪਕਵਾਨੀ ਭੋਜਨ ਪਰੋਸਣ ਵਾਲੇ ਕਈ ਛੋਟੇ-ਛੋਟੇ ਰੈਸਤੋਰਾਂ ਨੇ। ਤੈਨੂੰ ਉਥੇ ਯੂਨੀਵਰਸਿਟੀ ਦੇ ਹੋਰ ਅਨੇਕਾਂ ਵਿਦਿਆਰਥੀ ਵੀ

ਮਿਲ ਜਾਇਆ ਕਰਨਗੇ।"

"ਏਨੀ ਵਧੀਆ ਥਾਂ ਤੇ ਕਮਰਾ ਮਿਲ ਜਾਣਾ ਮੇਰੀ ਖ਼ੁਸ਼ਕਿਸਮਤੀ ਹੀ ਸਮਝੋ।"

ਬਿੱਲ ਮੈਟੇਲ ਦਰਮਿਆਨੇ ਜਿਹੇ ਕੱਦ ਵਾਲਾ ਛੀਟਕਾ ਜੇਹਾ ਆਦਮੀ ਸੀ। ਉਸਦੇ ਨਕਸ਼ ਤਿੱਖੇ, ਉਭਰਿਆ ਹੋਇਆ ਮੱਥਾ ਅਤੇ ਅੱਖਾਂ ਚਮਕਦਾਰ ਸਨ। ਕੰਮ ਉਹ ਅਲਮਾਰੀਆਂ ਬਣਾਉਣ ਦਾ ਕਰਦਾ ਹੁੰਦਾ ਸੀ। ਉਹਦੀ ਰਵਾਇਤੀ ਵਿਦਿਆ ਭਾਵੇਂ ਬਹੁਤੀ ਨਹੀਂ ਸੀ ਪਰੰਤੂ ਚਲੰਤ ਮਾਮਲਿਆਂ ਬਾਰੇ ਉਹਦੀ ਜਾਣਕਾਰੀ ਦਾ ਘੇਰਾ ਕਾਫ਼ੀ ਵਿਸ਼ਾਲ ਸੀ। ਵਿਹਲੇ ਵੇਲੇ ਉਹ ਅਖਬਾਰਾਂ ਤੇ ਕਿਤਾਬਾਂ ਪੜ੍ਹਨ ਦਾ ਸ਼ੌਕੀਨ ਸੀ। ਉਹਦੇ ਘਰ ਦਾ ਅਗਲਾ ਕਮਰਾ ਮੁਰੰਮਤ ਲਈ ਆਏ ਫਰਨੀਚਰ ਨਾਲ ਭਰਿਆ ਰਹਿੰਦਾ ਸੀ। ਖੁੱਲ੍ਹੀ ਰਸੋਈ ਉਹਦੀ ਤੇ ਉਹਦੇ ਫ੍ਰਾਂਸੀਸੀ ਕੈਨੇਡੀਅਨ ਭਾਈ-ਵਾਲ ਦੀ ਵਰਕਸ਼ਾਪ ਦਾ ਕੰਮ ਚਿੰਦੀ ਸੀ। ਉਹ ਤਿੰਨੋਂ ਜਣੇ—ਇਕ ਸਥਾਨਕ ਐਂਗਲੋ ਸੈਕਸ਼ਨ ਤੇ ਪ੍ਰੋਟੈਸਟੈਂਟ ਕੈਨੇਡੀਅਨ, ਇਕ ਕਿਊਬਿਕ ਸ਼ਹਿਰ ਦਾ ਫ੍ਰਾਂਸੀਸੀ ਕੈਥੋਲਿਕ ਤੇ ਇਕ ਪੰਜਾਬ ਤੋਂ ਆਇਆ ਸਿੱਖ ਵਿਦਿਆਰਥੀ ਕਈ ਵਰ੍ਹੇ ਇਕੋ ਘਰ ਵਿਚ ਬੜੇ ਸ਼ਾਂਤੀ ਭਰੇ ਆਪਣੀ ਤਾਲਮੇਲ ਦੇ ਮਾਹੌਲ ਵਿਚ ਇਕੱਠੇ ਰਹਿੰਦੇ ਰਹੇ ਸਨ। ਉਸ ਸਮੇਂ, ਜਦੋਂ ਟ੍ਰਾਂਟੋ ਬੜੇ ਜੋਸ਼-ਖਰੋਸ਼ ਨਾਲ ਬੋਇਨ ਦੀ ਜੰਗ ਦੀ ਸ਼ਾਨ ਦੇ ਸਿਮਰਤੀ ਗੀਤ ਗਾ ਰਿਹਾ ਸੀ, ਕਿਊਬਿਕ ਵੱਖਵਾਦੀਆਂ ਦੀਆਂ ਤਕਰੀਰਾਂ ਵਿਚ ਤਰਕ ਨਾਲੋਂ ਵੈਰ-ਭਾਵ ਦੀ ਸੁਰ ਵਧੇਰੇ ਗੂੰਜਵੀਂ ਸੁਣਾਈ ਦਿੰਦੀ ਸੀ ਅਤੇ ਜਦੋਂ ਭਾਰਤ ਦੀ ਜੰਗਿ ਆਜ਼ਾਦੀ ਵਧੇਰੇ ਤਿੱਖੇ ਦੌਰ ਵਿਚ ਦਾਖਲ ਹੋ ਚੁੱਕੀ ਸੀ।

... ...

1935 ਵਿਚ ਮਲੂਕਾ ਟ੍ਰਾਂਟੋ ਯੂਨੀਵਰਸਿਟੀ ਦਾ ਇਕੱਲਾ ਹੀ ਭਾਰਤੀ ਵਿਦਿਆਰਥੀ ਸੀ। ਸਾਰੇ ਸ਼ਹਿਰ ਵਿਚ ਹੀ ਦੂਜਾ ਭਾਰਤੀ ਹਰੀ ਸਿੰਘ ਸੀ, ਜੋ ਪਹਿਲੀ ਆਲਮੀ ਜੰਗ ਵਿਚ ਲੜ ਚੁਕਾ ਹੋਇਆ ਸੀ ਤੇ ਆਮ ਕਰ ਕੇ ਆਪਣੇ ਫੌਜੀ ਸਾਥੀਆਂ ਨਾਲ ਸੰਪਰਕ ਰੱਖਣ ਤੀਕ ਹੀ ਸੀਮਿਤ ਰਹਿੰਦਾ ਸੀ।

ਮਲੂਕੇ ਦੀ ਇਕੱਲ ਉਹਨੂੰ ਆਪਣੀ ਪੀ. ਐਚ. ਡੀ. ਦੇ ਥੀਸਿਸ ਦੀ ਲਿਖਾਈ ਵਿਚ ਹੋਰ ਵੀ ਪੂਰੀ ਤਨਦਿਹੀ ਨਾਲ ਜੁੱਟ ਜਾਣ ਦੀ ਪ੍ਰੇਰਨਾ ਦਿੰਦੀ ਸੀ।

ਨਾਲੇ ਸਿਆਲ ਵੀ ਬੜਾ ਠੰਢਾ ਸੀ। ਕਈ ਮਹੀਨੇ ਲਗਾਤਾਰ ਬਰਫਬਾਰੀ ਜਾਰੀ ਰਹਿਣ ਕਾਰਨ, ਮਲੂਕਾ ਅੰਦਰੇ ਆਪਣੀਆਂ ਕਿਤਾਬਾਂ ਵਿਚ ਹੀ ਰੁੱਝੇ ਰਹਿਣ

ਨੂੰ ਤਰਜੀਹ ਦਿੰਦਾ ਸੀ।

ਸ੍ਰੀਮਤੀ ਰੌਬਰਟਸਨ ਇਕ ਦਿਆਲੂ ਤੇ ਮਹਿਮਾਨ ਨਿਵਾਜ਼ ਸੁਆਣੀ ਸੀ ਭਾਵੇਂ ਉਹਦੇ ਗਰਦਨ ਪਿੱਛੇ ਘੁਟ ਕੇ ਜੂੜੀ ਵਿਚ ਬੰਨ੍ਹੇ ਸਫੈਦ ਹੋ ਰਹੇ ਵਾਲ ਤੇ ਨਾਰੀ-ਸੌਂਦਰਯ ਲਈ ਕਿਸੇ ਬਣਾਉਟੀ ਸ਼ਿੰਗਾਰ ਤੋਂ ਪੂਰਾ ਪਰਹੇਜ਼ ਉਹਦੀ ਬਾਹਰਲੀ ਦਿੱਖ ਨੂੰ ਜ਼ਰਾ ਕਠੋਰਤਾ ਦਾ ਪ੍ਰਭਾਵ ਪ੍ਰਦਾਨ ਕਰਦਾ ਜਾਪਦਾ ਸੀ। ਉਹ ਯੂਨੀਵਰਸਿਟੀ ਦੇ ਵਿਦੇਸ਼ੀ ਵਿਦਿਆਰਥੀਆਂ ਨੂੰ ਚਾਹ ਦੀ ਦਾਅਵਤ ਦਿਆ ਕਰਦੀ ਤੇ ਉਨ੍ਹਾਂ ਨੂੰ ਆਪਣੀਆਂ ਸਹੇਲੀਆਂ ਨਾਲ ਪ੍ਰੀਚਿਤ ਕਰਵਾਇਆ ਕਰਦੀ ਸੀ। ਉਹ ਉਹਨਾਂ ਨੂੰ ਆਪਣੀਆਂ ਬਦੇਸ਼ੀ ਪੁਸ਼ਾਕਾਂ ਵਿਚ ਆਉਣ ਦੀ ਪ੍ਰੇਰਨਾ ਦਿਆ ਕਰਦੀ ਅਤੇ ਆਪਣੇ ਨਾਲ ਗਿਰਜੇ ਲਿਜਾ ਕੇ ਉਨ੍ਹਾਂ ਨੂੰ ਕੈਨੇਡਾ ਬਾਰੇ ਆਪਣੇ ਪ੍ਰਭਾਵ ਦੱਸਣ ਲਈ ਆਖਿਆ ਕਰਦੀ ਸੀ।

ਮਲੂਕਾ ਆਪਣੇ ਆਪ ਨੂੰ ਕੈਨੇਡੀਅਨ ਹੀ ਸਮਝਦਾ ਤੇ ਸਦਾ ਆਪਣਾ ਪੁਰਾਣਾ ਕੈਨੇਡੀਅਨ ਸੂਟ ਪਹਿਨ ਕੇ ਹੀ ਆਇਆ ਕਰਦਾ ਸੀ।

"ਮਲੂਕਿਆ, ਤੁਹਾਡੇ ਦੇਸੀ ਕਪੜੇ ਕਿਹੋ ਜਿਹੇ ਹੁੰਦੇ ਨੇ", ਇਕ ਸੁਆਣੀ ਨੇ ਪੁੱਛਿਆ ਸੀ, "ਤੂੰ ਕਦੇ ਉਹ ਪਹਿਨ ਕੇ ਕਿਉਂ ਨਹੀਂ ਆਉਂਦਾ ?"

"ਮੇਰੀ ਸੁਦੇਸ਼ੀ ਪੁਸ਼ਾਕ ਬਾਰੇ ਬਹੁਤਾ ਕੁਝ ਕਿਹਾ ਨਹੀਂ ਜਾ ਸਕਦਾ।" ਤੇ ਉਸਨੇ ਝਿਜਕਦੇ ਹੋਏ ਨੇ ਕਿਹਾ ਸੀ, "ਉਸ ਵਿਚ ਵੇਖਣ ਵਾਲਾ ਤੇ ਕੁਝ ਸ਼ਾਇਦ ਹੁੰਦਾ ਹੀ ਨਹੀਂ।"

"ਇਹ ਮਹਾਤਮਾ ਗਾਂਧੀ ਦੀ ਪੁਸ਼ਾਕ ਨਾਲੋਂ ਕੁਝ ਵੱਖਰੀ ਹੁੰਦੀ ਏ ?" ਇਕ ਹੋਰ ਖ਼ੁਸ਼ਪੋਸ਼ ਸੁਆਣੀ ਨੇ ਜਥੇ ਵਾਲੀ ਆਵਾਜ਼ ਵਿਚ ਪੁੱਛਿਆ।

"ਹਾਂ ਮੈਡਮ, ਇਹ ਉਸ ਨਾਲੋਂ ਵੀ ਸੰਕੁਚਵੀਂ ਹੁੰਦੀ ਏ।"

ਉਹ ਸੁਆਣੀ ਹਲਕੇ ਫੁਲਕੇ ਅੰਦਾਜ਼ ਵਿਚ ਇਹ ਦੱਸਦੀ ਰਹੀ ਸੀ ਕਿ ਜਦੋਂ ਮਹਾਤਮਾ ਗਾਂਧੀ ਲੰਡਨ ਵਿਚ ਭਾਰਤੀ ਗੋਲਮੇਜ਼ ਕਾਨਫ਼ਰੰਸ ਵਿਚ ਸ਼ਾਮਿਲ ਹੋਣ ਗਿਆ ਸੀ ਤਾਂ ਇਕ ਪੱਤਰਕਾਰ ਨੇ ਉਸ ਨੂੰ ਪੁੱਛਿਆ ਸੀ ਕਿ ਕੀ ਉਹ ਸ਼ਾਹੀ ਦਾਅਵਤ 'ਤੇ ਜਾਣ ਲਈ ਪੱਛਮੀ ਸੂਟ ਪਾਏਗਾ ?

"ਬਿਲਕੁਲ ਨਹੀਂ", ਗਾਂਧੀ ਨੇ ਉੱਤਰ ਦਿੱਤਾ ਸੀ। "ਮੈਂ ਕਿਸਾਨ ਭਾਰਤ ਦਾ ਪ੍ਰਤੀਨਿਧ ਹਾਂ ਤੇ ਕਿਸਾਨਾਂ ਵਾਲੇ ਹੀ ਕੱਪੜੇ ਪਾਉਂਦਾ ਹਾਂ। ਨਾਲੇ", ਉਸ ਨੇ

ਸ਼ਰਾਰਤੀ ਮੁਸਕ੍ਰਾਹਟ ਨਾਲ ਕਿਹਾ ਸੀ, "ਬਾਦਸ਼ਾਹ ਨੇ ਸਾਡੇ ਦੇਹ' ਜੋਗੇ ਹੀ ਕਾਫ਼ੀ ਕੱਪੜੇ ਪਹਿਨੇ ਹੋਏ ਹੋਣਗੇ।"

"ਤਾਂ ਤੂੰ ਆਪਣੀ ਦੇਸੀ ਪੁਸ਼ਾਕ ਪਾ ਕੇ ਬਿਸ਼ੱਕ ਕਦੇ ਨਾ ਆਈਂ।" ਮਿਸਿਜ਼ ਰੌਬਰਟਸਨ ਨੇ ਡੂੰਘੀ ਚਿੰਤਾ ਨਾਲ ਆਖਿਆ ਸੀ, "ਹੋਰ ਐਵੇਂ ਠੰਢ ਲੁਆ ਬਹੇਂਗਾ।" ... ...

ਮਿਸਟਰ ਮੈਟੇਲ ਨੂੰ ਬਹਾਰ ਰੁੱਤ ਦੀ ਕੋਸੀ ਸ਼ਾਮ ਵੇਲੇ ਆਪਣੇ ਘਰ ਦੇ ਬਾਹਰਲੇ ਬਰਾਂਡੇ ਵਿਚ ਪੁਰਾਣੀ ਝੂਲਵੀਂ ਕੁਰਸੀ 'ਤੇ ਬੈਠ ਕੇ ਆਪਣੇ ਪੁਰਾਣੇ ਢਕੁੰਜਦਾਰ ਭੂਰੇ ਪਾਈਪ ਦੇ ਸੂਟੇ ਖਿੱਚਣੇ ਚੰਗੇ ਲੱਗਦੇ ਸਨ। ਉਹਨੂੰ ਗਲੀ ਵਿਚ ਆਉਂਦੇ ਜਾਂਦੇ ਲੋਕ ਤੱਕਣੇ ਤੇ ਆਪਣੇ ਵਾਕਿਫ਼ਾਂ ਨੂੰ ਨਿੱਘੀ ਦੁਆ-ਸਲਾਮ ਕਰਨ ਦਾ ਸ਼ੌਕ ਸੀ।

"ਮਲੂਕਿਆ, ਸਾਰਾ ਦਿਨ ਆਪਣੇ ਕਮਰੇ ਦੇ ਅੰਦਰ ਹੀ ਤਾੜੇ ਰਹਿਣਾ ਚੰਗਾ ਨਹੀਂ ਹੁੰਦਾ।" ਉਹ ਉੱਚੀ ਆਵਾਜ਼ ਵਿਚ ਆਖਦਾ ਹੁੰਦਾ ਸੀ। "ਆ ਜਾ ਬਾਹਰ ਬਰਾਂਡੇ ਵਿਚ ਬੈਠ ਕੇ ਰੰਗ-ਬਰੰਗੀਆਂ ਬਸੰਤੀ ਪੁਸ਼ਾਕਾਂ ਪਹਿਨੀ ਖ਼ੂਬਸੂਰਤ ਮੁਟਿਆਰਾਂ ਦੇ ਦਰਸ਼ਨ ਕਰ। ਉਹਨਾਂ ਦੀਆਂ ਗੋਲਾਈਆਂ ਨਗਨ-ਚਿੱਤਰਾਂ ਨਾਲੋਂ ਵੀ ਵੱਧ ਆਕਰਸ਼ਕ ਹੁੰਦੀਆਂ ਨੇ।"

ਹੂਰੋਨ ਸਟਰੀਟ ਕਾਲਜ ਸਟਰੀਟ ਨੂੰ ਬਲੋਰ ਸਟਰੀਟ ਨਾਲ ਜੋੜਨ ਵਾਲੀ ਦਰਮਿਆਨ ਦੀ ਗਲੀ ਸੀ। ਇੱਥੇ ਪੈਦਲ ਯਾਤਰੀਆਂ ਦੀ ਆਵਾਜਾਈ ਬੜੀ ਦਿਲ-ਚਸਪ ਹੁੰਦੀ ਸੀ। ਥੱਕੀਆਂ-ਦਿੱਸਦੀਆਂ ਘਰ-ਸੁਆਣੀਆਂ, ਉਮਲ੍ਹਦੇ ਕਾਲਜ-ਵਿਦਿਆਰਥੀ, ਖ਼ੁਸ਼ਪੋਸ਼ ਔਰਤਾਂ, ਦਰ ਦਰ ਮਾਰਸਾਂ ਜਾਂ ਤਸਮੇਂ ਵੇਚਦੇ ਫਿਰਦੇ ਬੇਰੋਜ਼ਗਾਰ ਆਦਮੀ—ਆਪਣੀਆਂ ਹਿੱਕਾਂ ਵਿਚ ਆਪੋ ਆਪਣੀਆਂ ਜ਼ਿੰਦਗੀਆਂ ਦੇ ਭੇਤ ਸਾਂਭੀ ਆਤਮ-ਮਗਨ ਫਿਰਦੇ ਨਜ਼ਰ ਆਉਂਦੇ ਸਨ।

ਇਕ ਲੰਮਾ, ਥੋੜ੍ਹਾ ਜਿਹਾ ਝੁਕਿਆ ਹੋਇਆ ਆਪਣਾ ਗੂੜ੍ਹਾ ਮੈਲਾ ਸੂਟ ਪਹਿਨੀ ਇਕ ਬਜ਼ੁਰਗ ਆਪਣੇ ਪੈਰ ਧਰੀਕਦਾ ਦਿਸਦਾ ਹੁੰਦਾ ਸੀ। ਆਪਣੇ ਖ਼ਿਆਲਾਂ ਵਿਚ ਮਸਤ ਇਸ ਬੰਦੇ ਦੀਆਂ ਅੱਖਾਂ ਵਿਚ ਆਪਣੀਆਂ ਆਸਾਂ ਪੂਰੀਆਂ ਕਰਨ ਵਾਲੇ ਚਿੜ੍ਹ ਇਰਾਦੇ ਵਾਲੇ ਬੰਦੇ ਦੀ ਲਿਸ਼ਕੋਰ ਹੁੰਦੀ ਸੀ।

"ਇਹ ਟਰਾਂਟੋ ਸ਼ਹਿਰ ਦੀ ਪਰਿਸ਼ਦ ਦੇ ਕਮਿਊਨਿਸਟ ਮੈਂਬਰ ਸਟੂਅਰਟ

ਸਮਿੱਥ ਦਾ ਪਿਤਾ ਪਾਦਰੀ ਏ. ਈ. ਸਮਿੱਥ ਸੀ।"

"ਤੇਨੂੰ ਪਤੈ ਇਸ ਨੇ 1914 ਦੀ ਵਿੰਨੀ ਪੈੱਗ ਹੜਤਾਲ ਦੀ, ਪਾਦਰੀ ਜੇ. ਐਸ. ਵੁਡਵਰਥ ਦੇ ਸਹਿਯੋਗ ਨਾਲ ਭਰਪੂਰ ਹਮਾਇਤ ਕੀਤੀ ਸੀ।"

"ਨਹੀਂ।"

"ਦੋਨੋਂ ਹੀ ਮਹਾਨ ਆਦਮੀ ਨੇ। ਇਹ ਈਸਾ ਮਸੀਹ ਦੇ ਸੁਅਰਗ ਨੂੰ ਧਰਤੀ 'ਤੇ ਉਤਾਰਨਾ ਚਾਹੁੰਦੇ ਸਨ। ਵੁਡਵਰਥ ਸੀ. ਸੀ. ਐੱਫ. (ਕੈਨੇਡੀਅਨ ਕਾਮਨਵੈਲਥ ਫ਼ੈਡਰੇਸ਼ਨ) ਦਾ ਜੋਸ਼ੀਲਾ ਆਗੂ ਅਤੇ ਆਲ ਸਮਿੱਥ ਕਮਿਊਨਿਸਟ ਆਗੂ ਬਣ ਗਿਆ ਸੀ। ਐਤਵਾਰੀ ਸ਼ਾਮਾਂ ਨੂੰ ਇਹ ਆਪਣੇ ਨਵੇਂ ਪ੍ਰਵਚਨਾਂ ਦਾ ਪ੍ਰਚਾਰ ਗਲੀਆਂ ਦੀਆਂ ਨੁੱਕਰਾਂ ਵਿਚ ਕਰਦਾ ਵੇ।"

"ਮਲੂਕਿਆ, ਕਦੇ ਇਹਦੇ ਵਿਚਾਰ ਸੁਣੀਂ।"

"ਕਮਿਊਨਿਸਟ ਪਾਰਟੀ ਟਰਾਂਟੋ ਵਿਚ ਕਾਫ਼ੀ ਤਕੜੀ ਏ? ਇਹ ਸ਼ਹਿਰ ਤਾਂ ਬੜਾ ਦਕਿਆਨੂਸੀ ਏ।"

"ਵਿਰੋਧੀਆਂ ਦੀ ਆਪਸੀ ਖਿੱਚ! ਮੈਨੂੰ ਲਗਦੈ ਕੈਨੇਡਾ ਦੇ ਹੋਰ ਸ਼ਹਿਰਾਂ ਦੇ ਟਾਕਰੇ 'ਤੇ, ਇਹ ਇੱਥੇ ਕਿਤੇ ਵਧੀਕ ਏ। ਆਪਣੇ ਸਫ਼ਰਾਂ ਤੋਂ ਵਿਹਲ ਵੇਲੇ ਪਾਰਟੀ ਦਾ ਨੇਤਾ ਟੌਮ ਬੱਕ ਏਥੇ ਹੀ ਰਹਿੰਦੈ। ਯੂਨੀਅਨ ਮਾਹਿਰ ਜੋਅਸਲਜ਼ਬਰਗ ਦਾ ਘਰ ਵੀ ਇੱਥੋਂ ਬਹੁਤਾ ਦੂਰ ਨਹੀਂ। ਇਹਨਾਂ ਦਾ ਦੈਨਿਕ ਪੱਤਰ 'ਕਲੇਰੀਅਨ' ਵੀ ਇੱਥੋਂ ਟਰਾਂਟੋ 'ਚ ਹੀ ਛਪਦੈ।"

... ...

ਕਾਲੀ ਟੋਪੀ ਪਾਈ ਤੇ ਚਿੱਟੀ ਕਮੀਜ਼ ਦਾ ਕਾਲਰ ਪੁੱਠਾ ਕੀਤੀ, ਰਤਾ ਕੁ ਸੋਟੀ ਦਾ ਸਹਾਰਾ ਲਈ ਜਾ ਰਹੇ, ਇਸ ਕਮਜ਼ੋਰ ਜਿਹੇ ਬਿਰਧ ਨੇ ਕਾਲਾ ਸੂਟ ਪਹਿਨਿਆ ਹੋਇਆ ਸੀ। ਉਹਦੀਆਂ ਤਰਾਸ਼ੀਆਂ ਹੋਈਆਂ ਦਾੜ੍ਹੀ-ਮੁੱਛਾਂ ਉਹਦੇ ਨਕਸ਼ਾਂ ਨੂੰ ਹੋਰ ਤਿੱਖੇ ਕਰ ਰਹੀਆਂ ਸਨ ਤੇ ਉਹਦੀ ਤੱਕਣੀ ਕਿਸੇ ਕਲਪਣਾ-ਲੋਕ ਵਿਚ ਗੁਆਚੀ ਹੋਈ ਸੀ।

"ਇਹ ਸਲੇਮ ਬਲਾਂਡ ਹੈ, ਮਲੂਕਿਆ। ਬੜਾ ਆਦਰਸ਼ਵਾਦੀ ਬੰਦੈ। ਕਦੇ ਅੰਜੀਲ ਦਾ ਪ੍ਰਚਾਰਕ ਹੁੰਦਾ ਸੀ। ਹੁਣ ਨਿਆਂ ਭਰਪੂਰ ਸਮਾਜ ਦੀ ਸਥਾਪਤੀ ਲਈ ਟ੍ਰਾਂਟੋ ਸਟਾਰ ਵਿਚ ਲੇਖ ਲਿਖਦੈ।"

"ਮੈਂ ਇਹਦੇ ਕੁਝ ਲੇਖ ਪੜ੍ਹੇ ਨੇ। ਇਹ ਸਾਦ-ਮੁਰਾਦੇ ਜਿਹੇ ਢੰਗ ਨਾਲ ਅੰਜੀਲੀ ਮੁਹਾਵਰੇ ਦੀ ਵਰਤੋਂ ਕਰਦੇ।"

"ਮਲੂਕਿਆ, ਤੂੰ ਕਿਉਂ ਨਹੀਂ ਕਦੇ ਕੁਝ ਲਿਖਦਾ? ਮਹਾਤਮਾ ਗਾਂਧੀ ਦੀ ਨਾਟਕੀ-ਪ੍ਰਤਿਭਾ ਨੇ ਭਾਰਤ ਨੂੰ ਅਖ਼ਬਾਰਾਂ ਦੇ ਮੂਹਰਲੇ ਪੰਨਿਆਂ ਦਾ ਵਿਸ਼ਾ ਬਣਾ ਧਰਿਐ।"

"ਨਵੇਂ ਭਾਰਤ ਬਾਰੇ ਕੁਝ ਲਿਖ। ਲੋਕਾਂ ਨੂੰ ਦਸ ਕਿ ਅਬਦਲ ਭਾਰਤ ਕਿਵੇਂ ਬਦਲ ਰਿਹੈ। ਲੋਕ ਇੱਥੇ ਹਾਲੇ ਵੀ ਕੈਥਰੀਨ ਮੇਓ ਦੀ 'ਮਦਰ ਇੰਡੀਆ' ਹੀ ਪੜ੍ਹਦੇ ਨੇ, ਜਿਸ ਵਿਚ ਕੀੜੇ ਕੱਢਣ ਤੋਂ ਸਿਵਾ ਕੁਝ ਹੋਰ ਨਹੀਂ ਕੀਤਾ ਹੋਇਆ। ਤੇ ਜਾਂ ਫਿਰ ਉਹ ਫ਼ਰੇਜ਼ਰ ਦੀਆਂ 'ਆਵਾਰਾਗਰਦ ਭਾਰਤ' ਵਿਚਲੀਆਂ ਕਹਾਣੀਆਂ ਪੜ੍ਹ ਕੇ ਹੀ ਖ਼ੁਸ਼ ਹੋ ਛੱਡਦੇ ਨੇ। ਮੈਨੂੰ ਲੱਗਦਾ ਇਸ ਆਦਮੀ ਨੇ ਕਿਸੇ ਹੋਟਲ ਦੇ ਬੰਦ ਕਮਰੇ ਵਿਚ ਵਿਸਕੀ ਦੇ ਨਸ਼ੇ ਦੀ ਲੋਰ ਵਿਚ ਹੀ ਇਹ ਸਭ ਕੁਝ ਝਰੀਟਿਆ ਹੋਇਐ।"

ਮੈਟੇਲ ਦੇ ਸੁਝਾਓ ਤੋਂ ਪ੍ਰੇਰਣਾ ਲੈ ਕੇ ਮਲੂਕਾ ਸਟਾਰ ਵੀਕਲੀ ਦੇ ਸੰਪਾਦਕ ਨੂੰ ਮਿਲਣ ਗਿਆ। ਇਕ ਮਧਰਾ ਜਿਹਾ ਖ਼ੁਸ਼ਪੋਸ਼, ਖ਼ਾਲੀ ਜਿਹੀਆਂ ਤੱਕਣੀਆਂ ਵਾਲਾ ਆਦਮੀ ਕਾਗ਼ਜ਼ਾਂ ਨਾਲ ਭਰੇ ਮੇਜ਼ ਪਿੱਛੇ ਬੈਠਾ ਸੀ। 'ਕੰਮ ਦੀ ਹੀ ਗੱਲ ਕਰੋ' ਦਾ ਪ੍ਰਭਾਵ ਦੇਣ ਵਾਲੇ ਇਸ ਬੰਦੇ ਨੇ ਸਿਗਰਟ ਸੁਲਗਾਈ ਹੋਈ ਸੀ। ਉਹ ਟਿਕਾਊ ਦਿਲਚਸਪੀ ਵਾਲੇ ਲੇਖ ਛਾਪਣ ਵਾਲੇ ਸੰਪਾਦਕ ਨਾਲੋਂ ਵੱਧ ਟਾਈ-ਵਿਕ੍ਰੇਤਾ ਜਾਪ ਰਿਹਾ ਸੀ।

"ਸਨਿਮਰ ਦੁਆ-ਸਲਾਮ ਤੋਂ ਬਾਅਦ ਮਲੂਕੇ ਨੇ ਬੜੇ ਯਤਨ ਨਾਲ ਇਹ ਕਿਹਾ, "ਜਨਾਬ ਮੈਂ ਤੁਹਾਡੇ ਪ੍ਰਤਿਸ਼ਠਿਤ ਪੱਤਰ ਲਈ ਕੁਝ ਲਿਖਣਾ ਚਾਹਾਂਗਾ।"

"ਕਈ ਨਵਯੁਵਕ ਅਜਿਹਾ ਕਰਨਾ ਚਾਹੁੰਦੇ ਨੇ।" ਸੰਪਾਦਕ ਹੋਰਾਂ ਸਰਸਰੀ ਜਿਹੇ ਢੰਗ ਨਾਲ ਉੱਤਰ ਦਿੱਤਾ।

"ਸਾਡੇ ਕੋਲ ਭਾਰਤ ਵਿਚ ਇਕ ਬੰਦਾ ਹੈ ਜੋ ਇਸ ਰਹੱਸ-ਭਰਪੂਰ ਦੇਸ਼ ਬਾਰੇ ਬੜੀਆਂ ਦਿਲਕਸ਼ ਕਹਾਣੀਆਂ ਲਿਖਦੈ।"

"ਪਰ ਜਨਾਬ, ਮੈਂ ਨਵੇਂ ਭਾਰਤ ਬਾਰੇ ਲਿਖਣਾ ਚਾਹੁੰਨਾ। ਉਸ ਭਾਰਤ ਬਾਰੇ ਜੋ ਆਪਣੇ ਬੀਤੇ ਦੀ ਨੀਂਦ ਚੋਂ ਜਾਗ ਕੇ ਆਪਣਾ ਮਾਲਕ ਖ਼ੁਦ ਬਣਨ ਲਈ ਉਸਲਵੱਟੇ ਲੈ ਰਿਹੈ।"

"ਸ਼ਾਇਦ ਸਾਡੇ ਪਾਠਕਾਂ ਨੂੰ ਇਸ ਵਿਚ ਬਹੁਤੀ ਦਿਲਚਸਪੀ ਨਾ ਹੋਵੇ ਤੇ ਨਾਲੇ ਤੇਰੀ ਵਿਦਿਅਕ ਯੋਗਤਾ ਕੀ ਵੇ ?"

"ਮੈਂ ਦਰਸ਼ਨ, ਸਾਹਿਤ ਤੇ ਮਨੋਵਿਗਿਆਨ ਦਾ ਅਧਿਐਨ ਕੀਤਾ ਹੋਇਐ।"

"ਆਹਾ, ਮਨੋਵਿਗਿਆਨ ! ਵਿਵਹਾਰਕ ਮਨੋਵਿਗਿਆਨ ! ਇਹ ਤਾਂ ਸਾਡੇ ਕੰਮ ਦੀ ਗੱਲ ਵੇ।"

ਮਲੂਕੇ ਨੂੰ ਖ਼ੁਸ਼ੀ ਸੀ ਕਿ ਘੱਟੋ ਘੱਟ ਉਹਦੇ ਅਧਿਐਨ ਚੋ ਇਕ ਵਿਸ਼ੇ ਨੂੰ ਤਾਂ ਸੰਪਾਦਕ ਦਾ ਚੰਗਾ ਹੁੰਗਾਰਾ ਮਿਲਿਆ।

"ਜਨਾਬ, ਮੈਨੂੰ ਮਨੋਵਿਗਿਆਨ ਨਾਲ ਸੰਬੰਧਿਤ ਕਿਸੇ ਵੀ ਵਿਸ਼ੇ ਬਾਰੇ ਲਿਖ ਕੇ ਖ਼ੁਸ਼ੀ ਹੋਵੇਗੀ।" ਉਹਨੇ ਉਤਸ਼ਾਹ ਨਾਲ ਆਖਿਆ।

"ਅੱਛਾ 'ਇਸ਼ਕ ਵਿਚ ਸਫਲ ਕਿਵੇਂ ਹੋਈਏ' ਇਸ ਬਾਰੇ ਲੇਖ ਲਿਖ, ਜਾਂ ਫਿਰ ਇਸ ਬਾਰੇ ਕਿ 'ਧਨ ਕਿਵੇਂ ਕਮਾਈਏ'।"

"ਵਿਸ਼ੇ ਤਾਂ ਇਹ ਬੜੇ ਦਿਲਚਸਪ ਨੇ ਜਨਾਬ", ਘਬਰਾਹਟ ਜਿਹੀ ਵਿਚ ਮਲੂਕੇ ਨੇ ਆਖਿਆ, "ਪਰ ਇਹ ਹੈਨ ਬੜੇ ਆਮ ਜੇਹੇ। ਕੋਈ ਜ਼ਿਆਦਾ ਨਿਸਚਿਤ ਵਿਸ਼ਾ ਸੁਝਾਅ ਸਕੋ ਤਾਂ ਤੁਹਾਡੀ ਬੜੀ ਮਿਹਰਬਾਨੀ ਹੋਵੇਗੀ।"

"ਅੱਛਾ ਤੂੰ ਗਲੀਆਂ ਦੀਆਂ ਕਾਰਾਂ 'ਤੇ ਇਹ ਇਸ਼ਤਿਹਾਰ ਤਾਂ ਦੇਖਿਆ ਹੀ ਹੋਇਆ ਕਿ 'ਊਠ ਮਾਰਕਾ ਸਿਗਰਟ ਪੀਓ ਤੇ ਵਿਉਪਾਰੀ ਬਣ ਜਾਓ' ਇਸ ਬਾਰੇ ਲਿਖ।"

ਮਲੂਕਾ ਬਿਲਕੁਲ ਹੀ ਬੌਂਦਲ ਗਿਆ। ਉਹ ਕਿਸੇ ਵਿਕ੍ਰੇਤਾ ਦੇ ਨਾਅਰੇ ਬਾਰੇ ਕੀ ਲਿਖੇ ?

"ਇਹ ਗੱਲ ਤਾਂ ਦਿਲਚਸਪ ਏ ਜਨਾਬ। ਪਰ ਤੁਸੀਂ ਕੋਈ ਹੋਰ ਵਿਸ਼ਾ ਵੀ ਸੁਝਾਓ, ਸ਼ਾਇਦ ਮੇਰੇ ਲਈ ਚੋਣ ਕਰਨੀ ਸੌਖੀ ਹੋ ਜਾਏਗੀ।"

"ਚੰਗਾ ਫਿਰ ਇਸ ਬਾਰੇ ਲਿਖ ਕਿ 'ਬੰਦਾ ਘਰ ਆਏ ਤੇ ਉਹਦੀ ਪਤਨੀ ਕਿਸੇ ਹੋਰ ਦੀਆਂ ਬਾਹਵਾਂ ਵਿਚ ਹੋਵੇ।"

ਨਿਰਾਸ਼ ਹੋ ਕੇ ਰੁਖ਼ਸਤ ਲੈਂਦਿਆਂ ਮਲੂਕੇ ਨੇ ਕਿਹਾ, "ਜਨਾਬ ਮੈਂ ਉਹਨੂੰ ਊਠ ਮਾਰਕਾ ਸਿਗਰਟ ਪੀ ਕੇ ਉਦਾਸੀਨ ਹੋਣ ਦਾ ਮਸ਼ਵਰਾ ਦਿਆਂਗਾ।"

ਉਹਨੇ ਆਪਣੇ ਕਮਰੇ ਵਿਚ ਆ ਕੇ ਇਕ ਲੇਖ ਲਿਖਿਆ—'ਜਨ-ਸਮੂਹ

ਦਾ ਭਾਰਤ' ਤੇ ਕੈਨੇਡੀਅਨ ਫ਼ੋਰਮ ਦੇ ਸੰਪਾਦਕ ਗ੍ਰਾਹਮ ਸਪ੍ਰਾਈ ਨੂੰ ਭੇਜ ਦਿੱਤਾ।

ਕੁਝ ਦਿਨ ਬਾਅਦ ਹੀ ਮਿ: ਸਪ੍ਰਾਈ ਵਲੋਂ ਉਹਨੂੰ ਦਫ਼ਤਰ ਵਿਚ ਆ ਕੇ ਮਿਲਣ ਦਾ ਸੁਨੇਹਾ ਮਿਲ ਗਿਆ।

"ਇਹ ਬੜਾ ਸੋਹਣਾ ਲਿਖਿਆ ਲੇਖ ਹੈ ਤੇ ਮੌਕੇ ਦੇ ਮੁਤਾਬਕ ਵੀ। ਪਰ ਮੈਨੂੰ ਅਫ਼ਸੋਸ ਹੈ ਕਿ ਅਸੀਂ ਇਸ ਨੂੰ ਛਾਪਣ ਦਾ ਕੋਈ ਮਿਹਨਤਾਨਾ ਨਹੀਂ ਦੇ ਸਕਾਂਗੇ। ਮੈਨੂੰ ਇਹ ਦੱਸਦਿਆਂ ਵੀ ਕੋਈ ਝਿਜਕ ਨਹੀਂ ਕਿ ਮੈਨੂੰ ਵੀ ਹਫ਼ਤੇ ਦੇ ਸਿਰਫ਼ 25 ਡਾਲਰ ਹੀ ਤਨਖ਼ਾਹ ਮਿਲਦੀ ਹੈ।"

"ਮੈਨੂੰ ਇਸ ਗੱਲ ਦੀ ਬੜੀ ਖ਼ੁਸ਼ੀ ਏ ਕਿ ਤੁਹਾਨੂੰ ਲੇਖ ਚੰਗਾ ਲੱਗਾ। ਪੈਸਿਆਂ ਦੀ ਕੋਈ ਗੱਲ ਨਹੀਂ। ਮੇਰੇ ਲਈ ਫ਼ੋਰਮ ਵਿਚ ਛਪਣਾ ਹੀ ਬੜੀ ਤਸੱਲੀ ਦੀ ਗੱਲ ਹੋਏਗੀ।"

ਇਕ ਮਹੀਨਾ ਮਗਰੋਂ ਹੀ ਫ਼ੋਰਮ ਨਾਲੋਂ ਰਤਾ ਵਧੇਰੇ ਖੱਬੇ-ਪੱਖੀ ਪਰਚੇ ਦੇ ਸੰਪਾਦਕ ਵਲੋਂ ਭਾਰਤ ਦੀ ਸਮਕਾਲੀ ਸਥਿਤੀ ਬਾਰੇ ਮਲੂਕੇ ਨੂੰ ਲੇਖ ਲਿਖਣ ਦੀ ਦਾਅਵਤ ਮਿਲ ਗਈ।

"ਚੰਗਾ ਹੋਵੇ ਜੇ ਤੁਸੀਂ ਆਪਣੇ ਦੇਸ਼ ਵਿਚ ਸਨਅਤੀ ਮਜ਼ਦੂਰਾਂ ਦੀ ਸਥਿਤੀ ਤੇ ਟਰੇਡ ਯੂਨੀਅਨ ਸੰਗਠਨਾਂ ਦੀ ਹਾਲਤ ਨੂੰ ਜ਼ਰਾ ਉਭਾਰ ਕੇ ਪੇਸ਼ ਕਰੋ।" ਉਸ ਨੇ ਬੇਨਤੀ ਕੀਤੀ ਸੀ। ... ...

ਬਲੋਰ ਸਟਰੀਟ ਦੀਆਂ ਇਕ-ਦੋ-ਮੰਜ਼ਲੀਆਂ ਇਮਾਰਤਾਂ ਉੱਪਰ ਸ਼ਾਨਦਾਰ ਪਲਾਜ਼ਾ ਹੋਟਲ ਪੂਰੀ ਤਰ੍ਹਾਂ ਭਾਰੂ ਸੀ। ਮੁੱਖ ਮੰਜ਼ਲ ਦੇ ਖੁਲ੍ਹੇ ਆਂਗਣ ਵਿਚ ਪੌਲਸਨ ਬੀਅਰ ਦਾ ਗਲਾਸ ਦਸ ਸੈਂਟ ਦਾ ਮਿਲਦਾ ਸੀ ਅਤੇ ਨਾਲ ਪਿਆਸ-ਉਤੇਜਕ ਭੁੰਨੀ ਹੋਈ ਮੂੰਗਫਲੀ ਤੇ ਹੋਰ ਸਲੂਣੇ ਰੂੰਘੇ ਵਿਚ ਹੀ। ਸਨਿਚਰਵਾਰੀ ਸ਼ਾਮਾਂ ਨੂੰ ਵਿਦਿਆਰਥੀਆਂ ਦੇ ਜੋੜ-ਮੇਲੇ ਲਈ ਇਹ ਲੋਕ-ਪ੍ਰੀਅ ਅੱਡਾ ਸੀ।

ਭਾਵੇਂ ਯੂਰਪ ਉੱਤੇ ਜੰਗ ਦੇ ਬੱਦਲ ਛਾਏ ਹੋਏ ਸਨ ਪਰ ਮੇਜ਼ਾਂ ਦੁਆਲੇ ਜੁੜੇ ਵਿਦਿਆਰਥੀਆਂ ਨੂੰ ਇਸ ਬਦਸ਼ਗਨੇ ਵਰਤਾਰੇ ਬਾਰੇ ਕੋਈ ਬਹੁਤੀ ਚਿੰਤਾ ਨਹੀਂ ਸੀ ਜਾਪਦੀ। ਉਹ ਆਮ ਤੌਰ ਤੇ ਫ਼ਿਲਮਾਂ, ਖੇਡਾਂ, ਪੜ੍ਹਾਈ ਤੇ ਆਪਣੇ ਪ੍ਰੋਫ਼ੈਸਰਾਂ ਦੀ ਯੋਗਤਾ ਜਾਂ ਅਯੋਗਤਾ ਬਾਰੇ ਹੀ ਚਰਚੇ ਕਰਿਆ ਕਰਦੇ ਹੁੰਦੇ ਸਨ। ਕੁੜੀਆਂ 'ਵਾਲਸ ਸਿੰਪਸਨ' ਦੇ ਮੁਆਸ਼ਕੇ ਬਾਰੇ ਹੀ ਚਟਖ਼ਾਰੇ ਲੈ ਲੈ ਕੇ ਚਰਚਾ ਕਰਦੀਆਂ

ਹੁੰਦੀਆਂ ਸਨ, ਜਿਸ ਨੂੰ ਅਮਰੀਕੀ ਅਖ਼ਬਾਰਾਂ ਵਿਚ ਸ਼ਾਹੀ ਸਨਮਾਨ ਨਾਲ ਛਾਪਿਆ ਜਾਂਦਾ ਸੀ। ਇਸ ਮੁਆਸ਼ਕੇ ਦੇ ਫਲਸਰੂਪ ਮਕਬੂਲ ਪ੍ਰਿੰਸ ਆਫ਼ ਵੇਲਜ਼ ਨੂੰ ਜਾਂਨਸ਼ੀਨੀ ਤੋਂ ਵਾਂਝਿਆ ਕਰ ਦਿੱਤਾ ਗਿਆ ਸੀ, ਜਿਸ ਨੇ ਉਂਝ ਐਡਵਰਡ ਅੱਠਵੇਂ ਦੇ ਤੌਰ 'ਤੇ ਹਕੂਮਤ ਕਰਨੀ ਸੀ।

"ਕੀ ਤੁਸੀਂ ਬਰਤਾਨਵੀ ਸਲਤਨਤ ਦੇ ਭਵਿੱਖ ਵਰਤੀ ਮੁੱਖੀ ਨੂੰ ਇਕ ਸ਼ਾਦੀ-ਸ਼ੁਦਾ ਅਮਰੀਕਨ ਸੁਆਣੀ ਨੂੰ ਗੁਲਦਸਤੇ ਭੇਜਣ ਦੀ ਕਲਪਣਾ ਕਰ ਸਕਦੀਆਂ ਹੋ? ਹੈ ਨਾ ਇਹ ਅਸਲੋਂ ਹੀ ਅਵਿਸ਼ਵਾਸਯੋਗ ਗੱਲ!" ਭੂਰੇ ਵਾਲਾਂ ਵਾਲੀ ਤੇਜ਼ ਤਰਾਰ ਬੇਟੀ ਗ੍ਰੀਨ ਨੇ ਆਖਿਆ ਸੀ।

"ਉਸ ਔਰਤ ਨੂੰ", ਤਿੱਖੇ ਨਕਸ਼ਾਂ ਵਾਲੀ ਲੰਮ-ਸੁਲੰਮੀ ਬਰਕਨਾਡ ਨੇ ਵਾਧਾ ਕੀਤਾ ਸੀ, "ਜੀਹਦੇ ਪਹਿਲੇ ਦੋ ਵਿਆਹ ਅਸਫਲ ਹੋ ਚੁੱਕੇ ਨੇ। ਨਿਰੀ ਬਦਹਵਾਸੀ ਵਾਲੀ ਗੱਲ ਏ।"

ਆਪਣੀ ਸ਼ਾਹੀ ਨਫ਼ਰਤ ਨੂੰ ਡੋਬਣ ਲਈ ਬੇਟੀ ਤੇ ਗਰੇਸ ਨੇ ਆਪਣੇ ਬੀਅਰ ਦੇ ਗਲਾਸ ਪੌਂਦੇ ਤੀਕ ਖ਼ਾਲੀ ਕਰ ਦਿੱਤੇ ਸਨ।

ਯੂਰਪ ਵਿਚ ਫ਼ਾਸ਼ੀਵਾਦ ਦੀ ਚੜ੍ਹਤ ਤੇ ਚੜ੍ਹਦੇ ਸੂਰਜ ਵਾਲੇ ਦੇਸ਼ ਦੀਆਂ ਹੜੱਪ ਕਰੂ ਸਾਜ਼ਿਸ਼ਾਂ ਬਾਰੇ ਬੇਰੁਖ਼ੀ ਦਾ ਮੁੱਖ ਕਾਰਨ ਬਿਲਾਸ਼ਕ ਇਹ ਤੱਥ ਸੀ ਕਿ ਕੈਨੇਡਾ ਦੇ ਦੋਨੋਂ ਪੂਰਬੀ ਤੇ ਪੱਛਮੀ ਸਿਰੇ ਵਿਸ਼ਾਲ ਮਹਾਂਸਾਗਰਾਂ ਦੁਆਰਾ ਸੁਰੱਖਿਅਤ ਸਨ। ਨਾਲੇ ਇਹਨੂੰ ਬਰਤਾਨਵੀ ਸਲਤਨਤ ਤੇ ਇਸ ਤੋਂ ਵੀ ਵਧੀਕ ਅਮਰੀਕਨ ਸੈਨਾ-ਸ਼ਕਤੀ ਦੀ ਸੁਰੱਖਿਆ ਪ੍ਰਾਪਤ ਸੀ, ਭਾਵੇਂ ਕੁਝ ਹਲਕਿਆਂ ਵਿਚ ਇਸ ਬਾਰੇ ਰੋਸ ਵੀ ਪਾਇਆ ਜਾਂਦਾ ਸੀ। ... ...

ਯੂਨੀਵਰਸਿਟੀ ਦੁਆਰਾ ਆਯੋਜਿਤ ਗਰੈਜੂਏਟ ਵਿਦਿਆਰਥੀਆਂ ਲਈ ਮਾਸਕ ਚਾਹ-ਪਾਰਟੀ ਦਾ ਇਹ ਸਮਾਗਮ, ਜਿਸ ਵਿਚ ਵਿਦੇਸ਼ੀ, ਵਿਸ਼ੇਸ਼ਕਰ ਬਹੁਤ ਸਾਰੇ ਯੂਰਪੀ ਵਿਦਿਆਰਥੀ ਵੀ ਸ਼ਾਮਲ ਸਨ, ਇਸ ਵਾਰ ਅਸਲੋਂ ਹੀ ਵਖਰਾ ਸੀ।

"ਆਹ! ਦੁਸ਼ਾਲੈਂਡ, ਉਬਰ ਐਲੇਸ ਦੀਆਂ ਸੰਘ ਪਾੜ ਪਾੜ ਕੇ ਚਾਂਬੜਾਂ ਪਾਉਂਦੇ ਜਰਮਨ ਫਿਰ ਦਣਦਣਾ ਰਹੇ ਨੇ।" ਪਹਿਲੀ ਸੰਸਾਰ ਜੰਗ ਵਿਚ ਲੜ ਚੁੱਕੇ ਬ੍ਰਿਟਿਸ਼ ਕੋਲੰਬੀਆ ਦੇ ਛਿਦਰੇ ਪੈ ਰਹੇ ਵਾਲਾਂ ਵਾਲੇ ਇਕ ਜੋਸ਼ੀਲੇ ਵਿਦਿਆਰਥੀ ਫ਼ਰੈਂਕ ਕੰਮਿੰਗਜ਼ ਨੇ ਆਖਿਆ, "ਮੈਨੂੰ ਦੂਜੀ ਯੂਰਪੀ ਜੰਗ ਦੀ ਸ਼ੁਰੂਆਤ ਦੀ ਸੋਅ ਆ ਰਹੀ ਏ।"

"ਇਸ ਦੇ ਰਾਕਸ਼ੀ ਦੰਦਾਂ ਦੇ ਬੀਜ 1919 ਵਿਚ ਪੈਰਿਸ ਦੀ ਅਮਨ ਕਾਨਫ਼ਰੰਸ ਵੇਲੇ ਹੀ ਬੀਜ ਦਿੱਤੇ ਗਏ ਸਨ।" ਰਾਜਨੀਤਕ ਵਿਗਿਆਨ ਦੇ ਜਰਮਨ ਵਿਦਿਆਰਥੀ ਹੰਸ ਲੂਬਾ ਨੇ ਆਖਿਆ ਸੀ।

"ਫ਼ਰਾਂਸੀਸੀ ਪ੍ਰਧਾਨ ਮੰਤਰੀ 'ਕਲੈਮੈਂਕੂ ਦ ਟਾਈਗਰ' ਨੇ ਪਹਿਲੋਂ ਹੀ ਇਹ ਗੱਲ ਭਾਂਪ ਲਈ ਸੀ ਕਿ ਹਾਰੇ ਹੋਏ ਜਰਮਨੀ ਉੱਤੇ ਇਹ ਕਾਨਫ਼ਰੰਸ ਬਦਲੇਖੋਰੀ ਸੰਧੀ ਠੋਸ ਰਹੀ ਏ। ਇਸ ਤੋਂ ਵੀ ਅਗਾਂਹ ਇਸ ਸੰਧੀ ਦੇ ਹਸਤਾਖਰਾਂ ਲਈ ਵਰਸੇਲਜ਼ ਦਾ ਉਹ ਸ਼ੀਸ਼ ਮਹਿਲ ਚੁਣਿਆ ਗਿਆ ਸੀ, ਜਿੱਥੇ 1871 ਵਿਚ ਫ਼ਰਾਂਸ ਨੂੰ ਜਰਮਨੀ ਹੱਥੋਂ ਨਮੋਸ਼ੀ ਸਹਿਣੀ ਪਈ ਸੀ।"

"ਉਹਨੇ ਪ੍ਰਧਾਨ ਵਿਲਸਨ ਦੇ ਸੰਸਾਰ ਨੂੰ ਜਮਹੂਰੀਅਤ ਲਈ ਵਧੇਰੇ ਸੁਖਾਵਾਂ ਬਣਾਉਣ ਦੇ ਆਦਰਸ਼ ਦੀ ਖਿੱਲੀ ਵੀ ਉਡਾਈ ਸੀ।" ਇਕ ਮਧਰੇ ਐਨਕਧਾਰੀ ਬੈਲਜੀਅਨ ਵਿਦਿਆਰਥੀ ਜਾਹਨ ਸਟੀਅਰ ਨੌਟ ਨੇ ਆਖਿਆ, ਜਿਸ ਨੂੰ ਅੰਜੀਲ 'ਚੋਂ ਉਦਾਹਰਣਾਂ ਦੇਣ ਦਾ ਠਰਕ ਸੀ। "ਟਾਈਗਰ ਨੇ ਕਿਹਾ ਸੀ ਕਿ ਪ੍ਰਧਾਨ ਈਸਾ ਮਸੀਹ ਵਾਂਗ ਗੱਲ ਕਰਦੈ। ਉਹ ਆਪਣੇ ਚੌਦਾਂ ਨੁਕਤਿਆਂ ਸਮੇਤ ਸਰਬ ਸ਼ਕਤੀਮਾਨ ਪ੍ਰਭੂ ਨਾਲੋਂ ਵੀ ਮਾੜੈ, ਜਿਸ ਕੋਲ ਕੇਵਲ ਦਸ ਹੀ ਨੁਕਤੇ ਸਨ।"

"ਫ਼ੌਰੀ ਮਸਲਾ ਤੇ ਸਪੇਨ ਦੀ ਦੁਖਾਂਤਕ ਹੋਣੀ ਦਾ ਹੈ। ਹਾਲੇ 1936 ਵਿਚ ਹੀ ਜਮਹੂਰੀ ਢੰਗ ਨਾਲ ਚੁਣੀ ਗਣਤੰਤਰੀ ਸਰਕਾਰ ਉੱਤੇ ਹਿਟਲਰ ਤੇ ਮਸੋਲੀਨੀ ਦੀ ਮਦਦ ਨਾਲ ਜਰਨੈਲ ਫਰਾਂਕੋ ਨੇ ਹੱਲਾ ਬੋਲਿਆ ਸੀ।" ਸਪੇਨ ਦੇ ਇਕ ਜੋਸ਼ੀਲੇ ਸਮਾਜਵਾਦੀ ਵਿਦਿਆਰਥੀ ਜੋਜ਼ੇ ਲੋਸਾਦਾ ਨੇ ਕਿਹਾ ਸੀ..."ਤੇ ਰਾਸ਼ਟਰ ਮੰਡਲ ਚੁੱਪ ਚਾਪ ਸਭ ਕੁਝ ਵੇਖੀ ਜਾਂਦੈ।" ਗੱਲ ਕਰਨ ਵੇਲੇ ਉਹਦੀਆਂ ਕਾਲੀਆਂ ਅੱਖਾਂ ਦਮਕ ਰਹੀਆਂ ਸਨ ਤੇ ਉਹਦੇ ਖ਼ੂਬਸੂਰਤ ਹੱਥ ਜ਼ੋਰਦਾਰ ਮੁਦਰਾ ਵਿਚ ਘੁੰਮ ਰਹੇ ਸਨ।

"ਤੁਹਾਨੂੰ ਕੀ ਆਸ ਹੈ ਇਸ ਰਾਸ਼ਟਰ ਮੰਡਲ ਤੋਂ?" ਟ੍ਰਾਂਟੋ ਤੋਂ ਦਰਸ਼ਨ ਦੇ ਵਿਦਿਆਰਥੀ ਜੋਅ ਵਿੰਸਲੋ ਨੇ ਪੁੱਛਿਆ, ਜੋ ਕਾਰਲ ਮਾਰਕਸ ਦਾ ਬਹੁਤ ਪ੍ਰਸ਼ੰਸਕ ਸੀ। "ਅਮਰੀਕਾ ਇਹਦੇ ਵਿਚ ਕਦੇ ਰਲਿਆ ਨਹੀਂ ਤੇ ਬਰਤਾਨੀਆ 1934 ਵਿਚ ਜਾ ਕੇ ਇਹਦਾ ਮੈਂਬਰ ਬਣਿਆ। ਇਹ ਮੰਡਲ ਤਾਂ ਫ਼ਰਾਂਸੀਸੀਆਂ ਤੇ ਬਰਤਾਨਵੀਆਂ ਦਾ ਹੀ ਹੱਥ ਠੋਕਾ ਹੈ ਤੇ ਉਹਨਾਂ ਨੇ ਗ਼ੈਰ-ਮੁਦਾਖ਼ਲਤ ਦੀ ਨੀਤੀ

ਧਾਰਨ ਕੀਤੀ ਹੋਈ ਏ।"

"ਲੜਾਈ ਵਿਚ ਗ਼ੈਰ-ਮੁਦਾਖ਼ਲਤ ਦਾ ਅਰਥ ਤਕੜੀ ਧਿਰ ਦਾ ਪੱਖ ਪੂਰਨਾ ਹੁੰਦੈ", ਲੋਸਾਦਾ ਨੇ ਆਖਿਆ, "ਅਤੇ ਫਰਾਂਕੋ ਨੂੰ ਨਾਜ਼ੀਆਂ ਤੇ ਇਤਾਲਵੀ ਫਾਸ਼ੀਆਂ ਦੀ ਹਮਾਇਤ ਹਾਸਿਲ ਹੈ।"

"ਬਰਤਾਨਵੀ ਤੇ ਫਰਾਂਸੀਸੀ ਜਰਮਨੀ ਤੇ ਇਟਲੀ ਦੀਆਂ ਬਸਤੀਆਂ ਹਥਿਆਉਣ ਦੀ ਲੋੜ ਨੂੰ ਸਮਝਦੇ ਨੇ।" ਵਿੰਸਲੇ ਨੇ ਆਖਿਆ, " 'ਹੋਏ' ਤੇ 'ਅਣਹੋਏ' ਦਾ ਅਰਥ ਹੁਣ 'ਅਮੀਰ' ਤੇ 'ਗ਼ਰੀਬ' ਹੀ ਨਹੀਂ ਰਿਹਾ। ਇਹਨਾਂ ਦਾ ਅਰਥ ਹੁਣ ਬਸਤੀਆਂ ਵਾਲੇ ਤੇ ਬਸਤੀ-ਵਿਹੂਣੇ ਮੁਲਕ ਹੋ ਗਿਐ।"

"ਮੈਨੂੰ ਇਹ ਜਾਣ ਕੇ ਖ਼ੁਸ਼ੀ ਹੋਈ ਹੈ", ਲੋਸਾਦਾ ਨੇ ਕਿਹਾ ਸੀ, "ਕਿ ਕੈਨੇਡਾ ਦੇ ਅਗਾਂਹ ਵਧੂ ਲੋਕ ਫਾਸ਼ੀਵਾਦ ਦੇ ਵੱਧ ਰਹੇ ਖ਼ਤਰੇ ਨੂੰ ਸਮਝਦੇ ਨੇ ਤੇ ਸਪੇਨ ਦੇ ਗਣਤੰਤਰ ਦੀ ਸੁਰੱਖਿਆ ਲਈ ਫੰਡ ਇਕੱਠਾ ਕਰਨ ਚ ਲੱਗੇ ਹੋਏ ਨੇ।"

"ਫਾਸ਼ੀਵਾਦ ਵਿਰੁੱਧ ਜੰਗ ਵਿਚ" ਟੌਮਫੀਲਡ ਨੇ ਮਲੂਕੇ ਨੂੰ ਪੁੱਛਿਆ ਕਿ "ਕੀ ਭਾਰਤੀ ਰਾਸ਼ਟ੍ਰੀ ਕਾਂਗਰਸ ਬਰਤਾਨਵੀ ਸਰਕਾਰ ਦੀ ਸਹਾਇਤਾ ਕਰੇਗੀ?" ਟੌਮ ਅੰਤਰ-ਰਾਸ਼ਟਰੀ ਮਾਮਲਿਆਂ ਦਾ ਗੰਭੀਰ ਵਿਦਿਆਰਥੀ ਸੀ। ਉਹ ਬਰਤਾਨਵੀ ਸਲਤਨਤ ਦਾ ਹਮਾਇਤੀ ਤੇ ਇਹਦੀਆਂ ਬਸਤੀਆਂ ਲਈ ਵਧੇਰੇ ਆਜ਼ਾਦੀ ਦੀ ਵਕਾਲਤ ਕਰਦਾ ਸੀ।

"ਬਿਲਕੁਲ", ਮਲੂਕੇ ਦਾ ਜੁਆਬ ਸੀ, "ਬਸ਼ਰਤਿ ਕਿ ਬਰਤਾਨਵੀ ਸਰਕਾਰ ਇਹ ਵਚਨ ਦੇਵੇ ਕਿ ਫਾਸ਼ੀਵਾਦ ਦੀ ਹਾਰ ਤੋਂ ਮਗਰੋਂ ਭਾਰਤ ਵੀ ਆਜ਼ਾਦ ਜਮਹੂਰੀਅਤ ਬਣਨ ਦਾ ਵਰਦਾਨ ਪ੍ਰਾਪਤ ਕਰਾ ਸਕੇਗਾ।"

"ਅਤੇ ਇਸ ਗੱਲ ਬਾਰੇ ਮੈਨੂੰ ਬੜੀ ਸ਼ੱਕ ਹੈ।" ਉਸਨੇ ਅਗਾਂਹ ਕਿਹਾ ਸੀ।

"ਕਿਉਂ?"

"ਤੈਨੂੰ ਪਤਾ ਹੀ ਹੈ ਕਿ ਆਸਟ੍ਰੇਲੀਆ, ਕੈਨੇਡਾ, ਨਿਊਜ਼ੀਲੈਂਡ ਤੇ ਦੱਖਣੀ ਅਫ਼ਰੀਕਾ ਜੇਹੀਆਂ ਸਫ਼ੈਦ ਬਰਤਾਨਵੀ ਬਸਤੀਆਂ ਨੂੰ 1931 ਦੇ ਵੈਸਟਮਨਿਸਟਰ ਅਧਿਦੇਸ਼ ਦੁਆਰਾ ਸਲਤਨਤ ਦੇ ਅੰਦਰ ਹੀ ਖ਼ੁਦਮੁਖ਼ਤਾਰ ਡੋਮੀਨੀਅਨਾਂ ਦਾ ਰੁਤਬਾ ਦਿੱਤਾ ਗਿਆ ਸੀ।"

"ਇਸ ਦੇ ਉਲਟ ਭਾਰਤ ਲਈ 1927 ਵਿਚ ਬਰਤਾਨਵੀ ਹਕੂਮਤ ਨੇ

ਇਹ ਜਾਨਣ ਲਈ ਹੀ ਸਾਈਮਨ ਕਮਿਸ਼ਨ ਦੀ ਨਿਯੁਕਤੀ ਕੀਤੀ ਸੀ ਕਿ 1919 ਦੇ ਤੁੱਛ ਜੇਹੇ ਮੌਂਟੇਗੂ-ਚੈਮਸਫੋਰਡ ਸੁਧਾਰਾਂ ਦੇ ਤਹਿਤ ਭੂਰੇ-ਮੁੰਡਿਆਂ ਦੀ ਕਾਰ-ਗੁਜ਼ਾਰੀ ਕਿਹੋ ਜਿਹੀ ਹੈ। ਪ੍ਰਧਾਨ ਮੰਤਰੀ ਬਾਲਡਵਿਨ ਜਿਨ੍ਹਾਂ ਨੂੰ ਰੱਬ ਦੇ ਸੱਤ ਅੰਗਰੇਜ਼ ਕਿਹਾ ਸੀ, ਦੇਸ਼ ਨੇ ਉਹਨਾਂ ਦਾ ਕਾਲੀਆਂ ਝੰਡੀਆਂ ਨਾਲ ਸੁਆਗਤ ਕੀਤਾ ਸੀ ਤੇ 1928 ਵਿਚ ਬਰਤਾਨਵੀ ਸਰਕਾਰ ਨੇ ਭਾਰਤ ਦੀ ਡੋਮੀਨੀਅਨ ਦੀ ਮੰਗ ਠੁਕਰਾ ਦਿੱਤੀ ਸੀ।"

"ਮਲੂਕਿਆ", ਵਿੰਸਲੇ ਨੇ ਦਖ਼ਲ ਦਿੰਦਿਆਂ ਕਿਹਾ ਸੀ, "ਤੁਸੀਂ ਸਪੇਨ ਵਿਚ ਫਾਸਿਜ਼ਮ ਵਿਰੁੱਧ ਸਾਡੇ ਸਹਾਈ ਹੋ ਕੇ ਯੂਰਪ ਵਿਚ ਜਮਹੂਰੀਅਤ ਦੀ ਪਾਇ-ਦਾਰੀ ਨੂੰ ਯਕੀਨੀ ਜ਼ਰੂਰ ਬਣਾ ਸਕਦੇ ਹੋ।"

"ਇਸ ਵਿਚ ਮੈਂ ਕੀ ਕਰ ਸਕਦਾ ਹਾਂ?"

"ਅਸੀਂ ਉਦਾਰਵਾਦੀ ਕੈਨੇਡੀਅਨਾਂ ਦੇ ਘਰੀਂ ਨਿੱਕੀਆਂ ਨਿੱਕੀਆਂ ਇਕੱਤਰ-ਤਾਵਾਂ ਕਰ ਕੇ ਸਪੇਨ ਦੀ ਜਮਹੂਰੀਅਤ ਲਈ ਲੜਾਈ ਖ਼ਾਤਰ ਫੰਡ ਇਕੱਠਾ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ।"

"ਇਕ ਪੰਜਾਬੀ ਸਿੱਖ ਦੀ ਫਾਸ਼ੀਵਾਦ ਵਿਰੁੱਧ ਤਕਰੀਰ ਬਹੁਤ ਹੀ ਪ੍ਰਭਾਵ-ਸ਼ਾਲੀ ਗੱਲ ਹੋਵੇਗੀ।"

"ਮੈਂ ਹਰ ਸੇਵਾ ਲਈ ਹਾਜ਼ਿਰ ਹਾਂ।" ਮਲੂਕੇ ਨੇ ਆਖਿਆ ਸੀ।

"ਬਰਤਾਨਵੀਆਂ ਦੀ ਗ਼ੈਰ-ਮੁਦਾਖ਼ਲਤਕਾਰੀ ਨੀਤੀ ਤੋਂ ਮੈਨੂੰ ਸ਼ੈਕਸਪੀਅਰ ਦ ਹੈਮਲਿਟ ਦਾ ਚੇਤਾ ਆਉਂਦੈ।" ਲੋਸਾਦਾ ਨੇ ਨਾਟਕੀ ਮੁਦਰਾ ਵਿਚ ਆਖਿਆ ਸੀ, "ਅਨਿਰਣੇ ਦੀਆਂ ਚਹੁੰ ਝਾਕੀਆਂ ਮਗਰੋਂ ਤ੍ਰਾਸਦੀ ਦੀ ਅਖ਼ੀਰੀ ਝਾਕੀ।"

"ਮਲੂਕਿਆ, ਸਾਵਧਾਨ ਰਹੀਂ", ਫਰੈਂਕ ਕਮਿੰਗਜ਼ ਨੇ ਚੇਤਾਵਨੀ ਦਿੱਤੀ ਸੀ, "ਇਨ੍ਹਾਂ ਇਕੱਤ੍ਰਤਾਵਾਂ ਨੂੰ ਕਮਿਊਨਿਸਟ ਜਥੇਬੰਦ ਕਰ ਰਹੇ ਨੇ।"

"ਅਤੇ ਕੈਨੇਡੀਅਨਾਂ ਨੂੰ 'ਲਾਲ ਸਾਜ਼ਿਸ਼' ਵਿਰੁੱਧ ਮਾਲੀਖ਼ੌਲੀਆ ਹੋਣ ਲੱਗ ਪਿਐ। ਅਮਰੀਕਾ ਵਿਚ ਜੋ ਮੈਕਾਰਥੀ ਵਲੋਂ 'ਲਾਲਾਂ' ਵਿਰੁੱਧ ਹਮਲੇ ਦਾ ਪਰਛਾਵਾਂ ਕੈਨੇਡਾ ਵਿਚ ਵੀ ਪੈਣਾ ਸ਼ੁਰੂ ਹੋ ਗਿਐ।"

"ਇਹ ਨਾ ਭੁੱਲੀਂ", ਲੋਸਾਦਾ ਨੇ ਜ਼ੋਰ ਦੇ ਕੇ ਕਿਹਾ ਸੀ, "ਤੂੰ ਸਪੇਨ ਵਿਚ ਜਮਹੂਰੀ ਢੰਗ ਨਾਲ ਚੁਣੀ ਸਰਕਾਰ ਦੀ ਮਦਦ ਕਰ ਰਿਹਾ ਹੋਵੇਂਗਾ। ਫ਼ਰਵਰੀ

1936 ਵਿਚ ਹੋਈਆਂ ਚੋਣਾਂ ਵਿਚ 473 ਸੀਟਾਂ ਵਿਚੋਂ 267 ਜਨ-ਮੋਰਚੇ ਨੂੰ ਮਿਲੀਆਂ ਸਨ।" ... ...

ਐਤਵਾਰ ਦੀ ਇਕ ਸ਼ਾਮ ਨੂੰ ਮਲੂਕੇ ਨੂੰ ਫੋਨ ਆਇਆ।

"ਮੈਂ ਥੀਸੋਫੀਕਲ ਸੋਸਾਇਟੀ ਵਲੋਂ ਦੁਸਤਾਨ ਬੋਲਦਾਂ। ਅਸੀਂ ਤੇਰੀ ਤਕਰੀਰ ਕਰਵਾਉਣੀ ਚਾਹੁਨੇ ਹਾਂ।"

ਮਲੂਕੇ ਨੂੰ ਇਸ ਦਾਅਵਤ ਦੀ ਖ਼ੁਸ਼ੀ ਹੋਈ ਸੀ। ਉਸ ਦੇ ਮਨ ਵਿਚ ਥੀਓਸੋਫੀਕਲ ਸੋਸਾਇਟੀ ਦੀ ਬੜੀ ਇੱਜ਼ਤ ਸੀ, ਖ਼ਾਸ ਕਰ ਸ੍ਰੀਮਤੀ ਏਨੀ ਬਸੰਤ ਕਰਕੇ। ਇਹ ਸਭਿਅ ਤੇ ਸੁਭਾਸ਼ਣੀ ਅੰਗਰੇਜ਼ ਸੁਆਣੀ 1907 ਵਿਚ ਇਸ ਸੰਸਥਾ ਦੀ ਪ੍ਰਧਾਨ ਚੁਣੀ ਗਈ ਸੀ। ਉਹ ਕੇਵਲ ਪੁਰਾਤਨ ਭਾਰਤੀ ਸਭਿਆਚਾਰ ਦੀ ਹੀ ਡੂੰਘੀ ਕਦਰਦਾਨ ਨਹੀਂ ਸਗੋਂ ਭਾਰਤੀ ਰਾਸ਼ਟਰਵਾਦ ਦੀ ਵੀ ਪੱਕੀ ਹਮਾਇਤਣ ਸੀ। 1917 ਵਿਚ ਉਹ ਭਾਰਤੀ ਰਾਸ਼ਟਰੀ ਕਾਂਗਰਸ ਦੀ ਪ੍ਰਧਾਨ ਬਣੀ ਸੀ ਤੇ ਉਸ ਨੇ ਦੇਸ਼ ਲਈ 'ਸਵਰਾਜ' ਦਾ ਨਾਅਰਾ ਬੁਲੰਦ ਕੀਤਾ ਸੀ।

"ਮਿਸਟਰ ਦਸਤਾਨ, ਮੈਂ ਕਿਸ ਵਿਸ਼ੇ ਬਾਰੇ ਗੱਲ ਕਰਾਂ?"

"ਆਪਣੀ ਪਸੰਦ ਦੇ ਕਿਸੇ ਵੀ ਦਾਰਸ਼ਨਿਕ ਵਿਸ਼ੇ ਬਾਰੇ।"

"ਉਪਨਿਸ਼ਦਾਂ ਦਾ ਦਰਸ਼ਨ ਠੀਕ ਰਹੇਗਾ?"

"ਸ਼ਾਨਦਾਰ।"

"ਹੁਣ ਤੋਂ ਦੋ ਹਫ਼ਤਿਆਂ ਬਾਅਦ ਦੇ ਐਤਵਾਰ ਦੀ ਸ਼ਾਮ ਢੁੱਕਵੀਂ ਰਹੇਗੀ?"

"ਬਿਲਕੁਲ।"

ਕਈ ਵਰ੍ਹਿਆਂ ਦੇ ਪੱਛਮੀ ਸਭਿਆਚਾਰ ਦੇ ਅਧਿਐਨ ਤੋਂ ਡੂੰਘੀ ਤਰ੍ਹਾਂ ਪ੍ਰਭਾਵਿਤ ਹੋਣ ਦੇ ਬਾਵਜੂਦ ਮਲੂਕਾ ਹਾਲੇ ਵੀ ਧੁਰ ਅੰਦਰੋਂ ਭਾਰਤੀ ਨਵ-ਜਾਗ੍ਰਤੀ ਦਾ ਹੀ ਸਪੂਤ ਸੀ। ਉਹਨੂੰ ਭਾਰਤੀ ਦਰਸ਼ਨ ਦੇ ਵਿਸ਼ਾਲ ਦਾਰਸ਼ਨਿਕ ਪ੍ਰਬੰਧ ਦੀ ਇਕ ਸੰਪ੍ਰਦਾਇ ਬਾਰੇ ਤਕਰੀਰ ਕਰਨ ਦਾ ਬੜਾ ਮਾਣ ਸੀ। ਉਹਨੇ ਆਪਣੀ ਤਕਰੀਰ ਬੜੀ ਸੁਹਣੀ ਵਿਉਂਤੀ ਸੀ।

ਵਿਸ਼ਾਲ ਥੀਓਸੋਫੀਕਲ ਹਾਲ ਖਚਾਖਚ ਭਰਿਆ ਹੋਇਆ ਸੀ ਅਤੇ ਮਲੂਕੇ ਨੂੰ ਉਨ੍ਹਾਂ ਸਰੋਤਿਆਂ ਸਾਹਵੇਂ ਰਤਾ ਘਬਰਾਹਟ ਮਹਿਸੂਸ ਹੋ ਰਹੀ ਸੀ, ਜਿਨ੍ਹਾਂ ਨੇ ਦਾਰ-ਸ਼ਨਿਕ ਵਿਸ਼ਿਆਂ ਬਾਰੇ ਕਈ ਵਿਦਵਾਨ ਬੁਲਾਰਿਆਂ ਦੇ ਵਿਚਾਰ ਸੁਣੇ ਹੋਏ ਸਨ।

ਪਰ ਇਸ ਤੱਥ ਨੇ ਉਹਨੂੰ ਜ਼ੋਰਦਾਰ ਢੰਗ ਨਾਲ ਬੋਲਣ ਦੀ ਬੜੀ ਪ੍ਰੇਰਨਾ ਦਿੱਤੀ ਸੀ ਕਿ ਉਸਨੇ ਆਪਣੇ ਸਭਿਆਚਾਰਕ ਵਿਰਸੇ ਦੇ ਇਕ ਪਹਿਲੂ ਨੂੰ ਪੱਛਮੀ ਸਰੋਤਿਆਂ ਸਾਹਮਣੇ ਪੇਸ਼ ਕਰਨਾ ਸੀ। ਉਹਦੀ ਤਕਰੀਰ ਨੇ ਵਾਹਵਾ ਠੱਠ ਬੰਨ੍ਹਿਆ ਸੀ।

'ਕੈਨੇਡੀਅਨ ਥੀਓਸੋਫਿਸਟ' ਦੇ ਸੰਪਾਦਕ ਮਿਸਟਰ ਏ. ਈ. ਸਮਾਈਥ ਨੇ ਉਹਦਾ ਬੜਾ ਨਿੱਘਾ ਧੰਨਵਾਦ ਕੀਤਾ ਸੀ, "ਬੜੀ ਹੀ ਜਾਣਕਾਰੀ ਭਰਪੂਰ ਤੇ ਵੇਗਵਾਨ ਤਕਰੀਰ ਸੀ।" ਉਹਨੇ ਕਿਹਾ।

"ਅਗਲੇ ਮਹੀਨੇ ਅਸੀਂ ਬਫਲੋ ਵਿਚ ਥੀਓਸੋਫਿਸਟਾਂ ਦਾ ਇਕ ਕੌਮਾਂਤਰੀ ਇਕੱਠ ਕਰ ਰਹੇ ਹਾਂ। ਬਹੁਤ ਸਾਰੇ ਅਮਰੀਕਣ ਵੀ ਆਉਣਗੇ। ਤੁਸੀਂ ਉਥੇ ਤਕਰੀਰ ਕਰਨ ਦੀ ਕ੍ਰਿਪਾਲਤਾ ਕਰੋਗੇ?"

"ਬੜੀ ਖ਼ੁਸ਼ੀ ਨਾਲ।"

"ਮਿਸਟਰ ਦੁਸਤਾਨ ਤੁਹਾਨੂੰ ਆਪਣੀ ਗੱਡੀ ਵਿਚ ਬਫਲੋ ਲੈ ਜਾਣਗੇ।"

ਐਤਵਾਰ ਸਵੇਰੇ ਮਿਸਟਰ ਦੁਸਤਾਨ ਆਪਣੀ ਪਤਨੀ ਤੇ ਦੋ ਹੋਰ ਬਜ਼ੁਰਗ ਸੁਆਣੀਆਂ ਸਮੇਤ, ਮਲੂਕੇ ਨੂੰ ਲੈਣ ਆ ਗਏ ਸਨ।

ਅਮਰੀਕੀ ਸਰਹੱਦ ਤੇ ਕਾਰ ਰੁਕੀ ਤਾਂ ਇਕ ਸਖਤ-ਦਿੱਖ ਵਾਲਾ ਪਰਵਾਸੀ ਅਧਿਕਾਰੀ ਅੱਗੇ ਵਧਿਆ।

"ਤੁਹਾਡੇ ਪਾਸਪੋਰਟ ਸ੍ਰੀਮਾਨ ਜੀ", "ਠੀਕ ਨੇ", ਉਹਨੇ ਮਿਸਟਰ ਦੁਸਤਾਨ ਤੇ ਤਿੰਨਾਂ ਹੀ ਸੁਆਣੀਆਂ ਨੂੰ ਵਾਰੀ ਵਾਰੀ ਆਖਿਆ।

"ਤੂੰ ਬਾਹਿਰ ਆ ਜਾ", ਉਹ ਹੁਕਮੀਆ ਲਹਿਜੇ ਵਿਚ ਮਲੂਕੇ ਨੂੰ ਮੁਖਾਤਿਬ ਸੀ।

ਮਲੂਕਾ ਸਰਹੱਦੀ ਰਾਖੇ ਦੇ ਮਗਰ ਮਗਰ ਉਹਦੇ ਦਫਤਰ ਅੰਦਰ ਚਲਾ ਗਿਆ। ਉਹਨੇ ਉਹਨੂੰ ਬੈਠ ਜਾਣ ਦਾ ਇਸ਼ਾਰਾ ਕੀਤਾ।

ਉਹਨੇ ਬੜੇ ਧਿਆਨ ਨਾਲ ਮਲੂਕੇ ਦੇ ਕਾਗਜ਼ ਦੇਖੇ ਤੇ ਖੱਬੇ ਹੱਥ ਦੀਆਂ ਉਂਗਲਾਂ ਨਾਲ ਮੇਜ਼ ਥਪਥਪਾਉਂਦਾ ਰਿਹਾ।

ਫਾਲਤੂ ਦੀ ਦੇਰੀ ਤੋਂ ਛਿੱਥਾ ਪੈ ਕੇ ਦੁਸਤਾਨ ਨੇ ਦਫਤਰ ਵਿਚ ਆ ਕੇ ਇਸ ਗੱਲ ਦੀ ਵਜ਼ਾਹਤ ਕੀਤੀ ਕਿ ਮਲੂਕੇ ਨੇ ਬਫਲੋ ਵਿਚ ਥੀਸੋਫੀਕਲ ਇਕੱਠ ਸਾਹਵੇਂ ਤਕਰੀਰ ਕਰਨੀ ਸੀ।

"ਥੀਓਸੋਫੀ ਦਾ ਕਮਿਊਨਿਜ਼ਮ ਨਾਲ ਤਾਂ ਕੋਈ ਲਾਗਾ-ਦੇਗਾ ਨਹੀਂ ?" ਅਧਿਕਾਰੀ ਨੇ ਪੁੱਛਿਆ ਸੀ।

"ਨਹੀਂ" ਮਿਸਟਰ ਦੁਸਤਾਨ ਨੇ ਕਿਹਾ, "ਰੱਬ ਨਾਲ ਹੀ ਹੈ।"

"ਚੰਗਾ, ਤਾਂ ਇਹ ਜਾ ਸਕਦੇ।"

... ...

ਮਲੂਕੇ ਲਈ ਆਪਣਾ ਥੀਸਿਸ ਲਿਖਣਾ ਪੀ. ਐਚ. ਡੀ. ਦੀ ਡਿਗਰੀ ਪ੍ਰਾਪਤ ਕਰਨ ਹਿਤ ਮਹਿਜ਼ ਅਕਾਦਮਿਕ ਕਾਰਵਾਈ ਹੀ ਨਹੀਂ ਸੀ। ਇਹ ਉਹਦੇ ਆਪਣੇ ਅੰਦਰ ਦੇ ਇਕ ਸੰਕਟ, ਆਪਣੇ ਵਿਰਸੇ 'ਚ ਮਿਲੇ ਪੂਰਬੀ (ਭਾਰਤੀ) ਤੇ ਪ੍ਰਾਪਤ ਕੀਤੇ ਪੱਛਮੀ ਸਭਿਆਚਾਰ ਦਰਮਿਆਨ ਦੇ ਸੰਕਟ ਨੂੰ ਹੱਲ ਕਰਨ ਦੀ ਵੀ ਇਕ ਕੋਸ਼ਿਸ਼ ਸੀ।

ਪੂਰਬ ਤੇ ਪੱਛਮ ਦੇ ਸਭਿਆਚਾਰ, ਬੀਤੇ ਦੌਰ ਵਿਚ ਜੰਗ ਦੇ ਮੈਦਾਨ ਅਤੇ ਵਿਚਾਰਾਂ ਤੇ ਆਦਰਸ਼ਾਂ ਦੇ ਪਿੜ ਵਿਚ ਵੀ ਮਿਲੇ ਸਨ ਪਰੰਤੂ ਉਸ ਨੇੜਤਾ ਨਾਲ ਨਹੀਂ, ਜੋ ਆਧੁਨਿਕ ਵਿਗਿਆਨ ਤੇ ਤਕਨਾਲੋਜੀ ਵਿਚ ਹੋਈ ਤਰੱਕੀ ਨੇ ਸੰਭਵ ਬਣਾ ਦਿੱਤੀ ਸੀ। ਇਸ ਮੇਲ ਦਾ ਪ੍ਰਭਾਵ ਗੰਗਾ ਦੇ ਕੰਢਿਆਂ ਤੇ ਸਭ ਤੋਂ ਵੱਧ ਨੁਮਾਇਆਂ ਤੌਰ ਤੇ ਉਜਾਗਰ ਹੋਇਆ ਸੀ। ਬਰਤਾਨਵੀ ਪ੍ਰੋਟੈਸਟੈਂਟਾਂ ਤੇ ਪ੍ਰਯੋਗ-ਵਾਦੀਆਂ ਦੀ ਹਿੰਦੂਆਂ ਦੇ ਵੇਦਾਂਤਕ ਆਦਰਸ਼ਵਾਦ ਨਾਲ ਬੜੀ ਘੱਟ ਸਾਂਝ ਸੀ। ਪਹਿਲੇ ਦੀ ਵਿਅਕਤੀਵਾਦੀ ਤੇ ਵਿਗਿਆਨਕ ਤੱਕਣੀ ਦੀ ਦੂਜੇ ਦੀ ਸਮੁਦਾਇਕ ਚੇਤਨਾ ਤੇ ਰਹੱਸਵਾਦ ਨਾਲ ਤਿੱਖੀ ਟੱਕਰ ਸੀ। ਸਿੱਟੇ ਵਜੋਂ ਦੋਹਾਂ ਵਿਚਕਾਰ ਸਭਿਆਚਾਰਕ ਟੱਕਰ ਮੁਸਲਸਲ ਜਾਰੀ ਸੀ।

ਲੋਕਾਂ ਦਾ ਸਭਿਆਚਾਰ ਉਹ ਸੰਚਾ ਹੁੰਦਾ ਹੈ, ਜਿਸ ਵਿਚ ਉਹਦੇ ਨਰ-ਨਾਰੀਆਂ ਦੇ ਉੱਚਤਮ ਆਦਰਸ਼ ਢਲਦੇ ਨੇ। ਇਹ ਸਜਿੰਦ ਤੌਰ ਤੇ ਵਿਆਪਕ ਸ਼ਕਤੀ ਹੁੰਦੀ ਹੈ।

ਅੱਡ ਅੱਡ ਭੌਤਿਕ ਤੇ ਸਮਾਜਕ ਮਾਹੌਲ, ਮਨੁੱਖੀ ਵਿਕਾਸ ਦੇ ਵੱਖ ਵੱਖ ਦੌਰ ਤੇ ਪੜਾਅ ਹੀ ਵੱਖੋ ਵੱਖਰੇ ਸਭਿਆਚਾਰਾਂ ਨੂੰ ਡੌਲਦੇ ਨੇ। ਪਰ ਹਰ ਮਹਾਨ ਸਭਿਆ-ਚਾਰ ਦੀ ਆਪੋ ਆਪਣੀ ਮਾਨਤਾ ਤੇ ਪ੍ਰਤਿਭਾ ਹੁੰਦੀ ਏ। ਹਰ ਇਕ ਦੀ ਜੀਵਨ ਤੇ ਇਸਦੇ ਬੁਨਿਆਦੀ ਆਦਰਸ਼ਾਂ ਦੀ ਅੱਡੋ ਅੱਡਰੀ ਵਿਆਖਿਆ ਹੁੰਦੀ ਏ। ਇਕ

ਸਭਿਆਚਾਰ ਦੂਜੇ ਤੋਂ ਪ੍ਰਭਾਵਿਤ ਵੀ ਹੋ ਸਕਦਾ ਹੈ ਜਾਂ ਨਵੇਂ ਸੋਚਾਂ ਦੀ ਰੌਸ਼ਨੀ ਵਿਚ ਆਪਣੇ ਅੰਦਰ ਨਵੇਂ ਫੇਰ ਬਦਲ ਧਾਰਨ ਕਰਨ ਵਲ ਰੁਚਿਤ ਵੀ ਹੋ ਸਕਦਾ ਹੈ, ਪਰ ਇਹਦਾ ਆਪਣਾ ਦੇਸੀ ਰੰਗ ਤੇ ਅੱਡਰੀ ਪਛਾਣ ਵੀ ਕਾਇਮ ਰਹਿੰਦੀ ਹੈ।

ਪੱਛਮ ਵਿਚ ਬੰਦੇ ਦਾ ਸਾਹਮਣਾ ਸਖਤ ਮਾਹੌਲ ਤੇ ਖਰਾਬ ਜਲਵਾਯੂ ਨਾਲ ਸੀ। ਆਪਣੇ ਸੀਮਿਤ ਜੇਹੇ ਵਸੀਲਿਆਂ ਨਾਲ ਰੋਜ਼ੀ ਕਮਾਉਣ ਲਈ ਉਹਨੂੰ ਔਖੀਆਂ ਘਾਲਣਾਵਾਂ ਘਾਲਣੀਆਂ ਪਈਆਂ ਸਨ। ਜ਼ੋਰਾਵਰ ਤੇ ਚੁਸਤ ਹੋਣ ਲਈ ਉਹ ਸੱਤਾ ਤੇ ਸਫਲਤਾ ਦੇ ਆਦਰਸ਼ ਦਾ ਪ੍ਰਸ਼ੰਸਕ ਸੀ। ਉਹ ਠੰਡੇ ਦਿਮਾਗ ਤੇ ਕਾਰੋਬਾਰੀ ਮਨੋ-ਬਿਰਤੀ ਧਾਰਨ ਕਰਨ ਨੂੰ ਤਰਜੀਹ ਦਿੰਦਾ ਸੀ।

ਇਸਦੇ ਟਾਕਰੇ ਤੇ ਗੰਗਾ ਦੇ ਕਿਨਾਰਿਆਂ ਤੇ ਕੁਦਰਤ ਮਾਲਾਮਾਲ ਸੀ ਤੇ ਬੰਦੇ ਦੀਆਂ ਲੋੜਾਂ ਥੋੜ੍ਹੀਆਂ ਸਨ ਜਿਨ੍ਹਾਂ ਦੀ ਸੰਤੁਸ਼ਟੀ ਲਈ ਕਠਨ ਘਾਲਣਾ ਘਾਲਣ ਦੀ ਬਹੁਤੀ ਜ਼ਰੂਰਤ ਨਹੀਂ ਸੀ। ਕੁਦਰਤ ਬੜੀ ਸਹਿਯੋਗੀ ਸੀ ਤੇ ਬੰਦਾ ਇਸੇ ਕਰ ਕੇ ਉਸ ਨਾਲ ਨਿਕਟ-ਨਾਤਾ ਕਾਇਮ ਕਰਨ ਦਾ ਇੱਛਕ ਸੀ। ਇਸ ਤੋਂ ਬਿਨਾ, ਪੌਣ-ਪਾਣੀ ਵੀ ਧਿਆਨ-ਮਗਨਤਾ ਲਈ ਅਨੁਸਾਰੀ ਸੀ। ਉਹਨੂੰ ਲਗਦਾ ਸੀ ਕਿ ਦਇਆ-ਵਾਨ ਸ਼ਕਤੀਆਂ ਕੁਦਰਤ ਤੇ ਮਨੁੱਖ ਵਿਚ ਸਾਕਾਰ ਹੋਈਆਂ ਪਈਆਂ ਸਨ ਤੇ ਉਹਦੇ ਮਨ ਵਿਚ ਇਨ੍ਹਾਂ ਦੀ ਪ੍ਰਤੀਤੀ ਲਈ ਹੀ ਗਹਿਰੀ ਤੜਪ ਪੈਦਾ ਹੋ ਗਈ ਸੀ।

ਇਹਨਾਂ ਫ਼ਰਕਾਂ ਦਾ ਇਕ ਮਹੱਤਵਪੂਰਣ ਸਿੱਟਾ ਇਹ ਸੀ ਕਿ ਪੱਛਮ ਤਬਦੀਲੀ 'ਤੇ ਜ਼ੋਰ ਦੇ ਕੇ ਵਿਸ਼ੇਸ਼ ਨੂੰ ਸਨਮੁਖ ਸੀ ਜਦਕਿ ਪੂਰਬ ਧੁਰ ਅੰਦਰ ਦੀ ਅਨਾਦਤਾ ਦਾ ਮੁਤਲਾਸ਼ੀ ਹੋਣ ਦੇ ਨਾਤੇ ਅੰਤਿਮ ਨੂੰ ਮੁਖ਼ਾਤਿਬ ਸੀ। ਇਕ ਦਾ ਸੰਬੰਧ ਸਾਪੇਖ ਨਾਲ ਸੀ ਤੇ ਦੂਜੇ ਦਾ ਨਿਰਪੇਖ ਨਾਲ। ਇਕ ਵਸਤੂ ਦੀ 'ਕਿਵੇਂ' ਨਾਲ ਦੋ ਚਾਰ ਸੀ ਤੇ ਦੂਜਾ ਉਹਨਾਂ ਦੀ 'ਕਿਉਂ' ਦਾ ਜਗਿਆਸੂ।

ਵੇਲਾ ਬੀਤਣ ਨਾਲ ਭਾਰਤੀ ਸਭਿਆਚਾਰ ਦੇ ਮੁੱਢਲੇ ਸੰਕਲਪਾਂ ਦੇ ਸਿੱਟੇ ਵਜੋਂ ਜਾਤੀ-ਪ੍ਰਥਾ ਤੇ ਧਰਮ ਦੇ ਗ਼ਲਬੇ ਵਾਲਾ ਗਤੀਹੀਣ ਸਮਾਜ ਹੋਂਦ ਵਿਚ ਆ ਗਿਆ। ਭਾਰਤੀ ਨਵ-ਜਾਗ੍ਰਿਤੀ, ਜੋ ਪ੍ਰੇਰਨਾ ਤੇ ਰਹਿਨੁਮਾਈ ਲਈ ਲੋਕਾਂ ਨੂੰ ਪਿਛਲ ਝਾਤ ਵਲ ਮੋੜਦੀ ਸੀ, ਆਲੋਚਨਾ ਬਿਰਤੀ ਨੂੰ ਖੁੰਢਿਆਂ ਕਰਦੀ ਸੀ। ਬੰਦੇ ਬਹੁਤ ਕਰਕੇ ਬੀਤੇ ਸਾਹਵੇਂ ਹੀ ਡੰਡੌਤ ਬੰਦਨਾ ਕਰਨ ਤੀਕ ਸੀਮਿਤ ਰਹਿੰਦੇ ਸਨ।

ਮਲੂਕੇ ਦਾ ਨਿਸ਼ਚਾ ਸੀ ਕਿ ਪ੍ਰੋਫੈਸਰ ਡਿਊਈ ਦਾ ਪ੍ਰਯੋਗਵਾਦ, ਜਿਸ ਨੂੰ

ਉਹ ਉਚਿਤ ਤੌਰ ਤੇ ਆਪੇ ਹੀ ਔਜ਼ਾਰਵਾਦ ਦਾ ਨਾਂ ਚਿੰਦਾ ਸੀ—ਕਿਉਂਕਿ ਉਸ ਅਨੁਸਾਰ ਵਿਚਾਰ ਅਮਲ ਦੇ ਹੀ ਸੰਦ ਹੁੰਦੇ ਨੇ—ਉਨ੍ਹਾਂ ਅਨੇਕਾਂ ਪੁਰਾਤਨ ਵਿਸ਼ਵਾਸਾਂ ਤੇ ਪਰੰਪਰਾਵਾਂ ਵਿਰੁੱਧ ਕਾਟਵੀਂ ਔਸ਼ਧੀ ਬਣੇਗਾ, ਜੋ ਭਾਰਤ ਦੀ ਪ੍ਰਗਤੀ ਦੇ ਪੈਰੀਂ ਪੈਂਖੜ ਪਾਈ ਬੈਠੇ ਸਨ। ਡੀਊਈ ਦਾ ਮੱਤ ਸੀ ਕਿ ਵਿਚਾਰ ਦੀ ਉਪਯੋਗਤਾ ਤੇ ਪ੍ਰਸੰਗਤਾ ਦਾ ਨਿਰਣਾ ਉਹਨਾਂ ਦੇ ਅਮਲੀ ਸਿੱਟਿਆਂ ਨੇ ਹੀ ਕਰਨਾ ਹੁੰਦਾ ਹੈ।

ਇਸ ਲਈ ਡਿਊਈ ਦਾ ਫਲਵਾਦੀ ਪ੍ਰਯੋਗਵਾਦ ਦਰਸ਼ਨਵੇਤਾਵਾਂ ਦੀਆਂ ਸਮੱਸਿਆਵਾਂ ਨਾਲ ਨਿਬੜਨ ਦੀ ਵਿਧੀ ਨਹੀਂ ਸੀ ਰਿਹਾ। ਇਹ ਮਨੁੱਖ ਦੇ ਮਸਲਿਆਂ ਨੂੰ ਹੱਲ ਕਰਨ ਦਾ ਅਮਲੀ ਦਾਰਸ਼ਨਿਕ ਹਥਿਆਰ ਸੀ। ਇਸ ਦਾ ਉਦਗਮ ਤੇ ਅੰਤ ਮਨੁੱਖ ਦੇ ਦੈਨਿਕ ਤਜਰਬਿਆਂ ਦੇ ਘੇਰੇ ਅੰਦਰ ਹੀ ਸੀਮਿਤ ਸੀ। ਵਿਸ਼ਵ ਦੀਆਂ ਅੜਾਉਣੀਆਂ ਨੂੰ ਹੱਲ ਕਰਨ ਦੇ ਡੀਂਗਾਂ ਭਰੇ ਦਾਅਵੇ ਪੇਸ਼ ਕਰਨ ਦੀ ਥਾਂ, ਇਹ ਸਮਕਾਲੀ ਜੀਵਨ ਦੀ ਚਿੰਤਾ ਤੱਕ ਹੀ ਮਹਿਦੂਦ ਸੀ ਤੇ ਇਸ ਨੇ ਇਸੇ ਨੂੰ ਅਮੀਰੀ ਬਖਸ਼ਣ ਦੀ ਕੋਸ਼ਿਸ਼ ਕੀਤੀ ਸੀ।

ਪੁਰਾਤਨ-ਪੰਥੀ ਤੇ ਰਵਾਇਤੀ ਹੋਣ ਦੀ ਥਾਂ ਇਹ ਗਤੀਸ਼ੀਲ ਤੇ ਸਜਿੰਦ ਸੀ। ਇਹ ਅਨਾਦੀ ਅਨੰਤ ਦੇ ਸਾਖਿਆਤਕਾਰ ਦੀ ਥਾਂ ਜਾਣੀਆਂ ਪਛਾਣੀਆਂ ਚੀਜ਼ਾਂ ਦੀ ਪੜਚੋਲ ਸੀ। ਰੱਬ ਦੀ ਥਾਂ ਇਸ ਦਾ ਕੇਂਦਰ ਮਨੁੱਖ ਸੀ। ਇਹ ਪ੍ਰਾਰੰਭਕ ਕਾਰਣ ਤੇ ਅੰਤਿਮ ਆਦਰਸ਼ ਵਲ ਬੇਮੁੱਖ ਸੀ ਅਤੇ ਵਸਤੂਆਂ ਤੇ ਸਿਧਾਂਤਾਂ ਨੂੰ ਉਹਨਾਂ ਦੇ ਫਲਾਂ ਤੇ ਨਤੀਜਿਆਂ ਦੀ ਦ੍ਰਿਸ਼ਟੀ ਤੋਂ ਪਰਖਦਾ ਸੀ। ਇਹ ਪੜਤਾਲ ਦੀ ਪ੍ਰਯੋਗਵਾਦੀ ਵਿਧੀ ਤੇ ਜ਼ੋਰ ਦਿੰਦਾ ਸੀ ਅਤੇ ਸਿਧਾਂਤਕ ਨਿਸ਼ਚਿਤਤਾ ਦੀ ਥਾਂ ਅਮਲੀ ਜ਼ਾਬਤੇ ਤੋਂ ਪ੍ਰਾਪਤ ਹੋਈ ਸੁਰੱਖਿਆ ਨੂੰ ਮੁੱਲਵਾਨ ਸਮਝਦਾ ਸੀ।

ਜਾਹਨ ਡਿਊਈ ਮੁੱਖ ਤੌਰ 'ਤੇ ਵਿਵਹਾਰਕ ਸਮਾਜਕ ਦਰਸ਼ਨ-ਵੇਤਾ ਸੀ। ਉਸ ਲਈ ਕਦਰਾਂ ਕੀਮਤਾਂ ਮਨੁੱਖ-ਰਚਿਤ ਸਨ। ਉਸ ਅਨੁਸਾਰ ਰੱਬ ਦੀ ਸਲਤਨਤ ਮਨੁੱਖੀ ਅਨੁਭਵ ਦੇ ਅੰਦਰ ਹੀ ਲੱਭੀ ਜਾਣੀ ਚਾਹੀਦੀ ਸੀ। ਇਹਨਾਂ ਕਦਰਾਂ ਕੀਮਤਾਂ ਦੇ ਮਨੁੱਖ ਮਾਤਰ ਲਈ ਸਾਰਥਿਕ ਹੋਣ ਕਾਰਨ ਇਹਨਾਂ ਨੂੰ ਹਰ ਹੀਲੇ ਬੰਦਿਆਂ ਨੂੰ ਉਪਲਬਧ ਕਰਾਉਣਾ ਜ਼ਰੂਰੀ ਸੀ। ਤੇ ਇਹ ਕੇਵਲ ਜਮਹੂਰੀਅਤ ਵਿਚ ਹੀ ਸੰਭਵ ਹੋ ਸਕਦਾ ਸੀ ਕਿਉਂਕਿ ਉਸ ਅਨੁਸਾਰ ਇਹ ਹੀ ਹੁਣ ਤੱਕ ਵਿਕਸਿਤ ਹੋਈ ਸਰਕਾਰ ਦਾ ਆਦਰਸ਼ਕ ਰੂਪ ਸੀ। ਉਹ ਇਸ ਗੱਲ 'ਤੇ ਜ਼ੋਰ ਦਿੰਦਾ ਸੀ ਕਿ

ਵਿਅਕਤੀਗਤ ਸੰਸਥਾਵਾਂ ਸੰਬੰਧਿਤ ਵਿਅਕਤੀਆਂ ਵਾਂਗ ਹੀ ਭਿੰਨ ਭਿੰਨ ਹੁੰਦੀਆਂ ਨੇ ਤਾਂ ਇਹਨਾਂ ਦਾ ਕਿਸੇ ਵਿਅਕਤੀ ਵਿਚੋਂ ਆਤਮਾ, ਸਭਨਾਂ ਦਾ ਸਾਂਝਾ ਘਾਟਾ ਹੁੰਦਾ ਏ। ਇਸੇ ਵਿਚੋਂ ਵਿਦਿਆ ਦੀ ਲੋੜ ਪੈਦਾ ਹੁੰਦੀ ਏ, ਜਿਸ ਵਿਚ ਮੁਕਾਬਲੇ ਨਾਲੋਂ ਵੱਧ ਮਿਲਵਰਤੋਂ 'ਤੇ ਜ਼ੋਰ ਦੇਣਾ ਚਾਹੀਦਾ ਹੈ ਤੇ ਇਹ ਵਿਦਿਆ ਹੀ ਸਮਾਜਕ ਉਸਾਰੀ ਦਾ ਵਸੀਲਾ ਬਣਦੀ ਏ।

ਫਲਵਾਦ ਰਾਹੀਂ ਭਾਰਤ ਦੀ ਪਰਖ ਪੜਚੋਲ ਕਰਨ ਦਾ ਅਰਥ ਰਹੱਸਮਈ ਨੂੰ ਤਰਕ ਦੇ ਚਾਨਣ ਵਿਚ ਖਲ੍ਹਿਆਰ ਕੇ ਧਰਮ ਦੇ ਵਜੂਦ ਤੋਂ ਮਖੌਟਾ ਲਾਹੁਣ ਦੀ ਨਿਆਈਂ ਸੀ। ਇਸ ਲਈ ਭਾਰਤ ਦੀਆਂ ਦਾਰਸ਼ਨਿਕ ਤੇ ਸਮਾਜਕ ਸੰਸਥਾਵਾਂ ਨੂੰ ਮਨੁੱਖੀ ਜੀਵਨ ਦੀ ਭਲਾਈ ਹਿਤ ਨਿਕਲਣ ਵਾਲੇ ਸਿੱਟਿਆਂ ਦੇ ਪੈਂਤੜੇ ਤੋਂ ਪਰਖਣਾ ਦਰਕਾਰ ਸੀ।

57

ਆਪਣੀ ਯੂਨੀਵਰਸਿਟੀ ਵਿਦਿਆ ਦੀ ਸਮਾਪਤੀ ਤੋਂ ਬਾਅਦ ਜਦੋਂ ਮਲੂਕੇ ਨੂੰ ਨੌਕਰੀ ਦੀ ਤਲਾਸ਼ ਸੀ, ਉਦੋਂ ਸਮੇਂ ਬੜੇ ਔਖੇ ਸਨ ਤੇ ਪੈਸਿਆਂ ਦੀ ਡਾਢੀ ਕਿੱਲਤ। ਉਹ ਇਸ ਵਿਆਪਕ ਤੌਰ ਤੇ ਦਿਲ-ਤੋੜਵੀਂ ਵਿਅਰਥ ਤਲਾਸ਼ ਵਿਚ ਇਕੱਲਾ ਨਹੀਂ ਸੀ। ਹਜ਼ਾਰਾਂ ਪੜ੍ਹੇ ਲਿਖੇ ਤੇ ਬੇਹੁਨਰੇ ਕਾਮੇ ਇੱਕੋ ਰੱਸੇ ਬੱਝੇ ਹੀ ਵਿਹਲੇ ਸ਼ਹਿਰ ਦੀਆਂ ਗਲੀਆਂ ਛੇਤੜਦੇ ਫਿਰਦੇ ਹੁੰਦੇ ਸਨ।

ਚੰਗੇ ਭਾਗੀਂ ਮਲੂਕੇ ਨੂੰ ਟ੍ਰਾਂਟੋ ਵਿਚ ਹੋਈ ਕੈਨੇਡੀਅਨ ਕੌਮੀ ਨੁਮਾਇਸ਼ ਦੇ ਭਾਰਤੀ ਸਟਾਲ ਵਿਚ ਨੁਮਾਇਸ਼ੀ ਵਸਤਾਂ ਬਾਰੇ ਜਾਣਕਾਰੀ ਦੇਣ ਹਿਤ ਦੋਂਹ ਕੁ ਹਫ਼ਤਿਆਂ ਲਈ ਰੁਜ਼ਗਾਰ 'ਥਿਆ ਗਿਆ ਸੀ। ਪਰ ਦਰਸ਼ਕ ਉਹਨੂੰ ਖ਼ੁਦ ਨੂੰ ਵੀ ਇਕ ਨੁਮਾਇਸ਼ੀ ਵਸਤ ਹੀ ਸਮਝਿਆ ਕਰਦੇ ਤੇ ਬਨਾਰਸ ਤੋਂ ਆਏ ਪਿੱਤਲ ਦੇ ਦੇਵੀ-ਬੁੱਤਾਂ ਜਾਂ ਕੇਰਲਾ ਦੀਆਂ ਹਾਥੀ-ਦੰਦ ਦੀਆਂ ਖੁਣੀਆਂ ਚੀਜ਼ਾਂ ਬਾਰੇ ਘੱਟ ਤੇ ਉਸ ਦੇ ਆਪਣੇ ਆਪ ਬਾਰੇ ਵਧੇਰੇ ਸੁਆਲ ਪੁੱਛਿਆ ਕਰਦੇ ਸਨ। ਜਦ ਕਦੇ ਕੋਈ

ਸੁਹਣੀ ਨਾਰ ਮਲੂਕੇ ਨੂੰ ਮੋਹ ਲੈਣ ਵਾਲੇ ਖੁਲਾਸੇਪਣ ਨਾਲ ਇਹ ਪੁੱਛਦੀ ਕਿ ਕੀ ਤੂੰ ਸੱਚੀਂ ਮੁਚੀਂ ਦਾ ਭਾਰਤੀ ਹੈਂ ? ਤਾਂ ਮਲੂਕਾ ਉਸ ਵਲ ਕਾਊਂਟਰ 'ਤੇ ਬੜੀ ਤਤਪਰਤਾ ਨਾਲ ਝੁਕ ਕੇ ਖੁਸ਼-ਰੌਂ ਵਿਚ ਆਖਿਆ ਕਰਦਾ ਸੀ, "ਬਿਲਕੁਲ ਬੀਬੀ, ਬੇਸ਼ੱਕ ਚੂੰਢੀ ਵੱਢ ਕੇ ਵੇਖ ਲਾ।" ਉੱਥੇ ਸੁੱਕੇ ਮੇਵਿਆਂ ਤੇ ਹਿੰਦੁਸਤਾਨੀ ਮਿਠਾਈਆਂ ਨੂੰ ਤਾਂ ਸਾਰੇ, ਖ਼ਾਸ ਕਰਕੇ ਜੁਆਨ ਮੁੰਡੇ ਕੁੜੀਆਂ ਤਾਂ ਟੁੱਟ ਕੇ ਹੀ ਪੈ ਗਏ ਸਨ। ਜਦੋਂ ਇਹ ਖ਼ਤਮ ਹੋ ਗਏ ਤਾਂ ਮਲੂਕਾ ਉਹਨਾਂ ਦੀ ਥਾਂ 'ਰਿੰਡ ਦੇ ਤੇਲ ਦੀ ਪੀਪੀ ਅਗਾਂਹ ਕਰ ਦਿੰਦਾ ਤਾਂ ਉਹ ਹੱਸਦੇ-ਤੁੱਸਦੇ ਅਗਾਂਹ ਲੰਘ ਜਾਂਦੇ ਸਨ।

ਮੁੱਕੇਬਾਜ਼ੀ ਦਾ ਕਾਲਾ ਹੈਵੀ ਵੇਟ ਚੈਂਪੀਅਨ; ਜੌਅ ਲੂਈ ਵੀ ਭਾਰਤੀ ਸਟਾਲ 'ਤੇ ਆਇਆ ਸੀ। ਉਹਦਾ ਚਿਹਰਾ ਖ਼ਾਲੀ ਤੇ ਭਾਵ-ਰਹਿਤ ਸੀ। ਸਖ਼ਤ ਫਰਕਦੇ ਪੱਠਿਆਂ ਤੇ ਨਰੋਈਆਂ ਨਾੜਾਂ ਵਿਚੋਂ ਸ਼ਕਤੀ ਝਰਦੀ ਪ੍ਰਤੀਤ ਹੁੰਦੀ ਸੀ ਤੇ ਉਹ ਚਲਣ ਵਿਚ ਚੀਤੇ ਵਾਂਗ ਸਜੀਲਾ ਫੁਰਤੀਲਾ ਸੀ।

"ਇਹ ਬਾਂਦਰ-ਮੂੰਹਾ ਕੌਣ ਹੈ ?" ਉਸ ਨੇ ਹਨੂਮਾਨ ਦੇ ਦਿਓਕੱਦ ਪਿੱਤਲ ਦੇ ਬੁੱਤ ਵਲ ਇਸ਼ਾਰਾ ਕਰਦਿਆਂ ਪੁੱਛਿਆ ਸੀ।

"ਇਹ ਭਾਰਤੀ ਮੁੱਕੇਬਾਜ਼ਾਂ ਤੇ ਭਲਵਾਨਾਂ ਦਾ ਦੇਵਤਾ ਹੈ।" ਮਲੂਕੇ ਨੇ ਜੁਆਬ ਦਿੱਤਾ ਸੀ।

"ਇਹਨੇ ਹਥੇਲੀ ਉਪਰ ਕੀ ਚੁੱਕਿਆ ਹੋਇਆ ?"

"ਇਹ ਹਿਮਾਲੀਆ ਪਰਬਤ ਦੀ ਇਕ ਚੋਟੀ ਹੈ ਜਨਾਬ। ਸਿਰਫ਼ ਇਸ ਪਹਾੜ 'ਤੇ ਹੀ ਉਹ ਸੰਜੀਵਨੀ ਬੂਟੀ ਸੀ ਜੋ ਮਰ ਰਹੇ ਵੀਰ ਲਛਮਣ ਦੀ ਜਾਨ ਬਚਾ ਸਕਦੀ ਸੀ। ਉਹ ਰਾਖਸ਼ਾਂ ਦੇ ਨੇਤਾ, ਲੰਕਾ ਦੇ ਰਾਜੇ ਰਾਵਣ ਵਿਰੁੱਧ ਜੂਝਦਾ ਜੰਗ ਦੇ ਮੈਦਾਨ ਵਿਚ ਜ਼ਖ਼ਮੀ ਹੋ ਗਿਆ ਸੀ।"

"ਇਹਨੂੰ ਤਾਂ ਬੜਾ ਲੰਮਾ ਪੈਂਡਾ ਕਰਨਾ ਪਿਆ ਹੋਊ, ਫੇਰ ਤਾਂ।"

"ਉੱਡ ਕੇ ਆਇਆ ਸੀ, ਜੀ।"

"ਕਿਆ ਜਾਦੂਮਈ ਸ਼ਕਤੀ ਹੈ। ਫੇਰ ਤਾਂ ਮੈਂ ਇਹਦੇ ਨਾਲ ਪਿੜ ਵਿਚ ਦਸਤ-ਪੰਜਾ ਨਹੀਂ ਲੈ ਸਕਦਾ।"

ਮਲੂਕੇ ਨੂੰ ਦਰਸ਼ਕਾਂ ਦਾ ਨਿਰੰਤਰ ਤਾਂਤਾ ਬੜਾ ਚੰਗਾ ਲੱਗਦਾ ਸੀ। ਸਾਵਧਾਨ, ਉਤਸੁਕ ਅੱਖਾਂ ਵਾਲੇ ਚਿਹਰਿਆਂ ਦੀਆਂ ਡਾਰਾਂ। ਖ਼ੁਸ਼ੀਆਂ ਦੇ ਜਸ਼ਨ ਵਿਚ

ਸ਼ਾਮਲ ਰੌਸ਼ਨ-ਜੁਆਨ ਚਿਹਰੇ, ਬੱਚਿਆਂ ਦੇ ਝੁਰੜੀਆਂ ਭਰੇ ਚਿਹਰੇ, ਜੋ ਵਰ੍ਹਿਆਂ ਦੇ ਭਾਰ ਨਾਲ ਰਤਾ ਹੇਠਾਂ ਵਲ ਝੁਕੇ ਹੋਏ ਹੁੰਦੇ। ਖ਼ੁਸ਼ਹਾਲ ਲੋਕਾਂ ਦੇ ਮੋਟੇ ਚਰਬੀਦਾਰ ਬਾਤ੍ਰ-ਬਿੱਲਿਆਂ ਵਰਗੇ ਮੂੰਹ, ਅੱਧ-ਸਿੱਕੇ ਬਬਰੂਆਂ ਵਾਂਗ ਉੱਭਰੀਆਂ ਹੋਈਆਂ ਗਲ੍ਹਾਂ, ਬਾਹਰ ਕੰਮ ਕਰਨ ਵਾਲੇ ਮਜ਼ਦੂਰਾਂ ਦੇ ਪਤਲੇ ਨਰੋਏ ਚਿਹਰੇ ਹਾਰ-ਸ਼ਿੰਗਾਰ ਨਾਲ ਲੇਪੇ ਪੋਚੇ ਤੇ ਭਾਂਤ-ਸੁਭਾਂਤੀਆਂ ਦਾੜ੍ਹੀਆਂ ਨਾਲ ਸੁਸੱਜਿਤ ਚਿਹਰੇ। ਹਰ ਕੋਈ ਆਪਣੀ ਆਪਣੀ ਹਿੱਕ ਅੰਦਰ ਆਪੋ ਆਪਣੇ ਭੇਤ, ਪੂਰੇ-ਅਧੂਰੇ ਸੁਪਨਿਆਂ, ਟੁੱਟੀਆਂ ਆਸਾਂ, ਖ਼ੁਸ਼ੀਆਂ ਤੇ ਗ਼ਮੀਆਂ ਦੇ ਸੁਖ-ਦੁਖ, ਬੀਤੇ ਦੇ ਸੋਗ ਤੇ ਭਵਿੱਖ ਬਾਰੇ ਸੰਸਿਆਂ ਦੇ ਭੇਅ ਨੂੰ ਸਾਂਭੀ-ਛੁਪਾਈ ਫਿਰ ਰਿਹਾ ਸੀ।

ਮੁਖੌਟਿਆਂ ਪਿੱਛੇ ਛੁਪੇ ਚਿਹਰਿਆਂ ਦੀ ਝਲਕ ਮਾਤਰ ਪ੍ਰਾਪਤ ਕਰ ਸਕਣ ਦੀ ਕਿੰਨੀ ਸਿੱਕ ਹੁੰਦੀ ਸੀ। ... ...

ਭਾਰਤੀ ਸਟਾਲ ਦਾ ਪਾਰਸੀ ਮੈਨੇਜਰ, ਬਹਿਰਾਮ ਬੋਤਲੀ ਵਾਲਾ, ਬੜਾ ਖ਼ੁਸ਼-ਮਿਜ਼ਾਜ ਤੇ ਠਰੰਮ੍ਹੇ ਵਾਲਾ ਆਦਮੀ ਸੀ। ਆਪਣੇ ਛਿਦਰਾਏ ਵਾਲਾਂ ਤੇ ਠੋਡੀ ਦੁਆਲੇ ਢਿਲਕੇ ਮਾਸ ਦੇ ਬਾਵਜੂਦ ਉਹਦੇ ਵਿਚ ਜੁਆਨਾਂ ਵਾਲੀ ਉਰਜਾ ਸੀ। ਹੇਠਲੇ ਜਬ੍ਹਾੜੇ ਵਿਚ ਕੁਝ ਦੰਦ ਟੁੱਟਣ ਕਾਰਨ ਪੈਦਾ ਹੋਈ ਵਿਰਲ ਕਰਕੇ ਉਹਦਾ ਬੋਲ ਰਤਾ ਭਾਰਾ ਹੋ ਗਿਆ ਸੀ ਪਰ ਉਹਦੀ ਬੁੱਧ ਹਾਲੇ ਵੀ ਬੜੀ ਤਿੱਖੀ ਤੇ ਮੋਟੇ ਸ਼ੀਸ਼ਿਆਂ ਵਾਲੀਆਂ ਐਨਕਾਂ ਪਿੱਛੇ ਅੱਖਾਂ ਵਿਚ ਬੜੀ ਹੁਸ਼ਿਆਰੀ ਦੀ ਝਲਕ ਸੀ।

"ਮਲੂਕਿਆ", ਉਹਨੇ ਰਤਾ ਝਾੜ ਪਾਉਂਦਿਆਂ ਕਿਹਾ ਸੀ, "ਤੂੰ ਵਿਹਲੜ ਦਰਸ਼ਕਾਂ ਨਾਲ ਗੱਲਾਂ ਮਾਰਨ ਵਿਚ ਬੜਾ ਵਕਤ ਜ਼ਾਇਆ ਕਰਦੈਂ। ਤੈਨੂੰ ਗਾਹਕ ਪਛਾਨਣ ਦੀ ਜਾਚ ਤੇ ਮਾਲ ਵੇਚਣ ਦੀ ਸੋਝੀ ਹੋਣੀ ਚਾਹੀਦੀ ਹੈ।"

"ਗਾਹਕ ਦੀ ਪਛਾਣ ਕਿਵੇਂ ਕੀਤੀ ਜਾਏ?" ਮਲੂਕਾ ਬੌਂਦਲਿਆ ਹੋਇਆ ਹੈਰਾਨ ਪਰੇਸ਼ਾਨ ਸੀ।

ਗੁਆਂਢੀ ਸਟਾਲ ਦੇ ਸਾਥੀ-ਕਾਮੇ ਟੌਮ ਵਾਟਕਿਨ ਨੇ ਢੇਰਾਂ ਦੇ ਢੇਰ ਸਾਰੇ ਆਰਡਰ ਪ੍ਰਾਪਤ ਕਰ ਲਏ ਸਨ। ਉਹ ਗੰਜਾ, ਅੱਖੜ ਪਰ ਮਿੰਨ੍ਹਾ ਮੀਸਣਾ ਜਿਹਾ ਆਪਣੀਆਂ ਗੱਲਾਂ ਦੀ ਅਟੁੱਟ ਝੜੀ ਨਾਲ ਹੀ ਬੰਦੇ ਨੂੰ ਆਪਣੀ ਚੀਜ਼ ਦੇ ਗੁਣਾਂ ਦਾ ਕਾਇਲ ਕਰ ਲੈਂਦਾ ਸੀ।

"ਟੌਮ, ਤੂੰ ਗਾਹਕ ਦੀ ਕਿਵੇਂ ਤਾੜ ਰੱਖਦਾਂ?" ਮਲੂਕੇ ਨੇ ਖਸਿਆਣਾ ਜੇਹਾ

ਹੋ ਕੇ ਪੁੱਛਿਆ ਸੀ।

"ਬੋਲੀਆ ਗਾਹਕ ਤਾੜਨ ਦੀ ਜਾਚ ਯੂਨੀਵਰਸਿਟੀਆਂ ਵਿਚ ਨਹੀਂ ਸਿਖਾਈ ਜਾਂਦੀ।"

"ਇਹ ਤਾਂ ਰੱਬ ਦੀ ਦਾਤ ਹੈ।" ਉਹਨੇ ਮਾਣ ਨਾਲ ਕਿਹਾ, "ਇਹ ਬੰਦੇ ਵਿਚ ਹੁੰਦੀ ਹੈ ਤੇ ਜਾਂ ਫਿਰ ਬੱਸ ਨਹੀਂ ਹੁੰਦੀ।"

... ...

ਮਲੂਕੇ ਨੇ ਸੁਤੰਤਰ-ਲੇਖਨ ਦਾ ਕੰਮ ਅਪਣਾ ਲਿਆ ਸੀ। ਟ੍ਰਾਂਟੋ ਸਟਰਡੇ ਨਾਈਟ ਦੇ ਸੰਪਾਦਕ, ਬੀ. ਕੇ. ਸੈਂਡਵੈਲ ਨੇ, ਭਾਰਤ ਵਿਚ ਹਿੰਦੂ-ਮੁਸਲਿਮ ਫਸਾਦਾਂ ਬਾਰੇ ਉਹਦਾ ਇਕ ਲੇਖ ਛਾਪਿਆ ਸੀ। ਹਫਤਾ ਕੁ ਬਾਅਦ, ਉਹਨੂੰ ਇਸ ਅਖਬਾਰ ਦੇ ਸਹਾਇਕ ਸੰਪਾਦਕ ਪੀ. ਐਮ. ਰਿਚਰਡਜ਼ ਦਾ ਫੋਨ ਆਇਆ ਸੀ।

"ਤੈਨੂੰ ਇਹ ਜਾਣ ਕੇ ਖ਼ੁਸ਼ੀ ਹੋਏਗੀ ਕਿ ਟਾਈਮ ਮੈਗਜ਼ੀਨ ਨੇ ਤੇਰੇ ਲੇਖ ਵਿਚੋਂ ਹਵਾਲੇ ਦਿੱਤੇ ਨੇ।"

"ਅਸੀਂ ਤੇਰੇ ਹੋਰ ਲੇਖਾਂ ਦੀ ਬੜੀ ਤੀਬਰਤਾ ਨਾਲ ਇੰਤਜ਼ਾਰ ਕਰਦੇ ਹਾਂ।" ਉਹਨੇ ਹੌਂਸਲਾ ਵਧਾਊ ਸੁਰ ਵਿਚ ਅਗਾਂਹ ਆਖਿਆ ਸੀ।

ਲਗਪਗ ਇਕ ਵਰ੍ਹੇ ਲਈ ਮਲੂਕਾ ਇਸ ਪ੍ਰਸਿੱਧ ਕੈਨੇਡੀਅਨ ਰਸਾਲੇ ਲਈ ਅਨੇਕਾਂ ਲੇਖ ਲਿਖਦਾ ਰਿਹਾ ਸੀ। ਇਕ ਦਿਨ ਰਿਚਰਡ ਨੇ ਉਹਨੂੰ ਆਪਣੇ ਦਫਤਰ ਸੱਦ ਕੇ, ਉਹਨੂੰ ਖਤਾਂ ਦਾ ਇਕ ਢੇਰ ਲੱਗਾ ਦਿਖਾਇਆ।

"ਇਹ ਵਧਾਈ-ਪੱਤਰ ਨਹੀਂ ਮਲੂਕਿਆ।" ਉਹਨੇ ਮਸ਼ਕਰੀ ਭਰੀ ਮੁਸਕਾਨ ਨਾਲ ਆਖਿਆ। ਇਹ ਸਾਰੇ ਰੋਸ-ਪੱਤਰ ਨੇ।"

"ਇਹ ਪਾਠਕ ਆਪੋ ਆਪਣੇ ਅਗਿਆਨ ਤੇ ਦੇਸ਼-ਭਗਤੀ ਦੇ ਜੋਸ਼ ਦੇ ਫਰਕ ਅਨੁਸਾਰ ਜ਼ੋਰ ਦੇ ਕੇ ਇਕੋ ਗੱਲ ਆਖਦੇ ਨੇ, "ਤੁਸੀਂ ਇਸ ਕਮਿਊਨਿਸਟ ਮਲੂਕੇ ਦੇ ਏਨੇ ਲੇਖ ਕਿਉਂ ਛਾਪਦੇ ਹੋ?"

"ਮਿਸਟਰ ਰਿਚਰਡ", ਮਲੂਕੇ ਨੇ ਕਿਹਾ, "ਮੇਰੇ ਜੋ ਵੀ ਲੇਖ ਤੁਸੀਂ ਛਾਪਦੇ ਹੋ, ਆਮ ਜਾਣਕਾਰੀ ਵਾਲੇ ਹੀ ਹੁੰਦੇ ਨੇ। ਉਹਨਾਂ ਦਾ ਕਮਿਊਨਿਜ਼ਮ ਨਾਲ ਕੋਈ ਲਾਗਾ-ਦੇਗਾ ਨਹੀਂ ਹੁੰਦਾ।"

"ਮੈਨੂੰ ਪਤੈ। ਪਰ ਇਨ੍ਹਾਂ ਖ਼ਤਾਂ ਦੇ ਲੇਖਕਾਂ ਦਾ ਮੱਤ ਹੈ ਕਿ ਤੂੰ ਲਾਲ ਕਲਮ

ਨਾਲ ਲਿਖਦੇਂ।" ਉਹਨੇ ਤੁਰਤ ਆਖਿਆ। "ਸਾਨੂੰ ਤੇਰੇ ਲਈ ਕੋਈ ਕਲਮੀ-ਨਾਂ ਲੱਭਣਾ ਪਵੇਗਾ।" ਉਹਨੇ ਟੈਲੀਫੋਨ ਡਾਇਰੈਕਟਰੀ ਚੁੱਕੀ ਤੇ ਸਹਿਵਨ ਝਟਕੇ ਜਿਹੇ ਨਾਲ ਇਕ ਥਾਂਹੋਂ ਖੋਲ੍ਹੀ। ਉਹਦੀ ਨਿਗਾਹ ਲੌਂਗ ਸਟ੍ਰੀਟ ਡਬਲਯੂ. ਐੱਚ. ਦੇ ਨਾਂ 'ਤੇ ਪਈ।

"ਹੁਣ ਤੋਂ", ਉਸ ਨੇ ਸ਼ੁਗਲੀਆ ਸੰਤੁਸ਼ਟੀ ਨਾਲ ਆਖਿਆ ਸੀ, "ਅਸੀਂ ਭਾਰਤ ਬਾਰੇ ਲੇਖਾਂ ਤੋਂ ਬਿਨਾਂ, ਤੇਰੀਆਂ ਹੋਰ ਸਾਰੀਆਂ ਕਿਰਤਾਂ ਲੌਂਗ ਸਟ੍ਰੀਟ ਦੇ ਨਾਂ ਹੇਠ ਛਾਪਿਆ ਕਰਾਂਗੇ। ... ...

ਅਲਬਰਟਾ ਯੂਨੀਵਰਸਿਟੀ ਦਾ ਸਾਬਕਾ ਰੋਡ ਵਿਦਵਾਨ ਅੱਜ ਕਲ੍ਹ ਟਰਾਂਟੋ ਵਿਚ ਕੈਨੇਡੀਅਨ ਬ੍ਰਾਡਕਾਸਟਿੰਗ ਕਾਰਪੋਰੇਸ਼ਨ (ਸੀ. ਬੀ. ਸੀ.) ਦਾ ਪ੍ਰੋਗਰਾਮਕ ਨਿਰਦੇਸ਼ਕ ਲੱਗਾ ਹੋਇਆ ਸੀ। ਉਹ ਬੜਾ ਰੌਸ਼ਨ ਦਿਮਾਗ਼ ਤੇ ਮਿਲਾਪੜੇ ਸੁਭਾਅ ਵਾਲਾ ਸੀ। ਡੂੰਘੀਆਂ ਨੀਲੀਆਂ ਅੱਖਾਂ ਵਾਲੇ ਇਸ ਬੰਦੇ ਦੀ ਆਵਾਜ਼ ਜ਼ਰਾ ਨੁਣੀ ਸੀ ਤੇ ਹਾਜ਼ਿਰ ਜਵਾਬੀ ਸਿਰੇ ਦੀ। ਉਹ ਮਖ਼ੌਲੀਆ ਸੁਭਾਅ ਵਾਲਾ ਸੀ ਤੇ ਟਿੱਚਰੀ ਜੇਹੀ ਮੁਸਕਾਨ ਉਹਦੇ ਬੁੱਲ੍ਹਾਂ ਦੇ ਕੋਨਿਆਂ 'ਤੇ ਸਦਾ ਮੇਲ੍ਹਦੀ ਰਹਿੰਦੀ ਸੀ।

ਮਲ੍ਹੂਕੇ ਨੂੰ ਇਕ ਦਿਨ ਉਹਦਾ ਟੈਲੀਫੋਨ ਆਇਆ।

"ਅੱਜ ਕੱਲ ਕੀ ਕਰਦਾ ਹੁੰਦਾ ਏਂ, ਫ਼ਿਲਾਸਫ਼ਰਾ ?" ਬੋਲਣ ਵਾਲਾ ਮਖ਼ੌਲੀਆ ਧੁਨੀ ਵਿਚ ਪੁੱਛ ਰਿਹਾ ਸੀ।

"ਕੁਝ ਵੀ ਨਹੀਂ, ਪਰ ਇਹ 'ਕੁਝ ਵੀ ਨਹੀਂ' ਉਹ ਕਰਦਾ ਬੜੇ ਕਮਾਲ ਨਾਲ ਪਿਆ ਏ।"

"ਜੇ ਸੀ. ਬੀ. ਸੀ. ਉਹਨੂੰ ਕੁਝ ਕਰਨ ਨੂੰ ਕਹੇ ਤਾਂ ਉਹ ਇਸ ਕੰਮ ਵਿਚ ਵੀ ਦਿਖਾ ਸਕੇਗਾ, ਆਪਣੇ ਜੌਹਰ ?"

"ਹਾਂ ਸਗੋਂ ਵਧੇਰੇ ਕਮਾਲ ਨਾਲ।"

"ਅੱਛਾ ਮਲ੍ਹੂਕਿਆ, ਅਸੀਂ ਇਕ ਸਭਿਆਚਾਰਕ ਪ੍ਰੋਗਰਾਮ ਦੀ ਵਿਉਂਤ ਬਣਾ ਰਹੇ ਹਾਂ—ਸੁਆਲਨਾਮਾ। ਇਸ ਵਿਚ ਸਰੋਤਿਆਂ ਨੂੰ ਆਪਣੀ ਪਸੰਦ ਦਾ ਕੋਈ ਵੀ ਸੁਆਲ ਪੁੱਛਣ ਲਈ ਉਤਸ਼ਾਹਿਤ ਕੀਤਾ ਜਾਏਗਾ। ਸਟੂਡੀਓ ਵਿਚ ਸਾਡੇ ਕੋਲ ਤਿੰਨਾਂ ਵੱਖ ਵੱਖ ਪਿੜਾਂ ਦੇ ਮਾਹਿਰ ਹੋਇਆ ਕਰਨਗੇ ਜਿਨ੍ਹਾਂ ਨੂੰ ਖੜੇ ਪੈਰ ਇਹਨਾਂ ਸੁਆਲਾਂ ਦੇ ਜੁਆਬ ਦੇਣੇ ਪਿਆ ਕਰਨਗੇ। ਦੋ ਮਾਹਿਰ ਅਸੀਂ ਪਹਿਲਾਂ ਹੀ ਚੁਣ

ਲਈ ਹਨ, ਵਿਗਿਆਨ ਤੇ ਕਲਾ ਤੇ ਸੰਗੀਤ ਦੇ ਖੇਤਰਾਂ ਦੇ। ਦਰਸ਼ਨ ਤੇ ਸਾਹਿਤ ਦੇ ਤੀਜੇ ਸ਼ਾਹਿਰ ਦੀ ਸਾਨੂੰ ਲੋੜ ਏ। ਕੀ ਤੂੰ ਇਸ ਖੇਤਰ ਵਿਚ ਸਾਡੀ ਮਦਦ ਕਰ ਸਕੇਂਗਾ ?"

"ਗੋਲੀ ਕੀਹਦੀ ਤੇ ਗਹਿਣੇ ਕਿਹਦੇ। ਤੁਹਾਡਾ ਹੁਕਮ ਸਿਰ ਮੱਥੇ।"

ਇਹ ਪ੍ਰੋਗਰਾਮ ਬੜਾ ਸਫਲ ਸਿੱਧ ਹੋਇਆ ਸੀ।

ਇਸ ਦੇ ਸੰਚਾਲਕ ਅਧਿਕਾਰੀ ਨੇ ਇਕ ਦਿਨ ਮਲੂਕੇ ਨੂੰ ਪੁੱਛਿਆ, "ਕੀ ਤੂੰ ਮਨੋਵਿਗਿਆਨ ਬਾਰੇ ਛੋਟੀਆਂ ਛੋਟੀਆਂ ਤਕਰੀਰਾਂ ਵਾਲੀ ਲੋਕ-ਪ੍ਰੀਅ ਭਾਸ਼ਣ-ਲੜੀ ਤਿਆਰ ਕਰ ਸਕੇਂਗਾ ?"

'ਅੰਨ੍ਹਾ ਕੀ ਲੋੜੇ ਦੋ ਅੱਖਾਂ ?' ਉਸ ਨੇ 'ਸ਼ੁਦਾਈ ਸੰਸਾਰ ਵਿਚ ਸਿਆਣੇ ਬਣੇ ਰਹਿਣ' ਦੇ ਸਿਰਲੇਖ ਹੇਠ ਬਾਰਾਂ ਤਕਰੀਰਾਂ ਤਿਆਰ ਕੀਤੀਆਂ। ਉਹਨਾਂ ਚੋਂ ਵਿਸ਼ੇਸ਼ ਸਨ, 'ਵਿਅਕਤੀ ਦੀ ਲਾਸਾਨੀਅਤ, ਤਰਕ ਦੀ ਵਰਤੋਂ ਤੇ ਵਿਕਾਸ, ਜਜ਼ਬੇ, ਕਲਪਣਾ ਤੇ ਇੱਛਾ ਸ਼ਕਤੀ, ਨਿਆਂ ਭਰਪੂਰ ਤੇ ਅਮਨ ਪਸੰਦ ਸਮਾਜ ਸਿਰਜਣ ਦੀ ਲੋੜ, ਜਿੱਥੇ ਵਿਅਕਤੀ ਦੀਆਂ ਵਿਸ਼ੇਸ਼ਤਾਈਆਂ ਚੰਗੀ ਤਰ੍ਹਾਂ ਪਲ੍ਹਰ ਕੇ ਪ੍ਰਤੀਤੀ ਹਾਸਿਲ ਕਰ ਸਕਣ।'

ਸੀ. ਬੀ. ਸੀ. ਨੂੰ ਇਹਨਾਂ ਤਕਰੀਰਾਂ ਦੀਆਂ ਤਹਿਰੀਰਾਂ ਹਾਸਿਲ ਕਰਨ ਹਿਤ ਕਈ ਬੇਨਤੀਆਂ ਆਈਆਂ ਸਨ। ... ...

ਮਲੂਕਾ ਕਈ ਵਰ੍ਹੇ ਫ਼ਿਲਾਸਫ਼ੀ ਦਾ ਵਿਦਿਆਰਥੀ ਰਿਹਾ ਸੀ। ਉਹਨੂੰ ਇਸ ਗੱਲ ਦੀ ਉਤਸੁਕਤਾ ਸੀ ਕਿ ਕਿਉਂ ਨਾ ਦਾਰਸ਼ਨਿਕ ਵਿਸ਼ਿਆਂ ਨੂੰ ਆਮ ਲੋਕਾਂ ਮੋਹਰੇ ਸਾਦਾ, ਦਿਲਚਸਪ ਮੁਹਾਵਰੇਦਾਰ ਤੇ ਕਾਵਿਕ ਭਾਸ਼ਾ ਵਿਚ ਪੇਸ਼ ਕਰਨ ਦਾ ਉਪਰਾਲਾ ਕੀਤਾ ਜਾਵੇ।

ਫ਼ਲਾਸਫ਼ੀ ਵੀ ਕਲਾ ਤੇ ਕਵਿਤਾ ਵਾਂਗ ਜੀਵਨ ਵਿਚੋਂ ਹੀ ਉਗਮਦੀ ਏ। ਇਸ ਨੂੰ ਤਰਕ ਦੀ ਰੌਸ਼ਨੀ ਵਿਚ ਜੀਵਨ ਦੇ ਮਸਲੇ ਹੱਲ ਕਰਨ ਦੀ ਹਰ ਹੀਲੇ ਕੋਸ਼ਿਸ਼ ਕਰਨੀ ਚਾਹੀਦੀ ਏ। ਪਰ ਇਹਦਾ ਬਹੁਤਾ ਭਾਗ ਤਾਂ ਅਕਾਦਮਿਕ ਘੁਰਨਿਆਂ ਵਿਚ ਹੀ ਸੁਕੜਿਆ ਪਿਆ ਏ ਤੇ ਫ਼ਿਲਾਸਫ਼ਰ ਬਹੁਤ ਵਾਰ ਇਕ ਦੂਜੇ ਲਈ ਤੇ ਇਕ ਦੂਜੇ ਬਾਰੇ ਹੀ ਲਿਖਦੇ ਨੇ।

ਇਸ ਸਿਲਸਿਲੇ ਵਿਚ ਕੁਝ ਕੁ ਛੋਟਾਂ ਜ਼ਰੂਰ ਨੇ। ਉਦਾਹਰਣ ਲਈ ਟੈਗੋਰ ਤੇ ਸਾਂਤਾਇਨ ਦੋਹਾਂ ਨੇ ਹੀ ਦਾਰਸ਼ਨਿਕ ਸਚਾਈਆਂ ਨੂੰ ਸੁੰਦਰਤਾ ਦਾ ਜਾਮਾ ਪਹਿਨਾ

ਕੇ ਪੇਸ਼ ਕੀਤਾ ਹੈ। ਸਾਂਤਾਇਨ ਨੇ ਫ਼ਲਸਫ਼ੇ ਨੂੰ ਅਫ਼ਲਾਤੂਨ ਦੀ ਚੜ੍ਹਦੀ ਜੁਆਨੀ ਦੇ ਵੇਲੇ ਵਾਲੀ ਪ੍ਰਗਟਾਉ ਸੁੰਦਰਤਾ ਦੀ ਪੁਸ਼ਾਕ ਪਹਿਨਾਈ ਅਤੇ ਟੈਗੋਰ ਨੇ ਆਪਣੇ ਦਰਸ਼ਨ ਨੂੰ ਆਮ ਕਰ ਕੇ ਕਵਿਤਾ ਰਾਹੀਂ ਪੇਸ਼ ਕਰਨ ਨੂੰ ਤਰਜੀਹ ਦਿੱਤੀ ਸੀ। ਉਹਨਾਂ ਨੇ ਨਸਰ ਲਿਖੀ ਹੋਏ ਜਾਂ ਨਜ਼ਮ, ਪਰ ਉਹ ਨਵੀਆਂ ਧੁਨੀਆਂ ਵਾਲੇ ਸ਼ਬਦਾਂ, ਸੋਹਲ ਬੁਣਤੀ ਵਾਲੇ ਮੁਹਾਵਰਿਆਂ ਤੇ ਪ੍ਰਭਾਵਸ਼ਾਲੀ ਰੂਪਕਾਂ ਦੀ ਵਰਤੋਂ ਨਾਲ ਆਪਣੀਆਂ ਲਿਖਤਾਂ ਵਿਚ ਰੰਗ-ਬਰੰਗੇ ਨਮੂਨੇ ਬੁਣਨ ਵਲ ਹੀ ਰੁਚਿਤ ਰਹੇ ਸਨ।

ਕਿਉਂ ਨਾ ਉਹਨਾਂ ਤੋਂ ਘੱਟ ਵਿਦਵਾਨ, ਮਲੂਕਾ, ਦਰਸ਼ਨ ਨੂੰ ਏਨੇ ਦਿਲ-ਚਸਪ ਢੰਗ ਨਾਲ ਪੇਸ਼ ਕਰਨ ਦਾ ਯਤਨ ਕਰੇ ਕਿ ਸਰੋਤਿਆਂ ਦੀ ਇਹਨਾਂ ਮਸਲਿਆਂ ਬਾਰੇ ਜਗਿਆਸਾ ਹੋਰ ਤਿੱਖੀ ਹੋ ਜਾਏ ?

ਉਹਨੇ ਇਸ ਦਸ਼ਾ ਵਿਚ ਕੋਸ਼ਿਸ਼ ਕਰਨ ਦਾ ਮਨ ਬਣਾ ਲਿਆ। ਸ੍ਰੀਮਤੀ ਰੌਬਰਟਸਨ ਦੇ ਘਰ ਮਿਲੀਆਂ ਕਈ ਦਿਆਲੂ ਸੁਆਣੀਆਂ ਨੇ ਆਪਣੀ ਇਕ ਟੋਲੀ ਸੰਗਠਿਤ ਕਰ ਲਈ ਸੀ, ਜਿਨ੍ਹਾਂ ਨੂੰ ਦਰਸ਼ਨ ਦੀ ਲੋਕ-ਪ੍ਰੀਅ ਪੇਸ਼ਕਾਰੀ ਵਿਚ ਗਹਿਰੀ ਦਿਲਚਸਪੀ ਸੀ। ਉਹਨੇ ਇਸ ਮਕਸਦ ਲਈ ਟ੍ਰਾਂਟਸਕੀਵਾਦੀਆਂ ਕੋਲੋਂ ਇਕ ਹਫ਼ਤੇ ਦੇ ਹਰ ਲੌਂਢੇ ਪਹਿਰ ਲਈ ਪਿਛਵਾੜੇ ਦੀ ਇਕ ਬੀਹੀ ਵਿਚਲਾ ਦਲਾਨ ਕਿਰਾਏ 'ਤੇ ਲੈ ਲਿਆ, ਜਿੱਥੇ ਉਹ ਸੰਸਾਰ ਇਨਕਲਾਬ ਦੀ ਲੋੜ ਤੇ ਇਸ ਨੂੰ ਉਤ-ਸ਼ਾਹਿਤ ਕਰਨ ਦੇ ਤੌਰ-ਤਰੀਕਿਆਂ ਬਾਰੇ ਵਿਚਾਰ-ਵਟਾਂਦਰੇ ਕਰਿਆ ਕਰਦੇ ਸਨ। ਉਹਦੇ ਸਰੋਤਾ-ਮੰਡਲ ਵਿਚ ਲਗ ਪਗ ਤੀਹ ਕੁ ਖ਼ੁਸ਼ਪੋਸ਼ ਅੱਧਖੜ ਸੁਆਣੀਆਂ ਹੋਇਆ ਕਰਦੀਆਂ ਸਨ। ਇਸ ਵਿਚ ਇਕ ਅਪਵਾਦ ਵੀ ਸੀ। ਉਹਨਾਂ ਵਿਚ ਇਕ ਗੰਭੀਰ ਦਿੱਖ ਵਾਲੀ ਬਹੁਤ ਹੀ ਸੁਨੱਖੀ ਮੁਟਿਆਰ ਵੀ ਹੁੰਦੀ ਸੀ, ਜਿਹਦੇ ਚਿਹਰੇ 'ਤੇ ਸੁਨਖ਼ੀ ਪਾਊਡਰ ਦਾ ਕੋਈ ਨਿਸ਼ਾਨ ਤੱਕ ਨਹੀਂ ਸੀ ਹੁੰਦਾ। ਵੱਡੀਆਂ ਵੱਡੀਆਂ ਭੂਰੀਆਂ ਅੱਖਾਂ, ਨਿੱਕਾ ਜਿਹਾ ਨੱਕ, ਨਿਚਲਾ ਬੁੱਲ੍ਹ ਰਸੀਲਾ ਤੇ ਉਹਦੇ ਸੰਘਣੇ ਕੱਕੇ ਕੁੰਡਲਦਾਰ ਵਾਲ ਉਹਦੇ ਸਿੱਪੀਆਂ ਜਿਹੇ ਕੰਨਾਂ ਨੂੰ ਅੱਧਾ ਕੁ ਢੱਕਦੇ ਹੋਏ ਮੋਢਿਆਂ 'ਤੇ ਪਲਮਦੇ ਹੁੰਦੇ ਸਨ। ਉਹ ਕਾਲਜ ਦੇ ਪਾੜ੍ਹਿਆਂ ਵਾਂਗ ਨੋਟ ਲਿਆ ਕਰਦੀ ਹੁੰਦੀ ਸੀ।

ਮਲੂਕਾ ਬੁੱਧ ਤੇ ਲਾਓ-ਜ਼ੇ ਦੇ ਵਚਨਾਂ ਬਾਰੇ ਟੈਗੋਰ ਤੇ ਇਕਬਾਲ ਦੇ ਕਾਵਿਕ ਮੁਹਾਵਰੇ ਵਿਚ ਵਿਖਿਆਨ ਕਰਦਾ। ਜੰਗ ਮਾਰੇ ਸਪੇਨ ਚੋਂ ਲਿਆਂਦੇ ਟ੍ਰਾਟਸਕੀਵਾਦੀ

ਨੇਤਾ ਬਿੱਲ ਕ੍ਰਿਮ ਦੀਆਂ ਤਸਵੀਰਾਂ ਵਾਲੇ ਦਗਦੇ ਮ"ਦੇ ਰੰਗਾਂ ਵਾਲੇ ਉੱਚੀਆਂ ਕੰਧਾਂ 'ਤੇ ਲਗੇ ਇਨਕਲਾਬੀ ਪੋਸਟਰ ਉਹਦੇ ਸਰੋਤਿਆਂ ਉਤੇ ਛਾਏ ਹੋਏ ਹੁੰਚੇ ਸਨ।

ਇਕ ਦਿਨ ਮਲੂਕੇ ਨੇ ਸਰੋਜਨੀ ਨੈਡੂ ਤੇ ਉਹਦੀ ਕਵਿਤਾ ਬਾਰੇ ਤਕਰੀਰ ਕੀਤੀ। ਉਹਦੀ ਜੀਵਨੀ ਤੇ ਕਲਾ ਬਾਰੇ ਸੰਖੇਪ ਜਿਹੀ ਜਾਣ-ਪਛਾਣ ਕਰਾਉਣ ਤੋਂ ਬਾਅਦ ਉਹਨੇ ਉਹਦੇ ਸਰੋਦੀ ਕਾਵਿ ਦੇ ਘੇਰੇ ਦਾ ਜ਼ਿਕਰ ਛੁਹਿਆ। ਉਹ ਬਦਲਦੀਆਂ ਰੁੱਤਾਂ, ਬਸੰਤ ਦੀ ਤਾਜ਼ਗੀ, ਪੱਤਝੜੀ ਰੰਗਾਂ ਦੀ ਅਮੀਰੀ, ਫੁੱਲਾਂ ਦੀ ਨਿੰਮ੍ਹੀ ਮਲੂਕ ਛੁਹ ਤੇ ਤਲਿਸਮ, ਗੂੜ੍ਹੇ ਫੁੱਲਾਂ ਵਾਲੀਆਂ ਵੇਲਾਂ, ਨਿੱਸਰੇ ਬਬਲ, ਖਿੜੀ ਚੰਪਾ ਦੀ ਖ਼ੁਸ਼ਬੂ ਤੇ ਗੁਲਾਬ ਦੇ ਖੇੜੇ ਦੀ ਠਾਠ ਦੇ ਗੀਤ ਗਾਇਆ ਕਰਦੀ ਸੀ। ਇਸ ਤੋਂ ਵੀ ਵੱਧ ਉਹ ਜ਼ਿੰਦਗੀ, ਇਹਦੀਆਂ ਖ਼ੁਸ਼ੀਆਂ, ਗਮੀਆਂ ਅਤੇ ਮੌਤ ਦੀ ਤਿੱਖੀ ਕਸਕ ਦਾ ਕਾਵਿਕ ਜ਼ਿਕਰ ਛੁਹਿਆ ਕਰਦੀ ਸੀ।

ਇਸ ਵਰਣਨ ਤੋਂ ਬਾਅਦ ਮਲੂਕੇ ਨੇ ਉਹਦੀਆਂ ਕੁਝ ਸ਼ਾਨਦਾਰ ਸਰੋਦੀ ਕਵਿਤਾਵਾਂ ਦਾ ਪਾਠ ਪੇਸ਼ ਕੀਤਾ। 'ਜੀਵਨ' ਵਿਚ ਉਹਨੇ ਲਿਖਿਆ ਸੀ :

ਜਦ ਤਕ ਤੁਸੀਂ ਡਿੱਠਾ ਨ ਹੋਵੇ ਗਹਿਰੇ ਗ਼ਮਾਂ ਦੁਖੜਿਆਂ ਦਾ ਹਾਲ,
ਬਿਤਾਏ ਨ ਹੋਣ ਟੁੱਟੇ ਸੁਪਨਿਆਂ ਨਾਲ ਵਿੰਧੇ ਸਾਲ।
ਜ਼ਖ਼ਮੀ ਹਸਰਤਾਂ ਦੀ ਗਹਿਰ-ਗੰਭੀਰ ਸ਼ਰਮਿੰਦਗੀ,
ਤੁਸੀਂ ਜੀਏ ਨਹੀਂ ਬੱਚਿਓ, ਨੇ ਇਹੀ ਜ਼ਿੰਦਗੀ।

ਅਤੇ 'ਕਦੀ ਮੌਤ ਦੇ ਸਨਮੁਖ' ਵਿਚ ਉਸ ਨੇ ਕਿਹਾ ਸੀ :

ਠਹਿਰ ਜਾ ਮੌਤੇ ਕਾਹਲੀਏ,
ਹਾਲੇ ਮੇਰੇ ਕੋਲ ਮਰਨ ਦੀ ਵਿਹਲ ਕਿੱਥੇ।
ਖ਼ੁਸ਼ੀਆਂ ਅਣਮਾਣੀਆਂ, ਗੀਤ ਅਣਗੰਵੇਂ
ਤੇ ਅੱਥਰੂ ਝਿਮਣੀਆਂ ਵਿਚ ਅਣਵਗੇ।
ਠਹਿਰ ਨੀ ਮੌਤੇ ਕਾਹਲੀਏ,
ਮੈਨੂੰ ਹੋਣ ਦੇ ਹਾਲੇ ਸਰਸ਼ਾਰ
ਮਾਨਣ ਦੇ ਮੁਹੱਬਤ ਤੇ ਗ਼ਮ
ਧਰਤ ਅਸਮਾਨਾਂ ਦੀ ਬਦਲ ਦੀ ਨੁਹਾਰ
ਜਦ ਤੱਕ ਹੋਣ ਨਾ ਸਭੇ ਭੁੱਖਾਂ ਪੂਰੀਆਂ,
ਕਿਵੇਂ ਮਰਾਂ, ਜੇ ਰਹਿਣ ਅਧੂਰੀਆਂ।

ਮਲੂਕੇ ਨੇ ਵੇਖਿਆ ਕਿ ਨੈਂਡੂ ਦੀ ਕਵਿਤਾ ਸੁਣਨ ਬਾਅਦ ਮੁਟਿਆਰ ਕੁੜੀ ਦੀਆਂ ਅੱਖਾਂ ਹੰਝੂਆਂ ਨਾਲ ਤਰ-ਬ-ਤਰ ਹੋ ਗਈਆਂ ਸਨ। ਭਾਸ਼ਣ ਮੁਕਣ ਮਗਰੋਂ, ਉਹ ਉਸ ਕੋਲ ਆਈ।

"ਮੈਨੂੰ ਅਫਸੋਸ ਹੈ ਕਿ ਇਨ੍ਹਾਂ ਕਵਿਤਾਵਾਂ ਨੇ ਤੈਨੂੰ ਏਨੀ ਉਦਾਸ ਕਰ ਦਿੱਤਾ", ਮਲੂਕੇ ਨੇ ਆਖਿਆ।

"ਸ੍ਰੀਮਤੀ ਨੈਂਡੂ ਦੀਆਂ ਕਵਿਤਾਵਾਂ ਵਿਚ ਜ਼ਿੰਦਗੀ ਦੀ ਕਿੰਨੀ ਸਚਾਈ ਏ ਤੇ ਕਿੰਨੀ ਖ਼ੂਬਸੂਰਤੀ।" ਉਸਨੇ ਪੰਘਰੀ ਹੋਈ ਆਵਾਜ਼ ਵਿਚ ਕਿਹਾ। "ਅਤੇ ਤੂੰ ਇਸਨੂੰ ਪੜ੍ਹਦਾ ਵੀ ਬੜੇ ਜਜ਼ਬ-ਗੁੱਧੇ ਦਿਲ-ਹਲਾਊ ਵੇਗ ਨਾਲ ਏਂ।"

"ਜਦੋਂ ਕਵਿਤਾ ਬੰਦੇ ਦੀਆਂ ਆਪਣੀਆਂ ਖ਼ੁਸ਼ੀਆਂ ਗ਼ਮੀਆਂ ਨੂੰ ਝੰਜੋੜ ਦੇਵੇ ਤਾਂ ਦਿਲ ਪੰਘਰ ਹੀ ਜਾਂਦਾ ਏ, ਅੱਖਾਂ ਨਮ ਹੋ ਹੀ ਜਾਂਦੀਆਂ ਨੇ।" ਉਸਨੇ ਆਖਿਆ ਸੀ।

"ਤੂੰ ਯੂਨੀਵਰਸਿਟੀ ਵਿਚ ਪੜ੍ਹਦੀ ਏਂ?"

"ਹਾਂ।"

"ਸ਼ਾਇਦ ਤੂੰ ਟ੍ਰਾਂਟੋ ਦੀ ਹੀ ਰਹਿਣ ਵਾਲੀ ਏਂ।"

"ਨਹੀਂ, ਘਰ ਤਾਂ ਮੇਰਾ ਜਰਮਨੀ ਵਿਚ ਹੀ ਰਹਿ ਗਿਆ। ਮੈਂ ਸ਼ਰਨਾਰਥੀ ਹਾਂ।"

ਉਹਦੀ ਆਵਾਜ਼ ਜਜ਼ਬੇ ਨਾਲ ਰੁੰਧ ਗਈ ਸੀ ਤੇ ਉਹ ਕੰਧ ਤੇ ਲੱਗੇ ਜੰਗੀ-ਪੋਸਟਰਾਂ ਨੂੰ ਬੜੀ ਉਦਾਸ ਤੱਕਣੀ ਨਾਲ ਨਿਹਾਰ ਰਹੀ ਸੀ।

"ਮੇਰੇ ਨਾਲ ਕਾਫ਼ੀ ਦਾ ਕੱਪ ਪੀਣਾ ਪਸੰਦ ਕਰੇਂਗੀ, ਤੂੰ?"

"ਬੜੀ ਖ਼ੁਸ਼ੀ ਨਾਲ।"

ਹਾਲ ਦੇ ਨੇੜੇ ਹੀ ਰੈਸਤੋਰਾਂ ਵਿਚ ਗਾਹਕ ਬੜੇ ਘੱਟ ਸਨ। ਉਨ੍ਹਾਂ ਨੁੱਕਰ ਵਾਲਾ ਮੇਜ਼ ਜਾ ਮੱਲਿਆ।

"ਤੈਨੂੰ ਏਥੇ ਆਇਆਂ ਕਾਫ਼ੀ ਚਿਰ ਹੋ ਗਿਆ?"

"ਸਾਲ ਤੋਂ ਵੱਧ।"

"ਸ਼ਾਇਦ ਕੋਈ ਨਿੱਜੀ ਸੁਆਲ ਪੁੱਛਣਾ ਅੱਟਪਟਾ ਜੇਹਾ ਲੱਗੇ। ਹਾਲੇ ਤਕ ਤਾਂ ਮੈਨੂੰ ਤੇਰਾ ਨਾਂ ਵੀ ਨਹੀਂ ਪਤਾ।"

"ਮੇਰਾ ਨਾਂ ਏ ਅੰਨਾ, ਅੰਨਾ ਵਰਥੀਮੇਰ।"

"ਅੰਨਾ ਪਿਆਰਾ ਨਾਂ ਏ। ਇਹ ਨਾਰਦਿਕ ਦੇਸ਼ਾਂ ਵਿਚ ਬੜਾ ਮਕਬੂਲ ਏ।"

ਹੌਲੀ ਹੌਲੀ ਵਾਰਤਾਲਾਪ ਨਿੱਜੀ ਰੂਪ ਅਖਤਿਆਰ ਕਰਦੀ ਗਈ। ਮਲੂਕੇ ਨੂੰ ਪਤਾ ਲੱਗਾ ਕਿ ਅੰਨਾ ਵਰਥੀਮੇਰ ਫਰੈਂਕਫਰਡ ਦੇ ਇਕ ਖੁਸ਼ਹਾਲ ਤੇ ਸਭਿਅ ਯਹੂਦੀ ਪਰਿਵਾਰ 'ਚੋਂ ਸੀ। ਹਿਟਲਰ ਦੀ ਚੜ੍ਹਤ ਤੋਂ ਭੈਭੀਤ ਹੋ ਕੇ ਉਹ ਹਾਲੈਂਡ ਆ ਗਏ ਸਨ। ਉਥੇ ਹੀ ਐਮਸਟਰਡਰਮ ਵਿਚ ਉਹਨੇ ਆਪਣੀ ਸੈਕੰਡਰੀ ਵਿਦਿਆ ਪੂਰੀ ਕੀਤੀ ਸੀ। ਹਾਲੈਂਡ ਉਪਰ ਨਾਜ਼ੀਆਂ ਦਾ ਰੇਲਾ ਫਿਰਨ ਤੋਂ ਕੁਝ ਹਫਤੇ ਪਹਿਲਾਂ ਹੀ, ਉਹ ਚੰਗੇ ਭਾਗੀਂ, ਇੰਗਲੈਂਡ ਆ ਗਏ ਸਨ ਤੇ ਕੈਨੇਡਾ ਦਾ ਵੀਜ਼ਾ ਮਿਲਣ ਸਾਰ ਹੀ ਟ੍ਰਾਂਟੋ ਆ ਗਏ ਸਨ।

"ਡਰ ਮਾਰੇ ਦੇਸ਼-ਬਦੇਸ਼ਾਂ ਦੇ ਸਫਰ ਦਾ ਤਜਰਬਾ, ਤੁਹਾਡੇ ਲਈ ਬੜਾ ਹੀ ਭਿਆਨਕ ਹੋਣੈਂ।" ਮਲੂਕੇ ਨੇ ਕਿਹਾ ਸੀ।

"ਹਾਂ, ਪਰ ਸਾਡੇ ਵਿਸ਼ਾਲ ਪਰਿਵਾਰ ਦੇ ਉਹ ਜੀਅ ਜੋ ਵੇਲੇ ਸਿਰ ਜਰਮਨੀ ਨਹੀਂ ਸਨ ਛੱਡ ਸਕੇ, ਉਨ੍ਹਾਂ ਨੂੰ ਤਿਲ ਤਿਲ ਕਰ ਕੇ ਮਾਰਨ ਲਈ ਨਾਜ਼ੀ-ਕੈਂਪਾਂ ਵਿਚ ਨਜ਼ਰਬੰਦ ਕਰ ਲਿਆ ਗਿਆ ਸੀ।"

ਬੜੀ ਸੰਘਣੀ ਖਾਮੋਸ਼ੀ ਦਾ ਛਿਣ ਸੀ।

"ਇਹ ਗੱਲ ਕਿੰਨੀ ਅਵਿਸ਼ਵਾਸ ਯੋਗ ਲੱਗਦੀ ਏ ਕਿ ਜਿਨ੍ਹਾਂ ਲੋਕਾਂ ਨੇ ਗੇਟੇ, ਸ਼ਿਲੋਰ, ਕਾਂਟ ਤੇ ਹੀਗਲ ਨੂੰ ਜਨਮ ਦਿੱਤਾ ਸੀ, ਉਹ ਕਿੰਨੀ ਛੋਤੀ ਅਸਟਰੀਆ ਦੇ ਘਰ ਰੋਗਨ ਕਰਨ ਵਾਲੇ ਦੀ ਉਕਸਾਹਟ ਵਿਚ ਆਏ ਐਸੀ ਬਰਬਰੀਅਤ ਦੇ ਸ਼ਿਕਾਰ ਹੋ ਗਏ ਸਨ।"

"ਇਹ ਬੜੀ ਦਿਲ-ਤੋੜਨ ਵਾਲੀ ਅਸਲੀਅਤ ਏ।"

... ...

ਮਲੂਕੇ ਨੇ ਟ੍ਰਾਟਸਕੀਵਾਦੀਆਂ ਦੇ ਹਾਲ ਵਿਚ ਆਪਣੀ ਭਾਸ਼ਣ-ਲੜੀ ਜਾਰੀ ਰੱਖੀ ਸੀ। ਪਰ ਸਿਆਣਪ ਨੂੰ ਲੋਕ-ਪ੍ਰਿਯ, ਸਗੋਂ ਜੀ ਪਰਚਾਉ ਬਣਾਉਣ ਲਈ ਉਹਦੇ ਜਤਨਾਂ ਦੇ ਬਾਵਜੂਦ ਉਹਦੇ ਸਰੋਤੇ ਛਿਦਰੇ ਪੈਣੇ ਸ਼ੁਰੂ ਹੋ ਗਏ ਸਨ।

"ਮੈਨੂੰ ਤਾਂ ਸਗੋਂ ਇਸ ਗੱਲ ਦੀ ਹੈਰਾਨੀ ਏ ਕਿ ਏਨੇ ਇਨਕਲਾਬੀ ਮਾਹੌਲ ਵਾਲੇ ਘਸੇ-ਪੁਰਾਣੇ ਜਿਹੇ ਹਾਲ ਵਿਚ ਏਨੀਆਂ ਖੁਸ਼ਪੋਸ਼ ਬੁਰਜੂਆ ਸੁਆਣੀਆਂ ਹੁਣ

ਤੀਕ ਤੇਰੀਆਂ ਤਕਰੀਰਾਂ ਸੁਣਨ ਕਿਵੇਂ ਆਉਂਦੀਆਂ ਰਹੀਆਂ ਨੇ।"

"ਏਨੇ ਨਾਂ-ਮਾਤਰ ਕਿਰਾਏ 'ਤੇ ਹੋਰ ਕੋਈ ਥਾਂ ਮਿਲਦੀ ਵੀ ਤਾਂ ਨਹੀਂ।"

"ਬੇਅ-ਸਟਰੀਟ ਤੇ ਇਕ ਨਵੀਂ ਇਮਾਰਤ ਦੀ ਦੂਜੀ ਮੰਜ਼ਿਲ 'ਤੇ ਇਕ ਕਾਫ਼ੀ ਸਾਫ਼ ਤੇ ਖੁਲ੍ਹਾ ਡੁਲ੍ਹਾ ਹਾਲ ਹੈ ਵੇ। ਬਹੁਤ ਮਹਿੰਗਾ ਵੀ ਨਹੀਂ, ਪਰ ਫ਼ਰਨੀਚਰ ਦਾ ਪ੍ਰਬੰਧ ਤੈਨੂੰ ਖ਼ੁਦ ਕਰਨਾ ਪਏਗਾ। ਮੈਨੂੰ ਇਸ ਕੰਮ ਵਿਚ ਤੇਰਾ ਹੱਥ ਵਟਾ ਕੇ ਖ਼ੁਸ਼ੀ ਹੋਵੇਗੀ।" ਉਸ ਨੇ ਮਲੂਕੇ ਦਾ ਹੌਸਲਾ ਵਧਾਉਂਦਿਆਂ ਕਿਹਾ।

ਮਲੂਕੇ ਨੇ ਇਹ ਹਾਲ ਕਰਾਏ 'ਤੇ ਲੈ ਲਿਆ ਤੇ ਆਪਣੇ ਪ੍ਰੋਗਰਾਮ 'ਦ ਸਟਾਰ' ਤੇ 'ਦ ਟੈਲੀਗ੍ਰਾਮ' ਵਿਚ ਇਸ਼ਤਿਹਾਰ ਦੇ ਦਿੱਤੇ। ਜੀਵਨ ਦੇ ਹਰ ਖੇਤਰ ਵਿਚਲੇ ਨਰ-ਨਾਰੀਆਂ ਵਲੋਂ ਉਹਨੂੰ ਕਾਫ਼ੀ ਭਰਵਾਂ ਹੁੰਘਾਰਾ ਮਿਲਿਆ ਸੀ। ਆਦਰ-ਯੋਗ ਟਿਕਾਣੇ ਨੇ ਉਹਦੀਆਂ ਤਕਰੀਰਾਂ ਦੀ ਮਕਬੂਲੀਅਤ ਵਿਚ ਬਿਲਾਸ਼ੱਕ ਵਾਧਾ ਕੀਤਾ ਸੀ, ਜੋ ਉਹ ਹੁਣ ਤਰਕਾਲਾਂ ਵੇਲੇ ਕਰਿਆ ਕਰਦਾ ਸੀ। ਭਰਵੇਂ ਹੁੰਘਾਰੇ ਤੋਂ ਉਤਸ਼ਾਹਿਤ ਹੋ ਕੇ ਉਹਨੇ ਆਪਣੇ ਪ੍ਰੋਗਰਾਮ ਵਿਚ ਰੂਸੋ, ਵਾਲਤੇਅਰ, ਸ਼ਾਪਨਹਾਰ, ਨੀਤਸ਼ ਤੇ ਥੌਮਸ ਪੇਨ ਜਿਹੇ ਕੁਝ ਵਿਚਾਰ-ਉਤੇਜਕ ਪੱਛਮੀ ਚਿੰਤਕ ਵੀ ਸ਼ਾਮਿਲ ਕਰ ਲਏ ਸਨ। ਉਹਨੇ ਪੂਰਬ ਤੇ ਪੱਛਮ ਦੇ ਸਭਿਆਚਾਰਾਂ ਦੇ ਮੁਤਾਲੇ ਲਈ ਇਕ ਸੰਸਥਾ ਸਥਾਪਿਤ ਕਰਨ ਬਾਰੇ ਵੀ ਸੋਚਣਾ ਸ਼ੁਰੂ ਕਰ ਦਿੱਤਾ ਸੀ ਅਤੇ ਅੰਨਾ ਨੇ ਉਹਦੀ ਬੜੀ ਹੌਸਲਾ ਅਫ਼ਜ਼ਾਈ ਕੀਤੀ ਸੀ, ਪਰ ਕੁਝ ਹੋਰ ਦਿਲਚਸਪੀਆਂ ਉਹਨੂੰ ਹੋਰ ਵੀ ਵਧੇਰੇ ਪਿਆਰੀਆਂ ਸਨ। ਖੇਤਾਂ ਤੇ ਕਾਰਖ਼ਾਨਿਆਂ ਵਿਚ ਕਈ ਵਰ੍ਹੇ ਕੰਮ ਕਰਦਿਆਂ ਰਹਿਣ ਕਰ ਕੇ ਉਹਦੀ ਟਰੇਡ ਯੂਨੀਅਨ ਲਹਿਰ ਵਿਚ ਕੰਮ ਕਰਨ ਲਈ ਗਹਿਰੀ ਦਿਲਚਸਪੀ ਸੀ ਤੇ ਮਜ਼ਦੂਰ ਜਮਾਤ ਨਾਲ ਉਹਦਾ ਬਹੁਤਾ ਹੀ ਲਗਾਓ ਹੋ ਗਿਆ ਸੀ।

ਭਾਸ਼ਣਾਂ ਤੋਂ ਬਾਅਦ ਮਲੂਕਾ ਤੇ ਅੰਨਾ ਬਲੋਰ ਸਟਰੀਟ ਤੇ ਪੀਟੇ ਦੇ ਰੈਸਤੋਰਾਂ ਵਿਚ ਇਕੱਠੇ ਖਾਣਾ ਖਾਣ ਜਾਇਆ ਕਰਦੇ ਸਨ। ਖਾਣਾ ਬੜਾ ਸੁਆਦੀ ਹੁੰਦਾ ਸੀ ਤੇ ਰੈਸਤੋਰਾਂ ਦਾ ਮਾਲਿਕ ਪੀਟੇ ਪੈਕਾਇਤਿਸ ਜੋ ਬਾਕਾਇਦਾ ਮਲੂਕੇ ਦੀਆਂ ਤਕਰੀਰਾਂ ਸੁਣਨ ਜਾਇਆ ਕਰਦਾ ਸੀ, ਉਹਨਾਂ ਨੂੰ ਖਾਣਾ ਖ਼ੁਦ ਪਰੋਸਿਆ ਕਰਦਾ ਸੀ। ਖਾਣੇ ਤੋਂ ਬਾਅਦ ਆਮ ਤੌਰ 'ਤੇ ਉਹ, ਗੱਲਬਾਤ ਲਈ ਉਹਨਾਂ ਦੀ ਸੰਗਤ ਵੀ ਕਰਿਆ ਕਰਦਾ ਸੀ।

ਪੀਟੋ ਸਾਲੋਨੀਕਾ ਤੋਂ ਆਇਆ ਸੀ ਤੇ ਆਪਣਾ ਰੈਸਤੋਰਾਂ ਖੋਲ੍ਹਣ ਤੋਂ ਪਹਿਲਾਂ ਉਹਨੇ ਕਈ ਥਾਈਂ ਬੈਰੇ ਵਜੋਂ ਕੰਮ ਕੀਤਾ ਹੋਇਆ ਸੀ। ਉਹਦੀ ਰਸਮੀ ਵਿਦਿਆ ਤਾਂ ਕੋਈ ਖ਼ਾਸ ਹੈ ਨਹੀਂ ਸੀ, ਪਰ ਉਤਸ਼ਾਹੀ ਯੁਵਕ ਕਮਿਊਨਿਸਟ ਹੋਣ ਕਾਰਨ, ਉਹਨੇ ਖ਼ੁਦ ਹੀ ਕਾਫ਼ੀ ਕੁਝ ਪੜ੍ਹਿਆ ਹੋਇਆ ਸੀ। ਇਸ ਚੌੜੇ-ਚਿੱਘੇ ਚੁਗਾਠੇ ਤੇ ਘਣੇ ਕਾਲ ਵਾਲਾਂ ਵਾਲੇ ਗੋਭਲੇ ਜਿਹੇ ਖ਼ੁਸ਼ਨੁਮਾ ਬੰਦੇ ਦੀਆਂ ਅੱਖਾਂ ਵਿਚ ਨਵੇਂ ਬਣੇ ਮੁਸਲਮਾਨ ਜਿਹੀ ਲਿਸ਼ਕ ਹੋਇਆ ਕਰਦੀ ਸੀ। ਉਹਨੂੰ ਚਲੰਤ ਰਾਜਸੀ ਤੇ ਆਰਥਿਕ ਮਾਮਲਿਆਂ ਬਾਰੇ ਚੰਗੀ ਜਾਣਕਾਰੀ ਸੀ।

ਉਹਨੇ ਘੁਲੇ ਅੰਡੇ ਵਿਚ ਝੀਂਗਾ ਮੱਛੀ ਦੀਆਂ, ਜ਼ੈਤੂਨ ਦੇ ਤੇਲ ਵਿਚ ਤਲੀ ਮੱਛੀ ਤੇ ਭੁੱਜੇ ਅੰਡਿਆਂ ਦੀਆਂ ਦੋ ਪਲੇਟਾਂ ਪਰੋਸਦਿਆਂ ਕਿਹਾ, "ਸਲੂਕਿਆ, ਜੇ ਤੇਰੇ ਕੋਲ ਰਤਾ ਵਿਹਲ ਹੋਵੇ, ਤਾਂ ਮੈਂ ਤੇਰੇ ਨਾਲ ਜ਼ਰਾ ਕੁ ਲੰਮੇ ਸਮੇਂ ਲਈ ਗੱਲ ਕਰਨੀ ਚਾਹੁਨਾਂ।"

"ਵਿਹਲ ਬੜਾ।"

"ਮੈਨੂੰ ਤੇਰੀਆਂ ਤਕਰੀਰਾਂ ਬੜੀਆਂ ਚੰਗੀਆਂ ਲੱਗਦੀਆਂ। ਮੈਂ ਦੇਖਦਾਂ ਤੂੰ ਆਪਣੇ ਪ੍ਰੋਗਰਾਮ ਵਿਚ ਵਾਲਤੇਅਰ ਤੇ ਟਾਮ ਪੇਨ ਜਿਹੇ ਰੈਦੀਕਲ ਵਿਚਾਰਵਾਨਾਂ ਦੇ ਨਾਂ ਵੀ ਸ਼ਾਮਿਲ ਕਰ ਲਏ ਨੇ ਪਰ ਕਾਰਲ ਮਾਰਕਸ ਦਾ ਨਾਂ ਨਹੀਂ ਸ਼ਾਮਿਲ ਕੀਤਾ। ਕਿੰਨਾ ਚੰਗਾ ਹੋਵੇ ਜੇ ਮਾਰਕਸ ਬਾਰੇ ਵੀ ਤੇਰੇ ਵਿਚਾਰ ਸੁਣਨ ਦਾ ਮੌਕਾ ਮਿਲ ਸਕੇ।"

"ਤੂੰ ਚਾਹੁਨਾਂ, ਮੈਂ ਆਪਣੇ ਅੱਧੇ ਸਰੋਤਿਆਂ ਤੋਂ ਹੱਥ ਹੀ ਧੋ ਬੈਠਾਂ, ਪੀਟੋ?"

"ਕਦੰਤ ਨਹੀਂ। ਮੈਂ ਤਾਂ ਸੋਚਦਾਂ ਕਿ ਹੋਰ ਵੀ ਜ਼ਿਆਦਾ ਲੋਕ ਤੈਨੂੰ ਸੁਣਨ ਆਉਣਗੇ। ਉਹ ਇਹ ਜਾਣਨ ਲਈ ਵਧੇਰੇ ਉਤਸੁਕ ਨੇ ਕਿ ਏਨੇ ਭਰਪੂਰ ਵਸੀਲਿਆਂ ਵਾਲੇ ਦੇਸ਼ ਵਿਚ ਵੀ ਭਿਆਨਕ ਗ਼ਰੀਬੀ ਤੇ ਬੇਰੁਜ਼ਗਾਰੀ ਕਿਉਂ ਏ?"

"ਟਰਾਂਟੋ ਬੜਾ ਹੀ ਪਿਛਾਂਹ-ਖਿੱਚੂ ਤੇ ਸਾਮਰਾਜ-ਭਗਤਾਂ ਦਾ ਸ਼ਹਿਰ ਹੈ। ਮੇਰਾ ਇਕ ਪ੍ਰੋਫੈਸਰ ਕਹਿੰਦਾ ਹੁੰਦਾ ਸੀ, "ਜੇ ਤੂੰ ਮਾਰਕਸ ਬਾਰੇ ਤਕਰੀਰ ਕਰਨੀ ਹੋਏ ਤਾਂ ਸ਼ਾਮ-ਭੋਜ-ਫਤੂਹੀ ਪਹਿਨ ਕੇ ਆਈਂ ਤੇ ਆਕਸਫੋਰਡ ਵਾਲੇ ਉਚਾਰਣ ਨਾਲ ਬੋਲੀਂ।"

"ਭੋਜ-ਫਤੂਹੀ ਵਿਚ ਫਸਿਆ ਤੂੰ ਬੜਾ ਅਜੀਬ ਲੱਗੇਂਗਾ—ਭੂਰਾ ਸਾਹਿਬ।" ਅੰਨਾ ਨੇ ਹੱਸਦਿਆਂ ਆਖਿਆ।

"ਮੈਂ ਆਪਣੇ ਪ੍ਰੋਗਰਾਮ ਵਿਚੋਂ ਕਾਰਲ ਮਾਰਕਸ ਨੂੰ ਉਸੇ ਕਾਰਨ ਕਰਕੇ ਬਾਹਰ ਰਖਿਆ ਜਿਸ ਕਰਕੇ ਕਾਂਤ, ਹੀਗਲ, ਸਪਾਇਨੋਜ਼ਾ—ਤੇ ਸਗੋਂ ਲਾਕ ਤੇ ਹਿਊਮ ਨੂੰ ਵੀ।" ਮਲੂਕੇ ਨੇ ਆਖਿਆ। "ਉਹਨਾਂ ਦਾ ਫ਼ਲਸਫ਼ਾ ਏਨਾ ਗੂੜ੍ਹ ਤੇ ਵਿਸ਼ਾਲ ਹੈ ਕਿ ਉਸ ਨੂੰ ਨਿੱਕੇ ਨਿੱਕੇ ਮਕਬੂਲ ਭਾਸ਼ਣਾਂ ਵਿਚ ਪੇਸ਼ ਕਰਨ ਦੀ ਕੋਸ਼ਿਸ਼ ਅਹਿਮਕਾਨਾ ਜਿਹੀ ਗੱਲ ਹੀ ਹੋਏਗੀ।"

"ਤੂੰ ਸਿਰਫ ਉਹਦੇ ਸਮਾਜਕ ਫਲਸਫੇ ਬਾਰੇ ਗੱਲ ਕਰੀਂ ਮਲੂਕੇ। ਦ੍ਵੰਦਵਾਦ ਦੀਆਂ ਪੇਚੀਦਗੀਆਂ ਨੂੰ ਬਾਹਰ ਰਹਿਣ ਦਈਂ।"

"ਚੰਗਾ ਪੀਟਰ ਪਕਾਇਓਤਿਸ। ਇਹ ਮੈਂ ਕਰ ਦੇਵਾਂਗਾ।"

... ...

ਮਾਰਕਸ ਦੁਆਰਾ ਹੀਗਲ ਦੇ ਦ੍ਵੰਦਵਾਦ ਦਾ ਉਲਟ-ਕ੍ਰਮਣ, ਕੁਦਰਤ ਤੇ ਰੂਹ ਦੇ ਅੰਤਰ-ਸੰਬੰਧ ਦੇ ਸੰਕਲਪ ਤੇ ਵਾਧੂ ਮੁਨਾਫੇ ਦੇ ਸਿਧਾਂਤ ਨੂੰ ਬਾਹਰ ਰੱਖ ਕੇ ਮਲੂਕੇ ਨੇ ਆਪਣੇ ਭਾਸ਼ਣ ਨੂੰ ਇਤਿਹਾਸ ਦੀ ਗਤੀ ਦੇ ਪਦਾਰਥਵਾਦੀ ਸੰਕਲਪ ਤੇ ਉਪਜ ਦੇ ਸਾਧਨਾਂ ਦੀ ਮਾਲਕੀ ਦੇ ਫਲਸਰੂਪ ਪੈਦਾ ਹੋਣ ਵਾਲੇ ਜਮਾਤੀ ਘੋਲ ਤਕ ਹੀ ਸੀਮਿਤ ਰੱਖਿਆ। ਉਹਨੇ ਮਾਰਕਸ ਦੁਆਰਾ ਮਜ਼ਦੂਰ ਜਮਾਤ ਦੇ ਸੰਗਠਨ ਨੂੰ ਦਿੱਤੀ ਮਹੱਤਤਾ ਉਤੇ ਵਧੇਰੇ ਜ਼ੋਰ ਦਿੱਤਾ, ਜਿਸਨੂੰ ਉਸਨੇ ਇਤਿਹਾਸ ਦੀ ਚਾਲ ਦੀ ਚੂਲ ਦੇ ਤੌਰ ਤੇ ਪੇਸ਼ ਕੀਤਾ ਸੀ। ਮਾਰਕਸ ਦਾ ਵਿਸ਼ਵਾਸ ਸੀ ਕਿ ਇਹ ਜਮਾਤ ਜਾਗ੍ਰਿਤ ਤੇ ਸੰਗਠਿਤ ਹੋ ਕੇ ਇਕ ਨਿਆਂ ਭਰਪੂਰ, ਕਲਿਆਣਕਾਰੀ ਤੇ ਸ਼ਾਂਤੀ ਭਰਪੂਰ ਸਮਾਜ ਸਿਰਜ ਸਕਣ ਦੇ ਸਮਰੱਥ ਹੋ ਸਕੇਗੀ।

ਤਕਰੀਰ ਮੁਕਣ ਤੇ, ਇਕ ਗੁਸੈਲ ਟ੍ਰਾਟਸਕੀਵਾਦ ਉਹਦੇ ਕੋਲ ਆ ਧਮਕਿਆ।

"ਮਲੂਕਿਆ ਤੂੰ ਮਾਰਕਸਵਾਦ ਦਾ ਪਿੰਜਰ ਹੀ ਪੇਸ਼ ਕੀਤੈ।" ਉਹਨੇ ਆਪਣਾ ਬੋਲ ਦਾਗਿਆ।

"ਕਿੰਨੀ ਤਰਸਯੋਗ ਗੱਲ ਹੈ", ਉਸਨੇ ਦੋਸ਼-ਲਾਊ ਸੁਰ ਵਿਚ ਕਿਹਾ, "ਕਿ ਇਕ ਵਿਦਵਾਨ ਉਸ ਮਹਾਨ ਵਿਚਾਰਵਾਨ ਦੀ ਤਰਦੀ ਜੇਹੀ ਹੀ ਪੇਸ਼ਕਾਰੀ ਕਰੇ, ਜਿਸਨੇ ਸੰਸਾਰ ਨੂੰ ਬਦਲ ਸੁੱਟਣ ਦੇ ਤਰੀਕਿਆਂ ਤੇ ਵਿਧੀ ਵਿਧਾਨ ਦੀ ਤਲਾਸ਼ ਵਿਚ ਆਪਣਾ ਜੀਵਨ ਲੇਖੇ ਲਾਇਆ ਹੋਵੇ।"

"ਇਹ ਤਾਂ ਮਾਰਕਸ ਦੀ ਜਾਣ-ਪਛਾਣ ਹੀ ਹੈ", ਮਲੂਕੇ ਨੇ ਉਹਨੂੰ ਯਕੀਨ

ਚੁਆਇਆ। "ਇਹ ਇਸ ਆਸ ਨਾਲ ਪੇਸ਼ ਕੀਤੀ ਗਈ ਹੈ ਕਿ ਸਰੋਤੇ ਉਹਦੀਆਂ ਲਿਖਤਾਂ ਨੂੰ ਖੁਦ ਪੜ੍ਹਨ ਲਈ ਕਾਫੀ ਹੱਦ ਤੀਕ ਪ੍ਰੇਰਿਤ ਕੀਤੇ ਜਾ ਸਕਣਗੇ।"

... ...

ਰੈਸਤੋਰਾਂ ਵਿਚ ਪੀਟੇ ਭਾਸ਼ਣ ਤੇ ਬੜਾ ਪ੍ਰਸੰਨ ਸੀ।

"ਤੂੰ ਬੜਾ ਚੰਗਾ ਕੰਮ ਕੀਤਾ ਮਲੂਕਿਆ।" ਉਸਨੇ ਬੜਾ ਉਤਸ਼ਾਹਿਤ ਹੋ ਕੇ ਕਿਹਾ ਸੀ, "ਮੈਨੂੰ ਤੈਨੂੰ ਚੰਗੀ ਤਰ੍ਹਾਂ ਭੋਜਨ ਛਕਾਉਣਾ ਚਾਹੀਦਾ ਹੈ।"

ਉਹ ਮਲੂਕੇ ਤੇ ਅੰਨਾ ਨੂੰ ਗੁਲਾਬੀ ਪਰਦਿਆਂ ਵਾਲੇ ਬੂਥ ਵਿਚ ਲੈ ਗਿਆ। ਕੁਝ ਮਿੰਟ ਬਾਅਦ ਉਹਨਾਂ ਸਾਹਮਣੇ ਦੋ ਭਾਫ-ਛੋ ਤੇ ਖ਼ੁਸ਼ਬੂਦਾਰ ਕ੍ਰੀਮ ਦੀਆਂ ਪਲੇਟਾਂ ਪਰੋਸ ਗਿਆ।

ਖਾਣਾ ਮੁਕਣ ਸਾਰ ਹੀ ਪੀਟੇ ਫੇਰ ਆ ਗਿਆ। "ਦਾਰੂ ਵੀ ਵਰਤਦਾ ਪਿਆ" ਉਸਨੇ ਕਿਹਾ। "ਕੀ ਪੀਣਾ ਚਾਹੋਗੇ?"

"ਪੀਟੇ, ਥੋੜ੍ਹੀ ਜਹੀ ਕੌਨਕ ਹੋ ਜਾਏ ਤਾਂ ਤੇਰੀ ਬੜੀ ਮਿਹਰਬਾਨੀ।"

"ਤੇ ਤੇਰੇ ਲਈ ਮੁਟਿਆਰ ਸੁਆਣੀਏਂ?"

"ਕੁਝ ਨਹੀਂ। ਮੇਹਰਬਾਨੀ। ਮੈਂ ਨਹੀਂ ਪੀਂਦੀ।"

"ਤੇਰੇ ਲਈ ਥੋੜ੍ਹੀ ਜੇਹੀ ਟ੍ਰਿਪਲ-ਸੋਕ ਲੈ ਆਉਂਦਾਂ, ਐਵੇਂ ਸੁਆਦ ਦੇਖਣ ਮਾਤਰ। ਇਹ ਸੁਆਣੀਆਂ ਦੀ ਦਾਰੂ ਏ, ਮਿੱਠੀ ਤੇ ਕੂਲੀ।"

ਅੰਨਾ ਮੇਜ਼ ਉਪਰ ਰਤਾ ਅਗਾਂਹ ਨੂੰ ਝੁਕੀ, ਉਹਦੇ ਖ਼ੂਬਸੂਰਤ ਵਾਲਾਂ ਨੂੰ ਵਖਰਿਆਉਂਦਾ ਸਮਾਧਾ ਨੁਮਾਇਆਂ ਤੌਰ ਤੇ ਨਜ਼ਰ ਆ ਰਿਹਾ ਸੀ।

"ਮਲੂਕਿਆ" ਉਸਨੇ ਧੀਵੀਂ ਗੁਪਤ ਆਵਾਜ਼ ਵਿਚ ਕਿਹਾ, "ਕਈ ਲੋਕਾਂ ਨੂੰ ਸ਼ੱਕ ਏ ਕਿ ਤੂੰ ਕਮਿਊਨਿਸਟ ਪਾਰਟੀ ਦਾ ਮੈਂਬਰ ਏਂ।"

"ਤੂੰ ਮਾਰਕਸ ਬਾਰੇ ਏਨੇ ਜੋਸ਼ ਨਾਲ ਬੋਲਿਆਂ ਕਿ ਉਨ੍ਹਾਂ ਦਾ ਸ਼ੱਕ ਯਕੀਨ ਵਿਚ ਬਦਲ ਜਾਏਗਾ।"

"ਬਕਵਾਸ, ਮੈਂ ਕਿਸੇ ਵੀ ਰਾਜਨੀਤਕ ਜਾਂ ਧਾਰਮਿਕ ਪਾਰਟੀ ਦਾ ਮੈਂਬਰ ਨਹੀਂ।"

"ਬੜਾ ਚਿਰ ਪਹਿਲਾਂ ਮੈਂ ਅਲਬਰਟਾ ਯੂਨੀਵਰਸਿਟੀ ਦਾ ਇਹ ਆਦੇਸ਼ ਵਾਕ ਧਾਰਨ ਕੀਤਾ ਸੀ, ਕੁਏਕਮ ਕਿਊ ਵੇਰਾ—ਜੋ ਚੀਜ਼ ਵੀ ਸੋਚੋ—ਦ੍ਰਿੜ੍ਹ ਨਿਸ਼ਚੇ

ਨਾਲ। ਕਿਸੇ ਜੁਝਾਰੂ ਰਾਜਨੀਤਕ ਪਾਰਟੀ ਦਾ ਪੱਕਾ-ਪੀਢਾ ਅਨੁਸ਼ਾਸਨ ਮੇਰੇ ਲਈ ਢੁੱਕਵਾ ਨਹੀਂ। ਸੋਚ ਦਾ ਮੁਤਲਾਸ਼ੀ ਮਨ, ਹਰ ਹਾਲ ਸਭਨਾਂ ਕੱਟੜ-ਪੰਥਾਂ ਤੋਂ ਮੁਕਤ ਹੋਣਾ ਚਾਹੀਦੈ।"

"ਤੇਰੇ ਭਾਸ਼ਣ ਬਹੁਤ ਚੰਗੀ ਤਰ੍ਹਾਂ ਸੁਣੇ ਜਾਂਦੇ ਸਨ। ਤੈਨੂੰ ਪਤਾ ਏ ਕਿ ਮੈਂ ਉਨ੍ਹਾਂ ਨੂੰ ਸੰਖੇਪ ਲਿੱਪੀ ਵਿਚ ਲਿਖ ਰਹੀ ਹਾਂ। ਇਨ੍ਹਾਂ ਦੇ ਟਾਈਪ ਉਤਾਰੇ ਵਧੀਆ ਲੇਖਾਂ ਦੀ ਭਰਪੂਰ ਸਮੱਗਰੀ ਬਣ ਸਕਦੇ ਨੇ।"

"ਤੂੰ ਸੱਚਮੁੱਚ ਹੀ, ਮੇਰੇ ਲਈ ਟਾਈਪ ਕਰ ਦਏਂਗੀ? ਫੇਰ ਤਾਂ ਮੈਨੂੰ ਕਿਸੇ ਪ੍ਰਕਾਸ਼ਕ ਦੀ ਤਲਾਸ਼ ਕਰਨੀ ਚਾਹੀਦੀ ਏ।"

ਮਲੂਕੇ ਨੇ ਮੇਜ਼ ਤੇ ਟਿਕਿਆ ਉਹਦਾ ਨਿੱਕਾ ਜਿਹਾ ਕੂਲਾ ਹੱਥ ਹੌਲੀ ਦੇਣੀ ਘੁੱਟ ਲਿਆ।

"ਤੂੰ ਮੇਰੇ ਲਈ ਮਹਿਜ਼ ਸਹਾਇਕ ਨਾਲੋਂ ਕਿਤੇ ਵੱਧ ਏਂ, ਮੇਰੇ ਲਈ ਪ੍ਰੇਰਨਾ ਦਾ ਸੋਮਾ।"

"ਮਲੂਕਿਆ, ਤੈਨੂੰ ਦੱਸਾਂ", ਅੰਨਾ ਨੇ ਆਖਿਆ, "ਮੈਨੂੰ ਪੂਰਬ ਦਾ ਸਾਹਿਤ ਤੇ ਫ਼ਲਸਫ਼ਾ ਬਹੁਤ ਚੰਗਾ ਲੱਗਦਾ ਏ। ਮੇਰੇ ਪਿਤਾ ਮੈਨੂੰ 'ਪੰਚ ਤੰਤਰ' ਦੀਆਂ ਕਹਾਣੀਆਂ ਤੇ 'ਮਹਾਂ ਭਾਰਤ' ਦੀਆਂ ਮਨਮੋਹਕ ਵਾਰਤਾਵਾਂ ਪੜ੍ਹ ਕੇ ਸੁਣਾਇਆ ਕਰਦੇ ਹੁੰਦੇ ਸਨ। ਮੈਨੂੰ ਪੂਰਬ ਬਾਰੇ ਹੋਰ ਵਧੇਰੇ ਜਾਨਣ ਦੀ ਬੜੀ ਸਿੱਕ ਏ।"

"ਤਾਂ ਹੀ ਤੂੰ ਪੂਰਬੀ-ਪੱਛਮੀ ਸਭਿਆਚਾਰਕ ਸੰਸਥਾ ਦੀ ਸਥਾਪਤੀ ਦੀ ਗੱਲ ਕਰਦੀ ਹੁੰਦੀ ਸੈਂ?"

"ਇਸ ਦਾ ਇਕ ਹੋਰ ਵੀ ਮਹੱਤਵਪੂਰਨ ਕਾਰਨ ਏ। ਤੈਨੂੰ ਪਤੈ ਕਿ ਕਿਪਲਿੰਗ ਕਹਿੰਦਾ ਹੁੰਦਾ ਸੀ ਕਿ ਪੂਰਬ ਤੇ ਪੱਛਮ ਕਦੇ ਨਹੀਂ ਮਿਲ ਸਕਣੇ। ਭਾਵੇਂ ਫ਼ਾਸਲੇ ਮਿਟ ਗਏ ਨੇ, ਦੋਨੋਂ ਇਕ ਦੂਜੇ ਦੇ ਪਹਿਲਾਂ ਨਾਲੋਂ ਨੇੜੇ ਵੀ ਆਏ ਨੇ, ਪਰ ਦੋਹਾਂ ਵਿਚਕਾਰ ਸਭਿਆਚਾਰਕ ਸਮਝ ਹਾਲੇ ਨਾ-ਹੋਣ-ਬਰਾਬਰ ਹੀ ਏ।"

"ਤੈਨੂੰ ਪਤੈ ਕਿ ਕਿਪਲਿੰਗ ਨੇ ਅਗਲੇ ਬੰਦ ਵਿਚ ਕੀ ਕਿਹਾ ਸੀ?"

"ਨਹੀਂ।"

"ਇਸ ਤੋਂ ਬਿਲਕੁਲ ਹੀ ਉਲਟ।"

"ਪਰ ਨਾ ਹੀ ਕੋਈ ਪੂਰਬ ਹੈ ਤੇ ਨਾ ਹੀ ਪੱਛਮ,

ਨ ਹੱਦ, ਨ ਨਸਲ, ਨ ਕੁੱਲ ਰਹਿੰਦੀ ਏ ਕੋਈ,
ਜਦ ਦੋ ਨਰੋਏ ਮਨੁੱਖ ਸਨਮੁਖ ਹੋਣ ਇਕ ਦੂਏ ਦੇ,
ਭਾਵੇਂ ਉਹ ਧਰਤੀ ਦੇ ਦੋ ਸਿਰਿਆਂ ਤੋਂ ਹੀ,
ਆਏ ਕਿਉਂ ਨਾ ਹੋਣ।"

"ਸ਼ਾਨਦਾਰ! ਇਕ ਨਰੋਆ ਮਨੁੱਖ ਤਾਂ ਆਪਣੇ ਸਾਹਮਣੇ ਬੈਠਾ ਮੈਂ ਵੇਖਦੀ ਹੀ ਪਈ ਵਾਂ, ਆਪਣੇ ਬਾਰੇ ਭਾਵੇਂ ਮੈਂ ਇਹ ਨਹੀਂ ਕਹਿ ਸਕਦੀ।"

"ਤੂੰ ਸੁੰਦਰਤਾ ਤੇ ਸੂਝ, ਨਜ਼ਾਕਤ ਤੇ ਸ਼ਕਤੀ ਦਾ ਸੁਮੇਲ ਏਂ। ਇਹ ਗੱਲ ਤੇਨੂੰ ਆਪਣੇ ਸਾਹਮਣੇ ਬੈਠੇ ਨਰੋਏ ਮਨੁੱਖ ਨਾਲੋਂ ਵੀ ਵਧੇਰੇ ਸ਼ਕਤੀਸ਼ਾਲੀ ਬਣਾ ਦੇਂਦੀ ਏ।"

"ਤਨੂੰ ਤਾਂ ਕਵਿਤਾ ਲਿਖਣੀ ਚਾਹੀਦੀ ਏ।"

"ਤੇਨੂੰ ਹੋਰ ਵਧੇਰੇ ਜਾਣ ਕੇ ਸ਼ਾਇਦ ਲਿਖਾਂ ਹੀ।"

"ਅੰਨਾ", ਮਲੂਕੇ ਨੇ ਆਖਿਆ, ਚਲ ਅੱਜ ਦੇ ਦਿਨ ਲਈ ਪੂਰਬ ਤੇ ਪੱਛਮ ਦੇ ਸਭਿਆਚਾਰਾਂ ਦੀਆ ਪੇਚੀਦਗੀਆਂ ਨੂੰ ਭੁੱਲ ਕੇ ਪਤਝੜ ਦੇ ਸ਼ੋਖ ਰੰਗਾਂ ਵਾਲੇ ਸ਼ਾਂਤ ਜੰਗਲਾਂ ਵਲ ਚਾਲੇ ਪਾਈਏ। ਅੱਜ ਕੇਂਦਰੀ ਟਾਪੂ ਦੀ ਸੈਰ ਲਈ ਚੱਲੇਂਗੀ ਮੇਰੇ ਨਾਲ?"

"ਜ਼ਰੂਰ, ਬੜੀ ਖ਼ੁਸ਼ੀ ਨਾਲ।"

... ...

ਅਕਤੂਬਰ ਦੀ ਖ਼ੂਬਸੂਰਤ ਸਵੇਰ ਸੀ। ਨੀਲਾ ਆਕਾਸ਼, ਚਮਕਦੀ ਧੁੱਪ, ਤੇਜ਼ ਹਵਾ—ਭਾਰਤੀ ਹੁਨਾਲ ਆਪਣੀ ਸ਼ਾਨ ਦੀ ਟੀਸੀ 'ਤੇ ਸੀ। ਮੌਸਮ ਦੇ ਫਲ, ਸੁੱਕੇ ਅਲੂਚੇ, ਹਲਕੇ ਸੰਤਰੀ ਆਲੂ ਬੁਖ਼ਾਰੇ, ਪੀਲੀਆਂ-ਸਾਵੀਆਂ ਨਾਖਾਂ ਤੇ ਲਾਲ ਸੂਹੇ ਸੇਬ ਤੋੜੇ ਜਾ ਚੁੱਕੇ ਸਨ ਤੇ ਫਲਦਾਰ ਰੁੱਖਾਂ 'ਤੇ ਖ਼ੂਬਸੂਰਤ ਰੰਗਾਂ ਦੀ ਛਹਿਬਰ ਲੱਗੀ ਹੋਈ ਸੀ। ਮੇਪਲ ਰੁੱਖ ਦੇ ਪੱਤੇ ਬੜੀ ਤੇਜ਼ੀ ਨਾਲ ਪੀਲੇ-ਭੂਰੇ ਹੋ ਰਹੇ ਸਨ। ਛੇਤੀ ਹੀ ਕਕਰੀਲੀਆਂ ਰਾਤਾਂ ਤੇ ਕੋਸੇ ਦਿਨਾਂ ਨਾਲ ਉਹਨਾਂ ਵਿਚ ਕਈ ਰੰਗਾਂ ਦੀਆਂ ਫੁੱਲਝੜੀਆਂ ਖਿੜ ਜਾਣੀਆਂ ਸਨ। ਇਹੀ ਰੁੱਖ ਬਹੁ-ਨਸਲੀ ਕੈਨੇਡਾ ਦਾ ਚਿੰਨ੍ਹ ਹੈ।

ਮਲੂਕੇ ਨੂੰ ਲੱਗਿਆ ਕਿ ਬੰਦਰਗਾਹ ਤੇ ਇੰਤਜ਼ਾਰ ਵਿਚ ਬਿਤਾਇਆ ਸਮਾਂ ਉਹਦੀ ਅਉਧ ਦਾ ਸਭ ਤੋਂ ਵੱਧ ਲੰਮੇਰਾ ਅੱਧਾ ਘੰਟਾ ਸੀ। ਤੇਜ਼ ਕਦਮ ਭਰੀ

ਆਉਂਦੀ ਅੰਨਾ ਨੂੰ ਵੇਖਕੇ ਉਹ ਹੁਲਾਰਿਆ ਗਿਆ ਸੀ। ਉਹਨੇ ਗੁਲਾਬੀ ਬਲਾਊਜ਼ ਨਾਲ ਮਿਚਵੇਂ ਰੰਗ ਵਾਲਾ ਰਿਬਨ ਵਾਲਾਂ ਨੂੰ ਬੰਨ੍ਹਿਆ ਹੋਇਆ ਸੀ ਤੇ ਪਲੇਟਦਾਰ ਸਫ਼ੇਦ ਸਕਰਟ ਪਹਿਨੀ ਹੋਈ ਸੀ। ਮਲੂਕੇ ਨੇ ਉਹਦਾ ਘੁੱਟਵੀਂ ਗਲਵੱਕੜੀ ਨਾਲ ਸੁਆਗਤ ਕੀਤਾ ਅਤੇ ਸੰਘਣੇ ਮੋਤੀਏ ਦੀ ਮੱਧਮ ਜਿਹੀ ਮਹਿਕ ਨਾਲ ਸੰਘਣੇ ਵਾਲਾਂ ਨਾਲ ਅੱਧ-ਢਕੀ ਕੂਲੀ ਸਫ਼ੇਦ ਧੌਣ ਨੂੰ ਚੁੰਮਿਆ। ਆਪਣੇ ਕਾਲਜ ਦੇ ਦਿਨਾਂ ਦੌਰਾਨ ਕਿਸੇ ਮਨਹੂਸ ਘੜੀ ਆਪਣੀ ਡੂੰਘੀ ਪ੍ਰੀਤ ਦੀ ਮੌਤ ਹੋਣ ਬਾਅਦ ਵਰ੍ਹਿਆਂ ਤੋਂ ਹੀ ਸੱਖਣਾ ਉਦਾਸ ਦਿਲ ਖ਼ੁਸ਼ੀ ਨਾਲ ਲਬਰੇਜ਼ ਸੀ।

"ਬੜੀ ਹੀ ਸੋਹਣੀ ਲੱਗਦੀ ਏਂ ਤੂੰ ਅੱਜ।" ਉਸ ਨੇ ਕੂਲੀ ਆਵਾਜ਼ ਵਿਚ ਕਿਹਾ।

"ਤੂੰ ਹੀ ਰਸੀਲਾ ਮਿਹਰਬਾਨ ਏਂ ਬੜਾ।" ਉਸ ਨੇ ਹੌਲੀ ਦੇਣੀ ਆਖਦਿਆਂ ਉਹਨੂੰ ਚੁੰਮ ਲਿਆ।

ਮਰਕਜ਼ੀ ਜ਼ਜ਼ੀਰੇ ਨੇ ਹਾਲੇ ਆਪਣੀ ਕੁਦਰਤੀ-ਨੌਈਅਤ ਤੇ ਜੰਗਲੀ ਮਾਹੌਲ ਨੂੰ ਬਰਕਰਾਰ ਰਖਿਆ ਹੋਇਆ ਸੀ। ਝੀਲ ਦੇ ਕੰਢੇ, ਕੌਨੀਫਰ ਦੇ ਝੁੰਡ, ਦਿਓਕੱਦ ਕੈਲ-ਰੁੱਖਾਂ ਤੇ ਸੰਘਣੀਆਂ ਝਿੜੀਆਂ ਦੀ ਰੌਣਕ ਸੀ। ਪੱਕੀ ਸੜਕ ਦੇ ਕਿਨਾਰਿਆਂ 'ਤੇ ਨਿੱਕੀਆਂ ਨਿੱਕੀਆਂ ਝੁੱਗੀਆਂ ਬਣਾਈਆਂ ਹੋਈਆਂ ਸਨ ਤੇ ਉਹਨਾਂ ਉੱਪਰ ਚੋ ਵੱਡੀਆਂ ਵੱਡੀਆਂ ਇਮਾਰਤਾਂ ਛਾਈਆਂ ਹੋਈਆਂ ਸਨ। ਰੈਸਤੋਰਾਂ ਵਿਚ ਕੁਝ ਕਮਰੇ ਕਿਰਾਏ ਉੱਪਰ ਚਾੜ੍ਹਨ ਲਈ ਬਣਾਏ ਹੋਏ ਸਨ।

ਮਲੂਕਾ ਤੇ ਅੰਨਾ, ਇਕ ਦੂਜੇ ਦੇ ਹੱਥ ਫੜੀ ਇਕ ਦੂਜੇ ਦੇ ਲੱਕ ਦੁਆਲੇ ਬਾਹਵਾਂ ਵਲਾਈ, ਝੀਲ ਦੇ ਕੰਢੇ 'ਤੇ ਚਹਿਲ ਕਦਮੀ ਕਰ ਰਹੇ ਸਨ। ਹਫ਼ਤੇ ਦਾ ਕੰਮ-ਕਾਜੀ ਦਿਨ ਹੋਣ ਕਾਰਨ ਆਲੇ ਦੁਆਲੇ ਬੜੇ ਹੀ ਘੱਟ ਲੋਕ ਸਨ। ਉਹ ਇਕ ਦੂਜੇ ਨਾਲ ਬੜੇ ਘੱਟ ਬੋਲ ਸਾਂਝੇ ਕਰ ਰਹੇ ਸਨ ਪਰ ਉਹਨਾਂ ਦਰਮਿਆਨ ਦੀ ਚੁੱਪ ਇਕ ਦੂਜੇ ਨੂੰ ਬੜਾ ਕੁਝ ਆਖ ਰਹੀ ਸੀ।

ਮਾਹੌਲ ਬੜਾ ਹੀ ਸ਼ਾਂਤ ਸੀ। ਨੀਲੀ ਝੀਲ ਦੀ ਲਹਿਰੇਦਾਰ ਸਤਹ, ਬਹੁ-ਰੰਗੇ ਮਲ੍ਹਿਆਂ ਉੱਪਰ ਛਾਏ ਹਰੇ ਕਚੂਰ ਕੌਨੀਫਰ, ਉੱਚੇ ਅਸਮਾਨ 'ਚ ਹਵਾਈ ਤਾਰੀਆਂ ਲਾਉਂਦੇ ਪਰਿੰਦੇ, ਵਾਢੀ ਕਰਦੇ ਬੰਦਿਆਂ ਮਗਰ ਸਿਲਾ ਚੁਗਦੀਆਂ ਕੁੜੀਆਂ ਵਾਂਗ, ਨਿੱਕੀਆਂ ਨਿੱਕੀਆਂ ਚਿੜੀਆਂ ਘਾਹ ਦੇ ਬੀਜ ਚੁਗ ਰਹੀਆਂ ਸਨ। ਕੇਵਲ ਸੀਰਾਲਾਂ

ਦੀਆਂ ਤਿੱਖੀਆਂ ਕਿਲਕਾਰੀਆਂ ਹੀ ਚੁੱਪ ਦੇ ਆਲਮ ਨੂੰ ਕਚੇ ਕਚੇ ਤੋੜਦੀਆਂ ਸਨ।

ਦੁਪਹਿਰ ਦੇ ਹਲਕੇ ਜੇਹੇ ਭੋਜਨ ਖਾਣ ਤੋਂ ਬਾਅਦ ਉਹ ਦੋਵੇਂ ਰੈਸਤੋਰਾਂ ਦੇ ਨੇੜੇ ਹੀ ਦਿਆਰ ਦੀ ਸੰਘਣੀ ਛਾਂ ਹੇਠ ਸਸਤਾਉਣ ਲਈ ਵਿਰਾਜ ਗਏ ਸਨ। ਰੁਖ ਤੇ ਬੈਠੀ ਕਾਲੇ ਸ਼ਾਹ ਕਾਵਾਂ ਦੀ ਡਾਰ ਅਚਾਨਕ ਉਡ ਕੇ ਹੇਠ ਆਉਂਦੀ। ਖੁਲ੍ਹੇ ਮੈਦਾਨ ਵਿਚ, ਕਾਂ ਕਵਾਇਦ ਕਰਦੇ ਸਿਪਾਹੀਆਂ ਵਾਂਗ ਚਿੱਕਾਂ ਤਾਣ ਕੇ ਤੁਰਦੇ ਤੇ ਮੁੜ ਰੁੱਖਾਂ ਵਿਚਲੇ ਆਪਣੇ ਟਿਕਾਣਿਆਂ ਵਲ ਧਾਈਆਂ ਪਾ ਦੇਂਦੇ ਸਨ। ਦੁੱਧ ਚਿੱਟੀਆਂ ਸੀਰਾਲਾਂ ਏਵੇਂ ਨਹੀਂ ਸਨ ਕਰਦੀਆਂ। ਉਹ ਘੇਰਿਆਂ ਵਿਚ ਨੀਵੀਆਂ ਉਡਾਣਾਂ ਭਰਦੀਆਂ, ਆਪਣੇ ਖਾਜੇ ਦੀ ਤਲਾਸ਼ ਵਿਚ ਘੱਗੀਆਂ ਆਵਾਜ਼ਾਂ ਕੱਢਦੀਆਂ, ਝੀਲ ਤੇ ਉਤਰਦੀਆਂ ਤੇ ਪਰ ਸਮੇਟ ਕੇ ਬੜੇ ਸਬਰ ਨਾਲ ਤਾਰੀਆਂ ਲਾਉਣ ਲਗ ਪੈਂਦੀਆਂ।

"ਰੰਗਾਂ ਦੀ ਛਹਿਬਰ ਦਾ ਕਿੰਨਾ ਸ਼ਾਨਦਾਰ ਟਕਰਾਓ", ਅੰਨਾ ਨੇ ਉੱਚੇ ਸਲੇਟੀ ਪਰਬਤ, ਹਰੇ ਕਚੂਰ ਪੱਤਿਆਂ 'ਚੋਂ ਝਾਕਦੇ ਗੂੜ੍ਹੇ ਸੰਤਰੀ ਬੇਰਾਂ ਦੇ ਗੁੱਛਿਆਂ, ਸੁਮਕ ਰੁੱਖ ਦੇ ਫਰਨ ਜੇਹੇ ਕਿਰਮਚੀ ਪੱਤਿਆਂ ਦੇ ਝੁਰਮਟ ਵਲ ਇਸ਼ਾਰਾ ਕਰਦਿਆਂ ਕਿਹਾ।

"ਕੁਦਰਤ ਵਿਚਲੀ ਵੰਨ-ਸੁਵਨੰਤਾ ਹੀ ਇਹਨੂੰ ਏਨੀ ਦਿਲਕਸ਼ ਬਣਾਉਂਦੀ ਏ।" ਮਲੂਕੇ ਨੇ ਆਪਣੇ ਹੱਥ ਨਾਲ ਉਹਦੇ ਵਾਲ ਸਹਿਲਾਉਂਦਿਆਂ ਆਖਿਆ।

"ਮਲੂਕਿਆ" ਉਸਨੇ ਰੁੱਖ ਦੇ ਤਣੇ ਨਾਲ ਢੋਅ ਲਾਉਣ ਲਈ ਪਾਸਾ ਪਰਤਦਿਆਂ ਆਖਿਆ, "ਤੂੰ ਮੇਰੇ ਬਾਰੇ ਤਾਂ ਕਾਫ਼ੀ ਕੁਝ ਜਾਣ ਗਿਆ ਪਰ ਆਪਣੇ ਬਾਰੇ ਤੂੰ ਕੁਝ ਨਹੀਂ ਦਸਿਆ।"

"ਕੀ ਮੈਂ ਤੈਨੂੰ ਇਵੇਂ ਹੀ ਚੁੰਮਿਆ 'ਜਿਵੇਂ ਕੋਈ ਅਜਨਬੀ ਦੇ ਪਿਆਲੇ ਵਿਚੋਂ ਇਕ ਘੁੱਟ ਪੀ ਲਵੇ'?" ਉਸਨੇ ਲਾਰੈਂਸ ਹੋਮ ਦੀ ਇਕ ਸਤਰ ਦਾ ਹਵਾਲਾ ਦਿੰਦਿਆਂ ਕਿਹਾ। "ਮੇਰੇ ਲਈ ਇਸ ਤਿਲਕਣਹਾਰੀ ਘੜੀ ਦੀ ਖ਼ੁਸ਼ੀ ਹੀ ਕਾਫ਼ੀ ਨਹੀਂ।"

"ਇਹ ਘੜੀ ਤਾਂ ਆਪਣੇ ਆਪ ਵਿਚ ਅਨੰਤ ਸਮੇਂ ਨੂੰ ਸਮੋਈ ਬੈਠੀ ਹੈ। ਮੇਰੀ ਜ਼ਿੰਦਗੀ ਤਾਂ ਇਕ ਆਰਜ਼ੀ ਜੇਹਾ ਹੀ ਵਰਤਾਰਾ ਹੈ।"

"ਫਿਰ ਵੀ ਮੈਨੂੰ ਇਸ ਦਿਲ ਝੰਜੋੜਨ ਵਾਲੇ ਵਰਤਾਰੇ ਵਿਚ ਰਤਾ ਮਾਸਾ

ਝਾਕ ਤਾਂ ਲੈਣ ਦੇ।"

"ਚੰਗਾ", ਮਲੂਕੇ ਨੇ ਕਿਹਾ "ਬੜੀ ਸੰਖੇਪ ਤੇ ਸਾਦਾ ਜੇਹੀ ਕਹਾਣੀ ਹੈ, ਮੇਰੀ।"

"1922 ਵਿਚ ਇਕ ਸੋਲ੍ਹਾਂ ਵਰਿਆਂ ਦਾ ਸਿੱਖ ਮੁੰਡਾ ਕੈਨੇਡੇ ਆਇਆ ਸੀ। ਉਹ ਸਕੂਲੋਂ ਨੱਠਾ ਹੋਇਆ ਸੀ।"

"ਉਹ ਪੰਜਾਬੀ ਮਜ਼ਦੂਰਾਂ ਦੀ ਵੱਡੀ ਸਾਰੀ ਬਸਤੀ ਵਿਚ ਰਿਹਾ, ਵੈਨਕੂਵਰ ਤੇ ਨਿਊ ਵੈਸਟ ਮਨਿਸਟਰ ਦਰਮਿਆਨ ਦਰਿਆ ਫ਼ਰੇਜ਼ਰ ਦੇ ਕੰਢੇ ਬਣੀ ਇਕ ਲੱਕੜ ਮਿੱਲ ਵਿਚ ਉਨ੍ਹਾਂ ਦੇ ਨਾਲ ਹੀ ਕੰਮ ਕੀਤਾ, ਉਹਨੇ।"

"ਉਹਨੂੰ ਦਰਿਆ ਨਾਲ ਇਸ਼ਕ ਸੀ ਤੇ ਆਪਣੇ ਦੇਸ਼ ਵਾਸੀਆਂ ਦਾ ਉਹ ਬੜਾ ਮਦਾਹ ਸੀ।"

ਮਲੂਕਾ ਪਲ ਭਰ ਲਈ ਰੁਕਿਆ। ਇਨ੍ਹਾਂ ਦੋਹਾਂ ਦੀ ਯਾਦ ਨਾਲ ਉਸਦਾ ਦਿਲ ਭਰ ਆਇਆ ਸੀ। ਅੰਨਾ ਨੇ ਉਹਨੂੰ ਆਪਣੇ ਹੋਰ ਨੇੜੇ ਕੀਤਾ। "ਗੱਲ ਜਾਰੀ ਰੱਖ ਮਲੂਕਿਆ।" ਉਹਨੇ ਕੂਲੀ ਆਵਾਜ਼ ਵਿਚ ਇਲਤਜਾ ਕੀਤੀ।

"ਉਹਨੂੰ ਦਰਿਆ ਨਾਲ ਮੁਹੱਬਤ ਸੀ ਕਿਉਂਕਿ ਅਜਨਬੀ ਦੇਸ਼ ਦੇ ਲੋਕਾਂ ਨਾਲੋਂ ਦਰਿਆ ਨਾਲ ਚੋਸਤੀ ਪਾਉਣੀ ਜ਼ਿਆਦਾ ਸਹਿਲ ਸੀ। ਉਹਨੂੰ ਸਮੁੰਦਰ ਵਲ ਇਸਦੇ ਮੋਨ ਬੇਰੋਕ ਬਹਾਓ ਨਾਲ ਮੋਹ ਹੋ ਗਿਆ ਸੀ।"

"ਉਹ ਆਪਣੇ ਦੇਸ਼ ਵਾਸੀਆਂ ਦੇ ਹੌਂਸਲੇ ਸਿਰੜ, ਉਨ੍ਹਾਂ ਦੇ ਮਚਾਹੀਆ ਸੁਭਾਓ ਤੇ ਪਰਦੇਸ ਵਿਚ ਵੱਡੀਆਂ ਔਕੜਾਂ ਦੇ ਸਾਹਮਣੇ ਜ਼ਿੰਦਗੀ ਨਾਲ ਡੂੰਘੇ ਲਗਾਓ ਕਾਰਨ, ਉਹ ਉਹਨਾਂ ਦਾ ਮਦਾਹ ਸੀ।"

ਮਲੂਕਾ ਚੁਪ ਤੇ ਸੋਚਵਾਨ ਹੋ ਗਿਆ ਸੀ। ਉਹ ਝੀਲ ਦੇ ਵਿਸ਼ਾਲ ਫੈਲਾਓ ਨੂੰ ਬੜੀ ਹੀ ਬੇਧਿਆਨੀ ਜੇਹੀ ਨਾਲ ਵੇਖ ਰਿਹਾ ਸੀ। ਢਲੇ ਲੌਂਡੇ ਪਹਿਰ ਦੇ ਸੂਰਜ ਦੀਆਂ ਤਿਰਛੀਆਂ ਕਿਰਨਾਂ ਨੇ ਲਹਿਰਾਂ ਨੂੰ ਸੁਨਹਿਰੀ ਭਾਹ ਚਾੜ੍ਹ ਦਿੱਤੀ ਸੀ।

ਉਹਨੂੰ ਭਾਸਿਆ, ਕਿ ਕੁਦਰਤ ਦੀ ਸ਼ਾਨਾਂ ਮੱਤੀ ਅਜ਼ਮਤ ਵਿਚ ਘਿਰਿਆ, ਆਪਣੇ ਨਿੱਕੇ ਜੇਹੇ ਆਪੇ ਬਾਰੇ ਗੱਲ ਕਰਨੀ ਨਿਰਾ ਅਹਿਮਕਪੁਣਾ ਜੇਹਾ ਹੀ ਸੀ। ਕਿਉਂ ਨਾ ਇਸ ਕਹਾਣੀ ਨੂੰ ਇਕ ਤਿੱਖੀ ਟਿੱਚਰ ਵਾਲਾ ਮੋੜ ਦੇ ਕੇ ਤੁਰੰਤ ਸਮੇਟ ਲਿਆ ਜਾਏ।

"ਤੂੰ ਰੁਕ ਕਿਉਂ ਗਿਆ ਮਲੂਕਿਆ ?" ਅੰਨਾ ਨੇ ਪੁੱਛਿਆ। "ਮੈਂ ਹੋਰ ਜਾਣਨਾ ਚਾਹੁੰਨੀ ਹਾਂ।"

"ਅੱਛਾ" ਉਸਨੇ ਆਪਣੀ ਗੱਲ ਮੁੜ ਛੋਹੀ, "ਇਕ ਖ਼ੂਬਸੂਰਤ ਲੌਂਢੇ ਪਹਿਰ ਇਕ ਜੁਆਨ ਮੁੰਡਾ ਇਕ ਖ਼ੂਬਸੂਰਤ ਮੁਟਿਆਰ ਨੂੰ ਆਪਣੀਆਂ ਬਾਹਾਂ ਵਿਚ ਸਮੇਟੀ, ਦਿਓਦਾਰ ਦੇ ਰੁੱਖ ਹੇਠ ਬੈਠਾ ਸੀ।"

"ਕਿਆ ਬਾਤ ਹੈ !"

"ਉਹ ਇਕ ਦੂਜੇ ਨਾਲ ਮਿੱਠੇ ਮਿੱਠੇ ਚੋਹਲ ਕਰ ਰਹੇ ਸਨ।"

"ਤੇ ਫੇਰ ?"

"ਇਕ ਮਰਿਆ ਹੋਇਆ ਕਾਂ ਦਰੱਖ਼ਤ ਉਪਰੋਂ ਉਨ੍ਹਾਂ ਦੇ ਨੇੜੇ ਆ ਡਿੱਗਾ। ਖੜਾਕੇ ਨਾਲ ਉਹਦੀਆਂ ਅੱਖਾਂ ਖੁੱਲ੍ਹ ਗਈਆਂ। ਸੁਪਨਾ ਮੁੱਕ ਗਿਆ।"

"ਮਲੂਕਿਆ ਤੂੰ ਬੜਾ ਖ਼ਰਾਬ ਏਂ, ਸ਼ਰਾਰਤੀ।" ਅੰਨਾ ਨੇ ਉਹਨੂੰ ਆਪਣੇ ਨੇੜੇ ਧੂੰਕ ਕੇ, ਬੜੇ ਜੋਸ਼ ਨਾਲ ਚੁੰਮਦਿਆਂ, ਉਹਨੂੰ ਆਪਣੀ ਧੜਕਦੀ ਹਿੱਕ ਦੇ ਨਾਲ ਲਾ ਲਿਆ।

"ਤੇਰੀ ਜ਼ਿੰਦਗੀ ਬੜੀ ਮੁਸ਼ਕਲਾਂ ਭਰੀ ਤੇ ਇਕੱਲ-ਖ਼ੋਰੀ ਸੀ।"

"ਹਾਂ, ਪਰ ਇਹ ਮੇਰੀ ਆਪਣੀ ਹੀ ਚੋਣ ਸੀ।"

... ...

ਦੁਪਹਿਰ ਦਾ ਖਾਣਾ ਖਾਣ ਲਈ, ਉਹ ਪੀਟੇ ਦੇ ਰੈਸਤੋਰਾਂ ਵਿਚ ਆਏ। "ਮੇਰੇ ਕੋਲ ਤੁਹਾਡੇ ਲਈ ਲੇਲੇ ਦੀਆਂ ਨਰਮ ਨਰਮ ਚਾਂਪਾਂ ਨੇ", ਪੀਟੇ ਨੇ ਆਖਿਆ, "ਉਹ ਮੈਂ ਤੁਹਾਨੂੰ ਮਲਾਈਦਾਰ ਬ੍ਰੋਕੋਲੀ ਤੇ ਫੇਹੇ ਹੋਏ ਆਲੂਆਂ ਦੇ ਨਾਲ ਪਰੋਸਾਂਗਾ।" ਇਹ ਕਹਿੰਦਿਆਂ, ਉਹਨੇ ਉਨ੍ਹਾਂ ਨੂੰ 'ਆਪਣੇ' ਬੂਥ ਵਲ ਜਾਣ ਦਾ ਇਸ਼ਾਰਾ ਕੀਤਾ।

"ਜਜ਼ੀਰੇ ਦੀ ਸੈਰ ਕਿਵੇਂ ਰਹੀ ?" ਉਹਨੇ ਪੁੱਛਿਆ।

"ਤੁਹਾਨੂੰ ਪਤੈ ਮਾਈਕਲ ਗੋਲਡ ਨੇ ਆਪਣੀ ਕਿਤਾਬ "ਨਿਰਧਨ ਯਹੂਦੀ" ਇਸੇ ਟਾਪੂ ਤੇ ਲਿਖੀ ਸੀ।"

"ਕੋਈ ਅਲੋਕਾਰ ਗੱਲ ਨਹੀਂ", ਮਲੂਕੇ ਨੇ ਆਖਿਆ, "ਅੱਜ ਕੱਲ ਲੱਖਾਂ ਯਹੂਦੀ ਤੇ ਜੈਂਟਾਈਲ ਨਿਰਧਨ ਨੇ।"

"ਮੈਨੂੰ ਪਤੈ ਪਰ ਕਈ ਲੋਕਾਂ ਦਾ ਵਿਚਾਰ ਹੈ ਕਿ ਯਹੂਦੀ ਅਮੀਰ ਹੀ ਹੁੰਦੇ ਨੇ", ਪੀਟੇ ਨੇ ਕਿਹਾ, "ਅਤੇ ਆਪਣੇ ਕੋਲ ਦੇ ਸੋਨੇ ਦੇ ਬਲ ਨਾਲ ਉਹ ਪ੍ਰੈਸ, ਰੇਡੀਓ, ਵਣਜ-ਵਪਾਰ ਤੇ ਬੈਂਕਾਂ ਉੱਪਰ ਗਲਬਾ ਪਾਈ ਬੈਠੇ ਨੇ। ਸਾਮੀ-ਵਿਰੋਧੀ ਇਹੋ ਜਿਹੀਆਂ ਗੱਲਾਂ ਹੀ ਤਾਂ ਕਰਦੇ ਨੇ।"

"ਕਿਤਾਬ ਚੰਗੀ ਹੈ ਇਹ", ਮਲੂਕੇ ਨੇ ਆਖਿਆ, "ਸਾਦਾ ਜਿਹੀ ਕਹਾਣੀ, ਬੜੀ ਸੋਹਣੀ ਤਰ੍ਹਾਂ ਲਿਖੀ ਹੋਈ ਹੈ। ਪਰ ਇਹਦੇ ਨਾਲ ਸਾਮੀ-ਵਿਰੋਧ ਨੂੰ ਕੋਈ ਠੱਲ੍ਹ ਨਹੀਂ ਜੇ ਪੈਣ ਲੱਗੀ।"

"ਇਹ ਤਾਂ ਸਿਰਫ਼ ਤਾਂ ਹੀ ਸਮਾਪਤ ਹੋਵੇਗਾ, ਜਦ ਅਸੀਂ ਜਮਾਤ-ਰਹਿਤ ਸਮਾਜ ਕਾਇਮ ਕਰ ਲਿਆ।" ਪੀਟੇ ਨੇ ਪੱਕੇ ਭਰੋਸੇ ਨਾਲ ਕਿਹਾ। "ਜਦੋਂ ਹਰ ਦੇਸ਼ ਵਿਚ ਆਰਥਿਕ ਨਿਆਂ ਤੇ ਵੱਖ ਵੱਖ ਦੇਸ਼ਾਂ ਵਿਚਕਾਰ ਰਾਜਨੀਤਕ ਨਿਆਂ ਕਾਇਮ ਹੋ ਗਿਆ ਤਾਂ ਨਸਲ, ਧਰਮ ਤੇ ਰੰਗ ਦੇ ਵਿਤਕਰੇ ਮੁੱਕ ਜਾਣਗੇ।"

"ਬੜਾ ਲੰਮਾ ਸਮਾਂ ਲੱਗੇਗਾ ਇਸ ਸਭ ਕਾਸੇ ਨੂੰ।" ਮਲੂਕੇ ਨੇ ਆਖਿਆ।

ਅੰਨਾ ਉਦਾਸ ਨਜ਼ਰ ਆ ਰਹੀ ਸੀ, ਉਸਨੇ ਹਉਕਾ ਭਰਿਆ। "ਹਿੰਦੁਸਤਾਨ ਵਿਚ ਵੀ ਕੋਈ ਸਾਮੀ-ਵਿਰੋਧ ਹੈ ਵੇ?" ਉਸਨੇ ਪੁੱਛਿਆ।

"ਜਿੱਥੇ ਯਹੂਦੀ ਹੈ ਹੀ ਨਹੀਂ, ਉੱਥੇ ਸਾਮੀ-ਵਿਰੋਧ ਕੀ ਹੋਣਾ ਹੋਇਆ।" ਮਲੂਕੇ ਨੇ ਜੁਆਬ ਦਿੱਤਾ, "ਪੰਜਾਬ ਵਿਚ ਤਾਂ ਮੈਂ ਕਦੇ ਕੋਈ ਯਹੂਦੀ ਵੇਖਿਆ ਹੀ ਨਹੀਂ।"

"ਸੱਚੀ ਗੱਲ ਤਾਂ ਇਹ ਵੇ ਕਿ ਜਦ ਮੈਂ ਕੈਨੇਡਾ ਆਇਆ ਸੀ, ਮੈਨੂੰ ਤਾਂ ਯਹੂਦੀਆਂ ਤੇ ਗੋਰਿਆਂ ਦੀ ਦਿੱਖ ਵਿਚ ਕੋਈ ਫ਼ਰਕ ਹੀ ਨਹੀਂ ਸੀ ਲੱਗਦਾ ਹੁੰਦਾ।"

"ਮੈਨੂੰ ਯਕੀਨ ਹੈ ਕਿ ਹੁਣ ਤੇਨੂੰ ਫ਼ਰਕ ਜ਼ਰੂਰ ਲੱਗਦਾ ਹੋਊ।"

"ਹਾਂ, ਹੁਣ ਤਾਂ ਕਈ ਲੋਕ ਮੈਨੂੰ—ਬਦਾਮੀ ਚਿਹਰੇ, ਕਾਲੇ ਵਾਲਾਂ ਤੇ ਲੰਮੇ ਨੱਕ ਵਾਲੇ ਨੂੰ ਹੀ—ਯਹੂਦੀ ਸਮਝ ਲੈਂਦੇ ਨੇ!"

"ਮੈਨੂੰ ਇਸ ਗੱਲ ਦੀ ਬੜੀ ਹੈਰਾਨੀ ਏ ਕਿ ਹਿੰਦੁਸਤਾਨ ਵਿਚ ਕੋਈ ਯਹੂਦੀ ਹੈ ਹੀ ਨਹੀਂ!"

"ਦੱਖਣੀ ਭਾਰਤ ਵਿਚ ਥੋੜ੍ਹੇ ਜਿਹੇ ਹੈਨ? ਕੋਚੀਨ ਵਿਚ 'ਗੋਰੇ ਯਹੂਦੀਆਂ' ਦੀ ਇਕ ਛੋਟੀ ਜਿਹੀ ਬਸਤੀ ਹੈ, ਜੋ ਯੂਰਪ ਵਿਚ ਸਤਾਏ ਗਏ ਹੋਣ ਮਗਰੋਂ ਏਥੇ

ਆ ਗਏ ਸਨ ਤੇ ਇਸ ਰਿਆਸਤ ਦੇ ਰਾਜੇ ਨੇ ਉਹਨਾਂ ਨੂੰ ਸ਼ਰਨ ਦੇ ਦਿੱਤੀ ਸੀ। ਕੁਝ ਬੇਕੀ ਇਜ਼ਰਾਈਲ ਨਾਮੀ ਯਹੂਦੀ ਵੀ ਹੈਨ। ਬਹੁਤੇ ਬੰਬਈ ਵਿਚ ਈ ਨੇ। ਉਹ ਸਥਾਨਕ ਲੋਕਾਂ ਵਿਚ ਹੀ ਰਲੇ ਮਿਲੇ ਹੋਏ ਜਾਪਦੇ ਨੇ।"

... ...

ਟਰੇਡ ਯੂਨੀਅਨ ਲਹਿਰ ਵਿਚ ਕੰਮ ਕਰਨ ਦੀ ਮਨਸ਼ਾ ਨਾਲ, ਮਲੂਕਾ ਸੇਂਟ ਜਾਰਜ ਸਟ੍ਰੀਟ ਤੇ ਕੈਨੇਡਾ ਦੇ ਕਾਮਿਆਂ ਦੀ ਵਿਦਿਅਕ ਸਭਾ—'ਡਬਲਯੂ. ਈ. ਏ.' ਦੇ ਸਕੱਤਰ ਡ੍ਰਮੰਡ ਰੈੱਨ ਨੂੰ ਮਿਲਣ ਗਿਆ ਸੀ।

ਰੈੱਨ ਇਕ ਮੱਧਰਾ ਜਿਹਾ, ਦੇਹ ਦਾ ਰਤਾ ਭਾਰਾ, ਖ਼ੁਸ਼ਗਵਾਰ ਤੇ ਚੁਸਤ ਦਿੱਖ ਵਾਲਾ ਬੰਦਾ ਸੀ, ਜੋ ਕਾਮਿਆਂ ਦੇ ਕਲਿਆਣ ਹਿਤ ਆਪਣੀ ਸਮਰਪਣ ਭਾਵਨਾ ਲਈ ਪ੍ਰਸਿੱਧ ਸੀ। ਉਹਦੀ ਰਸਮੀ ਵਿਦਿਆ ਤਾਂ ਭਾਵੇਂ ਬਹੁਤੀ ਨਹੀਂ ਸੀ ਪਰ ਲੰਮੇ ਤਜਰਬੇ ਕਾਰਨ ਕੈਨੇਡਾ ਦੇ ਮਜ਼ਦੂਰਾਂ ਦੀਆਂ ਸਮੱਸਿਆਵਾਂ ਬਾਰੇ ਉਹਦੀ ਜਾਣਕਾਰੀ ਬੜੀ ਪ੍ਰਭਾਵਸ਼ਾਲੀ ਸੀ। ਉਹ ਬੜੀ ਮਜ਼ੇਦਾਰ, ਸਕਾਟਿਸ਼ ਲਹਿਜ਼ੇ ਵਾਲੀ ਅੰਗਰੇਜ਼ੀ ਬੋਲਦਾ ਸੀ। ਸਟੀਲ ਦੇ ਫ਼ਰੇਮ ਵਾਲੀਆਂ ਐਨਕਾਂ ਪਿੱਛੇ, ਉਹਦੀ ਇਕ ਅੱਖ ਰਤਾ ਕੁ ਟੀਰ ਮਾਰਦੀ ਸੀ।

ਮਲੂਕੇ ਨੇ ਉਸ ਅੱਗੇ ਮਜ਼ਦੂਰ ਲਹਿਰ ਵਿਚ ਕੰਮ ਕਰਨ ਦੀ ਆਪਣੀ ਖ਼ਾਹਿਸ਼ ਜ਼ਾਹਿਰ ਕੀਤੀ।

"ਅੱਜ ਕੱਲ ਟਰੇਡ ਯੂਨੀਅਨ ਲਹਿਰ ਵਿਚ ਬੜਾ ਕੰਮ ਕਰਨ ਵਾਲਾ ਹੈ।" ਰੈੱਨ ਨੇ ਜ਼ੋਰ ਦੇ ਕੇ ਕਿਹਾ, "ਤੇਰੀਆਂ ਸੇਵਾਵਾਂ ਬੜੀਆਂ ਹੀ ਸਲਾਹੀਆਂ ਜਾਣਗੀਆਂ ਇਸ ਪਿੜ ਵਿਚ।"

"ਤੈਨੂੰ ਪਤਾ ਹੀ ਹੈ ਕਿ 1935 ਤੋਂ ਬਾਅਦ ਉਦਯੋਗਕ ਤਰੱਕੀ ਨੇ ਆਪਣੀ ਰਫ਼ਤਾਰ ਫੜ ਲਈ ਹੈ।" ਉਸ ਨੇ ਆਪਣੀ ਗੱਲ ਦੀ ਵਿਆਖਿਆ ਕੀਤੀ, "ਪੈਦਾਵਾਰ ਤੇ ਮੁਨਾਫ਼ਿਆਂ ਵਿਚ ਵਾਧਾ ਹੋ ਰਿਹਾ ਹੈ। ਇਹੀ ਹਾਲ ਕੀਮਤਾਂ ਦਾ ਹੈ, ਪਰ ਉਜਰਤਾਂ ਹਾਲੇ ਵੀ ਮੰਦਵਾੜੇ ਵਾਲੀ ਪੱਧਰ 'ਤੇ ਹੀ ਜੰਮੀਆਂ ਖਲੋਤੀਆਂ ਨੇ।"

"ਵਧੇ ਹੋਏ ਮੁਨਾਫ਼ੇ ਵਿੱਚੋਂ ਆਪਣਾ ਹੱਕੀ ਹਿੱਸਾ ਲੈਣ ਲਈ ਮਜ਼ਦੂਰਾਂ ਨੂੰ ਹਰ ਹੀਲੇ ਮਜ਼ਬੂਤ ਤੇ ਗਤੀਸ਼ੀਲ ਯੂਨੀਅਨਾਂ ਵਿਚ ਜਥੇਬੰਦ ਹੋਣਾ ਪਵੇਗਾ।" ਉਸ ਨੇ ਆਪਣਾ ਤਰਕ ਪੇਸ਼ ਕੀਤਾ।

"ਹਾਂ, ਇਹ ਤਾਂ ਸਪੱਸ਼ਟ ਹੀ ਹੈ।" ਮਲੂਕੇ ਨੇ ਕਿਹਾ।

"ਜਥੇਬੰਦ ਹੋਣ ਲਈ ਇਹ ਬੜਾ ਢੁੱਕਵਾਂ ਵੇਲਾ ਹੈ।" ਰੈੱਨ ਨੇ ਆਖਿਆ, "ਮਜ਼ਦੂਰ ਜਥੇਬੰਦੀਆਂ ਦੀ ਲੋੜ ਮਹਿਸੂਸ ਕਰਦੇ ਨੇ। ਮਾਲਕ ਵੀ ਹੜਤਾਲਾਂ ਨੂੰ ਟਾਲਣ ਲਈ ਮਜ਼ਦੂਰਾਂ ਦੀਆਂ ਮੰਗਾਂ ਮੰਨਣ ਲਈ ਮਜਬੂਰ ਹੋਣਗੇ, ਪਰ ਸਾਡੇ ਕੋਲ ਲੋੜੀਂਦੀ ਸਿਖਲਾਈ ਵਾਲੇ ਟਰੇਡ ਯੂਨੀਅਨ ਆਗੂਆਂ ਦੀ ਬੜੀ ਘਾਟ ਹੈ।"

ਤੀਹਵਿਆਂ ਦਾ ਦਹਾਕਾ ਕੈਨੇਡਾ ਤੇ ਅਮਰੀਕਾ ਦੋਹਾਂ ਦੇਸ਼ਾਂ ਅੰਦਰ ਹੀ ਟਰੇਡ ਯੂਨੀਅਨ ਲਹਿਰ ਲਈ ਬੜੀ ਉੱਥਲ ਪੁੱਥਲ ਦਾ ਸਮਾਂ ਸੀ। ਪੇਸ਼ਾ-ਕੇਂਦਰਿਤ ਯੂਨੀਅਨਾਂ ਨੇ ਪਹਿਲਾਂ ਅੰਤਰ-ਰਾਸ਼ਟਰੀ ਸਿਗਾਰ ਕਾਮਿਆਂ ਦੀ ਯੂਨੀਅਨ ਦੇ ਪ੍ਰਧਾਨ ਸੈਮੂਅਲ ਗੋਂਪਰਜ਼ ਤੇ ਫੇਰ ਅਮਰੀਕੀ ਕਿਰਤ ਸੰਘ (ਏ. ਐਫ. ਐਲ.) ਦੇ ਪ੍ਰਧਾਨ ਵਿਲੀਅਮ ਗਰੀਨ ਦੀ ਪ੍ਰਧਾਨਗੀ ਦੇ ਦੌਰ ਵਿਚ ਅਮਰੀਕਾ ਵਿਚ ਬੜੀ ਤਰੱਕੀ ਕੀਤੀ ਸੀ। ਸੈਮੀ-ਚਾਲਕ ਗੱਡੀਆਂ, ਫ਼ੌਲਾਦ ਤੇ ਸਨਅਤ ਵਿਚ ਆਧੁਨਿਕ ਤਕਨੀਕ ਦੀ ਵੱਧ ਰਹੀ ਵਿਸ਼ੇਸ਼ ਵਰਤੋਂ ਦੇ ਫਲਸਰੂਪ ਮਜ਼ਦੂਰਾਂ ਨੂੰ ਹੁਣ ਬਹੁਤੀ ਲੰਮੀ ਸ਼ਾਗਿਰਦੀ ਸਿਖਲਾਈ ਦੀ ਜ਼ਰੂਰਤ ਨਹੀਂ ਸੀ ਰਹੀ। ਸਿੱਟੇ ਵਜੋਂ ਸਨਅਤੀ ਮਜ਼ਦੂਰਾਂ ਦੇ ਸੰਗਠਿਤ ਹੋਣ ਦੀ ਲੋੜ ਹੋਰ ਵੀ ਵਧੇਰੇ ਤਿੱਖੀ ਹੋ ਗਈ ਸੀ। 1935 ਵਿਚ ਖਾਣ-ਮਜ਼ਦੂਰ ਸੰਘ ਦੇ ਪ੍ਰਧਾਨ ਜਾਹਨ ਐਲ. ਲੂਈਸ ਦੀ ਰਹਿਨੁਮਾਈ ਹੇਠ ਏ. ਐਫ. ਐਲ. ਯੂਨੀਅਨਾਂ ਨੇ ਸਨਅਤੀ ਯੂਨੀਅਨਾਂ (ਸੀ. ਆਈ. ਓ.) ਦੀ ਸਾਂਝੀ ਕਮੇਟੀ ਕਾਇਮ ਕੀਤੀ ਸੀ। 1937 ਵਿਚ ਏ. ਐਫ. ਐਲ. ਨੇ ਸੀ. ਆਈ. ਓ. ਦੇ ਚਾਰਟਰਾਂ ਨੂੰ ਭੰਗ ਕਰਕੇ ਸਨਅਤੀ ਯੂਨੀਅਨ ਦੀ ਕਾਂਗਰਸ (ਸੀ. ਆਈ. ਓ.) ਦੀ ਸਿਰਜਣਾ ਕੀਤੀ ਸੀ।

ਕੈਨੇਡਾ ਵਿਚ ਵੀ ਇਸ ਦੇ ਅਨੁਰੂਪ ਨਵੀਆਂ ਤਬਦੀਲੀਆਂ ਤੇ ਟੱਕਰਾਂ ਦਾ ਮਾਹੌਲ ਪੈਦਾ ਹੋ ਗਿਆ ਸੀ। ਪੇਸ਼ਿਆਂ ਤੇ ਕਿਰਤ ਕਾਂਗਰਸ (ਟੀ. ਐਲ. ਸੀ.) ਨੇ 1939 ਵਿਚ ਸੀ. ਆਈ. ਓ. ਯੂਨੀਅਨਾਂ ਦੀਆਂ ਕੈਨੇਡੀਅਨ ਸ਼ਾਖ਼ਾਂ ਨੂੰ ਆਪਣੇ ਵਿੱਚੋਂ ਬੇਦਖ਼ਲ ਕਰ ਦਿੱਤਾ ਸੀ ਤੇ ਇਹ ਸਭ ਕਿਰਤ ਦੀ ਕੁੱਲ-ਕੈਨੇਡੀਅਨ ਕਾਂਗਰਸ ਵਿਚ ਸ਼ਾਮਿਲ ਹੋ ਗਈਆਂ ਸਨ।

ਇਹਨਾਂ ਸਭਨਾਂ ਘੋਲਾਂ ਤੇ ਟੱਕਰਾਂ ਦਾ ਅਨੁਭਵੀ ਘੁਲਾਟੀਆ ਡਰਮੰਡ ਰੈੱਨ ਬਹੁਤ ਗੰਭੀਰ ਮੁਦਰਾ ਵਿਚ ਸੀ। ਉਸ ਨੇ ਮਲੂਕੇ ਵਲ ਮਨਮੋਹਕ ਮੁਸਕ੍ਰਾਹਟ ਦਾ

ਤਰੋਂਕਾ ਚਿੰਦਿਆਂ ਪੁੱਛਿਆ ਸੀ, "ਮਲੂਕਿਆ, ਤੂੰ ਸਾਡੇ ਲਈ ਕੋਈ ਥੋੜ੍ਹੇ ਸਮੇਂ ਵਾਲੇ ਟਰੇਡ ਯੂਨੀਅਨ ਅਗਵਾਈ ਹਿਤ ਸਿਖਲਾਈ ਕੋਰਸਾਂ ਦੀ ਰੂਪ ਰੇਖਾ ਤਿਆਰ ਕਰ ਸਕੇਂਗਾ ?"

"ਬੜੀ ਖ਼ੁਸ਼ੀ ਨਾਲ।"

"ਮੰਦੇ ਭਾਗੀਂ ਅਸੀਂ ਇਸ ਕੰਮ ਲਈ ਤੈਨੂੰ ਕੋਈ ਮਿਹਨਤਾਨਾ ਨਹੀਂ ਦੇ ਸਕਾਂਗੇ। ਪਰ ਅਸੀਂ ਤੈਨੂੰ ਆਪਣੀ ਫ਼ਿਲਾਸਫ਼ੀ ਤੇ ਮਨੋਵਿਗਿਆਨ ਦੀਆਂ ਜਮਾਤਾਂ ਦੇ ਅਧਿਆਪਕ ਦੀ ਨੌਕਰੀ ਜ਼ਰੂਰ ਦੇ ਸਕਦੇ ਹਾਂ। ਇਹ ਜਮਾਤਾਂ ਟਰਾਂਟੋ ਯੂਨੀਵਰਸਿਟੀ ਦੇ ਪਸਾਰ ਸਿੱਖਿਆ ਵਿਭਾਗ ਦੀ ਦੇਖ-ਰੇਖ ਹੇਠ ਪੜ੍ਹਾਈਆਂ ਜਾ ਰਹੀਆਂ ਨੇ।"

"ਇਹ ਪ੍ਰਬੰਧ ਮੇਰੇ ਲਈ ਬੜਾ ਵਧੀਆਂ ਰਹੇਗਾ।"

ਮਲੂਕੇ ਨੇ ਇਕ ਸੰਖੇਪ ਪਰ ਬਹੁਪੱਖੀ ਕੋਰਸ ਦੀ ਰੂਪ-ਰੇਖਾ ਤਿਆਰ ਕੀਤੀ। ਇਸ ਵਿਚ ਟਰੇਡ ਯੂਨੀਅਨ ਲਹਿਰ ਦੇ ਸੰਖੇਪ ਇਤਿਹਾਸ, ਟਰੇਡ ਯੂਨੀਅਨ ਦੇ ਕਾਰਜ, ਮਜ਼ਦੂਰਾਂ ਨੂੰ ਜਥੇਬੰਦ ਕਰਨ ਦੇ ਢੰਗ, ਜਨਤਕ ਭਾਸ਼ਣ ਕਲਾ ਤੇ ਮੀਟਿੰਗਾਂ ਦੇ ਸੰਚਾਲਨ ਦੇ ਮੁੱਦੇ ਸ਼ਾਮਿਲ ਸਨ।

ਉਹਨੇ ਸ਼ਾਮ ਵੇਲੇ ਟਰਾਂਟੋ ਯੂਨੀਵਰਸਿਟੀ ਦੇ ਅਰਥ-ਵਿਗਿਆਨ ਵਿਭਾਗ ਦੀ ਇਮਾਰਤ ਵਿਚ ਫ਼ਿਲਾਸਫ਼ੀ ਤੇ ਮਨੋਵਿਗਿਆਨ ਦੀਆਂ ਜਮਾਤਾਂ ਵੀ ਪੜ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਇਹ ਜਮਾਤਾਂ ਬੜੀਆਂ ਮਕਬੂਲ ਹੋਈਆਂ ਸਨ। ਮਲੂਕੇ ਨੂੰ ਹੈਮਿਲਟਨ, ਪੀਟਰਬਰੋ ਤੇ ਕਿਚਨਰ ਵਿਚ ਵੀ ਇਹੋ ਜਿਹੀਆਂ ਜਮਾਤਾਂ ਚਾਲੂ ਕਰਨ ਲਈ ਆਖਿਆ ਗਿਆ ਸੀ।

ਮਲੂਕੇ ਦੁਆਰਾ ਤਿਆਰ ਕੀਤੇ ਟਰੇਡ ਯੂਨੀਅਨ ਅਗਵਾਈ ਸਿਖਲਾਈ ਕੋਰਸ ਨੂੰ ਡਬਲਯੂ. ਏ. ਈ. ਦੀ ਕਾਰਜਕਾਰਨੀ ਕਮੇਟੀ ਵਲੋਂ ਮਨਜ਼ੂਰੀ ਮਿਲ ਗਈ ਸੀ ਅਤੇ ਉਸ ਨੇ ਹਫ਼ਤੇ ਦੇ ਅਖ਼ੀਰੀ ਦਿਨਾਂ ਦੌਰਾਨ ਓਸ਼ਵਾ, ਵਿੰਡਸਰ ਤੇ ਸੇਂਟ ਕੈਥਰੀਨ ਵਿਖੇ ਅਮਰੀਕਾ ਦੀ ਸੰਗਠਿਤ ਮੋਟਰ ਮਜ਼ਦੂਰ ਯੂਨੀਅਨ (ਯੂ. ਏ. ਡਬਲਯੂ. ਏ., ਸੀ. ਆਈ. ਓ.) ਅਤੇ ਕਿਚਨਰ ਵਿਖੇ ਅੰਤਰ-ਰਾਸ਼ਟਰੀ ਮਜ਼ਦੂਰ ਯੂਨੀਅਨ (ਸੀ. ਆਈ. ਓ.) ਦੀਆਂ ਜਮਾਤਾਂ ਪੜ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ।

ਯੂਨੀਅਨ ਦੇ ਅਧਿਕਾਰੀ, ਸਿਖਿਆਰਥੀਆਂ ਦੀ ਲਿਆਕਤ ਤੇ ਉਤਸ਼ਾਹ ਨੂੰ ਮੱਦੇ-ਨਜ਼ਰ ਰੱਖ ਕੇ ਇਹਨਾਂ ਜਮਾਤਾਂ ਵਿਚ ਭਾਗ ਲੈਣ ਵਾਲੇ ਮਜ਼ਦੂਰਾਂ ਦੀ ਚੋਣ

ਕਰਿਆ ਕਰਦੇ ਸਨ। ਉਹਨਾਂ ਵਿਚ ਸਿਖਲਾਈ ਪ੍ਰਾਪਤ ਕਰਨ ਲਈ ਬੜਾ ਹੀ ਉਤਸ਼ਾਹ ਹੁੰਦਾ ਸੀ ਕਿਉਂਕਿ ਉਹਨਾਂ ਨੇ ਆਪਣੀ ਸਿੱਖਿਆ ਤੇ ਗਿਆਨ ਦੀ ਆਪੋ ਆਪਣੇ ਕੇਂਦਰਾਂ 'ਚ ਤੁਰਤ ਅਮਲੀ ਵਰਤੋਂ ਕਰਨੀ ਹੁੰਦੀ ਸੀ। ਉਹਨਾਂ ਦੀ ਸਫਲਤਾ ਸੱਚ ਮੁੱਚ ਹੀ ਬੜੀ ਹੈਰਾਨੀਜਨਕ ਹੋਇਆ ਕਰਦੀ ਸੀ। ਮਲੂਕੇ ਦੁਆਰਾ ਵੱਖ ਵੱਖ ਯੂਨੀਅਨਾਂ ਲਈ ਮੈਂਬਰਾਂ ਦੀ ਭਰਤੀ ਮੁਹਿੰਮ ਇਹਨਾਂ ਕੋਰਸਾਂ ਦਾ ਅਟੁੱਟ ਹਿੱਸਾ ਹੁੰਦੀ ਸੀ। ਇਸ ਲਈ ਉਸ ਨੂੰ ਸੰਗਠਿਤ ਤੇ ਅਸੰਗਠਿਤ ਮਜ਼ਦੂਰਾਂ ਦੀਆਂ ਰੈਲੀਆਂ ਵਿਚ ਗਾਹੇ ਬਗਾਹੇ ਤਕਰੀਰਾਂ ਵੀ ਕਰਨੀਆਂ ਪੈਂਦੀਆਂ ਸਨ।

1935 ਤੋਂ ਬਾਅਦ ਕੈਨੇਡਾ ਵਿਚ ਟਰੇਡ ਯੂਨੀਅਨ ਲਹਿਰ ਨੇ ਤੇਜ਼ ਧਾਰ ਤਰੱਕੀ ਕੀਤੀ ਸੀ। ਇਸ ਅਮਲ ਨੂੰ ਅਮਰੀਕਾ ਵਿਚ ਪਾਸ ਹੋਏ ਵੈਗਨਰ ਐਕਟ ਨੇ ਵੀ ਬਹੁਤ ਉਤਸ਼ਾਹਿਤ ਕੀਤਾ ਸੀ। ਇਸ ਐਕਟ ਅਨੁਸਾਰ ਮਜ਼ਦੂਰਾਂ ਨੂੰ ਟਰੇਡ ਯੂਨੀਅਨਾਂ ਵਿਚ ਸ਼ਾਮਿਲ ਹੋ ਕੇ ਆਪਣੀਆਂ ਉਜਰਤਾਂ ਨੀਅਤ ਕਰਵਾਉਣ ਲਈ ਸਾਂਝੀ ਸੌਦੇਬਾਜ਼ੀ ਕਰਨ ਦਾ ਹੱਕ ਹਾਸਿਲ ਹੋ ਗਿਆ ਸੀ।

ਅਪ੍ਰੈਲ 1937 ਵਿਚ ਔਸ਼ਵਾ ਵਿਚ ਮਜ਼ਦੂਰ ਸੰਗਠਨ ਲਹਿਰ ਲਈ ਇਕ ਸੰਕਟ ਪੈਦਾ ਹੋ ਗਿਆ ਸੀ। ਇੱਥੋਂ ਦੇ ਜਨਰਲ ਮੋਟਰ ਮਜ਼ਦੂਰਾਂ ਨੇ ਹੜਤਾਲ ਕੀਤੀ ਹੋਈ ਸੀ। ਉਹਨਾਂ ਦੀਆਂ ਮੰਗਾਂ ਇਹ ਸਨ : ਹਫ਼ਤੇ ਵਿਚ 40 ਘੰਟਿਆਂ ਦਾ ਕੰਮ-ਸਮਾਂ, ਵਾਫਰ ਸਮੇਂ ਲਈ ਡਿਓਢੀ ਉਜਰਤ, ਉਹਨਾਂ ਦੇ ਖਾਤਾ-ਆਗੂਆਂ ਦੀ ਬਾਹੈਸੀਅਤ ਪ੍ਰਵਾਨਗੀ ਅਤੇ ਯੂ. ਏ. ਡਬਲਯੂ. ਏ. (ਸੀ. ਆਈ. ਓ.) ਦੀ ਉਹਨਾਂ ਦੀ ਬਤੌਰ ਯੂਨੀਅਨ ਮਨਜ਼ੂਰੀ।

ਆਨਟਾਰੀਓ ਦੇ ਪ੍ਰਧਾਨ ਮੰਤਰੀ, ਮਿਚਲ ਹੈਪਬਰਨ ਨੇ ਇਸ ਹੜਤਾਲ ਨੂੰ ਤੋੜਨ ਲਈ ਆਪਣਾ ਪੂਰਾ ਟਿੱਲ ਲਾਇਆ ਹੋਇਆ ਸੀ। ਉਹਨੇ ਸੀ. ਆਈ. ਓ. ਉੱਤੇ ਕਮਿਊਨਿਸਟ ਹੋਣ ਦਾ ਠੱਪਾ ਲਾ ਕੇ ਇਸ ਹੜਤਾਲ ਨੂੰ ਤੋੜਨ ਲਈ ਸੂਬਾਈ ਪੁਲਸ ਦੇ ਵਿਸ਼ੇਸ਼ ਦਸਤੇ ਭੇਜੇ ਸਨ, ਜਿਨ੍ਹਾਂ ਦੀ ਹਮਾਇਤ ਲਈ ਸ਼ਾਹੀ ਕੈਨੇਡੀਅਨ ਘੋੜ ਸਵਾਰ ਪੁਲਸ ਦੀ ਕੁਮਕ ਤਾਇਨਾਤ ਕਰ ਦਿੱਤੀ ਸੀ। ਪਰੰਤੂ ਦੇਸ਼ ਭਰ ਦੀਆਂ ਯੂਨੀਅਨਾਂ ਨੇ ਇਸ ਹੜਤਾਲ ਦੀ ਵਿਆਪਕ ਪੱਧਰ 'ਤੇ ਹਮਾਇਤ ਕੀਤੀ ਸੀ। ਅੰਤ ਵਿਚ ਹੋਏ ਫ਼ੈਸਲੇ ਅਨੁਸਾਰ 44 ਘੰਟਿਆਂ ਦਾ ਕੰਮ-ਹਫ਼ਤਾ, ਉਜਰਤ ਵਿਚ ਵਾਧੇ ਤੇ ਖਾਤਾ ਆਗੂਆਂ ਦੀ ਹੈਸੀਅਤ ਦੀ ਪ੍ਰਵਾਨਗੀ ਦੀਆਂ ਮੰਗਾਂ ਮੰਨੇ ਜਾਣ ਤੋਂ ਬਿਨਾਂ

ਹੜਤਾਲੀ ਮਜ਼ਦੂਰਾਂ ਦੇ ਵਿਰੁਧ ਕੋਈ ਵੀ ਵਿਤਕਰਾ ਨਾ ਕੀਤੇ ਜਾਣ ਦਾ ਭਰੋਸਾ ਵੀ ਦੁਆਇਆ ਗਿਆ ਸੀ।

... ... — ...

ਇਕ ਦਿਨ ਮਲੂਕੇ ਨੂੰ ਵੈਨਕੂਵਰ ਤੋਂ ਉਹਦੇ ਪੁਰਾਣੇ ਦੋਸਤ ਨੱਥਾ ਸਿੰਘ ਦੀ ਚਿੱਠੀ ਮਿਲੀ। ਉਹਨੂੰ ਚਿੱਠੀ ਮਿਲਣ ਦੀ ਖ਼ੁਸ਼ੀ ਤੇ ਹੈਰਾਨੀ ਦੇ ਨਾਲ ਆਤਮ-ਸ਼ਰਮਿੰਦਗੀ ਜਿਹੀ ਦਾ ਵੀ ਇਹਸਾਸ ਹੋਇਆ ਕਿਉਂਕਿ ਉਸ ਨੇ 1930 ਵਿਚ ਵੈਨਕੂਵਰ ਤੋਂ ਆਉਣ ਮਗਰੋਂ ਉਹਨੂੰ ਇਕ ਵੀ ਚਿੱਠੀ-ਸਾਂਰਖੀ ਨਹੀਂ ਸੀ ਲਿਖੀ। ਨੱਥਾ ਸਿੰਘ ਦਾ ਖ਼ਤ ਇਹ ਸੀ :

ਗੁਰਦੁਆਰਾ ਵੈਨਕੂਵਰ,
20 ਜੂਨ, 1938।

ਪਿਆਰੇ ਮਲੂਕਿਆ,

ਬੜੇ ਚਿਰ ਤੋਂ ਤੇਰੀ ਕੋਈ ਉੱਘ ਸੁੱਘ ਨਹੀਂ ਮਿਲੀ। ਇਹ ਮੰਨਣ ਨੂੰ ਅਸਲੋਂ ਹੀ ਚਿੱਤ ਨਹੀਂ ਕਰਦਾ ਕਿ ਤੂੰ ਸਾਨੂੰ ਮੂਲੋਂ ਹੀ ਵਿਸਾਰ ਛੱਡਿਆ ਹੋਏਗਾ ਜਦਕਿ ਸਾਡੇ ਦਿਲਾਂ ਵਿਚ ਤੇਰੇ ਨਾਲ ਪਹਿਲੋਂ ਜੇਹਾ ਹੀ ਮੋਹ, ਮਾਣ ਤੇ ਹੰਮਾ ਬਰਕਰਾਰ ਹੈ। ਮੈਨੂੰ ਸੋਲ੍ਹਾਂ ਵਰ੍ਹੇ ਪਹਿਲਾਂ ਵਾਲਾ ਉਹ ਵੇਲਾ ਨਹੀਂ ਭੁੱਲਦਾ ਜਦੋਂ ਤੂੰ ਸਾਡੇ ਨਾਲ ਫ਼ਰੇਜ਼ਰ ਦਰਿਆ ਕਿਨਾਰੇ ਡੋਮੀਨੀਅਨ ਲੱਕੜ ਮਿੱਲ ਵਿਚ ਕੰਮ ਕਰਦਾ ਹੁੰਦਾ ਸੈਂ। ਤੂੰ ਅਖ਼ਬਾਰਾਂ ਪੜ੍ਹ ਕੇ, ਪੰਜਾਬੀ ਤੇ ਉਰਦੂ ਦੀਆਂ ਕਵਿਤਾਵਾਂ ਸੁਣਾ ਕੇ ਸਾਡਾ ਚਿੱਤ ਪਰਚਾਇਆ ਕਰਦਾ ਸੈਂ। ਤ੍ਰਿਕਾਲੀਂ ਤੂੰ ਕਈ ਵਾਰ, ਸਮੁੰਦਰ ਵਲ ਚੁੱਪ ਚਾਪ ਬਹਿੰਦੇ ਦਰਿਆ ਨੂੰ ਟਿਕਟਿਕੀ ਲਾ ਕੇ ਵਿਹੰਦਾ ਹੁੰਦਾ ਸੈਂ, ਤਾਂ ਪੰਡਿਤ ਬਾਲ ਮੁਕੰਦ ਕਿਹਾ ਕਰਦਾ ਸੀ, "ਬਈ ਫ਼ਿਲਾਸਫ਼ਰ ਬਣੂੰ ਇਹ ਮੁੰਡਾ ਤਾਂ।"

ਮਲੂਕਿਆ, ਉਹ ਦਿਨ ਹੁਣ ਲੱਦ ਗਏ। ਕਈ ਪੁਰਾਣੇ ਬੇਲੀ ਭਾਰਤ ਮੁੜ ਗਏ ਤੇ ਕਈ ਉੱਥੇ ਚਲੇ ਗਏ ਜਿੱਥੋਂ ਕੋਈ ਕਦੇ ਪਰਤ ਕੇ ਨਹੀਂ ਆਇਆ। ਮੈਂ ਵੈਨਕੂਵਰ ਦੇ ਗੁਰਦੁਆਰੇ ਵਿਚ ਹਾਲੇ ਵੀ ਗ੍ਰੰਥੀ ਹੀ ਹਾਂ। ਦੂਜਿਆਂ ਵਾਂਗ, ਮੇਰੇ ਵੀ ਧੌਲੇ ਆ ਗਏ ਨੇ ਤੇ ਬੁਢਾਪੇ ਨੇ ਨਿਤਾਣਾ ਵੀ ਕੀਤਾ ਪਿਆ।

ਇਹ ਜਾਣ ਕੇ ਸਾਨੂੰ ਬੜੀ ਖ਼ੁਸ਼ੀ ਹੋਈ ਕਿ ਤੂੰ ਆਪਣੀ ਪੜ੍ਹਾਈ ਪੂਰੀ ਕਰ ਲਈ। ਸਾਡੇ ਵਿਚੋਂ ਕਈ ਅਖ਼ਬਾਰਾਂ ਵਿਚ ਤੇਰੇ ਲੇਖ ਪੜ੍ਹਦੇ ਤੇ ਸੀ. ਬੀ. ਸੀ.

ਨੈਟਵਰਕ ਤੇ ਤੇਰੀਆਂ ਤਕਰੀਰਾਂ ਸੁਣਦੇ ਰਹੇ ਨੇ। ਸਾਨੂੰ ਸਾਰਿਆਂ ਨੂੰ ਹੀ ਤੇਰੇ ਤੇ ਬੜਾ ਫ਼ਖ਼ਰ ਹੈ। ਤੈਨੂੰ ਮੁੜ ਮਿਲਣ ਤੇ ਤੇਰੀਆਂ ਗੱਲਾਂ ਸੁਣਨ ਨੂੰ ਸਾਡਾ ਸਾਰਿਆਂ ਦਾ ਬੜਾ ਚਿੱਤ ਕਰਦਾ। ਸਾਰਿਆਂ ਨੇ ਮੈਨੂੰ ਤੈਨੂੰ ਬੀ. ਸੀ. ਆਉਣ ਲਈ ਸੱਦਾ ਦੇਣ ਲਈ ਕਿਹਾ। ਮੈਨੂੰ ਯਕੀਨ ਹੈ ਕਿ ਤੂੰ ਸਾਨੂੰ ਨਿਰਾਸ਼ ਨਹੀਂ ਕਰੇਂਗਾ।

ਏਥੇ ਆਪਣੇ ਭਾਈਚਾਰੇ ਬਾਰੇ ਪਹਿਲਾਂ ਵਾਲੇ ਭੁਲੇਖੇ ਹਾਲੇ ਵੀ ਓਡੋ-ਕੇਡ ਹੀ ਨੇ। ਬਹੁਤੇ ਗੋਰੇ ਲੋਕ ਸਾਨੂੰ ਓਹੀ ਬਹਾਦਰ ਸਿਪਾਹੀ ਸਮਝਦੇ ਨੇ ਜੋ ਬਰਤਾਨਵੀ ਲਸ਼ਕਰਾਂ ਦੇ ਤੌਰ ਤੇ ਤਿੱਬਤ, ਬਰਮਾ, ਫਰਾਂਸ ਤੇ ਫਲੈਂਡਰਜ਼ ਵਿਚ ਜੂਝੇ ਸਨ। ਸਾਡੇ ਧਰਮ ਤੇ ਫਲਸਫੇ ਬਾਰੇ ਕੋਈ ਵਿਰਲਾ ਟਾਵਾਂ ਹੀ ਸ਼ਾਇਦ ਕੁਝ ਜਾਣਦਾ ਹੋਏ। ਕੀ ਤੂੰ ਸਾਦਾ ਜਿਹੀ ਨਸਰ ਵਿਚ ਇਸ ਵਿਸ਼ੇ ਬਾਰੇ ਕੋਈ ਕਿਤਾਬਚਾ ਲਿਖ ਸਕੇਂਗਾ? ਅਸੀਂ ਛਾਪ ਕੇ ਮੁਫ਼ਤ ਵੰਡਣ ਦਾ ਪ੍ਰਬੰਧ ਕਰਾਂਗੇ।

ਬੜੇ ਹੀ ਮੋਹ ਨਾਲ, ਤੇਰਾ ਪੁਰਾਣਾ ਬੇਲੀ,
ਨੱਥਾ ਸਿੰਘ।

ਮਲੂਕੇ ਨੇ ਇਕ ਛੋਟਾ ਜਿਹਾ ਕਿਤਾਬਚਾ ਲਿਖਿਆ : ਸਿੱਖ ਲੋਕ ਤੇ ਉਨ੍ਹਾਂ ਦਾ ਧਰਮ—ਜਮਹੂਰੀਅਤ ਲਈ ਇਕ ਘੋਲ। ਵੈਨਕੂਵਰ ਨੀਊਜ਼ ਹੈਰਾਲਡ ਦੇ ਸੰਪਾਦਕ, ਏਲਮੋਰ ਫਿਲਪੌਟ ਨੇ ਇਹਦਾ ਮੁੱਖ ਬੰਦ ਲਿਖਿਆ ਸੀ ਅਤੇ ਵਿਕਟੋਰੀਆ ਬੀ. ਸੀ. ਦੀ ਚੀਫ਼ ਖਾਲਸਾ ਦੀਵਾਨ ਸੋਸਾਇਟੀ ਨੇ ਇਸਨੂੰ ਪ੍ਰਕਾਸ਼ਿਤ ਕੀਤਾ ਸੀ।

58

"ਫੇਰ ਮਲੂਕਿਆ ਤੂੰ ਬ੍ਰਿਟਿਸ਼ ਕੋਲੰਬੀਆ ਨੂੰ ਚਲੇ ਜਾਣ ਦਾ ਫੈਸਲਾ ਕਰ ਲਿਐ?" ਅੰਨਾ ਨੇ ਆਖਿਆ।

"ਹਾਂ, ਬਿਲਕੁਲ।" ਮਲੂਕੇ ਨੇ ਦ੍ਰਿੜ੍ਹ ਸੁਰ ਵਿਚ ਜੁਆਬ ਦਿੱਤਾ। "ਉਥੇ ਰਹਿੰਦਾ ਛੋਟਾ ਜੇਹਾ ਪੰਜਾਬੀ ਭਾਈਚਾਰਾ, ਅਸਲ ਵਿਚ ਮੇਰਾ ਦੂਜਾ ਘਰ ਏ ਤੇ

ਪਹਿਲੀ ਯੂਨੀਵਰਸਿਟੀ। ਮੈਨੂੰ ਉਹ ਬਹੁਤ ਚੰਗਾ ਲੱਗਦਾ।"

"ਸਾਦ ਮੁਰਾਦੇ ਪੇਂਡੂ ਲੋਕ", ਉਸਨੇ ਮੁਹੱਬਤ-ਗੁੱਝੀ ਸੁਰ ਵਿਚ ਆਖਿਆ।

"ਉਹ ਜ਼ਿੰਦਗੀ ਦਾ ਹੈਰਾਨ ਕੁੰਨ ਹੌਸਲੇ ਤੇ ਉਮਾਹ ਨਾਲ ਟਾਕਰਾਕਰਦੇ ਨੇ। ਉਨ੍ਹਾਂ ਵਿਚੋਂ ਬਹੁਤੇ ਅਨਪੜ੍ਹ ਸਨ, ਪਰ ਉਹ ਮੈਨੂੰ ਸਦਾ ਹੀ ਅਗਾਂਹ ਪੜ੍ਹਨ ਦੀ ਪ੍ਰੇਰਨਾ ਦੇਂਦੇ ਰਹੇ ਨੇ।"

"ਮੇਰੇ ਕੰਨਾਂ ਵਿਚ ਹਾਲੇ ਤੀਕ ਉਨ੍ਹਾਂ ਦੀਆਂ ਆਵਾਜ਼ਾਂ ਗੂੰਜਦੀਆਂ ਨੇ: ਮਲੂਕਿਆ ਪੜ੍ਹੀਂ ਜ਼ਰੂਰ, ਸਾਡੇ ਵਾਂਗ ਨ ਰਹਿ ਜਾਈਂ, ਜਿਨ੍ਹਾਂ ਦੀਆਂ ਪੱਗਾਂ ਵੀ ਲੱਕੜੀ ਦੇ ਬੁਰਾਦੇ ਨਾਲ ਭਰੀਆਂ ਰਹਿੰਦੀਆਂ ਨੇ ਤੇ ਅੰਦਰੋਂ ਸਿਰ ਵੀ। ਤੂੰ ਪੜ੍ਹੀਂ ਜ਼ਰੂਰ-ਬਰ-ਜ਼ਰੂਰ ਅਤੇ ਸਾਡੀ ਕਹਾਣੀ ਵੀ ਲਿਖੀਂ।"

"ਕਿੰਨਾ ਕੁ ਚਿਰ ਲਈ ਜਾਏਂਗਾ?" ਅੰਨਾ ਨੇ ਪੁੱਛਿਆ। ਉਹਦੀ ਆਵਾਜ਼ ਵਿਚ ਉਦਾਸੀ ਸੀ।

"ਇਸ ਬਾਰੇ ਪੱਕ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਮੈਂ ਫ਼ਰੇਜ਼ਰ ਦਰਿਆ ਦੇ ਕਿਨਾਰੇ ਤੇ ਵੈਨਕੂਵਰ ਟਾਪੂ ਦੇ ਹੋਰ ਕਈ ਥਾਹੀਂ ਲੱਕੜ ਮਿੱਲਾਂ ਤੇ ਬਣੇ ਕੁੱਕ-ਹਾਊਸਾਂ ਵਿਚ ਜਾਣੈ, ਜਿੱਥੇ ਮੇਰੇ ਭਾਈਬੰਦ ਰਹਿੰਦੇ ਨੇ।"

"ਮੈਨੂੰ ਬਹੁਤ ਯਾਦ ਆਏਂਗਾ" ਉਹਨੇ ਬੜੇ ਕੋਮਲ ਭਾਵ ਨਾਲ ਆਖਿਆ। "ਮੈਨੂੰ ਤੇਰਾ ਬੜਾ ਫਿਕਰ ਰਹੇਗਾ।"

"ਫਿਕਰ ਕਾਹਦਾ?"

"ਆ ਜਾ, ਪੀਟੇ ਦੇ ਰੈਸਤੋਰਾਂ 'ਚ ਬਹਿ ਕੇ ਦੱਸਾਂਗੀ।"

... ...

ਪੀਟਰ ਪੈਕਾਇਤ ਨੇ ਉਨ੍ਹਾਂ ਨੂੰ ਸੰਤੋਖੀ ਤੱਕਣੀ ਤੇ ਖੁੱਲ੍ਹੀ ਮੁਸਕਰਾਹਟ ਨਾਲ ਸਲਾਮ ਬੁਲਾਈ।

"ਮਲੂਕਿਆ, ਓਸ਼ਾਵਾ ਦੀ ਹੜਤਾਲ ਤਾਂ ਮਜ਼ਦੂਰ-ਜਮਾਤ ਦੀ ਲਹਿਰ ਵਿਚ ਇਕ ਮੀਲ-ਪੱਥਰ ਵਾਂਗ ਯਾਦ ਰਹੇਗੀ।" ਉਸਨੇ ਜੋਸ਼-ਭਾਵ ਨਾਲ ਆਖਿਆ।

"ਇਹਦੀ ਜਿੱਤ ਕਰ ਕੇ ਦੂਜੀਆਂ ਸਨਅਤਾਂ ਵਿਚ ਵੀ ਮਜ਼ਦੂਰ ਛੇਤੀ ਛੇਤੀ ਜਥੇਬੰਦ ਹੋ ਜਾਣਗੇ।" ਉਸਨੇ ਅਗਾਂਹ ਆਖਿਆ' "ਸੀ. ਆਈ. ਓ. ਦੇ ਹੁਣ ਉੱਤਰੀ ਔਂਤਾਰੀਓ ਦੀਆਂ ਖਾਣਾਂ ਵਿਚ ਵੀ ਪੈਰ ਲੱਗ ਜਾਣਗੇ। ਸੱਟਾ-ਮੰਡੀ ਦੇ ਭਾਅ

ਡਿੱਗ ਜਾਣਗੇ। ਤੇ ਇਸ ਨਾਲ ਅਮੀਰਾਂ ਦੇ ਸਭ ਤੋਂ ਵੱਧ ਦੁਖਦੇ ਥਾਂ, ਅਰਥਾਤ ਉਨ੍ਹਾਂ ਦੀਆਂ ਜੇਬਾਂ ਤੇ ਸੱਟ ਵੱਜੇਗੀ।"

ਜਦੋਂ ਪੀਟੇ ਉਨ੍ਹਾਂ ਲਈ ਰਾਤ ਦਾ ਖਾਣਾ ਲੈਣ ਲਈ ਗਿਆ ਤਾਂ ਅੰਨਾ ਨੇ ਰਤਾ ਕੁ ਮੇਜ਼ ਤੇ ਝੁਕਦਿਆਂ ਮੱਧਮ ਜਿਹੀ ਸੁਰ ਵਿਚ ਆਖਿਆ, "ਲੈ ਹੁਣ ਤੈਨੂੰ ਆਪਣੀ ਚਿੰਤਾ ਦਾ ਕਾਰਣ ਦੱਸਦੀ ਵਾਂ ਮੈਂ।"

"ਸੀ. ਆਈ. ਓ. ਤੇ ਟਰੇਡ ਯੂਨੀਅਨਾਂ ਵਿਚ ਤੇਰੇ ਕੰਮ ਨੂੰ ਉੱਚ-ਜਮਾਤੀ ਹਲਕੇ ਪ੍ਰੈਸ ਵਿਚ ਕਮਿਊਨਿਸਟ ਭਾਂਤ ਦਾ ਗਰਦਾਨ ਰਹੇ ਨੇ। ਇਸ ਨਾਲ ਯੂਨੀ-ਵਰਸਿਟੀ ਦੇ ਪਸਾਰ ਵਿਭਾਗ ਵਿਚ ਤੇਰੀ ਨੌਕਰੀ ਜਾ ਸਕਦੀ ਹੈ। ਇਸ ਗੱਲ ਦੇ ਆਮ ਚਰਚੇ ਨੇ। ਭਾਰਤੀ ਸੁਤੰਤਰਤਾ ਸੰਗ੍ਰਾਮ ਬਾਰੇ ਤੇਰੀਆਂ ਤਕਰੀਰਾਂ ਵੀ ਕੋਈ ਮਦਦਗਾਰ ਨਹੀਂ ਹੋਣ ਲੱਗੀਆਂ।"

"ਤੈਨੂੰ ਇਹ ਗੱਲ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ ਕਿ ਜਦੋਂ ਜੰਗ ਲੱਗਣ ਦੀਆਂ ਅਵਾਈਆਂ ਹੋਣ ਤਾਂ ਲੋਕੀ ਕੁਝ ਜ਼ਿਆਦਾ ਹੀ ਦੇਸ਼ ਭਗਤ ਹੋ ਜਾਇਆ ਕਰਦੇ ਨੇ।"

"ਮੈਨੂੰ ਪਤੈ।" ਮਲੂਕੇ ਨੇ ਆਖਿਆ।

"ਖੋਜ-ਵਿਭਾਗ ਵਿਚ ਪ੍ਰੋਫੈਸਰ ਸੈਂਡੀਫੋਰਡ ਨਾਲ ਕੰਮ ਕਰਦੇ ਮੇਰੇ ਇਕ ਦੋਸਤ ਨੇ ਇਕ ਦਿਨ ਦੱਸ ਪਾਈ ਸੀ ਕਿ ਮੈਨੂੰ, ਜਦ ਚਾਹਾਂ ਉੱਥੇ ਨੌਕਰੀ ਮਿਲ ਸਕਦੀ ਹੈ। ਪ੍ਰੋ: ਸੈਨੀਫੋਰਡ ਹੀ ਮੇਰੀ ਪੀ.ਐਚ.ਡੀ. ਲਈ ਸਿਫ਼ਾਰਸ਼ ਕਰ ਰਿਹੈ।"

"ਮੇਰੇ ਦੋਸਤ ਨੇ ਇਹ ਵੀ ਦੱਸਿਆ ਸੀ ਕਿ ਦੋ ਬੰਦੇ ਮੁਫਤੀ ਪਹਿਨੀ ਪ੍ਰੋਫੈਸਰ ਸੈਨੀਫੋਰਡ ਤੋਂ ਇਹ ਪਤਾ ਕਰਨ ਆਏ ਸਨ ਕਿ ਮੇਰੇ ਸਿਰ ਵਿਚ ਕਮਿਊ-ਨਿਜ਼ਮ ਦੇ ਕੀੜੇ ਕਿੰਨੇ ਕੁ ਨੇ।"

ਅੰਨਾ ਦੇ ਚਿਹਰੇ 'ਤੇ ਮੁਸਕ੍ਰਾਹਟ ਫੈਲ ਗਈ।

"ਪ੍ਰੋ: ਸੈਨੀਫੋਰਡ ਦੇ ਦਿਲ ਵਿਚ ਮੇਰੇ ਲਈ ਕਾਫ਼ੀ ਕੁਲੀ ਥਾਂ ਵੇ। ਕੁਝ ਸਾਲ ਪਹਿਲਾਂ ਮੈਂ ਉਹਨੂੰ ਆਪਣੇ ਲੇਖ 'ਭਾਰਤ ਦੇ ਸ਼ਹਿਜ਼ਾਦੇ' ਦਾ ਖਰੜਾ ਦਿਖਾ-ਇਆ ਸੀ। ਉਹਨੂੰ ਇਹ ਬੜਾ ਦਿਲਚਸਪ ਲੱਗਾ ਸੀ ਪਰ ਉਸ ਨੇ ਇਹ ਡਰ ਵੀ ਜ਼ਾਹਿਰ ਕੀਤਾ ਸੀ ਕਿ ਇਸ ਦੇ ਪ੍ਰਕਾਸ਼ਨ ਨਾਲ ਮੇਰੇ ਲਈ ਮੁਸ਼ਕਲਾਂ ਖੜੀਆਂ ਹੋ ਸਕਦੀਆਂ ਨੇ।"

"ਫੇਰ ਤੂੰ ਆਪਣੇ ਤੌਰ-ਤਰੀਕੇ ਸੁਧਾਰੇ ?" ਅੰਨਾ ਨੇ ਪੁੱਛਿਆ।

"ਬਿਲਕੁਲ ਨਹੀਂ।" ਮਲੂਕੇ ਨੇ ਭਰੋਸੇ ਨਾਲ ਉੱਤਰ ਦਿੱਤਾ, "ਮੈਨੂੰ ਆਪਣੀ ਨੌਕਰੀ ਖੁਸਣ ਦਾ ਕੋਈ ਗ਼ਮ ਨਹੀਂ। ਕਈ ਰਸਾਲੇ ਮੇਰੇ ਮਜ਼ਮੂਨ ਪ੍ਰਵਾਨ ਕਰਨ ਲੱਗ ਪਏ ਨੇ ਤੇ ਮੇਰੀਆਂ ਤਕਰੀਰਾਂ ਦੀ ਵੀ ਕਾਫ਼ੀ ਮੰਗ ਏ।"

"ਹੁਣੇ ਹੁਣੇ ਮੈਂ ਯੁਵਕ ਯੁਵਤੀਆਂ ਦੀ ਹੈਬਰੀਊ ਸਭਾ ਵਿਚ ਇਕ ਭਾਸ਼ਣ ਪੇਸ਼ ਕਰਨ ਦੀ ਪ੍ਰਵਾਨਗੀ ਭੇਜੀ ਹੈ।"

"ਇਸ ਤੋਂ ਵੀ ਜ਼ਿਆਦਾ ਦਿਲਚਸਪ ਗੱਲ ਇਹ ਵੇ ਕਿ ਮੈਂ ਯਹੂਦੀ ਨਾਰੀਆਂ ਦੇ ਸੰਗਠਨ ਵਿਚ ਦੋ ਵਾਰ ਪਹਿਲਾਂ ਹੀ ਬੋਲ ਚੁੱਕਾਂ। ਮੈਨੂੰ ਸਰੋਤੇ ਬੜੇ ਦਿਲਕਸ਼ ਲੱਗੇ ਸਨ : ਧਨੀ ਦਿੱਖ ਵਾਲੀਆਂ ਸੁਆਣੀਆਂ ਚਮਕਦਾਰ ਗਹਿਣਿਆਂ ਤੇ ਮਹਿੰਗੇ ਸਮੂਰਦਾਰ ਕੋਟਾਂ ਵਿਚ ਸਜੀਆਂ ਹੋਈਆਂ ਸਨ। ਉਹਨਾਂ ਦੀ ਸਜ ਧਜ ਤੇ ਅਤਰ ਫੁਲੇਲਾਂ ਦੀ ਮਹਿਕ ਬੁੱਢੀਆਂ ਨੂੰ ਮੁਟਿਆਰਾਂ ਤੇ ਮੁਟਿਆਰਾਂ ਨੂੰ ਹੋਰ ਵੀ ਵਧੇਰੇ ਮੁਟਿਆਰਾਂ ਦਰਸਾ ਰਹੀ ਸੀ।"

ਅੰਨਾ ਦੇ ਚਿਹਰੇ 'ਤੇ ਸ਼ਰਾਰਤੀ ਮੁਸਕ੍ਰਾਹਟ ਮੇਲ੍ਹ ਰਹੀ ਸੀ, "ਇਸ ਚਮਕੀਲੇ ਸਾਜ਼ੋ ਸਾਮਾਨ ਨਾਲ ਤੂੰ ਚੁੰਧਿਆਇਆ ਗਿਆ ਜਾਪਦਾ ਏਂ। ਉਚੋਂ ਬਿਲਾਸ਼ੱਕ ਥੋਕ ਦੇ ਭਾਅ ਖ਼ਰੀਦਿਆ ਗਿਆ ਹੋਣੈ।"

"ਤੇਨੂੰ ਸ਼ਾਇਦ ਇਸ ਗੱਲ ਦੀ ਹੈਰਾਨੀ ਹੋਵੇ ਕਿ ਮੈਨੂੰ 'ਸਲਤਨਤ ਦੀਆਂ ਧੀਆਂ' ਨੇ ਵੀ ਟੈਗੋਰ ਬਾਰੇ ਇਕ ਤਕਰੀਰ ਕਰਨ ਦੀ ਦਾਅਵਤ ਭੇਜੀ ਸੀ, ਪਰ ਉਹਨਾਂ ਇਹ ਦਾਅਵਤ ਮੇਰੀ ਲਾਲ-ਛੂਤ-ਰੋਗ ਦੀ ਜਾਣਕਾਰੀ ਮਿਲਣ ਸਾਰ ਹੀ ਮਨਸੂਖ਼ ਕਰ ਦਿੱਤੀ ਸੀ। ਉਹਨਾਂ ਨੂੰ ਇਹ ਜਾਣ ਕੇ ਬੜਾ ਸਦਮਾ ਪੁੱਜਾ ਸੀ ਕਿ ਟੈਗੋਰ ਨੇ ਖ਼ੁਦ 'ਸੂਹਾ ਕਨੇਰ' ਨਾਂ ਦਾ ਨਾਟਕ ਲਿਖਿਆ ਹੋਇਆ ਸੀ।"

"ਇਕ ਹੋਰ ਉਤਸਾਹ ਜਨਕ ਚਿੰਨ੍ਹ ! ਮੈਂ ਵਿਉਪਾਰੀਆਂ ਦੀਆਂ ਕਲੱਬਾਂ 'ਚ ਵੀ ਕਾਫ਼ੀ ਮਕਬੂਲ ਹਾਂ। ਸੁਆਦਲੇ ਭੋਜਨਾਂ ਦਾ ਮਜ਼ਾ ਤਿੱਖਾ ਕਰਨ ਵਾਲੀ ਮਾਰਟੀਨੀ ਦੇ ਕੁਝ ਹਾੜੇ ਲਾਉਣ ਮਗਰੋਂ ਤਕਰੀਰ ਦੇ ਬੋਲ ਫਰਨ ਫਰਨ ਆਪੇ ਮੂੰਹੋਂ ਝਰਨ ਲੱਗ ਪੈਂਦੇ ਨੇ। ਨਾਲੇ ਵਪਾਰੀਆਂ ਲਈ ਭਾਸ਼ਣਾਂ ਦੀ ਕੋਈ ਬਹੁਤੀ ਤਿਆਰੀ ਵੀ ਨਹੀਂ ਕਰਨੀ ਪੈਂਦੀ। ਉਹ ਕੋਈ ਗਿਆਨ ਉਪਦੇਸ਼ ਲੈਣ ਨਹੀਂ ਸਗੋਂ ਮਨ-ਪ੍ਰਚਾਵੇ ਲਈ ਹੀ ਆਇਆ ਕਰਦੇ ਨੇ। ਉਹ ਗਿਆਨੀ ਤਾਂ ਆਪਣੇ ਆਪ

ਨੂੰ ਪਹਿਲੋਂ ਹੀ ਸਮਝਦੇ ਹੁੰਦੇ ਨੇ ਤੇ ਜਦੋਂ ਉਹ ਕੁਰਸੀਆਂ ਪਿਛਾਂਹ ਹਟਾ ਕੇ ਆਪਣੇ ਸਿਗਾਰ ਦਾਗਦੇ ਨੇ ਤਾਂ ਪੂਰਬ ਪੱਛਮ ਦੇ ਸੰਪਰਕ ਬਾਰੇ ਮਖ਼ੌਲੀਆ ਕਥਨ, ਦਿਲ-ਚਸਪ ਕਥਾ-ਕਹਾਣੀਆਂ ਤੇ ਭਾਰਤੀ ਸ਼ਹਿਜ਼ਾਦਿਆਂ ਦੀ ਵਿਲਾਸੀ ਜ਼ਿੰਦਗੀ ਤੇ ਉਹਨਾਂ ਦੀਆਂ ਮੁਹੱਬਤਾਂ ਦੇ ਅਜੀਬੋ ਗ਼ਰੀਬ ਕਿੱਸੇ ਹੀ ਧੂੰਆਂਧਾਰ ਮਾਹੌਲ ਵਿਚ ਛਾ ਸਕਣ ਦੇ ਸਮਰੱਥ ਹੁੰਦੇ ਨੇ।"

"ਸ਼ਾਇਦ ਤੇਨੂੰ ਇਹ ਜਾਣ ਕੇ ਹੋਰ ਵੀ ਹੈਰਾਨੀ ਹੋਵੇ ਕਿ ਲਾਇਨਜ਼ ਕਲੱਬ ਵਾਲਿਆਂ ਨੇ 'ਪ੍ਰਭਾਵਸ਼ਾਲੀ ਭਾਸ਼ਣ ਕਲਾ' ਬਾਰੇ ਕੁਝ ਤਕਰੀਰਾਂ ਕਰਨ ਲਈ ਸੱਦਾ ਭੇਜਿਆ ਹੋਇਐ।"

"ਮਲੂਕਿਆ", ਅੰਨਾ ਨੇ ਪਿਆਰ ਨਾਲ ਕਿਹਾ, "ਤੂੰ ਲਾਇਲਾਜ ਏਂ।"

... ...

ਪੀਟੇ ਉਹਨਾਂ ਲਈ ਕੁਝ ਮਾਰਟੀਨੀਆਂ ਲੈ ਆਇਆ। "ਦਾਰੂ ਪੇਸ਼ ਹੈ। ਖਾਣਾ ਹੁਣੇ ਆ ਰਿਹੈ।"

"ਮੈਨੂੰ ਪਿਆਰ ਨਾਲ ਮਸਤ ਅੱਖਾਂ ਵਾਲੇ ਪੰਛੀਆਂ ਦੇ ਜੋੜੇ ਨੂੰ ਚੋਗਾ ਪਾ ਕੇ ਮਜ਼ਾ ਆ ਰਿਹੈ।"

"ਤਾਂ ਫੇਰ ਤੂੰ ਮਲੂਕਿਆ, ਬੀ. ਸੀ. ਨੂੰ ਜਾ ਰਿਹੈਂ। ਸਫ਼ਰ ਤਾਂ ਇਹ ਬੜਾ ਸੁਹਣੈ, ਪਰ ਰਤਾ ਮਹਿੰਗਾ ਹੋਊ।" ਉਸ ਨੇ ਆਖਿਆ।

"ਬਹੁਤਾ ਨਹੀਂ। ਗਰੇ ਹਾਊਂਡ ਬੱਸ ਵਾਲਿਆਂ ਦੇ ਏਜੰਟ ਨੇ ਮੈਨੂੰ ਦੱਸਿਆ ਸੀ ਕਿ ਟਰਾਂਟੋ ਤੋਂ ਸ਼ੁਰੂ ਹੋਣ ਵਾਲਾ ਚੱਕਰਵਤ ਸਫ਼ਰ ਮੈਨੂੰ ਸਿਰਫ਼ 90 ਡਾਲਰਾਂ ਦਾ ਪਊ। ਉਹਨੇ ਮੈਨੂੰ ਇਹ ਵੀ ਕਿਹਾ ਸੀ ਕਿ ਮੈਂ ਰਾਹ ਵਿਚ ਜਿੰਨੇ ਮਰਜ਼ੀ ਸ਼ਹਿਰਾਂ ਵਿਚ ਰੁਕ ਸਕਦਾਂ। ਬਸ ਦਾਲ-ਫੁਲਕੇ ਦਾ ਹੀ ਪ੍ਰਬੰਧ ਕਰਨਾ ਪਊ। ਇਨ੍ਹਾਂ ਪੈਸਿਆਂ ਵਿਚ ਹੀ ਨਿਊਯਾਰਕ ਦੇ ਸੰਸਾਰ-ਮੇਲੇ ਤੇ ਸਨ ਡੀਗੋ ਦੇ ਵਣਜ ਮੇਲੇ ਦੇ ਸੁਰਗ ਦੇ ਝੂਟੇ ਰੂੰਘੇ ਵਿਚ ਹੀ ਮਿਲ ਜਾਣਗੇ। ਹੈ ਨਾ ਨਾਲੇ ਮੁੰਜ ਬਗੜ ਦੇ ਵਿਉਪਾਰ ਤੇ ਨਾਲ ਗੰਗਾ ਦੇ ਇਸ਼ਨਾਨ ਵਾਲੀ ਗੱਲ।"

"ਪਰ ਹੋਟਲਾਂ ਦਾ ਖ਼ਰਚਾ ਵੀ ਹੋਊ।" ਪੀਟੇ ਨੇ ਕਿਹਾ ਸੀ।

"ਬਹੁਤਾ ਨਹੀਂ।" ਮਲੂਕੇ ਨੇ ਉਹਨੂੰ ਯਕੀਨ ਦੁਆਇਆ ਸੀ, "ਬੀ. ਸੀ.

ਵਿਚ ਤਾਂ ਮੈਂ ਯਾਰਾਂ ਬੇਲੀਆਂ ਕੋਲ ਹੀ ਰਹਿਣਾ।"

... ...

ਮਲੂਕਾ ਅਗਸਤ ਦੇ ਅਖ਼ੀਰੀ ਹਫ਼ਤੇ ਵੈਨਕੂਵਰ ਪੁੱਜ ਗਿਆ ਸੀ। ਜੰਗ ਸ਼ੁਰੂ ਕਰਨ ਵਾਲੀਆਂ ਘਟਨਾਵਾਂ ਬੜੀ ਤੇਜ਼ ਗਤੀ ਨਾਲ ਵਾਪਰ ਰਹੀਆਂ ਸਨ। ਪਹਿਲੀ ਸਤੰਬਰ ਨੂੰ ਜਰਮਨੀ ਨੇ ਪੋਲੈਂਡ 'ਤੇ ਧਾਵਾ ਬੋਲ ਦਿੱਤਾ ਸੀ। ਦੋ ਦਿਨ ਬਾਅਦ ਹੀ ਚੈਂਬਰਲੇਨ ਨੇ ਡੰਡੌਤ ਵਾਲਾ ਬੁਰਕਾ ਲਾਹ ਕੇ ਜਰਮਨੀ ਵਿਰੁੱਧ ਜੰਗ ਦਾ ਐਲਾਨ ਕਰ ਦਿੱਤਾ ਸੀ। ਕੈਨੇਡਾ ਵੀ ਆਪਣੀ ਪਾਰਲੀਮੈਂਟ ਦੇ ਦੋਹਾਂ ਸਦਨਾਂ ਦੀ ਪ੍ਰਵਾਨਗੀ ਮਗਰੋਂ ਮੈਦਾਨ ਵਿਚ ਆ ਸ਼ਾਮਿਲ ਹੋਇਆ ਸੀ। ਭਾਰਤ ਦੀ ਸੂਰਤ 'ਚ ਬਰਤਾਨਵੀ ਸਰਕਾਰ ਨੇ ਭਾਰਤੀ ਲੋਕਾਂ ਦੇ ਕਿਸੇ ਪ੍ਰਤੀਨਿਧ ਦੀ ਰਾਇ ਲੈਣ ਤੋਂ ਬਿਨਾਂ, ਖ਼ੁਦ ਹੀ ਇਸ ਦੇ ਜੰਗੀ ਧਿਰ ਹੋਣ ਦਾ ਐਲਾਨ ਕਰ ਦਿੱਤਾ ਸੀ। ਜ਼ਿਆਦਾ ਮੰਦਾ ਸ਼ਗਨ ਇਹ ਸੀ ਕਿ ਭਾਰਤ ਸਰਕਾਰੀ ਤਰਮੀਮੀ ਬਿਲ ਗਿਆਰਾਂ ਮਿੰਟਾਂ ਵਿਚ ਹੀ ਪਾਸ ਕਰਵਾ ਲਿਆ ਗਿਆ ਸੀ। ਇਸ ਨਾਲ ਵਾਇਸਰਾਇ ਨੂੰ 1935 ਦੇ ਸੰਵਿਧਾਨ ਦੀਆਂ ਸ਼ਰਤਾਂ ਅਨੁਸਾਰ ਮਿਲੀ 'ਸੂਬਾਈ ਖ਼ੁਦਮੁਖ਼ਤਾਰੀ' ਨੂੰ ਰੱਦ ਕਰਨ ਦਾ ਹੱਕ ਹਾਸਿਲ ਹੋ ਗਿਆ ਸੀ। 3 ਸਤੰਬਰ 1939 ਵਾਲੇ ਸੁਰੱਖਿਆ ਅਧਿਆਦੇਸ਼ ਨੇ ਭਾਰਤ ਸਰਕਾਰ ਨੂੰ ਐਲਾਨਾਂ ਰਾਹੀਂ ਹਕੂਮਤ ਕਰਨ, ਇਕੱਤ੍ਰਤਾਵਾਂ ਦੀ ਮਨਾਹੀ ਤੇ ਹੋਰ ਰਾਜਸੀ ਅੰਦੋਲਨਾਂ ਨੂੰ ਰੱਦ ਕਰਨ ਤੇ ਬਿਨਾਂ ਵਰੰਟ ਕਿਸੇ ਨੂੰ ਵੀ ਗ੍ਰਿਫ਼ਤਾਰ ਕਰਨ ਦੇ ਅਧਿਕਾਰਾਂ ਨਾਲ ਲੈਸ ਕਰ ਦਿੱਤਾ ਸੀ।

... ...

1930 ਵਿਚ ਮਲੂਕੇ ਦੇ ਇੱਥੋਂ ਜਾਣ ਬਾਅਦ ਵੈਨਕੂਵਰ ਕਾਫ਼ੀ ਬਦਲ ਗਿਆ ਸੀ। ਹੋਰ ਵਧੇਰੇ ਗਿਣਤੀ ਵਿਚ ਕਾਲੀਆਂ ਚਿਮਨੀਆਂ ਤੇ ਵਿਸਫੋਟਕਾਰਾਂ ਨੇ ਫ਼ਰੇਜ਼ਰ ਕੰਢੇ ਹਰੇ-ਕਚੂਰ ਕੋਨ-ਰੁੱਖਾਂ ਤੇ ਪੌਪਲਰਾਂ ਦੀ ਥਾਂ ਮੱਲ ਲਈ ਸੀ। ਖਿਚਾਈ ਕਿਸ਼ਤੀਆਂ ਤੇ ਲਾਦੂ ਕਰੇਨਾਂ ਨੇ ਇਹਦੇ ਪਾਣੀਆਂ ਵਿਚ ਵਧੇਰੇ ਖੌਰੂ ਪਾਉਣਾ ਸ਼ੁਰੂ ਕਰ ਦਿੱਤਾ ਸੀ।

ਸ਼ਹਿਰ ਦਾ ਬੜਾ ਪਸਾਰਾ ਹੋਇਆ ਸੀ। ਮੁੱਖ ਗਲੀ ਹੋਰ ਲੰਮੀ ਹੋ ਗਈ ਸੀ। ਜਾਹਨ ਐਲੀਵਰ ਸਕੂਲ, ਜਿੱਥੇ ਮਲੂਕਾ ਪੜ੍ਹਿਆ ਸੀ, ਦੀ ਨਵੀਂ ਵਿਸ਼ਾਲ

ਇਮਾਰਤ ਬਣ ਗਈ ਸੀ ਤੇ ਪੁਰਾਣੀ ਦੋ-ਮੰਜ਼ਲੀ ਇਮਾਰਤ ਗੋਦਾਮ ਬਣ ਕੇ ਹੀ ਰਹਿ ਗਈ ਸੀ। ਫ਼ਰੇਜ਼ਰ ਸਟਰੀਟ ਦੇ ਕਿਨਾਰਿਆਂ ਤੋਂ ਲੱਕੜੀਦਾਰ ਪਗਡੰਡੀਆਂ ਲੋਪ ਹੋ ਗਈਆਂ ਸਨ। ਅਣਘੜਤ ਪੱਥਰਾਂ ਦੀ ਥਾਂ ਇਕਸਾਰ ਬਜਰੀ ਵਿਛ ਗਈ ਸੀ। ਚੋਨੀਂ ਪਾਸੀਂ ਨਿੱਕੇ ਨਿੱਕੇ ਸਟੋਰ ਉੱਸਰ ਗਏ ਸਨ।

ਨਿੱਕੇ ਜਿਹੇ ਭਾਰਤੀ ਭਾਈਚਾਰੇ ਵਿਚ ਵੀ ਕਾਫ਼ੀ ਤਬਦੀਲੀਆਂ ਆਈਆਂ ਸਨ। ਤ੍ਰੀਮਤਾਂ ਤੇ ਗਭਰੀਟ ਮੁੰਡੇ-ਕੁੜੀਆਂ ਦੀ ਸ਼ਮੂਲੀਅਤ ਨਾਲ ਹੁਣ ਇਹ ਵਧੇਰੇ ਸੁਭਾਵਕ ਦਿੱਖ ਅਖ਼ਤਿਆਰ ਕਰ ਗਿਆ ਸੀ। ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਵਿਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਕਾਫ਼ੀ ਵੱਧ ਗਈ ਸੀ। 1924 ਵਿਚ ਮਲੂਕਾ ਜਨਰਲ ਹਸਪਤਾਲ ਨੇੜੇ, ਇਸ ਦੀ ਜਿਸ ਛਪਰੀਦਾਰ ਜਿਹੀ ਇਮਾਰਤ ਵਿਚ ਪੜ੍ਹਿਆ ਸੀ, ਉਹਦੀ ਥਾਂ ਪੁਆਇੰਟ ਗਰੇਅ ਦੇ ਖੁਲ੍ਹੇ ਮੈਦਾਨ ਵਿਚ ਬਹੁਤ ਸੋਹਣੀਆਂ ਇਮਾਰਤਾਂ ਬਣ ਗਈਆਂ ਸਨ। ਜਿਨ੍ਹਾਂ ਲੱਕੜ-ਮਿੱਲਾਂ ਵਿਚ ਉਹਨੇ ਕੰਮ ਕੀਤਾ ਸੀ, ਉਹਨਾਂ ਵਿਚ ਕਿਤੇ ਵੀ ਮਜ਼ਦੂਰ ਯੂਨੀਅਨ ਨਹੀਂ ਸੀ ਹੁੰਦੀ। ਹੁਣ ਲੱਕੜ ਸਨਅਤ ਦੇ ਭਾਰਤੀ ਮਜ਼ਦੂਰ ਤੇਜ਼ ਰਫ਼ਤਾਰ ਨਾਲ ਵਧ ਰਹੀ ਲੱਕੜ-ਸਨਅਤ-ਮਜ਼ਦੂਰ ਯੂਨੀਅਨ ਵਿਚ ਸ਼ਾਮਿਲ ਹੋ ਰਹੇ ਸਨ। ਭਾਰਤੀ ਭਾਈਚਾਰੇ ਦੇ ਦੋ ਨੌਜੁਆਨ ਮੈਂਬਰ ਇਸ ਦੇ ਪ੍ਰਭਾਵਸ਼ਾਲੀ ਆਗੂ ਬਣ ਗਏ ਸਨ।

ਇਹ ਖ਼ੁਸ਼ੀਆਂ ਭਰਪੂਰ ਸਫ਼ਰ, ਅਸਲੋਂ ਹੀ ਪੀੜੋਂ-ਸੱਖਣਾ ਨਹੀਂ ਸੀ। 1922 ਵਿਚ ਨੌਜੁਆਨ ਮਲੂਕੇ ਨੇ ਫ਼ਰੇਜ਼ਰ ਦੀ ਜਿਸ ਡੋਮੀਨੀਅਨ ਮਿੱਲ ਵਿਚ ਕੰਮ ਕੀਤਾ ਤੇ ਜਿਨ੍ਹਾਂ ਪੰਜਾਬੀ ਮਜ਼ਦੂਰਾਂ ਨਾਲ ਜ਼ਿੰਦਗੀ ਦੇ ਦਿਨ ਰਲ ਕੇ ਬਿਤਾਏ ਸਨ, ਉਹਨਾਂ ਦੀ ਉਮਰ ਲਗ ਪਗ ਪੰਜਾਹ ਵਰ੍ਹਿਆਂ ਦੇ ਲਾਗੇ ਚਾਗੇ ਸੀ। ਉਹਨਾਂ ਵਿਚੋਂ ਬਹੁਤੇ ਹੁਣ ਕਿਤੇ ਨਜ਼ਰ ਨਹੀਂ ਸਨ ਆਉਂਦੇ। ਗੂੜ੍ਹੀਆਂ ਭੂਰੀਆਂ ਸ਼ੈੱਡਾਂ, ਜਿਨ੍ਹਾਂ ਵਿਚ ਉਹ ਰਿਹਾ ਕਰਦੇ ਸਨ ਤੇ ਉਹ ਕੁੱਕ ਹਾਊਸ, ਜਿੱਥੇ ਉਹ ਖਾਣਾ ਖਾਇਆ ਤੇ ਚਾਂਭੜਾਂ ਪਾਇਆ ਕਰਦੇ ਸਨ, ਵੀ ਗ਼ਾਇਬ ਹੋ ਗਏ ਸਨ। ਫ਼ਰੇਜ਼ਰ ਕਿਨਾਰੇ ਝੁਕੀ ਨਿੱਕੀ ਜਿਹੀ ਝੁੱਗੀ, ਜਿੱਥੇ ਮਲੂਕੇ ਨੂੰ ਅਕਹਿ ਆਨੰਦ ਦਾ ਆਭਾਸ ਹੋਇਆ ਸੀ, ਦੇ ਦ੍ਰਿਸ਼ ਨੇ ਉਹਦੀਆਂ ਅੱਖਾਂ ਵਿਚ ਹੰਝੂ ਲੈ ਆਂਦੇ ਸਨ।

ਲੰਮਾ ਤੇ ਸਜੀਲਾ ਨੱਥਾ ਸਿੰਘ ਹੁਣ ਕੁੱਬ ਪੈ ਜਾਣ ਕਾਰਨ ਝੁਕ ਕੇ ਤੁਰਦਾ ਸੀ। ਉਹਦੀ ਦਾਹੜੀ ਖੱਦੀ ਪੈ ਕੇ ਧੌਲੀ ਹੋ ਗਈ ਸੀ ਤੇ ਹੱਥ ਖੁਰਦਰੇ। ਉਹਦੀਆਂ

ਵੱਡੀਆਂ ਵੱਡੀਆਂ ਅੱਖਾਂ ਸੁੰਗੜ ਗਈਆਂ ਸਨ ਪਰ ਉਹਦਾ ਸ਼ਨ ਹਾਲੇ ਵੀ ਸਾਫ਼ ਤੇ ਪੁਰਾਣੀਆਂ ਯਾਦਾਂ ਤਰੋ-ਤਾਜ਼ਾ ਸਨ।

ਉਸ ਨੇ ਮਲੂਕੇ ਨੂੰ ਬੜੇ ਪਿਆਰ ਨਾਲ ਗਲਵੱਕੜੀ ਪਾਈ ਸੀ। "ਬੜਾ ਚਾਅ ਚੜ੍ਹਿਆ ਤੈਨੂੰ ਮਿਲ ਕੇ, ਮਲੂਕਿਆ।" ਉਹਦੇ ਕੰਬਦੇ ਬੁਲ੍ਹਾਂ 'ਚੋਂ ਕੂਲੇ ਬੋਲ ਝਰੇ ਸਨ।

"ਤੈਨੂੰ ਚੇਤਾ, 1925 ਵਿਚ ਵਿਛੜਨ ਵੇਲੇ ਮੈਂ ਤੈਨੂੰ ਕੀ ਕਿਹਾ ਸੀ?" ਉਹਨੇ ਪੁੱਛਿਆ।

ਮਲੂਕੇ ਦਾ ਬੋਲ ਨਹੀਂ ਸੀ ਨਿਕਲ ਰਿਹਾ।

"ਮੈਂ ਕਿਹਾ ਸੀ", ਨੱਥਾ ਸਿੰਘ ਨੇ ਉਹਨੂੰ ਚੇਤਾ ਕਰਾਇਆ, "ਕਿ ਤੂੰ ਹੁਣ ਵੱਡਾ ਤੇ ਤਕੜਾ ਹੋ ਗਿਆਂ। ਹੁਣ ਅਸੀਂ ਤੈਨੂੰ ਆਪਣੇ ਕੋਲ ਨਹੀਂ ਬੰਨ੍ਹ ਕੇ ਰੱਖ ਸਕਦੇ। ਮੈਂ ਤੇਰੇ ਅੱਗੇ ਇਹ ਵੀ ਤਰਲਾ ਕੀਤਾ ਸੀ ਕਿ ਸਾਨੂੰ ਭੁੱਲੀਂ ਨਾ। ਮੁੜ ਕੇ ਸਾਡੇ ਕੋਲ ਆਵੀਂ। ਸਾਡੇ ਪਿਆਰ 'ਚ ਕੋਈ ਫ਼ਰਕ ਨਹੀਂ ਪਿਆ ਮਿਲੇਗਾ ਤੈਨੂੰ।"

"ਤੈਨੂੰ ਮੁੜ ਜੱਫੀ ਪਾ ਕੇ ਮਨ ਨੂੰ ਬੜੀ ਠੰਢ ਪਈ ਆ ਮਲੂਕਿਆ।"

ਮਲੂਕਾ ਆਪਣੇ ਜਜ਼ਬਾਤ 'ਤੇ ਕਾਬੂ ਨਾ ਪਾ ਸਕਿਆ। ਮਸੀਂ ਸੰਭਲ ਕੇ ਉਹਨੇ ਹੋਰ ਦੋਸਤਾਂ ਦੀ ਸੁੱਖ-ਸਾਂਦ ਪੁੱਛੀ।

"ਗੰਡਾ ਸਿੰਘ ਕਿਵੇਂ ਆ, ਨਾਲੇ ਭਾਈ ਤਾਰਾ ਸਿੰਘ?"

"ਦੋਵੇਂ ਵੈਨਕੂਵਰ ਈ ਨੇ। ਧੌਲੇ ਆ ਗਏ ਦੋਹਾਂ ਦੇ ਮੇਰੇ ਵਾਂਗ ਪਰ ਉਹਨਾਂ ਦੀ ਆਪਸੀ ਨਾ-ਪਸੰਦੀ ਵਿਚ ਰਤਾ ਫ਼ਰਕ ਨਹੀਂ ਪਿਆ। ਬੜੇ ਹਠੀ ਨੇ ਆਪਣੇ ਧਾਰਮਿਕ ਤੇ ਸਿਆਸੀ ਵਿਚਾਰਾਂ ਵਿਚ। ਜਿਵੇਂ ਕਹਿੰਦੇ ਹੁੰਦੇ ਆ ਪਈ ਰੱਸੀ ਸੜ ਤਾਂ ਗਈ, ਪਰ ਵੱਟ ਨਹੀਂ ਸੜਿਆ।"

"ਜੋਗੇ ਜੈਕ ਦਾ ਕੀ ਹਾਲ ਆ?"

"ਓਹ ਮਲੂਕਿਆ, ਉਹਦੇ ਵਾਲਾ ਅਨਾਰ ਤਾਂ ਚੱਲ ਗਿਆ, ਪਰ ਅਖ਼ੀਰੀ ਦਮਾਂ ਤੀਕ ਉਹ ਚੜ੍ਹਦੀ ਕਲਾ 'ਚ ਰਿਹਾ। ਠੱਠੇ ਤੋਂ ਨਹੀਂ ਟਲਿਆ। ਬੜੇ ਤਿੱਖੇ ਢੰਗ ਨਾਲ ਹੇਰਾ ਫੇਰੀ ਤੇ ਪਖੰਡ ਦਾ ਮੌਜੂ ਉਡਾਉਂਦਾ ਰਿਹਾ।"

ਅਫ਼ਸੋਸ ਨਾਲ ਮਲੂਕੇ ਦੀ ਜੀਭ ਤਾਲੂਏ ਨਾਲ ਲੱਗ ਗਈ। ਉਹਦੀ ਦੂਜੇ ਦੋਸਤਾਂ ਬਾਰੇ ਕੁਝ ਪੁੱਛਣ ਦੀ ਹਿੰਮਤ ਨਾ ਪਈ।

"ਮਸੋਸ ਨ ਕਰ ਮਲੂਕਿਆ", ਨੱਥਾ ਸਿੰਘ ਨੇ ਉਹਦੀ ਢਾਰਸ ਬੰਨ੍ਹਾਉਂਦਿਆਂ ਕਿਹਾ, "ਦੁਨੀਆਂ ਆਉਣੀ ਜਾਣੀ ਆ। ਸਭ ਚਲੋ ਚਲੀ ਦਾ ਮੇਲਾ। ਮਿੱਤਰਾਂ ਦੀਆਂ ਯਾਦਾਂ ਦੀ ਮਹਿਕ ਹੀ ਬਚਦੀ ਆ। ਟਿਕੀ ਰਹਿੰਦੀ ਹੈ ਸਦਾ ਦਿਲਾਂ 'ਚ। ਜ਼ਖ਼ਮ ਭਰ ਤਾਂ ਜਾਂਦੇ ਨੇ, ਪਰ ਉਹਨਾਂ ਦੇ ਦਾਗ਼ ਨਹੀਂ ਜਾਂਦੇ।"

ਅਗਲੇ ਐਤਵਾਰ ਲੌਢੇ ਪਹਿਰ ਅਸੀਂ ਕੱਠ ਕਰਨਾ ਵੈਨਕੂਵਰ ਦੇ ਗੁਰ-ਦੁਆਰੇ। ਬੜੇ ਲੋਕ ਤੈਨੂੰ ਸੁਣਨ ਆਉਣਗੇ। ਨਾਲੇ ਸਾਰੇ ਪੁਰਾਣੇ ਬੇਲੀਆਂ ਨਾਲ ਮੇਲੇ ਗੇਲੇ ਹੋ ਜਾਣਗੇ।"

... ...

ਲਾਲਾ ਹਰਦਿਆਲ ਤੇ ਉਹਦੇ ਸਹਿਯੋਗੀਆਂ ਦੁਆਰਾ ਉੱਤਰੀ ਅਮਰੀਕਾ ਦੇ ਸ਼ਾਂਤ ਮਹਾਂਸਾਗਰੀ ਤਟਾਂ 'ਤੇ ਭਾਰਤ ਦੀ ਸੁਤੰਤਰਤਾ ਲਈ 1912-14 ਵਿਚ ਆਰੰਭੀ ਗ਼ਦਰ ਲਹਿਰ ਦੇ ਫਲਸਰੂਪ ਬ੍ਰਿਟਿਸ਼ ਕੋਲੰਬੀਆ ਵਿਚ ਵਸਿਆ ਭਾਰਤੀ ਭਾਈਚਾਰਾ ਰਾਜਸੀ ਤੌਰ 'ਤੇ ਬਹੁਤ ਚੇਤੰਨ ਹੋ ਗਿਆ ਸੀ। ਇਸ ਲਹਿਰ ਦੀ ਅਸਫਲਤਾ ਤੋਂ ਬਾਅਦ ਬਹੁਤ ਸਾਰੇ ਗ਼ਦਰੀ ਕਮਿਊਨਿਸਟ ਹੋ ਗਏ ਸਨ ਅਤੇ ਦਕਿਆਨੂਸੀ ਸਿੱਖਾਂ ਨੇ ਪੰਜਾਬ ਵਿਚ ਗੁਰਦੁਆਰਿਆਂ ਦੀ ਆਜ਼ਾਦੀ ਲਈ ਚਲਾਈ ਜਾ ਰਹੀ ਅਕਾਲੀ ਲਹਿਰ ਦੀ ਹਮਾਇਤ ਕਰਨੀ ਸ਼ੁਰੂ ਕਰ ਦਿੱਤੀ ਸੀ। ਖ਼ਾਲਸੇ ਦੀ ਹੱਕੀ ਸੰਪੱਤੀ, ਇਹਨਾਂ ਗੁਰਦੁਆਰਿਆਂ ਉੱਪਰ ਭ੍ਰਿਸ਼ਟਾਚਾਰੀ ਮਹੰਤਾਂ ਦਾ ਕਬਜ਼ਾ ਹੋ ਗਿਆ ਸੀ ਤੇ ਖ਼ਾਲਸੇ ਦੀ ਸਾਵਧਾਨੀ 'ਤੇ ਸੱਤਾ ਰਤੀ ਮਾਂਦੀ ਪੈ ਗਈ ਸੀ ਅਤੇ ਹੁਣ ਉਹ ਪੰਜਾਬ ਸਰਕਾਰ ਦੀ ਮਦਦ ਨਾਲ ਗੁਰਦੁਆਰਿਆਂ 'ਤੇ ਆਪਣਾ ਕਬਜ਼ਾ ਕਰਨਾ ਲੋੜਦੇ ਸਨ। ਗੰਡਾ ਸਿੰਘ ਪਹਿਲੀ ਤੇ ਭਾਈ ਤਾਰਾ ਸਿੰਘ ਦੂਜੀ ਧਿਰ ਦਾ ਪੱਕਾ ਹਮਾਇਤੀ ਸੀ। ਇਹਨਾਂ ਦੋਹਾਂ ਟੋਲਿਆਂ ਦੇ ਕੋਈ ਅੱਡੋ ਅੱਡਰੇ ਸੰਗਠਨ ਨਹੀਂ ਸਨ ਤੇ ਦੋਨੋਂ ਹੀ ਵੈਨਕੂਵਰ ਦੇ ਗੁਰਦੁਆਰੇ 'ਚ ਹੁੰਦੇ ਸਮਾਗਮਾਂ ਵਿਚ ਸ਼ਾਮਿਲ ਹੋਇਆ ਕਰਦੇ ਸਨ। ਇਹ ਗੱਲ ਇਸ ਕਰਕੇ ਸੰਭਵ ਸੀ ਕਿਉਂਕਿ ਸਿੱਖ ਧਰਮ ਜੀਵਨ ਦੇ ਮਜ਼ਬੀ, ਸਮਾਜਕ ਤੇ ਰਾਜਸੀ ਸਭਨਾਂ ਪਹਿਲੂਆਂ ਨੂੰ ਅੰਤਰ-ਸੰਬੰਧਿਤ ਇਕਾਈ ਦੇ ਹੀ ਅਟੁੱਟ ਅੰਗ ਸਮਝਦਾ ਸੀ। ਕੈਨੇਡਾ ਦੀ ਸਰਕਾਰ ਦੇ ਐਲਾਨਿ-ਜੰਗ ਦੇ ਫਲਸਰੂਪ ਬ੍ਰਿਟਿਸ਼ ਕੋਲੰਬੀਆ ਦੇ ਭਾਰਤੀ ਭਾਈਚਾਰੇ ਨੂੰ ਇਕ ਹੋਰ ਜ਼ਰੂਰੀ ਮਸਲੇ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਸ ਦੇ ਸਾਰੇ ਜੀ ਨਾਗਰਿਕ, ਸੂਬਾਈ ਜਾਂ ਡੋਮੀਨੀਅਨੀ

ਸਭਨਾਂ ਚੋਣਾਂ ਵਿਚ ਵੋਟ ਪਾਉਣ ਦੇ ਅਧਿਕਾਰ ਤੋਂ ਤਾਂ ਵਾਂਝੇ ਸਨ, ਪਰ ਡੋਮੀਨੀਅਨ ਸਰਕਾਰ ਦੀ ਭਾਰਤੀ ਨੀਤੀ ਅਨੁਸਾਰ ਇਹਨਾਂ ਨੂੰ ਸੈਨਿਕ-ਸੇਵਾਵਾਂ ਲਈ ਸੱਦਿਆ ਜਾ ਸਕਦਾ ਸੀ। ਇਸ ਤਰ੍ਹਾਂ ਇਹਨਾਂ ਦੀਆਂ ਜ਼ਿਮੇਂਵਾਰੀਆਂ ਤਾਂ ਬਰਤਾਨਵੀ ਪਰਜਾ ਵਾਲੀਆਂ ਸਨ ਪਰ ਹੱਕ ਨਹੀਂ।

... ...

ਐਤਵਾਰ ਨੂੰ ਲੌਢੇ ਪਹਿਰ ਹੋਏ ਇਕੱਠ ਵਿਚ ਗਰੇਟਰ ਵੈਨਕੂਵਰ ਤੇ ਫ਼ਰੇਜ਼ਰ ਤੋਂ ਨਿਊ ਵੈਸਟ ਮਨਿਸਟਰ ਤੇ ਇਸ ਤੋਂ ਵੀ ਪਰ੍ਹਾਂ ਦੀਆਂ ਲੱਕੜ ਮਿੱਲਾਂ ਵਿਚ ਕੰਮ ਕਰਦੇ ਪੰਜਾਬੀ ਕਾਮੇ ਹੁੰਮ ਹੁਮਾ ਕੇ ਪੁੱਜੇ ਸਨ। ਹਾਲ ਵਿਚ ਤਿਲ ਸੁੱਟਣ ਜੋਗੀ ਥਾਂ ਨਹੀਂ ਸੀ। ਬਹੁਤ ਸਾਰੇ ਬੰਦੇ ਗੁਰਦੁਆਰੇ ਦੇ ਵਿਹੜੇ ਵਿਚ ਤੇ ਕਾਫ਼ੀ ਸਾਰੇ ਬਾਹਿਰ ਦੀਆਂ ਪਗਡੰਡੀਆਂ ਤੇ ਨਿੱਕੀਆਂ ਨਿੱਕੀਆਂ ਟੋਲੀਆਂ ਵਿਚ ਖੜੇ ਭਾਈਚਾਰੇ ਨੂੰ ਦਰ-ਪੇਸ਼ ਸਮੱਸਿਆਵਾਂ ਬਾਰੇ ਗਰਮਾ ਗਰਮ ਬਹਿਸਾਂ ਵਿਚ ਜੁਟੇ ਹੋਏ ਸਨ।

ਮਲੂਕੇ ਨੂੰ ਕੁੱਕ ਹਾਊਸ ਵਿਚਲੇ ਆਪਣੇ ਲੰਮੇ ਤਜਰਬੇ ਤੋਂ ਇਸ ਗੱਲ ਦਾ ਪਤਾ ਸੀ ਕਿ ਪੰਜਾਬੀ ਲੱਕੜ-ਮਜ਼ਦੂਰਾਂ ਸੌਹੇਂ ਤਕਰੀਰ ਕਰਨੀ ਕੋਈ ਖ਼ਾਲਾ ਜੀ ਦਾ ਵਾੜਾ ਨਹੀਂ ਸੀ। ਆਪਣੀ ਅਸਹਿਮਤੀ ਦੀ ਸੂਰਤ ਵਿਚ ਉਹ ਬੁਲਾਰੇ ਨੂੰ ਵਿਚਾਲਿਓਂ ਹੀ ਟੋਕ ਦਿਆ ਕਰਦੇ ਸਨ। ਜੇ ਉਹ ਕਿਸੇ ਆਮ ਫਹਿਮ ਮਸਲੇ ਬਾਰੇ ਢਿੱਲੀ ਜਿਹੀ ਸੁਰ ਵਿਚ ਗੱਲ ਕਰਦਾ ਤਾਂ ਉਹ ਇਹੋ ਜਿਹੇ ਆਵਾਜ਼ੇ ਕੱਸਦੇ ਹੁੰਦੇ ਸਨ : "ਬਹਿ ਜਾ, ਬਹਿ ਜਾ, ਇਹ ਗੱਲਾਂ ਤਾਂ ਕੁੱਕ ਹਾਊਸ ਦੇ ਫੱਟੇ ਵੀ ਜਾਣਦੇ ਨੇ।" ਜੇ ਉਹ ਚੰਗੀ ਤਰ੍ਹਾਂ ਤਿਆਰ ਕੀਤੀ ਤਕਰੀਰ ਪੜ੍ਹਦਾ ਤਾਂ ਉਹ ਕਹਿੰਦੇ : "ਕਾਗ਼ਜ਼ ਸੁੱਟ ਪਰ੍ਹਾਂ। ਆਪਣੇ ਮਗਜ਼ ਚੋਂ ਬੋਲ।" ਕਵਿਤਾ ਪਾਠ ਕੁੱਕ-ਹਾਊਸਾਂ ਦਾ ਮਨ-ਭਾਉਂਦਾ ਜੀਅ-ਪਰਚਾਵਾ ਹੁੰਦਾ ਸੀ। ਸਿਖਾਂਦਰੂ ਕਵੀਆਂ ਪ੍ਰਤੀ ਸਰੋਤਿਆਂ ਦਾ ਰਵੱਈਆ ਖ਼ਾਸ ਤੌਰ 'ਤੇ ਕਠੋਰ ਹੁੰਦਾ ਸੀ। ਜੇ ਕਵੀ ਕੋਈ ਸਾਦ ਮੁਰਾਦਾ ਜਿਹਾ ਰਦੀਫ਼ ਚੁਣ ਕੇ ਆਪਣੀ ਆਮ ਫ਼ਹਿਮ ਗੱਲ ਨੂੰ ਤੁਕਬੰਦੀ ਵਿਚ ਬੰਨ੍ਹ ਕੇ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਤਾਂ ਉਹ ਕਹਿੰਦੇ : "ਇਹ ਕੀ ਕਵਿਤਾਬਾਜ਼ੀ ਹੈ। ਐਵੇਂ ਹਰ ਤੁਕ ਪਿੱਛੇ ਜੀ ਜੀ ਲਾ ਕੇ ਹਾਸੋਹੀਣੀਆਂ ਗੱਲਾਂ ਕਰਦਾਂ।" ਜੇ ਉਹ ਨਵੀਂ ਸ਼ੈਲੀ ਦੀ ਕਵਿਤਾ ਸੁਣਾਉਂਦਾ ਤਾਂ ਪ੍ਰਤਿਕਰਮ ਇਹ ਹੁੰਦਾ ਸੀ : "ਇਹ ਕਿਧਰ ਦੀ ਕਵਿਤਾ ਹੋਈ। ਇਹ ਤਾਂ ਰੱਸੇ ਗਲਾਮੇ ਖੁੱਲ੍ਹੀ ਵਾਰਤਕ ਹੀ ਏ।" ਮਲੂਕੇ ਦਾ ਇਹ

ਸੁਭਾਗ ਸੀ ਕਿ ਉਹਨੇ ਜਨਤਕ ਭਾਸ਼ਣ ਕਲਾ ਦਾ ਹੁਨਰ ਫੱਟਾ ਮਜ਼ਦੂਰਾਂ ਚੋ ਕਰੜੇ ਸਕੂਲ ਵਿਚ ਮੁਹਾਰਤ ਪ੍ਰਾਪਤ ਕਰ ਕੇ ਸਿੱਖਿਆ ਹੋਇਆ ਸੀ।

... ...

ਇਸ ਜਲਸੇ ਦਾ ਪ੍ਰਧਾਨ ਨੱਥਾ ਸਿੰਘ ਮਨੋਂ ਡਰਿਆ ਹੋਇਆ ਸੀ ਕਿਉਂਕਿ ਸਰੋਤਿਆਂ ਵਿਚਕਾਰ ਕਾਫ਼ੀ ਖਿੱਚੋਤਾਣ ਜੇਹੀ ਦਾ ਮਾਹੌਲ ਸੀ। ਉਹਨਾਂ ਵਿਚਕਾਰ, ਪੇਸ਼ ਮਸਲਿਆਂ ਬਾਰੇ ਕਾਫੀ ਡੂੰਘੇ ਮੱਤਭੇਦ ਸਨ।

ਕੱਟੜ-ਪੰਥੀਆਂ ਦੀ ਇਕ ਛੋਟੀ ਜਿਹੀ ਟੋਲੀ ਇਸ ਗੱਲੋਂ ਲੋਹੀ-ਲਾਖੀ ਹੋਈ ਪਈ ਸੀ ਕਿ ਪੜ੍ਹੇ ਲਿਖੇ, ਸਿਆਣੇ ਬਿਆਣੇ ਸਿੱਖ-ਯੁਵਕ ਮਲੂਕੇ ਨੇ ਸਿਰ ਮੁਨਾ ਕੇ ਆਪਣਾ ਮੂੰਹ ਸਫਾ-ਚੱਟ ਕਰਵਾਇਆ ਹੋਇਆ ਸੀ। ਉਹਨੇ ਭਾਵੇਂ ਕਿਸੇ ਵੀ ਮੰਤਵ ਨਾਲ ਗੁਰੂ ਗੋਬਿੰਦ ਸਿੰਘ ਹੋਰਾਂ ਦੇ ਹੁਕਮ ਦੀ ਅਦੂਲੀ ਕਿਉਂ ਨ ਕੀਤੀ ਹੋਵੇ, ਉਹ, ਉਹਨਾਂ ਅਨੁਸਾਰ ਪਤਿਤ ਸੀ। ਕੈਨੇਡਾ ਦੀ ਮਜ਼ਦੂਰ ਲਹਿਰ ਵਿਚ ਕੰਮ ਕਰਨ ਕਾਰਣ ਉਹ ਉਸ ਨੂੰ ਕਮਿਊਮਿਸਟ ਤੇ ਨਾਸਤਕ ਸਮਝਦੇ ਸਨ।

ਇਕੱਠ ਵਿਚ ਕੁਝ ਪੱਕੇ ਕੌਮ-ਪ੍ਰਸਤ ਵੀ ਸਨ, ਜਿਨ੍ਹਾਂ ਨੇ ਆਜ਼ਾਦੀ ਲਈ ਉੱਠੀ ਗਦਰ ਲਹਿਰ ਦੀ ਸਰਗਰਮ ਹਮਾਇਤ ਕੀਤੀ ਹੋਈ ਸੀ। ਉਨ੍ਹਾਂ ਨੂੰ ਇਸ ਗੱਲ ਨਾਲ ਡੂੰਘਾ ਮੱਤਭੇਦ ਸੀ ਕਿ ਸ਼ਾਹੀ ਬਰਤਾਨਵੀ ਹਕੂਮਤ ਨੇ ਨਿਰੰਕੁਸ਼ ਢੰਗ ਨਾਲ ਭਾਰਤ ਨੂੰ ਜੰਗ ਵਿਚ ਮੱਲੋ ਜ਼ੋਰੀ ਘਸੀਸ ਲਿਆਂਦਾ ਸੀ। ਉਨ੍ਹਾਂ ਨੂੰ ਇਸ ਗੱਲ ਤੇ ਹੋਰ ਵੀ ਗਿੱਲਾ ਸੀ ਕਿ ਸਰਕਾਰ ਆਪਣੇ ਜੰਗੀ ਟੀਚਿਆਂ ਨੂੰ ਸਾਫ਼ ਤੌਰ ਤੇ ਬਿਆਨਣ ਤੋਂ ਇਨਕਾਰੀ ਸੀ।

ਇਕੱਠ ਵਿਚ ਸ਼ਾਮਿਲ ਕੁਝ ਕਮਿਊਨਿਸਟ ਸਮਝਦੇ ਸਨ ਕਿ ਫਾਸ਼ੀਵਾਦ ਦੀ ਭਾਂਜ ਲਈ ਸਭਨਾਂ ਥਾਵਾਂ ਦੇ ਮਿਹਨਤਕਸ਼ ਲੋਕਾਂ ਨੂੰ ਇਕ ਮੁੱਠ ਹੋ ਕੇ ਲਾਮਬੰਦ ਹੋਣਾ ਚਾਹੀਦਾ ਹੈ। ਉਨ੍ਹਾਂ ਦਾ ਮੱਤ ਸੀ ਕਿ ਜੰਗ ਦੀ ਜਿੱਤ ਤੋਂ ਬਾਅਦ ਭਾਰਤੀ ਰਾਸ਼ਟਰਵਾਦ ਦੀਆਂ ਆਸਾਂ ਪੂਰੀਆਂ ਹੋਣੀਆਂ ਯਕੀਨੀ ਸਨ, ਕਿਉਂਕਿ ਉਹ ਸਮਝਦੇ ਸਨ ਕਿ ਜੰਗ ਵਿਚੋਂ ਗੁਜ਼ਰ ਕੇ ਬਰਤਾਨਵੀ ਸਾਮਰਾਜ ਏਨਾ ਨਿਤਾਣਾ ਹੋ ਜਾਏਗਾ ਕਿ ਭਾਰਤ ਨੂੰ ਜਬਰੀ ਤੌਰ ਤੇ ਆਪਣੇ ਕਬਜ਼ੇ ਹੇਠ ਨਹੀਂ ਰੱਖ ਸਕੇਗਾ।

ਨੱਥਾ ਸਿੰਘ ਨੇ ਮਲੂਕੇ ਦੀ ਸੰਖੇਪ ਜਿਹੀ ਜਾਣ-ਪਛਾਣ ਕਰਵਾਈ। "ਤੁਹਾਡੇ ਵਿਚੋਂ ਬਹੁਤ ਸਾਰੇ ਅੱਜ ਦੇ ਬੁਲਾਰੇ ਨੂੰ ਚੰਗੀ ਤਰ੍ਹਾਂ ਜਾਣਦੇ ਹੀ ਨੇ। ਪਰ ਆਪਣੇ ਭਾਈਚਾਰੇ ਵਿਚ ਹੁਣੇ ਹੁਣੇ ਸ਼ਾਮਿਲ ਹੋਇਆਂ ਦੀ ਜਾਣਕਾਰੀ ਲਈ ਮੈਂ ਏਨੀ ਗੱਲ

ਦੱਸਣੀ ਜ਼ਰੂਰੀ ਸਮਝਦਾ ਹਾਂ ਕਿ ਉਹ 1922 ਵਿਚ ਏਥੇ ਆਉਣ ਮਗਰੋਂ ਛੇਤੀ ਬਾਅਦ ਹੀ ਪੰਜਾਬੀ ਭਾਈਚਾਰੇ ਦਾ ਬੜਾ ਹੀ ਸਹਾਇਕ ਤੇ ਸਰਗਰਮ ਮੈਂਬਰ ਬਣ ਗਿਆ ਸੀ। ਆਪਣੇ ਲੰਮੇ ਸਫਰਾਂ ਤੇ ਕਈ ਸਾਲਾਂ ਦੀ ਪੜ੍ਹਾਈ ਮਗਰੋਂ ਉਹ ਇਕ ਬੜੇ ਹੀ ਨਾਜ਼ਕ ਮੌਕੇ ਸਾਡੇ ਵਿਚਕਾਰ ਫੇਰ ਹਾਜ਼ਿਰ ਹੋਇਆ ਹੈ। ਮੈਨੂੰ ਪਤਾ ਹੈ ਕਿ ਤੁਸੀਂ ਸਾਰੇ ਹੀ ਉਹਦੇ ਵਿਚਾਰ ਸੁਣਨ ਲਈ ਬੜੇ ਹੀ ਤਤਪਰ ਹੋਵੋਗੇ।"

ਮਲੂਕੇ ਨੇ ਪਹਿਲਾਂ ਭਾਈਚਾਰੇ ਦੀ ਭਾਰਤ ਦੇ ਸੁਤੰਤਰਤਾ ਸੰਗ੍ਰਾਮ ਤੇ ਸਿੱਖ ਗੁਰਦੁਆਰਿਆਂ ਨੂੰ ਮਹੰਤਾਂ ਦੇ ਕਬਜ਼ੇ ਤੋਂ ਛੁਡਾਉਣ ਲਈ ਚਲਾਈ ਗਈ ਲਹਿਰ 'ਚ ਪਾਏ ਉੱਘੇ ਯੋਗਦਾਨਾਂ ਲਈ ਪ੍ਰਸ਼ੰਸਾ ਵਜੋਂ ਕੁਝ ਸ਼ਬਦ ਆਖੇ।

ਫੇਰ ਉਸਨੇ ਸਮਕਾਲੀ ਸੰਸਾਰ ਵਿਆਪੀ ਆਰਥਿਕ ਰਾਜਨੀਤਕ ਸਥਿਤੀ ਵਲ ਮੋੜ ਕੱਟਦਿਆਂ ਇਸ ਗੱਲ ਤੇ ਜ਼ੋਰ ਦਿੱਤਾ ਕਿ ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਵਿਚ ਹਾਲੇ ਵੀ ਸਮਾਜਿਕ-ਨਿਆਂ ਨਾਂ ਦੀ ਕੋਈ ਚੀਜ਼ ਨਹੀਂ ਪਾਈ ਜਾਂਦੀ। ਭਾਵੇਂ ਯੂਰਪ ਦੇ ਕਈ ਸਰਮਾਏਦਾਰੀ ਦੇਸ਼ਾਂ ਦੇ ਲੋਕ ਆਪੋ ਆਪਣੀ ਧਰਤੀ ਤੇ ਤਾਂ ਜਮਹੂਰੀਅਤ ਦੇ ਵਰਦਾਨ ਨਾਲ ਵਰੋਸਾਏ ਹੋਏ ਹਨ ਪਰ ਏਸ਼ੀਆ ਤੇ ਅਫ਼ਰੀਕਾ ਦੀਆਂ ਸਭਨਾਂ ਬਸਤੀਆਂ ਵਿਚ, ਉਹਨਾਂ ਨੇ ਸਭ ਕਿਸਮ ਦੇ ਜਮਹੂਰੀ ਹੱਕਾਂ ਤੇ ਪੂਰੀ ਪਾਬੰਦੀ ਲਾਈ ਹੋਈ ਏ। ਇਹ ਅਨਿਆਂ ਹਰ ਹੀਲੇ, ਦੂਰ ਕੀਤਾ ਜਾਣਾ ਚਾਹੀਦਾ ਏ।

ਪਰ ਫਾਸ਼ਿਜ਼ਮ ਦੀ ਹੋਰ ਵਧੇਰੇ ਭਿਆਨਕ ਹਵਾ ਪੂਰੇ ਜ਼ੋਰ ਸ਼ੋਰ ਨਾਲ ਦੁਨੀਆਂ ਨੂੰ ਆਪਣੀ ਗ੍ਰਿਫਤ ਵਿਚ ਜਕੜਨ ਦੀ ਤਾਕ ਲਾਈ ਬੈਠੀ ਹੈ। ਇਸ ਦਾ ਆਧਾਰ ਇਜਾਰੇਦਾਰ ਪੂੰਜੀਵਾਦ ਹੈ, ਜੋ ਆਪਣੀ ਅਸੁਰੱਖਿਆ ਕਾਰਣ ਮਿਹਨਤਕਸ਼ ਲੋਕਾਂ ਦੀ ਬਗ਼ਾਵਤ ਤੋਂ ਡਰਿਆ ਹੋਇਆ ਹੈ। ਇਸ ਲਈ ਇਹ ਆਪਣੀ ਹਕੂਮਤ ਹੇਠਲੇ ਲੋਕਾਂ ਉੱਪਰ ਆਪਣੇ ਜਮਜੱਥੇ ਨੂੰ ਨਿਰੰਕੁਸ਼ ਢੰਗ ਨਾਲ ਮਜ਼ਬੂਤ ਕਰਨਾ ਚਾਹੁੰਦਾ ਹੈ। ਇਹਨੇ ਮਿਲ ਕੇ ਬੈਠਣ ਤੇ ਬੋਲਣ ਦੀ ਆਜ਼ਾਦੀ ਤੇ ਪੂਰੀ ਪਾਬੰਦੀ ਲਾਈ ਹੋਈ ਏ। ਮਜ਼ਦੂਰਾਂ ਦੇ ਸੁਤੰਤਰ ਸੰਗਠਨਾਂ ਨੂੰ ਕੋਈ ਖੁੱਲ੍ਹ ਪ੍ਰਾਪਤ ਨਹੀਂ। ਇਸਦਾ ਟੀਚਾ ਮਨੁੱਖੀ ਵਿਚਾਰਾਂ ਤੇ ਕਦਰਾਂ ਕੀਮਤਾਂ ਉੱਪਰ ਵੀ ਪੂਰੀ ਤਰ੍ਹਾਂ ਕਾਬਿਜ਼ ਹੋਣਾ ਹੈ। ਇਸ ਲਈ ਮਨੁੱਖ ਮਾਤਰ ਨੂੰ ਆਰਥਿਕ ਲੁੱਟ-ਖਸੁੱਟ, ਜਾਜ਼ਸੀ ਗੁਲਾਮੀ ਤੇ ਸਦਾਚਾਰਕ ਗਿਰਾਵਟ ਤੋਂ ਬਚਾਉਣ ਲਈ ਇਸ ਦਾ ਫਸਤਾ ਵੱਢਣ ਖਾਤਰ ਇਸ ਵਿਰੁੱਧ ਅੰਤਿਮ ਸੁਆਸਾਂ ਤਾਈਂ ਲੜਨਾ ਜ਼ਰੂਰੀ ਹੈ।

"ਤੂੰ ਬੀ. ਸੀ. ਤੋਂ ਬਹੁਤ ਚਿਰ ਬਾਹਿਰ ਰਿਹਾ" ਸਰੋਤਿਆਂ ਵਿਚੋਂ ਇਕ ਗੁਸੈਲੀ ਆਵਾਜ਼ ਕੁਰਲਾਈ। "ਤੈਨੂੰ ਇਥੋਂ ਦੀ ਹਾਲਤ ਦੀ ਕੋਈ ਖਬਰ ਨਹੀਂ।"

ਇਹ ਭਾਈ ਤਾਰਾ ਸਿੰਘ ਸੀ।

"ਬੀ. ਸੀ. ਦੇ ਬਹੁਤ ਸਾਰੇ ਸਿੱਖ" ਉਸਨੇ ਆਪਣੀ ਗੱਲ ਜਾਰੀ ਰੱਖਦਿਆਂ ਕਿਹਾ ਸੀ, "ਪਿਛਲੀ ਆਲਮੀ ਲੜਾਈ ਵਿਚ ਜਮਹੂਰੀਅਤ ਦੀ ਰਾਖੀ ਲਈ ਜੂਝੇ ਸਨ, ਫਿਰ ਵੀ ਉਨ੍ਹਾਂ ਨੂੰ ਵੋਟ ਪਾਉਣ ਦਾ ਹੱਕ ਤੀਕ ਹਾਸਿਲ ਨਹੀਂ ਹੋਇਆ ਜਦਕਿ ਜਰਮਨੀ ਤੇ ਹੋਰ ਯੂਰਪੀ ਦੇਸ਼ਾਂ ਤੋਂ ਆਏ ਪਰਵਾਸੀਆਂ ਨੂੰ ਪੂਰੇ ਜਮਹੂਰੀ ਅਧਿਕਾਰ ਪ੍ਰਾਪਤ ਨੇ।"

"ਇਸ ਤੋਂ ਵੀ ਮਾੜੀ ਗੱਲ ਇਹ ਹੈ," ਫਾਸ਼ਿਜ਼ਮ ਦੇ ਕੱਟਰ ਵਿਰੋਧੀ ਗੰਡਾ ਸਿੰਘ ਨੇ ਆਖਿਆ ਸੀ, "ਅਸੀਂ ਨਾਗਰਿਕ ਹੱਕਾਂ ਤੋਂ ਭਾਵੇਂ ਵਾਂਝੇ ਹਾਂ ਫਿਰ ਵੀ ਸਾਨੂੰ ਫ਼ੌਜੀ ਸੇਵਾ ਲਈ ਧਰੀਕਿਆ ਜਾ ਸਕਦੈ।"

ਮਲੂਕੇ ਨੂੰ ਇਸ ਗੱਲ ਦੀ ਬੜੀ ਖੁਸ਼ੀ ਸੀ ਕਿ ਭਾਈ ਤਾਰਾ ਸਿੰਘ ਤੇ ਗੰਡਾ ਸਿੰਘ, ਜੋ ਆਮ ਤੌਰ ਤੇ ਬਹੁਤੇ ਮਾਮਲਿਆਂ ਵਿਚ ਇਕ ਦੂਸਰੇ ਦੇ ਵਿਰੋਧੀ ਹੁੰਦੇ ਸਨ, ਇਸ ਮਸਲੇ ਬਾਰੇ ਇਕ ਆਵਾਜ਼ ਵਿਚ ਬੋਲ ਰਹੇ ਸਨ।

"ਜੋ ਤੁਸੀਂ ਕਿਹਾ ਹੈ ਪੂਰੀ ਤਰ੍ਹਾਂ ਸੱਚ ਤੇ ਸਰਾਸਰ ਨਿਆਈਂ ਹੈ।" ਮਲੂਕੇ ਨੇ ਉੱਤਰ ਦਿੱਤਾ ਸੀ, "ਪਰ ਬੀ.ਸੀ. ਦੇ ਲੋਕਾਂ ਲਈ ਚੋਣ-ਅਧਿਕਾਰ ਕਿਵੇਂ ਪ੍ਰਾਪਤ ਕੀਤੇ ਜਾਣ? ਇਹ ਮਸਲਾ ਏਨਾ ਮਹੱਤਵਪੂਰਣ ਤੇ ਨਾਜ਼ਕ ਹੈ ਕਿ ਇਸ ਬਾਰੇ ਛੇਤੀ ਹੀ ਜਜ਼ਬਾਤ ਦੀ ਰੌਂ ਵਿਚ ਬਹਿ ਜਾਣ ਵਾਲੀ ਇਸ ਵੱਡੀ ਸਭਾ 'ਚ ਪੂਰੀ ਗੰਭੀਰਤਾ ਨਾਲ ਵਿਚਾਰ ਨਹੀਂ ਕੀਤੀ ਜਾ ਸਕਦੀ। ਮੇਰੀ ਰਾਇ ਹੈ ਕਿ ਇਸ ਮਸਲੇ ਨੂੰ ਵਿਚਾਰਨ ਲਈ ਪੰਜਾਂ ਆਦਮੀਆਂ ਦੀ ਕਮੇਟੀ ਬਣਾਈ ਜਾਵੇ ਜੋ ਆਪਣੇ ਸਾਂਝੇ ਫ਼ੈਸਲੇ ਨੂੰ ਮਗਰੋਂ ਸੰਗਤ ਸਾਹਮਣੇ ਪੇਸ਼ ਕਰੇ।"

ਨੱਥਾ ਸਿੰਘ ਨੇ ਇਸ ਕਮੇਟੀ ਦੀ ਨਾਮਜ਼ਦਗੀ ਲਈ ਪੰਜ ਨਾਂ ਮੰਗੇ। ਇਹਨਾਂ ਪੰਜਾਂ ਵਿਚ ਭਾਈ ਤਾਰਾ ਸਿੰਘ ਤੇ ਗੰਡਾ ਸਿੰਘ ਦੇ ਨਾਂ ਵੀ ਸ਼ਾਮਿਲ ਸਨ। ਕਮੇਟੀ ਦੀ ਗੁਰਦੁਆਰੇ ਦੇ ਵੱਡੇ ਭੋਰੇ ਵਿਚ ਮੀਟਿੰਗ ਹੋਈ।

ਮਲੂਕੇ ਨੇ ਕਮੇਟੀ ਸਾਹਵੇਂ ਆਪਣੇ ਵਿਚਾਰ ਪ੍ਰਗਟ ਕਰਦਿਆਂ ਇਹ ਗੱਲ ਛੇਤੋ ਕਰਵਾਈ ਕਿ ਅੰਨ੍ਹੇ ਨਸਲਵਾਦ ਦੇ ਦਿਨ, ਜਦੋਂ ਸਥਾਨਕ ਸਿਆਸਤਦਾਨ,

ਵਿਸ਼ੇਸ਼ਕਰ ਐਚ. ਐਚ. ਸਟੀਵਨਜ਼ ਸੂਬਾਈ ਵਿਧਾਨ ਸਭਾਵਾਂ ਲਈ ਆਪਣੀਆਂ ਚੋਣਾਂ ਨੂੰ ਯਕੀਨੀ ਬਣਾਉਣ ਲਈ 'ਬ੍ਰਿਟਿਸ਼ ਕੋਲੰਬੀਆ ਗੋਰਿਆਂ ਦਾ' ਕਹਿੰਦੇ ਹੁੰਦੇ ਸਨ, ਹੁਣ ਬੀਤ ਚੁੱਕੇ ਸਨ। ਉਸ ਨੇ ਇਹ ਵੀ ਯਾਦ ਕਰਵਾਇਆ ਕਿ ਹੁਣ ਡੋਮੀਨੀਅਨ ਦੇ ਕੇਵਲ ਇਕੋ ਸੂਬੇ, ਬੀ.ਸੀ. ਵਿਚ ਹੀ ਭਾਰਤੀ ਭਾਈਚਾਰਾ ਵੋਟ-ਅਧਿਕਾਰ ਤੋਂ ਵਾਂਝਾ ਰਹਿ ਗਿਆ ਹੈ।

"ਵਾਹ ਮਲੂਕਿਆ", ਭਾਈ ਤਾਰਾ ਸਿੰਘ ਨੇ ਉਹਨੂੰ ਵਿਚੋਂ ਹੀ ਟੋਕਿਆ, "ਤੇਰਾ ਬਿਆਨ ਇਸ ਅਸਲੀਅਤ ਨੂੰ ਦਰਗੁਜ਼ਰ ਕਰ ਰਿਹਾ ਹੈ ਕਿ ਕੈਨੇਡਾ ਦੇ ਹੋਰ ਸੂਬਿਆਂ ਵਿਚ ਭਾਰਤੀ ਪਰਵਾਸੀਆਂ ਦੀ ਕੁਲ ਗਿਣਤੀ ਇਕ ਦਰਜਨ ਤੋਂ ਵੱਧ ਨਹੀਂ ਜੇ ਹੋਣੀ। ਤੈਨੂੰ ਕਹਿਣਾ ਇਹ ਚਾਹੀਦਾ ਸੀ ਕਿ ਕੈਨੇਡਾ ਦੇ ਜਿਨ੍ਹਾਂ ਸੂਬਿਆਂ ਵਿਚ ਕੋਈ ਭਾਰਤੀ ਮਿਲਣਾ ਹੀ ਮੁਹਾਲ ਹੈ, ਉੱਥੇ ਉਨ੍ਹਾਂ ਨੂੰ ਪੂਰੇ ਵੋਟ-ਅਧਿਕਾਰ ਪ੍ਰਾਪਤ ਨੇ।"

"ਤੁਹਾਡੀ ਗੱਲ ਸਹੀ ਹੈ", ਮਲੂਕੇ ਨੇ ਆਖਿਆ ਸੀ, "ਪਰ ਆਪਣੇ ਆਦਰਸ਼ ਦੀ ਬੀ.ਸੀ. ਵਿਚ ਪੂਰਤੀ ਲਈ ਮੈਨੂੰ ਕੁਝ ਸਿਫ਼ਾਰਸ਼ਾਂ ਪੇਸ਼ ਕਰਨ ਦੀ ਇਜਾਜ਼ਤ ਦਿਓ।"

"ਕਮੇਟੀ ਨੂੰ ਆਪਣੇ ਭਾਈਚਾਰੇ ਵਲੋਂ ਡੋਮੀਨੀਅਨ ਦੇ ਰੱਖਿਆ ਮੰਤਰੀ ਅੱਗੇ ਇਹ ਮੰਗ ਪੱਤਰ ਦਾਇਰ ਕਰਨਾ ਚਾਹੀਦਾ ਹੈ ਜਿਸ ਵਿਚ ਵੋਟ-ਅਧਿਕਾਰ ਦੀ ਗ਼ੈਰ-ਮੌਜੂਦਗੀ ਵਿਚ ਆਪਣੇ ਭਾਈਚਾਰੇ ਦੇ ਮੈਂਬਰਾਂ ਉੱਪਰ ਠੋਸੇ ਸੈਨਿਕ ਸੇਵਾ ਵਿਚ ਸ਼ਾਮਿਲ ਹੋਣ ਦੇ ਫ਼ਰਜ਼ ਵਿਰੁੱਧ ਉਜ਼ਰ ਪ੍ਰਗਟ ਕੀਤਾ ਜਾਏ। ਮੰਗ-ਪੱਤਰ ਵਿਚ ਇਸ ਗੱਲ ਦੀ ਪੂਰੀ ਤਰ੍ਹਾਂ ਵਜ਼ਾਹਤ ਕੀਤੀ ਜਾਏ ਕਿ ਬੀ. ਸੀ. ਦੇ ਭਾਰਤੀ ਭਾਈਚਾਰੇ ਉੱਪਰ ਸਮਾਨਾਂਤਰ ਅਧਿਕਾਰਾਂ ਤੋਂ ਬਿਨਾਂ ਬਰਤਾਨਵੀ ਪਰਜਾ ਵਾਲੀਆਂ ਜ਼ਿਮੇਂ-ਵਾਰੀਆਂ ਠੋਸਣੀਆਂ ਸਰਾਸਰ ਅਨਿਆਈਂ ਨੇ।"

"ਇਸ ਗੱਲ 'ਤੇ ਪੂਰਾ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ ਕਿ ਵੋਟ-ਅਧਿਕਾਰਾਂ ਦੀ ਪ੍ਰਾਪਤੀ ਦੀ ਸੂਰਤ ਵਿਚ ਭਾਈਚਾਰੇ ਨੂੰ ਸੈਨਿਕ ਸੇਵਾ ਵਿਚ ਸ਼ਾਮਿਲ ਹੋਣ ਤੋਂ ਕੋਈ ਉਜ਼ਰ ਨਹੀਂ ਹੋਵੇਗਾ। ਸਗੋਂ ਅਸੀਂ ਫ਼ਾਸਿਜ਼ਮ ਦੀ ਹਾਰ ਨੂੰ ਯਕੀਨੀ ਬਣਾਉਣ ਲਈ ਆਪਣੇ ਵਲੋਂ ਕੋਈ ਕਸਰ ਬਾਕੀ ਨਹੀਂ ਛੱਡਾਂਗੇ।"

"ਇਸ ਵਿਚ ਇਹ ਗੱਲ ਵੀ ਪਾ ਦੇਣੀ ਚਾਹੀਦੀ ਹੈ ਕਿ ਸਰਕਾਰ ਵਲੋਂ

ਅਜਿਹਾ ਹੁੰਘਾਰਾ ਮਿਲਣ ਦੀ ਸੂਰਤ ਵਿਚ ਭਾਰਤ ਵਿਚ ਲੋਕਾਂ ਦੀ ਬੇਸਬਰੀ ਦੀ ਭਾਵਨਾ ਵੀ ਕੁਝ ਹੱਦ ਤਾਈਂ ਮੱਠੀ ਕਰਨ ਵਿਚ ਮਦਦ ਮਿਲੇਗੀ।"

ਕਮੇਟੀ ਦੀਆਂ ਸਿਫ਼ਾਰਸ਼ਾਂ ਨੂੰ ਸਮੂਹ ਸੰਗਤ ਵਲੋਂ ਸਰਬ ਸੰਮਤੀ ਨਾਲ ਪ੍ਰਵਾਨਗੀ ਦਿੱਤੀ ਗਈ ਸੀ।

ਭਾਈਚਾਰੇ ਨੇ ਆਪਣੀ ਇਹ ਪਟੀਸ਼ਨ ਆਪਣੇ ਵਕੀਲਾਂ, ਬਰਡ ਐਂਡ ਬਰਡ ਵੈਨਕੂਵਰ ਰਾਹੀਂ 8 ਅਕਤੂਬਰ ਨੂੰ ਪੇਸ਼ ਕੀਤੀ ਜਿਸ ਨੂੰ ਪ੍ਰਵਾਨ ਕਰ ਲਿਆ ਗਿਆ ਸੀ ਤੇ ਭਾਰਤੀ ਭਾਈਚਾਰੇ ਨੂੰ ਵੋਟ-ਅਧਿਕਾਰ ਮਿਲ ਗਿਆ ਸੀ।

ਮਲੂਕੇ ਨੇ ਵਿਕਟੋਰੀਆ ਤੇ ਵੈਨਕੂਵਰ ਵਿਚ ਦੋ ਗੁਰਦਵਾਰਿਆਂ ਤੇ ਕੈਨੇਡਾ ਦੀ ਹਿੰਦੁਸਤਾਨੀ ਲੀਗ ਦੀ ਸਰਪ੍ਰਸਤੀ ਹੇਠ ਅੰਗਰੇਜ਼ੀ-ਭਾਸ਼ੀ ਸਰੋਤਿਆਂ ਅੱਗੇ ਵੀ ਕਈ ਤਕਰੀਰਾਂ ਕੀਤੀਆਂ ਸਨ।

ਵੈਨਕੂਵਰ ਵਿਚ ਉਹ ਭਰੀ ਸਭਾ ਸਾਹਵੇਂ ਬੁਰਾਰਡ ਹਾਲ ਵਿਚ 'ਗਾਂਧੀ ਬਨਾਮ ਹਿਟਲਰ' ਦੇ ਵਿਸ਼ੇ 'ਤੇ ਬੋਲਿਆ ਸੀ। ਇਸ ਸਭਾ ਦੀ ਪ੍ਰਧਾਨਗੀ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਦੇ ਅੰਗਰੇਜ਼ੀ ਵਿਭਾਗ ਦੇ ਮੁਖੀ ਪ੍ਰੋ: ਜੀ. ਜੀ. ਸੈਜਵਿਕ ਨੇ ਕੀਤੀ ਸੀ। ਡੌਰਿਸਟਰਜ਼ ਹਾਲ ਵਿਚ ਉਹ ਵੈਨਕੂਵਰ ਨੀਊਜ਼ ਹੈਰਾਲਡ ਦੇ ਸੰਪਾਦਕ ਕੈਪਟਨ ਏਲਮੋਰ ਫਿਲਪਾਟ ਦੀ ਪ੍ਰਧਾਨਗੀ ਹੇਠ 'ਮੁਸਲਿਮ ਸੰਸਾਰ ਤੇ ਜੰਗ' ਦੇ ਵਿਸ਼ 'ਤੇ ਬੋਲਿਆ ਸੀ।

ਵਿਕਟੋਰੀਆ ਵਿਚ ਉਹ ਚੈਂਬਰ ਆਫ਼ ਕਾਮਰਸ ਹਾਲ ਵਿਚ 'ਰਾਬਿੰਦਰ ਨਾਥ ਟੈਗੋਰ : ਕਵੀ ਤੇ ਦਰਸ਼ਨ-ਵੇਤਾ' ਦੇ ਵਿਸ਼ੇ 'ਤੇ ਇਕ ਸਭਾ ਨੂੰ ਸੰਬੋਧਿਤ ਹੋਇਆ ਸੀ। ਇਸ ਭਾਸ਼ਣ ਦਾ ਸਾਰ ਸਥਾਨਕ ਬੀ. ਸੀ. ਦੇ ਪ੍ਰੋਗਰਾਮ ਵਿਚ ਵੀ ਪ੍ਰਸਾਰਿਤ ਕੀਤਾ ਗਿਆ ਸੀ।

... ...

ਦਿਲਬਾਗ ਸਿੰਘ ਕੈਨੇਡਾ ਵਿਚ ਵਿਦਿਆਰਥੀ ਦੇ ਤੌਰ 'ਤੇ ਆਇਆ ਸੀ ਪਰ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਵਿਚ ਆਪਣੀ ਪੜ੍ਹਾਈ ਦੇ ਦੂਜੇ ਵਰ੍ਹੇ ਦੀ ਸਮਾਪਤੀ ਤੋਂ ਬਾਅਦ ਹੀ ਉਹਨੂੰ ਪੈਸਿਆਂ ਦੀ ਘਾਟ ਕਾਰਨ ਆਪਣੀ ਪੜ੍ਹਾਈ ਅੱਧ-ਵਿਚਕਾਰ ਹੀ ਛੱਡਣੀ ਪਈ ਸੀ। ਇਸ ਸੁਹਣੇ ਸੁਨੱਖੇ ਖ਼ੁਸ਼-ਅਸਲੂਬ ਤੇ ਨਰੋਏ ਗੱਭਰੂ ਨੇ ਡੰਕਨ ਵਿਚ ਟਰੱਕ ਖ਼ਰੀਦ ਕੇ ਲੱਕੜ ਦੇ ਕੰਮ ਰਾਹੀਂ ਆਪਣੀ ਰੋਜ਼ੀ ਕਮਾਉਣੀ

ਸ਼ੁਰੂ ਕਰ ਚਿੱਤੀ ਸੀ। ਉਹ ਇੱਥੇ ਕਾਫ਼ੀ ਮਕਬੂਲ ਹੋ ਗਿਆ ਸੀ। ਰਾਜਸੀ ਤੌਰ 'ਤੇ ਉਹ ਕੈਨੇਡੀਅਨ ਕਾਮਨਵੈਲਥ ਫ਼ੈਡਰੇਸ਼ਨ ਦੇ ਸਮਾਜਵਾਦੀ ਵਿਚਾਰਾਂ ਵੱਲ ਖਿੱਚਿਆ ਗਿਆ ਸੀ।

"ਮਲੂਕਿਆ, ਤੈਨੂੰ ਡੰਕਨ ਵਿਚ 'ਸਾਮਰਾਜਵਾਦ ਤੇ ਫਾਸ਼ੀਵਾਦ' ਵਿਚਕਾਰ ਫ਼ਰਕ ਸਾਫ਼ ਕਰਨ ਲਈ ਇਸ ਵਿਸ਼ੇ 'ਤੇ ਭਾਸ਼ਣ ਜ਼ਰੂਰ ਦੇਣਾ ਚਾਹੀਦਾ ਹੈ।" ਉਸ ਨੇ ਆਖਿਆ ਸੀ, "ਜਦੋਂ ਤੂੰ ਵੈਨਕੂਵਰ ਬੋਲਿਆ ਸੀ, ਤਾਂ ਇੱਥੇ ਦੀਆਂ ਲੱਕੜ-ਮਿੱਲਾਂ ਤੇ ਟਾਲਾਂ 'ਤੇ ਕੰਮ ਕਰਦੇ ਮਜ਼ਦੂਰ ਤੈਨੂੰ ਸੁਣਨ ਨਹੀਂ ਸਨ ਜਾ ਸਕੇ। ਨਾਲੇ ਮੇਰੀ ਖ਼ਾਹਿਸ਼ ਹੈ ਕਿ ਤੈਨੂੰ ਬਰਤਾਨਵੀ-ਮੁੱਢ ਵਾਲੇ ਉਹ ਅੰਗਰੇਜ਼ ਵੀ ਜ਼ਰੂਰ ਸੁਣਨ ਜੋ ਭਾਰਤ ਵਿਚ ਆਪਣੀ ਸੇਵਾ-ਮੁਕਤੀ ਤੋਂ ਬਾਅਦ ਮਿਲੀਆਂ ਮੋਟੀਆਂ ਪੈਨਸ਼ਨਾਂ ਲੈ ਕੇ ਬਰਤਾਨਵੀ ਸਲਤਨਤ ਦੀ ਸ਼ਾਨ ਦੇ ਗੀਤ ਗਾਉਂਦੇ ਨਹੀਂ ਥੱਕਦੇ।"

ਮਲੂਕੇ ਨੂੰ ਕੀ ਉਜ਼ਰ ਹੋ ਸਕਦਾ ਸੀ? ਕੋਇਚਨ ਲੀਡਰ ਦੇ ਸੰਪਾਦਕ ਮਿਸਟਰ ਗੁਬਰੀ ਐਮ. ਐਲ. ਏ. ਦੀ ਪ੍ਰਧਾਨਗੀ ਹੇਠ ਡੰਕਨ ਵਿਚ ਇਕ ਮੀਟਿੰਗ ਦਾ ਪ੍ਰਬੰਧ ਕੀਤਾ ਗਿਆ। ਇਸ ਮੀਟਿੰਗ ਵਿਚ ਬਹੁਤ ਸਾਰੇ ਭਾਰਤੀ ਮਜ਼ਦੂਰਾਂ ਤੋਂ ਬਿਨਾਂ ਵਿਕਟੋਰੀਆ ਵਿਚ ਰਹਿੰਦੇ ਬਰਤਾਨਵੀ-ਮੁੱਢ ਵਾਲੇ ਕਾਫ਼ੀ ਸਾਰੇ ਕੈਨੇਡੀਅਨ ਸ਼ਹਿਰੀ ਵੀ ਸ਼ਾਮਿਲ ਹੋਏ ਸਨ।

"ਸਾਮਰਾਜਵਾਦ ਤੇ ਫਾਸ਼ੀਵਾਦ ਵਿਚਕਾਰ ਇਕ ਦੂਜੇ ਨਾਲੋਂ ਬਹੁਤਾ ਫ਼ਰਕ ਨਹੀਂ।" ਮਲੂਕੇ ਨੇ ਆਖਿਆ ਸੀ। "ਅਸਲ ਵਿਚ ਉਹ ਧੁਰ ਅੰਦਰੋਂ ਕਰਨਲ ਦੀ ਸੁਆਣੀ ਤੇ ਜੂਡੀ ਓ. ਗਰੇ ਵਾਂਗ ਚਮੜੀ ਹੇਠੋਂ ਇੱਕੋ ਹੀ ਹਨ।"

"ਫਾਸ਼ੀਵਾਦ", ਉਸਨੇ ਅਗਾਂਹ ਆਖਿਆ ਸੀ, "ਮਹਿਜ਼ ਕਾਲੀਆਂ ਤੇ ਦਾਖੀ ਕਮੀਜ਼ਾਂ ਦਾ ਹੀ ਸੁਆਲ ਨਹੀਂ। ਤੁਸੀਂ ਚਿੱਟੀਆਂ ਗੱਦੀਦਾਰ ਕਮੀਜ਼ਾਂ ਪਹਿਨ ਕੇ ਵੀ ਫਾਸ਼ੀ ਹੋ ਸਕਦੇ ਹੋ। ਜਿੱਥੋਂ ਤੀਕ ਮੇਰਾ ਸੰਬੰਧ ਹੈ, ਮੈਂ ਗਾਂਧੀ ਵਾਂਗ ਇਹਨਾਂ ਤਿੰਨਾਂ ਵਿਚੋਂ ਹੀ ਕੋਈ ਕਮੀਜ਼ ਪਹਿਨਣ ਤੋਂ ਬਿਨਾਂ ਨੰਗ-ਧੜੰਗਾ ਰਹਿਣਾ ਹੀ ਪਸੰਦ ਕਰਾਂਗਾ।"

"ਫਾਸ਼ੀਵਾਦ ਤੇ ਸਾਮਰਾਜਵਾਦ ਦੋਹਾਂ ਦੀ ਬੁਨਿਆਦ ਪੂੰਜੀਵਾਦ ਹੈ, ਪਰ ਫੇਰ ਵੀ" ਉਹਨੇ ਆਖਿਆ ਸੀ, "ਦੋਹਾਂ ਵਿਚਕਾਰ ਫ਼ਰਕ ਹੈ। ਮਿਸਾਲ ਦੇ ਤੌਰ ਤੇ ਬਰਤਾਨਵੀ ਸਾਮਰਾਜਵਾਦ ਜਮਹੂਰੀ ਪੂੰਜੀ 'ਤੇ ਆਧਾਰਿਤ ਹੈ, ਜੋ ਆਪਣੇ ਦੇਸ਼ 'ਚ

ਮਜ਼ਦੂਰ ਜਮਾਤ ਨੂੰ ਆਪਣੀਆਂ ਆਰਥਿਕ ਜਥੇਬੰਦੀਆਂ ਤੇ ਆਪਣੀ ਰਾਜਨੀਤਕ ਪਾਰਟੀ ਬਣਾਉਣ ਦੀ ਆਜ਼ਾਦੀ ਦੇਂਦਾ ਹੈ। ਇਹ ਸੱਚ ਹੈ ਕਿ ਦੋ ਮੌਕਿਆਂ 'ਤੇ ਬਰਤਾਨਵੀ ਲੇਬਰ ਪਾਰਟੀ ਨੂੰ ਆਪਣੇ ਦੇਸ਼ 'ਤੇ ਹਕੂਮਤ ਕਰਨ ਦੀ ਖੁਲ੍ਹ ਦਿੱਤੀ ਜਾ ਚੁੱਕੀ ਹੈ। ਇਹ ਖੁਲ੍ਹ ਕਾਫ਼ੀ ਹੱਦ ਤਾਈਂ ਬਰਤਾਨਵੀ ਬਸਤੀਆਂ ਚੋਂ ਦੌਲਤ ਦੀ ਵੱਡ-ਪੱਧਰੀ ਆਮਦ ਦੇ ਆਸਰੇ ਹੀ ਸੰਭਵ ਹੋ ਸਕੀ ਹੈ।"

"ਜਿੱਥੋਂ ਤੀਕ ਇਸ ਦੀਆਂ ਬਸਤੀਆਂ ਦਾ ਸੰਬੰਧ ਹੈ, ਬਰਤਾਨਵੀ ਸਾਮਰਾਜ-ਵਾਦ ਦਾ ਚਿਹਰਾ, ਖ਼ਾਸ ਕਰ ਸੰਕਟ ਦੇ ਮੌਕੀਂ, ਫਾਸ਼ੀਵਾਦ ਨਾਲੋਂ ਵਖਰਿਆਇਆ ਨਹੀਂ ਜਾ ਸਕਦਾ ਰਿਹਾ। ਉਦਾਹਰਣ ਵਜੋਂ ਭਾਰਤ ਦੀ ਸੂਰਤ ਵਿਚ, ਦੇਸ਼ ਦੀ ਕਿਸੇ ਵੀ ਜ਼ਿਮੇਵਾਰ ਪਾਰਟੀ ਨਾਲ ਮਸ਼ਵਰੇ ਤੋਂ ਬਿਨਾਂ ਹੀ, ਮੁਲਕ ਨੂੰ ਜੰਗ ਦੀ ਭੱਠੀ ਵਿਚ ਝੋਕ ਦਿੱਤਾ ਗਿਆ ਹੈ। ਇਸ ਨੇ 1935 ਦੇ ਵਿਧਾਨ ਦੁਆਰਾ ਦਿੱਤੀ ਸੂਬਿਆਂ ਦੀ ਸੀਮਿਤ ਖ਼ੁਦਮੁਖ਼ਤਾਰੀ ਨੂੰ ਰੱਦ ਕਰ ਕੇ ਵਾਇਸਰਾਇ ਨੂੰ ਅਧਿਆਦੇਸ਼ ਰਾਹੀਂ ਹਕੂਮਤ ਕਰਨ ਦੇ ਅਧਿਕਾਰ ਤੋਂ ਬਿਨਾਂ ਦੇਸ਼ ਅੰਦਰ ਰਾਜਸੀ ਇਕੱਠਾਂ ਨੂੰ ਵਰਜਿਤ ਕਰਾਰ ਦੇਣ ਤੇ ਬਿਨਾਂ ਵਰੰਟ ਕਿਸੇ ਵੀ ਵਿਅਕਤੀ ਦੀ ਗ੍ਰਿਫ਼ਤਾਰੀ ਦੀ ਖੁੱਲ੍ਹ ਦਿੱਤੀ ਹੋਈ ਏ।"

"ਜਿੱਥੋਂ ਤੀਕ ਫਾਸ਼ੀਵਾਦ ਦਾ ਤੁਅੱਲਕ ਹੈ, ਇਟਲੀ ਤੇ ਜਰਮਨੀ ਦੋਹਾਂ ਦੀ ਹੀ ਇਕ ਸਾਦੀ ਸੂਰਤਿ ਹਾਲ ਬਰਤਾਨੀਆ ਨਾਲੋਂ ਵੱਖਰੀ ਸੀ। ਇਟਲੀ ਬੁਨਿਆਦੀ ਤੌਰ 'ਤੇ ਗ਼ਰੀਬ ਦੇਸ਼ ਸੀ ਤੇ ਜਰਮਨੀ ਦੀ ਆਰਥਿਕ ਸਥਿਤੀ ਤੇਜ਼ੀ ਨਾਲ ਬਦ ਤੋਂ ਬਦਤਰ ਹੁੰਦੀ ਚਲੀ ਜਾ ਰਹੀ ਸੀ। ਵਰਸੇਲਜ਼ ਦੀ ਸੰਧੀ ਰਾਹੀਂ ਆਪਣੇ ਉੱਪਰ ਠੋਸੀਆਂ ਬਦਲੇ-ਖ਼ੋਰੀਆਂ ਜੰਗੀ ਤਿਆਰੀਆਂ ਤੋਂ ਬਿਨਾਂ ਦੂਜੇ ਦੇਸ਼ ਨੂੰ ਆਪਣੀਆਂ ਬਸਤੀਆਂ ਤੋਂ ਵੀ ਵਾਂਝਾ ਕਰ ਦਿੱਤਾ ਗਿਆ ਸੀ। ਦੋਨੋਂ ਦੇਸ਼ ਗਹਿਰੇ ਆਰਥਿਕ ਸੰਕਟ ਵਿੱਚੀਂ ਗੁਜ਼ਰ ਰਹੇ ਸਨ। ਸੰਸਦਵਾਦ ਜ਼ਵਾਲ 'ਤੇ ਸੀ ਤੇ ਕਮਿਊਨਿਜ਼ਮ ਦਾ ਖ਼ਤਰਾ ਵੱਧ ਰਿਹਾ ਸੀ। ਦੋਹੀਂ ਥਾਹੀਂ ਇਜਾਰੇਦਾਰ ਪੂੰਜੀਵਾਦ, ਜੋ ਫਾਸ਼ੀਵਾਦ ਦੀ ਬੁਨਿਆਦ ਹੁੰਦਾ ਹੈ, ਹਰ ਕਿਸਮ ਦੀ ਮੁਖ਼ਾਲਫ਼ਤ ਦਾ ਮਲੀਆਮੇਟ ਕਰਨ ਦੀ ਤਿਆਰੀ ਵਿਚ ਸੀ। ਮਜ਼ਦੂਰ ਜਮਾਤ ਨੂੰ ਹਰਾਉਣ ਤੇ ਦਬਾਉਣ ਲਈ ਬੜੇ ਬੜੇ ਸਨਅਤਕਾਰਾਂ, ਅਮੀਰ ਭੂਮੀਪਤੀਆਂ ਤੇ ਪ੍ਰਭਾਵਸ਼ਾਲੀ ਧਨ ਕੁਬੇਰਾਂ ਦੀ ਮਿਲੀ ਭੁਗਤ ਨਾਲ ਫਾਸ਼ੀ ਤਾਕਤਾਂ ਇਕਮੁੱਠ ਹੋ ਕੇ ਸੰਗਠਿਤ ਹੋ ਗਈਆਂ ਸਨ। ਇਸ ਦੇ ਹਮਾ-

ਇਤੀਆਂ ਵਿਚ ਨਿੱਕੀ-ਬੁਰਜੂਆਜ਼ੀ, ਸਲੰਮ-ਪ੍ਰੋਲੇਤਾਰੀ ਤੇ ਹੌਸਲਾ-ਹਾਰੇ ਮਜ਼ਦੂਰ ਤਬਕੇ ਵੀ ਸ਼ਾਮਿਲ ਹੋ ਗਏ ਸਨ। ਇਸ ਨੇ ਕੱਟੜ-ਰਾਸ਼ਟਰਵਾਦ ਤੇ ਰਹੱਸਵਾਦ ਦੇ ਸੰਕਲਪ ਵਿਕਸਿਤ ਕਰ ਲਏ ਸਨ ਜੋ ਡੂਸ ਜਾਂ ਫੂਹ੍ਰਰ ਵਿਚ ਅੰਧ ਵਿਸ਼ਵਾਸ ਪੈਦਾ ਕਰਦੇ ਸਨ।"

"ਦੂਜੇ ਪਾਸੇ ਬਰਤਾਨਵੀ ਸਾਮਰਾਜਵਾਦ ਕੋਲ ਵਿਦੇਸ਼ਾਂ ਵਿਚ ਪੂੰਜੀ-ਨਿਵੇਸ਼, ਜਹਾਜ਼ਰਾਨੀ ਦੀ ਵਿਕਰੀ ਵਿੱਤੀ ਤੇ ਹੋਰ ਸੇਵਾਵਾਂ ਦੇ ਬਲਬੂਤੇ ਅਣਗਿਣਤ ਆਰਥਿਕ ਲਾਭ ਸਨ। ਸਿੱਟੇ ਵਜੋਂ ਇਹ ਆਪਣੇ ਘਰ ਤਾਂ ਜਮਹੂਰੀ ਪੈਂਤੜਾ ਅਖ਼ਤਿਆਰ ਕਰਕੇ ਵਿਚਰਦਾ ਰਿਹਾ। ਇਹੀ ਇਸ ਦੀ ਕਾਮਯਾਬੀ ਦਾ ਰਾਜ਼ ਸੀ; ਟੋਰੀ ਕੱਟੜ-ਪੰਥੀਆਂ ਚੁਆਰਾ ਬੜੀ ਸ਼ੈਤਾਨੀ ਮੁਹਾਰਤ ਨਾਲ ਸਿਰਜੀ ਇਹ ਮਿੱਥ ਕਿਤਈ ਨਹੀਂ ਕਿ ਉਹ ਹਰ ਸੂਰਤਿ-ਹਾਲ ਨੂੰ ਹੀ ਸਫਲਤਾ ਦਾ ਜਾਮਾ ਪਹਿਨਾ ਸਕਣ ਦੇ ਸਮਰੱਥ ਸਨ।"

ਦਿਲਬਾਗ ਤੇ ਉਹਦੇ ਦੋਸਤ ਫਾਸ਼ੀਵਾਦ ਤੇ ਬਰਤਾਨਵੀ ਸਾਮਰਾਜਵਾਦ ਵਿਚਕਾਰ ਸਾਂਝ ਤੇ ਫਰਕ ਬਾਰੇ ਜਾਣਕਾਰੀ ਪ੍ਰਾਪਤ ਕਰ ਕੇ ਬੜੇ ਖ਼ੁਸ਼ ਹੋਏ ਸਨ। ਉਨ੍ਹਾਂ ਮਲੂਕੇ ਨੂੰ ਵਧਾਈਆਂ ਦੇਣ ਲਈ, ਉਸ ਦੁਆਲੇ ਝੁਰਮਟ ਪਾ ਲਿਆ ਸੀ ਪਰ ਬਰਤਾਨਵੀ ਬੰਦਿਆਂ ਦੇ ਚੇਹਰਿਆਂ ਤੋਂ ਅਸੰਤੁਸ਼ਟਤਾ ਦੇ ਚਿੰਨ੍ਹ ਸਾਫ਼ ਪੜ੍ਹੇ ਜਾ ਸਕਦੇ ਸਨ।

... ...

ਮਲੂਕੇ ਦੀ ਟ੍ਰਾਂਟੋ ਤੋਂ ਵਾਪਿਸੀ ਵੇਲੇ ਅੰਨਾ ਨੇ ਉਹਦਾ ਘੁੱਟਵੀਂ ਗਲਵਕੜੀ ਨਾਲ ਸੁਆਗਤ ਕੀਤਾ। ਉਹਦੇ ਨੈਣ ਖ਼ੁਸ਼ੀ ਨਾਲ ਲਿਸ਼ਕ ਰਹੇ ਸਨ।

"ਤੇਰੀ ਗ਼ੈਰਹਾਜ਼ਰੀ ਦਾ ਮਹੀਨਾ ਮੇਰੀ ਜ਼ਿੰਦਗੀ ਦਾ ਸਭ ਤੋਂ ਲੰਮਾ ਮਹੀਨਾ ਸੀ।" ਉਸ ਨੇ ਸੁਖ ਦਾ ਸਾਹ ਲੈਂਦਿਆਂ ਕਿਹਾ। "ਮੈਂ ਤੇਰੀਆਂ ਵਿਕਟੋਰੀਆ ਤੇ ਵੈਨਕੂਵਰ ਵਿਚ ਕੀਤੀਆਂ ਤਕਰੀਰਾਂ ਬਾਰੇ ਕੁਝ ਪੜ੍ਹਨ ਦੀ ਆਸ ਨਾਲ ਹਰ ਰੋਜ਼ ਟ੍ਰਾਂਟੋ ਪਬਲਿਕ ਲਾਇਬਰੇਰੀ ਚੇ ਗੇੜੇ ਮਾਰਦੀ ਰਹੀ ਹਾਂ। ਜਦ ਕਦੇ ਵੀ ਮੈਨੂੰ ਉਨ੍ਹਾਂ ਬਾਰੇ ਕੋਈ ਪ੍ਰਸ਼ੰਸਾ ਮਈ ਟਿੱਪਣੀ ਪੜ੍ਹਨ ਨੂੰ ਮਿਲਦੀ ਤਾਂ ਮੈਨੂੰ ਤੇਰੇ ਤੇ ਮਾਣ ਦਾ ਇਹਸਾਸ ਹੁੰਦਾ ਸੀ ਤੇ ਮੇਰੀ ਖ਼ੁਸ਼ੀ ਦਾ ਕੋਈ ਪਾਰਾਵਾਰ ਨਹੀਂ ਸੀ ਰਹਿੰਦਾ। ਮੈਂ ਉਹ ਟਿੱਪਣੀਆਂ ਵਾਰ ਵਾਰ ਆਪਣੇ ਆਪ ਨੂੰ ਹੀ ਪੜ੍ਹਕੇ ਸੁਣਾਉਂਦੀ ਰਹਿੰਦੀ ਸਾਂ।"

ਮਲੂਕੇ ਨੇ ਉਹਨੂੰ ਘੁੱਟ ਕੇ ਚਿੱਕ ਨਾਲ ਲਾ ਲਿਆ। ਉਹਦਾ ਦਿਲ ਖ਼ੁਸ਼ੀ ਤੇ ਸ਼ੁਕਰਗੁਜ਼ਾਰੀ ਦੇ ਇਹਸਾਸ ਨਾਲ ਮੂੰਹੋਂ ਮੂੰਹ ਭਰਿਆ ਹੋਇਆ ਸੀ। ਉਹਨੇ ਆਪ ਮੁਹਾਰੇ ਉਹਦੇ ਖ਼ੂਬਸੂਰਤ ਵਾਲ ਚੁੰਮ ਲਏ ਸਨ।

"ਤੈਨੂੰ ਮਿਲਣ ਦੀ ਖ਼ੁਸ਼ੀ ਨੇ" ਉਸਨੇ ਕੋਮਲ ਭਾਵਾਂ ਨਾਲ ਗੜੁੱਚ ਹੋ ਕੇ ਕਿਹਾ ਸੀ, "ਮੇਰੇ ਅੰਦਰ ਜੀਵਨ-ਰੌਅ ਨੂੰ ਧੜਕਾ ਕੇ ਦੂਣ-ਸਵਾਈ ਕਰ ਦਿੱਤਾ ਹੈ। ਇਹ ਮੇਰੀਆਂ ਤਕਰੀਰਾਂ ਵਿਚ ਵੀ ਗਰਮ-ਜੋਸ਼ੀ ਭਰਿਆ ਉਤਸ਼ਾਹ ਸਿੰਜਰ ਜਾਂਦੀ ਰਹੀ ਏ। ਮੇਰੇ ਸ਼ਬਦਾਂ ਵਿਚ ਦਿਲ-ਧੂਹਵੀਂ ਜਜ਼ਬੇ ਦੀ ਛੁਹ ਧੂੜੀ ਜਾਂਦੀ ਸੀ। ਉਹਨਾਂ ਵਿਚ ਪ੍ਰੇਮ ਦੀ—ਖ਼ੁਸ਼ੀ ਦੀ ਅਮੀਰੀ ਭਰ ਜਾਂਦੀ ਸੀ, ਜਿਸ ਨੂੰ ਬਿਆਨ ਕੀਤਾ ਜਾਣਾ ਅਸੰਭਵ ਹੈ ਅਤੇ ਮੇਰੀ ਇਹ ਖ਼ੁਸ਼ੀ ਤੇਰੀ ਬਖ਼ਸ਼ਿਸ਼ ਹੈ।"

"ਤੇਰੀ ਟ੍ਰਾਂਟੋ ਤੋਂ ਗ਼ੈਰਹਾਜ਼ਰੀ ਕਾਰਨ, ਮੈਂ ਬੜੀ ਹੀ ਉਦਾਸ ਹੋ ਗਈ ਸਾਂ। ਕੈਨੇਡਾ ਨੇ ਜੰਗ ਦਾ ਐਲਾਨ ਕਰ ਦਿੱਤਾ ਸੀ ਤੇ ਮੈਂ ਭਾਰਤ ਵਿਚ ਫੈਲੀ ਡੂੰਘੀ ਬੇਚੈਨੀ ਬਾਰੇ ਵੀ ਪੜ੍ਹਦੀ ਰਹੀ ਹਾਂ ਕਿਉਂਕਿ ਬਰਤਾਨਵੀ ਸਰਕਾਰ ਨੇ ਉਸ ਦੇਸ਼ ਨੂੰ ਬੜੇ ਨਿਰੰਕੁਸ਼ ਢੰਗ ਨਾਲ ਜੰਗ ਵਿਚ ਧਰੀਕ ਲਿਆਂਦਾ ਸੀ। ਮੈਨੂੰ ਇਹੋ ਡਰ ਲਗਾ ਰਹਿੰਦਾ ਸੀ ਕਿ ਤੂੰ ਕਿਤੇ ਜਜ਼ਬਾਤ ਦੀ ਰੌ ਵਿਚ ਆ ਕੇ ਆਪਣੀ ਤਕਰੀਰ ਵਿਚ ਕੁਝ ਇਹੋ ਜਿਹਾ ਨਾ ਆਖ ਬੈਠੇਂ ਜਿਸ ਨਾਲ ਤੇਰੇ ਕੈਰੀਅਰ ਨੂੰ ਧੱਕਾ ਵੱਜੇ।"

"ਕਿਹੜਾ ਕੈਰੀਅਰ, ਮੇਰੀ ਲਾਡੋ ਰਾਣੀ?" ਮਲੂਕੇ ਨੇ ਪੁੱਛਿਆ। "ਮੇਰੇ ਲਈ ਤਾਂ ਇਹ ਸਭ ਕੁੱਝ ਮੇਰਾ ਸ਼ੌਕ ਹੈ।"

"ਮੈਂ ਪੀਟੇ ਪੇਕਾਇਓਤਿਸ ਕੋਲ ਆਪਣੀਆਂ ਚਿੰਤਾਵਾਂ ਸਾਂਝੀਆਂ ਕਰਨ ਜਾਂਦੀ ਰਹੀ ਹਾਂ।" ਅੰਨਾ ਨੇ ਆਖਿਆ, "ਉਹ ਸਦਾ ਉਤਸ਼ਾਹ ਭਰਪੂਰ ਹੁੰਦਾ ਸੀ। ਉਹਨੂੰ ਤੇਰੇ ਵਿਚ ਬੜਾ ਭਰੋਸਾ ਹੈ। ਉਹ ਮੈਨੂੰ ਯਕੀਨ ਦੁਆਉਂਦਾ ਰਿਹਾ ਹੈ ਕਿ ਤੈਨੂੰ ਆਪਣੀ ਰੋਜ਼ੀ ਕਮਾਉਣ ਵਿਚ ਕਦੀ ਕੋਈ ਔਕੜ ਨਹੀਂ ਆਉਣ ਲੱਗੀ।"

"ਅਸੀਂ ਦੋਵੇਂ ਤੇਰੇ ਸਫਰ ਦਾ ਪੂਰਾ ਵੇਰਵਾ ਜਾਨਣ ਲਈ ਬੜੇ ਬੇਸਬਰੇ ਹਾਂ," ਉਸਨੇ ਅਗਾਂਹ ਆਖਿਆ।

"ਆਓ ਆਪਾਂ ਸੁਖਾਵੇਂ ਮਾਹੌਲ, ਸੁਆਦਲੇ ਖਾਣੇ ਤੇ ਲੰਮੀ ਵਾਰਤਾਲਾਪ ਲਈ ਪੀਟੇ ਦੇ ਅੱਡੇ ਤੇ ਚਲੀਏ।"

... ...

ਟ੍ਰਾਂਟੋ ਵਿਚ ਪਹੁੰਚਣ ਤੋਂ ਇਕ ਹਫਤਾ ਬਾਅਦ ਮਲੂਕੇ ਨੂੰ ਟ੍ਰਾਂਟੋ ਯੂਨੀਵਰਸਿਟੀ ਦੇ ਪਾਸਾਰ ਵਿਭਾਗ ਦੇ ਮੁਖੀ, ਮਿਸਟਰ ਡਨਲੋਪ ਦਾ ਫ਼ੋਨ ਆਇਆ।

"ਮੈਨੂੰ ਪਤਾ ਲੱਗਾ ਤੂੰ ਬ੍ਰਿਟਿਸ਼ ਕੋਲੰਬੀਆ ਵਿਚ ਤਕਰੀਰਾਂ ਕਰਦਾ ਰਿਹੈਂ।" ਉਹਨੇ ਰਤਾ ਸਖਤੀ ਨਾਲ ਆਖਿਆ।

"ਤੁਹਾਨੂੰ ਠੀਕ ਹੀ ਪਤਾ ਲੱਗੇ।"

"ਮੈਂ ਇਸ ਮਸਲੇ ਬਾਰੇ ਤੇਰੇ ਨਾਲ ਗੱਲ ਕਰਨੀ ਚਾਹੁੰਦਾਂ। ਕੱਲ ਦਸ ਵਜੇ ਮੇਰੇ ਦਫ਼ਤਰ ਆ ਸਕੇਂਗਾ?"

"ਬਿਲਕੁਲ, ਜਨਾਬ।"

ਮਿਸਟਰ ਡਨਲਪ ਲਾਲ ਚਰਬੀਦਾਰ ਚੇਹਰੇ ਵਾਲਾ ਲੰਮਾ-ਝੰਮਾ ਆਦਮੀ ਸੀ। ਉਹਦੇ ਘੋਟ ਕੇ ਮੁੰਨੇ ਸਫੈਦ ਵਾਲ ਛਿਦਰੇ ਪੈ ਰਹੇ ਸਨ। ਉਹਦੀ ਦੇਹ ਦੇ ਮੋਟਾਪੇ ਨੇ ਉਹਦੀ ਧੌਣ ਤੇ ਚੇਹਰੇ ਤੇ ਕੁਝ ਇਸ ਕਦਰ ਧਾਵਾ ਬੋਲਿਆ ਹੋਇਆ ਸੀ ਕਿ ਇਹ ਲੱਭਣਾ ਔਖਾ ਹੋ ਗਿਆ ਸੀ ਕਿ ਉਹਦਾ ਧੜ ਕਿੱਥੇ ਮੁੱਕਦਾ ਹੈ ਤੇ ਸਿਰ ਕਿੱਥੋਂ ਸ਼ੁਰੂ ਹੁੰਦਾ ਹੈ। ਉਹਦੀਆਂ ਅੱਖਾਂ ਵਿਚ ਵਿਦਵਤਾ ਦੀ ਕੋਈ ਲਿਸ਼ਕ ਨਹੀਂ ਸੀ ਤੇ ਨਾ ਹੀ ਬੋਲਾਂ ਵਿਚ ਕਿਸੇ ਪੜ੍ਹੇ ਗੁੜ੍ਹੇ ਆਦਮੀ ਵਾਲੀ ਸ਼ਾਇਸ਼ਤਗੀ ਤੇ ਸਲੀਕਾ। ਉਹ ਆਪਣੇ ਲਿਸ਼ਕਦੇ ਮੇਜ਼ ਪਿੱਛੇ ਤਣਿਆ ਬੈਠਾ ਸੀ। ਆਪਣੇ ਘੁੱਟੇ ਵੱਟੇ ਬੁੱਲ੍ਹਾਂ ਤੇ ਕਠੋਰ ਘੋਖਵੀਆਂ ਅੱਖਾਂ ਨਾਲ ਉਹ ਵਿਦਵਾਨ ਦੀ ਥਾਂ ਤਫ਼ਤੀਸ਼ ਅਧਿਕਾਰੀ ਵਧੇਰੇ ਜਾਪਦਾ ਸੀ।

"ਬਹਿ ਜਾ" ਉਹਨੇ ਆਪਣੇ ਸਾਹਮਣੇ ਡੱਠੀ ਖਾਲੀ ਕੁਰਸੀ ਵਲ ਬੜੀ ਖ਼ੁਸ਼ਕੀ ਜਿਹੀ ਨਾਲ ਇਸ਼ਾਰਾ ਕਰਦਿਆਂ ਆਖਿਆ ਤੇ ਆਪਣੇ ਸਕੱਤਰ ਨੂੰ ਮਲੂਕੇ ਦੀ ਫਾਇਲ ਲਿਆਉਣ ਲਈ ਵਾਜ ਮਾਰੀ।

"ਸਾਨੂੰ ਤੇਰੇ ਸਰੋਤਿਆਂ ਵਲੋਂ ਕਈ ਖ਼ਤ ਆਏ ਨੇ।" ਡਨਲਪ ਨੇ ਇਲ-ਜ਼ਾਮੀਆ ਸੁਰ ਵਿਚ ਆਖਿਆ, "ਇਹ ਖ਼ਤ ਨ ਤੇਰੀ ਸ਼ੋਭਾ ਵਿਚ ਕੋਈ ਵਾਧਾ ਕਰਦੇ ਹਨ ਤੇ ਨ ਹੀ ਯੂਨੀਵਰਸਿਟੀ ਦੀ ਮਹਿਮਾ ਵਿਚ, ਜਿਥੇ ਤੂੰ ਪਹਿਲਾਂ ਪੜ੍ਹਦਾ ਤੇ ਫੇਰ ਪੜ੍ਹਾਉਂਦਾ ਰਿਹਾ ਹੈਂ।"

"ਕਿਨ੍ਹਾਂ ਦੇ ਖ਼ਤ ਨੇ ਇਹ?" ਮਲੂਕੇ ਨੇ ਪੁੱਛਿਆ।

"ਇਹਨਾਂ ਵਿਚੋਂ ਬਹੁਤੇ ਭਾਰਤ ਸਰਕਾਰ ਦੇ ਸੇਵਾ-ਮੁਕਤ ਨਾਗਰਿਕ ਅਧਿ-

ਕਾਰੀਆਂ ਦੇ ਨੇ, ਜੋ ਹੁਣ ਵਿਕਟੋਰੀਆ ਰਹਿੰਦੇ ਨੇ।"

"ਕੀ ਆਖਦੇ ਨੇ ਉਹ ?"

"ਇਹ ਤੇਰੇ 'ਤੇ ਭਾਰਤ ਵਿਚ ਬਰਤਾਨਵੀ ਸਰਕਾਰ ਵਿਰੁੱਧ ਘਿਨਾਉਣਾ ਭੰਡੀ ਪ੍ਰਚਾਰ ਕਰਨ ਦਾ ਦੋਸ਼ ਲਾਉਂਦੇ ਨੇ। ਤੈਨੂੰ ਪਤਾ ਅਸੀਂ ਜੰਗ ਦੇ ਦਰਮਿਆਨ ਹਾਂ। ਤੈਨੂੰ ਜੰਗੀ ਕੋਸ਼ਿਸ਼ਾਂ ਨੂੰ ਠੇਸ ਪਹੁੰਚਾਉਣ ਵਾਲੀ ਕੋਈ ਵੀ ਗੱਲ ਨਹੀਂ ਸੀ ਆਖਣੀ ਚਾਹੀਦੀ।"

"ਮੈਂ ਤਾਂ ਬਰਤਾਨਵੀ ਸਰਕਾਰ ਵਲੋਂ ਐਲਾਨਿ-ਜੰਗ ਤੋਂ ਬਹੁਤ ਪਹਿਲਾਂ ਵੀ ਟਰਾਂਟੋ ਤੇ ਕਈ ਹੋਰ ਥਾਹੀਂ ਫ਼ਾਸਿਜ਼ਮ ਦੇ ਵਿਰੁੱਧ ਬੋਲਦਾ ਰਿਹਾ ਹਾਂ।" ਮਲੂਕੇ ਨੇ ਗੁਸੈਲੇ ਜਿਹੇ ਦਾਅਵੇ ਨਾਲ ਆਖਿਆ। "ਮੈਂ ਇਸ ਵਿਰੁੱਧ ਉਚੋਂ ਬੋਲਿਆ ਸਾਂ ਜਦੋਂ ਹੱਕੀ ਤੌਰ 'ਤੇ ਚੁਣੀ ਸਪੇਨ ਦੀ ਗਣਤੰਤਰੀ ਸਰਕਾਰ ਤੇ ਉੱਥੋਂ ਦੇ ਲੋਕ ਜਮਹੂਰੀਅਤ ਦੀ ਰਾਖੀ ਲਈ ਫਾਸ਼ੀਆਂ ਦੇ ਹਮਲੇ ਵਿਰੁੱਧ ਜੂਝ ਰਹੇ ਸਨ ਅਤੇ ਬਰਤਾਨਵੀ ਸਰਕਾਰ ਆਪਣੀ ਗ਼ੈਰ-ਮੁਦਾਖ਼ਲਤਕਾਰੀ ਨੀਤੀ ਅਨੁਸਾਰ ਮੂੰਹ ਵਿਚ ਘੁੰਡੀਆਂ ਪਾਈ ਬੈਠੀ ਸੀ। ਮੈਂ ਉਦੋਂ ਨਾਜ਼ੀਆਂ ਵਿਰੁੱਧ ਬੋਲਿਆ ਸਾਂ, ਜਦੋਂ ਉਹ ਚੈਕੋਸਲੋਵੇਕੀਆ ਨੂੰ ਹੜੱਪ ਕਰ ਗਏ ਸਨ ਅਤੇ ਬਰਤਾਨਵੀ ਸਰਕਾਰ ਡੰਡੌਤੀ ਨੀਤੀ ਨੂੰ ਪੱਠੇ ਪਾ ਰਹੀ ਸੀ। ਮੈਂ ਫ਼ਾਸ਼ਿਜ਼ਮ ਵਿਰੁੱਧ ਅਨੇਕਾਂ ਮਜ਼ਦੂਰ ਸੰਗਠਨਾਂ ਵਿਚ ਬੋਲਦਾ ਰਿਹਾ ਹਾਂ।"

"ਇਵੇਂ ਸਾਰੇ ਕਮਿਊਨਿਸਟ ਕਰਦੇ ਰਹੇ ਨੇ।" ਬੜੇ ਤਪੇ ਬੈਠੇ ਡਨਲਪ ਨੇ ਆਖਿਆ। "ਪਰ ਬੀ. ਸੀ. ਵਿਚ ਤੂੰ ਬਰਤਾਨਵੀ ਸਰਕਾਰ ਦੁਆਰਾ ਭਾਰਤ ਵਿਚ ਐਲਾਨਿ-ਜੰਗ ਦੀ ਆਲੋਚਨਾ ਕਰਦਾ ਰਿਹਾ ਏਂ।"

"ਨਿਸ਼ਚੇ ਹੀ। ਇਹ ਤਾਂ ਮੈਂ ਕਰਦਾ ਰਿਹਾ ਹਾਂ ਕਿਉਂਕਿ ਬਰਤਾਨੀਆ ਨੇ ਇਕਤਰਫ਼ਾ ਤੌਰ 'ਤੇ ਭਾਰਤ ਨੂੰ ਜੰਗੀ ਧਿਰ ਬਣਾਉਣ ਦਾ ਐਲਾਨ ਕੀਤਾ ਸੀ ਤੇ ਵਾਇਸਰਾਇ ਨੇ ਆਪਣੇ ਹੱਥੀਂ ਅਜਿਹੀਆਂ ਤਾਕਤਾਂ ਕੇਂਦਰਿਤ ਕਰ ਲਈਆਂ ਸਨ ਕਿ ਉਹਨਾਂ ਦਾ ਫ਼ਾਸ਼ਿਜ਼ਮ ਨਾਲੋਂ ਕੋਈ ਫ਼ਰਕ ਨਹੀਂ ਸੀ ਰਿਹਾ।"

"ਅਜਿਹੀਆਂ ਤਕਰੀਰਾਂ ਬਰਤਾਨਵੀ ਸਰਕਾਰ ਵਿਰੁੱਧ ਬੇਚੈਨੀ ਫੈਲਾਉਂਦੀਆਂ ਨੇ।"

"ਜੇ ਬਰਤਾਨਵੀ ਸਰਕਾਰ ਨੇ ਕਿਸੇ ਜ਼ਿਮੇਂਵਾਰ ਪਾਰਟੀ ਨਾਲ ਮਸ਼ਵਰਾ ਕਰਕੇ ਭਾਰਤ ਨੂੰ ਜੰਗੀ ਧਿਰ ਐਲਾਨਿਆ ਹੁੰਦਾ ਤਾਂ ਲੋਕ ਫ਼ਾਸਿਜ਼ਮ ਵਿਰੁੱਧ ਨਿਸ਼ਚੇ ਹੀ ਵਧੇਰੇ ਉਤਸ਼ਾਹ ਨਾਲ ਲੜਦੇ। ਜੇ ਉਨ੍ਹਾਂ ਨੂੰ ਕਿਤੇ ਇਸ ਆਸ ਦੀ ਕੋਈ ਝਲਕ ਮਾਤਰ ਵੀ ਦਿਖਾਈ ਹੁੰਦੀ ਕਿ ਜੰਗ ਜਿੱਤਣ ਤੋਂ ਬਾਅਦ ਭਾਰਤ ਵਿਚ ਲੋਕ-ਰਾਜੀ ਸਰਕਾਰ ਬਣਾ ਦਿੱਤੀ ਜਾਏਗੀ ਤਾਂ ਭਾਰਤੀ ਰਾਸ਼ਟਰੀ ਕਾਂਗਰਸ ਤੇ ਦੇਸ਼ ਦੀਆਂ ਮਜ਼ਦੂਰ ਕਿਸਾਨ ਜਥੇਬੰਦੀਆਂ ਵਧੇਰੇ ਜੋਸ਼ ਨਾਲ ਜੂਝਣ ਲਈ ਨਿੱਤਰਦੀਆਂ।"

"ਬਰਤਾਨਵੀ ਬਸਤੀਆਂ ਦੀ ਸਾਮਰਾਜਵਾਦੀ ਸਰਕਾਰ ਤੇ ਫ਼ਾਸ਼ਿਜ਼ਮ ਨੂੰ ਇੱਕੋ ਰੱਸੇ ਨੂੜਨ ਦੀ ਤੇਰੀ ਸ਼ਬਦ-ਚਤੁਰਾਈ ਉਤੇਜਨਾ ਪੈਦਾ ਕਰਨ ਵਾਲੀ ਹੈ। ਤੂੰ ਟ੍ਰਾਂਟੋ ਯੂਨੀਵਰਸਿਟੀ ਦੀ ਛਤਰ-ਛਾਇਆ ਹੇਠ ਨੌਕਰੀ ਕਰਨ ਦੇ ਯੋਗ ਨਹੀਂ।"

"ਮੈਨੂੰ ਇਸ ਗੱਲ ਦਾ ਪਹਿਲੋਂ ਹੀ ਪਤਾ ਲੱਗਦਾ ਰਿਹਾ ਹੈ।" ਮਲੂਕੇ ਨੇ ਅਵੱਗਿਆ ਭਾਵ ਨਾਲ ਆਖਿਆ, "ਕਿ ਤੁਸੀਂ ਮੈਨੂੰ ਡਬਲਯੂ. ਈ. ਏ. ਦੀਆਂ ਜਮਾਤਾਂ ਦੇ ਟਿਊਟਰ ਦੇ ਪਦ ਤੋਂ ਲਾਂਭੇ ਕਰਨ ਦੀਆਂ ਗੋਂਦਾਂ ਗੁੰਦਦੇ ਰਹੇ ਹੋ। ਚਲੋ ਘੱਟੋ ਘੱਟ ਹੁਣ ਤੁਹਾਨੂੰ ਆਪਣੇ ਮਨਸੂਬੇ ਸਿਰੇ ਚਾੜ੍ਹਨ ਦਾ ਕੋਈ ਬਹਾਨਾ ਤਾਂ ਲੱਭਾ। ਮੇਰੀਆਂ ਵਧਾਈਆਂ!"

... ...

ਅੱਨਾ ਪੀਟੇ ਦੇ ਰੈਸਟੋਰੈਂਟ ਵਿਚ ਮਲੂਕੇ ਦੀ ਇਸ ਮੁਲਾਕਾਤ ਤੋਂ ਬਾਅਦ ਬੜੀ ਬੇਤਾਬੀ ਨਾਲ ਇੰਤਜ਼ਾਰ ਕਰ ਰਹੀ ਸੀ। ਜਦੋਂ ਉਹਨੇ ਉਹਨੂੰ ਇਸ ਮੁਲਾਕਾਤ ਦਾ ਵਿਸਫੋਟਕ ਨਤੀਜਾ ਸੁਣਾਇਆ ਤਾਂ ਉਹਦੇ ਹੰਝੂ ਵਹਿ ਤੁਰੇ। "ਮੈਨੂੰ ਇਸੇ ਗੱਲ ਦਾ ਡਰ ਸੀ।" ਉਸਨੇ ਹਉਕਿਆਂ ਦੇ ਵਕਫ਼ੇ ਚੌਰਾਨ ਮਸਾਂ ਕਿਤੇ ਆਖਿਆ।

ਪੀਟੇ ਨੇ ਉਹਦਾ ਧੀਰ ਬੰਨ੍ਹਾਉਣ ਦੀ ਕੋਸ਼ਿਸ਼ ਕੀਤੀ। "ਅਮਰੀਕਣਾਂ ਦੀ ਕਮਿਊਨਿਸਟਾਂ ਦੀ ਕੁੱਤੇ ਸੋਂਘ ਦਾ ਪਰਛਾਵਾਂ ਕੈਨੇਡਾ ਵਿਚ ਵੀ ਪੈਣ ਲੱਗ ਪਿਐ। ਕਈ ਭਲੇ ਪੁਰਸ਼ਾਂ ਤੇ ਫ਼ਾਸਿਜ਼ਮ ਦੇ ਅਸਲ ਵਿਰੋਧੀਆਂ ਨੂੰ ਨੌਕਰੀਆਂ ਤੋਂ ਬਰਤਰਫ਼ ਕੀਤਾ ਜਾਏਗਾ।"

"ਪਰ ਅੱਨਾ" ਉਸ ਨੇ ਹੌਸਲਾ ਵਧਾਊ ਸੁਰ ਵਿਚ ਕਿਹਾ, "ਤੈਨੂੰ ਮਲੂਕੇ ਦੀ ਨੌਕਰੀ ਜਾਣ ਦੀ ਬਹੁਤੀ ਚਿੰਤਾ ਨਹੀਂ ਕਰਨੀ ਚਾਹੀਦੀ। ਹੁਣ ਸਗੋਂ ਇਸ ਕੋਲ ਕਿਤਾਬਾਂ ਲਿਖਣ ਲਈ ਵਧੇਰੇ ਵਕਤ ਹੋਵੇਗਾ ਤੇ ਤੂੰ ਕਈ ਤਰ੍ਹਾਂ ਇਹਦੀ

ਮਦਦ ਕਰ ਸਕਦੀ ਏਂ। ਤੁਹਾਡਾ ਦੋਹਾਂ ਦਾ ਆਪਸੀ ਪਿਆਰ ਸਿਰਜਣਾਤਮਕ ਅਮਲ ਦੀ ਸਾਂਝ ਵਿਚ ਹੋਰ ਵੀ ਵਧੇਰੇ ਪਰਪੱਕ ਹੋਏਗਾ।"

ਹਫ਼ਤੇ ਕੁ ਮਗਰੋਂ ਡ੍ਰਮੰਡ ਰੌੱਨ ਨੇ ਮਲੂਕੇ ਨੂੰ ਫ਼ੋਨ 'ਤੇ ਕਿਹਾ, "ਅਸੀਂ ਤੇਰੀ ਨੌਕਰੀ ਬਾਰੇ ਆਪਣਾ ਫ਼ੈਸਲਾ ਵਾਪਿਸ ਲੈਣ ਲਈ ਡਨਲਪ ਨੂੰ ਮਨਾਉਣ ਦੀ ਕੋਸ਼ਿਸ਼ ਕਰਦੇ ਰਹੇ ਹਾਂ ਪਰ ਇਹ 'ਪਰਬਤ' ਟੱਸ ਤੋਂ ਮੱਸ ਨਹੀਂ ਹੋਇਆ। ਫੇਰ ਵੀ ਅਸੀਂ ਯੂਨੀਵਰਸਿਟੀ ਦੇ ਆਰਥਿਕ ਭਵਨ ਵਿਚ ਤੇਰੀ ਆਪਣੇ ਮਨ-ਪਸੰਦ ਵਿਸ਼ੇ ਬਾਰੇ ਕੋਈ ਵੀ ਤਕਰੀਰ ਕਰਨ ਦੀ ਮਨਜ਼ੂਰੀ ਲੈ ਲਈ ਹੈ। ਅਸੀਂ ਤੈਨੂੰ ਸਰੋਤਿਆਂ ਤੋਂ ਦਰਵਾਜ਼ੇ 'ਤੇ ਉਗਰਾਹੇ ਚੰਦੇ ਵਿਚੋਂ ਬਾਕਾਇਦਾ ਦਸ ਡਾਲਰ ਮਿਹਨਤਾਨਾ ਵੀ ਦੇਵਾਂਗੇ।"

"ਧੰਨਵਾਦ ਮਿ: ਰੌੱਨ। ਤੇਰੀ ਕੋਸ਼ਿਸ਼ ਦੀ ਮੇਰੇ ਮਨ 'ਚ ਡੂੰਘੀ ਕਦਰ ਏ।"

ਦੂਜੇ ਦਿਨ ਮਲੂਕਾ ਰੌੱਨ ਨੂੰ ਮਿਲਣ ਗਿਆ।

"ਅਸੀਂ ਡਬਲਯੂ. ਈ. ਏ. ਦੀ ਬੇਨਤੀ ਮੰਨ ਕੇ ਤੈਨੂੰ ਆਰਥਿਕ ਭਵਨ ਦੀ ਆਪਣੇ ਐਤਵਾਰ ਸੰਧਿਆ ਵੇਲੇ ਤਕਰੀਰਾਂ ਕਰਨ ਲਈ ਵਰਤੋਂ ਦੀ ਇਜਾਜ਼ਤ ਦੇ ਦਿੱਤੀ ਹੈ, ਪਰ ਇਕ ਬੜੀ ਜ਼ਰੂਰੀ ਸ਼ਰਤ 'ਤੇ। ਤੈਨੂੰ ਹਰ ਹੀਲੇ ਲੋੜੀਂਦੀ ਪ੍ਰਵਾਨਗੀ ਲਈ ਆਪਣੀ ਹਰ ਤਕਰੀਰ ਦੀ ਇਬਾਰਤ ਇਕ ਹਫ਼ਤਾ ਪਹਿਲੋਂ ਪੇਸ਼ ਕਰਨੀ ਪਿਆ ਕਰੇਗੀ।"

"ਪਰ ਮੈਂ ਕਦੇ ਲਿਖ ਕੇ ਤਕਰੀਰ ਨਹੀਂ ਕੀਤੀ।"

"ਤਾਂ ਫਿਰ ਤੂੰ ਉਹਨਾਂ ਦਾ ਸਾਰ ਪੇਸ਼ ਕਰ ਦਿਆ ਕਰੀਂ।"

"ਹੱਥੀਂ ਲਿਖ ਦਿਆ ਕਰਾਂਗਾ। ਟਾਈਪ ਮਸ਼ੀਨ ਤਾਂ ਮੇਰੇ ਕੋਲ ਹੈ ਨਹੀਂ।"

ਡਨਲੌਪ ਇਸ ਗੱਲੇ ਰਾਜ਼ੀ ਹੋ ਗਿਆ ਸੀ।

... ...

"ਪੂਰਬ ਤੇ ਪੱਛਮ—ਇਕ ਸਭਿਆਚਾਰਕ ਟਾਕਰਾ" ਦੇ ਵਿਸ਼ੇ 'ਤੇ ਮਲੂਕੇ ਦੀ ਪ੍ਰਾਰੰਭਕ ਤਕਰੀਰ ਸੁਣਨ ਲਈ ਸਰੋਤਿਆਂ ਦੀ ਕਾਫ਼ੀ ਵੱਡੀ ਭੀੜ ਜੁੜੀ ਸੀ। ਕੁਝ ਲੋਕ ਜਿਨ੍ਹਾਂ ਨੂੰ ਸੀਟਾਂ ਨਹੀਂ ਸਨ ਮਿਲ ਸਕੀਆਂ, ਚਬੂਤਰੇ ਦੇ ਨੇੜੇ ਹਾਲ ਦੀ ਖੱਬੀ ਕੰਧ ਨਾਲ ਖੜੇ ਸਨ। ਉਹਨਾਂ ਵਿਚ ਉਹਨਾਂ ਨੂੰ ਡਨਲਪ ਦਾ ਸਕੱਤਰ ਵੀ ਖੜਾ ਦਿਸਿਆ ਜੋ ਬੇਨੂਰ ਜਿਹੀਆਂ ਅੱਖਾਂ ਵਾਲਾ ਮਧਰਾ ਜਿਹਾ ਦੱਬੂ ਕਿਸਮ ਦਾ

ਬੰਦਾ ਸੀ। ਉਹਦੇ ਲਾਲ-ਭਾਹ ਮਾਰਦੇ ਭੂਰੇ ਵਾਲਾਂ ਦੀਆਂ ਲਿਟਾਂ ਉਹਦੇ ਟੋਟਰ 'ਤੇ ਚਿਪਕੀਆਂ ਹੋਈਆਂ ਸਨ। ਮਲੂਕੇ ਨੂੰ ਉਹਦੀ ਮੌਜੂਦਗੀ ਦੇ ਕਾਰਨ ਦਾ ਪਤਾ ਸੀ। ਤਕਰੀਰ ਦੀ ਸਮਾਪਤੀ ਮਗਰੋਂ ਉਹਨੇ ਉਹਨੂੰ ਵਿਅੰਗ ਭਰੀ ਚੋਟ ਨਾਲ ਪੁੱਛਿਆ ਸੀ, "ਮੇਰਾ ਖ਼ਿਆਲ ਹੈ ਕਿ ਮੇਰੇ ਸ਼ਬਦਾਂ ਨੇ ਬਰਤਾਨਵੀ ਸਲਤਨਤ ਦਾ ਜ਼ਵਾਲ ਤਾਂ ਨਹੀਂ ਲਿਆਂਦਾ ਹੋਣਾ।"

"ਨਹੀਂ", ਉਸ ਆਦਮੀ ਨੇ ਬੇਹਿਸ ਜਿਹੀ ਮੁਸਕਾਣ ਨਾਲ ਆਖਿਆ, "ਸਭ ਕੁਝ ਠੀਕ ਠਾਕ ਹੀ ਸੀ।"

ਰੂਸੋ, ਵਾਲਤੇਅਰ ਤੇ ਟੌਮ ਪੇਨ ਜਿਹੇ ਵਿਚਾਰ ਉਤੇਜਕ ਲਿਖਾਰੀਆਂ ਬਾਰੇ ਪਹਿਲੋਂ ਪ੍ਰਵਾਨਿਤ ਰੂਪ-ਰੇਖਾਵਾਂ ਦੇ ਆਧਾਰ 'ਤੇ ਕੁਝ ਤਕਰੀਰਾਂ ਕਰਨ ਮਗਰੋਂ ਮਲੂਕੇ ਨੇ ਕਲਾਸਕੀ-ਸਾਹਿਤ ਦੀਆਂ ਵੱਖ ਵੱਖ ਧਾਰਾਵਾਂ ਬਾਰੇ ਬੋਲਣ ਦਾ ਮਨ ਬਣਾਇਆ। ਉਹਨੇ ਭਾਰਤੀ ਮਹਾਂਕਾਵਾਂ ਤੋਂ ਸ਼ੁਰੂ ਕੀਤਾ ਤੇ ਮਗਰੋਂ ਯੂਨਾਨ ਦੇ ਮਹਾਂਕਾਵਾਂ ਦੀ ਵਾਰੀ ਆਉਣੀ ਸੀ।

ਜਦੋਂ ਉਹ ਆਮ ਵਾਂਗ ਪਸਾਰ ਵਿਭਾਗ ਵਿਚ ਆਪਣੀਆਂ ਤਕਰੀਰਾਂ ਦੇ ਖ਼ਾਕਿਆਂ ਦੀ ਅਗਾਊਂ ਪਰਵਾਨਗੀ ਲੈਣ ਲਈ ਗਿਆ ਤਾਂ ਡਨਲਪ ਬੜਾ ਘਬਰਾਇਆ ਜਿਹਾ ਬੈਠਾ ਸੀ।

"ਭਾਰਤੀ ਜਾਸੂਸਾਂ ਬਾਰੇ ਤੂੰ ਕੀ ਬੋਲਣ ਜਾ ਰਿਹਾਂ?" ਉਸ ਨੇ ਪੁੱਛਿਆ।

ਹੈਰਾਨ ਪਰ ਰਤੀ ਕੁ ਮਛਰੇ ਹੋਏ ਮਲੂਕੇ ਨੇ ਠੰਢੀ ਜਿਹੀ ਨਿਮਰਤਾ ਨਾਲ ਉੱਤਰ ਦਿੱਤਾ, "ਜਿਸ ਭੂਤ ਤੋਂ ਤੁਸੀਂ ਡਰੇ ਬੈਠੇ ਹੋ, ਉਹ ਮੇਰੀ ਹੱਥ-ਲਿਖਤ ਦੀ ਗ਼ਲਤ ਪੜ੍ਹਤ ਕਾਰਨ ਹੀ ਨਮੂਦਾਰ ਹੋਇਆ ਜਾਪਦੈ। ਜਿਸ ਸ਼ਬਦ ਤੋਂ ਤੁਸੀਂ ਘਬਰਾਏ ਬੈਠੇ ਦਿਸਦੇ ਹੋ, ਉਹ SPIES ਨਹੀਂ EPICS ਹੈ।"

... ...

ਡਬਲਯੂ. ਈ. ਏ. ਦੀਆਂ ਦਰਸ਼ਨ ਤੇ ਮਨੋਵਿਗਿਆਨ ਦੀਆਂ ਜਮਾਤਾਂ ਦੇ ਮੀਤ ਅਧਿਆਪਕ ਪਦ ਤੋਂ ਮੁਕਤ ਹੋਣ ਮਗਰੋਂ ਮਲੂਕਾ ਆਪਣਾ ਵਧੇਰੇ ਸਮਾਂ ਆਪਣੀ ਲਿਖਤ ਤੇ ਮਜ਼ਦੂਰ ਸੰਗਠਨਾਂ ਵਿਚ ਆਪਣੀਆਂ ਸਰਗਰਮੀਆਂ ਦੇ ਲੇਖੇ ਲਾਉਣ ਲੱਗ ਪਿਆ ਸੀ। ਭਾਰਤ ਵਿਚਲੀ ਰਾਜਸੀ ਸਥਿਤੀ ਕੁਝ ਇਹੋ ਜਿਹੀ ਹੋ

ਗਈ ਸੀ ਕਿ ਉਸ ਨੂੰ ਇਸ ਵਿਸ਼ੇ ਬਾਰੇ ਵੱਖ ਵੱਖ ਸੰਗਠਨਾਂ ਵਲੋਂ ਭਾਸ਼ਣ ਦੇਣ ਲਈ ਬਹੁਤੇ ਸੱਦੇ ਆਉਣ ਲੱਗ ਪਏ ਸਨ।

ਭਾਰਤ ਤੇ ਕੈਨੇਡਾ ਦੋਹਾਂ ਦੇਸ਼ਾਂ ਵਿਚ ਹੀ ਫ਼ਾਸ਼ੀਵਾਦ ਨੂੰ ਭਾਂਜ ਦੇਣ ਹਿਤ ਕੋਸ਼ਿਸ਼ਾਂ ਤੇਜ਼ ਕਰਨ ਲਈ ਪੈਦਾਵਾਰ ਵਿਚ ਬਹੁਤ ਸਾਰੇ ਵਾਧੇ ਦੀ ਜ਼ਰੂਰਤ ਸੀ। ਕੈਨੇਡਾ ਵਿਚ ਮਜ਼ਦੂਰਾਂ ਦਾ ਪੂਰਾ ਸਹਿਯੋਗ ਪ੍ਰਾਪਤ ਕਰਨ ਦਾ ਮਸਲਾ ਸੀ, ਜਦਕਿ ਭਾਰਤ ਵਿਚ ਇਸ ਦੀ ਨੌਈਅਤ ਰਾਜਨੀਤਕ ਸੀ।

ਕੈਨੇਡਾ ਵਿਚ ਵਡੇਰੇ ਵਣਜ ਦੇ ਮੁਨਾਫ਼ੇ ਵਿਚ ਬੜੀ ਤੇਜ਼ੀ ਨਾਲ ਵਾਧਾ ਹੋ ਰਿਹਾ ਸੀ ਜਦਕਿ ਮਜ਼ਦੂਰਾਂ ਦੀਆਂ ਉਜਰਤਾਂ ਦਾ ਮਿਆਰ ਬੜਾ ਹੀ ਨੀਵਾਂ ਸੀ। ਨਾਲੇ ਮਾਲਿਕ ਮਜ਼ਦੂਰਾਂ ਦੀਆ ਮੰਗਾਂ ਨੂੰ ਆਪਣੀ ਮਰਜ਼ੀ ਦੀਆਂ, ਵਿਸ਼ੇਸ਼ ਕਰ ਸੀ. ਆਈ. ਓ. ਨਾਲ ਅਲਹਾਕ ਵਾਲੀਆਂ ਮਜ਼ਦੂਰ ਜਥੇਬੰਦੀਆਂ ਦੀ ਥਾਂ ਕੰਪਨੀ ਦੀਆਂ ਯੂਨੀਅਨ ਨਾਲ ਗੱਲ ਬਾਤ ਕਰ ਕੇ ਨਜਿੱਠਣ ਨੂੰ ਤਰਜੀਹ ਦਿੰਦੇ ਸਨ। ਜੰਗੀ ਕੋਸ਼ਿਸ਼ਾਂ ਲਈ ਮਜ਼ਦੂਰਾਂ ਦੀ ਹਮਾਇਤ ਪ੍ਰਾਪਤ ਕਰਨ ਦੀ ਤਾਬੜਤੋੜ ਲੋੜ ਕਰ ਕੇ, ਟਰੇਡ ਯੂਨੀਅਨਾਂ ਲਈ ਆਪਣੀਆਂ ਸ਼ਕਾਇਤਾਂ ਦੂਰ ਕਰਵਾਉਣੀਆਂ ਮੁਕਾਬਲਤਨ ਸੌਖੇਰੀਆਂ ਹੋ ਗਈਆਂ ਸਨ। ਉਦਾਹਰਣ ਵਜੋਂ ਵਿੰਡਸਰ ਵਿਚ ਕੈਨੇਡਾ ਦੀ ਫ਼ੋਰਡ ਮੋਟਰ ਕੰਪਨੀ ਵਿਚ ਹੋਈ ਹੜਤਾਲ ਦੇ ਸਿੱਟੇ ਵਜੋਂ ਮਜ਼ਦੂਰਾਂ ਨੇ ਕੰਪਨੀ ਕੋਲੋਂ ਯੂ. ਏ. ਡਬਲਯੂ.—ਸੀ. ਆਈ. ਓ. ਨੂੰ ਆਪਣੀਆਂ ਉਜਰਤਾਂ ਤੇ ਕੰਮ-ਹਾਲਤਾਂ ਨਾਲ ਸੰਬੰਧਿਤ ਸਭਨਾਂ ਮਾਮਲਿਆਂ ਦੇ ਨਿਪਟਾਰੇ ਲਈ ਆਪਣਾ ਇੱਕੋ ਇਕ ਬੁਲਾਰਾ ਪ੍ਰਵਾਨ ਕਰਵਾਉਣ ਦੀ ਮੰਗ ਮੰਨਵਾ ਲਈ ਸੀ। ਕਿਚਨਰ ਦੀ ਰੱਬੜ ਫ਼ੈਕਟਰੀ 'ਚ ਇਹੋ ਜਿਹੀ ਹੀ ਇਕ ਹੜਤਾਲ ਵੀ ਜ਼ੁਜ਼ਵੀ ਤੌਰ ਤੇ ਕਾਮਯਾਬ ਹੋ ਗਈ ਸੀ।

ਪਰ ਭਾਰਤ ਵਿਚ ਮਸਲਾ ਰਾਜਨੀਤਕ ਸੀ। ਜੇ ਬਰਤਾਨਵੀ ਹਕੂਮਤ ਨੇ ਇਹ ਵਚਨ ਦੇ ਦਿੱਤਾ ਹੁੰਦਾ ਕਿ ਜੰਗ ਦੀ ਸਮਾਪਤੀ ਤੋਂ ਬਾਅਦ ਭਾਰਤ ਨੂੰ ਅਮਲ-ਦਾਰੀ ਦੇ ਅਧਿਕਾਰ ਦੇ ਦਿੱਤੇ ਜਾਣਗੇ ਤਾਂ ਦੇਸ਼ ਨੇ ਜਿੱਤ ਖ਼ਾਤਿਰ ਕੋਸ਼ਿਸ਼ਾਂ ਵਿਚ ਵਧੇਰੇ ਉਤਸ਼ਾਹ ਨਾਲ ਜੁਟ ਜਾਣਾ ਸੀ। ਪਰ ਬਰਤਾਨਵੀ ਸਰਕਾਰ ਤਾਂ ਆਪਣੇ ਘਿਸੇ-ਪਿੱਟੇ ਕਥਨਾਂ ਨੂੰ ਹੀ ਦੁਹਰਾਉਂਦੀ ਰਹੀ ਸੀ ਕਿ ਹਿੰਦੁਸਤਾਨ ਨੂੰ ਦਰਜੇਵਾਰ ਆਪਣੇ ਟੀਚੇ ਵਲ ਵਧਦੇ ਰਹਿਣ ਦੀ ਇਜਾਜ਼ਤ ਦਿੱਤੀ ਜਾਂਦੀ ਰਹੇਗੀ। ਇਸ ਦੇ ਬਾਵਜੂਦ ਪੰਡਿਤ ਜਵਾਹਰ ਲਾਲ ਨਹਿਰੂ ਨੇ 20 ਮਈ, 1940 ਨੂੰ ਇਹ ਬਿਆਨ

ਜਾਰੀ ਕੀਤਾ ਸੀ ਕਿ "ਜਦ ਬਰਤਾਨੀਆ ਆਪਣੇ ਜੀਣ-ਮਰਨ ਦੇ ਘੋਲ ਵਿਚ ਜੁਟਿਆ ਹੋਇਆ ਹੈ, ਇਸ ਨਾਜ਼ਕ ਵੇਲੇ ਸ਼ਹਿਰੀ ਨਾ-ਫੁਰਮਾਨੀ ਦੀ ਲਹਿਰ ਚਲਾਉਣਾ ਭਾਰਤ ਦੀ ਸ਼ਾਨ ਨੂੰ ਵੱਟਾ ਲਾਉਣ ਦੇ ਤੁੱਲ ਹੋਏਗਾ।" ਅਤੇ ਮਹਾਤਮਾ ਗਾਂਧੀ ਨੇ ਇਹ ਫੁਰਮਾਇਆ ਸੀ ਕਿ "ਅਸੀਂ ਬਰਤਾਨੀਆਂ ਦੀ ਤਬਾਹੀ 'ਚੋਂ ਆਜ਼ਾਦੀ ਨਹੀਂ ਹਾਸਿਲ ਕਰਨੀ ਚਾਹੁੰਦੇ। ਇਹ ਅਹਿੰਸਾ ਦਾ ਰਾਹ ਹੀ ਨਹੀਂ।"

ਭਾਰਤੀ ਰਾਸ਼ਟਰੀ ਕਾਂਗਰਸ ਨੇ ਬਰਤਾਨਵੀ ਸਰਕਾਰ ਨੂੰ ਇਸ ਸ਼ਰਤ 'ਤੇ ਸਰਗਰਮ ਹਮਾਇਤ ਦੇਣ ਦੀ ਪੇਸ਼ਕਸ਼ ਕੀਤੀ ਸੀ ਕਿ ਇਹ ਭਾਰਤ ਵਿਚ ਕੌਮੀ ਸਰਕਾਰ ਕਾਇਮ ਕਰਨ ਲਈ ਆਪਣੀ ਮਰਜ਼ੀ ਜ਼ਾਹਿਰ ਕਰੇ ਤੇ ਦੇਸ਼ ਦੀ ਆਜ਼ਾਦੀ ਦੀ ਤਾਰੀਖ਼ ਮਿੱਥ ਦਏ। ਵਾਇਸਰਾਇ ਨੇ ਇਹ ਪੇਸ਼ਕਸ਼ ਠੁਕਰਾ ਦਿੱਤੀ ਸੀ।

ਪਰ ਕਾਂਗਰਸ ਹਾਲੇ ਵੀ ਵਿਸ਼ਾਲ ਪੱਧਰ ਤੇ ਸ਼ਹਿਰੀ ਨਾ-ਫੁਰਮਾਨੀ ਦੀ ਲਹਿਰ ਚਲਾਉਣ ਲਈ ਰਾਜ਼ੀ ਨਹੀਂ ਸੀ ਹੋਈ। ਇਸ ਨੇ ਕੇਵਲ 'ਸੀਮਿਤ' ਜਾਂ 'ਵਿਅਕਤੀਗਤ' ਸ਼ਹਿਰੀ ਨ-ਫੁਰਮਾਨੀ ਦੀ ਲਹਿਰ ਹੀ ਸ਼ੁਰੂ ਕੀਤੀ ਸੀ ਜਿਸ ਅਨੁਸਾਰ ਕਾਂਗਰਸ ਦੇ ਮੈਂਬਰਾਂ ਨੇ ਜੰਗ ਦੇ ਸਾਮਰਾਜਵਾਦੀ ਖਾਸੇ ਵਿਰੁੱਧ ਵਿਅਕਤੀਗਤ ਭੌਰ ਤੇ ਤਕਰੀਰਾਂ ਕਰਨੀਆਂ ਸਨ। ਇਹ ਲਹਿਰ 20 ਅਕਤੂਬਰ, 1940 ਨੂੰ ਸ਼ੁਰੂ ਹੋਈ ਸੀ ਤੇ ਵਿਨੋਭਾ ਭਾਵੇ ਨੂੰ ਬਲੀ ਦੇ ਪਹਿਲੇ ਬਕਰੇ ਦੇ ਤੌਰ ਤੇ, ਤੇ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਇਕ ਹਫਤਾ ਬਾਅਦ ਗ੍ਰਿਫਤਾਰ ਕਰ ਲਿਆ ਗਿਆ ਸੀ। 1941 ਦੇ ਹੁਨ੍ਹਾਲੇ ਤੀਕ ਕੋਈ 37000 ਕਾਂਗਰਸੀ ਕਾਰਕੂਨਾਂ ਨੂੰ ਜੇਲ੍ਹਾਂ ਵਿਚ ਤੁੰਨ ਦਿੱਤਾ ਗਿਆ ਸੀ।

ਅਗਸਤ 1941 ਵਿਚ ਪ੍ਰਧਾਨ ਰੂਜ਼ਵੈਲਟ ਤੇ ਪ੍ਰਧਾਨ ਮੰਤਰੀ ਚਰਚਲ ਨੇ ਸਾਗਰ ਤੇ ਮੁਲਾਕਾਤ ਕਰ ਕੇ 'ਅੰਧ ਮਹਾਂਸਾਗਰੀ ਚਾਰਟਰ' ਦੀ ਰੂਪ ਰੇਖਾ ਉਲੀਕੀ ਸੀ। ਇਸ ਅਨੁਸਾਰ "ਸਭਨਾਂ ਲੋਕਾਂ ਦੇ ਆਪਣੀ ਸਰਕਾਰ ਚੁਣਨ ਦੇ ਅਧਿਕਾਰ ਤੇ ਜਿਨ੍ਹਾਂ ਨੂੰ ਇਸ ਹੱਕ ਤੋਂ ਜ਼ਬਰੀ ਤੌਰ ਤੇ ਵਾਂਝੇ ਕੀਤਾ ਗਿਆ ਸੀ ਉਨ੍ਹਾਂ ਨੂੰ ਸਵੈ-ਰਾਜ ਦੇ ਪ੍ਰਭੁਤਾਧਾਰੀ ਅਧਿਕਾਰਾਂ ਨਾਲ ਵਰੋਸਾਉਣ" ਦਾ ਵਚਨ ਦਿੱਤਾ ਗਿਆ ਸੀ। ਭਾਰਤ ਨੂੰ ਇਸ ਵਿਚ ਆਸ ਦੀ ਕਿਰਨ ਦਿੱਸੀ ਸੀ। ਪਰ ਲੰਡਨ ਪਰਤਣ ਤੇ ਚਰਚਿਲ ਨੇ ਦੁਨੀਆਂ ਨੂੰ ਇਹ ਖ਼ਬਰ ਦਿੱਤੀ ਸੀ ਕਿ ਇਹ ਚਾਰਟਰ ਉਨ੍ਹਾਂ ਦੇਸ਼ਾਂ ਤੇ ਹੀ ਲਾਗੂ ਹੋਵੇਗਾ ਜੋ ਹਿਟਲਰ ਅਧੀਨ ਆਪਣੀ ਆਜ਼ਾਦੀ ਤੋਂ ਹੱਥ ਧੋ ਬੈਠੇ ਸਨ। ਇਸ ਲਈ

ਅੰਧ ਮਹਾਂਸਾਗਰੀ ਚਾਰਟਰ ਨਾਂ ਦੀ ਕੋਈ ਚੀਜ਼ ਹੀ ਨਹੀਂ ਸੀ ਰਹੀ ਤੇ ਬਸਤੀਆਂ ਦੇ ਲੋਕਾਂ ਨੂੰ ਸਾਮਰਾਜਵਾਦੀ ਹਕੂਮਤ ਦੇ ਪਹਿਲੋਂ ਲਾਏ ਲਾਰਿਆਂ ਤੇ ਹੀ ਸਬਰ ਕਰਨਾ ਪੈਣਾ ਸੀ।

ਸਮੁੱਚੀ ਜੰਗ ਦੀ ਸੂਰਤ ਵਿਚ ਸੰਬੰਧਿਤ ਦੇਸ਼ਾਂ ਦੇ ਲੋਕਾਂ ਦਾ ਹਮਲਾਵਰ ਵਿਰੁੱਧ ਇਕਮੁੱਠ ਹੋ ਕੇ ਜੂਝਣਾ ਬੜਾ ਜ਼ਰੂਰੀ ਹੁੰਦਾ ਹੈ। ਪਰ ਯੂਰਪ ਦੀਆਂ ਬਸਤੀ-ਵਾਦੀ ਕੌਮਾਂ 'ਆਦਿਵਾਸੀ' ਲੋਕਾਂ ਨੂੰ ਹਕਾਰਤ ਦੀ ਨਜ਼ਰ ਨਾਲ ਵੇਖਦੀਆਂ ਤੇ ਉਨ੍ਹਾਂ ਨੂੰ ਸਸਤੀ-ਕਿਰਤ ਲਈ ਹੀ ਲਾਹੇਵੰਦ ਸਮਝਦੀਆਂ ਸਨ। ਮਿਸਾਲ ਦੇ ਤੌਰ ਤੇ ਬਰਤਾਨਵੀ ਸਰਕਾਰ ਨੇ ਸਿੰਘਾਪੁਰ ਨੂੰ ਤਾਂ ਇਕ ਮਜ਼ਬੂਤ ਕਿਲ੍ਹਾ ਬਣਾ ਲਿਆ ਸੀ ਪਰ ਇਹ ਲੋਕਾਂ ਦੇ ਘਰ-ਘਾਟਾਂ ਦੀ ਰਾਖੀ ਵਿਚ ਉਨ੍ਹਾਂ ਨੂੰ ਜਥੇਬੰਦ ਕਰਨ ਵਿਚ ਅਸਫਲ ਰਹੀ ਸੀ। ਸਿੱਟੇ ਵਜੋਂ ਇਹਦੀਆਂ ਦੱਖਣੀ ਪੂਰਬੀ ਏਸ਼ੀਆ 'ਚ ਬਸਤੀਆਂ, ਫ਼ਰਾਂਸੀਸੀ ਤੇ ਡੱਚ ਬਸਤੀਆਂ ਸਮੇਤ ਰੇਤ ਦੀਆਂ ਕੰਧਾਂ ਵਾਂਗ ਢੱਠਣੀਆਂ ਸ਼ੁਰੂ ਹੋ ਗਈਆਂ ਸਨ। 1941 ਵਿਚ ਹਿਟਲਰ ਰੂਸ ਵਿਚ ਦਨਦਨਾਂਦਾ ਹੋਇਆ ਅੱਗੇ ਵੱਧ ਰਿਹਾ ਸੀ ਤੇ ਨਾਜ਼ੀਆਂ ਦੀ ਭਾਰਤ ਦੇ ਨੇੜ ਪੂਰਬ ਵਿਚ ਜੜ੍ਹਤ ਇਕ ਅਸਲੀ ਖਤਰੇ ਦਾ ਰੂਪ ਧਾਰਨ ਕਰ ਗਈ ਸੀ।

ਭਾਰਤ ਤੇ ਹੋਰ ਏਸ਼ੀਆਈ ਦੇਸ਼ਾਂ ਦੀ ਨਾਜ਼ਕ ਸਥਿਤੀ ਦੇ ਫਲਸਰੂਪ ਇਸ ਵਿਸ਼ੇ ਬਾਰੇ ਲੇਖਾਂ ਤੇ ਤਕਰੀਰਾਂ ਦੀ ਮੰਗ ਬਹੁਤ ਵੱਧ ਗਈ ਸੀ। ਮਲੂਕੇ ਨੇ ਕਈ ਜਥੇਬੰਦੀਆਂ ਵਿਚ ਤਕਰੀਰਾਂ ਕੀਤੀਆਂ ਸਨ ਅਤੇ ਉਹ ਭਾਰਤ ਅੰਦਰਲੇ ਸੰਕਟ ਨੂੰ ਵਿਚਾਰਨ ਲਈ ਟ੍ਰਾਂਟੋ ਯੂਨੀਵਰਸਿਟੀ ਵਿਚ ਜੁੜੇ ਚਹੁੰ ਬੁਲਾਰਿਆਂ ਦੇ ਫੋਰਮ ਵਿਚ ਸ਼ਾਮਿਲ ਹੋਇਆ ਸੀ। ਭਾਰਤ ਸਰਕਾਰ ਦਾ ਨਵਾਂ ਨਿਯੁਕਤ ਹੋਇਆ ਵਣਜ-ਕਮਿਸ਼ਨਰ ਹੋਰ ਪਤਵੰਤਿਆਂ ਦੇ ਨਾਲ ਚਬੂਤਰੇ ਤੇ ਸੁਭਾਇਮਾਨ ਸੀ। ਸਮਾਗਮ ਦੀ ਸਮਾਪਤੀ ਤੋਂ ਬਾਅਦ ਉਹਨੇ ਮਲੂਕੇ ਨੂੰ ਉਹਦੇ ਯੋਗਦਾਨ ਲਈ, ਬੜੇ ਠਰ੍ਹੰਮੇ ਭਰੇ ਅੰਦਾਜ਼ ਵਿਚ ਵਧਾਈ ਦਿੱਤੀ ਸੀ।

ਮੂਲਰਾਜ, ਕੈਨੇਡਾ ਵਿਚ ਭਾਰਤ ਸਰਕਾਰ ਦਾ ਪਹਿਲਾ ਤੇ ਇਕੋ ਇਕ ਪ੍ਰਤੀਨਿਧ, ਬੜਾ ਹੁਸ਼ਿਆਰ, ਸਮਝਦਾਰ ਤੇ ਕੂਟ-ਨੀਤੀ ਵਿਚ ਮਾਹਿਰ ਮਨੁੱਖ ਸੀ। ਉਹਦਾ ਲੰਮਾ ਤਿੱਖਾ ਨੱਕ ਤੇ ਵੱਡੀਆਂ ਵੱਡੀਆਂ ਕਾਲੀਆਂ ਅੱਖਾਂ ਉਹਦੇ ਚੇਹਰੇ ਉੱਪਰ ਪੂਰੀ ਤਰ੍ਹਾਂ ਹਾਵੀ ਹੋਈਆਂ ਭਾਸਦੀਆਂ ਸਨ। ਉਹਦੇ ਵਸਮੇ ਰੰਗ ਵਾਲ ਇਸ

ਕਦਰ ਇਕ ਪਾਸੇ ਵਿੰਗਾ ਚੀਰ ਚੋ ਕੇ ਵਾਹੇ ਹੋਏ ਸਨ ਕਿ ਉਹ ਬੜਾ ਘਾਗ ਵਪਾਰੀ ਜਾਪ ਰਿਹਾ ਸੀ। ਉਹ ਮਲੂਕੇ ਦੀਆਂ ਤਕਰੀਰਾਂ ਸੁਣਨ ਆਪ ਆਇਆ ਕਰਦਾ ਸੀ। ਪਰ ਦੋਹਾਂ ਵਿਚਕਾਰ ਸੰਬੰਧ ਨਿਰੀ ਰਵਾਇਤੀ ਜਿਹੀ ਨਿਮਰਤਾ ਵਾਲਾ ਹੀ ਸੀ ਕਿਉਂਕਿ ਉਹ ਦੋਨੋਂ ਭਾਰਤ ਵਿਚ ਰਾਜਸੀ-ਨਿਖੇੜੇ ਦੇ ਅਸਲੋਂ ਹੀ ਵਿਰੋਧੀ ਸਿਰਿਆਂ ਤੇ ਖਲੋਤੇ ਹੋਏ ਸਨ।

"ਮਲੂਕਿਆ, ਤੂੰ ਮੈਥੋਂ ਤਾਂ ਇਵੇਂ ਕੰਨੀ ਕਤਰਾਉਨੈਂ, ਜਿਵੇਂ ਮੈਂ ਅਛੂਤ ਹੋਵਾਂ।" ਇਕ ਦਿਨ ਉਹਨੇ ਆਖਿਆ ਸੀ।

"ਬਿਲਕੁਲ ਨਹੀਂ, ਆਹੂਜਾ ਜੀ।" ਮਲੂਕੇ ਨੇ ਉਹਨੂੰ ਵਿਸ਼ਵਾਸ ਦੁਆਇਆ ਸੀ। "ਮੈਂ ਤੁਹਾਡੇ ਉਦਘਾਟਨੀ ਸਮਾਗਮ ਵਿਚ ਸ਼ਾਮਿਲ ਸਾਂ ਤੇ ਤੁਹਾਡੀ ਪ੍ਰਾਹੁਣ-ਚਾਰੀ ਦਾ ਖ਼ੂਬ ਅਨੰਦ ਮਾਣਿਆ ਸੀ। ਪਰ ਮੈਂ ਉਸ ਜੀ-ਪਰਚਾਵੇ ਦਾ ਮੋੜਵਾਂ ਹੁੰਘਾਰਾ ਦੇਣ ਦੇ ਯੋਗ ਨਹੀਂ, ਜੋ ਕਿਸੇ ਸਰਕਾਰੀ ਕਰਮਚਾਰੀ ਦੀ ਹੀ ਪ੍ਰੋਖੋਂ ਹੁੰਦੀ ਏ।" ਅਤੇ ਜਿਵੇਂ ਸਾਡਾ ਸ਼ਾਇਰ ਹਾਲੀ ਆਖਦਾ ਹੈ :

ਜੇ ਚਾਹੋ ਗ਼ਰੀਬੀ ਮੇਂ ਇੱਜ਼ਤ ਸੇ ਰਹਨਾ
ਨ ਰੱਖੋ ਅਮੀਰੋਂ ਸੇ ਮਿੱਲਤ ਜ਼ਿਆਦਾ।

"ਮਲੂਕਿਆ ਏਨਾ ਤਾਂ ਗ਼ੁਸਤਾਖ਼ ਨ ਹੋ।" ਆਹੂਜੇ ਨੇ ਕਿਹਾ ਸੀ, "ਸਾਨੂੰ ਸਰਕਾਰੀ ਮੁਲਾਜ਼ਮਾਂ ਨੂੰ ਵੀ ਆਪਣੇ ਦੇਸ਼ ਨਾਲ ਮੁਹੱਬਤ ਹੁੰਦੀ ਏ। ਅਸੀਂ ਵੀ ਆਪਣੇ ਦੇਸ਼ ਨੂੰ ਆਜ਼ਾਦ ਹੋਇਆਂ ਵੇਖਣ ਦੀ ਆਸ ਲਾਈ ਬੈਠੇ ਹਾਂ।"

"ਮੈਨੂੰ ਇਸ ਵਿਚ ਕੋਈ ਸ਼ੱਕ ਨਹੀਂ ਆਹੂਜਾ ਜੀ, ਕਿਉਂਕਿ ਜੋ ਅਰਦਲ 'ਚ ਖੜੇ ਇੰਤਜ਼ਾਰ ਕਰਦੇ ਨੇ, ਉਹ ਵੀ ਸੇਵਾ ਹੀ ਕਰਦੇ ਹੁੰਦੇ ਨੇ।"

... ...

ਇਕ ਮਹੀਨਾ ਬਾਅਦ ਮਲੂਕੇ ਨੂੰ ਫ਼ੋਨ ਆਇਆ।

"ਤੁਹਾਡਾ ਹੀ ਦੇਸ਼-ਭਾਈ ਆਹੂਜਾ ਬੋਲਦਾਂ, ਮਲੂਕਿਆ", ਪਰਸਪਰ ਮੱਤ-ਭੇਦਾਂ ਵਲ ਠੱਠੇ ਭਰਿਆ ਸੰਕੇਤ ਸੀ ਉਹਦੀ ਆਵਾਜ਼ ਵਿਚ।

"ਸ਼ਾਇਦ ਤੇਰੇ ਲਈ ਕਿਸੇ ਕੰਮ ਦਾ ਜੁਗਾੜ ਬਣ ਜਾਏ।" ਉਸ ਨੇ ਅਗਾਂਹ ਕਿਹਾ ਸੀ।

"ਆਹੂਜਾ ਜੀ, ਮੈਂ ਨੌਕਰੀ ਦੀ ਖ਼ਾਹਿਸ਼ ਹੀ ਛੱਡ ਬੈਠਾਂ। ਮੈਂ ਆਪਣੇ ਇਸ

ਸੁਤੰਤਰ ਕਾਰਜ ਵਿਚ ਹੀ ਖ਼ੁਸ਼ ਹਾਂ, ਪਰ ਯਾਦ ਕਰਨ ਲਈ ਤੁਹਾਡਾ ਸ਼ੁਕਰੀਆ।"

"ਫ਼ੈਸਲਾ ਕਰਨ ਲਈ ਏਨਾ ਕਾਹਲਾ ਨਾ ਪੈ ਮਲੂਕਿਆ। ਇਹ ਨੌਕਰੀ ਤੇਰੇ ਹੀ ਪਿਆਰੇ ਕਾਰਜ-ਖੇਤਰ ਨਾਲ ਸੰਬੰਧਿਤ ਹੈ। ਇਹ ਸੰਸਾਰ ਵਿਚ ਕਿਰਤ-ਹਾਲਤਾਂ ਦੇ ਸੁਧਾਰ ਬਾਰੇ ਹੈ।"

"ਇਹ ਹੈ ਕੀ ਜੀ, ਸੰਖੇਪ ਵਿਚ?"

"ਆਰਜ਼ੀ ਤੌਰ 'ਤੇ ਮੌਂਟ੍ਰੀਅਲ ਵਿਚ ਕਾਇਮ ਹੋਇਆ ਅੰਤਰ-ਰਾਸ਼ਟਰੀ ਕਿਰਤ ਦਫ਼ਤਰ ਇਕ ਏਸ਼ੀਅਨ ਖੇਤਰੀ ਕਾਨਫ਼ਰੰਸ ਕਰਨ ਦੀ ਵਿਉਂਤ ਬਣਾ ਰਿਹੈ। ਇਹਦੇ ਲਈ ਰਿਪੋਰਟਾਂ ਲਿਖਣੀਆਂ ਨੇ। ਇਸ ਕੰਮ ਲਈ ਮੇਰੀ ਨਜ਼ਰ ਵਿਚ ਤੇਥੋਂ ਵੱਧ ਯੋਗ ਆਦਮੀ ਹੋਰ ਕੋਈ ਨਹੀਂ।"

"ਇਹ ਕੰਮ ਜਾਪਦਾ ਤਾਂ ਬੜਾ ਦਿਲਚਸਪ ਹੈ।" ਮਲੂਕੇ ਨੇ ਕਿਹਾ ਸੀ।

"ਤੂੰ ਮੈਨੂੰ ਆਪਣੇ ਪ੍ਰਮਾਣ-ਪੱਤਰ ਵਗੈਰਾ ਭੇਜਣ ਦੀ ਖੇਚਲ ਕਰੇਂਗਾ?" ਆਹੂਜੇ ਦੇ ਬੋਲ ਵਿਚ ਪੁੱਛ ਨਾਲੋਂ ਤਾਕੀਦ ਵਧੇਰੇ ਸੀ।

"ਅੰਤਰ-ਰਾਸ਼ਟਰੀ ਕਿਰਤ-ਸੰਗਠਨ ਵਿਚ ਕੰਮ ਕਰਨਾ ਤੇਰੇ ਲਈ ਬੜਾ ਠੀਕ ਰਹੇਗਾ।" ਅੰਨਾ ਨੇ ਹੰਮੇ ਨਾਲ ਆਖਿਆ ਸੀ। ਤੇਰਾ ਕਾਰਜ-ਖੇਤਰ ਵਿਸ਼ਾਲ ਹੋਏਗਾ। ਏਨੇ ਲੰਮੇ ਵਰ੍ਹਿਆਂ ਦੀ ਗ਼ੈਰ-ਹਾਜ਼ਰੀ ਤੋਂ ਬਾਅਦ ਤੈਨੂੰ ਭਾਰਤ ਜਾਣ ਦਾ ਮੌਕਾ ਵੀ ਮਿਲੇਗਾ ਤੇ ਜਦੋਂ ਦਫ਼ਤਰ ਮੁੜ ਜੈਨੀਵਾ ਵਿਚ ਆਪਣੇ ਸਦਰ ਮੁਕਾਮ 'ਤੇ ਚਲਾ ਜਾਏਂਗਾ ਤਾਂ ਤੂੰ ਯੂਰਪ ਤੇ ਇਹਦੇ ਸਭਿਆਚਾਰ ਨੂੰ ਨੇੜਿਉਂ ਸੰਬੰਧਿਤ ਹੋਕੇ ਵਧੇਰੇ ਚੰਗੀ ਤਰ੍ਹਾਂ ਵੇਖ ਤੇ ਸਮਝ ਸਕੇਂਗਾ।"

"ਪਰ ਮੇਰੇ ਲਈ ਸਰਕਾਰੀ ਜਿਹੀ ਕਿਸਮ ਦੀ ਖ਼ੁਸ਼ਕ ਤੇ ਬੇਰੰਗ ਵਾਰਤਕ ਲਿਖਣੀ ਸੌਖੀ ਨਹੀਂ ਹੋਵੇਗੀ।" ਮਲੂਕੇ ਨੇ ਆਖਿਆ ਸੀ, "ਮੈਨੂੰ ਇਕ ਪਾਸੇ... ਤੇ ਦੂਜੇ ਪਾਸੇ...ਜੇਹੇ ਘਸੇ-ਪਿੱਟੇ ਨਿਪੁੰਸਕ ਵਾਕੰਸ਼ਾਂ ਵਾਲੇ ਪਰੇ ਲਿਖਣੇ ਸਿਖਣੇ ਪੈਣਗੇ।"

ਅੰਨਾ ਨੂੰ ਹਾਸਾ ਆ ਗਿਆ। "ਆਪੇ ਸਿਖ ਜਾਏਂਗਾ।" ਉਹਨੇ ਕਿਹਾ ਸੀ।

ਮਲੂਕੇ ਨੇ ਨੌਕਰੀ ਲਈ ਦਰਖ਼ਾਸਤ ਭੇਜ ਦਿੱਤੀ ਤੇ ਅਗਸਤ 1942 ਵਿਚ ਜੈਨੀਵਾ ਵਿਚ ਉਹ ਅੰਤਰ-ਰਾਸ਼ਟਰੀ ਕਿਰਤ ਦਫ਼ਤਰ 'ਚ ਜਾ ਹਾਜ਼ਰ ਹੋਇਆ ਸੀ।

□

'ਮਲੂਕਾ', ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਪਿੱਪਲਾਂਵਾਲਾ ਵਿਚ ਸੰਨ 1906 ਵਿਚ ਜਨਮੇਂ, ਚੜ੍ਹਦੀ ਜੁਆਨੀ ਵਿਚ ਕੈਨੇਡਾ ਆਏ, ਆਪਣੇ ਪੌਰਖ ਤੇ ਆਪਣੇ ਦਰਿਆਦਿਲ ਸ਼ੁੱਭ-ਚਿੰਤਕਾਂ ਦੀ ਪ੍ਰੇਰਨਾ ਨਾਲ ਅਮ੍ਰੀਕਾ ਤੇ ਕੈਨੇਡਾ ਦੀਆਂ ਚੋਟੀ ਦੀਆਂ ਯੂਨੀਵਰਸਿਟੀਆਂ ਵਿਚ ਉੱਚ-ਵਿੱਦਿਆ ਪ੍ਰਾਪਤ ਕਰਕੇ, ਪਰਦੇਸੀ ਧਰਤੀਆਂ ਵਿਚ ਪੂਰੇ ਧੜੱਲੇ ਨਾਲ ਵਿਚਰ ਕੇ ਪਰਵਾਨ ਚੜ੍ਹੇ ਤੇ ਅੱਜ ਕੱਲ ਆਪਣੀ ਬਿਰਧ ਅਵਸਥਾ ਵਿਚ ਸਵਿਟਜ਼ਰਲੈਂਡ ਦੇ ਖ਼ੂਬਸੂਰਤ ਸ਼ਹਿਰ ਜੈਨੀਵਾ ਵਿਚ ਰਹਿ ਰਹੇ, ਡਾ: ਸਾਧੂ ਸਿੰਘ ਧਾਮੀ ਦਾ ਇੱਕੋ ਵੇਲੇ ਸੰਘਰਸ਼ ਭਰਪੂਰ ਜ਼ਿੰਦਗੀਨਾਮਾ ਵੀ ਹੈ ਤੇ ਸੰਸਾਰ ਭਰ ਦੇ ਇਤਿਹਾਸ ਦੇ ਪ੍ਰਸੰਗ ਵਿਚ ਸਮਾਜੀ-ਸਿਆਸੀ ਸ਼ਊਰ ਨਾਲ ਲਬਰੇਜ਼ ਉੱਚ-ਪਾਏ ਦਾ ਜੀਵਨੀ-ਆਧਾਰਿਤ ਨਾਵਲ ਵੀ।

ਮਲੂਕਾ, ਦਰਅਸਲ, ਡਾ: ਧਾਮੀ ਦੀ ਪੰਜਾਬੀ ਸਭਿਆਚਾਰ, ਹਿੰਦੁਸਤਾਨ ਦੀ ਜੰਗਿ-ਆਜ਼ਾਦੀ, ਕਲਾਸਕੀ ਭਾਰਤੀ ਚਿੰਤਨ, ਪੱਛਮੀ ਦਰਸ਼ਨ ਤੇ ਸਮਕਾਲੀ ਸੰਸਾਰ-ਇਤਿਹਾਸ ਦੇ ਉੱਘੇ ਵੇਰਵਿਆਂ ਨੂੰ ਆਪਣੀ ਹੱਡ-ਬੀਤੀ ਤੇ ਜਗ-ਬੀਤੀ ਦੀ ਰੌਸ਼ਨੀ ਵਿਚ ਸਜਿੰਦ ਅਨੁਭਵ ਦੀ ਕੁਠਾਲੀ ਵਿਚ ਢਾਲ ਕੇ ਇਕ ਅੰਤਰ-ਸੰਬੰਧਿਤ ਤੇ ਸੰਤੁਲਿਤ ਜੀਵਨ-ਦਰਸ਼ਨ ਸਿਰਜਣ ਦੀ ਤੀਬਰ ਜੁਸਤਜੂ ਹੈ। ਜਿਸ ਖ਼ੂਬਸੂਰਤੀ ਨਾਲ ਡਾ: ਧਾਮੀ ਨੇ ਆਪਣੀ ਜੀਵਨੀ ਦੇ ਵੇਰਵਿਆਂ ਨੂੰ ਸਮੁੱਚੇ ਪੰਜਾਬੀ ਪਰਵਾਸੀਆਂ ਦੀ ਬੀਰ-ਗਾਥਾ ਨਾਲ ਗਹਿਗੱਚ ਕਰਕੇ, ਆਪਣੇ ਵਕਤਾਂ ਦੇ ਸੰਸਾਰ-ਇਤਿਹਾਸ ਦੇ ਪ੍ਰਸੰਗ ਵਿਚ ਇਕ ਬੱਝਵੀਂ ਇਕਾਈ ਵਿਚ ਸਮੋ ਕੇ ਪੇਸ਼ ਕੀਤਾ ਹੈ, ਉਹ ਉਸਦੀ ਪ੍ਰਬੁੱਧ ਚੇਤਨਾ ਦੀ ਸੰਗਠਨਕਾਰੀ ਸਮਰੱਥਾ ਤੇ ਰੂਪ-ਰਚਣਾਤਮਕ ਕਲਾ-ਕੌਸ਼ਲ ਦਾ ਕਮਾਲ ਹੀ ਕਿਹਾ ਜਾ ਸਕਦਾ ਹੈ।

— ਸਾਧੂ ਸਿੰਘ
ਪੀ. ਏ. ਯੂ., ਲੁਧਿਆਣਾ